# ਅੰਮ੍ਰਿਤਸਰ ਦਾ ਇਤਿਹਾਸ



ਸੰਪਾਦਕ

ਡਾ. ਗੁਰਸ਼ਰਨ ਸਿੰਘ

ਡਾ. ਕ੍ਰਿਸ਼ਨ ਗੋਪਾਲ

1

**Based on V.N. Datta's**
Amritsar Past and Present

# ਅੰਮ੍ਰਿਤਸਰ ਦਾ ਇਤਿਹਾਸ

Based on V.N. Datta's

Amritsar Past and Present

# ਅੰਮ੍ਰਿਤਸਰ ਦਾ ਇਤਿਹਾਸ


ਸੰਪਾਦਕ

ਡਾ. ਗੁਰਸ਼ਰਨ ਸਿੰਘ

ਡਾ. ਕ੍ਰਿਸ਼ਨ ਗੋਪਾਲ

*Amritsar Past and Present/History/Punjab History/*
*Amritsar City History*

ISBN : 978-93-5113-184-7
Price : 395/-

# Amritsar Da Etihaas

Based on V.N. Datta's
Amritsar Past and Present

*Edited by*

**Dr. Gursharan Singh**
**Dr. Krishan Gopal**
H. No. 16, New Dalima Vihar, Rajpura
Mob: +91-94635-55850

2013
Unistar Books Pvt. Ltd.
S.C.O. 26-27, Sector 34 A, Chandigarh-160022
India
Ph. +91-172-5077427, 5077428
Email : lokgeetparkashan@gmail.com
Punjabi Bhawan, Ludhiana
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2013*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਿਤ

ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ

## ਲੇਖਕ ਬਾਰੇ

ਡਾਕਟਰ ਵੀ. ਐਨ. ਦੱਤਾ ਇੱਕ ਵਿਸ਼ਸਟ ਇਤਿਹਾਸਕਾਰ ਹਨ ਜਿਨ੍ਹਾਂ ਨੇ ਕਈ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ। ਉਹ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਿਚ ਪ੍ਰੋਫੈਸਰ ਰਹੇ ਤੇ ਉਥੋਂ ਹੀ ਰਿਟਾਇਰ ਹੋਏ।

# ਅਨੁਵਾਦਕਾਂ ਬਾਰੇ

### ਡਾ. ਗੁਰਸ਼ਰਨ ਸਿੰਘ

ਡਾਕਟਰ ਗੁਰਸ਼ਰਨ ਸਿੰਘ ਜੀ ਨੇ ਪੀ.ਐਚ.ਡੀ. ਦੀ ਡਿਗਰੀ ਇਤਿਹਾਸ ਦੇ ਵਿਸ਼ੇ ਵਿਚ ਪ੍ਰਾਪਤ ਕੀਤੀ। ਆਪ 1962 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਰਵਿਸ ਵਿਚ ਆਏ। ਆਪ ਨੇ ਪੰਜਾਬ ਇਤਿਹਾਸ ਅਤੇ ਖਾਸ ਕਰਕੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਤੇ ਖਾਸ ਰਿਸਰਚ ਕੀਤੀ। ਆਪ ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬ ਹਿਸਟੋਰੀਕਲ ਸਟੱਡੀਜ਼ ਵਿਭਾਗ ਦੇ ਮੁਖੀ ਦੇ ਤੌਰ ਤੇ ਰਹੇ ਅਤੇ ਉਥੋਂ ਹੀ ਆਪ 1997 ਵਿਚ ਰਿਟਾਇਰ ਹੋ ਗਏ। ਆਪਜੀ ਨੇ 30 ਦੇ ਕਰੀਬ ਰਿਸਰਚ ਪੇਪਰ ਅਤੇ 7 ਦੇ ਕਰੀਬ ਪੁਸਤਕਾਂ ਲਿਖੀਆਂ। ਆਪਜੀ ਦੇ ਰਿਸਰਚ ਦੇ ਵਿਸ਼ੇ ਸਨ : ਪੈਪਸੂ, ਜਲ੍ਹਿਆਂਵਾਲਾ ਬਾਗ, ਪੰਜਾਬ ਇਤਿਹਾਸ ਅਤੇ ਆਜ਼ਾਦੀ ਦਾ ਅੰਦੋਲਨ। ਆਪਨੇ ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਦੇ ਅਨੇਕਾਂ ਪ੍ਰੋਜੈਕਟਾਂ 'ਤੇ ਕੰਮ ਕੀਤਾ ਅਤੇ ਉਨ੍ਹਾਂ ਨੂੰ ਸਫਲਤਾ ਪੂਰਵਕ ਪੂਰਾ ਕੀਤਾ। ਆਪ ਇਸ ਤੋਂ ਪਹਿਲਾਂ ਵੀ ਇੱਕ ਕਿਤਾਬ 'ਜੈਤੋ ਮੋਰਚੇ ਦਾ ਇਤਿਹਾਸ' ਡਾਕਟਰ ਕ੍ਰਿਸ਼ਨ ਗੋਪਾਲ ਨਾਲ ਮਿਲ ਕੇ ਲਿਖ ਚੁੱਕੇ ਹਨ।

### ਡਾ. ਕ੍ਰਿਸ਼ਨ ਗੋਪਾਲ

ਡਾ. ਕ੍ਰਿਸ਼ਨ ਗੋਪਾਲ ਦਾ ਜਨਮ 1966 ਵਿਚ ਹੋਇਆ ਜਿਨ੍ਹਾਂ ਨੇ ਇਤਿਹਾਸ ਵਿਚ ਮਾਸਟਰ ਡਿਗਰੀ ਅਤੇ ਪੀ.ਐਚ.ਡੀ. ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਇਨ੍ਹਾਂ ਦਾ ਰਿਸਰਚ ਦਾ ਵਿਸ਼ਾ ਹੈ ਪੰਜਾਬ ਦਾ ਇਤਿਹਾਸ । ਇਨ੍ਹਾਂ ਨੇ ਪੀ. ਐਚ. ਡੀ. ਦੀ ਡਿਗਰੀ ਵਰਿਸ਼ਟ ਇਤਿਹਾਸਕਾਰ ਡਾ. ਗੁਰਸ਼ਰਨ ਸਿੰਘ ਜੀ ਦੀ ਸੁਪਰਵੀਜ਼ਨ ਵਿਚ ਪ੍ਰਾਪਤ ਕੀਤੀ। ਇਨ੍ਹਾਂ ਦੇ ਵੀਹ ਦੇ ਕਰੀਬ ਰਿਸਰਚ ਪੇਪਰ ਅਲੱਗ ਅਲੱਗ ਵਸ਼ਿਸ਼ਟ ਜਨਰਲਾਂ ਵਿਚ ਛਪੇ ਹਨ। ਲੇਖਕ ਦੀਆਂ ਪਹਿਲਾਂ ਤਿੰਨ ਪੁਸਤਕਾਂ 'Dynamics of Punjabi Suba Muvement', 'Voyage of Kamagata Maru' ਅਤੇ 'ਜੈਤੋ ਮੋਰਚੇ ਦਾ ਇਤਿਹਾਸ' ਛਪ ਚੁੱਕੀਆਂ ਹਨ। ਡਾ. ਕ੍ਰਿਸ਼ਨ ਗੋਪਾਲ ਆਦਰਸ਼ ਭਾਰਤੀ ਕਾਲਜ ਪਠਾਨਕੋਟ ਵਿਚ ਬਤੌਰ ਅਸਿਸਟੈਂਟ ਪ੍ਰੋਫੈਸਰ ਕੰਮ ਕਰਦੇ ਹਨ। ਉਹ ਹੁਣ 'ਪੰਜਾਬ ਦਾ ਆਜ਼ਾਦੀ ਦੇ ਅੰਦੋਲਨ ਵਿਚ ਯੋਗਦਾਨ', ਦੇ ਪ੍ਰੋਜੈਕਟ ਦੇ ਕੰਮ ਕਰ ਰਹੇ ਹਨ।

# ਪ੍ਰਸਤਾਵਨਾ

ਇਹ ਪੁਸਤਕ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਡਾ.ਵੀ. ਐਨ. ਦੱਤਾ ਦੀ ਪੁਸਤਕ 'ਅੰਮ੍ਰਿਤਸਰ ਪਾਸਟ ਐਂਡ ਪਰੈਜੈਂਟ' ਤੇ ਅਧਾਰਤ ਹੈ। ਅਸੀਂ ਡਾ. ਦੱਤਾ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਆਪਣੀ ਪੁਸਤਕ ਨੂੰ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਕੇ ਪੰਜਾਬੀ ਵਿੱਚ ਛਪਵਾਉਣ ਦੀ ਪ੍ਰੇਰਣਾ ਦਿੱਤੀ। ਅਸੀਂ ਪੰਜਾਬੀ ਇਤਿਹਾਸ ਅਧਿਐਨ ਵਿਭਾਗ ਦੇ ਖੋਜੀ ਸ.ਚਰਨਜੀਤ ਸਿੰਘ ਦੇ ਵੀ ਅਭਾਰੀ ਹਾਂ ਜਿਨ੍ਹਾਂ ਨੇ ਆਪਣੀ ਅਣਥਕ ਮਿਹਨਤ ਨਾਲ ਡਾ. ਦੱਤਾ ਦੀ ਪੁਸਤਕ ਨੂੰ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਨ ਵਿੱਚ ਸਾਡੀ ਮਦਦ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਵਸਾਈ ਹੋਈ ਪਾਵਨ ਨਗਰੀ ਅੰਮ੍ਰਿਤਸਰ ਹੈ। ਅਸਲ ਵਿਚ ਅੰਮ੍ਰਿਤਸਰ ਖਾਲਸੇ ਦੀ ਗੈਰ-ਰਸਮੀ ਰਾਜਧਾਨੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੁਆਰਾ 'ਅੰਮ੍ਰਿਤ ਸਰੋਵਰ' ਦਾ ਨਿਰਮਾਣ ਕਰਨ ਅਤੇ ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਪਵਿੱਤਰ ਸਰੋਵਰ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕੀਤਾ ਗਿਆ। ਗੁਰੂ ਜੀ ਦੁਆਰਾ ਆਦਿ ਗ੍ਰੰਥ ਦਾ ਸੰਕਲਨ ਕਰਕੇ ਉਸਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਸੁਸ਼ੋਭਿਤ ਕਰਨ ਨਾਲ ਇਹ ਇੱਕ ਮਹਾਨ ਪਵਿੱਤਰ ਤੀਰਥ ਅਸਥਾਨ ਬਣ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿੱਖ ਧਰਮ ਵਿਚ ਫੈਸਲਾਕੁਨ ਮੋੜ ਆਇਆ। ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਦੋ ਤਲਵਾਰਾਂ 'ਮੀਰੀ ਅਤੇ ਪੀਰੀ' ਧਾਰਨ ਕੀਤੀਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਦਾ ਨਿਰਮਾਣ ਕਰਕੇ ਸਮੁੱਚੇ ਸਿੱਖ ਭਾਈਚਾਰੇ ਦਾ ਸਵਰੂਪ ਬਦਲ ਦਿੱਤਾ। ਇਥੇ ਹੀ ਸਿੱਖ ਧਰਮ ਦਾ ਅੰਮ੍ਰਿਤਸਰ ਵਿਚ ਸ਼ਕਤੀ ਅਤੇ ਭਗਤੀ ਦਾ ਸੁਮੇਲ ਸ਼ੁਰੂ ਹੁੰਦਾ ਹੈ।

ਇਸ ਤੋਂ ਬਾਅਦ ਅੰਮ੍ਰਿਤਸਰ ਦੀ ਰੱਖਿਆ ਦੇ ਲਈ ਨਿਰੰਤਰ ਯੁੱਧ ਲੜਨੇ ਪਏ। ਅੰਮ੍ਰਿਤਸਰ ਨੇ ਸਮੇਂ ਦੇ ਨਾਲ ਨਾਲ ਬਹੁਤ ਉਤਾਰ-ਚੜ੍ਹਾਅ ਵੇਖੇ। ਆਪਣੀ ਧਾਰਮਿਕ ਮਹੱਤਤਾ, ਭੂਗੋਲਿਕ ਸਥਿਤੀ ਅਤੇ ਆਰਥਿਕ ਖੁਸ਼ਹਾਲੀ ਕਾਰਨ ਲਗਾਤਾਰ ਹਮਲਾਵਰਾਂ ਦੇ ਹਮਲੇ ਦਾ ਸਾਹਮਣਾ ਕਰਨਾ ਪਿਆ। ਇਸ ਸ਼ਹਿਰ ਨੂੰ ਗੰਭੀਰ ਚੁਣੌਤੀ ਮੁਗਲਾਂ ਅਤੇ ਅਫਗਾਨਾਂ ਤੋਂ ਮਿਲੀ। ਅੰਮ੍ਰਿਤਸਰ ਨੇ ਆਪਣੇ ਇਤਿਹਾਸ ਵਿਚ ਬਹੁਤ ਸਾਰੀਆ ਘਟਨਾਵਾਂ ਸਮੇਟੀਆਂ ਹੋਈਆਂ ਹਨ ਜੋ ਕਈ ਪ੍ਰਕਾਰ ਦੇ ਦੁੱਖਾਂ ਅਤੇ ਸੁੱਖਾਂ ਨਾਲ ਭਰੀਆਂ ਹੋਈਆਂ ਹਨ। ਸਰਹੱਦੀ ਸ਼ਹਿਰ ਹੋਣ ਕਰਕੇ ਅੰਮ੍ਰਿਤਸਰ ਨੂੰ ਹਮੇਸ਼ਾ ਹੀ ਹਮਲਾਵਰਾਂ ਨਾਲ ਦੋ ਚਾਰ ਹੋਣਾ ਪਿਆ। ਅੰਮ੍ਰਿਤਸਰ ਨੇ ਜਿੱਥੇ 1738 ਵਿਚ ਭਾਈ ਮਨੀ ਸਿੰਘ ਦੀ ਸ਼ਹੀਦੀ ਦੇ ਦਰਦ ਨੂੰ ਸਹਾਰਿਆ, ਉਥੇ ਹੀ ਇੱਕ ਅੱਤਿਆਚਾਰੀ ਮੁਗਲ ਫੌਜਦਾਰ ਮੱਸਾ ਰੰਘੜ ਦੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ ਅਪਵਿੱਤਰ ਕਰਨ ਦੇ ਕੌਤਕ ਵੀ ਵੇਖੇ। ਅੰਮ੍ਰਿਤਸਰ ਨੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਦੁਆਰਾ ਅੱਤਿਆਚਾਰੀ ਮੱਸਾ ਰੰਘੜ ਦਾ

ਸਿਰ ਕਲਮ ਹੁੰਦਾ ਵੀ ਵੇਖਿਆ। ਇਸ ਪਾਵਨ ਧਰਤੀ ਤੇ ਮੁਗਲਾਂ ਦੀ ਦਮਨਕਾਰੀ ਨੀਤੀ ਦੇ ਕਾਰਨ 1748 ਵਿਚ ਦਲ ਖਾਲਸਾ ਦੀ ਸਥਾਪਨਾ ਹੋਈ। ਅੰਮ੍ਰਿਤਸਰ ਨੇ ਅਨੇਕਾਂ ਵਾਰ ਹਮਲਾਵਰਾਂ ਦੇ ਜ਼ੁਲਮ ਅਤੇ ਤਸੀਹੇ ਸਹੇ ਅਤੇ ਉਸ ਦੀ ਭਿਆਨਕਤਾ ਵੀ ਵੇਖੀ ਜਦੋਂ ਅਬਦਾਲੀ ਨੇ ਸ਼ਹਿਰ 'ਤੇ ਹਮਲੇ ਕੀਤੇ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਨਸ਼ਟ ਕਰ ਦਿੱਤਾ।

ਸਮੇਂ ਦੇ ਨਾਲ ਅੰਮ੍ਰਿਤਸਰ ਨੇ ਸਿੱਖ ਮਿਸਲਾਂ ਨੂੰ ਸ਼ਕਤੀਸ਼ਾਲੀ ਹੁੰਦੇ ਵੇਖਿਆ ਕਿ ਕਿਵੇਂ ਮਿਸਲਾਂ ਦੇ ਸਰਦਾਰਾਂ ਨੇ ਰਾਮਦਾਸਪੁਰ ਦੇ ਘੇਰੇ ਵਿਚ ਆਪਣੇ ਆਪਣੇ ਕੱਟੜੇ ਸਥਾਪਿਤ ਕਰ ਲਏ, ਹਰੇਕ ਕੱਟੜਾ ਆਪਣੇ ਨਿਵਾਸੀਆਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਦਾ ਸੀ। ਇਸ ਸਮੇਂ ਗੁਰਮਤੇ ਦਾ ਬੋਲਬਾਲਾ ਸੀ। ਮਹਾਰਾਜਾ ਰਣਜੀਤ ਸਿੰਘ ਜਦੋਂ ਸ਼ਕਤੀਸ਼ਾਲੀ ਹੋ ਗਿਆ ਤਾਂ ਉਸਨੇ 1805 ਵਿਚ ਅੰਮ੍ਰਿਤਸਰ ਨੂੰ ਜਿੱਤ ਲਿਆ ਅਤੇ ਇਸ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਮਹਾਰਾਜੇ ਨੇ ਅੰਮ੍ਰਿਤਸਰ ਵਿਚ ਰਾਮ ਬਾਗ ਦਾ ਨਿਰਮਾਣ ਕਰਵਾ ਕੇ ਇਸਨੂੰ ਆਪਣੀ ਗਰਮੀਆਂ ਦੀ ਰਾਜਧਾਨੀ ਹੀ ਬਣਾ ਲਿਆ। ਸਿੱਖ ਰਾਜ ਦੇ ਅੰਤ ਹੋ ਜਾਣ ਨਾਲ ਜਦੋਂ ਅੰਗਰੇਜ਼ਾਂ ਨੇ 1849 ਵਿਚ ਪੰਜਾਬ ਤੇ ਅਧਿਕਾਰ ਕਰ ਲਿਆ ਤਾਂ ਅੰਮ੍ਰਿਤਸਰ ਦੀ ਸ਼ਾਨ ਕੁਝ ਮੱਧਮ ਪੈ ਗਈ। ਜੋ ਰੁਤਬਾ ਸਿੱਖ ਰਾਜ ਵਿਚ ਸੀ, ਉਹ ਅੰਗੇਰਜ਼ੀ ਰਾਜ ਵਿਚ ਨਹੀਂ ਮਿਲਿਆ। ਸਗੋਂ ਅੰਗੇਰਜ਼ਾਂ ਨੇ ਰਾਜਨੀਤਿਕ ਚਾਲਾਂ ਚੱਲਣੀਆ ਸ਼ੁਰੂ ਕਰ ਦਿੱਤੀਆਂ। ਅੰਗਰੇਜ਼ਾਂ ਦੀਆਂ ਸਾਮਰਾਜੀ ਨੀਤੀਆਂ ਕਾਰਨ 1857 ਦੇ ਵਿਚ ਉਨ੍ਹਾਂ ਵਿਰੁੱਧ ਮਹਾਨ ਸੰਘਰਸ਼ ਹੋਇਆ। ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਵਿਖੇ 282 ਵਿਅਕਤੀਆਂ ਨੂੰ ਇਸ ਸੰਘਰਸ਼ ਵਿਚ ਭਾਗ ਲੈਣ ਕਰਕੇ ਸ਼ਹੀਦ ਕਰ ਦਿੱਤਾ ਗਿਆ। 1871 ਵਿਚ ਅੰਗਰੇਜ਼ਾਂ ਨੇ ਸੱਤ ਨਾਮਧਾਰੀਆਂ ਨੂੰ ਫਾਂਸੀ ਤੇ ਚੜ੍ਹਾ ਦਿੱਤਾ। ਮਦਨ ਲਾਲ ਢੀਂਗਰਾ, ਕਾਮਾਗਾਟਾਮਾਰੂ ਜਹਾਜ਼ ਦੇ ਨਾਇਕ ਬਾਬਾ ਗੁਰਦਿੱਤ ਸਿੰਘ, ਗਦਰ ਅੰਦੋਲਨ ਦੇ ਸੰਸਥਾਪਕ ਅਤੇ ਪਹਿਲੇ ਪ੍ਰਧਾਨ ਸੋਹਣ ਸਿੰਘ ਭਕਨਾ ਅਤੇ ਊਧਮ ਸਿੰਘ ਦਾ ਸਬੰਧ ਅੰਮ੍ਰਿਤਸਰ ਨਾਲ ਰਿਹਾ ਹੈ।

ਅੰਮ੍ਰਿਤਸਰ ਨੇ ਅੰਗਰੇਜ਼ਾਂ ਦੁਆਰਾ 13 ਅਪਰੈਲ 1919 ਜਲ੍ਹਿਆਂਵਾਲੇ ਬਾਗ ਵਿਚ ਕੀਤੇ ਨਰਸੰਹਾਰ ਨੂੰ ਅੱਖੀਂ ਵੇਖਿਆ। ਗੁਰਦੁਆਰਾ ਸੁਧਾਰ ਲਹਿਰ ਦਾ ਕੇਂਦਰ ਅੰਮ੍ਰਿਤਸਰ ਹੀ ਰਿਹਾ। 1947 ਦੇ ਬਟਵਾਰੇ ਦੇ ਸਮੇਂ ਭਿਆਨਕ ਦ੍ਰਿਸ਼ ਵੀ ਅੰਮ੍ਰਿਤਸਰ ਵਿਚ ਵੇਖਣ ਨੂੰ ਮਿਲੇ। ਅੰਮ੍ਰਿਤਸਰ ਦਾ ਸੰਬੰਧ ਇਨ੍ਹਾਂ ਇਤਿਹਾਸਕ ਰੋਮਾਂਚਕਾਰੀ ਘਟਨਾਵਾਂ ਨਾਲ ਭਰਿਆ ਹੋਇਆ ਹੈ। ਸਾਡੀ ਇਹ ਕੋਸ਼ਿਸ਼ ਹੈ ਕਿ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਕਲਮ ਵੱਧ ਕੀਤਾ ਜਾਵੇ। ਅਸਲ ਵਿਚ ਇਤਿਹਾਸਕਾਰਾਂ ਨੇ ਅੰਮ੍ਰਿਤਸਰ ਬਾਰੇ ਕੋਈ ਉਤਸ਼ਾਹ ਨਹੀਂ ਵਿਖਾਇਆ। ਸਿੱਖਾਂ ਦੀ ਧਾਰਮਿਕ ਰਾਜਧਾਨੀ ਕਹੇ ਜਾਣ ਵਾਲੇ ਸ਼ਹਿਰ ਬਾਰੇ ਕੋਈ ਇਤਿਹਾਸਕ ਪੁਸਤਕ ਨਹੀਂ ਮਿਲਦੀ। ਇਹ ਸਾਹਿਤ ਅੰਗੇਰਜ਼ੀ ਵਿਚ ਹੀ ਨਹੀਂ ਮਿਲਦਾ ਸਗੋਂ ਮਾਂ ਬੋਲੀ ਪੰਜਾਬੀ ਵਿਚ ਕੁਝ ਵੀ ਜਾਣਕਾਰੀ ਉਪਲੱਬਧ ਨਹੀਂ ਹੈ। ਅਸਲ ਵਿਚ ਮੇਰਾ ਪਰਿਵਾਰਕ ਪਿਛੋਕੜ ਵੀ ਅੰਮ੍ਰਿਤਸਰ ਜ਼ਿਲ੍ਹੇ ਦੇ ਖੇਮਕਰਨ ਨਾਲ ਜੁੜਿਆ ਹੈ। ਮੇਰਾ ਸਾਰਾ ਲੂੰਬਾ ਪਰਿਵਾਰ ਉਥੇ ਹੀ ਵਸਦਾ ਹੈ। ਭਾਵੇਂ ਉਨ੍ਹਾਂ ਦੇ ਪਿਤਾ ਜੀ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਿਚ ਆ ਕੇ ਵਸ ਗਏ। ਪਰ ਮੇਰੀ ਇਸ ਪਵਿੱਤਰ ਪਾਵਨ ਭੂਮੀ ਨਾਲ ਸਾਂਝ ਹੋਣ ਕਰਕੇ ਦਿਲੋਂ ਇਹ ਕੰਮ ਕਰਨ ਦੀ ਕੋਸ਼ਿਸ਼ ਕੀਤੀ। ਸਾਨੂੰ ਡਾਕਟਰ ਵੀ. ਐਨ. ਦੱਤਾ ਦੀ ਪੁਸਤਕ 'ਅੰਮ੍ਰਿਤਸਰ ਪਾਸਟ ਐਂਡ

ਪਰੈਜੈਂਟ' ਮਿਲੀ ਜਿਸ ਵਿਚ ਅੰਮ੍ਰਿਤਸਰ ਬਾਰੇ ਕਾਫੀ ਜਾਣਕਾਰੀ ਸੀ, ਸੋ ਅਸੀਂ ਇਹ ਸੋਚਿਆ ਕਿ ਇਸ ਨੂੰ ਹੀ ਪੰਜਾਬੀ ਵਿਚ ਅਨੁਵਾਦ ਕਰਕੇ ਅਤੇ ਇਸ ਵਿਚ ਹੋਰ ਇਤਿਹਾਸਕ ਤੱਥ ਸ਼ਾਮਲ ਕਰਕੇ ਇਸ ਨੂੰ ਇੱਕ ਅੱਛੀ ਇਤਿਹਾਸਕ ਕਿਤਾਬ ਬਣਾਇਆ ਜਾ ਸਕਦਾ ਹੈ। ਇਸ ਪੁਸਤਕ ਦੀ ਰਚਨਾ ਬਾਰੇ ਡਾ. ਵੀ.ਐਨ.ਦੱਤਾ ਨੇ ਪ੍ਰੇਰਿਤ ਕੀਤਾ ਹੈ। ਅਤੇ ਇਸ ਮੰਤਵ ਲਈ ਪਹਿਲਕਦਮੀ ਕਰਦਿਆਂ ਹੋਇਆਂ ਉਹਨਾਂ ਨੇ ਆਪਣੀ ਪੁਸਤਕ ਨੂੰ ਅਨੁਵਾਦ ਅਤੇ ਰਚਨਾ ਕਰਨ ਦੀ ਅਨੁਮਤੀ ਦਿੱਤੀ।

ਮੈਂ ਡਾ. ਕੁਲਬੀਰ ਸਿੰਘ ਢਿੱਲੋਂ (ਪ੍ਰੋਫੈਸਰ ਤੇ ਮੁਖੀ ਹਿਸਟਰੀ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ, ਡਾ. ਬਲਵਿੰਦਰ ਕੌਰ ਭੱਟੀ (ਮੁਖੀ ਪੰਜਾਬ ਹਿਸਟੋਰੀਕਲ ਸਟੱਡੀ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਤੇ ਡਾ. ਨਵਤੇਜ ਸਿੰਘ, (ਪ੍ਰੋਫੈਸਰ ਪੰਜਾਬ ਹਿਸਟੋਰੀਕਲ ਸਟੱਡੀ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਸਮੇਂ ਸਮੇਂ ਤੇ ਹਮੇਸ਼ਾ ਮੇਰੀ ਮਦਦ ਕੀਤੀ। ਮੈਂ ਆਪਣੇ ਕਾਲਜ (ਆਦਰਸ਼ ਭਾਰਤੀ ਕਾਲਜ ਪਠਾਨਕੋਟ) ਦੇ ਪ੍ਰਿੰਸੀਪਲ ਡਾਕਟਰ ਦਿਨੇਸ਼ ਸ਼ਰਮਾ ਜੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਾਰਜ ਲਈ ਮੇਰੀ ਹਮੇਸ਼ਾ ਮਦਦ ਕੀਤੀ। ਅਸੀਂ ਧੰਨਵਾਦੀ ਹਾਂ ਆਦਰਸ਼ ਭਾਰਤੀ ਕਾਲਜ, ਪਠਾਨਕੋਟ ਦੇ ਪ੍ਰੋਫੈਸਰ ਰਵੀ ਬਾਂਸਲ, ਡਾ. ਵਿਨੋਦ ਡੋਗਰਾ, ਡਾ. ਰਜਿੰਦਰ ਗੁਪਤਾ ਅਤੇ ਡਾ. ਤਰਸੇਮ ਸਿੰਘ ਚੀਮਾ ਦਾ ਜਿਨ੍ਹਾਂ ਨੇ ਸਮੇਂ ਸਮੇਂ ਤੇ ਸਾਡਾ ਮਾਰਗ ਦਰਸ਼ਨ ਕੀਤਾ। ਇਹ ਬੜੀ ਨਾ ਇਨਸਾਫੀ ਹੋਵੇਗੀ ਜੇ ਮੈਂ ਆਪਣੀ ਪਤਨੀ ਸੁਨੀਤਾ ਦਾ ਧੰਨਵਾਦ ਨਾ ਕਰਾਂ, ਕਿਉਂਕਿ ਉਸਨੇ ਹਰ ਪਲ ਮੇਰੀ ਮਦਦ ਕੀਤੀ ਜਿਸ ਨਾਲ ਮੈਂ ਇਹ ਕਿਤਾਬ ਡਾਕਟਰ ਗੁਰਸ਼ਰਨ ਸਿੰਘ ਨਾਲ ਮਿਲਕੇ ਲਿਖਣ ਵਿਚ ਕਾਮਯਾਬ ਹੋਇਆ।

ਡਾ. ਕ੍ਰਿਸ਼ਨ ਗੋਪਾਲ

# ਤਤਕਰਾ


- ਇਤਿਹਾਸਕ ਪਿਛੋਕੜ 15
- ਮੁਗਲਾਂ ਦਾ ਖੇਰੂੰ ਖੇਰੂੰ ਹੋਣਾ-ਅਫ਼ਗਾਨਾਂ ਦੀ ਧਮਕੀ 25
- ਮਿਸਲਾਂ ਅਤੇ ਰਣਜੀਤ ਸਿੰਘ 33
- ਅੰਮ੍ਰਿਤਸਰ ਵਿਚ ਬਰਤਾਨਵੀ 52
- ਜਲ੍ਹਿਆਂਵਾਲਾ ਬਾਗ 69
- ਸੁਤੰਤਰਤਾ ਅਤੇ ਇਸ ਤੋਂ ਪਿਛੋਂ 100
- ਲੋਕ 126
- ਵਪਾਰ ਅਤੇ ਉਦਯੋਗ 144
- ਸਿੱਖਿਆ ਅਤੇ ਸੱਭਿਆਚਾਰ 167
- ਇਤਿਹਾਸਿਕ ਸਥਾਨ 188
- ਅਜ਼ਾਦੀ ਦੇ ਅੰਦੋਲਨ ਵਿਚ ਅੰਮ੍ਰਿਤਸਰ ਦਾ ਯੋਗਦਾਨ 199

ਸ਼ਬਦਾਵਲੀ 212

ਪੁਸਤਕ ਸੂਚੀ 219

ਅੰਤਿਕਾ

- ਅੰਮ੍ਰਿਤਸਰ ਜ਼ਿਲ੍ਹੇ ਦੇ ਕਾਮਾਗਾਟਾਮਾਰੂ ਦੇ ਮੁਸਾਫਿਰ 225
- ਅੰਮ੍ਰਿਤਸਰ ਜ਼ਿਲ੍ਹੇ ਦੇ ਗਦਰ ਇਨਕਲਾਬੀ 227
- ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦੀ ਸੂਚੀ 230
- ਜਲ੍ਹਿਆਂਵਾਲਾ ਘਟਨਾ ਤੋਂ ਬਾਅਦ ਅੰਗਰੇਜ਼ਾਂ ਦੁਆਰਾ ਅੰਮ੍ਰਿਤਸਰ ਦੇ ਲੋਕਾਂ 'ਤੇ ਚਲਾਏ ਗਏ ਮੁੱਖ ਮੁਕੱਦਮੇ 255
- ਅੰਮ੍ਰਿਤਸਰ ਨਾਲ ਸਬੰਧਤ ਮਹੱਤਵਪੂਰਨ ਅਤੇ ਇਤਿਹਾਸਕ ਤਾਰੀਖਾਂ 271

## ਅਧਿਆਇ - ਪਹਿਲਾ

# ਇਤਿਹਾਸਕ ਪਿਛੋਕੜ

### ਸਿੱਖ ਗੁਰੂ ਸਾਹਿਬਾਨ ਅਤੇ ਅੰਮ੍ਰਿਤਸਰ

ਵਾਰਾਨਸੀ ਅਤੇ ਦਿੱਲੀ ਦੇ ਮੁਕਾਬਲੇ ਵਿਚ ਅੰਮ੍ਰਿਤਸਰ ਸਬੰਧੀ ਜੋ ਗੱਲ ਮੁੱਖ ਤੌਰ ਤੇ ਉਭਰ ਕੇ ਸਾਹਮਣੇ ਆਉਂਦੀ ਹੈ, ਉਹ ਇਸਦੀ ਵਚਿੱਤਰਤਾ ਅਤੇ ਪ੍ਰਾਚੀਨਤਾ ਦੀ ਨਹੀਂ ਸਗੋਂ ਇਸਦੇ ਤੇਜ਼ੀ ਨਾਲ ਆਧੁਨਿਕ ਸ਼ਹਿਰ ਵਜੋਂ ਤਬਦੀਲ ਹੋਣ, ਇਸਦੀ ਨਿੱਘੀ ਛੁਹ ਅਤੇ ਉਤਸ਼ਾਹਜਨਕ ਗਤੀਵਿਧੀਆਂ ਦਾ ਹੋਣਾ ਹੈ। ਅੰਮ੍ਰਿਤਸਰ ਦਾ ਇਤਿਹਾਸ ਗੁਰੂ ਨਾਨਕ ਪ੍ਰਤੀ ਸੱਚੀ ਭਗਤੀ ਭਾਵਨਾ ਨਾਲ ਪਰੋਇਆ ਹੋਇਆ ਹੈ। ਇਹ ਗਿਣਤੀ ਦੇ ਕੁਝ ਲੋਕਾਂ ਦੇ ਨਿਵਾਸ ਸਥਾਨ ਤੋਂ ਜਾਂ ਇਹ ਕਹੋ ਕਿ ਇਕ ਵੰਸ਼ ਤੋਂ ਸੰਘਣੀ ਅਬਾਦੀ ਵਾਲੇ ਸ਼ਹਿਰ ਦਾ ਰੂਪ ਧਾਰਨ ਕਰ ਗਿਆ ਹੈ। ਇਸ ਦੀ ਸਥਾਪਨਾ ਦਾ ਮਨੋਰਥ ਪ੍ਰਸ਼ਾਸਕੀ ਜਾਂ ਫੌਜੀ ਕੇਂਦਰ ਬਣਾਉਣਾ ਨਹੀਂ ਸੀ ਸਗੋਂ ਇਸ ਸਥਾਨ ਨੂੰ ਧਾਰਮਿਕ ਉਦੇਸ਼ ਨਾਲ ਚੁਣਿਆ ਗਿਆ ਸੀ। ਪਰੰਤੂ ਅਠਾਰਵੀਂ ਸਦੀ ਦੇ ਅੱਧ ਵਿਚ ਆਪਣੇ ਆਲੇ ਦੁਆਲੇ ਵਾਪਰ ਰਹੀਆਂ ਕੁਝ ਖਾਸ ਘਟਨਾਵਾਂ ਕਾਰਨ ਇਹ ਸਥਾਨ ਕਾਫੀ ਪ੍ਰਸਿੱਧ ਹੋ ਗਿਆ। ਇਹ ਘਟਨਾਵਾਂ ਬਹੁਤ ਹੈਰਾਨੀਜਨਕ ਸਨ ਅਤੇ ਇਸ ਤੋਂ ਵੀ ਵੱਧ ਹੈਰਾਨੀ ਵਾਲੀ ਗੱਲ ਇਹ ਸੀ ਕਿ ਇਸ ਸਭ ਕੁਝ ਦੇ ਬਾਵਜੂਦ ਅੰਮ੍ਰਿਤਸਰ ਨੇ ਕੋਈ ਮਾੜਾ ਪ੍ਰਭਾਵ ਗ੍ਰਹਿਣ ਨਹੀਂ ਸੀ ਕੀਤਾ। ਉਸ ਵੇਲੇ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਆਲੇ ਦੁਆਲੇ ਦੇ ਬਹੁਤ ਥੋੜੇ ਜਿਹੇ ਰਕਬੇ ਵਿਚ ਵਸਿਆ ਹੋਇਆ ਸੀ, ਜੋ ਅੱਜ ਕੱਲ ਸ਼ਹਿਰ ਦਾ ਕੇਂਦਰੀ ਹਿਸਾ ਬਣ ਗਿਆ ਹੈ ਅਤੇ ਹੁਣ ਸ਼ਹਿਰ ਦਾ ਏਰੀਆ ਬਹੁਤ ਵਿਸ਼ਾਲ ਹੋ ਚੁੱਕਾ ਹੈ। ਸ਼ੁਰੂ ਤੋਂ ਹੀ ਪਵਿੱਤਰ ਸਰੋਵਰ ਦੀ ਹੋਂਦ ਕਰਕੇ ਅੰਮ੍ਰਿਤਸਰ ਨੂੰ ਤੀਰਥ ਅਸਥਾਨ ਮੰਨਿਆ ਜਾਂਦਾ ਰਿਹਾ ਹੈ ਅਤੇ ਭਾਰਤ ਦੇ ਕੋਨੇ ਕੋਨੇ ਤੋਂ ਯਾਤਰੀ ਬੜੀ ਸ਼ਰਧਾ ਨਾਲ ਇਥੇ ਆਉਂਦੇ ਹਨ। ਅੰਮ੍ਰਿਤਸਰ ਇਕ ਸਦੀ ਤੋਂ ਵੀ ਵਧੇਰੇ ਸਮੇਂ ਤੋਂ ਪੰਜਾਬ ਦਾ ਵਪਾਰਕ ਕੇਂਦਰ ਅਤੇ ਉੱਤਰੀ ਭਾਰਤ ਦੀ ਇਕ ਪ੍ਰਸਿੱਧ ਮੰਡੀ ਰਿਹਾ ਹੈ। ਇਸ ਦੀ ਖੁਸ਼ਹਾਲੀ ਖੇਤੀਬਾੜੀ ਤੇ ਨਹੀਂ ਸਗੋਂ ਵਪਾਰ ਤੇ ਨਿਰਭਰ ਸੀ। ਇਹ ਸ਼ਹਿਰ ਸਾਨੂੰ ਜਲ੍ਹਿਆਂਵਾਲੇ ਬਾਗ ਦੀ ਘਟਨਾ ਦੀ ਯਾਦ ਦਿਵਾਉਂਦਾ ਹੈ, ਜਿਥੇ ਹਜ਼ਾਰਾਂ ਲੋਕਾਂ ਨੇ ਮਜਹਬ, ਜਾਤਪਾਤ ਅਤੇ ਨਸਲ ਦੇ ਭੇਦਭਾਵ ਤੋਂ ਬਿਨਾ ਆਪਣੀਆਂ ਜਾਨਾਂ ਦੇਸ਼ ਤੋਂ ਵਾਰ ਦਿੱਤੀਆਂ ਸਨ। ਪਰੰਤੂ ਸੰਨ 1947 ਵਿਚ ਅੰਮ੍ਰਿਤਸਰ ਵਿਖੇ ਹੀ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਜਾਤਪਾਤ ਦੇ ਅਧਾਰ ਤੇ ਆਪਸੀ ਦੁਸ਼ਮਣੀ ਦੀ ਇਕ ਭਿਆਨਕ ਤਸਵੀਰ ਪੇਸ਼ ਹੋਈ। ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਬਣਾਇਆ ਗਿਆ ਅਤੇ ਅੰਮ੍ਰਿਤਸਰ ਸਰਹੱਦ ਦੇ ਨਜ਼ਦੀਕ ਹੋਣ ਦੇ ਬਾਵਜੂਦ ਆਪਣੀ ਹੋਂਦ, ਲਚਕ ਅਤੇ ਬਹਾਦਰੀ ਭਰਪੂਰ ਸਹਿਣਸ਼ੀਲਤਾ ਨਾਲ਼ ਹਾਲਾਤ ਦੀ ਮੁਕਾਬਲਾ ਕਰਦੇ ਹੋਏ ਉਨਤੀ ਦੇ ਮਾਰਗ ਤੇ ਚਲਦਾ ਰਿਹਾ। ਦੇਸ਼ ਭਗਤਾ ਲਈ ਇਹ ਸਥਾਨ ਪ੍ਰੇਰਨਾਦਾਇਕ ਅਤੇ ਯਾਦਗਾਰੀ ਹੈ। ਧਾਰਮਿਕ ਲੋਕਾਂ ਲਈ

ਇਹ ਇਕ ਪਵਿੱਤਰ ਤੀਰਥ ਸਥਾਨ ਹੈ ਅਤੇ ਵਪਾਰੀਆਂ ਲਈ ਇਹ ਇਕ ਪ੍ਰਸਿੱਧ ਮੰਡੀ ਹੈ। ਸਿੱਖਾਂ ਲਈ ਇਹ ਉਤਨਾ ਹੀ ਮਹੱਤਵਪੂਰਣ ਸਥਾਨ ਹੈ ਜਿਵੇਂ ਮੁਸਲਮਾਨਾਂ ਲਈ ਮੱਕਾ ਅਤੇ ਬੋਧੀਆਂ ਲਈ ਗਾਯਾ ਮਹੱਤਤਾ ਰੱਖਦੇ ਹਨ। ਇਹ ਸ਼ਹਿਰ ਆਪਣੀ ਸੰਖੇਪ ਪਰ ਮਹੱਤਵਪੂਰਨ ਘਟਨਾਵਾਂ ਭਰੀ ਤਵਾਰੀਖ ਵਿਚ ਅਨੇਕਾਂ ਯਾਦਗਾਰੀ ਕਾਰਨਾਮੇ ਸੰਜੋਈ ਬੈਠਾ ਹੈ।

ਸਾਡੀ ਕਹਾਣੀ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਇਕ ਕੇਂਦਰੀ ਸ਼ਹਿਰ ਦੁਆਲੇ ਘੁੰਮਦੀ ਹੈ ਜੋ ਇਕ ਲਹਿਰਦਾਰ ਖੇਤਰ ਵਿਚ ਸਥਿਤ ਹੈ ਅਤੇ ਸੀਰੀਅਨਾਂ, ਸੀਥੀਅਨ, ਪਰਸ਼ੀਅਨ ਯੂਨਾਨੀ, ਮੁਹੰਮਡਨ, ਮੁਗਲ, ਅਫਗਾਨ ਜਾਂ ਗੱਖੜ ਆਦਿ ਲੁਟੇਰਿਆਂ ਲਈ ਹਮੇਸ਼ਾਂ ਚਾਰੇ ਪਾਸਿਆਂ ਤੋਂ ਖੁੱਲ੍ਹਾ ਹੈ ਅਤੇ ਸਦੀਆਂ ਤੋਂ ਹਿਮਾਲਿਆ ਪਰਬਤ ਦੀ ਬਰਫੀਲੀ ਸਰਹੱਦ ਨਾਲ ਘਿਰਿਆ ਹੋਇਆ ਹੈ। ਇਸ ਦੇ ਸਿੰਜਾਈ ਦੇ ਸਾਧਨ ਤਸੱਲੀਬਖਸ਼ ਹਨ, ਜਿਨ੍ਹਾਂ ਦੀ ਪੂਰਤੀ ਗਰਮੀਆਂ ਵਿਚ ਕੁਦਰਤੀ ਤੌਰ ਤੇ ਅਤੇ ਸਰਦੀਆਂ ਵਿਚ ਨਦੀਆਂ ਨਾਲਿਆਂ ਦੁਆਰਾ ਹੋ ਜਾਂਦੀ ਹੈ, ਜੋ ਇਥੋਂ ਦੀ ਜ਼ਮੀਨ ਦੀ ਹਰਿਆਵਲ ਅਤੇ ਉਪਜਾਊ ਸ਼ਕਤੀ ਵਿਚ ਵਾਧਾ ਕਰਦੇ ਹਨ। ਅੰਮ੍ਰਿਤਸਰ 31".38" ਉਤਰ ਅਤੇ 75".53" ਪੂਰਬ ਵਿਚ ਬਿਆਸ ਅਤੇ ਰਾਵੀ ਦਰਿਆਵਾਂ ਦੇ ਵਿਚਕਾਰ ਸਥਿਤ ਹੈ। ਇਸ ਇਲਾਕੇ ਨੂੰ ਬਾਰੀ ਦੋਆਬ ਕਿਹਾ ਜਾਂਦਾ ਹੈ, ਜ਼ਿਲ੍ਹਾ ਗੁਰਦਾਸਪੁਰ ਦਾ ਇਲਾਕਾ ਇਸ ਨੂੰ ਪਹਾੜ ਤੋਂ ਵੱਖ ਕਰਦਾ ਹੈ। ਇਸਦੇ ਦੱਖਣ-ਪੱਛਮ ਵੱਲ ਦੋਆਬ ਤੋਂ 33 ਮੀਲ ਹੇਠਾਂ ਵੱਲ ਲਾਹੌਰ ਸ਼ਹਿਰ ਹੈ, ਜਿਸਦਾ ਅੰਮ੍ਰਿਤਸਰ ਦੇ ਵਿਕਾਸ ਅਤੇ ਬਦਲਾਵ ਉਤੇ ਕਾਫੀ ਪ੍ਰਭਾਵ ਸੀ, ਇਹ ਉਹ ਬਿੰਦੂ ਹੈ ਜਿਥੇ ਜ਼ਿਲ੍ਹੇ ਦੀਆਂ ਬਹੁਤ ਸਾਰੀਆ ਸੜਕਾਂ ਮਿਲਦੀਆਂ ਹਨ ਅਤੇ ਜਿਥੋਂ ਸੰਨ 1947 ਤੱਕ ਪਿਸ਼ਾਵਰ ਤੋਂ ਦਿੱਲੀ ਜਾਣ ਵਾਲੀ ਉਤਰੀ-ਪੱਛਮੀ ਰੇਲਵੇ ਲਾਈਨ ਅਤੇ ਜੀ.ਟੀ.ਰੋਡ ਲੰਘਦੀ ਸੀ। ਅੰਮ੍ਰਿਤਸਰ ਸ਼ਹਿਰ ਦਾ ਰਕਬਾ 1300 ਵਰਗਮੀਲ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਦਿਨਾਂ ਵਿਚ ਇਹ ਸਿੱਖ ਰਾਜ ਦੇ ਕੇਂਦਰੀ ਇਲਾਕੇ ਮਾਝੇ ਦੀ ਰਾਜਧਾਨੀ ਸੀ, ਲਾਹੌਰ ਤੋਂ ਉਤਰ-ਪੱਛਮ ਦੇ ਇਸ ਇਲਾਕੇ ਵਿਚ ਪਵਿੱਤਰ ਸ਼ਹਿਰ ਅੰਮ੍ਰਿਤਸਰ ਵੀ ਸਥਿਤ ਹੈ। ਅੰਮ੍ਰਿਤਸਰ ਰੇਲਵੇ ਜੰਕਸ਼ਨ ਤੋਂ ਪਠਾਨਕੋਟ ਲਾਈਨ ਦੇ ਉਤਰ ਵੱਲ ਇਕ ਰੇਲਵੇ ਲਾਈਨ ਨਿਕਲਦੀ ਹੈ ਜੋ ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਜੰਮੂ ਨਾਲ ਇਸ ਨੂੰ ਸੜਕ ਦੇ ਰਸਤੇ ਮਿਲਾਉਂਦੀ ਹੈ। ਇਹ ਸ਼ਹਿਰ ਸਾਰੇ ਪਾਸਿਆਂ ਤੋਂ ਪਹੁੰਚਣਯੋਗ ਹੈ, ਇਹ ਇਲਾਕਾ ਬਹੁਤ ਉਪਜਾਊ ਅਤੇ ਮਨੁੱਖ ਦੇ ਜਿਸਮਾਨੀ ਵਿਕਾਸ ਲਈ ਅਨੁਕੂਲ ਹੈ। ਪਹਾੜਾਂ ਦੀ ਨੇੜਤਾ ਅਤੇ ਨਹਿਰੀ ਸਿੰਜਾਈ ਦੇ ਸਾਧਨਾਂ ਦੀ ਹੋਂਦ ਕਾਰਨ ਇਹ ਸਥਾਨ ਗਰਮ ਮੌਸਮ ਵਿਚ ਲਾਹੌਰ ਦੇ ਮੁਕਾਬਲੇ ਕਾਫੀ ਸ਼ਾਂਤ ਹੈ। ਇਥੇ ਸਤੰਬਰ ਵਿਚ ਗਰਮੀ ਖਤਮ ਹੋ ਜਾਂਦੀ ਹੈ ਅਤੇ ਜਨਵਰੀ ਫਰਵਰੀ ਵਿਚ ਕੋਹਰਾ ਪੈਂਦਾ ਹੈ। ਬਾਰਸ਼ ਕਾਫੀ ਪੈਂਦੀ ਹੈ।

ਅੰਮ੍ਰਿਤਸਰ ਸ਼ਹਿਰ ਦੀ ਬੁਨਿਆਦ ਬਾਰੇ ਇਸ ਦੇ ਪਹਿਲੇ ਇਤਿਹਾਸ ਤੋਂ ਕੋਈ ਤਸੱਲੀਬਖਸ਼ ਸਬੂਤ ਨਹੀਂ ਮਿਲਦਾ। ਸ਼ਹਿਰ ਦੇ ਜਨਮ ਬਾਰੇ ਇਤਿਹਾਸਕਾਰਾਂ ਦੀ ਆਮ ਰਾਇ ਅੰਮ੍ਰਿਤਸਰ ਜ਼ਿਲ੍ਹਾ ਗੈਜ਼ਿੱਟੀਅਰਜ਼[1] (ਭੂਗੋਲਿਕ ਸ਼ਬਦ ਕੋਸ਼ਾਂ) ਉਪਰ ਹੀ ਅਧਾਰਿਤ ਹੈ। ਅੰਮ੍ਰਿਤਸਰ ਬਾਰੇ ਉਨ੍ਹਾਂ ਦਾ ਵਿਚਾਰ ਹੈ ਕਿ ਉਹ ਥਾਂ, ਜਿਥੇ ਹੁਣ ਅੰਮ੍ਰਿਤਸਰ ਸਥਿਤ ਹੈ, 1577 [2] ਈ. ਵਿਚ ਅਕਬਰ ਨੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ (1574-1581)[3] ਨੂੰ ਪ੍ਰਦਾਨ ਕੀਤੀ ਸੀ, ਜਿਥੇ ਉਨ੍ਹਾਂ ਨੇ ਇਕ ਤਲਾਬ ਖੁਦਵਾਇਆ ਅਤੇ ਜੋ ਬਾਅਦ ਵਿਚ

ਆਪਣੀ ਪਵਿੱਤਰਤਾ ਲਈ ਪ੍ਰਸਿੱਧ ਹੋਇਆ। ਇਸ ਦੇ ਫਲਸਰੂਪ ਇਕ ਛੋਟਾ ਕਸਬਾ, ਜੋ ਪਹਿਲਾਂ ਰਾਮਦਾਸਪੁਰ ਜਾਂ ਗੁਰੂ ਕਾ ਚੱਕ ਵਜੋਂ ਜਾਣਿਆ ਜਾਂਦਾ ਸੀ, ਹੋਂਦ ਵਿਚ ਆਇਆ ਅਤੇ ਬਾਅਦ ਵਿਚ ਤਲਾਬ ਨੂੰ ਸੁਧਾਰਿਆ ਗਿਆ, ਜੋ ਅੰਮ੍ਰਿਤਸਰ ਨੂੰ ਅਮਰ ਕਰਨ ਵਾਲਾ 'ਇਕ ਪਵਿੱਤਰ ਸਰੋਵਰ' ਮੰਨਿਆ ਜਾਣ ਲੱਗਾ। ਇਸ ਸ਼ਹਿਰ ਦੇ ਜਨਮ ਬਾਰੇ ਇਕ ਵਿਚਾਰ ਇਹ ਵੀ ਹੈ ਕਿ ਇਸ ਦਾ ਸਬੰਧ ਤੀਜੇ ਗੁਰੂ ਅਮਰਦਾਸ ਜੀ (1552-1574) ਨਾਲ ਹੈ, ਪਰੰਤੂ ਇਸ ਹਾਲਤ ਵਿਚ ਇਸ ਦਾ ਨਾਂ ਅਮਰਸਰ (ਅਮਰਦਾਸ ਦਾ ਤਲਾਬ) ਹੁੰਦਾ, ਜੋ ਕਿ ਨਹੀਂ ਹੈ। 1914 ਦਾ ਜ਼ਿਲ੍ਹਾ ਗੱਜ਼ਟ ਇਸ ਸ਼ਹਿਰ ਦੀ ਕਹਾਣੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਲੈ ਜਾਂਦਾ ਹੈ, ਸਿੱਖ ਪ੍ਰੰਪਰਾ ਅਨੁਸਾਰ ਅੰਮ੍ਰਿਤਸਰ ਦੀ ਧਰਤੀ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਨਾਲ ਜੋੜਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਥੇ ਇਕ ਛੋਟੇ ਕੁਦਰਤੀ ਤਲਾਬ ਤੇ ਚਰਨ ਪਾਉਣ ਆਏ ਸਨ ਅਤੇ ਪੁਰਾਣ ਕਥਾਵਾਂ ਇਸ ਨੂੰ ਭਗਵਾਨ ਸ੍ਰੀ ਰਾਮ ਚੰਦਰ ਜੀ ਨਾਲ ਜੋੜਦੀਆਂ ਹਨ[4]। ਜ਼ਿਲ੍ਹਾ ਗੈਜ਼ਿਟੀਅਰਜ਼ ਵਿਚ ਦਿੱਤੇ ਗਏ ਵਿਵਰਣ ਕੋਈ ਸਪਸ਼ਟ ਤਸਵੀਰ ਪੇਸ਼ ਨਹੀਂ ਕਰਦੇ, ਇਨ੍ਹਾਂ ਵਿਚ ਕਹਾਣੀ ਤਾਂ ਹੈ, ਪਰੰਤੂ ਵਿਸਤਾਰ ਨਹੀਂ ਹੈ। ਸ਼ਾਇਦ ਲੜੀਆਂ ਨੂੰ ਬਿਖੇਰਨ ਦੀ ਬਜਾਏ ਜੇਕਰ ਜੋੜ ਦਿੱਤਾ ਜਾਵੇ ਤਾਂ ਇਕ ਵਧੀਆ ਤਸਵੀਰ ਬਣ ਸਕਦੀ ਹੈ। ਜਿਸ ਸਥਾਨ ਉਤੇ ਅੰਮ੍ਰਿਤਸਰ ਸਥਿਤ ਹੈ, ਉਹ ਸਥਾਨ ਸੂਬਾ ਲਾਹੌਰ ਵਿਚ ਸੀ, ਜਿਸ ਉਤੇ ਮੁਗਲ ਸਰਕਾਰ ਦਾ ਰਾਜ ਸੀ। ਅਕਬਰ ਕਈ ਵਾਰ ਲਾਹੌਰ ਆਇਆ, ਵਿਸ਼ੇਸ਼ ਕਰਕੇ 1582-1598 ਦੇ ਸਮੇਂ ਦੌਰਾਨ, ਜਦੋਂ ਇਹ ਮੁਗਲ ਸਰਕਾਰ ਦਾ ਹੈਡਕੁਆਟਰ ਬਣ ਗਿਆ ਸੀ। ਰਵਾਇਤ ਅਨੁਸਾਰ ਆਪਣੇ ਇਕ ਦੌਰੇ ਵੇਲੇ ਉਸਨੇ ਗੁਰੂ ਅਮਰਦਾਸ ਜੀ ਦੇ ਸਦਾਚਾਰ ਦੇ ਪੱਖ ਵਿਚ ਬਹੁਤ ਕੁਝ ਸੁਣਿਆ[5] ਅਤੇ ਉਸਨੇ ਗੁਰੂ ਜੀ ਤੇ ਮਿੱਤਰਤਾ ਦੀ ਭਾਵਨਾ ਨਾਲ ਜ਼ੋਰ ਪਾਇਆ ਕਿ ਉਹ ਕੁਝ ਪਿੰਡਾਂ ਦੀ ਮਾਲਕੀ ਸਵੀਕਾਰ ਕਰਨ, ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਲੋਕਾਂ ਨੇ ਅਕਬਰ ਪਾਸ ਗੁਰੂ ਜੀ ਦੀ ਸ਼ਿਕਾਇਤ ਕੀਤੀ ਕਿ ਉਹ ਪ੍ਰਚਲਤ ਹਿੰਦੂ ਪ੍ਰਥਾ ਦਾ ਘੋਰ ਅਪਮਾਨ ਕਰ ਰਹੇ ਸਨ। ਪਰ ਬਾਦਸ਼ਾਹ ਨੂੰ ਪੜਤਾਲ ਕਰਨ ਤੇ ਪਤਾ ਲੱਗਾ ਕਿ ਗੁਰੂ ਜੀ ਨੇ ਅਸਲ ਵਿਚ ਉਚੇ ਤੇ ਸ਼ੁੱਧ ਮਾਨਵੀ ਸਿਧਾਂਤਾਂ ਨੂੰ ਆਪਣੇ ਅਸੂਲਾਂ ਵਿਚ ਸ਼ਾਮਿਲ ਕੀਤਾ ਹੈ। ਕਿਹਾ ਜਾਂਦਾ ਹੈ ਕਿ ਇਸ ਦੇ ਫਲਸਰੂਪ ਅਕਬਰ ਨੇ 500 ਵਿੱਘੇ ਜ਼ਮੀਨ ਗੁਰੂ ਜੀ ਦੀ ਪੁੱਤਰੀ ਬੀਬੀ ਭਾਨੀ ਨੂੰ ਪ੍ਰਦਾਨ ਕੀਤੀ, ਜਿਸ ਦੇ ਮਾਲਕ ਉਸਦੇ ਪਤੀ ਭਾਈ ਜੇਠਾ, ਭਵਿੱਖ ਦੇ ਗੁਰੂ ਰਾਮਦਾਸ ਜੀ ਬਣੇ ਅਤੇ ਉਸ ਜਗਾ ਨੂੰ ਗੁਰੂਚੱਕ ਵਜੋਂ ਜਾਣਿਆ ਗਿਆ। ਜ਼ਮੀਨ ਦਾ ਟੁਕੜਾ ਜੋ ਕਿਸੇ ਸੰਤ ਨੂੰ ਦਿੱਤਾ ਗਿਆ ਹੋਵੇ ਕੁਦਰਤੀ ਤੌਰ ਤੇ ਗੁਰੂ ਚੱਕ ਜਾਂ ਚੱਕ ਗੁਰੂ ਕਹਿਲਾਏਗਾ। ਲਗਭੱਗ 1787 ਵਿਚ ਬਣਾਏ ਗਏ ਬ੍ਰਾਉਣ ਦੇ ਨਕਸ਼ੇ ਵਿਚ ਆਧੁਨਿਕ ਨਾਮ ਅੰਮ੍ਰਿਤਸਰ[6] ਦੇ ਨਾਲ ਨਾਲ ਇਹ ਨਾਂ ਵੀ ਦਰਸਾਇਆ ਗਿਆ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਰਾਮਦਾਸ ਜੀ ਨੇ ਜ਼ਮੀਨ ਦਾ ਉਹ ਟੁਕੜਾ 700 ਰੁਪਏ ਵਿਚ ਤੁੰਗ[7] ਪਿੰਡ (ਇਕ ਪਿੰਡ ਜੋ ਅਜ ਕਲ ਸਥਿਤ ਸੈਕਰਡ ਹਾਰਟ ਸਕੂਲ ਦੇ ਨੇੜੇ ਹੈ)। ਜ਼ਿੰਮੀਦਾਰਾਂ ਤੋਂ ਖਰੀਦਿਆ, ਜੋ ਉਸ ਵੇਲੇ ਉਸ ਜ਼ਮੀਨ ਦੇ ਮਾਲਕ ਸਨ। ਮੈਕਾਲਿਫ ਅਨੁਸਾਰ ਗੁਰੂ ਅਮਰਦਾਸ ਜੀ ਨੇ ਤਲਾਬ ਦੀਆਂ ਰੋਗ ਨਿਵਾਰਣ ਵਿਸ਼ੇਸ਼ਤਾਵਾਂ ਕਾਰਣ ਇਸ ਦੀ ਖੁਦਾਈ ਲਈ ਵਿਸ਼ੇਸ਼ ਤੌਰ ਤੇ ਧਿਆਨ ਦੇਣ ਬਾਰੇ ਜੇਠਾ ਜੀ ਤੇ ਜ਼ੋਰ ਪਾਇਆ[8]। ਗੁਰੂ ਰਾਮਦਾਸ ਜੀ ਨੂੰ ਅੰਮ੍ਰਿਤਸਰ ਵਿਖੇ

ਇਕ ਸਰਵਉੱਚ ਤੀਰਥ ਅਸਥਾਨ ਬਣਾਉਣ ਦਾ ਹੁਕਮ ਮਿਲਿਆ ਤੇ ਉਨ੍ਹਾਂ ਨੇ ਗੁਰੂ ਅਮਰਦਾਸ ਜੀ[9] ਦੇ ਹੁਕਮ ਅਨੁਸਾਰ ਕਈ ਮਹੀਨੇ ਸਰੋਵਰ ਦੀ ਖ਼ੁਦਾਈ ਲਈ ਲਗਾਏ। ਅਸਲ ਵਿਚ ਗੁਰੂ ਅਮਰਦਾਸ ਜੀ ਨੇ ਧਾਰਮਿਕ ਪ੍ਰਚਾਰ ਲਈ ਇਕ ਨਵੇਂ ਕੇਂਦਰ ਦੀ ਸਥਾਪਨਾ ਕੀਤੀ ਸੀ, ਕਿਉਂਕਿ ਇਹ ਬਾਰੀ ਦੁਆਬ ਦਾ ਕੇਂਦਰੀ ਸਥਾਨ ਸੀ ਅਤੇ ਲਾਹੌਰ ਤੋਂ 60 ਕਿਲੋਮੀਟਰ ਦੀ ਦੂਰੀ ਤੇ ਹੋਣ ਤੇ ਵੀ ਲਾਭਕਾਰੀ ਸੀ। ਇਸ ਥਾਂ ਪਾਣੀ ਵੀ ਕਾਫੀ ਮਾਤਰਾ ਵਿਚ ਸੀ। ਮੈਕਾਲਿਫ ਦਾ ਵਿਸ਼ਵਾਸ ਹੈ ਕਿ ਤਲਾਬ ਦੀ ਖ਼ੁਦਾਈ ਗੁਰੂ ਰਾਮਦਾਸ ਜੀ ਨੇ ਕਰਵਾਈ ਅਤੇ ਇਸ ਦੀਆਂ ਆਲੇ ਦੁਆਲੇ ਦੀਆਂ ਕੰਧਾਂ ਅਤੇ ਫਰਸ਼ ਨੂੰ ਪੱਕਾ ਕਰਵਾਉਣ ਦਾ ਕੰਮ ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਜੀ ਨੇ ਕਰਵਾਇਆ। ਗੁਰੂ ਅਰਜਨ ਦੇਵ ਜੀ ਨੇ ਲਾਹੌਰ ਦੇ ਇਕ ਮੁਸਲਮਾਨ ਪੀਰ ਮੀਆਂ ਮੀਰ ਜੀ ਪਾਸੋਂ ਸਵਰਨ ਮੰਦਰ ਦਾ ਨੀਂਹ ਪੱਥਰ ਰਖਵਾ ਕੇ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਅਤੇ ਵਿਸ਼ਵਾਸ ਨੂੰ ਪੁਨਰ ਸੁਰਜੀਤ ਕੀਤਾ। ਮੈਕਾਲਿਫ ਦਾ ਵਿਚਾਰ ਹੈ ਕਿ ਪਵਿੱਤਰ ਸਰੋਵਰ ਦਾ ਨੀਂਹ ਪੱਥਰ 1576 [10] ਏ.ਡੀ. ਨੂੰ ਰੱਖਿਆ ਗਿਆ, ਪਰੰਤੂ ਜਾਰਜ ਫਾਸਟਰ ਦਾ ਖਿਆਲ ਹੈ ਕਿ ਅੰਮ੍ਰਿਤਸਰ ਸ਼ਹਿਰ ਦਾ ਨੀਂਹ ਪੱਥਰ ਗੁਰੂ ਰਾਮਦਾਸ ਜੀ ਨੇ 1581 [11] ਦੇ ਨੇੜੇ ਤੇੜੇ ਰੱਖਿਆ ਸੀ। ਕਿਸੇ ਠੋਸ ਪ੍ਰਮਾਣ ਦੀ ਅਣਹੋਂਦ ਅਤੇ ਇਤਿਹਾਸਕਾਰਾਂ ਦੇ ਆਪਸੀ ਵਿਚਾਰਾਂ ਵਿਚ ਮੱਤਭੇਦ ਹੋਣ ਕਾਰਨ, ਅੰਮ੍ਰਿਤਸਰ ਸ਼ਹਿਰ ਦੇ ਨੀਂਹ ਪੱਥਰ ਬਾਰੇ ਕੋਈ ਸਹੀ ਤਾਰੀਕ ਨਿਸਚਿਤ ਨਹੀਂ ਕੀਤੀ ਜਾ ਸਕਦੀ, ਫਿਰ ਵੀ ਇਹ ਗੱਲ ਸਪਸ਼ਟ ਹੈ ਕਿ ਅਕਬਰ ਦੇ ਰਾਜ ਕਾਲ ਵਿਚ 16ਵੀਂ ਸਦੀ ਦੇ ਪਿਛਲੇ ਅੱਧ ਵਿਚ ਅੰਮ੍ਰਿਤਸਰ ਹੋਂਦ ਵਿਚ ਆਇਆ। ਜਦੋਂ ਗੁਰੂ ਅਮਰਦਾਸ ਜੀ ਨੇ ਸਰੋਵਰ ਬਣਾਉਣ ਦੇ ਖਿਆਲ ਨੂੰ ਅਮਲੀ ਜਾਮਾਂ ਪਹਿਨਾਇਆ ਅਤੇ ਗੁਰੂ ਰਾਮਦਾਸ ਜੀ ਨੇ 1576 ਦੇ ਲਗਭਗ ਇਸ ਕਾਰਜ ਨੂੰ ਜਾਰੀ ਰੱਖਿਆ।[12] ਗੁਰੂ ਰਾਮਦਾਸ ਜੀ ਨੇ ਆਪਣੇ ਸਮਰਥਕਾਂ ਨੂੰ ਭਾਈ ਬੁੱਢਾ ਜੀ ਦੀ ਅਗਵਾਈ ਹੇਠ ਕੰਮ ਕਰਨ ਲਈ ਪ੍ਰੇਰਿਤ ਕੀਤਾ।[13] ਭਾਈ ਭਗਤੂ ਅਤੇ ਭਾਈ ਬਾਹੀਲੋ ਦੇ ਨਾਮ ਭਵਨਾਂ ਦੀ ਉਸਾਰੀ ਦੇ ਕੰਮ ਵਿਚ ਉਨ੍ਹਾਂ ਦੀ ਅਣਥੱਕ ਮਿਹਨਤ ਕਾਰਨ ਵਿਸ਼ੇਸ਼ ਤੌਰ ਤੇ ਆਉਂਦੇ ਹਨ। ਭਾਈ ਸਾਲੋ ਜੋ ਗੁਰੂ ਰਾਮਦਾਸ ਜੀ ਦੇ ਇਕ ਸ਼ਰਧਾਲੂ ਸਨ, ਨੇ ਆਪਣੇ ਸਾਥੀਆਂ ਅਤੇ ਰਿਸ਼ਤੇਦਾਰਾਂ ਜਿਵੇਂ ਕਿ ਭਾਈ ਚੰਦਰ ਭਾਨ ਤੇ ਰੂਪ ਰਾਮ ਆਦਿ ਦੇ ਸਹਿਯੋਗ ਨਾਲ ਲਾਗਲੇ ਪਿੰਡਾਂ ਤੋਂ ਸਾਰੇ ਕਿੱਤਿਆਂ ਨਾਲ ਸਬੰਧਤ ਲੋਕ ਇਕੱਤਰ ਕੀਤੇ ਅਤੇ ਉਨ੍ਹਾਂ ਨੂੰ ਗੁਰੂ ਦਾ ਚੱਕ[14] ਵਿਖੇ ਆਬਾਦ ਕੀਤਾ। ਉਹ ਕੁਟੀਆ ਜਿਥੇ ਗੁਰੂ ਜੀ ਰਹਿੰਦੇ ਸਨ, ਉਸ ਨੂੰ ਉਨ੍ਹਾਂ ਦੇ ਰਹਿਣ ਲਈ ਹੋਰ ਖੁੱਲ੍ਹਾ ਕੀਤਾ ਅਤੇ ਬਾਅਦ ਵਿਚ ਇਹ ਸਥਾਨ ਗੁਰੂ ਹਰਗੋਬਿੰਦ ਸਾਹਿਬ ਦਾ ਨਿਵਾਸ ਸਥਾਨ ਬਣਿਆ, ਜਿਸ ਨੂੰ ਹੁਣ ਗੁਰੂ ਦਾ ਮਹਿਲ ਕਿਹਾ ਜਾਂਦਾ ਹੈ ਅਤੇ ਇਹ ਗੁਰੂ ਕਾ ਬਾਜ਼ਾਰ ਦੇ ਨੇੜੇ ਸਥਿਤ ਹੈ। ਜਿਸ ਸਮੇਂ ਸਰੋਵਰ ਦੀ ਉਸਾਰੀ ਦਾ ਕੰਮ ਚੱਲ ਰਿਹਾ ਸੀ ਤਾਂ ਇਰਦ ਗਿਰਦ ਗੁਰੂ ਜੀ ਦੇ ਸ਼ਰਧਾਲੂਆਂ, ਦਰਸ਼ਨ ਅਭਿਲਾਸ਼ੀਆਂ ਅਤੇ ਮਜ਼ਦੂਰਾਂ[15] ਦੇ ਰਹਿਣ ਲਈ ਨਿਵਾਸ ਸਥਾਨ ਬਣਾਏ ਗਏ।

ਧਾਰਮਿਕ ਮਹੱਤਤਾ ਵਾਲੇ ਸਥਾਨ ਵਿਚ ਵਪਾਰਕ ਵਾਧਾ ਕਰਨ ਵਿਚ ਸਹਾਈ ਹੁੰਦੇ ਹਨ। ਤੀਰਥ ਸਥਾਨ ਵਿਚ ਆਉਣ ਵਾਲੇ ਸ਼ਰਧਾਲੂ ਸੁਭਾਵਿਕ ਤੌਰ ਤੇ ਕੁਝ ਵਸਤਾਂ ਖਰੀਦਦੇ ਅਤੇ ਵੇਚਦੇ, ਇਸ ਤਰ੍ਹਾਂ ਇਥੇ ਇਕ ਛੋਟੀ ਜਿਹੀ ਮੰਡੀ ਬਣ ਗਈ। ਸਰੋਵਰ ਦੇ ਆਲੇ

ਦੁਆਲੇ ਛੋਟੇ ਛੋਟੇ ਮੰਦਰ, ਫਕੀਰਾਂ ਦੀਆਂ ਝੌਂਪੜੀਆਂ ਅਤੇ ਇਸ਼ਨਾਨ ਘਰ 'ਤੇ ਵਿਹੜੇ ਬਣ ਗਏ। ਆਪਣੇ ਸ਼ਰਧਾਲੂਆਂ ਨਾਲ ਗੁਰੂ ਜੀ ਅਕਸਰ ਗੋਇੰਦਵਾਲ ਤੋਂ ਇਸ ਨਵੀਂ ਜਗ੍ਹਾ ਤੇ ਆਉਂਦੇ ਤੇ ਕੁਝ ਦੇਰ ਇਥੇ ਠਹਿਰਦੇ। ਇਸ ਤਰ੍ਹਾਂ ਇੱਥੇ ਇਕ ਖ਼ੂਬਸੂਰਤ ਸ਼ਹਿਰ ਬਣ ਗਿਆ, ਜਿਸ ਦਾ ਨਾਮ ਪਹਿਲਾਂ ਰਾਮਦਾਸਪੁਰ [16] (ਰਾਮਦਾਸ ਦਾ ਨਗਰ) ਰੱਖਿਆ ਗਿਆ ਅਤੇ ਅਖੀਰ ਵਿਚ ਅੰਮ੍ਰਿਤਸਰ, ਜਿਵੇਂ ਕਿ ਹੁਣ ਕਿਹਾ ਜਾਂਦਾ ਹੈ। ਗੁਰੂ ਜੀ ਦਾ ਜ਼ਿਮੀਦਾਰਾਂ ਉਪਰ ਕਾਫੀ ਪ੍ਰਭਾਵ ਸੀ ਤੇ ਉਨ੍ਹਾਂ ਵਿਚ ਗੁਰੂ ਜੀ ਬਹੁਤ ਹਰਮਨਪਿਆਰੇ ਸਨ। ਉਦੋਂ ਤੋਂ ਹੀ ਉਨ੍ਹਾਂ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਸਰਧਾਲੂਆਂ ਲਈ ਉਹ ਪੂਜਾ ਦਾ ਸਥਾਨ, ਦੂਰੀ ਅਤੇ ਉਪਜਾਊ ਹੋਣ ਦੇ ਪੱਖ ਤੋਂ ਸੁਵਿਧਾਜਨਕ ਸਮਝਿਆ। ਬਾਦ ਵਿੱਚ ਇਸ ਉਪਰੰਤ ਗੁਰੂ ਸਾਹਿਬਾਨ ਨੇ ਮਾਨ ਸਨਮਾਨ, ਧੰਨ ਦੌਲਤ ਅਤੇ ਨਾਲ ਹੀ ਰਾਮਦਾਸਪੁਰ ਦੀ ਧਾਰਮਿਕ ਮਹੱਤਤਾ ਵਿਚ ਵਾਧਾ ਕੀਤਾ। ਕਾਫੀ ਸਮੇਂ ਤੱਕ ਸ਼ਹਿਰ ਦਾ ਨਾਂ ਇਸ ਦੇ ਮੋਢੀ ਦੇ ਨਾਂ ਤੇ ਚਲਦਾ ਰਿਹਾ, ਪਰੰਤੂ ਪਵਿੱਤਰ ਸਰੋਵਰ ਦੀ ਵਧ ਰਹੀ ਮਸ਼ਹੂਰੀ ਕਾਰਨ ਇਸਨੂੰ ਅੰਮ੍ਰਿਤਸਰ ਕਿਹਾ ਜਾਣ ਲੱਗਾ ਜੋ ਕਿ 'ਪੰਜ ਦਰਿਆਵਾਂ ਦੀ ਧਰਤੀ ਦਾ ਇਕ ਮਸ਼ਹੂਰ ਅਤੇ ਸੰਪੰਨ ਸ਼ਹਿਰ ਬਣ ਗਿਆ।'

ਸ੍ਰੀ ਗੁਰੂ ਅਰਜਨ ਦੇਵ ਜੀ (1581-1606), 1581 ਵਿਚ ਆਪਣੇ ਪਿਤਾ ਗੁਰੂ ਰਾਮਦਾਸ ਦੇ ਉਤਰਾਧਿਕਾਰੀ ਬਣੇ, ਜ਼ਿਆਦਾਤਰ ਅੰਮ੍ਰਿਤਸਰ ਵਿਚ ਹੀ ਰਹੇ ਅਤੇ ਇਸ ਨੂੰ ਆਪਣੇ ਉਤਰਾਧਿਕਾਰੀਆਂ ਦਾ ਮੁੱਖ ਕੇਂਦਰ ਬਣਾਇਆ। ਉਨ੍ਹਾਂ ਨੇ ਪਰਿਕਰਮਾ ਦੀਆਂ ਪੌੜੀਆਂ ਲਈ ਪੱਕੀਆਂ ਇੱਟਾਂ ਦਾ ਪ੍ਰਯੋਗ ਕੀਤਾ ਅਤੇ ਸਰੋਵਰ ਦਾ ਘੇਰਾ ਵਧਾ ਦਿੱਤਾ। 1601 ਦੇ ਲਗਭਗ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋਈ। ਆਪਣੇ ਕੰਮ ਵੱਲ ਡੂੰਘੀ ਲਗਨ ਦੇ ਨਾਲ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੂਰਵ ਗੁਰੂ ਸਾਹਿਬਾਨ ਦੀ ਬਾਣੀ ਅਤੇ ਇਸ ਦੇ ਨਾਲ ਹੀ ਹੋਰ ਚੋਣਵੇ ਭਗਤਾਂ, ਸ਼ੇਖਾਂ, ਭੱਟਾਂ ਅਤੇ ਸੁਧਾਰਕਾਂ ਦੀਆਂ ਧਾਰਮਿਕ ਰਚਨਾਵਾਂ ਇਕੱਤਰ ਕੀਤੀਆਂ, ਇਨ੍ਹਾਂ ਵਿਚ ਆਪਣੀਆਂ ਪਰੇਰਣਾਦਾਇਕ ਰਚਨਾਵਾਂ ਸ਼ਾਮਿਲ ਕਰਕੇ ਉਨ੍ਹਾਂ ਨੇ ਇਕ ਬੇਮਿਸਾਲ ਧਾਰਮਿਕ ਗ੍ਰੰਥ 'ਆਦਿ ਗਰੰਥ' ਤਿਆਰ ਕੀਤਾ। ਜੋ ਬਾਅਦ ਵਿਚ ਸਿੱਖਾਂ ਦਾ ਪਵਿੱਤਰ ਧਾਰਮਿਕ ਗ੍ਰੰਥ ਬਣ ਗਿਆ। ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਪ੍ਰਥਮ ਗਰੰਥੀ ਨਿਯੁਕਤ ਕੀਤਾ। ਸ੍ਰੀ ਹਰਿਮੰਦਰ ਸਾਹਿਬ ਵਿਚ ਗਰੰਥ ਸਾਹਿਬ ਜੀ ਦੀ ਸਥਾਪਨਾ 1604 ਵਿਚ ਹੋਈ, ਸਰੋਵਰ ਵਿਚ ਇਸ਼ਨਾਨ ਕਰਨ, ਅਰਦਾਸ ਕਰਨ ਅਤੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਵਾਲੇ ਵੱਡੀ ਗਿਣਤੀ ਵਿਚ ਲੋਕ ਇਸ ਦਾ ਪਾਠ ਸੁਣਦੇ। ਉਹ ਸ਼ਰਧਾ, ਸਾਦਗੀ ਅਤੇ ਵਿਸ਼ਵਾਸ ਨਾਲ ਇਸ ਪਵਿੱਤਰ ਸਥਾਨ ਤੇ ਆਉਂਦੇ ਸਨ। ਰਾਗੀ ਜੱਥੇ ਪ੍ਰਮਾਤਮਾ ਦੀ ਉਸਤਤਿ ਵਿਚ ਸੰਗਤ ਕੀਰਤਨ ਕਰਦੇ ਜੋ ਸੰਗਤ ਦੇ ਧੰਨਵਾਦ ਦੇ ਪਾਤਰ ਬਣਦੇ।

ਗੁਰੂ ਅਰਜਨ ਦੇਵ ਜੀ ਦੇ ਸ਼ਰਧਾਲੂ ਸਰੋਵਰ ਦੀ ਖੁਦਾਈ ਵਿਚ ਪੂਰਾ ਸਹਿਯੋਗ ਦਿੰਦੇ ਸਨ। ਭਾਈ ਬੁੱਢਾ ਜੀ ਅਤੇ ਹੋਰ ਪਤਵੰਤੇ ਸਿੱਖਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਹੋਰ ਮਾਇਆ ਦੀ ਲੋੜ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸ਼ਰਧਾਲੂਆਂ ਪਾਸ ਦਾਨ ਇਕੱਤਰ[17] ਕਰਨ ਲਈ ਆਪਣੇ ਪ੍ਰਤੀਨਿਧੀ ਭੇਜੇ, ਜਿਨ੍ਹਾਂ ਨੂੰ ਮਸੰਦ ਕਿਹਾ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਵਿਸਾਖ ਮਹੀਨੇ ਦੇ ਆਰੰਭ ਵਿਚ ਅੰਮ੍ਰਿਤਸਰ ਵਿਖੇ ਵਿਸਾਖੀ ਦਾ ਤਿਉਹਾਰ ਆਯੋਜਿਤ

ਕੀਤਾ ਤੇ ਦਿਵਾਲੀ ਦੇ ਤਿਉਹਾਰ ਨੂੰ ਸਿੱਖਾਂ ਦੇ ਧਾਰਮਿਕ ਇਕੱਠ ਵਜੋਂ ਸੰਭਾਲਣ ਦਾ ਉਪਰਾਲਾ ਕੀਤਾ। ਉਨ੍ਹਾਂ ਨੇ ਸੰਗਤ ਨੂੰ ਸਰਗਰਮ ਤੌਰ ਤੇ ਇੱਕਮੁੱਠ ਹੋਣ ਦੀ ਲੋੜ ਨੂੰ ਮਹਿਸੂਸ ਕੀਤਾ ਅਤੇ ਉਨ੍ਹਾਂ ਨੇ ਸਿੱਖਾਂ ਨੂੰ ਆਪਣਾ ਧਰਮ ਗ੍ਰਹਿਣ ਕਰਨ ਲਈ ਉਤਸ਼ਾਹ ਦਿੱਤਾ ਇਸ ਤਰ੍ਹਾਂ ਉਨ੍ਹਾਂ ਨੇ ਸਿੱਖ ਧਰਮ ਨੂੰ ਪੱਕਾ ਅਤੇ ਸਥਾਈ ਰੂਪ ਦਿੱਤਾ। ਦੂਸਰੇ ਧਰਮ ਦੇ ਲੋਕਾਂ ਨੇ ਗੁਰੂ ਅਰਜਨ ਦੇਵ ਜੀ ਉਪਰ ਉਨ੍ਹਾਂ ਦੇ ਧਰਮ ਦਾ ਅਪਮਾਨ ਅਤੇ ਹੱਤਕ ਕਰਨ ਦਾ ਦੋਸ਼ ਲਗਾਇਆ, ਪਰ ਅਕਬਰ ਉਪਰ ਗੁਰੂ ਜੀ ਦੇ ਆਦਰਸ਼ਾਂ ਦੀ ਪਵਿੱਤਰਤਾ ਦਾ ਬਹੁਤ ਪ੍ਰਭਾਵ ਸੀ, ਇਸ ਲਈ ਉਸ ਨੇ ਵਿਰੋਧੀਆਂ ਨੂੰ ਕੋਈ ਉਤਸ਼ਾਹ ਨਾ ਦਿੱਤਾ। ਅਕਬਰ ਦਾ ਗੁਰੂ ਜੀ ਪ੍ਰਤੀ ਵਤੀਰਾ ਸ਼ਰਧਾ ਵਾਲਾ ਸੀ, ਪਰੰਤੂ ਜਹਾਂਗੀਰ ਦੇ ਸਮੇਂ ਇਹ ਸਭ ਕੁਝ ਉਨ੍ਹਾਂ ਦੇ ਵਿਰੁਧ ਹੋ ਗਿਆ ਸੀ। ਅਕਬਰ ਦੀ ਮੌਤ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਉੱਤੇ ਅਖੌਤੀ ਇਲਜ਼ਾਮ ਲਗਾਇਆ ਗਿਆ ਕਿ ਉਨ੍ਹਾਂ ਨੇ ਬਾਗੀ ਸ਼ਹਿਜ਼ਾਦੇ ਖੁਸਰੋ ਨੂੰ ਆਪਣਾ ਆਸ਼ੀਰਵਾਦ ਦਿੱਤਾ। ਜਹਾਂਗੀਰ ਗੁਰੂ ਜੀ ਦੀ ਵਧ ਰਹੀ ਪ੍ਰਸਿੱਧੀ ਤੋਂ ਦੁਖੀ ਸੀ। ਜਹਾਂਗੀਰ ਗੁਰੂ ਜੀ ਨੂੰ ਇਸਲਾਮ ਦੇ ਰਾਹ ਵਿਚ ਰੋੜਾ ਸਮਝਦਾ ਸੀ ਇਸ ਲਈ ਉਸਨੇ ਗੁਰੂ ਜੀ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਸਿੱਟੇ ਵਜੋਂ ਗੁਰੂ ਜੀ ਨੂੰ ਜੁਰਮਾਨਾ ਕੀਤਾ ਗਿਆ, ਮੌਤ ਦੀ ਸਜ਼ਾ ਦਿੱਤੀ ਗਈ ਅਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਲਈ ਗਈ। ਇਹ ਸਭ ਕੁਝ ਮੁੱਖ ਤੌਰ ਤੇ ਧਾਰਮਿਕ ਕਾਰਨਾਂ ਕਰਕੇ ਸੀ।[18] ਜਹਾਂਗੀਰ ਸਿੱਖ ਧਰਮ ਦਾ ਵਿਰੋਧੀ ਸੀ।[19]

ਗੁਰੂ ਜੀ ਦੇ ਪੈਰੋਕਾਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਖਿਆਲ ਨਾਲ ਬਹੁਤ ਫਿਕਰਮੰਦ ਹੋ ਗਏ ਅਤੇ ਉਨ੍ਹਾਂ ਦੇ ਸ਼ਹੀਦੀ ਕਾਰਨ ਉਨ੍ਹਾਂ ਦੇ ਪੈਰੋਕਾਰਾਂ ਵਿਚ ਹੁਕਮਰਾਨਾ ਪ੍ਰਤੀ ਗੁੱਸੇ ਦੀ ਭਾਵਨਾ ਦਾ ਉਤਪੰਨ ਹੋਣਾ ਲਾਜ਼ਮੀ ਸੀ। ਅਗਲੇ ਉਤਾਰਾ ਅਧਿਕਾਰੀ, ਸ੍ਰੀ ਗੁਰੂ ਹਰਗੋਬਿੰਦ ਜੀ (1606-1645) ਨੇ ਫੌਜੀ ਢੰਗ ਅਖਤਿਆਰ ਕੀਤਾ ਅਤੇ ਆਪਣੀ ਕੌਮ ਦੀ ਰੱਖਿਆ ਲਈ ਹਥਿਆਰ ਅਪਣਾਏ। ਸ੍ਰੀ ਗੁਰੂ ਹਰਗੋਬਿੰਦ ਜੀ ਨੇ 1607 ਵਿਚ ਅਕਾਲ ਤਖਤ, ਦੀ ਨੀਂਹ ਰੱਖੀ। ਇਸ ਤਖਤ ਦੁਆਲੇ ਸਭਾਵਾਂ ਹੋਣ ਲੱਗ ਪਈਆਂ, ਜਿਥੇ ਗੁਰੂ ਦੇ ਹੁਕਮ ਜਾਰੀ ਹੋਣ ਲੱਗੇ, ਉਨ੍ਹਾਂ ਹੁਕਮਾਂ ਨੂੰ ਹੁਕਮਨਾਮੇ ਕਿਹਾ ਜਾਂਦਾ ਸੀ। ਗੁਰੂ ਵਲੋਂ ਪੰਥ ਦੇ ਨਾਮ ਤੇ ਜੁਰਮਾਨੇ ਅਤੇ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਸਨ, ਅਕਾਲ ਤਖਤ ਦੇ ਬੁੰਗੇ ਤੇ ਬੈਠ ਕੇ ਉਨ੍ਹਾਂ ਨੇ ਭਾਈ ਬੁੱਢਾ ਜੀ ਨੂੰ ਕਿਹਾ ਸੀ ਅੱਜ ਤੋਂ ਉਹ ਦੋ ਤਲਵਾਰਾਂ, ਇਕ ਮੀਰੀ ਦੀ ਅਤੇ ਦੂਸਰੀ ਪੀਰੀ, ਦੀ ਭਾਵ ਇੱਕ ਦੁਨਿਆਵੀ ਅਤੇ ਦੂਸਰੀ ਰੂਹਾਨੀ ਰਹਿਨੁਮਾਈ ਦੀ, ਧਾਰਨ ਕਰਨਗੇ। ਉਹ ਆਪਣੀ ਸੰਗਤ ਨੂੰ ਉਪਦੇਸ਼ ਦਿੰਦੇ ਸਨ। ਜਦੋਂ ਉਹ ਉਪਦੇਸ਼ ਜਾ ਪੂਜਾ ਪਾਠ ਤੋਂ ਵਿਹਲੇ ਹੁੰਦੇ ਤਾਂ ਉਹ ਆਮ ਤੌਰ ਤੇ ਖੁੱਲ੍ਹੀ ਹਵਾ ਵਾਲੀ ਥਾਂ ਤੇ ਬੈਠਦੇ ਸਨ, ਜਿਥੇ ਉਹ ਜ਼ਿਆਦਾਤਰ ਬੈਠਦੇ ਉਨ੍ਹਾਂ ਥਾਵਾਂ ਨੂੰ ਅੱਜਕੱਲ ਚੋਰਾਸਤੀ ਅਟਾਰੀ ਅਤੇ ਲੋਹਗੜ੍ਹ ਆਖਦੇ ਹਨ। ਗੁਰੂ ਜੀ ਦੀ ਗੈਰਹਾਜ਼ਰੀ ਵਿਚ ਭਾਈ ਬੁੱਢਾ ਜੀ ਰਾਤ ਨੂੰ ਸੰਮੇਲਨ ਕਰਦੇ ਅਤੇ ਸਰੋਵਰ ਦੇ ਆਲੇ ਦੁਆਲੇ ਪਵਿੱਤਰ ਕੀਰਤਨ ਹੁੰਦਾ। 1612 ਵਿਚ ਦਿੱਲੀ ਵੱਲ ਜਾਂਦਿਆ ਗੁਰੂ ਹਰਗੋਬਿੰਦ ਜੀ ਨੇ ਕਿਹਾ ਕਿ 'ਹਰਿਮੰਦਰ ਸਾਹਿਬ ਵਿਸ਼ੇਸ਼ ਤੌਰ ਤੇ ਪਰਮਾਤਮਾ ਨੂੰ ਸਮਰਪਿਤ ਹੈ ਅਤੇ ਇਸ ਦਾ ਹਮੇਸ਼ਾ ਸਤਿਕਾਰ ਹੋਣਾ ਚਾਹੀਦਾ ਹੈ। ਮਨੁੱਖੀ ਸਰੀਰ ਦੀ ਕੋਈ ਅਸ਼ੁੱਧਤਾ ਇਥੇ ਦਾਖਲ ਨਹੀਂ ਹੋਣੀ ਚਾਹੀਦੀ। ਇਥੇ ਜੂਆ ਖੇਲਣ, ਸ਼ਰਾਬ ਪੀਣ, ਔਰਤਾਂ ਨਾਲ ਬਦਸਲੂਕੀ ਅਤੇ ਉਸਦੀ ਬਦਨਾਮੀ ਨਹੀਂ ਹੋਣੀ ਚਾਹੀਦੀ। ਇਸ ਦੀ ਹੱਦ ਅੰਦਰ

ਝੂਠ ਬੋਲਣ, ਚੋਰੀ ਕਰਨ, ਸਿਗਰਟ ਤੰਬਾਕੂ ਦਾ ਸੇਵਨ ਅਤੇ ਲੜਾਈ ਝਗੜੇ ਕਰਨ ਤੇ ਮਨਾਹੀ ਹੈ।' ਗੁਰੂ ਅਰਜਨ ਦੇਵ ਜੀ ਦੀ ਆਰਥਿਕ ਨੀਤੀ ਅਤੇ ਗੁਰੂ ਹਰਗੋਬਿੰਦ ਜੀ ਦੀ ਫੌਜੀ ਜੱਥੇਬੰਦੀ ਨੇ ਸਿੱਖਾਂ ਦੀ ਇਕ ਵੱਖਰੀ ਪਹਿਚਾਣ ਬਣਾ ਦਿੱਤੀ। ਗੁਰੂ ਹਰਗੋਬਿੰਦ ਜੀ ਦੀ ਫੌਜੀ ਜੱਥੇਬੰਦੀ ਬਾਅਦ ਵਿਚ ਬਹੁਤ ਸਾਲ ਤੱਕ ਕਾਇਮ ਰਹੀ। ਸ਼ਹਿਰ ਤੋਂ ਬਾਹਰ ਲੋਹਗੜ੍ਹ ਜਾਂ ਇਕ ਮਜ਼ਬੂਤ ਕਿਲ੍ਹੇ ਦੇ ਥੜੇ ਤੇ ਗੁਰੂ ਜੀ ਸ਼ਾਮ ਨੂੰ ਆਪਣਾ ਦਰਬਾਰ ਲਗਾਉਂਦੇ ਸਨ। ਉਨ੍ਹਾਂ ਨੇ ਇਸ ਦੇ ਆਲੇ ਦੁਆਲੇ ਉਚੀ ਚਾਰ ਦਿਵਾਰੀ ਬਣਾ ਕੇ ਇਸ ਨੂੰ ਸੁਰੱਖਿਆ ਲਈ ਤਿਆਰ ਕੀਤਾ। 1628 ਵਿਚ ਜਦੋਂ ਮੁਗਲਾਂ ਨੇ 15000 ਫੌਜੀਆਂ ਨਾਲ ਅੰਮ੍ਰਿਤਸਰ ਉਪਰ ਹਮਲਾ ਕੀਤਾ ਤਾਂ ਗੁਰੂ ਜੀ ਨੇ ਉਸਦਾ ਵਿਰੋਧ ਕੀਤਾ ਪਰ ਬਾਅਦ ਵਿਚ ਉਹ ਪਹਾੜੀ ਇਲਾਕਿਆਂ ਵੱਲ ਚਲੇ ਗਏ ਅਤੇ ਕੀਰਤਪੁਰ ਵਿਖੇ ਵੱਸ ਗਏ।

ਗੁਰੂ ਹਰ ਰਾਇ (1645-1661) ਅਤੇ ਗੁਰੂ ਹਰਕ੍ਰਿਸ਼ਨ (1661-1664) ਅੰਮ੍ਰਿਤਸਰ ਨਾਲੋਂ ਵਧੇਰੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਸਨ। ਆਪਣੀਆਂ ਯਾਤਰਾਵਾਂ ਅਤੇ ਧਾਰਮਿਕ ਗਤੀਵਿਧੀਆਂ ਕਾਰਨ ਨਾ ਹੀ ਗੁਰੂ ਤੇਗ ਬਹਾਦਰ (1664-1675) ਅਤੇ ਨਾ ਹੀ ਗੁਰੂ ਗੋਬਿੰਦ ਸਿੰਘ (1675-1708) ਨੂੰ ਅੰਮ੍ਰਿਤਸਰ ਵਿਖੇ ਰਹਿਣ ਦਾ ਮੌਕਾ ਮਿਲਿਆ। ਸਿੱਖ ਗੁਰੂਆਂ ਦੀ ਗੈਰ ਮੌਜੂਦਗੀ ਨੇ ਰਾਮਦਾਸਪੁਰ ਦੇ ਵਿਕਾਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪਿਰਥੀ ਚੰਦ ਦੇ ਉਤਰਾਧਿਕਾਰੀ ਸਿੱਖ ਪੰਥ ਦੀ ਗੁਰੂ ਗੱਦੀ ਦੇ ਦਾਅਵੇਦਾਰ ਸਨ। ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਉਤਾਰਾਧਿਕਾਰੀਆਂ ਦੀ ਗੈਰ ਮੌਜੂਦਗੀ ਵਿਚ ਸ੍ਰੀ ਹਰਿਮੰਦਰ ਸਾਹਿਬ ਅਤੇ ਸ਼ਹਿਰ ਤੇ ਆਪਣਾ ਰਸੂਖ ਜਮਾਂ ਚੁੱਕੇ ਸਨ। 1664 ਵਿਚ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਿਰ ਵਿਚ ਪ੍ਰਵੇਸ਼ ਕੀਤਾ ਤਾਂ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ। [20] ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਅਤੇ ਮੰਦਰ ਦੇ ਦਰਸ਼ਨ ਲਈ ਅੰਮ੍ਰਿਤਸਰ ਗਏ ਹਰਿਮੰਦਰ ਸਾਹਿਬ ਦੇ ਪਰੋਹਿਤਾਂ ਨੇ ਉਨ੍ਹਾਂ ਵਾਸਤੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਉਨ੍ਹਾਂ ਨੇ ਬਾਹਰੋਂ ਹੀ ਦਰਸ਼ਨ ਕੀਤੇ ਅਤੇ ਉਥੇ ਹੀ ਅਰਾਮ ਕੀਤਾ। ਇਸ ਥਾਂ ਤੇ ਬਾਅਦ ਵਿਚ ਉਨ੍ਹਾਂ ਦੇ ਨਾਮ ਤੇ ਇਕ ਪੱਥਰ ਦਾ ਥੜਾ ਬਣਾਇਆ ਗਿਆ ਜੋ ਬਾਅਦ ਵਿਚ ਗੁਰਦੁਆਰਾ ਥੜ੍ਹਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਉਨ੍ਹਾਂ ਨੇ ਕਿਹਾ ਕਿ ਉਹ ਲੋਕ ਜਿਹੜੇ ਮੰਦਰ ਵਿਚ ਸਿਰਫ ਚੜ੍ਹਾਵਾ ਇਕੱਠਾ ਕਰਨ ਲਈ ਆਉਂਦੇ ਹਨ, ਉਹ ਅੰਦਰੋਂ 'ਗਲੇ-ਸੜੇ' ਹਨ[21]। ਫਿਰ ਗੁਰੂ ਜੀ ਉਸ ਜਗ੍ਹਾ ਦੇ ਨੇੜੇ (ਜੋ ਹੁਣ ਪਸ਼ੂ ਮੰਡੀ ਦਾ ਹਿੱਸਾ ਹੈ) ਬੈਠ ਗਏ ਜਿਥੇ ਉਨ੍ਹਾਂ ਦੇ ਸਨਮਾਨ ਵਿਚ ਅਰਾਮ ਘਰ ਬਣਾਇਆ ਗਿਆ ਹੈ।

ਗੁਰੂ ਤੇਗ ਬਹਾਦਰ ਨੂੰ ਔਰੰਗਜ਼ੇਬ ਦੇ ਹੁਕਮਾਂ ਤੇ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਇਸ ਨਾਲ ਸਿੱਖ ਇਤਿਹਾਸ ਦੀਆਂ ਘਟਨਾਵਾਂ ਦਾ ਰੰਗ ਢੰਗ ਬਦਲ ਗਿਆ। ਮੁਸਲਮਾਨਾਂ ਹੱਥੋਂ ਖਾਧੀ ਗਈ ਚੋਟ ਦੇ ਅਹਿਸਾਸ ਕਾਰਨ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂਆਂ ਨੇ ਆਪਣੀ ਹਾਲਤ ਤੇ ਵਿਚਾਰ ਕਰਣਾ ਅਰੰਭਿਆ। ਸਮੇਂ ਦੀਆਂ ਲੋੜਾਂ ਨੇ ਉਨ੍ਹਾਂ ਦੇ ਫੌਜੀ ਜਜ਼ਬੇ ਨੂੰ ਜਗਾ ਦਿੱਤਾ। ਸਧਾਰਣਤਾ, ਨਿਮਾਣਤਾ ਅਤੇ ਨਿਮਰਤਾ ਦੇ ਇਲਾਵਾ, ਜੋ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਮੁੱਢ ਸਨ, ਇੱਕ ਨਿਯਮਾਂਵਾਲੀ ਬਹਾਦਰੀ

ਅਤੇ ਲਗਨ ਦੀ ਨਵੀਂ ਰੂਹ ਗੁਰੂ ਹਰਗੋਬਿੰਦ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਸਿੱਖਿਆਵਾਂ ਤੇ ਅਮਲ ਕਰਨ ਲਈ ਸਿੱਖਾਂ ਨੂੰ ਪ੍ਰੇਰਿਤ ਕੀਤਾ। 17ਵੀਂ ਸਦੀ ਦੌਰਾਨ ਸਿੱਖ ਧਰਮ, ਜੋ ਸ਼ੁਰੂ ਵਿਚ ਇਕ ਸ਼ਾਂਤੀ ਪੂਰਨ ਮੱਤ ਦੇ ਤੌਰ ਤੇ ਉਭਰਿਆ ਸੀ, ਹੁਣ ਮੁਸਲਮਾਨ ਹਾਕਮਾਂ ਦੇ ਜ਼ੁਲਮਾਂ ਕਾਰਨ ਇਕ ਸ਼ਕਤੀਸ਼ਾਲੀ ਮਤ ਬਣ ਗਿਆ ਸੀ। ਇਹ ਤਬਦੀਲੀ ਅਚਾਨਕ ਨਹੀਂ ਆਈ ਸਗੋਂ ਹੌਲੀ ਹੌਲੀ ਵਾਪਰੀ, ਜਦੋਂ ਤੱਕ ਕਿ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਉਤਸ਼ਾਹ ਨੂੰ ਪਵਿੱਤਰ ਜ਼ਿੰਦਗੀ ਦੀ ਮੁਕਤੀ ਦੀ ਕੀਮਤ ਵਿਚ ਬਦਲ ਦਿੱਤਾ। ਇਹੋ ਅਸੂਲ ਉਨ੍ਹਾਂ ਦੇ ਪੈਰੋਕਾਰਾਂ, ਅਤੇ ਵਿਸ਼ੇਸ਼ ਤੌਰ ਤੇ ਬਾਅਦ ਵਿਚ ਆਖਰੀ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਨਾਹ ਲਿਆ, ਜਿਸ ਨੇ ਸਿੱਖਾਂ ਨੂੰ ਇਕ ਸ਼ਕਤੀਸ਼ਾਲੀ ਕੌਮ ਵਿਚ ਬਦਲ ਕੇ ਆਪਣੀ ਤਲਵਾਰ ਤੇਜ਼ ਕੀਤੀ ਅਤੇ ਸਿੱਖਾਂ ਦੇ ਆਚਾਰ ਵਿਹਾਰ ਸਬੰਧੀ ਸਪਸ਼ਟ ਆਦੇਸ਼ ਦਿੱਤੇ। ਮੁਕਾਬਲੇ ਦੇ ਸਾਲਾਂ ਦੌਰਾਨ, ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਲਈ ਅਤੇ ਬਾਅਦ ਵਿਚ ਉਨ੍ਹਾਂ ਦੇ ਥਾਪੇ ਹੋਏ ਬਾਬਾ ਬੰਦਾ ਬਹਾਦਰ ਲਈ ਸ੍ਰੀ ਹਰਿਮੰਦਰ ਸਾਹਿਬ ਇੱਕ ਪਰੇਰਣਾ ਦਾ ਸੋਮਾ ਰਿਹਾ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਪਹਿਲਾਂ ਇੱਕ ਧਾਰਮਿਕ ਤੇ ਫੌਜੀ ਸਾਂਝੀ ਕੌਮ ਬਣਾਉਣ ਦੀ ਕਲਪਨਾ ਕੀਤੀ ਸੀ, ਜਿਵੇਂ ਮਾਂਟਸਟੂਅਰਟ ਐਫਿਨਸਟੋਨ ਟਿੱਪਣੀ ਕਰਦਾ ਹੈ 'ਉਨ੍ਹਾਂ ਨੇ ਆਪਣੇ ਉਦੇਸ਼ਾਂ ਦੀ ਪੂਰਤੀ ਸਿਲਸਿਲੇਵਾਰ ਯੂਨਾਨੀ ਨਿਯਮ ਦੇਸ਼ ਵਾਲੇ ਵਾਂਗ ਕੀਤੀ।[22] ਉਨ੍ਹਾਂ ਨੇ ਸਿੱਖ ਕੌਮ ਨੂੰ ਜਮਹੂਰੀਅਤ ਦਾ ਨਿਯਮ ਦਿੱਤਾ।[23] ਗੁਰੂ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਦੇ ਹੋਏ ਆਪਣੇ ਪੰਜ ਸਿੱਖਾਂ ਨੂੰ ਅਧਿਕਾਰ ਦੇ ਦਿੱਤੇ ਕਿ ਉਹ ਸਿੱਖਾਂ ਨੂੰ ਖਾਲਸਾ ਸੰਗਠਨ ਵਿਚ ਸ਼ਾਮਿਲ ਕਰਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗੱਦੀ ਨੂੰ ਖਤਮ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦੇ ਕੇ ਸਿੱਖਾਂ ਨੂੰ ਉਸਦੀ ਹਜ਼ੂਰੀ ਵਿਚ ਫੈਸਲੇ ਲੈਣ ਦਾ ਅਧਿਕਾਰ ਦੇ ਦਿੱਤਾ। ਉਨ੍ਹਾਂ ਨੇ ਕਿਹਾ ਕਿ ਜਦੋਂ ਖਾਲਸਾ ਕੋਈ ਸਮੂਹਿਤ ਫੈਸਲਾ ਕਰੇਗਾ ਉਸਨੂੰ ਗੁਰੂਮੱਤਾ ਮੰਨਿਆ ਜਾਵੇਗਾ। ਇਹ ਹੁਕਮਨਾਮੇ ਦੇ ਹੀ ਸਮਾਨ ਹੈ।

ਸਰ ਜਾਨ ਮੈਲਕਮ ਨੇ ਆਪਣੀ ਰਚਨਾ, 'ਸਕੈਚ ਆਫ ਦਾ ਸਿੱਖ'[24] ਵਿਚ ਗੁਰਮਤੇ ਦੇ ਉਦੇਸ਼ਾਂ, ਕੰਮਾਂ ਅਤੇ ਗਤੀਵਿਧੀਆਂ ਦਾ ਸਪਸ਼ਟ ਵਰਨਣ ਕੀਤਾ ਹੈ। ਉਸਦੇ ਦੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮੱਤਾ ਜਾਂ ਸਭਾ ਬਣਾਈ, ਜੋ ਸਾਲ ਵਿਚ ਘੱਟੋ ਘੱਟ ਇੱਕ ਵਾਰ ਅੰਮ੍ਰਿਤਸਰ ਵਿਚ ਜ਼ਰੂਰ ਇਕੱਤਰ ਹੁੰਦੀ ਸੀ।[25] ਗੁਰਮਤਾ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਦਾ ਰੂਪ ਹੁੰਦਾ ਸੀ, ਅੰਮ੍ਰਿਤਸਰ ਦੀ ਇਸ ਸਭਾ ਵਿਚ ਹਰ ਤਬਕੇ ਦੇ ਸਿੱਖਾਂ, ਖਾਸ ਕਰਕੇ ਸਿੱਖ ਮੁਖੀਆਂ ਅਤੇ ਆਗੂਆਂ ਨੂੰ ਸ਼ਾਮਿਲ ਕੀਤਾ ਗਿਆ ਸੀ ਜਿਨ੍ਹਾਂ ਨੂੰ ਰਾਜਸੀ ਮਾਮਲਿਆਂ ਬਾਰੇ ਆਪਣੇ ਵਿਚਾਰ ਦੱਸਣ ਦਾ ਮੌਕਾ ਦਿੱਤਾ ਜਾਂਦਾ ਸੀ। ਉਹ ਲੋਕ ਜੋ ਇਸ ਸਭਾ ਵਿਚ ਭਾਗ ਲੈਂਦੇ ਸਨ ਉਨ੍ਹਾਂ ਪਾਸੋਂ ਆਪਣੇ ਵਿਅਕਤੀਗਤ ਜਜ਼ਬੇ ਅਤੇ ਦਿਲਚਸਪੀ, ਖਾਲਸੇ ਦੀ ਭਲਾਈ ਹਿੱਤ ਤਿਆਗਣ ਦੀ ਉਮੀਦ ਕੀਤੀ ਜਾਂਦੀ ਸੀ। ਜਦੋਂ ਮੁਖੀ ਅਤੇ ਚੋਣਵੇਂ ਆਗੂ ਆਪਣੀ ਜਗ੍ਹਾ ਤੇ ਬੈਠਦੇ ਤਾਂ ਉਨ੍ਹਾਂ ਦੇ ਸਾਹਮਣੇ ਪਵਿੱਤਰ ਗੁਰੂ ਗਰੰਥ ਸਾਹਿਬ ਰੱਖੇ ਜਾਂਦੇ, ਉਹ ਆਪਣੇ ਸੀਸ ਬੜੀ ਨਿਮਰਤਾ ਅਤੇ ਸਤਿਕਾਰ ਨਾਲ ਝੁਕਾਉਂਦੇ ਅਤੇ ਇੱਕ ਉਚੀ ਅਵਾਜ਼ ਵਿਚ ਬੋਲਦੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕਿ ਫਤਿਹ।'[26] ਹਲਵਾ, ਜੋ ਆਟਾ, ਘਿਉ ਅਤੇ ਖੰਡ ਦਾ ਬਣਾਇਆ ਹੁੰਦਾ, ਤੇ ਜਿਸਨੂੰ 'ਕੜ੍ਹਾਹ ਪ੍ਰਸ਼ਾਦ' ਕਿਹਾ

ਜਾਂਦਾ, ਨੂੰ ਸਾਦੇ ਕੱਪੜੇ ਨਾਲ ਢੱਕ ਕੇ ਰੱਖਿਆ ਜਾਂਦਾ ਸੀ। ਪਵਿੱਤਰ 'ਕੜ੍ਹਾਹ ਪ੍ਰਸ਼ਾਦ' ਨੂੰ ਸਤਿਕਾਰਿਆਂ ਜਾਂਦਾ ਅਤੇ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ, ਉਨ੍ਹਾਂ ਦੇ ਆਦੇਸ਼ ਅਨੁਸਾਰ ਵੰਡਿਆ ਜਾਂਦਾ ਸੀ। ਫਿਰ ਇੱਕ ਮੈਂਬਰ ਉਠ ਕੇ ਉਚੀ ਅਵਾਜ਼ ਵਿਚ ਅਰਦਾਸ ਕਰਦੇ ਅਤੇ ਰਾਗੀ ਕੀਰਤਨ ਕਰਦੇ। ਅਰਦਾਸ ਦੀ ਸਮਾਪਤੀ ਤੋਂ ਬਾਅਦ ਸੰਗਤ ਨੂੰ ਬੈਠਣ ਲਈ ਕਹਿੰਦੇ। ਮੁਖੀ ਇਕ ਦੂਸਰੇ ਨੂੰ ਪਵਿੱਤਰ ਗਰੰਥ ਦੀ ਹਜ਼ੂਰੀ ਵਿਚ ਆਪਸੀ ਮੱਤਭੇਦਾਂ ਨੂੰ ਭੁਲਾਉਣ ਲਈ ਕਹਿੰਦੇ ਅਤੇ ਉਹ ਆਉਣ ਵਾਲੇ ਖਤਰਿਆਂ ਨੂੰ ਮੁੱਖ ਰੱਖਦੇ ਹੋਏ ਜੰਗ ਜਾਂ ਸੁਲ੍ਹਾ ਕਰਨ ਲਈ ਫੈਸਲਾ ਕਰਦੇ, ਗੱਠਜੋੜ, ਪਾਰਟੀਆਂ ਦੇ ਸੰਗਠਨ ਤੇ ਚਰਚਾ ਅਤੇ ਜਰਨੈਲ ਚੁਣ ਜਾਂਦਾ, ਜੋ ਉਨ੍ਹਾਂ ਦੇ ਦੁਸ਼ਮਣ ਵਿਰੁਧ ਜੰਗ ਵਿਚ ਉਨ੍ਹਾਂ ਦੀ ਅਗਵਾਈ ਕਰਦੇ। ਗੁਰੂਮੱਤਾ ਮਹੱਤਵਪੂਰਣ ਸਮਾਗਮਾਂ ਵਿਚ ਸੰਗਤਾ ਦੀ ਇੱਛਾ ਪ੍ਰਗਟ ਕਰਦਾ, ਜੋ ਉਨ੍ਹਾਂ ਦੀ ਧਾਰਮਿਕਤਾ ਦਾ ਪ੍ਰਮਾਣ ਸੀ। ਮੈਲਕਮ ਦੁਆਰਾ ਸ਼ਬਦ ਗੁਰੂਮੱਤੇ ਦੀ 'ਸਟੇਟ ਕਾਉਂਸਲ' ਵਜੋਂ ਕੀਤੀ ਗਈ ਵਿਆਖਿਆ ਠੀਕ ਨਹੀਂ ਹੈ। ਅਸਲ ਵਿਚ ਗੁਰੂਮੱਤਾ ਸਿੱਖਾਂ ਦੀ ਕੋਈ ਸਭਾ ਨਹੀਂ ਹੈ, ਸਗੋਂ ਇਹ ਪਵਿੱਤਰ ਗਰੰਥ ਦੀ ਹਜ਼ੂਰੀ ਵਿਚ ਸਿੱਖਾਂ ਦੀ ਸਭਾ ਦੁਆਰਾ ਪਾਸ ਕੀਤਾ ਹੋਇਆ ਇਕ ਮਤਾ ਹੁੰਦਾ ਹੈ। ਮਤੇ ਦੇ ਸਾਰਥਿਕ ਅਰਥ ਹਨ ਵਿਚਾਰ ਜਾਂ ਮੱਤ, ਅਤੇ ਗੁਰੂਮਤਾ ਜਾਂ ਮੱਤ ਜਿਸਨੂੰ ਗੁਰੂ ਦੀ ਦਰਪ੍ਰਵਾਨਗੀ ਹਾਸ਼ਲ ਹੋਵੇ। ਸਮੁੱਖ ਸਿੱਖ ਕੌਮ ਦੀ ਮੀਟਿੰਗ ਦੀ ਹਾਲਤ ਵਿਚ ਇਸਨੂੰ ਸਰਬੱਤ ਖਾਲਸਾ ਕਿਹਾ ਜਾਂਦਾ ਹੈ, ਤੇ ਸਰਬੱਤ ਖਾਲਸੇ ਤੇ ਮਤੇ ਜਾਂ ਫੈਸਲੇ ਗੁਰੂਮਤੇ ਦੇ ਰੂਪ ਵਿਚ ਹੀ ਹੁੰਦੇ ਹਨ। ਇੱਕ ਮਹਤਵਪੂਰਨ ਸਰਬਤ ਖਾਲਸਾ ਦਾ ਇੱਕਠ 1805 ਵਿਚ ਬੁਲਾਇਆ ਗਿਆ ਜਦੋਂ ਬਰਤਾਨਵੀ ਫੌਜ ਨੇ ਜਸਵੰਤ ਰਾਏ ਹੋਲਕਰ ਦਾ ਪਿੱਛਾ ਪੰਜਾਬ ਦੀ ਹੱਦ ਤੱਕ ਕੀਤਾ।[27] ਅੰਮ੍ਰਿਤਸਰ ਵਿਖੇ ਜੋ ਕਾਫੀ ਦੇਰ ਤੋਂ ਸਿੱਖਾਂ ਦਾ ਧਾਰਮਿਕ ਸਥਾਨ ਰਿਹਾ ਸੀ, ਹੁਣ ਸੈਨਿਕ ਗਤੀਵਿਧੀਆਂ ਵਿਚ ਰੁਚੀ ਦਿਖਾਈ ਦੇਣ ਲੱਗੀ ਅਤੇ ਹਥਿਆਰ ਇਕੱਠੇ ਕੀਤੇ ਗਏ ਤਾਂ ਜੋ ਪੈਰੋਕਾਰਾਂ ਨੂੰ ਫੌਜੀ ਅਨੁਸ਼ਾਸਨ ਦੀ ਸਿਖਲਾਈ ਦਿੱਤੀ ਜਾ ਸਕੇ।

## ਹਵਾਲੇ ਤੇ ਟਿੱਪਣੀਆਂ

1. ਅੰਮ੍ਰਿਤਸਰ ਜ਼ਿਲ੍ਹੇ ਦਾ ਪਹਿਲਾ ਗੱਜ਼ਟ 1883-84 ਵਿਚ ਪ੍ਰਕਾਸ਼ਤ ਹੋਇਆ। ਇਹ ਐਫ ਕਨਿੰਘਮ ਦੁਆਰਾ ਬਣਾਏ ਗਏ ਗੱਜ਼ਟ ਉਤੇ ਅਧਾਰਤ ਸੀ, ਜੋ ਐਚ ਡੇਵਿਸ ਦੀ 1856 ਦੀ ਜ਼ਿਲ੍ਹੇ ਦੀ ਸਮਝੌਤਾ ਰਿਪੋਰਟ ਬਾਰੇ ਸੀ। ਇਸਦਾ ਦੂਸਰਾ ਐਡੀਸ਼ਨ ਜੇ.ਏ. ਗਰਾਂਟ ਨੇ 1893 ਵਿਚ ਤਿਆਰ ਕੀਤਾ, ਜਦੋਂ ਕਿ ਪਹਿਲਾ ਭਾਗ ਦੁਬਾਰਾ ਲਿਖਿਆ ਜਾ ਚੁੱਕਾ ਸੀ। ਗਰਾਂਟ ਦੀ ਲਿਖਤ ਨੂੰ ਐਚ.ਡੀ ਕਰੈਕ, ਸਮਝੌਤਾ ਅਫਸਰ ਨੇ 1914 ਵਿਚ ਤਰਤੀਬ ਦਿੱਤੀ। ਅੰਮ੍ਰਿਤਸਰ ਜ਼ਿਲ੍ਹੇ ਦਾ ਮਹਤਵਪੂਰਨ ਗੱਜ਼ਟ ਏ ਮੈਕਫਾਰਕੁਹਾਰ ਦੁਆਰਾ 1947 ਵਿਚ ਪ੍ਰਕਾਸ਼ਤ ਕੀਤਾ ਗਿਆ ਸੀ।
2. ਐਚ. ਡੀ. ਕਰੈਕ, ਅੰਮ੍ਰਿਤਸਰ ਗੱਜ਼ਟ (1914), ਪੰਨਾ-1, ਵੇਖੋ, ਭਾਰਤ ਦਾ ਇਮਪੀਰੀਲ ਗੱਜ਼ਟ (ਪ੍ਰਾਂਤਕ ਸੀਰੀਜ਼), ਪੰਜਾਬ, ਭਾਗ-2, 1908 ਪੰਨਾ 53.
3. ਗੁਰੂਆਂ ਦੇ ਨਾਵਾਂ ਦੇ ਨਾਲ ਦਰਸਾਏ ਗਏ ਸਾਲ ਉਨ੍ਹਾਂ ਦੀ ਗੁਰਿਆਈ ਜਾਨਹੀਨੀ ਦੇ ਸਮੇਂ ਵੱਲ ਸੰਕੇਤ ਕਰਦੇ ਹਨ।

4. ਪੁਰਾਣ ਕਥਾਵਾਂ ਇਸ ਨੂੰ ਸ੍ਰੀ ਰਾਮ ਅਤੇ ਮਹਾਤਮਾ ਬੁੱਧ ਨਾਲ ਜੋੜਦੀਆਂ ਹਨ। ਅੰਮ੍ਰਿਤਸਰ ਵਿਚ ਰਾਮ ਤੀਰਥ ਦੇ ਸਥਾਨ ਤੇ ਬਾਲਮਿਕ ਆਸ਼ਰਮ ਵਿਚ ਮਾਤਾ ਸੀਤਾ ਆਪਣੇ ਪੁੱਤਰਾਂ ਲਵ-ਕੁਸ਼ ਨਾਲ ਰਹਿੰਦੇ ਸਨ, ਤਾਂ ਸ੍ਰੀ ਰਾਮ ਵਲੋਂ ਅਸ਼ਵਮੇਧ ਯੱਗ ਕਰਨ ਉਪਰੰਤ ਛੱਡਿਆ ਗਿਆ ਘੋੜਾ ਲਵ-ਕੁਸ਼ ਨੇ ਫੜ ਲਿਆ ਅਤੇ ਫਿਰ ਆਪਣੇ ਪਿਤਾ ਸ੍ਰੀ ਰਾਮ ਚੰਦਰ ਜੀ ਨਾਲ ਯੁੱਧ ਕਰਨ ਗਏ। ਲਵ-ਕੁਸ਼ ਨੇ ਸਾਰੀ ਸੈਨਾ ਨੂੰ ਜ਼ਖਮੀ ਕਰ ਦਿੱਤਾ। ਸ੍ਰੀ ਰਾਮ ਦੇ ਇਥੇ ਪਹੁੰਚਣ ਤੇ ਅਤੇ ਮਹਾਂਰਿਸ਼ੀ ਬਾਲਮਿਕ ਵਲੋਂ ਸੱਚਾਈ ਪਤਾ ਲੱਗਣ ਤੇ ਲਵ-ਕੁਸ਼ ਨੇ ਅੰਮ੍ਰਿਤ ਲਿਆ ਕੇ ਸਾਰੀ ਸੈਨਾਂ ਨੂੰ, ਆਪਣੇ ਚਾਚਿਆਂ ਸਮੇਤ ਜੀਵਤ ਕੀਤਾ ਅਤੇ ਬਾਕੀ ਅੰਮ੍ਰਿਤ ਇਸੇ ਧਰਤੀ ਵਿਚ ਦਬਾ ਦਿੱਤਾ, ਇਸ ਘਟਨਾ ਦਾ ਸਬੰਧ ਦੁੱਖਭੰਜਨੀ ਬੇਰੀ ਨਾਲ ਵੀ ਜੋੜਿਆ ਜਾਂਦਾ ਹੈ।
5. ਐਮ.ਏ. ਮੈਕਾਲਿਫ, ਦੀ ਸਿੱਖ ਰਿਲੀਜਨ, ਭਾਗ-2, ਪੰਨਾ 97.
6. ਡਬਲਿਯੂ ਇਰਵਿਨ, ਲੇਟਰ ਮੁਗਲਜ਼, ਭਾਗ-1, ਪੰਨਾ 75.
7. ਅੰਮ੍ਰਿਤਸਰ ਜ਼ਿਲ੍ਹੇ ਦਾ ਗੱਜ਼ਟ (1883-84) ਪੰਨਾ-61.
8. ਮੈਕਾਲਿਫ, ਦੀ ਸਿੱਖ ਰਿਲੀਜ਼ਨ, ਪੰਨਾ-141.
9. ਉਕਤ ਭਾਗ-2, ਪੰਨਾ-258.
10. ਐਮ. ਮੈਕਾਲਿਫ, ਦੀ ਰਾਈਜ਼ ਆਫ ਅੰਮ੍ਰਿਤਸਰ ਐਂਡ ਦੀ ਆਲਟਰੇਸ਼ਨਜ਼ ਆਫ ਸਿੱਖ ਰਿਲੀਜ਼ਨ, ਕਲਕੱਤਾ ਰੀਵਿਊ, ਭਾਗ- XLIII (1881), ਪੰਨਾ 60.
11. ਜਾਰਜ ਫਾਸਟਰ, ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ, ਭਾਗ-1 ਪੰਨਾ 258.
12. ਵਾਰ ਭਾਈ ਗੁਰਦਾਸ, ਪੰਨਾ-47.
13. ਮੈਕਾਲਿਫ, ਦੀ ਸਿੱਖ ਰਿਲੀਜ਼ਨ, ਭਾਗ-2, ਪੰਨਾ 271.
14. ਜਗਜੀਤ ਸਿੰਘ, ਟੈਂਪਲ ਆਫ ਸਪਿਰਚੂਐਲਿਟੀ, ਪੰਨਾ 19.
15. ਮੈਕਾਲਿਫ, ਉਹੀ, ਭਾਗ-2, ਪੰਨਾ 276.
16. ਰਾਮਦਾਸਪੁਰ ਜਾਂ ਰਾਮਪੁਰ ਤੋਂ ਵੀ ਸਬੂਤ ਮਿਲਦਾ ਹੈ ਕਿ ਗੁਰੂ ਰਾਮਦਾਸ ਨੇ ਆਪਣੇ ਪੂਰਵ ਅਧਿਕਾਰੀਆਂ ਦੁਆਰਾ ਸ਼ੁਰੂ ਕੀਤੇ ਕੰਮ ਨੂੰ ਸੰਪੂਰਨ ਕੀਤਾ।
17. ਐਮ.ਮੈਕਾਲਿਫ, ਦੀ ਰਾਈਜ਼ ਆਫ ਅੰਮ੍ਰਿਤਸਰ, ਕਲਕੱਤਾ ਰੀਵਿਊ,ਭਾਗ- ਪੰਨਾ-60
18. ਬੈਣੀ ਪ੍ਰਸ਼ਾਦ, ਹਿਸਟਰੀ ਆਫ ਜਹਾਂਗੀਰ, ਪੰਨਾ 149.
19. ਤੁਜ਼ਕ-ਇ-ਜਹਾਂਗੀਰ, ਪੰਨਾ 34 'ਕਈ ਸਾਲਾਂ ਤੋਂ ਮੇਰੇ ਮਨ ਵਿਚ ਇਹ ਵਿਚਾਰ ਆ ਰਿਹਾ ਹੈ ਕਿ ਜਾਂ ਤਾਂ ਮੈਂ ਇਸ ਝੂਠੇ ਧੰਦੇ ਨੂੰ ਬੰਦ ਕਰ ਦਿਆਂ ਜਾਂ ਫਿਰ ਉਸਨੂੰ ਇਸਲਾਮ ਵਿਚ ਸ਼ਾਮਲ ਕਰ ਲਿਆ ਜਾਵੇ'।
20. ਮੈਕਾਲਿਫ, ਦੀ ਸਿੱਖ ਰਿਲੀਜ਼ਨ, ਭਾਗ-4, ਪੰਨਾ 336.
21. ਸਹੀ ਪ੍ਰਭਾਵ, ਜੋ ਇਸਤੇਮਾਲ ਕੀਤਾ ਗਿਆ, 'ਅੰਤਰ ਸਰੱਦੀਆਂ' ਸੀ।
22. ਮਾਂਟ ਸਟੁਅਰਟ ਏਲਫਿਟਸਟੋਨ, ਦੀ ਹਿਸਟਰੀ ਆਫ ਇੰਡੀਆ,ਪੰਨਾ -678.
23. ਮੈਲਕਮ, ਸਕੈਚ ਆਫ ਦੀ ਸਿੱਖਸ, ਪੰਨਾ 52.
24. ਉਕਤ, ਪੰਨਾ 107.
25. ਉਕਤ, ਪੰਨਾਂ 107.
26. ਮੈਲਕਮ, ਸਕੈਚ ਆਫ ਦੀ ਸਿੱਖਸ, ਪੰਨਾ 52, ਐਫ ਐਫ, 119-21.
27. ਉਕਤ, ਪੰਨਾ 121.

## ਅਧਿਆਇ - ਦੂਜਾ

# ਮੁਗਲਾਂ ਦਾ ਖੇਰੂੰ ਖੇਰੂੰ ਹੋਣਾ - ਅਫਗਾਨਾਂ ਦੀ ਧਮਕੀ

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਕੇਂਦਰੀ ਹਕੂਮਤ ਦੇ ਕਮਜ਼ੋਰ ਹੋ ਜਾਣ ਅਤੇ ਅਹਿਮਦਸ਼ਾਹ ਅਬਦਾਲੀ ਦੇ ਵਾਰ ਵਾਰ ਹਮਲਿਆਂ ਦੇ ਸਿੱਟੇ ਵਜੋਂ ਪੰਜਾਬ ਵਿਚ ਅਸਥਿਰਤਾ ਦੇ ਹਾਲਾਤ ਪੈਦਾ ਹੋ ਗਏ ਅਤੇ ਹੌਲੀ ਹੌਲੀ ਸਿੱਖ ਇੱਕ ਮੰਨਣਯੋਗ ਤਾਕਤ ਬਣ ਕੇ ਉਭਰੇ। 1708 ਈ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬੰਦਾ ਬਹਾਦਰ ਦੀ ਅਗਵਾਈ ਵਿਚ ਅਨੇਕ ਜਿੱਤਾਂ ਪ੍ਰਾਪਤ ਕਰਦੇ ਹੋਏ ਪੰਜਾਬ ਦੇ ਵੱਡੇ ਇਲਾਕੇ ਤੇ ਖਾਲਸੇ ਦਾ ਰਾਜ ਸਥਾਪਤ ਹੋ ਗਿਆ। ਪਰ ਇਹ ਜਿੱਤਾਂ ਥੋੜੇ ਸਮੇਂ ਲਈ ਹੀ ਸਨ। ਜਲਦੀ ਹੀ ਬਹਾਦਰ ਸ਼ਾਹ ਨੂੰ ਆਪਣੀ ਰਾਜਧਾਨੀ ਦਿੱਲੀ ਤੋਂ ਲਾਹੌਰ ਤਬਦੀਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸ਼ਾਹੀ ਫੌਜਾਂ ਨੇ ਲੋਹਗੜ੍ਹ ਕਿਲ੍ਹੇ ਤੇ ਹਮਲਾ ਕੀਤਾ ਅਤੇ ਕਾਫੀ ਲੰਮੇ ਸਮੇਂ ਤੱਕ ਘੇਰਾ ਪਾ ਕੇ ਰੱਖਿਆ ਅਤੇ ਰਸਦ ਦੀ ਸਪਲਾਈ ਬੰਦ ਹੋ ਜਾਣ ਕਾਰਨ ਸਿੱਖਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਆਖੀਰ ਵਿਚ ਗੁਲਾਬ ਸਿੰਘ ਨੇ ਬੰਦਾ ਬਹਾਦਰ ਦਾ ਭੇਸ ਬਣਾ ਕੇ ਆਪਣੀ ਜਾਨ ਦੀ ਕੁਰਬਾਨੀ ਦੇਣ ਲਈ ਆਪਣੇ ਆਪ ਨੂੰ ਪੇਸ਼ ਕੀਤਾ, ਜਦੋਂ ਕਿ ਅਸਲੀ ਬੰਦਾ ਬਹਾਦਰ ਸ਼ਾਹੀ ਫੌਜਾਂ ਦੀ ਘੇਰਾਬੰਦੀ ਵਿਚੋਂ ਬਚ ਕੇ ਪਹਾੜੀਆਂ ਵੱਲ ਨਿਕਲ ਗਿਆ ਸੀ। ਅਗਲੇ ਦਿਨ ਗੁਲਾਬ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਫਰਵਰੀ 1712 ਵਿਚ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਉਸਦੇ ਚਾਰੇ ਪੁੱਤਰਾਂ ਵਿਚ ਰਾਜ ਦੀ ਪ੍ਰਾਪਤੀ ਲਈ ਜੱਦੋ ਜਹਿਦ ਸ਼ੁਰੂ ਹੋ ਗਈ। 1712 ਵਿਚ ਜਹਾਂਦਾਰ ਸ਼ਾਹ ਥੋੜੇ ਸਮੇਂ ਲਈ ਸ਼ਾਸਕ ਬਣ ਗਿਆ, ਪਰ ਬਾਅਦ ਵਿਚ ਜਨਵਰੀ 1713 ਵਿਚ ਆਪਣੇ ਭਤੀਜੇ ਮੁਹੰਮਦ ਫਰੁਖਸੀਅਰ ਹੱਥੋਂ ਹਾਰ ਗਿਆ ਅਤੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਜੋ ਉਸ ਤੋਂ ਬਾਅਦ ਤਖਤ ਤੇ ਬੈਠਿਆ। ਫਰੁਖਸੀਅਰ ਨੇ ਪੰਜਾਬ ਦੇ ਸੂਬੇਦਾਰ ਅਬਦੂ ਸਮਦ ਖਾਨ ਨੂੰ ਸਿੱਖਾਂ ਵਿਰੁੱਧ ਕੂਚ ਕਰਨ ਦਾ ਹੁਕਮ ਦਿੱਤਾ, ਤੇ ਉਸਨੇ ਸਿੱਖਾਂ ਵਿਰੁੱਧ ਸਖਤ ਕਾਰਵਾਈ ਕੀਤੀ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਭਾਰੀ ਗਿਣਤੀ ਵਿਚ ਸਿੱਖਾਂ ਨੂੰ ਬੇੜੀਆਂ ਪਾਈਆਂ ਗਈਆਂ ਅਤੇ ਜਿੱਤ ਦੀ ਖੁਸ਼ੀ ਨਾਲ ਉਨ੍ਹਾਂ ਨੂੰ 10 ਮਾਰਚ 1716[1] ਨੂੰ ਦਿੱਲੀ ਲਿਆਂਦਾ ਗਿਆ। 15 ਮਾਰਚ, 1716 ਤੋਂ ਇਕ ਹਫਤੇ ਤੱਕ ਹਰ ਰੋਜ਼ [2] 100 ਆਦਮੀਆਂ ਨੂੰ ਕਤਲ ਕੀਤਾ ਜਾਂਦਾ ਸੀ। 19 ਜੂਨ, 1716 ਨੂੰ ਬੰਦਾ ਬਹਾਦਰ ਅਤੇ ਉਸਦੇ ਬਾਕੀ ਪੈਰੋਕਾਰਾਂ ਨੂੰ ਸ਼ਹੀਦ ਕੀਤਾ ਗਿਆ। ਬੰਦਾ ਬਹਾਦਰ ਦੀ ਮੌਤ ਤੋਂ ਬਾਅਦ ਸਿੱਖਾਂ ਉਪਰ ਬਹੁਤ ਸਾਰੇ ਅੱਤਿਆਚਾਰ ਕੀਤੇ ਗਏ, ਜਿਸ ਨਾਲ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਜੋ ਵੀ ਸਿੱਖ ਕਾਬੂ ਆਇਆ ਉਸ ਨੂੰ ਮਾਰ ਦਿੱਤਾ ਗਿਆ। 1725 ਵਿਚ ਖਾਲਸੇ ਅਤੇ ਬੰਦਾ ਬਹਾਦਰ ਦੇ ਪੈਰੋਕਾਰਾਂ ਵਿਚ ਆਪਸੀ ਸੰਬੰਧ ਤਨਾਓਪੂਰਨ ਹੋ ਗਏ, ਭਾਈ ਮਨੀ ਸਿੰਘ ਦੇ ਯਤਨਾਂ ਸਦਕਾ ਸਮਝੌਤਾ ਹੋ ਗਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਖਾਲਸੇ ਦੇ ਹਵਾਲੇ ਕਰ ਦਿੱਤਾ ਗਿਆ।

ਅਬਦੂ ਸਮਦ ਖਾਨ ਦੇ ਪੁੱਤਰ, ਜ਼ਕਰੀਆ ਖਾਨ ਬਹਾਦਰ ਨੂੰ 1739 ਵਿਚ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਗਿਆ ਅਤੇ ਮੁਲਤਾਨ ਉਸਦੇ ਹਵਾਲੇ ਕਰ ਦਿੱਤਾ ਗਿਆ। ਉਸ ਨੇ ਉਨ੍ਹਾਂ ਪਿੰਡਾਂ ਅਤੇ ਕਸਬਿਆਂ ਵਿਚ ਸਿੱਖਾਂ ਵਿਰੁਧ ਕਾਰਵਾਈ ਕੀਤੀ ਅਤੇ ਸਿੱਖਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਰਕਾਰ ਵਲੋਂ 1733 ਵਿਚ ਕੁਝ ਰਿਆਇਤਾਂ ਅਤੇ ਰਿਸ਼ਵਤਾਂ ਦੇ ਲਾਲਚ ਨਾਲ ਸਿੱਖਾਂ ਨਾਲ ਸਮਝੌਤਾ ਕਰਨ ਦੇ ਮੁੜ ਯਤਨ ਕੀਤੇ ਗਏ। ਖਾਨ ਬਹਾਦਰ ਨੇ ਦਿੱਲੀ ਸਰਕਾਰ ਨੂੰ ਸਿਫਾਰਿਸ਼ ਕੀਤੀ ਕਿ ਸਿੱਖਾਂ ਨੂੰ ਜਾਗੀਰਾਂ ਅਤੇ ਖਿਤਾਬ ਦਿਤੇ ਜਾਣ। ਉਸਦੇ ਸੁਝਾਅ ਦੀ ਪ੍ਰਸੰਸਾ ਕੀਤੀ ਗਈ ਤੇ ਉਨ੍ਹਾਂ ਦੇ ਮੁਖੀ ਲਈ 1,00,000 ਰੁਪਏ ਦੀ ਜਾਗੀਰ ਅਤੇ ਨਵਾਬ ਦਾ ਖਿਤਾਬ ਉਨ੍ਹਾਂ ਦੇ ਨੁਮਾਇੰਦੇ ਪਾਸ ਅੰਮ੍ਰਿਤਸਰ ਭੇਜਿਆ ਗਿਆ। ਪਹਿਲਾਂ ਤਾਂ ਇਸ ਪੇਸ਼ਕਸ਼ ਨੂੰ ਅਸਵੀਕਾਰ ਕਰ ਦਿੱਤਾ ਗਿਆ ਪਰ ਬਾਅਦ ਵਿਚ ਸਿਆਣਿਆਂ ਦੀ ਸਲਾਹ ਤੇ ਜਾਗੀਰ ਸਵੀਕਾਰ ਕਰ ਲਈ ਗਈ। ਖਿਤਾਬ ਤੇ ਸਿਰੋਪਾ ਲੈਣ ਲਈ ਕੋਈ ਵੀ ਅੱਗੇ ਨਾ ਹੋਇਆ। ਅੰਤ ਵਿਚ ਕਪੂਰ ਸਿੰਘ, ਜੋ ਸੰਗਤ ਨੂੰ ਪੱਖਾ ਝੱਲ ਰਿਹਾ ਸੀ ਨੂੰ ਖਿਤਾਬ ਅਤੇ ਨਵਾਬ ਦਾ ਸਿਰੋਪਾ ਦਿੱਤਾ ਗਿਆ ਤੇ ਉਸ ਦੀ ਅਗਵਾਈ ਵਿਚ 30 ਸਾਲ ਤੱਕ ਸਿੱਖ ਸ਼ਕਤੀ ਵਧੀ ਫੁੱਲੀ । ਕੁਝ ਸਮੇਂ ਲਈ ਸਿੱਖ ਇਸ ਜਾਗੀਰ ਦੀ ਆਮਦਨ ਤੇ ਸ਼ਾਂਤੀ ਨਾਲ ਆਪਣੇ ਆਪ ਨੂੰ ਮੁੜ ਲਾਮਬੰਦ ਕਰਦੇ ਰਹੇ। ਕਪੂਰ ਸਿੰਘ ਨੇ ਦਲ ਖਾਲਸਾ ਜਾਂ ਸਿੱਖਾਂ ਦੀ ਧਰਮ ਦੀ ਫੌਜ ਨੂੰ ਮੁੜ ਜਥੇਬੰਦ ਕਰਨਾ ਸ਼ੁਰੂ ਕੀਤਾ, ਜੋ ਪਹਿਲਾਂ ਅੰਮ੍ਰਿਤਸਰ ਵਿਖੇ ਦੋ ਹਿੱਸਿਆਂ ਵਿਚ ਵੰਡੀ ਗਈ ਸੀ, ਇੱਕ ਬੁੱਢਾ ਦਲ ਜਿਸ ਵਿਚ ਬਜ਼ੁਰਗ ਸ਼ਾਮਲ ਸਨ ਅਤੇ ਦੂਸਰਾ ਤਰੁਨਾਂ ਦਲ, ਜਿਸ ਵਿਚ ਨੌਜਵਾਨ ਸਿੰਘ ਸਨ।

1738 ਵਿਚ ਅੰਮ੍ਰਿਤਸਰ ਵਿਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਵਿੱਚ ਇਕ ਘਟਨਾ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਸੀ, ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਮਾਤਾ ਸੁੰਦਰੀ ਵਲੋਂ ਬੰਦਾ ਬਹਾਦਰ ਦੇ ਪੈਰੋਕਾਰਾਂ ਅਤੇ ਤੱਤ ਖਾਲਸਾ, ਵਿਚਕਾਰ ਝਗੜੇ ਨੂੰ ਨਿਪਟਾਉਣ ਵਾਸਤੇ ਅੰਮ੍ਰਿਤਸਰ ਭੇਜਿਆ ਗਿਆ ਸੀ। ਉਸਤੋਂ ਬਾਅਦ ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਨੂੰ ਆਪਣਾ ਕੇਂਦਰੀ ਸਥਾਨ ਬਣਾ ਲਿਆ ਅਤੇ ਉਹ ਲਗਭਗ 15 ਸਾਲ ਤੱਕ ਪੰਜਾਬ ਦੇ ਮੁਗਲ ਗਵਰਨਰ ਵਿਰੁੱਧ ਸੰਘਰਸ਼ ਲਈ ਸਿੱਖਾਂ ਨੂੰ ਪ੍ਰੇਰਨਾ ਦਿੰਦੇ ਰਹੇ। ਉਨ੍ਹਾਂ ਨੇ ਵਿਸਾਖੀ ਅਤੇ ਦਿਵਾਲੀ ਦੇ ਤਿਓਹਾਰਾਂ ਦੇ ਅਵਸਰ ਤੇ ਸਿੱਖਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਪਰੇਰਿਤ ਕੀਤਾ ਉਹ ਹਰਿਮੰਦਰ ਸਾਹਿਬ ਜੀ ਦੀ ਸੇਵਾ ਕਰਦੇ ਸਨ। 1738 ਵਿਚ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਦਿਵਾਲੀ ਦਾ ਮੇਲਾ ਮਨਾਉਣ ਦੀ ਮਨਜ਼ੂਰੀ ਦੇਣ ਵਾਸਤੇ ਅੰਮ੍ਰਿਤਸਰ ਦੇ ਹਾਕਮ ਨੂੰ ਬੇਨਤੀ ਪੱਤਰ ਦਿੱਤਾ ਸੀ। ਕਿਉਂਕਿ ਮਾਮਲਾ ਨਾਜ਼ੁਕ ਕਿਸਮ ਦਾ ਸੀ ਇਸ ਲਈ ਇਹ ਜ਼ਕਰੀਆ ਖਾਨ ਪਾਸ ਭੇਜਿਆ ਗਿਆ। ਅਧਿਕਾਰੀਆਂ ਵਲੋਂ ਮਨਜ਼ੂਰੀ ਇਸ ਸ਼ਰਤ ਤੇ ਦਿੱਤੀ ਗਈ ਕਿ ਮੇਲੇ ਤੋਂ ਬਾਅਦ ਭਾਈ ਮਨੀ ਸਿੰਘ 5000 ਰੁਪਏ ਇਕੱਠੇ ਕਰਕੇ ਰਾਜ ਦੇ ਖਜ਼ਾਨੇ ਵਿਚ ਜਮਾਂ ਕਰਵਾਉਣਗੇ। ਮਨੀ ਸਿੰਘ ਨੇ ਸਮੂਹ ਖਾਲਸੇ ਨੂੰ ਸੱਦਾ ਦਿੱਤਾ ਅਤੇ ਭਾਰੀ ਗਿਣਤੀ ਵਿਚ ਸਿੱਖ ਅੰਮ੍ਰਿਤਸਰ ਪੁੱਜਣ ਲੱਗੇ। ਸੂਬੇਦਾਰ ਦਾ ਮਨਜ਼ੂਰੀ ਦੇਣ ਦਾ ਮੰਤਵ ਸਿੱਖਾਂ ਨੂੰ ਇਕ ਜਗ੍ਹਾ ਤੇ ਇਕੱਠੇ ਕਰਕੇ ਉਨ੍ਹਾਂ ਨੂੰ ਕੁਚਲਣ ਦਾ ਸੀ। ਆਉਣ ਵਾਲੇ ਮੇਲੇ ਦੌਰਾਨ ਅਮਨ ਅਮਾਨ ਰੱਖਣ ਦੇ ਬਹਾਨੇ ਜ਼ਕਰੀਆ ਖਾਨ ਨੇ ਇਕ ਫੌਜੀ ਟੁਕੜੀ ਨੂੰ ਅੰਮ੍ਰਿਤਸਰ ਭੇਜ ਦਿੱਤਾ। ਫੌਜੀ ਟੁਕੜੀ ਦੀ ਸ਼ੱਕੀ ਗਤੀਵਿਧੀ ਨੂੰ ਵੇਖ

ਕੇ ਸਿੱਖ ਵਾਪਸ ਚਲੇ ਗਏ। ਇਹੋ ਜਿਹੇ ਹਾਲਾਤ ਵਿਚ ਮੇਲਾ ਨਾ ਲੱਗ ਸਕਿਆ। ਮਨੀ ਸਿੰਘ ਨੇ 5000 ਰੁਪਏ ਦੀ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਕਰਕੇ ਹਾਕਮਾਂ ਨੂੰ ਗੁੱਸਾ ਚੜ੍ਹ ਗਿਆ। ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਜਾਇਆ ਗਿਆ ਜਿਥੇ ਉਸਨੂੰ ਲੋੜੀਂਦੀ ਰਕਮ ਭਰਨ ਅਤੇ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਇਹ ਦੋਵੇਂ ਗੱਲਾਂ ਨਾ ਮੰਨਣ ਦੇ ਨਤੀਜੇ ਵਜੋਂ ਭਾਈ ਮਨੀ ਸਿੰਘ ਦੇ ਸਰੀਰ ਦੇ ਬੰਦ ਬੰਦ [4] ਕੱਟ ਕੇ ਉਸਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਦੁੱਖ ਭਰੀ ਘਟਨਾ ਨੇ ਸਿੱਖਾਂ ਨੂੰ ਇਸ ਸੰਘਰਸ਼ ਵਿਚ ਹੋਰ ਹੱਲਾਸ਼ੇਰੀ ਦਿੱਤੀ। ਮੁਗਲਾਂ ਨੇ ਰਾਮਦਾਸਪੁਰ ਲਈ ਇਕ ਫੌਜਦਾਰ ਨਿਯੁਕਤ ਕਰ ਦਿੱਤਾ ਤਾਂ ਜੋ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਸਕੇ ਕਿ ਸ਼ਹਿਰ ਖਾਲਸੇ ਦੀਆਂ ਸਰਗਰਮੀਆਂ ਦਾ ਕੇਂਦਰ ਨਾ ਬਣ ਸਕੇ। 1739 ਵਿਚ ਮੱਸਾ ਰੰਘੜ ਨੂੰ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧਕ ਬਣਾ ਦਿੱਤਾ ਗਿਆ। ਉਸ ਸਮੇਂ ਇਕ ਹੋਰ ਬਹਾਦਰੀ ਦਾ ਕਾਰਨਾਮਾ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਨੇ ਕੀਤਾ। ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਸਲਿਮ ਅਧਿਕਾਰੀਆਂ ਨੇ ਨਾਚ ਗਾਣਾ ਕਰਵਾ ਕੇ ਅਪਵਿੱਤਰ ਕਰ ਦਿੱਤਾ ਸੀ। ਇਹ ਸਿੱਖਾਂ ਲਈ ਅਸਹਿ ਸੀ। ਮਹਿਤਾਬ ਸਿੰਘ ਤੇ ਸੁੱਖਾ ਸਿੰਘ ਕਿਸਾਨਾਂ ਦੇ ਭੇਸ ਵਿਚ, ਜਿਨ੍ਹਾਂ ਕੋਲ ਮਾਲੀਏ ਵਜੋਂ ਬੋਰੀਆਂ ਵਿਚ ਸਿੱਕੇ ਪਾਏ ਹੋਏ ਸਨ, ਮੱਸਾ ਰੰਘੜ ਦੇ ਸਾਹਮਣੇ ਪੇਸ਼ ਹੋਏ। ਉਨ੍ਹਾਂ ਦੀਆਂ ਤਲਵਾਰਾਂ ਮੱਸਾ ਰੰਘੜ ਅਤੇ ਉਸਦੇ ਸਹਿਯੋਗੀਆਂ ਉਪਰ ਇਸ ਤਰ੍ਹਾਂ ਚੱਲੀਆਂ ਕਿ ਮੁਸਲਮਾਨ ਸਿਪਾਹੀ ਇਕ ਦਮ ਸੁੰਨ ਹੋ ਗਏ। ਇਸ ਨਾਲ ਮੱਸਾ ਰੰਘੜ ਮਾਰਿਆ ਗਿਆ। ਬਾਅਦ ਵਿਚ ਮੁਗਲ ਸਿਪਾਹੀਆਂ ਉਨ੍ਹਾਂ ਵਲੋਂ ਬਹਾਦਰਾਂ ਦਾ ਪਿੱਛਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਬੜੀ ਬੇ-ਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ। ਇਹ ਘਟਨਾ 1740 ਵਿਚ ਵਾਪਰੀ। ਸ੍ਰੀ ਹਰਿਮੰਦਰ ਸਾਹਿਬ ਨੂੰ ਤਾਲਾ ਲਾ ਦਿੱਤਾ ਗਿਆ ਅਤੇ ਮੁੱਖ ਦਰਵਾਜ਼ੇ ਤੇ ਸੰਤਰੀਆਂ ਨੂੰ ਸਖਤ ਹੁਕਮ ਦਿੱਤਾ ਗਿਆ ਕਿ ਕਿਸੇ ਵੀ ਅਜਨਬੀ ਨੂੰ ਅੰਦਰ ਨਾ ਆਉਣ ਦਿੱਤਾ ਜਾਵੇ।

1745 ਵਿਚ ਕਪੂਰ ਸਿੰਘ ਨੂੰ ਦਿੱਤੀ ਜਾ ਰਹੀ ਜਾਗੀਰ ਹੁਣ ਜ਼ਰੂਰੀ ਨਾ ਸਮਝਦੇ ਹੋਏ ਜ਼ਬਤ ਕਰ ਲਈ ਗਈ ਅਤੇ ਖਾਲਸੇ ਨੇ ਫਿਰ ਤੋਂ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ। ਨਾਦਿਰ ਸ਼ਾਹ ਦੇ ਭਿਆਨਕ ਹਮਲਿਆਂ ਤੋਂ ਪੈਦਾ ਹੋਈ ਰਾਜਸੀ ਉਥਲ ਪੁੱਥਲ ਅਤੇ ਲਾਹੌਰ ਖੇਤਰ ਵਿਚ ਹੋਈ ਗੜਬੜ ਨੇ ਸਿੱਖਾਂ ਨੂੰ ਪਹਿਲਾਂ ਨਾਲੋਂ ਵਧੇਰੇ ਸ਼ਕਤੀ ਨਾਲ ਸੰਕਲਿਤ ਹੋਣ ਦਾ ਇਕ ਚੰਗਾ ਮੌਕਾ ਦਿੱਤਾ। 1739 ਵਿਚ ਵਾਪਸ ਜਾਂਦਿਆਂ, ਪੰਜਾਬ ਵਿਚੋਂ ਲੰਘ ਰਹੇ ਨਾਦਰ ਸ਼ਾਹ ਦੀ ਸੈਨਾ ਦੇ ਪਿਛਲੇ ਹਿੱਸੇ ਤੇ ਖਾਲਸੇ ਨੇ ਅਨੇਕਾਂ ਵਾਰ ਹਮਲੇ ਕੀਤੇ ਸਨ। [5] ਨਾਦਰ ਸ਼ਾਹ ਨੇ ਜ਼ਕਰੀਆ ਖਾਨ ਤੋਂ ਪੁਛਿਆ ਕਿ ਸਿੱਖ ਕਿਥੇ ਰਹਿੰਦੇ ਹਨ, ਸੂਬੇਦਾਰ ਨੇ ਜਵਾਬ ਦਿੱਤਾ ਕਿ ' ਉਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਉਨ੍ਹਾਂ ਦੇ ਘਰ ਹਨ। ਇਸ ਦਾ ਮਤਲਬ ਸੀ ਕਿ ਉਨ੍ਹਾਂ ਨੂੰ ਫੜਨਾ ਮੁਸ਼ਕਿਲ ਹੈ। ਨਾਦਰਸ਼ਾਹ ਨੇ ਜ਼ਕਰੀਆ ਖਾਨ ਨੂੰ ਸੰਭਾਵਿਤ ਖਤਰੇ ਤੋਂ ਸਾਵਧਾਨ ਕਰ ਦਿੱਤਾ ਸੀ [6]। ਜਦੋਂ ਪੈਰ ਪੈਰ ਤੇ ਖਤਰਾ ਸੀ ਅਤੇ ਘੋੜ ਸਵਾਰ ਸਿਪਾਹੀਆਂ ਦੇ ਦਸਤੇ ਲੁੱਟ ਮਾਰ ਦੇ ਮਾਲ ਨਾਲ ਲੱਦੇ ਪਿੰਡਾਂ ਤੇ ਸ਼ਹਿਰਾਂ ਵਿਚੋਂ ਲੰਘ ਰਹੇ ਸਨ, ਉਦੋਂ ਵੀ ਕਦੇ ਕਦੇ ਸਿੱਖ ਸ਼ਰਧਾਲੂ ਚੋਰੀ ਛੁਪੇ ਆਪਣੀ ਸ਼ਰਧਾ ਦੇ ਸਥਾਨ ਅੰਮ੍ਰਿਤਸਰ ਵਿਖੇ ਆਉਂਦੇ ਅਤੇ ਸਲਾਹ ਮਸ਼ਵਰੇ ਲਈ ਪਵਿੱਤਰ ਸਰੋਵਰ ਦਾ ਆਸਰਾ ਲੈਂਦੇ ਸਨ। ਇਤਨੀਆਂ ਸਾਰੀਆਂ ਕਠਨਾਈਆਂ ਦੇ ਬਾਵਜੂਦ ਸਿੱਖ ਸਾਲ ਵਿਚ ਦੋ ਵਾਰ ਅੰਮ੍ਰਿਤਸਰ ਜ਼ਰੂਰ ਜਾਂਦੇ ਸਨ। ਸਿੱਖ

ਘੋੜਸਵਾਰ ਪਵਿੱਤਰ ਹਰਿਮੰਦਰ ਵੱਲ ਮੱਥਾ ਟੇਕਣ ਲਈ ਜਾਂਦੇ ਵੇਖੇ ਜਾਂਦੇ, ਆਪਣੀ ਇਸ ਕੋਸ਼ਿਸ਼ ਵਿਚ ਉਨ੍ਹਾਂ ਵਿਚੋਂ ਅਕਸਰ ਕੁਝ ਮਾਰੇ ਜਾਂਦੇ ਸਨ। ਪਰ ਬਾਕੀ ਉਤਸ਼ਾਹਿਤ ਹੋ ਕੇ ਜਾਂਦੇ ਸਨ। ਇਸ ਸਮੇਂ ਦੌਰਾਨ ਕੋਈ ਅਜਿਹੀ ਘਟਨਾ ਸੁਣਨ ਵਿਚ ਨਹੀਂ ਆਈ ਕਿ ਅੰਮ੍ਰਿਤਸਰ ਜਾਂਦੇ ਹੋਏ ਕੋਈ ਸਿੱਖ ਫੜਿਆ ਗਿਆ ਹੋਵੇ ਤੇ ਸਿਰਫ ਸ਼ਹੀਦੀ ਤੋਂ ਬਚਣ ਲਈ ਉਹ ਆਪਣਾ ਧਰਮ ਬਦਲਣ ਲਈ ਸਹਿਮਤ ਹੋਇਆ ਹੋਵੇ [7]। ਇਸੇ ਸਮੇਂ ਵਿੱਚ ਸ਼ਰਧਾਲੂ ਚੋਰੀ ਛੁਪੇ ਜਾਂ ਭੇਸ ਬਦਲ ਕੇ ਆਉਣੇ ਘੱਟ ਹੋ ਗਏ ਜਿਵੇਂ ਕਿ ਪਹਿਲਾਂ ਗ੍ਰਿਫਤਾਰੀਆਂ ਦੇ ਭੈੜੇ ਸਮੇਂ ਹੁੰਦਾ ਰਿਹਾ ਸੀ।

ਪਹਿਲੀ ਜੁਲਾਈ1745 ਨੂੰ ਜ਼ਕਰੀਆ ਖਾਨ ਦੀ ਮੌਤ ਤੋਂ ਬਾਅਦ ਉਸਦੇ ਦੋ ਪੁੱਤਰਾਂ ਯਹੀਆ ਖਾਨ ਅਤੇ ਹਯਾਤ ਉਲ੍ਹਾ ਖਾਨ (ਉਪ ਨਾਮ ਸ਼ਾਹ ਨਵਾਜ਼ ਖਾਨ) [8] ਵਿਚਕਾਰ ਘਰੇਲੂ ਜੰਗ ਨੇ ਪੰਜਾਬ ਸਰਕਾਰ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਅਤੇ ਇਹ ਸੂਬਾ ਇਤਨਾ ਕਮਜ਼ੋਰ ਹੋ ਗਿਆ ਜੋ ਬਾਹਰਲੇ ਹਮਲਾਵਰਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਇਸ ਤੋਂ ਇਲਾਵਾ ਹਯਾਤ ਉਲਾ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਆ ਕੇ ਉਸ ਖੇਤਰ ਦੀ ਪ੍ਰਭੂਸੱਤਾ ਸੰਭਾਲਣ ਲਈ ਇੱਕ ਪੱਤਰ ਭੇਜਿਆ [9]। 1748 ਤੋਂ 1768 ਤੱਕ ਅਹਿਮਦ ਸ਼ਾਹ ਅਬਦਾਲੀ ਦੇ ਪੰਜਾਬ ਉਪਰ ਲਗਾਤਾਰ ਹਮਲਿਆਂ ਕਾਰਨ ਸੂਬੇ ਦਾ ਪ੍ਰਸ਼ਾਸਨ ਬਹੁਤ ਕਮਜ਼ੋਰ ਹੋ ਗਿਆ ਅਤੇ ਸਿੱਖ ਸ਼ਕਤੀ ਦੇ ਵਿਕਾਸ ਦੇ ਇਤਿਹਾਸ ਵਿਚ ਮਹੱਤਵਪੂਰਨ ਪ੍ਰਭਾਵ ਪਿਆ। ਸਿੱਖਾਂ ਉਤੇ ਸਖਤੀ ਬਹੁਤ ਵੱਧ ਗਈ ਤੇ ਉਨ੍ਹਾਂ ਨੇ ਰਾਮਰੌਣੀ ਜਿਸ ਨੂੰ ਬਾਅਦ ਵਿਚ ਰਾਮਗੜ੍ਹ ਕਿਹਾ ਜਾਣ ਲੱਗਾ, ਦਾ ਕੱਚਾ ਕਿਲ੍ਹਾ ਬਣਾਇਆ। ਜਦੋਂ 1748 ਵਿਚ ਅਹਿਮਦਸ਼ਾਹ ਅਬਦਾਲੀ ਮਾਯੂਸ ਹੋ ਕੇ ਪੂਰੇ ਜ਼ੋਰ ਨਾਲ ਪਿੱਛੇ ਨੂੰ ਭੱਜ ਰਿਹਾ ਸੀ ਅਤੇ ਮੀਰ ਮੰਨੂ ਉਸਦਾ ਪਿੱਛਾ ਕਰ ਰਿਹਾ ਸੀ ਤਾਂ ਜੱਸਾ ਸਿੰਘ ਆਹਲੂਵਾਲੀਆ, ਜੋ ਕਿ ਇਕ ਸੁਯੋਗ ਨੇਤਾ ਸੀ, ਜਿਸ ਨੂੰ ਸਰਬੱਤ ਖਾਲਸਾ ਵਲੋਂ ਆਪਣਾ ਆਗੂ ਚੁਣਿਆ ਗਿਆ ਸੀ ਅਤੇ ਇਨ੍ਹਾਂ ਦੇ ਨਾਲ, ਹਰੀ ਸਿੰਘ, ਜੱਸਾ ਸਿੰਘ ਰਾਮਗੜ੍ਹੀਆ, ਨੌਧ ਸਿੰਘ ਅਤੇ ਚੜ੍ਹਤ ਸਿੰਘ ਆਦਿ ਸਰਦਾਰਾਂ ਨੇ ਬੜੇ ਹੌਸਲੇ ਨਾਲ ਸੂਬੇ ਵਿਚ ਇਕ ਨਵੀਂ ਤਾਕਤ ਦਲ-ਖਾਲਸਾ ਬਣਾਉਣ ਦਾ ਐਲਾਨ ਕੀਤਾ[10]। ਜਦੋਂ ਸ਼ਹਿਨਸ਼ਾਹ ਮੁਹੰਮਦ ਸ਼ਾਹ ਨੂੰ 11 ਮਾਰਚ, 1748 ਨੂੰ ਮਨੂਪੁਰ ਵਿਖੇ ਹਮਲਾਵਰ ਅਬਦਾਲੀ ਦੀ ਹਾਰ ਦਾ ਪਤਾ ਲੱਗਾ ਤਾਂ ਉਸਨੇ ਮੀਰ ਮੰਨੂ ਨੂੰ ਮੂਇਨ-ਉਲ-ਮੁਲਕ ਦਾ ਖਿਤਾਬ ਦੇ ਕੇ ਲਾਹੌਰ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ। ਮੂਇਨ ਨੇ ਸਿੱਖਾ ਵਿਰੁਧ ਚੜ੍ਹਾਈ ਕੀਤੀ, ਆਪਣੇ ਸਭ ਤੋਂ ਚੰਗੇ ਸਿਪਾਹੀਆਂ ਦੀ ਘੇਰਾ ਬੰਦੀ ਨਾਲ ਉਸਨੇ ਸਿੱਖਾਂ ਦੇ ਕਿਲ੍ਹੇ ਰਾਮਰੌਣੀ ਤੇ ਕਬਜ਼ਾ ਕਰ ਲਿਆ, ਉਨ੍ਹਾਂ ਦੀਆਂ ਫੌਜਾਂ ਨੂੰ ਤਿੱਤਰ ਬਿੱਤਰ ਕਰਕੇ ਅਮਨ ਅਮਾਨ ਕਾਇਮ ਕਰਨ ਲਈ ਲੋੜੀਂਦੇ ਕਦਮ ਚੁੱਕੇ [11]। ਜੋ ਵੀ ਕੋਈ ਸਿੱਖ ਦਾ ਸਿਰ ਮੂਇਨ ਪਾਸ ਲਿਆਉਂਦਾ ਉਸਨੂੰ ਹਰ ਇਕ ਕਤਲ ਕੀਤੇ ਆਦਮੀ ਪਿੱਛੇ 10 ਰੁਪਏ ਇਨਾਮ ਵਜੋਂ ਮਿਲਦੇ [12]। ਮੀਰ ਮੰਨੂ ਦੀ 1753 ਵਿਚ ਮੌਤ ਉਪਰੰਤ ਪੰਜਾਬ ਕੁਝ ਸਮਾਂ ਅਭਿਮਾਨੀ ਮੁਗਲਾਨੀ ਬੇਗਮ ਦੀ ਨਵਾਬ-ਸ਼ਾਹੀ ਥੱਲੇ ਰਿਹਾ, ਜਦੋਂ ਤੱਕ ਇਸ ਉਪਰ ਅਹਿਮਦ ਸ਼ਾਹ ਨੇ ਦੁਬਾਰਾ ਹਮਲਾ ਨਹੀਂ ਕੀਤਾ। ਇਨ੍ਹਾਂ ਹਾਲਤਾਂ ਵਿੱਚ ਖੇਤੀ ਬਾੜੀ ਮੁਗਲਾਂ ਹੱਥੋਂ ਤਬਾਹ ਹੁੰਦੀ ਗਈ, ਪਰ ਤਿਉਂ ਤਿਉਂ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਰਿਹਾ। ਅਹਿਮਦਸ਼ਾਹ ਨੇ ਪੰਜਾਬ ਉਪਰ 1756 ਵਿਚ ਮੁੜ ਹਮਲਾ ਕੀਤਾ ਅਤੇ ਪੰਜਾਬ ਦੇ ਸੂਬੇਦਾਰ ਵਜੋਂ ਆਪਣੇ

ਪੁੱਤਰ ਤੈਮੂਰ ਨੂੰ ਇਕ ਸਰਦਾਰ ਜਹਾਨ ਖਾਂ ਨਾਂ ਦੇ ਮੁਖੀ ਦੀ ਸਰਪ੍ਰਸਤੀ ਹੇਠ ਇਥੇ ਛੱਡਿਆ, ਜਿਸਨੇ ਅਪ੍ਰੈਲ 1758 ਤੱਕ ਰਾਜ ਕੀਤਾ।

ਤੈਮੂਰ ਦਾ ਪਹਿਲਾ ਉਦੇਸ਼ ਬਾਗੀ ਸਿੱਖਾਂ ਨੂੰ ਬਿਖੇਰਨਾ ਸੀ। ਜਹਾਨ ਖਾਂ ਨੇ ਸਿੱਖਾਂ ਦੀ ਇੱਕ ਵੱਡੀ ਗਿਣਤੀ ਨੂੰ ਖਤਮ ਕਰਨ ਦੀ ਸਕੀਮ ਬਣਾਈ, ਜੋ ਇਕ ਧਾਰਮਿਕ ਇਸ਼ਨਾਨ ਕਰਨ ਲਈ ਅੰਮ੍ਰਿਤਸਰ ਵਿਚ ਇਕੱਤਰ ਹੋਏ ਸਨ। ਜਦੋਂ ਜਹਾਨ ਖਾਂ ਭਾਰੀ ਫੌਜ ਲੈ ਕੇ ਆਇਆ ਤਾਂ 1757 ਵਿਚ ਬਾਬਾ ਦੀਪ ਸਿੰਘ, ਜੋ ਲੜਦੇ ਹੋਏ ਅੱਗੇ ਵਧ ਰਹੇ ਸਨ, ਅੰਮ੍ਰਿਤਸਰ ਨੇੜੇ ਆ ਕੇ ਸ਼ਹੀਦ ਹੋ ਗਏ। ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ ਗਿਆ ਅਤੇ ਸਿੱਖ ਫੌਜ ਦੇ ਪੰਜ ਵਿਅਕਤੀ, ਜੋ ਹਰਿਮੰਦਰ ਸ਼ਾਹਿਬ ਦੇ ਅੱਗੇ ਪਹਿਰੇ ਤੇ ਖੜੇ ਸਨ, ਨੂੰ ਕਤਲ ਕਰ ਦਿੱਤਾ ਗਿਆ[13]। ਪੂਜਾ ਅਸਥਾਨ ਦੀ ਬੇਅਦਬੀ ਕੀਤੀ ਗਈ ਸੀ, ਜਿਸ ਕਾਰਨ ਸਿੱਖ ਭੜਕ ਉੱਠੇ ਅਤੇ ਆਪਣੀਆਂ ਤਲਵਾਰਾਂ ਲੈ ਕੇ ਵੱਡੀ ਗਿਣਤੀ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਨੇ ਦੁਬਾਰਾ ਪੰਜਾਬ ਉਪਰ ਹਮਲਾ ਕੀਤਾ, ਆਪਣੇ ਕਿਲ੍ਹੇ ਸਥਾਪਿਤ ਕੀਤੇ ਅਤੇ ਜੱਸਾ ਸਿੰਘ, ਜਿਸਨੇ 'ਦੇਸ਼ ਦੀ ਪ੍ਰਭੂਸੱਤਾ' ਦੀ ਕਲਪਣਾ ਕੀਤੀ ਸੀ, ਦੀ ਅਗਵਾਈ ਹੇਠ ਆਰਜ਼ੀ ਤੌਰ ਤੇ ਲਾਹੌਰ ਤੇ ਕਬਜ਼ਾ ਕਰ ਲਿਆ, ਬਾਕੀ ਬਚਦੇ ਅਫਗਾਨਾਂ ਨੂੰ ਸਿੱਖ ਅੰਮ੍ਰਿਤਸਰ ਲੈ ਗਏ ਜਿਥੇ ਉਨ੍ਹਾਂ ਪਾਸੋਂ ਕੋੜੇ ਦੇ ਦਬਾਅ ਹੇਠ ਉਹ ਸਾਰਾ ਕੂੜਾ ਕਰਕਟ ਸਾਫ ਕਰਵਾਇਆ ਗਿਆ, ਜਿਸ ਨਾਲ ਅਹਿਮਦਸ਼ਾਹ ਅਤੇ ਜਹਾਨ ਖਾਨ ਨੇ ਉਨ੍ਹਾਂ ਦਾ ਸਰੋਵਰ ਅਪਵਿੱਤਰ ਕਰ ਦਿੱਤਾ ਸੀ[14]। ਅਪ੍ਰੈਲ, 1758 ਵਿਚ ਮਰਾਠਿਆਂ ਨੇ ਲਾਹੌਰ ਜਿੱਤ ਲਿਆ। ਅਦੀਨਾ ਬੇਗ ਨੂੰ ਇਸ ਸ਼ਰਤ ਤੇ ਪੰਜਾਬ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ਕਿ ਉਹ ਹਰ ਸਾਲ ਮਰਾਠਿਆਂ ਨੂੰ 7 ਅਰਬ (ਮਿਲੀਅਨ) ਰੁਪਏ ਉਪਹਾਰ ਵਜੋਂ ਦੇਵੇਗਾ। ਅਦੀਨਾ ਬੇਗ ਨੇ ਮਿਰਜ਼ਾ ਅਜ਼ੀਜ਼ ਦੀ ਅਗਵਾਈ ਹੇਠ ਇਕ ਭਾਰੀ ਸੈਨਾ ਭੇਜੀ ਤਾਂ ਕਿ ਸਿੱਖਾਂ ਨੂੰ, ਜਿਥੇ ਕਿਤੇ ਵੀ ਉਹ ਮਿਲਣ ਤਬਾਹ ਕੀਤਾ ਜਾਵੇ। ਵੱਡੀ ਗਿਣਤੀ ਵਿੱਚ ਸਿੱਖਾਂ ਨੇ ਆਪਣੇ ਕੱਚੇ ਕਿਲ੍ਹੇ ਰਾਮਰੌਣੀ ਵਿਚ ਪਨਾਹ ਲਈ। ਇਸ ਜਥੇ ਦਾ ਆਗੂ ਨੰਦ ਸਿੰਘ ਸੰਘਾਨੀਆ ਸੀ। ਨਿਰਾਸ਼ਾ ਦੇ ਹੁੰਦੇ ਹੋਏ ਵੀ ਸਿੱਖ ਬੜੀ ਬਹਾਦਰੀ ਨਾਲ ਲੜੇ। ਅਖੀਰ ਇਕ ਰਾਤ ਮੀਰ ਅਜ਼ੀਜ਼ ਕਿਲ੍ਹੇ ਦੀ ਦੀਵਾਰ ਵਿਚ ਸੁਰਾਖ ਕਰਨ ਵਿਚ ਕਾਮਯਾਬ ਹੋ ਗਿਆ। ਸਿੱਖ ਦੁਸ਼ਮਣ ਨੂੰ ਟੁੱਟ ਕੇ ਪੈ ਗਏ ਅਤੇ ਬਹੁਤ ਸਾਰੇ ਮਾਰੇ ਗਏ ਜਾਂ ਕੈਦ ਕਰ ਲਏ ਗਏ[15]। ਸਾਹੂ ਦੇ ਦਿੱਲੀ ਤੇ ਕਬਜ਼ਾ ਕਰ ਲੈਣ ਦੀ ਖਬਰ ਤੋਂ ਉਤਸ਼ਾਹਿਤ ਹੋ ਕੇ ਪ੍ਰਮੁੱਖ ਸਿੱਖ ਮੁਖੀ ਜੱਸਾ ਸਿੰਘ, ਜੈ ਸਿੰਘ ਕਨੱਈਆ, ਲਹਿਣਾ ਸਿੰਘ ਰਾਮਗੜ੍ਹੀਆ ਅਤੇ ਗੁੱਜਰ ਸਿੰਘ ਭੰਗੀ ਦਿਵਾਲੀ ਦੇ ਦਿਹਾੜੇ (ਨਵੰਬਰ 7, 1760)[16] ਤੇ ਅੰਮ੍ਰਿਤਸਰ ਵਿਖੇ ਇਕੱਠੇ ਹੋਏ। ਸਭਾ ਹੋਈ ਅਤੇ ਲਾਹੌਰ ਉਤੇ ਹਮਲਾ ਕਰਨ ਦਾ ਫੈਸਲਾ ਕੀਤਾ ਗਿਆ। ਮੁਖੀਆਂ ਨੇ ਪਵਿੱਤਰ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਾਹਮਣੇ ਖੜੇ ਹੋ ਕੇ ਆਪਣੀ ਮੁਹਿੰਮ ਵਿਚ ਸਫਲਤਾ ਲਈ ਅਰਦਾਸ ਕੀਤੀ। ਉਨ੍ਹਾਂ ਨੇ ਲਾਹੌਰ 'ਤੇ ਹਮਲਾ ਕੀਤਾ। ਉਸ ਵੇਲੇ ਅਮੀਰ ਮਹੁੰਮਦ ਖਾਨ ਲਾਹੌਰ ਦਾ ਸੂਬੇਦਾਰ ਸੀ, ਦੁਰਾਨੀ ਸੂਬੇਦਾਰ ਅਬੀਦ ਖਾਨ ਤੇ ਜਿੱਤ ਪ੍ਰਾਪਤ ਕਰਨ ਉਪਰੰਤ ਉਹ ਅੰਮ੍ਰਿਤਸਰ ਵਿਚ ਇਕੱਠੇ ਹੋਏ, ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਸਰਬੱਤ ਖਾਲਸੇ ਦੀ ਬੈਠਕ ਬੁਲਾਈ। ਅਦੀਨਾ ਬੇਗ ਦੀ ਮੌਤ ਹੋ ਗਈ ਤਾਂ ਸਿੱਖਾਂ ਨੇ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਤੇ ਕਬਜ਼ਾ ਕਰ ਲਿਆ। ਅਹਿਮਦਸ਼ਾਹ ਅਬਦਾਲੀ ਮਰਾਠਿਆਂ ਨਾਲ ਆਪਣਾ ਹਿਸਾਬ ਬਰਾਬਰ ਕਰਨਾ ਚਾਹੁੰਦਾ ਸੀ ਤਾਂ ਉਸਨੇ 1761 ਵਿਚ ਪਾਣੀਪੱਤ ਦਾ ਤੀਸਰਾ ਯੁੱਧ ਲੜਦੇ

ਹੋਏ ਭਾਰਤ ਵਿਚ ਇੱਕ ਸਾਲ ਰਿਹਾ। 1761 ਵਿਚ ਜਦੋਂ ਅਬਦਾਲੀ ਵਾਪਸ ਜਾ ਰਿਹਾ ਸੀ ਸਿੱਖਾਂ ਨੇ ਉਸਦੀ ਸੈਨਾ ਤੇ ਹਮਲਾ ਕੀਤਾ ਅਤੇ ਉਸਨੂੰ ਲੁੱਟ ਲਿਆ।

**ਸਿੱਖਾਂ ਦੀਆਂ ਜਿੱਤਾਂ ਬਾਰੇ ਸੁਣ ਕੇ ਅਹਿਮਦਸ਼ਾਹ ਨੇ ਦੁਬਾਰਾ 1762 ਵਿਚ ਭਾਰਤ ਤੇ ਹਮਲਾ ਕੀਤਾ ਅਤੇ ਫਰਵਰੀ 1762 ਵਿਚ ਸਿੱਖਾਂ ਨੂੰ ਲੁਧਿਆਣਾ ਦੇ ਨੇੜੇ ਮਲੇਰਕੋਟਲੇ ਕੋਲ ਕੁੱਪ ਕਲਾਂ ਦੇ ਸਥਾਨ ਤੇ ਘੇਰ ਲਿਆ। ਇਸ ਘਟਨਾ ਨੂੰ ਘੱਲੂਘਾਰਾ ਜਾਂ ਵੱਡਾ ਸੰਘਰਸ਼ ਕਿਹਾ ਜਾਂਦਾ ਹੈ।** ਅੰਦਾਜ਼ੇ ਅਨੁਸਾਰ ਇਸ ਵਿਚ ਉਨ੍ਹਾਂ ਦੇ ਲਗਭਗ 10 ਹਜ਼ਾਰ ਸਿੱਖ ਮਾਰੇ ਗਏ।[18] ਵਿਸਾਖੀ ਦਾ ਤਿਉਹਾਰ ਨੇੜੇ ਆ ਰਿਹਾ ਸੀ ਅਤੇ ਅਹਿਮਦਸ਼ਾਹ ਅਬਦਾਲੀ ਅੰਮ੍ਰਿਤਸਰ ਪਹੁੰਚ ਗਿਆ ਜਿਥੇ ਉਸਨੇ ਸ਼ਿਕਾਰ ਅਤੇ ਦਿਲਪ੍ਰਚਾਵੇ ਵਿਚ ਕਈ ਦਿਨ ਗੁਜ਼ਾਰੇ। ਉਸਨੇ ਆਪਣੇ ਰਹਿਣ ਦਾ ਸੰਕੇਤ , ਜਿਵੇਂ ਕਿ ਉਮੀਦ ਹੀ ਸੀ, ਲੋਕਾਂ ਉਪਰ ਅਤਿੱਆਚਾਰ ਕਰ ਕੇ ਦਿੱਤਾ। ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਨੂੰ ਨਸ਼ਟ ਕਰ ਦਿੱਤਾ ਅਤੇ ਪਵਿੱਤਰ ਸਰਵੋਰ ਨੂੰ ਅਪਵਿੱਤਰ ਕਰ ਦਿੱਤਾ। ਕਤਲ ਹੋਏ ਲੋਕਾਂ ਦੇ ਸਿਰਾਂ ਦੀਆਂ ਖੋਪੜੀਆਂ ਨਾਲ ਬਹੁਤ ਸਾਰੇ ਮੀਨਾਰ ਬਣਾਏ ਗਏ ਅਤੇ ਪ੍ਰਮੁੱਖ ਮਸਜਿਦਾਂ ਦੀਆਂ ਕੰਧਾਂ ਨੂੰ ਆਪਣੇ ਕਾਫ਼ਰ ਕਹੇ ਜਾਂਦੇ ਦੁਸ਼ਮਣਾਂ ਦੇ ਖ਼ੂਨ ਨਾਲ ਸਾਫ ਕੀਤਾ ਗਿਆ।[19] ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਦੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਨਸ਼ਟ ਕੀਤਾ ਜਾ ਰਿਹਾ ਸੀ ਤਾਂ ਇਕ ਇੱਟ ਅਤੇ ਚੂਨੇ ਦਾ ਟੁਕੜਾ ਉਡਦੇ ਹੋਏ ਉਸਦੇ ਨੱਕ ਤੇ ਵੱਜਾ ਅਤੇ ਉਸਨੂੰ ਜ਼ਖਮੀ ਕਰ ਦਿੱਤਾ। 1763 ਵਿਚ ਅਹਿਮਦ ਸ਼ਾਹ ਅਬਦਾਲੀ ਆਪਣੇ ਦੇਸ਼ ਵਿਚ ਖੁਰਾਸਾਨ ਦੇ ਵਿਦਰੋਹ ਕਾਰਨ ਰੁਝਿਆ ਰਿਹਾ ਅਤੇ ਉਹ ਭਾਰਤ ਵੱਲ ਧਿਆਨ ਨਾ ਦੇ ਸਕਿਆ। ਸਿੱਖ ਦਿਵਾਲੀ ਵਾਲੇ ਦਿਨ ( ਨਵੰਬਰ 4, 1763) ਅੰਮ੍ਰਿਤਸਰ ਵਿਖੇ ਇਕੱਠੇ ਹੋਏ ਤੇ ਉਨ੍ਹਾਂ ਨੇ ਆਪਣੇ ਪਵਿੱਤਰ ਸਥਾਨ ਦੀ ਬਹਾਲੀ ਦਾ ਸੰਕਲਪ ਕੀਤਾ [20]। ਉਨ੍ਹਾਂ ਨੇ ਸਰਹਿੰਦ ਤੇ ਹਮਲਾ ਕੀਤਾ, ਅਤੇ ਆਖੀਰ ਵਿਚ ਫਰਵਰੀ,1764 ਵਿਚ ਲਾਹੌਰ ਤੇ ਕਬਜ਼ਾ ਕਰ ਲਿਆ।[21]

1764 ਵਿਚ ਫਿਰ ਅਹਿਮਦਸ਼ਾਹ ਨੇ ਸਿੱਖਾਂ ਦੀ ਤਾਕਤ ਨੂੰ ਕੁਚਲਣ ਦਾ ਫੈਸਲਾ ਕੀਤਾ ਅਤੇ ਥੋੜੀ ਜਿਹੀ ਫੌਜ ਨਾਲ ਅੰਮ੍ਰਿਤਸਰ ਵੱਲ ਕੂਚ ਕੀਤਾ। ਮੀਰ ਨਾਸਿਰ ਖਾਂ, ਬਲੋਚ ਮੁਖੀ ਦੇ ਸ਼ਾਗਿਰਦ ਕਾਜ਼ੀ ਨੂਰ ਮੁਹੰਮਦ ਅਨੁਸਾਰ 1 ਦਸੰਬਰ,1764 ਨੂੰ ਅਹਿਮਦਸ਼ਾਹ ਦੀ ਫੌਜ ਸਿੱਖਾਂ ਦੇ ਸ੍ਰੀ ਹਰਿਮੰਦਰ ਸਾਹਿਬ ਵਿਚ ਦਾਖਲ ਹੋਈ। ਇਸ ਸਮੇਂ ਅੰਦਰ ਤੀਹ ਦੇ ਕਰੀਬ ਸਿੱਖ (ਅਕਾਲ ਤਖਤ ਦੇ ਬੁੰਗੇ ਵਿਚ ) ਸਨ [22]। ਇਸ ਸਮਰੱਪਤ ਜੱਥੇ ਦੇ ਤਿੰਨ ਹੋਰ ਸਿੱਖਾਂ ਦੇ ਨਾਂ ਹਨ-ਮਾਨ ਸਿੰਘ, ਬਸੰਤ ਸਿੰਘ ਅਤੇ ਨਿਹਾਲ ਸਿੰਘ। ਭਾਈ ਗੁਰਬਖਸ਼ ਸਿੰਘ ਸ਼ਹੀਦ ਦੇ ਜੱਥੇ ਦੇ ਇਹ ਯੋਧੇ ਅਫਗਾਨਾਂ ਅਤੇ ਬਲੋਚੀਆਂ ਵਿਰੁੱਧ ਲੜਨ ਲਈ ਨਿੱਡਰ ਹੋ ਕੇ ਕੁੱਦ ਪਏ। ਉਨ੍ਹਾਂ ਨੂੰ ਨਾ ਤਾਂ ਕਤਲ ਹੋਣ ਦਾ ਡਰ ਸੀ ਅਤੇ ਨਾ ਹੀ ਮੌਤ ਦਾ ਖੌਫ। ਉਹ ਫੌਜ ਨਾਲ ਹੱਥੋ-ਪਾਈ ਹੋਏ, ਆਪਣਾ ਖ਼ੂਨ ਬਹਾਇਆ ਅਤੇ ਆਪਣੇ ਗੁਰੂ ਸਥਾਨ ਤੋਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਦੀ ਕੁਰਬਾਨੀ ਦੀ ਯਾਦ ਵਿਚ ਅਕਾਲ ਤਖਤ ਦੇ ਨੇੜੇ ਬਾਅਦ ਵਿਚ 'ਸ਼ਹੀਦ ਗੰਜ' ਦਾ ਨਿਰਮਾਣ ਕੀਤਾ ਗਿਆ। ਅਹਿਮਦਸ਼ਾਹ ਨੇ ਆਪਣੇ ਆਦਮੀ ਸਿੱਖਾਂ ਨੂੰ ਲੱਭਣ ਲਈ ਅੱਗੇ ਭੇਜੇ ਪਰ ਉਹ ਨਾ ਮਿਲੇ ਅਤੇ ਸ਼ਾਹ ਵਾਪਸ ਲਾਹੌਰ ਪਰਤ ਗਿਆ। ਸਿੱਖਾਂ ਨੇ 1765 ਵਿਚ ਵਿਸਾਖੀ ਦਾ ਤਿਉਹਾਰ ਅੰਮ੍ਰਿਤਸਰ ਵਿਚ ਮਨਾਇਆ ਅਤੇ ਗੁਰਮੱਤੇ ਰਾਹੀਂ ਲਾਹੌਰ ਨੂੰ ਆਪਣੇ ਕਬਜ਼ੇ ਵਿਚ ਲੈਣ ਦਾ ਫੈਸਲਾ ਕੀਤਾ। ਉਨ੍ਹਾਂ ਨੇ

ਉਪਰੀ ਮੈਦਾਨ ਵਿਚ ਕਰਨਾਲ ਤੋਂ ਜੇਹਲਮ ਦੇ ਕੰਢੇ ਤੱਕ ਕਬਜ਼ਾ ਕਰ ਲਿਆ ਸੀ। 1764 ਵਿਚ ਸਿੱਖਾਂ ਵਲੋਂ ਸ੍ਰੀ ਹਰਿਮੰਦਰ ਸ਼ਾਹਿਬ ਦੀ ਮੁੜ ਉਸਾਰੀ ਕੀਤੀ ਗਈ ਅਤੇ 1765 ਵਿਚ ਪਹਿਲੀ ਵਾਰ ਸਿੱਕੇ ਘੜੇ ਗਏ ਜਿਨ੍ਹਾਂ ਉਪਰ ਗੁਰੂ ਨਾਨਕ ਦੇਵ ਜੀ ਦਾ ਰੂਪ ਚਿੱਤਰ ਅਤੇ ਗੁਰੂ ਗੋਬਿੰਦ ਸਿੰਘ ਵੀ ਮੋਹਰ ਦੀ ਲਿਖਤ "ਦੇਗ ਤੇਗ ਫਤਹਿ" ਉੱਕਰੀ ਹੋਈ ਸੀ [23]। ਅਗਲੇ ਦੋ ਸਾਲਾਂ ਦੌਰਾਨ ਸਿੱਖਾਂ ਨੂੰ ਕਿਸੇ ਨੇ ਨਾ ਛੇੜਿਆ। 1767 ਵਿਚ ਅਹਿਮਦਸ਼ਾਹ ਨੇ ਭਾਰਤ ਉਪਰ ਆਖਰੀ ਵਾਰ ਹਮਲਾ ਕੀਤਾ। ਕਿਹਾ ਜਾਂਦਾ ਹੈ ਕਿ ਅਹਿਮਦਸ਼ਾਹ ਦਾ ਮੁਕਾਬਲਾ ਕਰਨ ਲਈ ਅੰਮ੍ਰਿਤਸਰ ਵਿਚ 120000/- ਸਿੱਖ ਇਕੱਠੇ ਹੋਏ। ਪਰ ਅਬਦਾਲੀ ਉਸ ਵੇਲੇ ਸ਼ਾਇਦ ਉਨ੍ਹਾਂ ਨਾਲ ਲੜਨ ਵਿਚ ਸਮਰੱਥ ਨਹੀਂ ਸੀ। ਜਿਉਂ ਹੀ ਉਹ ਵਾਪਸ ਮੁੜਿਆ, ਸਿੱਖ ਆਪਣੀ ਪੂਰੀ ਤਾਕਤ ਨਾਲ ਆ ਗਏ। ਉਨ੍ਹਾਂ ਨੇ ਲਾਹੌਰ ਉਪਰ ਆਪਣਾ ਪੂਰਾ ਕਬਜ਼ਾ ਕਰ ਲਿਆ।

ਅਠਾਰ੍ਹਵੀਂ ਸਦੀ ਵਿਚ ਪੰਜਾਬ ਦੇ (ਅੰਮ੍ਰਿਤਸਰ ਸਮੇਤ, ਜਿਸਦੀ ਮੁਸਲਮਾਨਾਂ ਨਾਲ ਲੜਨ ਵਿਚ ਰੁੱਝੇ ਸਿੱਖਾਂ ਲਈ ਬੜੀ ਅਹਿਮੀਅਤ ਸੀ) ਆਮ ਹਾਲਾਤ ਰਾਜਸੀ ਅਸਥਿਰਤਾ ਵਾਲੇ ਸਨ। ਅੰਮ੍ਰਿਤਸਰ ਨੇ ਹਮਲਾਵਰਾਂ, ਜੋ ਉਥੋਂ ਦੇ ਰਹਿਣ ਵਾਲੇ ਲੋਕਾਂ ਦੇ ਦਿਲਾਂ ਵਿਚ ਦਹਿਸ਼ਤ ਫੈਲਾਉਂਦੇ ਸਨ, ਦੇ ਹੱਥੋਂ ਬਹੁਤ ਨੁਕਸਾਨ ਉਠਾਇਆ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਅਤਿੱਆਚਾਰ ਦਾ ਸ਼ਿਕਾਰ ਬਣ ਕੇ ਮਰੇ। ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਮੌਤ ਦਾ ਮੁਕਾਬਲਾ ਬੜੀ ਦਲੇਰੀ ਨਾਲ ਕੀਤਾ। ਦਿਵਾਲੀ ਦੇ ਮੌਕੇ ਹਰ ਸਾਲ ਅੰਮ੍ਰਿਤਸਰ ਵਿਖੇ ਸਰਬੱਤ ਖਾਲਸੇ [24] ਦੀ ਇਸ ਉਮੀਦ ਤੇ ਵਿਸ਼ਵਾਸ ਨਾਲ ਇਕੱਤਰਤਾ ਹੁੰਦੀ ਕਿ ਉਥੇ ਇਕੱਠੇ ਹੋਣ ਵਾਲੇ ਮੁਖੀਆਂ ਦੇ ਮਨਾਂ ਵਿਚ ਧਾਰਮਿਕ ਕਰਤੱਵਾਂ ਦੀ ਪਾਲਣਾ ਅਤੇ ਪਵਿੱਤਰ ਸਥਾਨ ਵਲੋਂ ਪੈਦਾ ਕੀਤੀ ਨਿਮਰਤਾ ਦੀ ਭਾਵਨਾ ਨਾਲ, ਸਵਾਰਥ ਦੀ ਭਾਵਨਾ ਖਤਮ ਹੋਵੇਗੀ ਅਤੇ ਭਰਾਤਰੀ ਭਾਵ ਪੈਦਾ ਹੋਵੇਗਾ।

ਜਦੋਂ ਅਫਗਾਨੀ ਤੂਫਾਨ ਸਾਡੀ ਧਰਤੀ ਤੋਂ ਵਾਪਸ ਲੰਘ ਗਿਆ ਅਸੀਂ ਵੇਖ ਸਕਦੇ ਸੀ ਕਿ ਤਬਾਹੀ, ਕਤਲੇਆਮ ਅਤੇ ਵਕਤ ਦੀ ਬੇ ਯਕੀਨੀ ਦੇ ਉਲਟ, ਸਾਰੀ ਉਸਾਰੀ ਸ਼ਕਤੀ ਅਤੇ ਸਟੀਲ ਵਰਗੇ ਮਜ਼ਬੂਤ ਇਰਾਦੇ ਨਾਲ ਤਬਾਹ ਹੋਏ ਸ਼ਹਿਰ ਅਤੇ ਇਸ ਵਿਚਲੇ ਹਰਿਮੰਦਰ ਦੀ ਮੁੜ ਉਸਾਰੀ ਕੀਤੀ ਗਈ। ਬੇਸ਼ੱਕ ਕੁੱਝ ਵੀ ਹੋਵੇ, ਇਹ ਸਿਖਾਂ ਦੇ ਵਿਸ਼ਵਾਸ ਦੇ ਚਿੰਨ੍ਹ ਸੀ ਜਿਸ ਕਾਰਨ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਅਰੰਭੀ ਗਈ। ਇਹ ਅਸੀਂ ਜਾਣਦੇ ਹਾਂ ਕਿ ਹਰਿਮੰਦਰ ਸਾਹਿਬ ਨੂੰ ਕਿੰਨੀ ਵਾਰ ਢਾਹਿਆ ਗਿਆ, ਪਰ ਸਿੱਖ ਦੁਬਾਰਾ ਇਸ ਦੀ ਉਸਾਰੀ ਵਿਚ ਜੁਟ ਗਏ। ਅਸੀਂ ਸਿਖਾਂ ਨੂੰ ਉਨ੍ਹਾਂ ਦੀ ਹਾਰ ਤੋਂ ਪੂਰੀ ਸ਼ਕਤੀ ਨਾਲ ਉਭਰਨ ਦੀ ਕੋਸ਼ਿਸ਼, ਕਤਲੇਆਮ ਵਿਰੁਧ ਹੌਸਲੇ ਅਤੇ ਸ਼ਾਨਦਾਰ ਅਵਸਥਾ ਵਿਚ ਵੇਖਦੇ ਹਾਂ।

## ਹਵਾਲੇ ਤੇ ਟਿੱਪਣੀਆਂ


1. ਵਿਲੀਅਮ ਇਰਵਿਨ, ਲੇਟਰ ਮੁਗਲਜ਼,ਭਾਗ-1 ਪੰਨੇ 315-16.
2. ਉਕਤ-ਪੰਨਾ 317.
3. ਜ਼ਕਰੀਆ ਖਾਨ ਉਸਦਾ ਨਾਮ ਅਤੇ ਖਾਨ ਬਹਾਦਰ ਉਸਦਾ ਖਿਤਾਬ ਸੀ।

4. ਪੰਥ ਪ੍ਰਕਾਸ਼ (ਪ੍ਰਕਾਸ਼ਨ 1923, ਪੰਨਾ 530-35)
5. ਡਬਲਿਯੂ .ਐਲ .ਐਮ ਗਰੈਗਰ, ਦੀ ਹਿਸਟਰੀ ਆਫ ਦੀ ਸਿੱਖਸ
6. ਮੈਲਕਮ, ਸਕੈੱਚ ਆਫਦੀ ਸਿੱਖਸ, ਪੰਨੇ 86-88, ਵੇਖੋ ਇਰਵਿਨ ਨੇਟਰ ਮੁਗਲਜ਼, ਭਾਗ-2, ਪੰਨਾ 376.
7. ਮੈਲਕਮ, ਉਕਤ, ਪੰਨਾ 376.
8. ਸ਼ਾਹ ਨਵਾਜ਼, ਨਾਦਿਰ ਸ਼ਾਹ ਦੁਆਰਾ ਹਿਯਾਤੁੱਲਾ ਨੂੰ ਦਿੱਤਾ ਗਿਆ ਖਿਤਾਬ ਸੀ,ਜਿਸ ਦਾ ਉਸਨੇ ਪਰਸ਼ੀਆਂ ਜਾਂਦੇ ਹੋਏ ਸਿੰਧ ਦੇਲਰਖਾਲ ਤੱਕ ਸਾਥ ਦਿੱਤਾ ਸੀ।
9. ਜਾਦੂ ਨਾਥ ਸਰਕਾਰ, ਫਾਲ ਆਫ ਦਾ ਮੁਗਲ ਇਮਪਾਇਰ, ਭਾਗ-1,ਪੰਨੇ 106-9
10. ਐਨ. ਕੇ. ਸਿਨਹਾ, ਰਾਈਜ ਆਫ ਦੀ ਸਿੱਖ ਪਾਵਰ, ਪੰਨਾ-13.
11. ਜੇ.ਡੀ. ਕਨਿੰਘਮ, ਹਿਸਟਰੀ ਆਫ ਸਿੱਖਸ, ਪੰਨਾ-13.
12. ਸਰਕਾਰ, ਉਹੀ, ਪੰਨਾ 241
13. ਜਾਦੂ ਨਾਥ ਸਰਕਾਰ, ਫਾਲ ਆਫ ਦੀ ਮੁਗਲ ਇਮਪਾਇਰ, ਭਾਗ-2. ਪੰਨਾ 48.
14. ਡਾ.ਐਚ ਆਰ ਗੁਪਤਾ, ਸਟੱਡੀਜ਼ ਇਨ ਲੇਟਰ ਮੁਗਲ ਹਿਸਟਰੀ ਆਫ ਦੀ ਪੰਜਾਬ , ਪੰਨਾ 97.
15. -ਉਕਤ-ਪੰਨਾ 101.
16. ਸਰਕਾਰ, ਉਹੀ, ਭਾਗ-2, ਪੰਨਾ 352.
17. ਐਨ. ਕੇ. ਸਿਨਹਾ, ਰਾਈਜ਼ ਆਫ ਦੀ ਸਿੱਖ ਪਾਵਰ, ਪੰਨਾ 29.
18. ਸਰਕਾਰ, ਫਾਲ ਆਫ ਦੀ ਮੁਗਲ ਇੰਮਪਾਇਰ, ਭਾਗ-2, ਪੰਨਾ 255. ਡਾ. ਐਨ. ਕੇ. ਸਿਨਹਾ ਨੇ ਮੂਰੇ ਵਲੋਂ ਦਰਸਾਹੀ ਮਾਰਨ ਵਾਲਿਆਂ ਦੀ ਗਿਣਤੀ 12000 ਨੂੰ ਠੀਕ ਮੰਨਿਆ ਹੈ।
19. ਜਾਰਜ ਫਾਸਟਰ ਨੇ ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ, ਭਾਗ-1 ਪੰਨੇ 277-78 ਵਿਚ ਇਕ ਅਸਪਸ਼ਟ ਜਿਹਾ ਵਿਵਰਣ ਦਿੱਤਾ ਹੈ। ਵੇਖੋ ਸਰਕਾਰ, ਉਹੀ, ਭਾਗ-2, ਪੰਨਾ 356.
20. ਸਰਕਾਰ, ਉਹੀ, ਭਾਗ-2, ਪੰਨਾ 359.
21. - ਉਕਤ - ਪੰਨਾ 360.
22. - ਉਕਤ - ਪੰਨਾ 363
23. ਇਹ ਖਿਆਲ ਕੀਤਾ ਜਾਂਦਾ ਹੈ ਕਿ ਤੈਮੂਰ ਸ਼ਾਹ ਅਤੇ ਜਹਾਨ ਸ਼ਾਹ ਦੇ ਕੱਢੇ ਜਾਣ ਤੋਂ ਬਾਅਦ ਸਿੱਖਾਂ ਨੇ 1758 ਵਿਚ ਪਹਿਲੀ ਵਾਰ ਸਿੱਕੇ ਕੱਢੇ। ਇਨ੍ਹਾਂ ਸਿੱਕਿਆਂ ਉਪਰ ਹੇਠ ਲਿਖੀ ਲਿਖਤ ਸੀ, "ਜੱਸਾ ਸਿੰਘ ਵਲੋਂ ਜਿੱਤੇ ਅਹਿਮਦ ਦੇ ਦੇਸ਼ ਵਿਚ ਖਾਲਸਾ ਜੀ ਦੀ ਸ਼ਾਨ ਦੇ ਸਿੱਕੇ"। ਡਾ. ਐਚ ਆਰ ਗੁਪਤਾ ਦੀ ਇਸ ਪਹਿਲੇ ਸਿੱਕੇ ਬਾਰੇ ਆਪਣੀ ਤਰੀਕ ਨਵੰਬਰ 1761 ਹੈ।(ਡਾ.ਐਚ ਆਰ ਗੁਪਤਾ, ਸਟੱਡੀਜ਼ ਇਨ ਲੇਟਰ ਮੁਗਲ ਹਿਸਟਰੀ ਆਫ ਦੀ ਪੰਜਾਬ , ਪੰਨਾ 313) ਦੂਸਰੇ ਪਾਸੇ ਡਾ. ਐਨ. ਕੇ ਸਿਨਹਾ ਮੰਨਦਾ ਹੈ ਕਿ ਸਿੱਕਿਆਂ ਦੀ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਸਿੱਕੇ ਕਾਨੂੰਨੀ ਤੌਰ ਤੇ ਸੁਤੰਤਰ ਸਿੱਖ ਰਾਜ ਦਾ ਨਤੀਜਾ ਸਨ।(ਐਨ. ਕੇ. ਸਿਨਹਾ, ਰਾਈਜ਼ ਆਫ ਦੀ ਸਿੱਖ ਪਾਵਰ, ਪੰਨਾ 54-56)
24. ਐਨ. ਕੇ. ਸਿਨਹਾ, ਰਾਈਜ਼ ਆਫ ਦੀ ਸਿੱਖ ਪਾਵਰ, ਪੰਨਾ 47.

## ਅਧਿਆਇ - ਤੀਜਾ

# ਮਿਸਲਾਂ ਅਤੇ ਰਣਜੀਤ ਸਿੰਘ

ਮੁਗਲ ਸਾਮਰਾਜ ਦੇ ਪਤਨ ਤੋਂ ਬਾਅਦ ਉਹ ਇਲਾਕਾ, ਜਿਸ ਵਿਚ ਹੁਣ ਅੰਮ੍ਰਿਤਸਰ ਜ਼ਿਲ੍ਹਾ ਸ਼ਾਮਲ ਹੈ, ਹੌਲੀ ਹੌਲੀ ਸ਼ਕਤੀਸ਼ਾਲੀ ਸਿੱਖ ਮੁਖੀਆਂ ਦੇ ਕਬਜ਼ੇ ਹੇਠ ਆ ਗਿਆ। ਉਨ੍ਹਾਂ ਦੇ ਅਧੀਨ ਇਲਾਕੇ ਦਾ ਨਾਂ ਉਨ੍ਹਾਂ ਦੇ ਪਿੰਡਾਂ ਦੇ ਨਾਵਾਂ ਨਾਲ ਮਸ਼ਹੂਰ ਹੋਏ ਜਿਵੇਂ ਰਾਮਗੜ੍ਹੀਆ, ਆਹਲੂਵਾਲੀਆ, ਕੁਝ ਖੇਤਰ ਉਥੋਂ ਦੇ ਲੋਕਾਂ ਦੀਆਂ ਆਦਤਾਂ ਦੇ ਨਾਵਾਂ ਤੋਂ ਜਾਣੇ ਜਾਂਦੇ ਸਨ ਜਿਵੇਂ ਭੰਗ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਇਲਾਕੇ ਨੂੰ ਭੰਗੀ ਕਿਹਾ ਜਾਂਦਾ ਸੀ, ਕੁਝ ਹਲਕੇ ਉਥੋਂ ਦੇ ਲੋਕਾਂ ਦੇ ਕੰਮ ਧੰਦੇ ਜਾਂ ਉਥੇ ਰਹਿੰਦੀ ਮੁੱਖ ਜਾਤ ਦੇ ਨਾਵਾਂ ਤੋਂ ਜਾਣੇ ਜਾਂਦੇ ਸਨ। ਹਰੇਕ ਸਰਦਾਰ ਦੇ ਕਬਜ਼ੇ ਹੇਠਲੇ ਫੌਜੀ ਸੰਘ ਕਿਸਮ ਦੇ ਇਲਾਕੇ ਨੂੰ ਮਿਸਲ [1] ਕਿਹਾ ਜਾਂਦਾ ਸੀ, ਮਿਸਲ ਦੇ ਮੁਖੀ ਦੀ ਨਿਯੁਕਤੀ ਸਮੇਂ ਸਮੇਂ ਤੇ ਖਾਲਸੇ ਦੀ ਮਰਜ਼ੀ ਨਾਲ ਕੀਤੀ ਜਾਂਦੀ ਸੀ। ਮੁਖੀਆਂ ਨੇ ਆਪਣੀ ਜਾਨ ਮਾਲ ਦੀ ਸੁੱਰਖਿਆ ਲਈ ਕਿਲ੍ਹੇ ਅਤੇ ਗੜ੍ਹ ਬਣਵਾਏ, ਜੋ ਮੁਸਲਮਾਨਾਂ ਦੇ ਅਚਾਨਕ ਹਮਲਿਆਂ ਕਾਰਨ ਸੁੱਰਖਿਅਤ ਸਮਝੇ ਜਾਂਦੇ ਸੀ, ਉਨ੍ਹਾਂ ਦੀ ਸੈਨਾ ਵਿਚ ਕਿਸਾਨ ਜੱਟਾਂ ਦੀ ਗਿਣਤੀ ਵਧੇਰੇ ਹੁੰਦੀ ਸੀ। ਹਰੇਕ ਮਿਸਲ ਸੁਤੰਤਰ ਰੂਪ ਵਿਚ ਕੰਮ ਕਰਦੀ ਸੀ, ਜੇ ਮਸਲੇ ਤੇ ਰਾਜਨੀਤਿਕ ਵਿਚਾਰ ਦੀ ਲੋੜ ਹੁੰਦੀ ਸੀ ਤਾਂ ਮਿਸਲਾਂ ਦੇ ਮੁਖੀਆਂ ਦੀ ਇਕ ਇਕੱਤਰਤਾ ਹੁੰਦੀ ਸੀ ਜਿਸ ਨੂੰ ਸਰਬੱਤ ਖਾਲਸਾ ਕਿਹਾ ਜਾਂਦਾ ਸੀ, ਜੋ ਸਾਲ ਵਿਚ ਦੋ ਵਾਰ ਵਿਸਾਖੀ ਅਤੇ ਦਿਵਾਲੀ ਦੇ ਤਿਉਹਾਰਾਂ ਤੇ ਅੰਮ੍ਰਿਤਸਰ ਵਿਖੇ ਬੁਲਾਇਆ ਜਾਂਦਾ ਸੀ, ਜਿਸ ਵਿਚ ਸਰੋਵਰ ਵਿਚ ਇਸ਼ਨਾਨ ਕਰਨ ਤੋਂ ਬਾਅਦ ਆਮ ਮਾਮਲਿਆਂ ਅਤੇ ਯੋਜਨਾਵਾਂ ਉਪਰ ਖੁੱਲ੍ਹ ਕੇ ਵਿਚਾਰ ਵਟਾਂਦਰਾ ਅਤੇ ਬਹਿਸ ਕੀਤੀ ਜਾਂਦੀ ਸੀ। ਸਾਂਝੇ ਮਿਸ਼ਨਾਂ ਵਿਚ ਇਕੱਠੀ ਹੋਈ ਰਕਮ ਬਾਰੇ ਸਭਾ ਵਿਚ ਦੱਸਿਆ ਜਾਂਦਾ ਸੀ ਅਤੇ ਇਸ ਨੂੰ ਮੁਖੀਆਂ ਵਿਚਕਾਰ ਉਨ੍ਹਾਂ ਦੀ ਸੈਨਾ ਦੀ ਗਿਣਤੀ ਦੇ ਹਿਸਾਬ ਨਾਲ ਵੰਡਿਆ ਜਾਂਦਾ, ਉਹ ਅੱਗੋਂ ਇਸ ਰਕਮ ਨੂੰ ਆਪਣੇ ਸਿਪਾਹੀਆਂ ਵਿਚ ਵੰਡ ਦਿੰਦੇ, ਜੋ ਕਦੇ ਵੀ ਕਿਸੇ ਅਸੰਤੁਸ਼ਟਤਾ ਕਾਰਨ ਜਾਂ ਹੋਰ ਕਾਰਨਾਂ ਕਰਕੇ ਉਨ੍ਹਾਂ ਦੀ ਸੇਵਾ ਛੱਡ ਕੇ ਕਿਸੇ ਹੋਰ ਮੁਖੀ ਦੀ ਸੇਵਾ ਵਿਚ ਜਾਣ ਤੋਂ ਝਿਜਕ ਮਹਿਸੂਸ ਕਰਨ [2]। ਜਦੋਂ ਕਦੇ ਕੋਈ ਗੰਭੀਰ ਸਮਾਜਕ ਜਾਂ ਧਾਰਮਿਕ ਸਮੱਸਿਆ ਉਤਪੰਨ ਹੁੰਦੀ ਤਾਂ ਸਬੰਧਤ ਧਿਰਾਂ ਨੂੰ ਸਰੱਬਤ ਖਾਲਸੇ ਦੇ ਸਾਹਮਣੇ ਬੁਲਾਇਆ ਜਾਂਦਾ ਤੇ ਉਨ੍ਹਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਾਹਮਣੇ ਸਹੁੰ ਚੁੱਕਣ ਲਈ ਕਿਹਾ ਜਾਂਦਾ ਅਤੇ ਲੋੜੀਂਦਾ ਨਿਆਂ ਕੀਤਾ ਜਾਂਦਾ ਸੀ। ਜੇਕਰ ਬਹੁਤ ਸਾਰੇ ਮੁਖੀ ਕਿਸੇ ਇਕ ਮਸਲੇ ਤੇ ਇਕੱਠੇ ਹੋ ਜਾਣ ਤਾਂ ਉਨ੍ਹਾਂ ਦੀਆਂ ਫੌਜਾਂ ਨੂੰ ਦਲ ਖਾਲਸਾ ਕਿਹਾ ਜਾਂਦਾ ਸੀ। ਰਾਸ਼ਟਰੀ ਕੌਂਸਿਲ, ਜੋ ਅੰਮ੍ਰਿਤਸਰ ਵਿਖੇ ਸਥਾਪਤ ਕੀਤੀ ਗਈ ਸੀ, ਉਹ ਗ੍ਰਹਿ ਪ੍ਰਬੰਧ, ਅਤੇ ਵਿਦੇਸ਼ੀ ਮਾਮਲਿਆਂ ਵੱਲ ਧਿਆਨ ਦਿੰਦੀ ਸੀ ਤਾਂ ਜੋ ਦੇਸ਼ ਨੂੰ ਆਉਣ ਵਾਲੇ ਖਤਰਿਆਂ ਤੋਂ ਸੁਰੱਖਿਅਤ ਕੀਤਾ ਜਾਵੇ ਅਤੇ ਸੰਗਤ ਨੂੰ ਧਾਰਮਿਕ ਸਿੱਖਿਆ ਦੇਣ ਦਾ ਉਪਰਾਲਾ ਕੀ ਕੀਤਾ ਜਾ ਸਕੇ।

ਪੰਜਾਬ ਵਿਚ ਮਿਸਲਾਂ ਦਾ ਰਾਜ ਪੂਰੀ ਤਰ੍ਹਾਂ ਸਥਾਪਤ ਹੋ ਗਿਆ। 1767 ਤੋਂ 1773 ਤੱਕ ਸਿੱਖਾਂ ਨੇ ਆਪਦੇ ਰਾਜ ਵਿਚ ਪੂਰਬ ਵਿਚ ਸਹਾਰਨਪੁਰ ਤੋਂ ਪੱਛਮ ਵਿਚ ਅਟਕ ਤੱਕ, ਦੱਖਣ ਵਿਚ ਮੁਲਤਾਨ ਤੋਂ ਕਾਂਗੜਾ ਅਤੇ ਉਤਰ ਵਿਚ ਜੰਮੂ ਤੱਕ ਵਾਧਾ ਕੀਤਾ। ਜੇਮਜ਼ ਰੀਨਲ (1742-1830) ਬੰਗਾਲ ਦੇ ਸਰਵੇਅਰ ਜਨਰਲ ਦੀ ਖੋਜ ਅਨੁਸਾਰ ਲਾਹੌਰ, ਸਰਹਿੰਦ, ਕਰਨਾਲ, ਹਿਸਾਰ, ਲੁਧਿਆਣਾ ਅਤੇ ਮੁਲਤਾਨ 18ਵੀਂ ਸਦੀ ਦੇ ਸ਼ੁਰੂ ਤੱਕ ਪੰਜਾਬ ਦੇ ਪ੍ਰਮੁੱਖ ਸ਼ਹਿਰ ਸਨ, ਉਸ ਅਨੁਸਾਰ ਲਾਹੌਰ, ਇਕ ਨਵੀਂ ਸ਼ਕਤੀ, ਸਿੱਖਾਂ ਦੀ ਰਾਜਧਾਨੀ ਬਣਿਆ ਅਤੇ ਅੱਟਕ ਤੇ ਮੁਲਤਾਨ ਸਮੁੱਚੇ ਤੌਰ ਤੇ ਪੰਜਾਬ ਤੇ ਨਿਰਭਰ ਸੀ [3]।

ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਇਕ ਵੱਡੇ ਪਿੰਡ ਤੋਂ ਵੱਧ ਕੁਝ ਨਹੀਂ ਸੀ, ਮੁੱਖ ਤੌਰ ਤੇ ਸਿੱਖਾਂ ਦਾ ਇਕ ਪਵਿੱਤਰ ਸਥਾਨ, ਜਿਥੇ ਉਹ ਆਪਣੀਆਂ ਮਹੱਤਵਪੂਰਨ ਗਤੀਵਿਧੀਆਂ ਆਯੋਜਿਤ ਕਰਨ ਲਈ ਇਕੱਠੇ ਹੁੰਦੇ ਸਨ। ਮੁਸਲਮਾਨ ਸ਼ਾਸਕਾਂ ਨੂੰ ਭਾਰਤ ਵਿਚ ਚੁਣੌਤੀ ਹੁਣ ਪੰਜਾਬ ਵਿਚੋਂ ਹੀ ਸਿਰਫ ਸਿੱਖਾਂ ਦੁਆਰਾ ਮਿਲ ਰਹੀ ਸੀ। ਨਾਲ ਹੀ ਇਸਲਾਮ ਦੇ ਰਸਤੇ ਵਿਚ ਸਿੱਖ ਧਰਮ ਆ ਰਿਹਾ ਸੀ। ਸੋ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਉਨ੍ਹਾਂ ਦੀ ਸ਼ਕਤੀ ਦਾ ਸ੍ਰੋਤ ਮੰਨਿਆ ਅਤੇ ਇਥੇ ਹਮਲੇ ਕਰਨੇ ਆਰੰਭ ਕਰ ਦਿੱਤੇ। ਇਸ ਸਭ ਕੁਝ ਨੇ ਅੰਮ੍ਰਿਤਸਰ ਦੇ ਲੋਕਾਂ ਦੇ ਦਿਲਾਂ ਵਿਚ ਸਹਿਮ ਪੈਦਾ ਕਰ ਦਿੱਤਾ ਜੋ ਹਮਲਾਵਰਾਂ ਦੇ ਲੁੱਟ ਮਾਰ ਕਰਨ ਅਤੇ ਭਾਰੀ ਤਬਾਹੀ ਕਰਨ ਬਾਅਦ ਚਲੇ ਜਾਣ ਉਪਰੰਤ ਸੁਖ ਦਾ ਸਾਹ ਲੈਂਦੇ ਸਨ। ਇਸ ਸਮੇਂ ਦੌਰਾਨ ਵੱਖ ਵੱਖ ਮਿਸਲਾਂ ਦੇ ਮੁਖੀਆਂ ਨੇ ਸ਼ਹਿਰ ਦੇ ਵੱਖ ਵੱਖ ਖੇਤਰਾਂ, ਜਿਨ੍ਹਾਂ ਨੂੰ ਕੱਟੜਾ ਕਿਹਾ ਜਾਂਦਾ ਸੀ, ਵਿਚ ਆਪਣਾ ਪ੍ਰਭਾਵ ਕਾਇਮ ਕੀਤਾ ਅਤੇ ਆਪਣੇ ਆਪਣੇ ਖੇਤਰ ਵਿਚ ਨਾਗਰਿਕ ਪ੍ਰਸ਼ਾਸਨ ਸਥਾਪਤ ਕੀਤੇ। ਰਾਮਦਾਸਪੁਰ ਦੇ ਘੇਰੇ ਵਿਚ ਬਣਨ ਵਾਲਾ ਪਹਿਲਾ ਕੱਟੜਾ ਹਰੀ ਸਿੰਘ ਭੰਗੀ ਦਾ ਸੀ। ਜੈ ਸਿੰਘ ਕਨੱਈਆ ਦੁਆਰਾ ਸਥਾਪਿਤ ਕੱਟੜੇ ਨੂੰ ਕੱਟੜਾ ਕਨੱਈਆ ਕਿਹਾ ਜਾਣ ਲੱਗਾ। ਬਾਅਦ ਵਿਚ ਮਿਸਰ ਛੱਜੂ ਮੱਲ ਦੀ ਸਹਾਇਤਾ ਨਾਲ ਸਦਾ ਕੌਰ ਨੇ ਕੱਟੜਾ ਕਨੱਈਆ ਤੇ ਰਾਜ ਕੀਤਾ। ਜੈਮਲ ਸਿੰਘ ਨੇ ਇੱਕ ਹਵੇਲੀ ਦਾ ਨਿਰਮਾਣ ਕੀਤਾ ਸੀ, ਜਿਸਦੇ ਚਾਰੇ ਪਾਸੇ ਹੋਰ ਘਰ ਬਣੇ ਹੋਏ ਸਨ ਅਤੇ ਇਹ ਕੱਟੜੇ ਦਾ ਰੂਪ ਧਾਰਨ ਕਰ ਗਿਆ। ਇਸ ਕਟੜੇ ਦਾ ਸਰਦਾਰ ਜੈਮਲ ਸਿੰਘ ਨੇ ਪ੍ਰਬੰਧ ਸੰਭਾਲਿਆ। ਸਰਦਾਰ ਭਾਗ ਸਿੰਘ ਸੰਸਕ੍ਰਿਤ ਅਤੇ ਫਾਰਸੀ ਦੇ ਵਿਦਵਾਨ ਸਨ ਅਤੇ ਉਹ ਤੋਪਾਂ ਬਣਾਉਣ ਵਾਲਾ ਕੱਟੜਾ ਭੰਗੀਆਂ ਦਾ ਇੰਚਾਰਜ ਸੀ। ਕੱਟੜਾ ਰਾਮਗੜ੍ਹੀਆ ਅਤੇ ਕੱਟੜਾ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਨਵਾਬ ਜੱਸਾ ਸਿੰਘ ਆਹਲੂਵਾਲੀਆ, ਆਹਲੂਵਾਲੀਆ ਮਿਸਲ ਦੇ ਬਾਨੀ ਜੋ ਕਪੂਰਥਲਾ ਰਾਜ ਨਾਲ ਸਬੰਧਤ ਸੀ, ਦੇ ਪ੍ਰਬੰਧ ਅਧੀਨ ਸਨ। ਅਜਿਹਾ ਮੰਨਿਆ ਜਾਂਦਾ ਹੈ ਕਿ ਵਰਤਮਾਨ ਮਹਾਂ ਸਿੰਘ ਗੇਟ ਦੇ ਕੋਲ ਚੜ੍ਹਤ ਸਿੰਘ ਨੇ ਵੀ ਇਕ ਗੜ੍ਹੀ ਦਾ ਨਿਰਮਾਣ ਕਰ ਲਿਆ ਸੀ। ਅਨੇਕ ਸਿੱਖ ਸਰਦਾਰਾਂ ਨੇ ਆਪਣੇ ਆਪਣੇ ਕੱਟੜੇ ਸਥਾਪਿਤ ਕਰ ਲਏ ਸਨ। ਇਨ੍ਹਾਂ ਮੁਖੀਆਂ ਨੇ, ਸ੍ਰੀ ਹਰਿਮੰਦਰ ਸਾਹਿਬ ਦੇ ਦੁਆਲੇ ਬੁੰਗੇ, ਸੜਕਾਂ, ਕਿਲ੍ਹੇ ਅਤੇ ਬਾਜ਼ਾਰ ਬਣਵਾਏ। ਉਹ ਆਪਣੇ ਨਾਲ ਧੰਨ ਅਤੇ ਕਾਮੇ ਲੈ ਕੇ ਆਏ, ਹਰ ਕੱਟੜੇ ਵਿਚ ਆਪਣੇ ਨੁਮਾਇੰਦੇ ਦੇ ਤੌਰ ਤੇ ਇੱਕ ਚੌਧਰੀ ਨਿਯੁਕਤ ਕਰਦੇ ਅਤੇ ਜਿਸ ਕਾਰਨ ਹਰੇਕ ਸਿੱਖ ਸਰਦਾਰ ਨੇ ਆਪੋ ਆਪਣਾ ਖੁਦ-ਮੁਖਤਿਆਰ ਸ਼ਾਸਨ ਸਥਾਪਿਤ ਕਰ ਲਿਆ ਸੀ। ਸ਼ਹਿਰੀ ਸਾਰੀ ਕੰਧ ਵਾਲੀ ਆਬਾਦੀ ਵਿਚ ਸਿਰਫ ਇੱਕ ਮੁੱਖ

ਦਰਵਾਜ਼ਾ ਹੁੰਦਾ ਸੀ। ਹਰੇਕ ਕੱਟੜਾ ਆਪਣੇ ਨਿਵਾਸੀਆਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਦਾ ਸੀ। ਹਰ ਕੱਟੜੇ ਦਾ ਇੱਕ ਨਿੱਜੀ ਬਾਜ਼ਾਰ ਹੁੰਦਾ ਸੀ।

ਵੱਖ ਵੱਖ ਮਿਸਲਾਂ ਦੇ ਸਰਦਾਰ ਅਕਸਰ ਆਪਸ ਵਿਚ ਲੜਦੇ ਰਹਿੰਦੇ ਸਨ ਅਤੇ ਇਕ ਦੂਸਰੇ ਦੀ ਸ਼ਕਤੀ ਵਿਚ ਆਪਣਾ ਅਵਿਸ਼ਵਾਸ ਪ੍ਰਗਟਾਉਂਦੇ ਸਨ, ਪਰੰਤੂ ਜਦੋਂ ਉਹ ਮੁਸਲਮਾਨ ਸ਼ਾਸਕਾਂ ਵਿਰੁਧ ਲੜਨ ਲਈ ਆਪਣੀਆਂ ਯੋਜਨਾਵਾਂ ਉਪਰ ਵਿਚਾਰ ਵਟਾਂਦਰਾ ਕਰਨ ਸਬੰਧੀ ਅੰਮ੍ਰਿਤਸਰ ਵਿਖੇ ਪਵਿੱਤਰ ਸਰੋਵਰ ਤੇ ਇਕੱਠੇ ਹੁੰਦੇ ਤਾਂ ਉਹ ਇਕ ਦੂਸਰੇ ਪ੍ਰਤੀ ਸਹਿਣਸ਼ੀਲਤਾ ਅਤੇ ਭਰੋਸੇ ਦਾ ਪ੍ਰਗਟਾਵਾ ਕਰਦੇ ਅਤੇ ਇਕ ਮੁੱਠ ਹੋ ਕੇ ਕੰਮ ਕਰਦੇ ਸਨ। ਉਹ ਸ੍ਰੀ ਹਰਿਮੰਦਰ ਸਾਹਿਬ ਵਿਚ ਬੈਠ ਕੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਵਿਆਖਿਆਨ ਸੁਣਦੇ। ਰਾਗੀ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਵੱਖ ਵੱਖ ਤਰ੍ਹਾਂ ਦੀਆਂ ਧਾਰਮਿਕ ਅਤੇ ਵੀਰ ਰਸ ਦੀਆਂ ਧੁਨਾਂ ਦਾ ਸਰਵਣ ਕਰਦੇ। ਹਰੇਕ ਸਰਦਾਰ ਦਾ ਆਪਣਾ ਵੱਖਰਾ ਨਿਵਾਸ ਸਥਾਨ ਹੁੰਦਾ ਸੀ। ਕੁਝ ਹਾਲਤਾਂ ਵਿਚ ਕਿਲ੍ਹਾ ਅਤੇ ਉਸਦੇ ਨਾਲ ਇਕ ਬਾਜ਼ਾਰ ਹੁੰਦਾ, ਜਿਥੋਂ ਉਹ ਆਪਣੇ ਯੋਧਿਆਂ ਅਤੇ ਸੇਵਕਾਂ ਆਦਿ ਨੂੰ ਭੋਜਨ ਅਤੇ ਹੋਰ ਰੋਜ਼ਾਨਾ ਜ਼ਰੂਰਤ ਦੀਆਂ ਚੀਜ਼ਾਂ ਭੇਜਦੇ ਸਨ। ਮੁਖੀਆਂ ਦੇ ਖੁਲ੍ਹੇ ਆਮ ਆਉਣ ਜਾਣ, ਉਨ੍ਹਾਂ ਦੇ ਅਸਥਾਈ ਨਿਵਾਸ ਅਸਥਾਨਾਂ ਦੀ ਹੋਂਦ ਅਤੇ ਭਾਰੀ ਗਿਣਤੀ ਵਿਚ ਸ਼ਰਧਾਲੂਆਂ ਦੇ ਆਉਣ ਨਾਲ ਸ਼ਹਿਰ ਦੀ ਮਹੱਤਤਾ ਵੱਧ ਗਈ। ਮੱਥਾ ਟੇਕਣ ਆਏ ਸ਼ਰਧਾਲੂਆਂ ਦੇ ਰਸਤੇ ਵਿਚ ਸ਼ਾਨਦਾਰ ਵਸਤਰਾਂ, ਤਾਕਤਵਰ ਘੋੜਿਆਂ ਅਤੇ ਸ਼ਕਤੀ ਦਾ ਵਿਖਾਵਾ ਹੋਣ ਲੱਗਾ। ਹਥਿਆਰਬੰਦ ਸਾਹਸੀ ਅਕਾਲੀਆਂ ਦੇ ਜਥੇ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਦੀ ਰੱਖਿਆ ਕਰਦੇ।

ਨਾ ਕੇਵਲ ਇਨ੍ਹਾਂ ਸ਼ਕਤੀਸ਼ਾਲੀ ਮੁਖੀਆਂ, ਭੰਗੀਆਂ, ਰਾਮਗੜ੍ਹੀਆਂ, ਆਹਲੂਵਾਲੀਆਂ, ਕਨ੍ਹੱਈਆਂ ਅਤੇ ਮਜੀਠੀਆਂ ਨੇ ਹੀ ਸੜਕਾਂ, ਇਮਾਰਤਾਂ ਦੀ ਉਸਾਰੀ ਅਤੇ ਸ੍ਰੀ ਹਰਿਮੰਦਰ ਸਾਹਿਬ ਲਈ ਯੋਗਦਾਨ ਪਾਇਆ ਸਗੋਂ ਉਨ੍ਹਾਂ ਦੇ ਉਤਰਾਅਧਿਕਾਰੀਆਂ ਜਿਨ੍ਹਾਂ ਨੇ ਸਾਮੰਤਵਾਦ ਨੂੰ ਜਨਮ ਦਿੱਤਾ, ਨੇ ਵੀ ਵੱਖ ਵੱਖ ਢੰਗਾਂ ਨਾਲ ਸ਼ਹਿਰ ਦੀ ਸੇਵਾ ਦਾ ਕੰਮ ਚਾਲੂ ਰੱਖਿਆ। ਜੱਸਾ ਸਿੰਘ ਆਹਲੂਵਾਲੀਆ ਨੇ ਆਹਲੂਵਾਲੀਆ ਬਾਜ਼ਾਰ (ਜਿਸ ਦਾ ਨਾਂ ਉਸ ਦੇ ਪਿੰਡ ਅਹਾਲੂ ਦੇ ਨਾਂ ਤੇ ਰੱਖਿਆ ਗਿਆ) ਦੀ ਨੀਂਹ ਰੱਖੀ, ਜਿਸ ਨੇ ਵਪਾਰਕ ਕੇਂਦਰ ਵਜੋਂ ਪ੍ਰਸਿੱਧਤਾ ਪ੍ਰਾਪਤ ਕੀਤੀ। ਉਸ ਨੇ ਅਪਰੈਲ, 1764 ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪੁਨਰ ਸਥਾਪਨਾ ਲਈ ਭਾਰੀ ਯੋਗਦਾਨ ਪਾਇਆ, ਜਿਸ ਨੂੰ ਅਹਿਮਦਸ਼ਾਹ ਅਬਦਾਲੀ ਨੇ ਅਪਵਿੱਤਰ ਕਰ ਦਿੱਤਾ ਸੀ। ਜੱਸਾ ਸਿੰਘ ਆਪਣੇ ਸੰਤ ਸੁਭਾਅ ਕਾਰਨ ਸਿੱਖਾਂ ਦਾ ਮਹਾਨ ਮੁਖੀ ਬਣ ਗਿਆ ਸੀ। ਉਨ੍ਹਾਂ ਦਾ 1783 ਵਿਚ 65 ਸਾਲ ਦੀ ਉਮਰ ਵਿਚ ਅੰਮ੍ਰਿਤਸਰ ਵਿਖੇ ਦੇਹਾਂਤ ਹੋ ਗਿਆ, ਸਵਰਨ ਮੰਦਰ ਦੇ ਡੇਰਾ ਬਾਬਾ ਅਟੱਲ ਵਿਖੇ ਉਸਦੀ ਯਾਦ ਵਜੋਂ ਇਕ ਸਮਾਰਕ ਬਣਾਇਆ ਗਿਆ।

ਭੰਗੀ ਮਿਸਲ, ਜਿਸ ਦੇ ਮੈਂਬਰ ਭੰਗ, ਸੁੱਖੇ ਦੇ ਪੱਤਿਆਂ ਤੋਂ ਤਿਆਰ ਕੀਤਾ ਗਿਆ ਨਹੀਂਲਾ ਕਾੜ੍ਹਾ , ਪੀਣ ਦੇ ਆਦੀ ਸਨ, ਮਿਸਲਾਂ ਵਿਚੋਂ ਸਭ ਤੋਂ ਧੰਨਵਾਨ ਮਿਸਲ ਸੀ ਜਿਸ ਨੇ ਅੰਮ੍ਰਿਤਸਰ ਦੇ ਵਿਕਾਸ ਵਿਚ ਭਰਪੂਰ ਯੋਗਦਾਨ ਪਾਇਆ। 1772 ਵਿਚ ਝੰਡਾ ਸਿੰਘ ਅੰਮ੍ਰਿਤਸਰ ਗਿਆ ਅਤੇ ਉਸਨੇ ਇੱਟਾਂ ਦਾ ਕਿਲ੍ਹਾ ਜਿਸ ਨੂੰ ਭੰਗੀ ਦਾ ਕਿਲ੍ਹਾ [5] ਕਿਹਾ ਜਾਂਦਾ ਹੈ, ਬਣਾਉਣਾ ਸ਼ੁਰੂ ਕੀਤਾ, ਜੋ ਲੂਣ ਮੰਡੀ ਦੇ ਨੇੜੇ ਸਥਿਤ ਹੈ। ਭੰਗੀ ਮਿਸਲ ਵਜੋਂ ਉਸਨੇ

ਰਾਮਨਗਰ ਦੇ ਚੱਠਾ ਮੁਖੀਆਂ ਪਾਸੋਂ ਜਮ-ਜਮਾਂ ਜਾਂ ਭੰਗੀ ਤੋਂ ਤੋਪ ਲੈ ਕੇ ਅੰਮ੍ਰਿਤਸਰ ਭੇਜੀ, ਜੋ ਭੰਗੀ ਕਿਲੇ ਵਿਚ 1802 ਤੱਕ ਰਹੀ। 1764 ਵਿਚ ਜਦੋਂ ਲਾਹੌਰ ਉਪਰ ਕਬਜ਼ਾ ਕੀਤਾ ਗਿਆ ਸੀ ਤਾਂ ਲੁੱਟ ਮਾਰ ਦੇ ਮਾਲ ਵਿਚੋਂ ਜਮ-ਜਮਾਂ ਤੋਪ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਚੜ੍ਹਤ ਸਿੰਘ ਦੇ ਹਿੱਸੇ ਆਈ ਸੀ। ਮਹਾਰਾਜਾ ਰਣਜੀਤ ਸਿੰਘ ਦੀ ਤੀਬਰ ਇੱਛਾ ਸੀ ਕਿ ਇਹ ਉਸ ਨੂੰ ਮਿਲੇ, ਕਾਫੀ ਸਮੇਂ ਬਾਅਦ ਜਦੋਂ ਉਸਨੇ ਭੰਗੀਆਂ ਨੂੰ ਅੰਮ੍ਰਿਤਸਰ ਵਿਚੋਂ ਹਰਾ ਦਿੱਤਾ, ਉਸਨੇ ਇਹ ਆਪਣੇ ਕਬਜ਼ੇ ਵਿਚ ਲੈ ਲਈ। ਮਿਸਲ ਦੇ ਪ੍ਰਬੰਧ ਦਾ ਕੰਮ ਝੰਡਾ ਸਿੰਘ ਦੇ ਉਤਰਾਧਿਕਾਰੀ ਗੰਡਾ ਸਿੰਘ ਨੇ ਸੰਭਾਲਿਆ। ਉਸਨੇ ਭਾਰੀ ਸੰਖਿਆ ਵਿਚ ਮਜ਼ਦੂਰ ਇਕੱਠੇ ਕੀਤੇ ਅਤੇ ਕਾਫੀ ਹੱਦ ਤੱਕ ਆਪਣੇ ਪੂਰਵਾਧਿਕਾਰੀ ਦੁਆਰਾ ਆਰੰਭੇ ਗਏ ਸੁਧਾਰ ਦੇ ਕੰਮਾਂ ਨੂੰ ਪੂਰਾ ਕੀਤਾ। ਭੰਗੀ ਕਿਲੇ ਨੂੰ ਮਜ਼ਬੂਤ ਅਤੇ ਪੂਰਾ ਕੀਤਾ, ਅਤੇ ਹੋਰ ਬਹੁਤ ਸਾਰੀਆਂ ਸ਼ਾਨਦਾਰ ਇਮਾਰਤਾਂ ਬਣਵਾ ਕੇ ਸ਼ਹਿਰ ਦੀ ਸੁੰਦਰਤਾ ਦਾ ਵਿਸਥਾਰ ਕੀਤਾ। ਭੰਗੀ ਮੁਖੀਆਂ ਵਿਚੋਂ ਪ੍ਰਸਿੱਧ ਗੁਲਾਬ ਸਿੰਘ ਨੇ ਵੀ ਸ਼ਹਿਰ ਦੇ ਵਿਸਥਾਰ ਲਈ ਕਾਫੀ ਕੰਮ ਕੀਤਾ। ਪਰੰਤੂ ਗੁਲਾਬ ਸਿੰਘ ਦੀ ਮੌਤ ਤੋਂ ਬਾਦ 10 ਸਾਲਾ ਗੁਰਦਿੱਤ ਸਿੰਘ ਨੇ ਆਪਣੀ ਮਾਤਾ, ਮਾਈ ਸੁੱਖਾਂ ਦੀ ਦੇਖ ਰੇਖ ਹੇਠ ਕੰਮ ਸੰਭਾਲਿਆ ਜਿਸ ਨੇ ਅੰਮ੍ਰਿਤਸਰ ਉਪਰ ਹਮਲੇ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ ਮੁਕਾਬਲਾ ਕੀਤਾ। ਭੰਗੀ ਮਿਸਲ ਦੇ ਇਕ ਹੋਰ ਸ਼ਕਤੀਸ਼ਾਲੀ ਗੁੱਜਰ ਸਿੰਘ ਨੇ ਅੰਮ੍ਰਿਤਸਰ ਸ਼ਹਿਰ ਦੀ ਸੁਰੱਖਿਆ ਲਈ ਕਿਲ੍ਹਾ ਗੁੱਜਰ ਸਿੰਘ ਦੀ ਨੀਂਹ ਰੱਖੀ, ਜਿਥੇ ਹੁਣ ਕਿਲ੍ਹਾ ਗੋਬਿੰਦਗੜ੍ਹ ਸਥਿਤ ਹੈ। ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਵੀ ਹਰਿਮੰਦਰ ਸਾਹਿਬ ਤੋਂ ਉੱਤਰ ਵੱਲ ਇੱਕ ਕਿਲ੍ਹਾ ਬਣਵਾਇਆ, ਜਦੋਂ ਕਿ ਜੱਸਾ ਸਿੰਘ ਰਾਮਗੜ੍ਹੀਆ ਨੇ ਪੂਰਬ ਵਿਚ ਅਤੇ ਭੰਗੀਆਂ ਨੇ ਦੱਖਣ ਵਿਚ ਕਿਲੇ ਬਣਵਾਏ। ਸ਼ਹਿਰ ਦੇ ਵੱਖ ਵੱਖ ਭਾਗਾਂ ਵਿਚ ਇਨ੍ਹਾਂ ਕਿਲਿਆਂ ਦੀ ਹੋਂਦ ਅੰਮ੍ਰਿਤਸਰ ਸ਼ਹਿਰ ਉਪਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ, ਸਿੱਖ ਸਰਕਾਰ ਦੀ ਸੰਘੀ ਵਿਸ਼ੇਸ਼ਤਾ ਦੀ ਝਲਕ ਪੈਂਦੀ ਹੈ।

ਰਾਮਗੜ੍ਹੀਆ ਮਿਸਲ ਦਾ ਅੰਮ੍ਰਿਤਸਰ ਸ਼ਹਿਰ ਨਾਲ ਬਹੁਤ ਨਜ਼ਦੀਕੀ ਸਬੰਧ ਰਿਹਾ ਹੈ। ਇਸ ਮਿਸਲ ਦਾ ਨਾਂ ਅੰਮ੍ਰਿਤਸਰ ਦੀ ਰਾਮ ਰੌਣੀ ਜਾਂ 'ਪ੍ਰਮਾਤਮਾ ਦੀ ਗੜ੍ਹੀ' ਤੋਂ ਪਿਆ ਜਿਸਨੂੰ ਸਿੱਖਾਂ ਦੇ ਇਕ ਛੋਟੇ ਜਿਹੇ ਟੋਲੇ ਨੇ ਅਹਿਮਦਸ਼ਾਹ ਅਬਦਾਲੀ ਦੇ ਹਮਲੇ ਦੌਰਾਨ ਗਾਰੇ ਨਾਲ ਤਿਆਰ ਕੀਤਾ ਜਿਸਨੂੰ ਬਾਅਦ ਵਿਚ ਜੱਸਾ ਸਿੰਘ ਨੇ ਰਾਮਗੜ੍ਹ ਵਿਚ ਤਬਦੀਲ ਕੀਤਾ, ਅਤੇ ਸਿੱਖਾਂ ਵਿਚ ਇਕ ਬਹਾਦਰ ਯੋਧੇ ਦੇ ਤੌਰ ਤੇ ਜਾਣਿਆ ਜਾਣ ਲਗ ਪਿਆ। ਪਹਿਲਾਂ ਅਫਗਾਨਾਂ ਦੇ ਹਮਲਿਆਂ ਸਮੇਂ ਨੰਦ ਸਿੰਘ ਸੰਘਾਣੀ ਅਤੇ ਜੱਸਾ ਸਿੰਘ ਨੇ ਇਸ ਦੇ ਕੁਝ ਹਿੱਸੇ ਦੁਆਲੇ ਗਾਰੇ ਨਾਲ ਉਚੀ ਦਿਵਾਰ ਕੀਤੀ, ਜਿਸ ਨੂੰ ਰਾਮ ਰੌਣੀ ਕਹਿੰਦੇ ਸਨ। ਜਿਵੇਂ ਕਿ ਪਹਿਲਾਂ ਵੀ ਜਾਣਿਆ ਗਿਆ ਕਿ ਜੱਸਾ ਸਿੰਘ ਅਤੇ ਉਸ ਦੇ ਸਾਥੀਆਂ ਨੇ 1748 ਵਿਚ ਮਿਰਜ਼ਾ ਅਜ਼ੀਜ ਦਾ ਡਟ ਕੇ ਮੁਕਾਬਲਾ ਕੀਤਾ ਸੀ ਅਤੇ ਰਾਮ ਰੌਣੀ ਦੀਆਂ ਕੰਧਾਂ ਗਿਰਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਮੋਰਚਾ ਛੱਡਣ ਲਈ ਮਜਬੂਰ ਹੋਣਾ ਪਿਆ ਸੀ।

ਮਹਾਰਾਜਾ ਰਣਜੀਤ ਸਿੰਘ ਰਾਮਗੜ੍ਹੀਆਂ ਮਿਸਲ ਦੀ ਵਧਦੀ ਤਾਕਤ ਨੂੰ ਵੇਖ ਕੇ ਈਰਖਾ ਕਰਨ ਲੱਗਾ ਅਤੇ 1803 ਵਿਚ ਜੱਸਾ ਸਿੰਘ ਦੀ ਮੌਤ ਤੋਂ ਬਾਅਦ ਉਸਨੇ ਸਰਦਾਰ ਜੋਧ ਸਿੰਘ ਨਾਲ ਪਿਆਰ ਦਾ ਢੌਂਗ ਰਚਿਆ। ਉਸ ਅਤੇ ਰਾਮਗੜ੍ਹੀਆ ਪਰਿਵਾਰ ਵਿਚਕਾਰ ਅੰਮ੍ਰਿਤਸਰ ਵਿਖੇ ਦੋਸਤੀ ਦੀ ਸੰਧੀ ਹੋਈ ਫਿਰ ਜੋਧ ਸਿੰਘ ਰਾਮਗੜ੍ਹੀਆ ਮਹਾਰਾਜਾ ਰਣਜੀਤ

ਸਿੰਘ ਦੀ ਪ੍ਰਭੁਸੱਤਾ ਨੂੰ ਸਵੀਕਾਰ ਕਰਦੇ ਹੋਏ ਆਪਣੇ ਮਰਨ ਸਮੇਂ 1815 ਤੱਕ ਇੱਕ ਯੋਗ ਕਮਾਂਡਰ ਦੇ ਰੂਪ ਵਿਚ ਉਸਦੀ ਸੇਵਾ ਕਰਦਾ ਰਿਹਾ। ਜੋਧ ਸਿੰਘ ਦੀ ਮੌਤ ਤੋਂ ਤੁਰੰਤ ਬਾਅਦ ਰਣਜੀਤ ਸਿੰਘ ਨੇ ਆਪਣੀ ਦੋਸਤੀ ਦੀ ਸਹੁੰ ਦੀ ਪਰਵਾਹ ਨਾ ਕੀਤੀ। ਉਹ ਰਾਮਗੜ੍ਹ ਕਿਲ੍ਹੇ ਵਿਚ ਗਿਆ ਅਤੇ ਆਪਣੇ ਤੋਪਚੀਆਂ ਦੀ ਮਦਦ ਨਾਲ ਇਸ ਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਗਿਆ। ਅਗਲੀ ਰਾਤ ਦੌਰਾਨ, ਜੋ ਲੋਕ ਕਿਲ੍ਹੇ ਦੇ ਅੰਦਰ ਸਨ ਉਹ ਬਚ ਕੇ ਭੱਜ ਗਏ। ਰਣਜੀਤ ਸਿੰਘ ਨੇ ਰਾਮਗੜ੍ਹ ਕਿਲੇ ਦੇ ਮਾਡਲ ਦਾ ਇਕ ਨਵਾਂ ਗੋਬਿੰਦਗੜ੍ਹ ਕਿਲ੍ਹਾ ਬਣਾਉਣ ਦਾ ਹੁਕਮ ਦਿੱਤਾ।

ਕਨ੍ਹਈਆਂ ਮਿਸਲ ਦੇ ਚਾਰ ਸਰਦਾਰਾਂ ਦੁਆਰਾ ਅੰਮ੍ਰਿਤਸਰ ਵਿਚ ਇਕ ਵਿਸ਼ਾਲ ਕੱਟੜਾ ਬਣਾਇਆ ਗਿਆ ਸੀ। ਮਿਸਲ ਦੇ ਮੁਖੀ, ਜੈ ਸਿੰਘ ਨੇ ਇਕ ਵਿਸ਼ਾਲ ਕੱਟੜਾ ਬਣਵਾ ਕੇ ਅੰਮ੍ਰਿਤਸਰ ਸ਼ਹਿਰ ਦੀ ਸ਼ੋਭਾ ਵਧਾਈ। ਉਸ ਨੇ ਮਿਸਰ ਛੱਜੂ ਮੱਲ (ਜਿਸ ਦੇ ਨਾਂ ਤੇ ਹੁਣ ਵੀ ਇੱਕ ਮੁਹੱਲਾ ਕਾਇਮ ਹੈ) ਨੂੰ ਆਪਣੀ ਸੈਨਾਂ ਦਾ ਮੁਖੀ ਨਿਯੁਕਤ ਕੀਤਾ। ਮਿਸਰ ਛੱਜੂ ਮੱਲ ਬਟਾਲਾ ਵਿਖੇ 1783 ਦੀ ਲੜਾਈ ਵਿਚ ਸ਼ਾਮਿਲ ਸੀ ਜਦੋਂ ਸਰਦਾਰ ਜੈ ਸਿੰਘ ਦਾ ਪੁੱਤਰ ਗੁਰਬਖਸ਼ ਸਿੰਘ, ਜੱਸਾ ਸਿੰਘ ਰਾਮਗੜ੍ਹੀਆ ਅਤੇ ਮਹਾਂ ਸਿੰਘ ਸ਼ੁਕਰਚੱਕੀਆ ਨਾਲ ਲੜਦਾ ਹੋਇਆ ਮਾਰਿਆ ਗਿਆ ਸੀ। ਉਸਨੂੰ ਬਾਅਦ ਵਿਚ ਅੰਮ੍ਰਿਤਸਰ ਦੇ ਕੱਟੜਾ ਕਨ੍ਹੱਈਆ ਦਾ ਚੌਧਰੀ ਬਣਾਇਆ ਗਿਆ ਸੀ ਅਤੇ ਉਸਨੇ ਕਸਟਮ ਡਿਊਟੀ ਘਟਾ ਕੇ ਇਸ ਕੱਟੜੇ ਦੇ ਰਹਿਣ ਵਾਲੇ ਬਹੁਤ ਸਾਰੇ ਵਪਾਰੀਆਂ ਨੂੰ ਮੋਹ ਲਿਆ ਸੀ।

ਗੁਰਬਖ਼ਸ਼ ਸਿੰਘ ਦੀ ਵਿਧਵਾ ਸਦਾ ਕੌਰ ਦੀ ਪੁੱਤਰੀ ਮਹਿਤਾਬ ਕੌਰ ਦੀ ਮੰਗਣੀ ਮਹਾਰਾਜਾ ਰਣਜੀਤ ਸਿੰਘ ਨਾਲ ਹੋ ਗਈ, ਇਸ ਲਈ ਕਨ੍ਹਈਆ ਅਤੇ ਸ਼ੁਕਰਚੱਕੀਆ ਪਰਿਵਾਰਾਂ ਵਿਚ ਵਿਆਹ ਸੰਬੰਧ ਸਥਾਪਤ ਹੋ ਗਿਆ। ਗੁਲਾਬ ਸਿੰਘ ਭੰਗੀ, ਜੱਸਾ ਸਿੰਘ ਰਾਮਗੜ੍ਹੀਆ ਅਤੇ ਕਸੂਰ ਦਾ ਨਿਜ਼ਾਮ-ਉਦ-ਦੀਨ ਖਾਨ, ਸਭ ਨੇ ਇੱਕ ਮੰਡਲੀ ਬਣਾਈ, ਜੋ ਮਹਾਰਾਜਾ ਰਣਜੀਤ ਸਿੰਘ ਦੇ ਵਧ ਰਹੇ ਪ੍ਰਭਾਵ ਨੂੰ ਰੋਕਣ ਲਈ ਇਕ ਨਿਸਫਲ ਕੋਸ਼ਿਸ਼ ਸਾਬਿਤ ਹੋਈ। ਭੰਗੀ ਗਠਬੰਧਨ ਦੀ ਇਸ ਹਾਰ ਨੇ ਸ਼ੁਕਰਚੱਕੀਆ ਮਿਸਲ ਦੇ ਮਹਾਰਾਜਾ ਰਣਜੀਤ ਸਿੰਘ ਨੂੰ, ਪੰਜਾਬ ਦੀ ਧਾਰਮਿਕ ਰਾਜਧਾਨੀ ਅਤੇ ਭੰਗੀਆ ਦੇ ਗੜ੍ਹ, ਅੰਮ੍ਰਿਤਸਰ ਤੇ ਚੜ੍ਹਾਈ ਕਰਨ ਦਾ ਮੌਕਾ ਦਿੱਤਾ। ਗੁਲਾਬ ਸਿੰਘ ਦੀ ਵਿਧਵਾ, ਮਾਈ ਸੁੱਖਾਂ ਨੇ ਉਦੋਂ ਤੱਕ ਸ਼ਹਿਰ ਤੇ ਪੂਰਾ ਕਾਬੂ ਪਾ ਲਿਆ ਸੀ। ਉਸਦਾ ਪੁੱਤਰ ਗੁਰਦਿੱਤ ਸਿੰਘ ਛੋਟਾ ਸੀ, ਉਸਦੇ ਜਰਨੈਲ ਸੰਤੋਖ ਸਿੰਘ ਜੋ ਕਿਲ੍ਹੇ ਦੀ ਡਿਊਡੀ ਦੇ ਇੰਚਾਰਜ ਸ਼ੇਖ-ਕਮਾਲ-ਉਦ-ਦੀਨ ਨਾਲ ਦੋਸਤਾਨਾ ਸਬੰਧ ਨਹੀਂ ਸਨ। ਮਹਾਰਾਜਾ ਰਣਜੀਤ ਸਿੰਘ ਨਾਲ ਸਮਝੌਤਾ ਕਰਨ ਲਈ ਕਮਾਲ-ਉਦ-ਦੀਨ ਨੇ ਸਥਿਤੀ ਦਾ ਫਾਇਦਾ ਉਠਾਇਆ। ਘਰ ਵਿਚ ਫੁੱਟ ਪੈ ਜਾਣ ਕਾਰਨ, ਮਾਈ ਸੁੱਖਾਂ ਪਾਸੋਂ ਬਹੁਤੀ ਦੇਰ ਮੁਕਾਬਲਾ ਕਰਨ ਦੀ ਉਮੀਦ ਨਹੀਂ ਸੀ ਕੀਤੀ ਜਾ ਸਕਦੀ।

1796-97 ਵਿਚ ਤੈਮੂਰ ਸ਼ਾਹ ਦੇ ਪੁੱਤਰ ਜਮਾਨ ਸ਼ਾਹ ਨੇ ਆਪਣੇ ਚੌਥੇ ਹਮਲੇ ਦੌਰਾਨ ਲਾਹੌਰ ਉਪਰ ਕਬਜ਼ਾ ਕਰ ਲਿਆ ਪਰ ਅੰਮ੍ਰਿਤਸਰ ਦਾ ਕਿਲ੍ਹਾ ਬਚਿਆ ਰਿਹਾ। ਸ਼ਾਹ ਜਮਾਨ ਦੇ ਚਲੇ ਜਾਣ ਬਾਅਦ ਸਿੱਖਾਂ ਨੇ ਲਾਹੌਰ ਉਪਰ ਮੁੜ ਕਬਜ਼ਾ ਕਰ ਲਿਆ। ਸ਼ਾਹ ਜਮਾਨ ਦੇ ਚਲੇ ਜਾਣ ਤੋਂ 26 ਦਿਨ ਬਾਅਦ ਲਾਹੌਰ ਦੇ ਪ੍ਰਮੁੱਖ ਸ਼ਹਿਰੀਆਂ ਨੇ ਲਾਹੌਰ ਤੇ

ਕਬਜ਼ਾ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਇੱਕ ਪ੍ਰਾਰਥਨਾ ਪੱਤਰ ਭੇਜਿਆ। 1799 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਜਿੱਤ ਲਿਆ ਅਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਦਸੰਬਰ 1802 ਵਿਚ ਉਸ ਨੇ ਭੰਗੀ ਮਿਸਲ ਨੂੰ ਕੁਚਲਣ ਦਾ ਇਰਾਦਾ ਕੀਤਾ, ਜਿਸ ਦਾ ਅੰਮ੍ਰਿਤਸਰ ਵਿਚ ਕਾਫੀ ਦਬਦਬਾ ਸੀ। ਇਸ ਮਕਸਦ ਲਈ ਰਣਜੀਤ ਸਿੰਘ ਦੀ ਆਹਲੂਵਾਲੀਆ ਮਿਸਲ ਦੇ ਮੁਖੀ, ਫਤਿਹ ਸਿੰਘ ਨੇ ਬਹੁਤ ਮਦਦ ਕੀਤੀ, ਜਿਸ ਦੇ ਨਾਲ ਅੰਮ੍ਰਿਤਸਰ ਦੀ ਜਿੱਤ ਤੋਂ ਪਹਿਲਾਂ ਉਸ ਨੇ ਪੱਗ ਵਟਾ ਕੇ ਸੰਧੀ ਕੀਤੀ ਸੀ। ਉਸਨੂੰ ਆਪਣੀ ਸੱਸ ਮਾਈ ਸਦਾ ਕੌਰ ਤੋਂ ਵੀ ਬਹੁਤ ਸਹਿਯੋਗ ਮਿਲਿਆ, ਜਿਸ ਨੇ ਉਸ ਸਮੇਂ ਉਸ ਦਾ ਸਾਥ ਦਿੱਤਾ। ਸਦਾ ਕੌਰ ਦੀ ਪੁੱਤਰੀ ਨਾਲ ਆਪਣੇ ਵਿਆਹ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਅੰਮ੍ਰਿਤਸਰ ਵਿਖੇ ਬਹੁਤ ਚੌਕਸੀ ਨਾਲ ਜਾਂਦਾ ਸੀ, ਉਹ ਮਿਸਰ ਛੱਜੂ ਮਲ ਨੂੰ ਆਪਣੇ ਨਾਲ ਰੱਖਦਾ ਸੀ, ਜਿਸ ਤੋਂ ਸ਼ਹਿਰ ਤੇ ਕਬਜ਼ਾ ਕਰਨ ਲਈ ਉਸ ਤੋਂ ਬਹੁਤ ਮਦਦ ਮਿਲੀ ਸੀ।

1802 ਵਿਚ ਮਹਾਰਾਜਾ ਰਣਜੀਤ ਸਿੰਘ ਨੇ, ਕਨ੍ਹਈਆ, ਨਕੱਈ ਅਤੇ ਆਹਲੂਵਾਲੀਆ ਮਿਸਲਾਂ ਨਾਲ ਮਿਲ ਕੇ ਅੰਮ੍ਰਿਤਸਰ ਤੇ ਹਮਲਾ ਕੀਤਾ। ਗ੍ਰਿਫਨ, ਕਨਿੰਘਮ ਅਤੇ ਲਾਤੀਫ ਦੇ ਅਨੁਸਾਰ ਇਹ ਰਣਜੀਤ ਸਿੰਘ ਨੇ ਅੰਮ੍ਰਿਤਸਰ 1802 ਵਿਚ ਜਿੱਤ ਲਿਆ ਸੀ, ਪਰੰਤੂ ਇਕ ਹੋਰ ਭਰੋਸੇਯੋਗ ਸੂਤਰ, ਸੋਹਣ ਲਾਲ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਕੈਂਪ ਦੀ ਡਾਇਰੀ ਲਿਖੀ, ਅਨੁਸਾਰ ਅੰਮ੍ਰਿਤਸਰ 1805 ਵਿਚ ਜਿੱਤਿਆ ਗਿਆ ਸੀ। ਮਾਈ ਸੁੱਖਾਂ ਨੂੰ ਲੋਹਗੜ੍ਹ ਦਾ ਕਿਲ੍ਹਾ ਖਾਲੀ ਕਰਨ ਅਤੇ ਪ੍ਰਸਿੱਧ ਭੰਗੀ ਤੋਪ ਜਮ-ਜਮਾਂ ਦੇਣ ਲਈ ਕਿਹਾ ਗਿਆ। ਜਦੋਂ ਮਹਾਰਾਜਾ ਆਪਣੀ ਸੰਯੁਕਤ ਸੈਨਾ ਦੇ ਨਾਲ ਅੰਮ੍ਰਿਤਸਰ ਪੁੱਜਾ ਤਾਂ ਰਾਣੀ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਸ਼ਹਿਰ ਦੇ ਸੁਰੱਖਿਅਤ ਸਥਾਨਾਂ ਤੇ ਯੁੱਧ ਸਮੱਗਰੀ ਦੇ ਭੰਡਾਰ ਰੱਖ ਲਏ ਅਤੇ ਹਮਲਾਵਰ ਸੈਨਾਂ ਦਾ ਤਕੜਾ ਮੁਕਾਬਲਾ ਕੀਤਾ। ਸਰਦਾਰ ਫਤਿਹ ਸਿੰਘ ਆਹਲੂਵਾਲੀਆ ਨੇ ਬਰਿੱਜ ਗੇਟ ਦੇ ਸਾਹਮਣੇ ਤੋਂ ਅਤੇ ਮਹਾਰਾਜੇ ਨੇ ਸ਼ਹਿਰ ਦੇ ਲੋਹਗੜ੍ਹ ਗੇਟ ਤੋਂ ਆਪਣੀ ਕਾਰਵਾਈ ਸ਼ੁਰੂ ਕੀਤੀ। ਅਖੀਰ ਵਿਚ ਭਾਰੀ ਗੋਲਾਬਾਰੀ ਨਾਲ ਗੇਟ ਟੁੱਟ ਗਏ। ਹਮਲਾਵਰ ਦਸਤੇ ਮਹਾਰਾਜੇ ਦੀ ਅਗਵਾਈ ਵਿਚ ਅੰਦਰ ਦਾਖਲ ਹੋ ਗਏ ਅਤੇ ਕੁਝ ਹੀ ਘੰਟਿਆਂ ਵਿਚ ਭੰਗੀ ਕਿਲ੍ਹਾ ਤਬਾਹ ਕਰ ਦਿੱਤਾ ਗਿਆ। ਮਹਾਰਾਜੇ ਨੇ ਪਵਿੱਤਰ ਅੰਮ੍ਰਿਤਸਰ ਸਹਿਰ ਦੇ ਸਤਿਕਾਰ ਵਜੋਂ ਆਪਣੀਆਂ ਸੈਨਾਵਾਂ ਨੂੰ ਲੁੱਟ ਮਾਰ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ। ਲੋਹਗੜ੍ਹ ਦੇ ਕਿਲੇ ਤੇ ਹਮਲਾ ਕੀਤਾ ਗਿਆ। ਹਮਲਾਵਰ ਇਕ ਛੋਟੇ ਦਰਵਾਜ਼ੇ ਰਾਹੀਂ ਕਿਲ੍ਹੇ ਦੇ ਅੰਦਰ ਦਾਖਲ ਹੋਣ ਵਿਚ ਸਫਲ ਹੋ ਗਏ, ਜੋ ਇਕ ਵੱਡੀ ਤੋਪ ਚਲਾਉਣ ਲਈ ਝਰੋਖੇ ਵਜੋਂ ਖੁੱਲ੍ਹਾ ਰੱਖਿਆ ਹੋਇਆ ਸੀ। ਇਹ ਕਿਲ੍ਹਾ ਦਸੰਬਰ ਦੇ ਠੰਡੇ ਮਹੀਨੇ ਵਿਚ ਝੱਖੜ ਦੌਰਾਨ ਜਿੱਤਿਆ ਗਿਆ ਸੀ। ਸਾਰਾ ਦਿਨ ਭਾਰੀ ਵਰਖਾ ਹੁੰਦੀ ਰਹੀ, ਅਤੇ ਵਿਧਵਾ ਰਾਣੀ ਆਪਣੇ ਛੋਟੇ ਜਿਹੇ ਬੱਚੇ ਸਮੇਤ ਬਿਲਕੁਲ ਨਿਆਸਰੀ ਹੋ ਗਈ, ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕਿਧਰ ਜਾਵੇ। ਸਰਦਾਰ ਜੋਧ ਸਿੰਘ ਨੇ ਉਸਨੂੰ ਆਸਰਾ ਦਿੱਤਾ। ਰਾਮਗੜ੍ਹੀਆ ਸਰਦਾਰ ਦੀ ਸਿਫਾਰਿਸ਼ ਤੇ ਮਹਾਰਾਜਾ ਰਣਜੀਤ ਸਿੰਘ ਨੇ ਪਰਾਜਿਤ ਭੰਗੀ ਮੁਖੀ ਦੇ ਗੁਜ਼ਾਰੇ ਲਈ ਇਕ ਛੋਟੀ ਜਾਗੀਰ ਦੇਣੀ ਪ੍ਰਵਾਨ ਕਰ ਲਈ। ਇਸ ਤਰ੍ਹਾਂ ਭੰਗੀ ਰਾਜ, ਜਿਸ ਦਾ ਕਿ ਅੰਮ੍ਰਿਤਸਰ ਸ਼ਹਿਰ ਤੇ ਪੂਰਾ ਦਬਦਬਾ ਸੀ,

ਬਿਲਕੁਲ ਖਤਮ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਕਿਲ੍ਹੇ ਤੇ ਕਬਜ਼ਾ ਕਰ ਲਿਆ, ਉਸਨੇ ਬਹੁਤ ਸਾਰਾ ਜੰਗੀ ਸਾਜ਼ ਸਮਾਨ, ਜਿਸ ਵਿਚ ਜਮ-ਜਮਾਂ ਤੋਪ ਵੀ ਸੀ, ਕਬਜ਼ੇ ਵਿਚ ਕਰ ਲਏ। ਵਪਾਰਕ ਅਤੇ ਧਾਰਮਿਕ ਮਹੱਤਤਾ ਵਾਲੇ ਸ਼ਹਿਰ ਤੇ ਕਾਬਜ਼ ਹੋਣ ਕਾਰਨ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਭਾਵ ਅਤੇ ਗੌਰਵ ਵਧ ਗਿਆ ਅਤੇ ਉਸਨੇ ਆਪਣੀ ਜਿੱਤ ਦੀ ਖੁਸ਼ੀ ਸ਼ਾਨਦਾਰ ਜਲੂਸ ਅਤੇ ਵਿਸ਼ੇਸ਼ ਸਜਧਜ ਨਾਲ ਮਨਾਈ।

ਇਸ ਉਪਰੰਤ ਮਹਾਰਾਜਾ ਰਣਜੀਤ ਸਿੰਘ ਪਵਿੱਤਰ ਹਰਿਮੰਦਰ ਵਿਚ ਦਾਖਲ ਹੋਇਆ, ਉਸਨੇ ਆਪਣਾ ਸਿਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਝੁਕਾਇਆ ਅਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਕੇ ਆਪਣਾ ਸਰੀਰ ਸ਼ੁੱਧ ਕੀਤਾ ਅਤੇ ਜਿਵੇਂ ਕਿ ਅਜਿਹੇ ਜਿੱਤ ਦੇ ਮੌਕਿਆਂ ਤੇ ਉਹ ਆਮ ਤੌਰ ਤੇ ਕਰਿਆ ਕਰਦਾ ਸੀ, ਜਦੋਂ ਉਹ ਸ਼ਹਿਰ ਦੇ ਬਾਜ਼ਾਰਾਂ ਵਿਚੋਂ ਦੀ ਲੰਘਿਆ, ਉਸ ਨੇ ਭਾਰੀ ਮਾਤਰਾ ਵਿਚ ਪੈਸਾ ਗਰੀਬ ਲੋਕਾਂ ਨੂੰ ਦਾਨ ਵਜੋਂ ਦਿੱਤਾ। ਆਪਣੀ ਸੈਨਾ ਦਾ ਮੁਆਇਨਾ ਕਰਦੇ ਹੋਏ ਉਸਨੇ ਕਈ ਸਰਦਾਰ ਬਣਾਏ ਅਤੇ ਕਈਆਂ ਨੂੰ ਫੌਜੀ ਮਾਣ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਵਿਚੋਂ ਕੁਝ ਸਰਦਾਰਾਂ ਨੂੰ ਸੈਨਾ ਦਾ ਆਨਰੇਰੀ ਕਮਾਂਡਰ ਬਣਾਇਆ ਗਿਆ। ਕੁਝ ਪਰਿਵਾਰ, ਜਿਨ੍ਹਾਂ ਨੂੰ ਮਹਾਰਾਜੇ ਦੀ ਸਰਪ੍ਰਸਤੀ ਮਿਲੀ ਹੋਈ ਸੀ, ਤੋਂ ਸਰਸ਼ੇਠ ਵਰਗ ਹੋਂਦ ਵਿਚ ਆਇਆ ਅਤੇ ਜਿਨ੍ਹਾਂ ਦਾ ਆਉਣ ਵਾਲੀਆਂ ਪੀੜੀਆਂ ਤੱਕ, ਸ਼ਹਿਰ ਵਿਚ ਪ੍ਰਭਾਵ ਰਿਹਾ। ਮਹਾਰਾਜਾ ਰਣਜੀਤ ਸਿੰਘ ਨੇ ਮਿਸਰ ਛੱਜੂ ਮੱਲ ਨੂੰ ਅੰਮ੍ਰਿਤਸਰ ਦਾ ਚੁੰਗੀ ਕੁਲੈਕਟਰ ਨਿਯੁਕਤ ਕੀਤਾ, ਜਿਸ ਨੇ ਮਹਾਰਾਜੇ ਦੀ ਸ਼ਾਨਦਾਰ ਸੇਵਾ ਕੀਤੀ[6]। ਛੱਜੂ ਮੱਲ ਆਪਣੇ ਪਰਿਵਾਰ ਵਿਚ ਪਹਿਲਾ ਵਿਅਕਤੀ ਸੀ, ਜੋ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਸੀ। ਉਸਦਾ ਪੁੱਤਰ ਰਾਜਾ ਰਲੀਆ ਰਾਮ, ਜੋ ਫਾਰਸੀ, ਸੰਸਕ੍ਰਿਤ ਅਤੇ ਹਿੰਦੀ ਦਾ ਵਿਦਵਾਨ ਸੀ, ਉਹ ਚੁੰਗੀ ਵਿਭਾਗ ਦਾ ਮੁਖੀ ਅਤੇ ਝੰਗ ਦਾ ਸੂਬੇਦਾਰ ਬਣਾਇਆ ਗਿਆ। ਰਲੀਆ ਰਾਮ ਦਾ ਇਕ ਪ੍ਰਤਿਭਾਸ਼ਾਲੀ ਪੁੱਤਰ, ਸਾਹਿਬ ਦਿਆਲ ਵੀ ਚੁੰਗੀ ਵਿਭਾਗ ਵਿਚ ਆਪਣੇ ਪਿਤਾ ਦੇ ਪਦ ਚਿੰਨਾਂ ਤੇ ਚੱਲਿਆ ਅਤੇ 1847 ਵਿਚ ਉਸਨੂੰ 'ਮੁਸ਼ੀਰ-ਉਦ-ਦਾਵਲਾ ਵੀਰ ਬਾਰ' (ਅਦਾਲਤ ਦਾ ਸਲਾਹਕਾਰ ਅਤੇ ਜੋਧਾ) ਦਾ ਖਿਤਾਬ ਮਿਲਿਆ ਅਤੇ 1851[7] ਵਿਚ ਉਸਨੂੰ ਰਾਜਾ ਬਣਾਇਆ ਗਿਆ। 1864 ਵਿਚ ਉਹ ਭਾਰਤ ਦੀ ਵਿਧਾਨਕ ਸਭਾ ਦਾ ਮੈਂਬਰ ਬਣਿਆ। ਸਾਹਿਬ ਦਿਆਲ ਦੇ ਛੋਟੇ ਭਰਾ, ਸਰਦਾਰ ਹਰਚਰਨ ਦਾਸ ਨੂੰ ਸਿੱਖ ਸਰਕਾਰ ਅਧੀਨ ਪਹਿਲਾਂ ਉਸਦੇ ਪਿਤਾ ਦਾ ਅਤੇ ਫਿਰ ਉਸਦੇ ਭਰਾ ਦਾ ਚੁੰਗੀ ਵਿਭਾਗ ਵਿਚ ਸਹਾਇਕ ਨਿਯੁਕਤ ਕੀਤਾ ਗਿਆ। ਨਵਾਬ ਸ਼ਾਹੀ ਸਭਾ (1848-49) ਦੌਰਾਨ ਉਸਨੇ 'ਰੁਕਿਨ-ਅਦ-ਦਾਵਲਾ' (ਰਾਜ ਦਾ ਸਤੰਭ) ਦੇ ਖਿਤਾਬ ਨਾਲ ਲਾਹੌਰ ਦਾ ਦਫਤਰ ਸੰਭਾਲਿਆ ਅਤੇ 1868 ਵਿਚ ਉਸਨੇ ਅੰਮ੍ਰਿਤਸਰ ਦੇ ਮਿਉਂਸਪਲ ਕਮੇਟੀ ਦੇ ਵਾਈਸ ਪ੍ਰਧਾਨ ਵਜੋਂ ਕੰਮ ਕੀਤਾ। ਇਕ ਲੋਕ ਹਿਤੈਸ਼ੀ ਪਰਿਵਾਰ ਨੇ ਰਾਜਾ ਰਲੀਆ ਰਾਮ ਦੇ ਸਮੇਂ ਤੋਂ ਲੈ ਕੇ ਵਿਸ਼ੇਸ਼ ਕਰਕੇ ਇਸਦੇ ਮੌਜੂਦਾ ਪ੍ਰਤੀਨਿਧੀ ਸਰਦਾਰ ਮਹਾਰਾਜ ਚੰਦ ਤੱਕ ਨੇ, ਸ਼ਹਿਰ ਦੇ ਜੀਵਨ ਵਿਚ ਸਰਾਵਾਂ, ਮੰਦਰ ਬਣਾਉਣੇ, ਬਾਗ ਲਵਾਉਣੇ, ਛਬੀਲਾਂ ਲਾਉਣਾ ਅਤੇ ਵਿਸ਼ੇਸ਼ ਕਰਕੇ ਚੁੰਗੀ ਵਿਭਾਗ ਵਿਚ ਪੂਰੀ ਲਗਨ ਨਾਲ ਕੰਮ ਕਰਕੇ ਮਹੱਤਵਪੂਰਣ ਭੂਮਿਕਾ ਨਿਭਾਈ। ਉਨ੍ਹਾਂ ਨੇ ਬਰਤਾਨਵੀ ਸਰਕਾਰ ਦੀ ਭਰਤੀ ਅਤੇ ਪੈਸੇ ਨਾਲ ਸੇਵਾ ਕਰਕੇ ਕਾਫੀ ਪ੍ਰਸ਼ੰਸਾ ਪ੍ਰਾਪਤ ਕੀਤੀ।

ਅੰਮ੍ਰਿਤਸਰ ਨਾਲ ਸਬੰਧਤ ਇਕ ਹੋਰ ਪਰਿਵਾਰ **ਸਰਦਾਰ ਦੇਸਾ ਸਿੰਘ ਮਜੀਠੀਏ** ਦਾ ਸੀ, ਜਿਸ ਨੂੰ ਅੰਮ੍ਰਿਤਸਰ ਅਤੇ ਇਸਦੇ ਨਾਲ ਲਗਦੇ ਇਲਾਕੇ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ਸੀ। ਦੇਸਾ ਸਿੰਘ ਦਾ ਪੁੱਤਰ ਲਹਿਣਾ ਸਿੰਘ, ਜੋ ਹਸ਼ਮੁਦਦਾਵਲਾ (ਰਾਜ ਦੀ ਸ਼ਾਨ) ਵਜੋਂ ਜਾਣਿਆ ਜਾਂਦਾ ਸੀ, ਨੇ ਅਸਲਾ ਵਿਭਾਗ ਦੀ ਸੇਵਾ ਕੀਤੀ ਅਤੇ ਲਾਹੌਰ ਅਤੇ ਅੰਮ੍ਰਿਤਸਰ ਦੇ ਅਸਲਾ ਬਣਾਉਣ ਵਾਲੇ ਕਾਰਖਾਨਿਆਂ ਦਾ ਕੰਮ ਸਭਾਲਿਆ। ਉਸਨੂੰ ਦਰਬਾਰ ਸਾਹਿਬ ਦਾ ਇੰਚਾਰਜ ਬਣਾਇਆ ਗਿਆ। ਉਹ ਸਾਹਿਤਕ ਕੁਸ਼ਲਤਾ ਭਰਪੂਰ ਮਨੁੱਖ ਸੀ। ਉਸਦੀ ਮਕੈਨੀਕਲ ਗਿਆਨ ਵਿਚ ਅਸਧਾਰਣ ਰੁਚੀ ਸੀ।[8] ਹੋਰ ਚੀਜ਼ਾਂ ਤੋਂ ਇਲਾਵਾ ਉਸਨੇ ਇਕ ਅਜਿਹੀ ਘੜੀ ਦੀ ਖੋਜ ਕੀਤੀ ਜੋ ਘੰਟੇ, ਮਹੀਨੇ ਅਤੇ ਦਿਨ ਅਤੇ ਚੰਦਰਮਾਂ ਦੀ ਤਬਦੀਲੀ ਬਾਰੇ ਦਸਦੀ ਸੀ। ਉਸਦਾ ਪੁੱਤਰ ਦਿਆਲ ਸਿੰਘ ਮਜੀਠੀਆ, 1888 ਤੋਂ ਭਾਰਤੀ ਰਾਸ਼ਟਰੀ ਕਾਂਗਰਸ ਨਾਲ ਸਬੰਧਤ ਰਿਹਾ, ਉਹ 1893 ਵਿਚ ਲਾਹੌਰ ਵਿਖੇ ਹੋਏ ਕਾਂਗਰਸ ਸੈਸ਼ਨ ਵਿਚ ਸਵਾਗਤੀ ਕਮੇਟੀ ਦਾ ਚੇਅਰਮੈਨ ਸੀ, ਜਿਥੇ ਉਸਨੇ ਕਾਂਗਰਸ ਦੀ ਵਿਆਖਿਆ ਇਸ ਦੇਸ਼ ਵਿਚ ਬਰਤਾਨਵੀ ਰਾਜ ਦੀ ਸ਼ਾਨ ਵਜੋਂ ਕੀਤੀ ਅਤੇ ਕਿਹਾ ਅਸੀਂ ਖੁਸ਼ੀ ਨਾਲ ਉਸ ਸੰਵਿਧਾਨ ਅਧੀਨ ਰਹਿੰਦੇ ਹਾਂ ਜਿਸ ਦੀ ਤਾਕ ਵਿਚ ਆਜ਼ਾਦੀ ਹੈ ਅਤੇ ਜਿਸ ਦਾ ਮੁੱਖ ਸਤੰਭ ਸਹਿਣਸ਼ੀਲਤਾ ਹੈ।[9] ਉਹ ਟ੍ਰਿਬਿਊਨ ਅਤੇ ਦਿਆਲ ਸਿੰਘ ਕਾਲਜ ਦਾ ਬਾਨੀ ਵੀ ਸੀ। ਉਹ ਦਿਆਲ ਸਿੰਘ ਲਾਇਬਰੇਰੀ ਜਿਸ ਵਿਚ ਅੰਗਰੇਜ਼ੀ ਅਤੇ ਪੂਰਬੀ ਭਾਸ਼ਾਵਾਂ ਵਿਚ ਦੁਰਲੱਭ ਪੁਸਤਕਾਂ ਮੌਜੂਦ ਹਨ, ਉਸਦਾ ਵੀ ਬਾਨੀ ਸੀ।

ਭਾਈ ਸੂਰਤ ਸਿੰਘ ਨੂੰ ਸਵਰਨ ਮੰਦਰ ਦਾ ਮੈਨੇਜਰ ਨਿਯੁਕਤ ਕੀਤਾ ਗਿਆ, ਉਹ ਗਿਆਨੀ ਪਰਿਵਾਰ ਨਾਲ ਸਬੰਧਤ ਸਨ ਅਤੇ ਅੰਮ੍ਰਿਤਸਰ ਵਿਚ ਰਹਿੰਦੇ ਸਨ। ਉਸਦੇ ਪੁੱਤਰ, ਭਾਈ ਸੰਤ ਸਿੰਘ ਨੇ ਰਮਾਇਣ ਦੀ ਵਿਆਖਿਆ ਲਿਖੀ, ਉਸਨੂੰ ਮਹਾਰਾਜਾ ਬਹੁਤ ਚਾਹੁੰਦਾ ਸੀ, ਆਪਣੇ ਪਰਿਵਾਰ ਦੇ ਉਤਰਾਧਿਕਾਰੀਆਂ ਨੂੰ ਅੱਗੇ ਤੋਂ ਅੱਗੇ ਮਿਲਦੀ ਆ ਰਹੀ ਸਵਰਨ ਮੰਦਰ ਦੇ ਮੈਨੇਜ਼ਰ ਦੀ ਪਦਵੀ ਉਨ੍ਹਾਂ ਨੇ ਸੰਭਾਲੀ।[10] ਪੰਡਿਤ ਜਵਾਲਾ ਨੰਦ, ਜਿਸਦੀ ਚਿਕਿਤਸ਼ ਦੇ ਮਾਹਰ ਵਜੋਂ ਪ੍ਰਸੰਸਾ ਕੀਤੀ ਜਾਂਦੀ ਸੀ, ਉਸਦੇ ਸ਼ਰਧਾਲੂਆਂ ਵਿਸ਼ੇਸ਼ ਕਰਕੇ ਪੰਡਿਤ ਧਰਨੀਧਰ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਇਕ ਮਸ਼ਹੂਰ ਚਕਿਤਸਕ ਸੀ, ਉਸਨੇ ਸਿੱਖਿਆ ਅਤੇ ਮੈਡੀਸਨ ਦੇ ਖੇਤਰ ਵਿਚ ਬਹੁਤ ਕੰਮ ਕੀਤਾ। ਅੰਮ੍ਰਿਤਸਰ ਦਾ ਇਕ ਨਿਵਾਸੀ, ਦੀਵਾਨ ਸੁਖਦਿਆਲ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਮੁਲਤਾਨ ਦਾ ਸੂਬੇਦਾਰ ਬਣਿਆ।[11]

1805 ਵਿਚ ਜਸਵੰਤ ਰਾਓ ਹੋਲਕਰ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਮਦਦ ਲਈ ਬੇਨਤੀ ਕੀਤੀ। ਜਨਰਲ ਲੇਕ, ਜੋ ਮਰਾਠਾ ਮੁਖੀ ਨੂੰ ਹਰ ਤਰ੍ਹਾਂ ਦਬਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪੱਤਰ ਲਿਖਿਆ, 'ਜੇਕਰ ਉਸਨੇ ਜਸਵੰਤ ਰਾਓ ਹੋਲਕਰ ਨੂੰ ਮਦਦ ਦੇਣ ਦੀ ਪੇਸ਼ਕਸ਼ ਕੀਤੀ ਤਾਂ ਉਹ ਇਸਦੇ ਸਿੱਟਿਆਂ ਲਈ ਆਪ ਜ਼ਿੰਮੇਵਾਰ ਹੋਵੇਗਾ। ਮਹਾਰਾਜਾ ਰਣਜੀਤ ਸਿੰਘ ਕੋਈ ਫੈਸਲਾ ਨਾ ਲੈ ਸਕਿਆ, ਉਸਨੇ ਮਹੱਤਵਪੂਰਨ ਸਰਦਾਰਾਂ ਦੀ ਸਲਾਹ ਲੈਣ ਲਈ **ਸਰਬੱਤ ਖਾਲਸੇ** ਦੀ ਮੀਟਿੰਗ ਬੁਲਾਈ। ਮੈਲਕਮ ਅਨੁਸਾਰ ਇਸ ਵਿਚ ਗੁਰਮੱਤਾ ਪੇਸ਼ ਕੀਤਾ ਗਿਆ ਕਿ ਅੰਗਰੇਜ਼ਾਂ ਜਾਂ ਮਰਾਠਿਆਂ ਦੀਆਂ ਸੈਨਾਵਾਂ ਦੀ

ਮੌਜੂਦਗੀ ਨਾਲ ਉਤਪੰਨ ਹੋਏ ਖਤਰੇ ਦੀ ਸਥਿਤੀ ਵਿਚ ਕਿਹੜਾ ਢੰਗ ਵਰਤਿਆ ਜਾਵੇ। ਉਸ ਸਭਾ ਵਿਚ ਹਾਜ਼ਰ ਮੁਖੀਆਂ ਵਿਸ਼ੇਸ਼ ਕਰ ਫਤਿਹ ਸਿੰਘ ਆਹਲੂਵਾਲੀਆ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਅਗਰੇਜ਼ਾਂ ਨਾਲ ਸੰਬੰਧ ਨਾ ਵਿਗਾੜਨ ਦੀ ਸਲਾਹ ਦਿੱਤੀ, ਜੋ ਮਹਾਰਾਜੇ ਨੇ ਪ੍ਰਵਾਨ ਕਰ ਲਈ। 24 ਦਸੰਬਰ, 1805 ਨੂੰ ਅੰਗਰੇਜ਼ਾਂ ਅਤੇ ਹੋਲਕਰ ਵਿਚਕਾਰ ਇਹ ਸਮਝੌਤਾ ਹੋਇਆ ਕਿ ਚੰਬਲ ਦੇ ਉਤਰੀ ਭਾਗ ਉਤੇ ਉਸਦੇ ਅਧਿਕਾਰ ਨੂੰ ਰੱਦ ਕੀਤਾ ਜਾਵੇ ਅਤੇ ਦੱਖਣ ਵਿਚ ਉਸਦੇ ਕਿਲਿਆਂ ਦੀ ਵਾਪਸੀ ਨੂੰ 18 ਮਹੀਨੇ ਅੱਗੇ ਪਾਇਆ ਗਿਆ। ਜਨਵਰੀ 1,1806 ਨੂੰ ਜਨਰਲ ਲੇਕ ਨੇ ਮਹਾਰਾਜਾ ਮਹਾਰਾਜਾ ਰਣਜੀਤ ਸਿੰਘ ਅਤੇ ਫਹਿਤ ਸਿੰਘ ਨਾਲ ਇਕ ਸਾਂਝੇ ਸਮਝੌਤੇ ਤੇ ਦਸਤਖਤ ਕੀਤੇ, ਜਿਸ ਅਨੁਸਾਰ ਕਿਹਾ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਹੋਲਕਰ ਨੂੰ ਅੰਮ੍ਰਿਤਸਰ ਤੋਂ ਵਾਪਸ ਜਾਣ ਲਈ ਮਜ਼ਬੂਰ ਕਰੇਗਾ ਅਤੇ ਉਸਨੂੰ ਕੋਈ ਮਦਦ ਨਹੀਂ ਦੇਵੇਗਾ। ਮਹਾਰਾਜਾ ਰਣਜੀਤ ਸਿੰਘ ਨੂੰ ਅੰਗਰੇਜ਼ਾ ਦਾ ਵਿਰੁੱਧ ਨਾ ਕੀਤਾ ਜਿਸ ਕਾਰਨ ਹੋਲਕਰ ਅੰਮ੍ਰਿਤਸਰ ਤੋਂ ਵਾਪਸ ਚਲਾ ਗਿਆ। 1805 ਤੋਂ ਬਾਅਦ **ਸਰਬੱਤ ਖਾਲਸੇ** ਨੂੰ ਰਾਜਨੀਤਿਕ ਸੰਸਥਾ ਬਣਨ ਤੋਂ ਰੋਕਿਆ ਗਿਆ, ਕਿਉਂਕਿ ਇਸਦੇ ਰਾਜਨੀਤਿਕ ਕੰਮਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਹੱਥਾਂ ਵਿਚ ਲੈ ਲਿਆ ਸੀ ਅਤੇ ਇਸਦੇ ਧਾਰਮਿਕ ਕੰਮਾਂ ਵਿਚ ਕੋਈ ਦਖਲਅੰਦਾਜ਼ੀ ਨਾ ਕੀਤੀ ਗਈ।

ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਹੋਰ ਇਮਾਰਤਾਂ ਦੀ ਉਸਾਰੀ ਦੇ ਨਾਲ ਨਾਲ ਅੰਮ੍ਰਿਤਸਰ ਦੇ ਸੁਧਾਰ ਅਤੇ ਇਸ ਨੂੰ ਸੁੰਦਰ ਬਣਾਉਣ ਵਿਚ ਦਿਲਚਸਪੀ ਲਈ, ਉਸਨੇ ਕਿਲ੍ਹਿਆਂ ਦੀ ਉਸਾਰੀ ਅਤੇ ਮੁਰੰਮਤ, ਫੁਹਾਰਿਆਂ ਦੇ ਵਿਚਕਾਰ ਸੁੰਦਰ ਮਹਿਲ ਬਣਾਉਣ ਅਤੇ ਬਾਗ ਆਦਿ ਲਵਾਉਣ ਬਾਰੇ ਮੁਗਲ ਪਰੰਪਰਾਂ ਨੂੰ ਕਾਇਮ ਰੱਖਿਆ। ਉਸਨੇ ਹਰਿਮੰਦਰ ਸਾਹਿਬ ਵਿਚ ਸੰਗਮਰਮਰ ਲਗਵਾਇਆ ਅਤੇ ਇਸਨੂੰ ਸੁਨਹਿਰੀ ਦਿੱਖ ਪ੍ਰਦਾਨ ਕੀਤੀ ਜਿਸ ਕਰਕੇ ਇਸ ਨੂੰ ਸਵਰਨ ਮੰਦਰ (ਗੋਲਡਨ ਟੈਂਪਲ) ਕਿਹਾ ਜਾਂਦਾ ਹੈ। ਇਕ ਛੋਟੀ ਜਿਹੀ ਜਗ੍ਹਾ ਤੋਂ ਬਹੁਤ ਜਲਦੀ ਅੰਮ੍ਰਿਤਸਰ ਇਕ ਵੱਡਾ ਅਤੇ ਅਮੀਰ ਸ਼ਹਿਰ ਬਣ ਗਿਆ ਅਤੇ ਇਹ ਮੁਗਲ ਦਰਬਾਰਾਂ ਦੀ ਸ਼ਾਹੀ ਸਜਧਜ ਦੀ ਸ਼ਾਹਦੀ ਭਰਦਾ ਸੀ। ਉਸ ਦੇ ਸਮੇਂ ਦਾ ਇਹ ਉਹ ਸ਼ਹਿਰ ਸੀ ਜਿਥੇ ਅਮੀਰ ਹਿੰਦੂ ਅਤੇ ਸਿੱਖ ਰਹਿੰਦੇ ਸਨ। ਇਹ ਉਹ ਸ਼ਹਿਰ ਸੀ ਜਿਥੇ ਮਹਾਰਾਜਾ ਮਨ ਪ੍ਰਚਾਵਾ ਅਤੇ ਆਰਾਮ ਕਰਨ ਵਾਸਤੇ ਆਉਂਦਾ ਸੀ, ਜਿਥੇ ਜਸਵੰਤ ਰਾਓ ਹੋਲਕਰ, ਚਾਰਲਸ ਮੈਟਕਾਲਫ, ਲਾਰਡ ਆਕਲੈਂਡ ਵਰਗੇ ਮਹਾਨ ਲੋਕ ਆਏ ਅਤੇ ਜਿਥੇ ਜਿੱਤ ਸਮੇਂ, ਜਿਵੇਂ ਪੇਸ਼ਾਵਰ ਦੀ ਜਿੱਤ ਵੇਲੇ, ਸ਼ਹਿਰ ਨੂੰ ਰੋਸ਼ਨਾਇਆ ਜਾਂਦਾ ਸੀ। ਇਹ ਉਚੇਚੇ ਹੱਕਾਂ ਵਾਲਾ ਉਹ ਸ਼ਹਿਰ ਸੀ ਜਿਥੇ ਮੁਖੀ ਆਪਣੇ ਘੋੜਿਆਂ ਉਤੇ ਚੜ੍ਹ ਕੇ ਫਿਰਦੇ ਸਨ, ਮੰਦਰ ਦੇ ਪੁਜਾਰੀ ਆਪਣੀ ਉਮਰ ਗਰੰਥ ਦੀ ਵਿਆਖਿਆ ਕਰਨ ਵਿਚ ਬਤੀਤ ਕਰ ਦਿੰਦੇ ਸਨ ਅਤੇ ਗਰੀਬ ਲੋਕ ਅਮੀਰਾਂ ਅਤੇ ਸ਼ਰਧਾਲੂਆਂ ਦੇ ਰਹਿਮ ਤੇ ਜਿਉਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਥੇ ਸੁੰਦਰਤਾ ਅਤੇ ਸੰਸਕ੍ਰਿਤੀ ਅਤੇ ਸਾਜ਼ਿਸ ਦਾ ਅਜੀਬ ਸੁਮੇਲ ਹੋਇਆ। ਗਲੀਆਂ ਵਿਚ ਰੌਲਾ ਗੌਲਾ ਅਤੇ ਇਸ ਦੇ ਉਲਟ ਰਾਮਬਾਗ ਵਿਚ ਰਸਮੀ ਗੌਰਵ ਹੁੰਦਾ ਜਿਥੇ ਅਮੀਰ ਸਨਮਾਨਤ ਲੋਕ ਮਹਾਰਾਜਾ ਰਣਜੀਤ ਸਿੰਘ ਦੀ ਹਾਜ਼ਰੀ ਵਿਚ ਇਕੱਠੇ ਹੁੰਦੇ ਸਨ। ਪ੍ਰਮੁੱਖਤਾ ਅਤੇ ਵਿਸ਼ੇਸ਼ ਅਧਿਕਾਰਾਂ ਲਈ ਬੱਚਿਆਂ

ਵਾਂਗ ਛੋਟੀਆਂ ਛੋਟੀਆਂ ਗੱਲਾਂ ਤੇ ਲੜਾਈ ਝਗੜੇ ਅਤੇ ਸਵਰਨ ਮੰਦਰ ਦੇ ਦਰਸ਼ਨ ਨਾਲ ਨਾਲ ਚਲਦੇ। ਹੰਕਾਰ, ਚਾਪਲੂਸੀ, ਉਤੇਜਨਾ ਅਤੇ ਵਿਖਾਵਾ ਸ਼ਹਿਰ ਦੀ ਜ਼ਿੰਦਗੀ ਦਾ ਅੰਗ ਬਣ ਗਏ ਸਨ।

ਐਮਿਲੀ ਈਡਨ (1797-1869), ਆਕਲੈਂਡ ਦੀ ਭੈਣ ਤੇ ਬਹੁਤ ਸਾਰੀਆਂ ਪੁਸਤਕਾਂ ਦੀ ਲੇਖਿਕਾ ਅਤੇ ਸੀ.ਐਸ.ਵਾਡੇ ਵਰਗੇ ਯਾਤਰੂਆਂ, ਜਿਨ੍ਹਾਂ ਨੇ 19ਵੀਂ ਸਦੀ ਦੇ ਸ਼ੁਰੂ ਵਿਚ ਸ਼ਹਿਰ ਦੀ ਯਾਤਰਾ ਕੀਤੀ, ਸ਼ਹਿਰ ਇਕ ਖੁੱਲੀ ਕਿਲ੍ਹਾਬੰਦੀ ਵਰਗਾ ਵਿਖਾਈ ਦਿੱਤਾ। ਕਿਲੇਬੰਦੀ ਵਿਚ ਮਿੱਟੀ ਦੀ ਘੱਟ ਤੋਂ ਘੱਟ 25 ਫੁੱਟ ਮੋਟੀ ਵਿਸ਼ਾਲ ਫਸੀਲ ਅਤੇ ਇਕ ਡੂੰਘੀ ਖਾਈ ਹੁੰਦੀ ਸੀ। ਖਾਈ ਦੇ ਨਾਲ ਨਾਲ ਅਤੇ ਕਿਲ੍ਹੇ ਦੇ ਸਾਹਮਣੇ ਪੱਥਰ ਦੀ ਚਿਣਾਈ ਨਾਲ ਬਾਰਾਂ ਦਰਵਾਜ਼ੇ ਬਣਾਏ ਗਏ। ਕੈਪਟਨ ਸੀ.ਐਸ.ਵਾਡੇ, ਜਿਸਦਾ ਈਸਟ ਇੰਡੀਆ ਕੰਪਨੀ ਦੀ ਫੌਜ ਵਿਚ ਅਤੇ ਨੀਤੀਵਾਨ ਦੇ ਤੌਰ ਤੇ ਕਾਫੀ ਲੰਬਾ ਤਜਰਬਾ ਸੀ, ਦਾ ਖਿਆਲ ਸੀ ਕਿ ਇਹ ਨਮੂਨਾ ਆਲੇ ਦੁਆਲੇ ਦੇ ਹੋਰ ਕਿਲ੍ਹਿਆਂ ਵਰਗਾ ਨਹੀਂ ਸੀ, ਜੋ ਸਾਖਿਆਤ ਪੱਛਮੀ ਪ੍ਰਭਾਵ ਵਿਖਾਉਂਦਾ ਸੀ। ਅਜਿਹਾ ਮਹਾਰਾਜਾ ਰਣਜੀਤ ਸਿੰਘ ਦੀਆਂ ਸੇਵਾਵਾਂ ਵਿਚ ਫਰਾਂਸੀਸੀ ਅਫਸਰਾਂ ਦੀ ਭਰਤੀ ਕਾਰਨ ਸੀ। ਮਹਾਰਾਜਾ ਰਣਜੀਤ ਸਿੰਘ ਦਾ ਮੰਤਵ ਕੇਵਲ ਅੰਮ੍ਰਿਤਸਰ ਦਾ ਅਧਿਕਾਰ ਪ੍ਰਾਪਤ ਕਰਨ ਤੱਕ ਸੀਮਤ ਨਹੀਂ ਸੀ, ਉਸਦੀ ਭਾਵਨਾ ਵਿਚ ਇਸ ਨਗਰ ਦਾ ਵਿਸ਼ੇਸ਼ ਸਥਾਨ ਸੀ। ਇਸਦੀ ਸਾਜ਼ ਸਜਾਵਟ ਅਤੇ ਇਸਨੂੰ ਸਭ ਤੋਂ ਪਵਿੱਤਰ ਤੀਰਥ ਸਥਾਨ ਦੇ ਤੌਰ ਤੇ ਮਾਨਤਾ ਦੀ ਪ੍ਰਾਪਤੀ ਮਹਾਰਾਜਾ ਦੀਆਂ ਭਾਵਨਾਵਾਂ ਦਾ ਫਲ ਸੀ। ਰਣਜੀਤ ਸਿੰਘ ਇੱਕ ਸਧਾਰਣ ਸਿੱਖ ਵਾਂਗ ਫਰਸ਼ ਤੇ ਬੈਠ ਕੇ ਗੁਰੂ ਗਰੰਥ ਸਾਹਿਬ ਦਾ ਪਾਠ ਸਰਵਣ ਕਰਦੇ।

ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਸ਼ਹਿਰ ਦੇ ਆਲੇ ਦੁਆਲੇ ਇਕ ਪੱਕੀ ਦੀਵਾਰ ਬਣਾਉਣ ਦਾ ਫੈਸਲਾ ਕੀਤਾ ਅਤੇ ਇਹ ਕੰਮ ਸਰਦਾਰਾਂ ਦੇ ਸਪੁਰਦ ਕੀਤਾ ਗਿਆ, ਜਿਨ੍ਹਾਂ ਵਿਚੋਂ ਹਰੇਕ ਨੂੰ ਕੁਝ ਭਾਗ ਬਣਾਉਣ ਦਾ ਕੰਮ ਦਿੱਤਾ ਗਿਆ। ਲੱਗਭੱਗ14,00,000 ਰੁਪਏ ਦੀ ਲਾਗਤ ਦਾ ਇਹ ਕੰਮ 1823 ਵਿਚ ਪੂਰੇ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ ਗਿਆ। ਸਰਦਾਰ ਫਤਿਹ ਸਿੰਘ ਆਹਲੂਵਾਲੀਆ ਨੇ ਆਪਣੇ ਇਲਾਕੇ ਵਿਚੋਂ ਇਕ ਹਜ਼ਾਰ ਮਿਸਤਰੀ (ਰਾਜ) ਭੇਜੇ, ਦੱਲ ਸਿੰਘ, ਦੇਸਾ ਸਿੰਘ ਅਤੇ ਹੋਰ ਪ੍ਰਮੁੱਖ ਜਾਗੀਰਦਾਰਾਂ ਨੇ ਆਪਣੀਆਂ ਸਬੰਧਤ ਜਾਗੀਰਾਂ ਵਿਚੋਂ ਆਦਮੀ ਅਤੇ ਸਾਮਾਨ ਨਿਰਧਾਰਤ ਮਾਤਰਾ ਵਿਚ ਭੇਜੇ। ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਰ ਅਤੇ ਕਿਲੇ ਦੀਆਂ ਕੰਧਾਂ ਨੂੰ ਮਜ਼ਬੂਤ ਕਰਵਾਇਆ, ਕਿਲ੍ਹੇ ਦਾ ਬੁਰਜ ਗਾਰੇ ਦੀ ਥਾਂ ਇੱਟਾਂ ਦਾ ਬਣਵਾਇਆ। ਅੰਦਰੂਨੀ ਦੀਵਾਰ ਖਾਈ ਨਾਲ ਘਿਰੀ ਹੋਈ ਸੀ। ਖਾਈਆਂ ਉਤੇ ਪੁਲ ਬਣਾ ਕੇ 12 ਦਰਵਾਜ਼ਿਆਂ ਦੀ ਸੁਵਿਧਾ ਰੱਖੀ ਗਈ ਸੀ। ਮਹਾਰਾਜੇ ਦੁਆਰਾ ਸਿੱਧੇ ਤੌਰ ਤੇ ਨਿਯੁਕਤ ਨਗਰ ਦੇ ਪ੍ਰਸ਼ਾਸਕ ਦੇ ਨਿਰਦੇਸ਼ਨ ਵਿਚ, ਹਰ ਦਰਵਾਜ਼ੇ ਉਤੇ ਕਈ ਸਿਪਾਹੀ ਆਉਣ ਜਾਣ ਵਾਲਿਆਂ ਉਤੇ ਨਜ਼ਰ ਰੱਖਣ ਲਈ ਤੈਨਾਤ ਸਨ। ਅਲੀਉਦੀਨ ਵਲੋਂ 12 ਦਰਵਾਜ਼ਿਆਂ ਦੇ ਨਾਮ ਰੱਖੇ ਗਏ : ਲਾਹੌਰੀ, ਖਜ਼ਾਨਾ, ਹਕੀਮਾਂ, ਰੰਘੜ ਨੰਗਲੀਆ, ਗਿੱਲਵਾਲੀ, ਰਾਮਗੜ੍ਹੀਆ, ਆਹਲੂਵਾਲੀਆ, ਦੋਬੁਰਜੀ, ਡਿਓਢੀ-ਏ-ਕਲਾਂ, ਰਾਮਬਾਗ, ਸ਼ਹਿਜ਼ਾਦਾ ਅਤੇ ਲੋਹਗੜ੍ਹ। ਫੇਰ ਕੁਝ ਹੋਰ ਨਾਵਾਂ ਨਾਲ ਪੁਕਾਰੇ ਦਰਵਾਜ਼ਾ-ਏ-ਰੰਘੜ ਨੰਗਲੀਆਂ ਹੁਣ ਭਗਤਾਂ ਵਾਲਾ ਗੇਟ, ਰਾਮਗੜ੍ਹੀਆ ਨੂੰ ਚਾਟੀਵਿੰਡ,

ਆਹਲੂਵਾਲੀਆਂ ਨੂੰ ਸੁਲਤਾਨ ਵਿੰਡ, ਦੋ-ਬੁਰਜੀ ਨੂੰ ਘਿਓ ਮੰਡੀ, ਡਿਓੜੀ ਕਲਾਂ ਨੂੰ ਮਹਾਂਸਿੰਘ ਗੇਟ ਅਤੇ ਦਰਵਾਜ਼ਾ-ਏ-ਸ਼ਹਿਜ਼ਾਦਾ ਨੂੰ ਹਾਥੀ ਗੇਟ ਕਿਹਾ ਜਾਂਦਾ ਹੈ। ਸਵਰਨ ਮੰਦਰ ਵਿਚ ਸੋਨੇ ਦੀ ਸਜਾਵਟ ਦਾ ਸਾਰਾ ਕੰਮ ਰਣਜੀਤ ਸਿੰਘ, ਉਸਦੇ ਪੁੱਤਰ ਮਹਾਰਾਜਾ ਖੜਕ ਸਿੰਘ ਅਤੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਨਿਗਰਾਨੀ ਹੇਠ ਕੀਤਾ ਗਿਆ। ਸੋਨੇ ਨਾਲ ਇਮਾਰਤਾਂ ਦੀ ਸਜਾਵਟ ਅਤੇ ਨੱਕਾਸ਼ੀ ਉਪਰ ਕੁੱਲ 64,11,000 ਰੁਪਏ ਦੀ ਲਾਗਤ ਆਈ, ਜਿਸ ਵਿਚੋਂ ਜ਼ਿਆਦਾਤਰ ਹਿੱਸਾ ਭੰਗੀ ਸਰਦਾਰਾਂ ਨੇ ਦਿੱਤਾ। ਸਵਰਨ ਮੰਦਰ ਦੇ ਯਾਤਰੂਆਂ [12] ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ 25,000 ਰੁਪਏ ਸਲਾਨਾ ਲਗਾਨ ਦੇਣ ਵਾਲੀ ਇਕ ਜਾਗੀਰ ਭੇਟ ਕੀਤੀ ਗਈ ਅਤੇ ਦਾਨ ਦਿੱਤੀਆਂ ਗਈਆਂ ਜਾਗੀਰਾਂ ਦੀ ਕੁੱਲ ਰਕਮ 1,75,000 ਰੁਪਏ ਬਣਦੀ ਸੀ। ਆਪਣੀ ਮੌਤ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਇਹ ਵੀ ਹੁਕਮ ਦਿੱਤਾ ਕਿ ਉਸਦੀ ਨਿੱਜੀ ਵਰਤੋਂ ਵਾਲੇ ਘੋੜੇ ਅਤੇ ਹਾਥੀ ਦਰਬਾਰ ਸਾਹਿਬ ਨੂੰ ਭੇਜ ਦਿਤੇ ਜਾਣ। ਮਹਾਰਾਜਾ ਰਣਜੀਤ ਸਿੰਘ ਨੇ ਫੁਹਾਰਿਆਂ ਨਾਲ ਘਿਰੇ ਬਾਗ ਵਿਚ ਆਪਣੀ ਗਰਮੀਆਂ ਦੇ ਰਿਹਾਇਸ਼ਗਾਹ ਬਣਵਾਈ। ਬਾਗ ਵਿਚਲੇ ਉਸਦੇ ਮਹਿਲ ਉਪਰ 1,25,000 ਰੁਪਏ ਖਰਚ ਆਏ ਅਤੇ ਜਲ ਬਾਰਾਂਦਰੀ ਜਾਂ ਇਸ਼ਨਾਨ ਘਰ ਦੀ ਲਾਗਤ 20000 ਰੁਪਏ ਸੀ। ਅਜ਼ੀਜ-ਉਦ-ਦੀਨ, ਦੇਸਾ ਸਿੰਘ ਅਤੇ ਲਹਿਣਾ ਸਿੰਘ ਦੀ ਨਿਗਰਾਨੀ ਹੇਠ ਹੋਏ ਸਾਰੇ ਕੰਮ ਤੇ 2,14,000 ਰੁਪਏ ਖਰਚ ਹੋਏ। ਰਾਮ ਬਾਗ ਦੇ ਬਾਹਰ ਬਣੀ ਕੋਠੀ, ਜੋ ਇਕ ਸ਼ਾਨਦਾਰ ਇਮਾਰਤ ਸੀ ਅਤੇ ਸ਼ਾਇਦ ਮਹਾਰਾਜੇ ਨੇ ਇਸ ਨੂੰ ਰਾਮ ਬਾਗ ਦੀ ਡਿਊੜੀ ਵਜੋਂ ਆਪਣੇ ਅੰਗ ਰੱਖਿਅਕਾਂ ਦੇ ਰਹਿਣ ਲਈ ਬਣਵਾਇਆ ਸੀ, ਇਸ ਦੇ ਕਾਫੀ ਵੱਡੇ ਲੋਹੇ ਦੇ ਦਰਵਾਜ਼ੇ ਲੱਗੇ ਹੋਏ ਸਨ।

ਐਮਲੀ ਈਡਨ [14] ਅਨੁਸਾਰ ਬਾਗ ਦੀਆਂ ਕੰਧਾਂ ਦੇ ਨਾਲ 'ਸ਼ਾਨਦਾਰ ਸਿਪਾਹੀਆਂ' ਅਤੇ ਉੱਜਲੇ ਕੱਪੜਿਆਂ, ਖੁਲੀਆਂ ਦਾੜ੍ਹੀਆਂ ਅਤੇ ਸੋਹਣੀਆਂ ਪੱਗਾਂ ਵਾਲੇ ਲੋਕਾਂ ਦੀ ਲਾਈਨ ਲੱਗੀ ਹੋਈ ਸੀ, ਇਹ ਛੋਟੇ ਜਿਹੇ ਪੁਰਾਣੇ ਕਿਲ੍ਹੇ ਵਾਂਗ ਲਗਦਾ ਸੀ। ਬਾਗ ਵਿਚ ਬਹੁਤ ਸਾਰੀਆਂ ਵੱਡੀਆਂ ਅਤੇ ਸਾਫ ਇਮਾਰਤਾਂ ਸਨ, ਜਿਨ੍ਹਾਂ ਵਿਚ ਧਾਰਮਿਕ ਮੰਤਵਾਂ ਅਤੇ ਦੁਸਹਿਰਾ [15] ਦਾ ਤਿਉਹਾਰ ਮਨਾਉਣ ਲਈ ਅੰਮ੍ਰਿਤਸਰ ਆਏ ਸਿੱਖ ਮੁਖੀ ਠਹਿਰਦੇ ਸਨ। ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਅਤੇ ਹਵਾ ਬਦਲੀ ਲਈ ਮਹਾਰਾਜ਼ਾ ਹਰੇਕ ਸਾਲ ਦਾ ਕੁਝ ਹਿੱਸਾ ਅੰਮ੍ਰਿਤਸਰ ਵਿਚ ਬਤੀਤ ਕਰਦਾ ਸੀ, ਆਮ ਤੌਰ ਤੇ ਉਹ ਬਰਸਾਤ ਦੇ ਸ਼ੁਰੂ 'ਚ ਅੰਮ੍ਰਿਤਸਰ ਆਉਂਦਾ ਅਤੇ ਇਹ ਮੌਸਮ ਖਤਮ ਹੋਣ ਜਾਂ ਦੁਸਹਿਰੇ ਦੇ ਤਿਉਹਾਰ ਤੋਂ ਬਾਅਦ ਵਾਪਸ ਜਾਂਦਾ ਸੀ। ਆਪਣੇ ਅੰਮ੍ਰਿਤਸਰ ਵਿਚ ਠਹਿਰਣ ਦੌਰਾਨ ਉਹ ਸ਼ਹਿਰ ਤੋਂ ਥੋੜੀ ਬਾਹਰ ਰਾਮ ਬਾਗ ਵਿਚ ਠਹਿਰਦਾ ਸੀ। ਉਹ ਜਸਵੰਤ ਰਾਓ ਹੋਲਕਰ ਦੀ ਸਲਾਹ ਤੇ 1805-1809 ਵਿਚ ਆਪਣਾ ਖ਼ਜ਼ਾਨਾ ਰੱਖਣ ਲਈ ਬਣਾਏ ਗਏ ਗੋਬਿੰਦਗੜ੍ਹ ਕਿਲ੍ਹੇ ਵਿਚ ਆਪਣਾ ਦਰਬਾਰ ਲਾਉਂਦਾ ਸੀ। ਉਹ ਸਵਰਨ ਮੰਦਰ ਅਤੇ ਕਦੇ ਕਦੇ ਪ੍ਰਸਿੱਧ ਫਕੀਰ ਗੰਗਾ ਧਰ [16] ਦੇ ਪਵਿੱਤਰ ਦਰਸ਼ਨਾਂ ਦਾ ਆਨੰਦ ਮਾਨਣ ਲਈ ਜਾਂਦਾ ਸੀ। 1633 ਵਿਚ ਸ਼ਾਹਜਹਾਂ ਦੇ ਸਮੇਂ ਤੋਂ ਪੰਜਾਬ ਵਿਚ ਹੰਸਲੀ ਨਹਿਰ ਚਲਦੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਇਸ ਦਾ ਵਿਸਥਾਰ ਲਾਹੌਰ ਤੋਂ ਅੰਮ੍ਰਿਤਸਰ ਤੱਕ

ਕੀਤਾ ਤਾਂ ਕਿ ਸਵਰਨ ਮੰਦਰ ਦੇ ਆਲੇ ਦੁਆਲੇ ਦੇ ਸਰੋਵਰ ਨੂੰ ਪਾਣੀ ਨਾਲ ਭਰਿਆ ਜਾ ਸਕੇ।

**ਚਾਰਲਸ ਮੈਟਕਾਫ** (Charles Metcalfe) ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਇਕ ਦੂਤ ਵਜੋਂ ਫਰਾਂਸੀਸੀ ਹਮਲੇ ਦੇ ਸਬੰਧ ਵਿਚ ਸਮਝੌਤਾ ਕਰਨ ਲਈ 10 ਦਸੰਬਰ, 1808 ਨੂੰ ਗਿਆ ਸੀ, ਨੇ ਆਪਣੇ ਅੰਮ੍ਰਿਤਸਰ ਵਿਚ ਠਹਿਰਨ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਬੜੇ ਸੋਹਣੇ ਢੰਗ ਨਾਲ ਦਰਸਾਇਆ ਹੈ [17]। ਉਹ ਅੰਮ੍ਰਿਤਸਰ ਵਿਚ ਲਗਭਗ ਦੋ ਮਹੀਨੇ ਰਿਹਾ। ਜਦੋਂ ਮਹਾਰਾਜੇ ਨੂੰ ਮਿਲਿਆ ਤਾਂ ਉਸਨੇ ਮਹਾਰਾਜੇ ਨੂੰ 'ਆਤਮਤ੍ਰਿਪਤੀ' ਅਤੇ ਮੌਜ ਮੇਲੇ ਦੇ ਮਾਹੌਲ ਵਿਚ ਵੇਖਿਆ। ਸਾਰੀ ਸ਼ਾਮ ਆਨੰਦ, ਖੁਸ਼ ਅਤੇ ਚੰਗੇ ਹਾਸਰਸ ਵਿਚ ਬੀਤੀ। ਮੈਟਕਾਫ ਉਨ੍ਹਾਂ ਦੀ ਆਓ ਭਗਤ, ਬੋਲਚਾਲ ਅਤੇ ਉਸ ਦੇ ਆਉਣ ਤੇ ਉਨ੍ਹਾਂ ਵਲੋਂ ਵਿਖਾਈ ਖੁਸ਼ੀ ਦੀ ਭਾਵਨਾ ਤੋਂ ਬਹੁਤ ਪ੍ਰਭਾਵਤ ਹੋਇਆ। ਇਸ ਸਮੇਂ ਦੌਰਾਨ ਮਹਾਰਾਜੇ ਦੀ ਇਕ ਪ੍ਰਸਿੱਧ ਮੁਸਲਮਾਨ ਨਰਤਕੀ ਨੇ ਇਸਲਾਮ ਧਰਮ ਨੂੰ ਛੱਡ ਕੇ ਹਿੰਦੂ ਧਰਮ ਅਪਣਾ ਲਿਆ ਸੀ [18]। ਇਹ ਖ਼ਬਰ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਸਾਰਾ ਸ਼ਹਿਰ ਉਤੇਜਨਾ ਨਾਲ ਭਰ ਗਿਆ। ਸ਼ਹਿਰ ਦੀਆਂ ਦੁਕਾਨਾਂ ਬੰਦ ਹੋ ਗਈਆਂ। ਪੁਜਾਰੀ ਇਕੱਠੇ ਹੋਏ, ਕਾਹਲੀ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਆਪਣੇ ਮੰਗ ਪੱਤਰ ਦਿਤੇ, ਉਨ੍ਹਾਂ ਨੇ ਸੱਤਿਆਨਾਸ ਕਰਨ ਦੀ ਧਮਕੀ ਥੱਲੇ ਲੋਕਾਂ ਨੂੰ ਆਪਣੀਆਂ ਦੁਕਾਨਾਂ ਬੰਦ ਰੱਖਣ ਅਤੇ ਕਿਸੇ ਕਿਸਮ ਦਾ ਵਪਾਰਕ ਅਦਾਨ ਪ੍ਰਦਾਨ ਨਾ ਕਰਨ ਦੀ ਹਦਾਇਤ ਕੀਤੀ। ਸਾਰੇ ਵਰਗ ਤੋਂ ਬਦਲੇ ਦੀ ਭਾਵਨਾ ਨਾਲ ਗੁੱਸੇ ਵਿਚ ਆਏ ਹਿੰਦੂਆਂ ਨੇ ਮੁਸਲਮਾਨ ਨਰਤਕੀਆਂ ਦੇ ਘਰਾਂ ਦੀ ਲੁੱਟ ਖਸੁੱਟ ਕੀਤੀ। ਇਸ ਤਰ੍ਹਾਂ ਸੰਸਾਰਕ ਅਤੇ ਰੂਹਾਨੀ ਅਧਿਕਾਰੀਆਂ ਵਿਚਕਾਰ ਇਕ ਤਣਾਅ ਪੈਦਾ ਹੋ ਗਿਆ।

ਫਰਵਰੀ 1809 ਦੇ ਅੰਤ ਵਿਚ ਮੈਟਕਾਫ ਦੇ ਸਿਪਾਹੀਆਂ ਨੇ ਹੁਸੈਨ ਦੀ ਮੌਤ ਦੀ ਯਾਦ ਵਜੋਂ **ਮੁਹੱਰਮ** ਦਾ ਤਿਉਹਾਰ ਮਨਾਇਆ ਅਤੇ **ਤਾਜੀਏ** ਵੀ ਕੱਢੇ (ਸ਼ਹੀਦਾਂ ਦੇ ਮਕਬਰੇ ਦੀ ਨਕਲ ਵਿਚ ਸਲਮੇ ਸਿਤਾਰੇ ਦੇ ਕੰਮ ਨਾਲ ਤਿਆਰ ਕੀਤੇ ਹੋਏ ਸ਼ਾਨਦਾਰ ਢਾਂਚੇ)। ਇਸ ਵਿਖਾਵੇ ਨੇ ਮੰਦਰ ਦੇ ਪੁਜਾਰੀਆਂ ਵਿਚ ਰੋਸ ਪੈਦਾ ਕਰ ਦਿੱਤਾ। 25 ਫਰਵਰੀ ਨੂੰ ਸਿੱਖਾਂ ਦੀ ਇਕ ਟੋਲੀ, ਜਿਸ ਨੂੰ ਮੈਟਕਾਫ ਨੇ ਅੱਧੇ ਸਿਪਾਹੀ ਅਤੇ ਅੱਧੇ ਸਵੈਸੇਵਕ ਕਿਹਾ ਹੈ, ਜਿਸ ਦੇ ਪਿਛੇ ਇਕ ਠਾਠਾਂ ਮਾਰਦੀ ਹੋਈ ਭੀੜ ਸੀ, ਨੇ ਬਰਤਾਨਵੀ ਪ੍ਰਚਾਰਕ ਮੰਡਲੀ ਉਤੇ ਬੰਦੂਕਾਂ ਨਾਲ ਹਮਲਾ ਕਰਨ ਦੇ ਮੰਤਵ ਨਾਲ ਸ਼ਹਿਰ ਵਿਚ ਰੰਗ ਬਰੰਗੀਆਂ ਝੰਡੀਆਂ ਨਾਲ ਢੋਲ ਵਜਾ ਕੇ ਅਤੇ ਗੱਤਕਾ ਖੇਡਦੇ ਹੋਏ ਜਲੂਸ ਕੱਢਿਆ [19]। ਪਰੰਤੂ ਮਹਾਰਾਜਾ ਰਣਜੀਤ ਸਿੰਘ, ਜੋ ਉਸ ਸਮੇਂ ਗੋਬਿੰਦਗੜ੍ਹ ਕਿਲੇ ਵਿਚ ਸੀ, ਰੌਲਾ ਰੱਪਾ ਸੁਣ ਕੇ ਬਾਹਰ ਆਇਆ ਅਤੇ ਆਪਣੇ ਕਮਰਬੰਦ ਨੂੰ ਸ਼ਾਂਤੀ ਰੱਖਣ ਦੇ ਇਸ਼ਾਰੇ ਵਜੋਂ ਹਿਲਾਉਦੇ ਹੋਏ ਮੈਟਕਾਫ ਦੇ ਤੰਬੂ ਵੱਲ ਚਲਾ ਗਿਆ। ਸਭ ਤੋਂ ਪਹਿਲਾਂ ਮੈਟਕਾਫ ਨੇ ਭੀੜ ਨੂੰ ਰੋਕਣ ਦਾ ਯਤਨ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਬਰਤਾਨਵੀਆਂ ਦੀ ਸੁਰੱਖਿਆ ਲਈ ਆਪਣੇ ਬੰਦੇ ਭੇਜੇ। ਥੋੜੇ ਜਿਹੇ ਲੋਕਾਂ ਦੇ ਟੋਲੇ ਦੀ ਬਹਾਦਰੀ ਨੇ ਆਪਣੇ ਬਹੁਤ ਸਾਰੇ ਵਿਰੋਧੀਆਂ ਨੂੰ ਪਿਛੇ ਧੱਕ ਦਿੱਤਾ, ਇਸ ਨੇ ਮਹਾਰਾਜਾ ਰਣਜੀਤ ਸਿੰਘ ਉਪਰ ਬਹੁਤ ਪ੍ਰਭਾਵ ਪਾਇਆ ਅਤੇ ਉਸਨੂੰ ਵਿਸ਼ਵਾਸ ਹੋ ਗਿਆ ਕਿ ਉਹ ਆਪਣੇ ਨਾਲੋਂ ਹਰ ਪੱਖ ਤੋਂ ਵਧੀਆ [20] ਕਿਸੇ ਵੀ ਪਾਰਟੀ ਦੀ ਮੁਕਾਬਲਾ

ਕਰ ਸਕਦੇ ਹਨ, ਖਾਸ ਕਰਕੇ ਫੌਜੀ ਅਨੁਸ਼ਾਸਨ ਅਤੇ ਵੀਰਤਾ ਲਈ ਉਹ ਬਰਤਾਨਵੀ ਹਥਿਆਰ ਅਤੇ ਅਨੁਸ਼ਾਸ਼ਨ ਨੂੰ ਅਪਣਾਉਣ ਦੇ ਬੜੇ ਖਾਹਿਸ਼ਮੰਦ ਸਨ। 25 ਅਪਰੈਲ, 1809 ਨੂੰ ਮਹਾਰਾਜਾ ਰਣਜੀਤ ਸਿੰਘ ਅਤੇ ਮੈਟਕਾਫ ਵਿਚਕਾਰ ਅੰਮ੍ਰਿਤਸਰ ਸਮਝੌਤੇ ਉਪਰ ਦਸਤਖਤ ਹੋਏ ਜਿਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਹੇਠਲਾ ਸਤਲੁਜ ਦੇ ਦੱਖਣ ਦਾ ਇਲਾਕਾ ਉਸ ਪਾਸ ਰਹਿਣ ਦਿੱਤਾ ਗਿਆ ਪਰੰਤੂ ਦਰਿਆਂ ਦੇ ਪੂਰਬ ਅਤੇ ਪੱਛਮ ਵੱਲ ਉਸਦੇ ਵਧਣ ਦੀ ਭਵਿੱਖ ਦੀ ਖਾਹਿਸ਼ ਉਪਰ ਰੋਕ ਲਗਾ ਦਿੱਤੀ ਗਈ। ਇਸ ਸੰਧੀ ਨੂੰ ਉਸ ਸਮੇਂ ਦੀ ਬਹੁਤ ਮਹੱਤਵਪੂਰਨ ਘਟਨਾ ਮੰਨਿਆ ਜਾਂਦਾ ਹੈ, ਜੋ 1845 ਵਿਚ ਸਿੱਖਾਂ ਦੀ ਪਹਿਲੀ ਲੜਾਈ ਤੱਕ ਕਾਇਮ ਰਹੀ ਅਤੇ ਸਾਰੇ ਪੰਜਾਬ ਵਿਚ ਸਥਿਰਤਾ ਬਣੀ ਰਹੀ। ਮਹਾਰਾਜਾ ਰਣਜੀਤ ਸਿੰਘ ਬਰਤਾਨਵੀ ਯੁੱਧ ਢੰਗਾਂ ਬਾਰੇ ਜਾਨਣ ਦੀ ਆਪਣੀ ਜਗਿਆਸਾ ਉਪਰ ਕਾਬੂ ਨਾ ਪਾ ਸਕਿਆ ਅਤੇ 1812 ਵਿਚ ਉਹ ਬਰਤਾਨਵੀ ਕਮਾਂਡਰ, ਲੈਫਟੀਨੈਂਟ ਕਰਨਲ, ਡੇਵਿਡ ਆਕਟਰਲੋਨੀ (1758-1825) ਦੇ ਨਾਲ ਅੰਗਰੇਜ਼ੀ ਕੰਪਨੀ ਦੀ ਕਵਾਇਦ ਵੇਖਣ ਲਈ ਗਿਆ ਤਾਂ ਕਿ ਉਸ ਨੂੰ ਪਤਾ ਲੱਗ ਸਕੇ ਕਿ ਉਹ ਲੜਾਈ ਦੇ ਮੈਦਾਨ ਵਿਚ ਕਿਵੇਂ ਲੜਨਗੇ ਅਤੇ ਉਸ ਨੇ ਉਨ੍ਹਾਂ ਦੇ ਪ੍ਰਦਰਸ਼ਨ ਦੀ ਬਹੁਤ ਪ੍ਰਸੰਸਾ ਕੀਤੀ[21]।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਅਸੰਤੁਸ਼ਟ ਲੋਕਾਂ ਅਤੇ ਸਾਜ਼ਿਸ਼ੀਆਂ ਵਲੋਂ ਸ਼ਹਿਰ ਦੇ ਅਮਨ ਨੂੰ ਕਈ ਵਾਰ ਭੰਗ ਕੀਤਾ ਗਿਆ। ਫੂਲਾ ਸਿੰਘ (1761-1823) ਜੋ ਇਕ ਕੰਵਾਰਾ ਅਤੇ ਬਹਾਦਰ ਯੋਧਾ ਸੀ ਅਤੇ ਬਾਅਦ ਵਿਚ ਨੌਸ਼ਹਿਰਾ ਦੀ ਲੜਾਈ ਵਿਚ ਮਾਰਿਆ ਗਿਆ ਸੀ, ਉਸਨੇ ਕਈ ਵਾਰ ਅਜਿਹੇ ਹਾਲਾਤ ਪੈਦਾ ਕੀਤੇ ਸਨ। 1800 ਤੋਂ ਧਾਰਮਿਕ ਸਥਾਨਾਂ, ਖਾਸ ਕਰਕੇ ਅਕਾਲ ਤਖਤ ਦਾ ਪ੍ਰਬੰਧ, ਫੂਲਾ ਸਿੰਘ ਦੀ ਅਗਵਾਈ ਵਿਚ ਅਕਾਲੀਆਂ ਦੇ ਹੱਥਾਂ ਵਿਚ ਚਲਾ ਗਿਆ ਸੀ[22]। ਜਦੋਂ ਮੈਟਕਾਫ ਸ਼ਹਿਰ ਵਿਚ ਆਇਆ ਸੀ ਤਾਂ ਫੂਲਾ ਸਿੰਘ ਨੇ ਬਰਤਾਨਵੀ ਉਦੇਸ਼ਾ ਪ੍ਰਤੀ ਲੋਕਾਂ ਦੇ ਮਨਾਂ ਵਿਚ ਸ਼ੰਕਾ ਪੈਦਾ ਕਰ ਦਿੱਤੀ ਸੀ। ਮਈ, 1820 ਵਿਚ ਉਹ ਮਿਸਟਰ ਵਿਲੀਅਮ ਸਰਕਰਾਫਟ (1765-1825) ਜੋ ਇਕ ਯਾਤਰੀ ਅਤੇ ਪਸ਼ੂ ਚਕਿਤਸਕ ਸੀ, ਨੂੰ ਮਿਲਿਆ ਅਤੇ ਉਸ ਨੂੰ ਸਿੱਖਾਂ ਪ੍ਰਤੀ ਘ੍ਰਿਣਾ ਭਰੇ ਬਰਤਾਨਵੀ ਵਤੀਰੇ ਦੀ ਸ਼ਿਕਾਇਤ ਕੀਤੀ। ਰਵਾਇਤ ਅਨੁਸਾਰ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਨੰਗੇ ਸਰੀਰ ਤੇ ਅਕਾਲ ਤਖਤ ਦੇ ਸਾਹਮਣੇ ਕੋੜੇ ਮਾਰੇ ਗਏ। ਇਹੋ ਜਿਹੇ ਨਾਮਵਰ ਵਿਅਕਤੀ ਨੇ ਵੀ ਮਿਲੀ ਹੋਈ ਸਜ਼ਾ ਨੂੰ ਸਵੀਕਾਰ ਕੀਤਾ ਅਤੇ ਇਸ ਨਾਲ ਅਕਾਲ ਤਖਤ ਦਾ ਗੌਰਵ ਸਿੱਖਾਂ ਵਿਚ ਹੋਰ ਵੀ ਵਧ ਗਿਆ ਜੋ ਪਿਛੋਂ ਉਥੇ ਮਾਫੀ ਮੰਗਣ ਲਈ ਆਉਂਦੇ।

ਕਈ ਵਾਰ ਥੋੜੀ ਜਿਹੀ ਨੇਕ ਨੀਅਤੀ ਅਤੇ ਸ਼ਾਸਕ ਪ੍ਰਤੀ ਆਪਣੇ ਫਰਜ਼ਾਂ ਨਾਲ ਅਣਸੁਖਾਵੇਂ ਹਾਲਾਤ ਪੈਦਾ ਹੋਣ ਤੋਂ ਰੋਕੇ ਜਾਂਦੇ ਸਨ। ਅਜਿਹਾ ਇਕ ਮੌਕਾ ਉਦੋਂ ਉਤਪੰਨ ਹੋਇਆ ਜਦੋਂ 1825 ਵਿਚ ਰਾਮਬਾਗ ਵਿਚ ਮਹਾਰਾਜਾ ਬਿਮਾਰ ਪਿਆ ਸੀ ਅਤੇ ਲਾਲਚੀ ਆਦਮੀਆਂ ਨੇ ਇਸ ਸਥਿਤੀ ਦਾ ਫਾਇਆ ਉਠਾਉਣਾ ਚਾਹਿਆ, ਅਜਿਹੇ ਇਕ ਵਿਅਕਤੀ, ਸਰਦਾਰ ਬੁੱਧ ਸਿੰਘ ਸੰਧਾਵਾਲੀਆ ਨੇ ਮਹਾਰਾਜੇ ਦੀ ਮੌਤ ਹੋ ਜਾਣ ਤੇ ਪੈਦਾ ਹੋਣ ਵਾਲੀ ਅਰਾਜਕਤਾ ਬਾਰੇ ਸੋਚਿਆ, ਤੇ ਉਸ ਨੂੰ ਉਮੀਦ ਸੀ ਕਿ ਮਹਾਰਾਜਾ ਮਰ ਰਿਹਾ ਹੈ, ਉਸ ਨੇ ਇਸ ਤਰਾਂ ਪੈਦਾ ਹੋਣ ਵਾਲੀ ਸਥਿਤੀ ਤੋਂ ਪੂਰਾ ਲਾਭ ਉਠਾਉਣ ਦਾ ਇਰਾਦਾ ਕੀਤਾ।

ਉਸਨੇ ਆਪਣੀ ਸੈਨਾ ਇਕੱਠੀ ਕੀਤੀ ਅਤੇ ਗੋਬਿੰਦਗੜ੍ਹ ਦੇ ਕਿਲੇ ਵੱਲ ਗਿਆ ਜਿਥੇ ਉਸਨੇ ਮਹਾਰਾਜੇ ਦੇ ਨਾਂ ਤੇ ਅੰਦਰ ਜਾਣ ਦੀ ਮੰਗ ਕੀਤੀ। ਗੇਟ ਦੇ ਜਮਾਂਦਾਰ ਨੇ ਉਸਦੇ ਅੰਦਰ ਜਾਣ ਨੂੰ ਨਾ ਮਨਜ਼ੂਰ ਕਰ ਦਿੱਤਾ। ਬੁੱਧ ਸਿੰਘ ਨਿਰਾਸ਼ ਹੋ ਕੇ ਵਾਪਸ ਮੁੜ ਗਿਆ, ਉਸਨੇ ਹੁਕਮਨਾਮਾ ਜਾਰੀ ਕਰਨ ਵਾਲੇ ਨੂੰ ਰਿਸ਼ਵਤ ਦੇ ਕੇ ਹੁਕਮ ਕਢਵਾ ਲਿਆ ਅਤੇ ਉਸ ਉਪਰ ਉਸਦੀ ਮੋਹਰ ਲਗਵਾ ਲਈ, ਫਿਰ ਉਹ ਮੋਹਰ ਲੱਗੇ ਹੁਕਮ ਲੈ ਕੇ ਵਾਪਸ ਕਿਲੇ ਦੇ ਗੇਟ ਤੇ ਆ ਗਿਆ। ਜਮਾਂਦਾਰ ਨੇ ਆਪਣੇ ਦਿਮਾਗ ਦੀ ਸਿਆਣਪ ਵਰਤੀ ਅਤੇ ਕਿਹਾ ਕਿ ਇਤਨਾ ਇੱਕ ਘੰਟਾ ਲੇਟ ਤਾਂ ਉਹ ਮਹਾਰਾਜ਼ੇ ਲਈ ਵੀ ਦਰਵਾਜ਼ਾ ਨਹੀਂ ਖੋਲ੍ਹੇਗਾ। ਸਰਦਾਰ ਹਾਰ ਕੇ ਵਾਪਸ ਚਲਾ ਗਿਆ ਅਤੇ ਸਵੇਰ ਨੂੰ ਕਿਲੇਦਾਰ ਇਮਾਮ-ਉਦ-ਦੀਨ ਨੇ ਇਹ ਖਬਰ ਬਿਮਾਰ ਮਹਾਰਾਜੇ ਨੂੰ ਦਿੱਤੀ, ਜਿਸਨੇ ਬੁੱਧ ਸਿੰਘ ਨੂੰ ਪੇਸ਼ਾਵਰ ਦੀ ਕਮਾਡ ਸੰਭਾਲਣ ਲਈ ਭੇਜ ਦਿੱਤਾ। ਕਈ ਵਾਰ ਅਜਿਹੇ ਵੀ ਮੌਕੇ ਬਣਦੇ ਸਨ ਜਦੋਂ ਜ਼ਿਆਦਾ ਸ਼ਰਾਬ ਦੀ ਵਰਤੋਂ ਕਿਸੇ ਬਿਪਤਾ ਦਾ ਕਰਨ ਬਣਦੀ ਸੀ, ਅਤੇ ਗੁੱਜਰ ਸਿੰਘ ਨਾ ਇਕ ਸਿਪਾਹੀ ਜੋ ਇਕ ਮੁਹਿੰਮ ਤੇ ਕਲਕੱਤੇ ਗਿਆ ਸੀ, ਉਹ ਇਤਨਾ ਸ਼ਰਾਬੀ ਹੋ ਗਿਆ ਕਿ ਅੰਮ੍ਰਿਤਸਰ ਦੇ ਕਿਲ੍ਹੇ ਦੀ ਫਸੀਲ ਤੋਂ ਡਿਗ ਕੇ ਮਰ ਗਿਆ। 1799 ਤੋਂ ਆਪਣੇ ਇਲਾਕੇ ਵਿਚ ਵਿਸਥਾਰ ਕਰਨ ਦੇ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਭੂਤਾ ਨੂੰ ਕਾਫੀ ਹਾਨੀ ਹੋਈ ਅਤੇ ਉਸਦਾ ਲਗਭਗ 30,00,000 ਰੁਪਏ ਸਲਾਨਾ ਦਾ ਮਾਲੀਆ ਅੰਮ੍ਰਿਤਸਰ ਦੇ ਅਮੀਰ ਸ਼ਾਹੂਕਾਰ ਰਾਮਾਨੰਦ ਪਾਸ ਗਿਰਵੀ ਹੋ ਗਿਆ। ਜਿਸਦੀ ਦੀ ਨਿਗਰਾਨੀ ਅਧੀਨ ਮਿਸਰ ਬੇਲੀ ਰਾਮ ਨੂੰ ਕੰਮ ਕਰਨ ਨਹੀਂ ਬਦਲਿਆ ਗਿਆ ਸੀ [23]। ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਕੋਲ ਕੋਈ ਸਥਾਈ ਖਜ਼ਾਨਾ ਨਾ ਰਿਹਾ ਤਾਂ ਉਸਦੀ ਆਮਦਨ ਅਤੇ ਖਰਚ ਦਾ ਹਿਸਾਬ ਰਾਮਾ ਨੰਦ ਦੁਆਰਾ ਰੱਖਿਆ ਜਾਂਦਾ ਸੀ, ਜਿਸ ਨੂੰ ਪਿੰਡ ਦਾਦਨ ਖਾਨ ਦੀਆਂ ਖਾਨਾਂ ਪਟੇ ਤੇ ਦਿੱਤੀਆਂ ਹੋਈਆਂ ਸਨ। ਇਕੱਲੇ ਅੰਮ੍ਰਿਤਸਰ ਤੋਂ ਲਗਭਗ 9,00,000 ਰੁਪਏ ਸਲਾਨਾ ਚੁੰਗੀ ਦੀ ਆਮਦਨ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਕਾਫੀ ਮਾਲੀ ਸਥਿਰਤਾ ਹੋਈ। ਉਸਨੇ ਆਪਣੀ ਸਰਕਾਰ ਦਾ ਮੁਖ ਸਹਾਰਾ, ਭੂਮੀ ਲਗਾਨ ਇਕੱਠਾ ਕਰਨ ਦਾ ਕੰਮ ਰਾਮਾ ਨੰਦ ਅਤੇ ਮਿਸਰ ਛੱਜੂ ਮੱਲ ਦੇ ਸਪੁਰਦ ਕਰ ਦਿੱਤਾ। ਰਾਮਾਨੰਦ ਆਪਦੀ ਮੌਤ ਤੋਂ ਬਾਅਦ 8,00,000 ਰੁਪਏ ਛੱਡ ਗਿਆ, ਜੋ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਸ਼ਹਿਰ ਦੇ ਸੁਧਾਰ ਲਈ ਵਰਤੋਂ ਵਿਚ ਲਿਆਂਦੇ। 1832 ਵਿਚ ਅੰਮ੍ਰਿਤਸਰ ਵਿਖੇ ਸਦਾ ਕੌਰ ਦੀ ਮੌਤ ਹੋ ਗਈ। ਮਹਾਰਾਜਾ ਸਵਰਗਵਾਸੀ ਰਾਣੀ ਦੇ ਘਰ ਉਸਦੇ ਰਿਸ਼ਤੇਦਾਰਾਂ ਪਾਸ ਅਫਸੋਸ ਕਰਨ ਲਈ ਗਿਆ ਅਤੇ 20,00,00 ਰੁਪਏ ਜ਼ਬਤ ਕਰ ਲਏ।

ਕੋਹਿਨੂਰ ਹੀਰਾ ਜੋ ਬਹੁਤ ਲੰਬੇ ਸਮੇਂ ਤੋਂ ਮੁਗਲਾਂ ਦੇ ਤਖਤ ਦੀ ਸੋਭਾ ਬਣਿਆ ਹੋਇਆ ਸੀ, ਜੂਨ 1813 ਦੇ ਸ਼ੁਰੂ ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਆਪਣੇ ਬੰਦੀ ਸ਼ਾਹ ਸੁਜਾ ਕੋਲ ਗਿਆ ਤਾਂ ਉਸਨੇ ਉਹ ਹੀਰਾ ਮਹਾਰਾਜੇ ਦੇ ਸਪੁਰਦ ਕਰ ਦਿੱਤਾ। ਕੋਹਿਨੂਰ ਹਾਸਿਲ ਕਰ ਲੈਣ ਤੋਂ ਬਾਅਦ ਅੰਮ੍ਰਿਤਸਰ [24] ਦੇ ਸਰਾਫ਼ਾ ਪਾਸ ਉਸਦੀ ਕੀਮਤ ਪਤਾ ਕਰਨ ਲਈ ਭੇਜਿਆ ਗਿਆ, ਜਿਨ੍ਹਾਂ ਨੇ ਕਿਹਾ ਕਿ ਇਡੇ ਵੱਡੇ ਆਕਾਰ ਵਾਲੇ ਅਤੇ ਸੁੰਦਰ ਹੀਰੇ ਦੀ ਕੀਮਤ ਸਾਰੀਆਂ ਗਿਣਤੀਆਂ ਮਿਣਤੀਆਂ ਨਾਲੋਂ ਵਧੇਰੇ ਹੈ। ਮਹਾਰਾਜਾ ਉਸ ਹੀਰੇ ਨੂੰ ਕਿਸੇ ਸੋਹਣੇ ਅਤੇ ਸਹੀ ਢੰਗ ਨਾਲ ਰੱਖਣਾ ਚਾਹੁੰਦਾ ਸੀ ਅਤੇ ਇਹ ਕੰਮ ਉਸਦੀ ਮੌਜੂਦਗੀ ਵਿਚ

ਕੀਤਾ ਗਿਆ, ਕਿਉਂਕਿ ਉਹ ਇਸ ਕੀਮਤੀ ਹੀਰੇ ਨੂੰ ਆਪਣੀ ਨਜ਼ਰ ਤੋਂ ਦੂਰ ਨਹੀਂ ਸੀ ਰੱਖਣਾ ਚਾਹੁੰਦਾ। ਜਦੋਂ ਉਸਦਾ ਜੜਾਉ ਕੰਮ ਪੂਰਾ ਹੋ ਗਿਆ, ਮਹਾਰਾਜਾ ਰਣਜੀਤ ਸਿੰਘ ਨੇ ਕੋਹਿਨੂਰ ਨੂੰ ਆਪਣੀ ਪੱਗ ਦੇ ਸਾਹਮਣੇ ਵਾਲੇ ਪਾਸੇ ਜੜ ਲਿਆ, ਅਤੇ ਆਪਣੇ ਹਾਥੀ ਤੇ ਬੈਠ ਕੇ ਆਪਣੇ ਸਰਦਾਰਾਂ ਅਤੇ ਅਹਿਲਕਾਰਾਂ ਨਾਲ ਸ਼ਹਿਰ ਦੀਆਂ ਮੁੱਖ ਗਲੀਆਂ ਵਿਚੋਂ ਲੰਘਿਆਂ ਤਾਂ ਕਿ ਉਸਦੀ ਪਰਜ਼ਾ ਕੋਹਿਨੂਰ ਨੂੰ ਵੇਖੇ। ਇਸ ਤੋਂ ਬਾਅਦ ਮਹਾਰਾਜੇ ਨੇ ਤੇਜ਼ ਸਿੰਘ ਨੂੰ ਬੁਲਾਇਆ ਅਤੇ ਹੀਰੇ ਨੂੰ ਉਸਦੇ ਲੱਕ ਤੇ ਬੰਨਦੇ ਹੋਏ ਤੁਰੰਤ ਗੋਬਿੰਦਗੜ੍ਹ ਦੇ ਕਿਲ੍ਹੇ ਵਿਚ ਜਾ ਕੇ ਹੀਰਾ ਮਹਾਰਾਜੇ ਦੇ ਖਜ਼ਾਨਚੀ, ਮਿਸਰ ਬਸਤੀ ਰਾਮ ਦੇ ਹਵਾਲੇ ਕਰਨ ਲਈ ਭੇਜਿਆ। ਪੈਦਲ ਅਤੇ ਘੋੜ ਸਵਾਰ ਅੰਗ ਰੱਖਿਅਕਾਂ ਦੇ ਨਾਲ ਤੇਜ਼ ਸਿੰਘ ਆਪਣੇ ਕੰਮ ਲਈ ਚੱਲ ਪਿਆ ਅਤੇ ਹੀਰਾ ਮਿਸਰ ਦੇ ਹਵਾਲੇ ਕਰਕੇ ਅਤੇ ਰਸੀਦ ਲੈ ਕੇ ਵਾਪਸ ਆ ਗਿਆ। ਇਹ ਹੀਰਾ ਮਹਾਰਾਜਾ ਰਣਜੀਤ ਸਿੰਘ ਉਤਸਵਾਂ ਦੇ ਮੌਕੇ ਤੇ ਕੱਢ ਕੇ ਪਹਿਨਦਾ ਅਤੇ ਵਿਸ਼ੇਸ਼ ਯਾਤਰੀਆਂ, ਖਾਸ ਕਰਕੇ ਬਰਤਾਨਵੀ ਅਫਸਰ ਜਦੋਂ ਉਸਦੇ ਦੇ ਦਰਬਾਰ ਸਿੰਘ ਆਉਂਦੇ ਉਨ੍ਹਾਂ ਨੂੰ ਵਿਖਾਇਆ ਜਾਂਦਾ ਸੀ। ਉਹ ਜਿਥੇ ਕਿਤੇ ਵੀ ਬਾਹਰ ਜਾਂਦਾ ਹੀਰੇ ਨੂੰ ਆਪਣੇ ਪਾਸ ਰੱਖਦਾ ਸੀ। 1826 ਵਿਚ ਹੈਦਰਾਬਾਦ ਦੇ ਨਿਜ਼ਾਮ ਨੇ ਦੋਹਾਂ ਸਾਸ਼ਕਾਂ ਵਿਚਕਾਰ ਭਾਈਚਾਰੇ ਅਤੇ ਮਿਤਰਤਾ ਦੇ ਸੰਬੰਧਾਂ ਵਿਚ ਵਾਧੇ ਦੇ ਪ੍ਰਤੀਕ ਵਜੋਂ ਮਹਾਰਾਜੇ ਨੂੰ ਇਕ ਚੰਦੋਆ ਭੇਜਿਆ, ਮਹਾਰਾਜਾ ਰਣਜੀਤ ਸਿੰਘ ਨੇ ਇਹ ਸਵਰਨ ਮੰਦਰ ਵਿਚ ਭੇਟ ਕਰ ਦਿੱਤਾ ਜੋ ਹੁਣ ਤੋਂ ਖਜ਼ਾਨੇ ਵਿਚ ਰੱਖਿਆ ਹੋਇਆ ਹੈ।

ਮਹਾਰਾਜੇ ਨੇ ਬਾਅਦ ਵਿਚ ਸਿੱਖ ਧਰਮ ਦਾ ਚਿੰਨ੍ਹ, ਨਾਨਕ ਸ਼ਾਹੀ ਰੁਪਿਆ ਬਣਾਇਆ ਅਤੇ ਪ੍ਰਚਲੱਤ ਕੀਤਾ। ਇਹ ਸਿੱਕੇ ਸਿੱਖਾਂ ਦੀ ਲਾਹੌਰ ਦੀ ਜਿੱਤ ਤੋਂ ਬਾਅਦ ਚਲਾਏ ਗਏ ਸਨ, ਜਿਨ੍ਹਾਂ ਉਪਰ **ਦੇਗੁ ਤੇਗੁ ਫਤਹਿ ਨੁਸਰਤ ਬਦਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ**[25] ਉਕਰਿਆ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅੰਮ੍ਰਿਤਸਰ ਅਤੇ ਲਾਹੌਰ ਵਿਚ ਲਗਭਗ ਹਰੇਕ ਸਾਲ ਰੁਪਏ ਬਣਾਏ ਜਾਂਦੇ ਸਨ। 1803 ਏ.ਡੀ. ਤੋਂ ਬਾਅਦ ਜੋ ਰੁਪਏ ਅੰਮ੍ਰਿਤਸਰ ਵਿਚ ਘੜੇ ਗਏ ਉਨ੍ਹਾਂ ਉਪਰ ਹੋਰ ਨਿਸ਼ਾਨ ਸੀ। ਇਨ੍ਹਾਂ ਵਿਚੋਂ ਕੁਝ ਸਿੱਕਿਆਂ ਦੀਆਂ ਦੋਹਰੀਆਂ ਕਿਸਮਾਂ ਹੁੰਦੀਆਂ ਸਨ, ਜਿਨ੍ਹਾਂ ਤੇ ਸ਼ਾਇਦ ਮੋਰ ਦੀ ਪੂੱਛ ਦਾ ਨਮੂਨਾ ਹੁੰਦਾ ਸੀ। ਕਨਿੰਘਮ ਅਨੁਸਾਰ ਇਕ ਨਰਤਕੀ ਮੋਰਾਂ ਨੇ ਇਕ ਵਾਰ ਇਹ ਸ਼ਰਤ ਲਾਈ ਕਿ ਮਹਾਰਾਣੀ ਨੂਰ ਜਹਾਂ ਵਾਂਗ ਉਹ ਆਪਣਾ ਨਾਮ ਰੁਪਈਆਂ 'ਤੇ ਖੁਦਵਾਏਗੀ। ਇਸ ਵਿਚ ਉਹ ਕੁਝ ਹੱਦ ਤੱਕ ਕਾਮਯਾਬ ਹੋਈ, ਕਿਉਂਕਿ ਉਸ ਦੀ ਨਿਸ਼ਾਨੀ, ਮੋਰ ਦੀ ਪੂਛ ਸਿੱਕਿਆਂ ਉਪਰ ਅੰਕਿਤ ਕੀਤੀ ਗਈ ਸੀ। ਮੋਰਾਂ ਸ਼ਾਹੀ (ਜਿਵੇਂ ਕਿ ਇਨ੍ਹਾਂ ਨੂੰ ਕਿਹਾ ਜਾਂਦਾ ਸੀ) ਰੁਪਏ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਸ਼ਬਦ ਅਕਾਲ ਵਿਚ ਪਹਿਲਾ ਅੱਖਰ ਆਲਿਫ਼ ਛੱਡ ਦਿੱਤਾ ਗਿਆ ਸੀ। ਬਾਅਦ ਵਿਚ ਸਵਰਨ ਮੰਦਰ ਦੇ ਪੁਜਾਰੀਆਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬਦਨਾਮ ਹੋ ਜਾਣ ਕਾਰਨ ਮੋਰਾਂ ਸ਼ਾਹੀ ਰੁਪਿਆ ਬੰਦ ਕਰ ਦਿੱਤਾ ਗਿਆ ਸੀ।

1833 ਵਿਚ ਕਸ਼ਮੀਰ ਦੀ ਖੂਬਸੂਰਤ ਘਾਟੀ ਕਾਲ ਦੀ ਲਪੇਟ ਵਿਚ ਆ ਗਈ। ਸ਼ਾਲਾਂ ਦਾ ਉਤਪਾਦਨ ਬੰਦ ਹੋ ਗਿਆ, ਇਥੋਂ ਤੱਕ ਕਿ ਚੰਗੀਆਂ ਮਸ਼ਹੂਰ ਫੈਕਟਰੀਆਂ ਵੀ ਦਵਾਲੀਆ ਬਣ ਗਈਆਂ। ਅੰਮ੍ਰਿਤਸਰ ਅਤੇ ਲਾਹੌਰ ਦੀਆਂ ਗਲੀਆਂ ਵਿਚ ਭੁੱਖੇ ਮਰ ਰਹੇ ਕਸ਼ਮੀਰੀ ਲੋਕਾਂ ਦੀ ਭੀੜ ਲੱਗ ਗਈ, ਜੋ ਰੋਟੀ ਲਈ ਗਲੀਆਂ ਵਿਚ ਚੀਕਦੇ ਫਿਰਦੇ ਸਨ।

ਮਹਾਰਾਜੇ ਨੇ ਗੋਬਿੰਦਗੜ੍ਹ ਕਿਲ੍ਹੇ ਵਿਚਲੇ ਅਨਾਜ ਦੇ ਗੁਦਾਮਾਂ ਨੂੰ ਕਸ਼ਮੀਰੀਆਂ ਲਈ ਖੋਲਣ ਦਾ ਹੁਕਮ ਦੇ ਦਿੱਤਾ। ਇਸੇ ਤਰ੍ਹਾਂ ਬਹੁਤ ਸਾਰੇ ਕਸ਼ਮੀਰੀ ਪਰਿਵਾਰਾਂ ਨੇ ਜੋ ਕਾਫੀ ਸਮੇਂ ਤੋਂ ਅੰਮ੍ਰਿਤਸਰ ਵਿਚ ਰਹਿ ਰਹੇ ਸਨ, ਇਸ ਸੰਕਟ ਦੇ ਸਮੇਂ ਆਪਣਾ ਸਹਿਯੋਗ ਦਿੱਤਾ। ਲਾਹੌਰ ਦਾ ਕੋਤਵਾਲ ਖ਼ੁੱਦਾ ਬਖਸ਼, ਹਰ ਰੋਜ਼ ਭੁੱਖ ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ ਦੀ ਸੂਚਨਾ ਦਿੰਦਾ ਸੀ।

ਜਦੋਂ ਵਿਦੇਸ਼ੀ ਸ਼ਖਸੀਅਤਾਂ ਅੰਮ੍ਰਿਤਸਰ ਆਉਂਦੀਆਂ ਤਾਂ ਮਹਾਰਾਜਾ ਉਨ੍ਹਾਂ ਦੇ ਸਵਾਗਤ ਦਾ ਬਹੁਤ ਸ਼ਾਨਦਾਰ ਪ੍ਰਬੰਧ ਕਰਦਾ। 1827 ਵਿਚ ਲੁਧਿਆਣੇ ਦੇ ਗਵਰਨਰ ਜਨਰਲ ਦੇ ਪ੍ਰਤੀਨਿੱਧ, ਕੈਪਟਨ ਸੀ.ਐਮ.ਵਾਡੇ ਦੀ ਅਗਵਾਈ ਹੇਠ ਇਕ ਬਰਤਾਨਵੀ ਪ੍ਰਤੀਨਿਧ ਮੰਡਲ ਅੰਮ੍ਰਿਤਸਰ ਆਇਆ। **ਫਕੀਰ ਅਜ਼ੀਜ਼ੀ-ਉਦ-ਦੀਨ ਅਤੇ ਰਾਜਾ ਧਿਆਨ ਸਿੰਘ** ਨੂੰ ਦਰਬਾਰ ਦੇ ਰਸਤੇ ਵਿਚ ਉਸ ਮੰਡਲ ਦਾ ਸਵਾਗਤ ਕਰਕੇ ਮਹਾਰਾਜੇ ਦੇ ਦਰਬਾਰ ਵਿਚ ਲਿਆਉਣ ਲਈ ਭੇਜਿਆ ਗਿਆ। 31 ਮਈ ਨੂੰ ਉਨ੍ਹਾਂ ਦੇ ਅੰਮ੍ਰਿਤਸਰ ਪਹੁੰਚਣ ਤੇ 5000 ਰੁਪਏ ਨਕਦ, 500 ਸੋਨੇ ਦੀਆਂ ਮੋਹਰਾਂ ਅਤੇ 200 ਫਲਾਂ ਦੀਆਂ ਟੋਕਰੀਆਂ ਅਤੇ ਮਠਿਆਈਆਂ ਨਜ਼ਰਾਨੇ ਦੇ ਤੌਰ ਤੇ ਕੈਪਟਨ ਵਾਡੇ ਨੂੰ ਭੇਟ ਕੀਤੇ ਗਏ। ਅਗਲੇ ਦਿਨ ਰਾਮਬਾਗ ਵਿਚ ਉਸ ਪਾਰਟੀ ਦੇ ਪ੍ਰਮੁੱਖ ਮੈਂਬਰਾਂ ਨਾਲ ਮੁਲਾਕਾਤ ਕੀਤੀ। ਗਵਰਨਰ ਜਨਰਲ ਵਲੋਂ ਭੇਜੇ ਗਏ ਤੋਹਫੇ ਮਹਾਰਾਜੇ ਨੂੰ ਭੇਟ ਕੀਤੇ ਗਏ, ਜਿਨ੍ਹਾਂ ਨੂੰ ਪ੍ਰਾਪਤ ਕਰਕੇ ਉਹ ਬਹੁਤ ਖੁਸ਼ ਹੋਇਆ। ਇਨ੍ਹਾਂ ਵਿਚ ਦੋ ਸੁੰਦਰ ਘੋੜੇ, ਇਕ ਹਾਥੀ, ਜਿਸ ਉਪਰ ਚਾਂਦੀ ਦਾ ਹੌਦਾ ਸੀ, ਇਕ ਹੀਰਿਆਂ ਜੜੀ ਤਲਵਾਰ, ਇਕ ਬੰਦੂਕ, ਇਕ ਰਿਵਾਲਵਰ, ਦੋ ਮੋਤੀਆਂ ਦੇ ਹਾਰ ਅਤੇ ਕਈ ਪਸ਼ਮੀਨੇ ਅਤੇ ਕੀਮਖਾਬ ਦੀਆਂ ਪੁਸ਼ਾਕਾਂ ਸਨ। ਇਨ੍ਹਾਂ ਤੋਂ ਤੋਹਫਿਆਂ ਨੂੰ ਲਿਆਉਣ ਵਾਲੇ ਨੂੰ 1100 ਰੁਪਏ ਦਿੱਤੇ ਗਏ। ਅਗਲੇ ਦਿਨ ਸਿੱਖ ਫੌਜ ਦਾ ਮੁਆਇਨਾ ਕੀਤਾ ਗਿਆ ਅਤੇ ਮਹਿਮਾਨਾਂ ਨੂੰ ਸ਼ਹਿਰ ਦੇ ਦੁਆਲੇ ਘੁਮਾਇਆ ਗਿਆ ਅਤੇ ਉਨ੍ਹਾਂ ਨੂੰ ਸਵਰਨ ਮੰਦਰ ਦੇ ਦਰਸ਼ਨ ਕਰਵਾਏ ਗਏ। ਇਹ ਵੇਖਕੇ ਉਨ੍ਹਾਂ ਨੂੰ ਬਹੁਤ ਪ੍ਰਸੰਨਤਾ ਭਰੀ ਹੈਰਾਨੀ ਹੋਈ ਕਿ **ਅਕਾਲ ਬੁੰਗੇ** ਦੇ ਅਕਾਲੀਆਂ ਨੇ ਵਿਦੇਸ਼ੀਆਂ ਦਾ ਕੋਈ ਵਿਰੋਧ ਨਾ ਕੀਤਾ, ਜਿਵੇਂ ਕਿ ਉਨ੍ਹਾਂ ਨੇ ਮੈਟਕਾਫ ਦੀ ਅੰਮ੍ਰਿਤਸਰ ਯਾਤਰਾ ਦੌਰਾਨ ਕੀਤਾ ਸੀ।

ਸ਼ਾਹੀ ਦਰਬਾਰ ਦੀ ਸ਼ਾਨ ਅਤੇ ਚਮਕ ਦਮਕ ਨੇ ਵੀ ਸੀ.ਐਮ. ਵਾਡੇ ਦਾ ਧਿਆਨ ਖਿਚਿਆ। ਧਰਤੀ ਉਪਰ ਕੀਮਤੀ ਗਲੀਚੇ ਵਿਛੇ ਹੋਏ ਸਨ। ਸਰਦਾਰ ਕੀਮਤੀ ਜੇਵਰਾਂ ਅਤੇ ਸ਼ਾਨਦਾਰ ਪੀਲੇ ਰੰਗ ਦੀਆਂ ਰੇਸ਼ਮੀ ਪੁਸ਼ਾਕਾਂ ਵਿਚ ਸਜੇ ਹੋਏ ਇਹ ਅਨੋਖਾ ਨਜ਼ਾਰਾ ਪੇਸ਼ ਕਰਦੇ ਸਨ। ਦਰਬਾਰ ਦੇ ਸਾਰੇ ਦੇ ਸਾਰੇ ਲੋਕਾਂ ਦੀ ਤਰਤੀਬ ਅਤੇ ਸ਼ਾਨ ਦੀ ਪ੍ਰਸੰਸਾ ਨਾ ਕਰਨੀ ਮੁਮਕਿਨ ਨਹੀਂ ਸੀ। ਕਮਾਂਡਰ-ਇੰਨ-ਚੀਫ, ਸਰ ਹੈਨਰੀ ਫੇਨ (1778-1840) ਦੇ ਆਉਣ ਤੇ ਗੋਬਿੰਦਗੜ੍ਹ ਕਿਲੇ ਦੀਆਂ ਕੰਧਾਂ ਨੂੰ ਧੂੰਏ ਨੇ ਢੱਕ ਲਿਆ ਸੀ [26]। ਦੋਹਾਂ ਮੁਖੀਆਂ ਦੀ ਮੁਲਾਕਾਤ ਲਗਾਤਾਰ ਗਰਜ ਪੈਦਾ ਕਰਨ ਵਾਲੀਆਂ ਤੋਪਾਂ ਅਤੇ ਬੰਦੂਕਾਂ ਚਲਾਉਣ ਨਾਲ ਹੋਈ। ਸਰ ਹੈਨਰੀ ਫੇਨ ਮਹਾਰਾਜੇ ਨੂੰ 6 ਮਾਰਚ, 1837 ਵਿਚ ਰਾਮਬਾਗ ਵਿਚ ਮਿਲਿਆ। ਮਹਾਰਾਜੇ ਦੇ ਹਾਥੀ ਦੇ ਪਿਛੇ ਛਬੀਲੇ ਘੋੜਿਆਂ ਉਪਰ ਸਵਾਰ ਰਾਜ ਦੇ ਸਰਦਾਰ ਸਨ, ਜਿਨ੍ਹਾਂ ਨੇ ਸ਼ਾਨਦਾਰ ਵਸਤਰ ਪਹਿਨੇ ਹੋਏ ਸਨ ਅਤੇ ਉਹ ਦਰਸ਼ਕਾਂ ਨੂੰ ਸੋਨੇ, ਚਾਂਦੀ ਅਤੇ ਹੀਰਿਆਂ ਦੀ ਬਹੁਲਤਾ ਦਾ ਵਿਖਾਵਾ ਕਰ ਰਹੇ ਸਨ। ਮੁਲਾਕਾਤ ਮਹਾਰਾਜੇ ਦੇ

ਨਿਵਾਸ ਦੇ ਸਾਹਮਣੇ ਇਕ ਸੁੰਦਰ ਕਸ਼ਮੀਰੀ, ਚਾਂਦੀ ਨਾਲ ਕੱਢੇ ਹੋਏ ਅਤੇ ਚਾਂਦੀ ਦੇ ਸਤੰਭਾ ਉਪਰ ਲੱਗੇ ਚੰਦੋਏ ਹੇਠ ਹੋਈ। ਸਾਰਾ ਫਰਸ਼ ਕੀਮਤੀ ਕਸ਼ਮੀਰੀ ਗਲੀਚਿਆਂ ਦੇ ਨਾਲ ਢਕਿਆ ਹੋਇਆ ਸੀ। ਮਹਾਰਾਜਾ ਜਿਗਿਆਸਾ ਦੇ ਰਉਂ ਵਿਚ ਸਨ ਅਤੇ ਉਨ੍ਹਾਂ ਨੇ ਬਰਤਾਨਵੀ ਪਲਟਨ ਦੀ ਬਣਤਰ ਸਬੰਧੀ ਸੂਝ ਭਰੇ ਪ੍ਰਸ਼ਨ ਪੁੱਛੇ। ਸਰ ਹੈਨਰੀ ਫੇਨ ਨੂੰ ਦੇਣ ਲਈ ਤੋਂ ਤੋਹਫੇ ਲਿਆਂਦੇ ਗਏ ਜਿਨ੍ਹਾਂ ਵਿਚ ਹੀਰੇ ਅਤੇ ਹੋਰ ਕੀਮਤੀ ਚੀਜ਼ਾਂ ਅਤੇ 5000 ਰੁਪਏ ਨਕਦ ਸਨ। ਮਹਾਰਾਜਾ, ਜੋ ਘੋੜਿਆਂ ਦਾ ਬਹੁਤ ਸ਼ੌਕੀਨ ਸੀ, ਨੇ ਹੁਕਮ ਦਿੱਤਾ ਕਿ ਉਨ੍ਹਾਂ ਦੇ ਪਸੰਦੀਦਾ ਘੋੜਿਆਂ ਦਾ ਵਿਸ਼ੇਸ਼ ਮਹਿਮਾਨਾਂ ਦੇ ਸਾਹਮਣੇ ਪ੍ਰਦਰਸ਼ਨ ਕੀਤਾ ਜਾਵੇ, ਪ੍ਰਦਰਸ਼ਨ ਕੀਤਾ ਗਿਆ ਅਤੇ ਵੱਖੋ ਵੱਖ ਕਿਸਮਾਂ ਦੇ ਪੰਜ ਘੋੜੇ ਸਰ ਹੈਨਰੀ ਫੇਨ ਨੂੰ ਭੇਟ ਕੀਤੇ ਗਏ।

ਮਹੱਤਵਪੂਰਨ ਯਾਤਰੀਆਂ ਦੇ ਸ਼ਹਿਰ ਵਿਚ ਆਉਣ ਸਮੇਂ ਉਨ੍ਹਾਂ ਦੇ ਰਸਤੇ ਵਿਚ ਫੌਜੀ ਸਿਪਾਹੀ ਸੁਨਹਿਰੀ ਕੱਪੜੇ ਪਾ ਕੇ ਮੀਲਾਂ ਦੂਰੀ ਤੱਕ ਲਾਈਨਾਂ ਬਣਾ ਕੇ ਖੜ੍ਹੇ ਹੁੰਦੇ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮਹਿਮਾਨ ਨਿਵਾਜ਼ੀ ਅਤੇ ਖੁਲ੍ਹਦਿਲੀ ਹੱਦੋਂ ਵੱਧ ਹੁੰਦੀ। ਜਦੋਂ ਮਹਾਰਾਜਾ ਸ਼ਹਿਰ ਦੀਆਂ ਭੀੜੀਆਂ ਗਲੀਆਂ ਵਿਚੋਂ ਲੰਘਦਾ ਤਾਂ ਵੱਡੀ ਗਿਣਤੀ ਵਿਚ ਲੋਕ ਸਤਿਕਾਰ ਦੀ ਭਾਵਨਾ ਨਾਲ ਇਕੱਠੇ ਹੋ ਜਾਂਦੇ ਅਤੇ ਉਤਸੁਕਤਾ ਨਾਲ ਮਹਾਰਾਜੇ ਨੂੰ ਬੁਲਾਉਂਦੇ, ਇਥੋਂ ਤੱਕ ਕਿ ਉਹ ਮਹਾਰਾਜੇ ਨੂੰ ਛੋਹਣ ਦੀ ਕੋਸ਼ਿਸ਼ ਕਰਦੇ। ਜਿਨ੍ਹਾਂ ਗਲੀਆਂ ਵਿਚ ਮਹਾਰਾਜੇ ਦਾ ਹਾਥੀ ਘਰਾਂ ਦੀਆਂ ਛੱਤਾਂ ਦੇ ਬਰਾਬਰ ਹੁੰਦਾ, ਉਥੇ ਅਜਿਹਾ ਕਰਨਾ ਹੋਰ ਵੀ ਆਸਾਨ ਹੁੰਦਾ ਸੀ। ਐਮਿਲੀ ਈਡਨ, ਜਿਸਦੇ ਅੰਮ੍ਰਿਤਸਰ ਵਿਚ ਠਹਿਰਨ ਦੇ ਬਿਰਤਾਂਤ ਤੋਂ , ਉਸਦੀ ਤੇਜ਼ ਨਿਰੀਖਣ ਸ਼ਕਤੀ ਦਾ ਪਤਾ ਲੱਗਦਾ ਹੈ, ਉਹ ਵੀ ਮਹਾਰਾਜਾ ਰਣਜੀਤ ਸਿੰਘ ਦੀ ਆਪਣੇ ਲੋਕਾਂ ਵਿਚ ਹਰਮਨ ਪਿਆਰਤਾ ਤੋਂ ਬਹੁਤ ਪ੍ਰਭਾਵਤ ਹੋਈ ਸੀ। ਲਾਰਡ ਆਕਲੈਂਡ ਦੇ ਅੰਮ੍ਰਿਤਸਰ ਪੁੱਜਣ ਤੋਂ ਪਹਿਲਾਂ ਮਹਾਰਾਜੇ ਨੇ ਅੰਮ੍ਰਿਤਸਰ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਜੇ ਕੋਈ ਗਵਰਨਰ ਜਨਰਲ ਦੇ ਕਿਸੇ ਵੀ ਆਦਮੀ ਨਾਲ ਦੁਰ ਵਿਵਹਾਰ ਕਰੇਗਾ ਤਾਂ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ ਜਾਂ ਉਨ੍ਹਾਂ ਦੇ ਪੈਰ ਕੱਟ ਦਿੱਤੇ ਜਾਣਗੇ।[27] ਮਹਾਰਾਜਾ ਸ੍ਰੀ ਹਰਿਮੰਦਰ ਸਾਹਿਬ ਵਿਚ ਗਿਆ ਜਿਥੇ ਕਿਹਾ ਜਾਂਦਾ ਹੈ ਕਿ ਉਸਨੇ ਅੰਗਰੇਜ਼ਾਂ ਨਾਲ ਆਪਣੀ ਸੰਧੀ ਬਾਰੇ ਸਲਾਹ ਮਸ਼ਵਰਾ ਕੀਤਾ। ਸ੍ਰੀ ਹਰਿਮੰਦਰ ਸਾਹਿਬ ਵਿਚ ਗਵਰਨਰ ਜਨਰਲ ਨੇ ਦਾਖਲ ਹੋਣ ਸਮੇਂ ਉਸਦੀ ਜੁੱਤੀ ਲੁਹਾਉਣ ਦੇ ਮਾਮਲੇ ਤੋਂ ਵਾਦ ਵਿਵਾਦ ਉਠਿਆ। ਗਵਰਨਰ ਜਨਰਲ ਦੇ ਆਪਣੇ ਬੂਟਾਂ ਉਪਰ ਕਾਲੀਆਂ ਜ਼ੁਰਾਬਾਂ ਪਹਿਨ ਲੈਣ ਤੇ ਇਹ ਖਤਮ ਹੋਇਆ ਅਤੇ ਸਿੱਖਾਂ ਨੇ ਕੋਈ ਇਤਰਾਜ਼ ਨਾ ਕੀਤਾ। ਸਾਰੀ ਪਾਰਟੀ ਹਰਿਮੰਦਰ ਦੇ ਅੰਦਰ ਦਾਖਲ ਹੋ ਗਈ, ਜਿਥੇ ਆਕਲੈਂਡ ਮਹਾਰਾਜਾ ਰਣਜੀਤ ਸਿੰਘ ਦੇ ਨਾਲ, ਇਕੋ ਦਰੀ ਉਪਰ ਬੈਠਿਆ, ਸਕੱਤਰ ਜਨਰਲ (ਮਿਸ ਈਡਨ ਸਮੇਤ) ਉਸਦੇ ਆਲੇ ਦੁਆਲੇ ਖੜ੍ਹ ਕੇ ਜਾਂ ਬੈਠ ਕੇ ਗੁਰੂ ਗਰੰਥ ਸਾਹਿਬ ਤੇ ਵਿਆਖਿਆਨ ਸੁਣਦੇ ਰਹੇ। ਉਸ ਮੌਕੇ ਤੇ ਰੋਸ਼ਨਾਏ ਗਏ ਹਰਿਮੰਦਰ ਦੇ ਨਜ਼ਾਰੇ ਨੂੰ ਵੇਖ ਕੇ ਆਕਲੈਂਡ ਬਹੁਤ ਖੁਸ਼ ਹੋਇਆ[28]। ਉਸਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਉਸ ਪਾਰਟੀ ਨੂੰ ਗੋਬਿੰਦਗੜ੍ਹ ਵਿਚ ਲੈ ਗਿਆ ਅਤੇ ਇਹ ਸਾਰਾ ਕਿਲ੍ਹਾ ਉਨ੍ਹਾਂ ਨੂੰ ਵਿਖਾਇਆ, ਉਸਨੇ ਆਪਣੇ ਖਜ਼ਾਨੇ ਵਾਲੇ ਤਹਿਖਾਨੇ ਵੱਲ ਵੀ ਇਸ਼ਾਰਾ ਕੀਤਾ (ਜਿਸ ਵਿਚ 12,00,00,00 ਬਰਤਾਨਵੀ ਪੌਂਡ ਸਨ)

1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋਣ ਤੇ ਉਸ ਦੇ ਉਤਰਅਧਿਕਾਰੀਆਂ ਨੇ ਰਾਜ ਦੀ ਸ਼ਕਤੀ ਵੱਲ ਧਿਆਨ ਦੇਣਾ ਛੱਡ ਦਿੱਤਾ ਜਿਸ ਕਾਰਨ ਉਸ ਦਾ ਰਾਜ ਕਮਜ਼ੋਰ ਹੋ ਗਿਆ, ਦੋ ਲੜਾਈਆਂ ਦਾ ਸਾਹਮਣਾ ਕਰਨ ਕਾਰਨ ਸਿਰਫ ਜਿੱਤ ਜਾਂ ਤਬਾਹੀ ਦਾ ਚਾਰਾ ਹੀ ਬਾਕੀ ਰਹਿ ਗਿਆ। ਪੰਜਾਬ ਰਾਜ ਵਿਚ ਗੰਭੀਰ ਬਗਾਵਤ ਹੋ ਚੁੱਕੀ ਸੀ ਅਤੇ ਸਾਰੀ ਤਾਕਤ ਖਾਲਸਾ ਫੌਜ ਦੇ ਹੱਥ ਵਿਚ ਸੀ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਨੂੰ ਇਕ ਵਾਰ ਫਿਰ ਵਿਨਾਸ਼ਕਾਰੀ ਲੜਾਈ ਝਗੜੇ ਅਤੇ ਮੁਸੀਬਤਾਂ ਝੱਲਣੀਆਂ ਪਈਆਂ। ਜਦੋਂ ਫੌਜੀ ਦਸਤੇ ਹਾਲਾਤ ਨੂੰ ਠੀਕ ਕਰਨ ਅਤੇ ਸ਼ਾਹੀ ਘਰਾਣੇ ਦੇ ਮੈਂਬਰਾਂ ਨੂੰ ਰਾਜ਼ ਗੱਦੀ ਤੋਂ ਲਾਹੁਣ ਲਈ ਕਾਹਲੀ ਨਾਲ ਤੁਰ ਫਿਰ ਰਹੇ ਸਨ ਅਤੇ ਲੋਕ ਮਹਾਰਾਜਾ ਰਣਜੀਤ ਸਿੰਘ ਦੇ ਚੰਗੇ ਦਿਨਾਂ ਨੂੰ ਯਾਦ ਕਰ ਰਹੇ ਸਨ ਜਿਸ ਨੇ ਅੰਮ੍ਰਿਤਸਰ ਨੂੰ ਇਕ ਸ਼ਾਂਤੀਪੂਰਣ ਅਤੇ ਖੁਸ਼ਹਾਲ ਸ਼ਹਿਰ ਬਣਾਇਆ ਸੀ ਅਤੇ ਇਹ ਆਪਣੇ ਕੁਝ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਭਵਨਾਂ ਕਾਰਨ ਵਿਲੱਖਣ ਸੀ।

## ਹਵਾਲੇ ਤੇ ਟਿੱਪਣੀਆਂ

1. ਇਕ ਅਰਬੀ ਸ਼ਬਦ ਜਿਸ ਦਾ ਮਤਲਬ ਹੈ ਇਕਸਾਰ ਜਾਂ ਇਕੋਜਿਹਾ
2. ਜਾਰਜ ਫਾਸਟਰ, ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ, ਭਾਗ-1 ਪੰਨਾ 287
3. ਜੇਮਜ਼ ਰੈਨਲ, ਮੈਮੋਰੀਜ਼ ਆਫ ਏ ਮੈਪ ਆਫ ਹਿੰਦੁਸਤਾਨ ਆਰ ਦੀ ਮੁਗਲ ਐਮਪਾਇਰ, ਪੰਨਾ 78
4. ਲਿਪਲ ਗਰਿਫਨ ਦੀ ਪੁਸਤਕ, 'ਦੀ ਪੰਜਾਬ ਚੀਫਸ' ਅਨੁਸਾਰ ਇਹ ਕਿਲ੍ਹਾ 1767 ਵਿਚ ਬਣਿਆ ਸੀ।
5. ਡਬਲਿਊ ਮਗਰੈਗਰ, ਦੀ ਹਿਸਟਰੀ ਆਫ ਦੀ ਸਿੱਖਸ, ਪੰਨਾ 123
6. ਲਿਪਲ ਗਰਿਫਨ ਦੀ, 'ਦੀ ਪੰਜਾਬ ਚੀਫਸ' ਭਾਗ-1 ਪੰਨਾ 453
7. ਸਾਹਿਬ ਦਿਆਲ ਦਾ ਉਤਰਅਧਿਕਾਰੀ ਰਿਪੁਦਮਨ ਸਿੰਘ, ਵਿਧਾਨ ਸਭਾ ਦਾ ਸਾਬਕਾ ਮੈਂਬਰ, ਕਿਸ਼ਨਕੋਟ ਵਿਚ ਰਹਿੰਦਾ ਹੈ, ਜਿਸ ਦੀ ਨੀਂਹ ਸਾਹਿਬ ਦਿਆਲ ਨੇ ਰੱਖੀ ਸੀ।
8. ਐਚ.ਐਸ.ਲਾਰੈਂਸ, ਸਮ ਪੈਸੇਜ ਹਿਨ ਦੀ ਲਾਈਫ ਆਫ ਐਨ ਅਡਵੈਂਚਰਰ ਇਨ ਦੀ ਪੰਜਾਬ, ਪੰਨਾ 46
9. ਬੀ.ਪਟਭਾਈ ਸੀਤਾ ਰਮੱਈਆ, ਦੀ ਹਿਸਟਰੀ ਆਫ ਦੀ ਕਾਂਗਰਸ ਭਾਗ-1 ਪੰਨਾ100
10. ਇਸ ਪਰਿਵਾਰ ਦਾ ਸਵਰਗਵਾਸੀ ਭਾਈ ਗੁਰਬਖਸ਼ ਸਿੰਘ, ਬਾਰ-ਐਟ- ਲਾਅ ਖਾਲਸਾ ਕਾਲਜ ਦੀ ਗਵਰਨਿੰਗ ਬਾਡੀ ਦਾ ਬਹੁਤ ਦੇਰ ਤੱਕ ਪੁਰਾਣਾ ਮੈਂਬਰ ਅਤੇ ਇਸ ਦਾ ਆਨਰੇਰੀ ਸਕੱਤਰ ਰਿਹਾ।
11. ਦਿਵਾਨ ਸੁਖਦਿਆਲ ਦਾ ਪੁੱਤਰ ਲਾਲਾ ਘਨੱਈਆ ਲਾਲ ਇਕ ਪ੍ਰਸਿੱਧ ਵਕੀਲ ਸੀ ਜੋ ਕਈ ਸਾਲ ਤੱਕ ਅੰਮ੍ਰਿਤਸਰ ਦੀ ਨਗਰ ਪਾਲਕਾ ਨਾਲ ਸਬੰਧਤ ਰਿਹਾ।
12. ਪੰਜਾਬ ਅਖਬਾਰ, 24 ਜੂਨ 1839
13. ਵਾਲਟਰ ਹੈਮਿਲਟਨ, ਦੀ ਈਸਟ ਇੰਡੀਆ ਗਜ਼ਟੀਅਰ, ਪੰਨਾ 48
14. ਐਮਿਲੀ ਈਡਰ, ਅੱਪ ਦਾ ਕੰਟਰੀ, ਪੰਨਾ 218

15. ਡਬਲਿਊ ਮਗਰੈਗਰ, ਦੀ ਹਿਸਟਰੀ ਆਫ ਦੀ ਸਿੱਖਸ, ਪੰਨਾ 234
16. ਪੰਜਾਬ ਸਰਕਾਰ ਦੇ ਰਿਕਾਰਡ ਦਫਤਰ ਦਾ ਪ੍ਰਕਾਸ਼ਨ: ਈਵੈਂਟਸ ਐਟ ਦੀ ਕੋਰਟ ਆਫ ਮਹਾਰਾਜਾ ਰਣਜੀਤ ਸਿੰਘ (1810-17) ਗੋਬਿੰਦਗੜ੍ਹ ਫੋਰਟ ਅੰਮ੍ਰਿਤਸਰ, ਪੰਨਾ 31
17. ਜ਼ਾਨ ਵਿਲੀਅਮ ਕੇਈ, ਲਾਈਫ ਆਫ ਲਾਰਡ ਮੈਕਾਲਫ, ਭਾਗ-1,1854 ਪੰਨਾ 380-82
18. ਉਕਤ ਪੰਨਾ 288
19. ਉਕਤ ਪੰਨਾ 303
20. ਵੋਨ ਲਿਊਪੋਲਡ ਆਰਲਿਕ ਟਰੈਵਲਜ਼ ਇਨ ਇੰਡੀਆ, ਪੰਨਾ 165
21. ਪੰਜਾਬ ਸਰਕਾਰ ਦੇ ਰਿਕਾਰਡ ਦਫਤਰ ਦਾ ਪ੍ਰਕਾਸ਼ਨ: ਈਵੈਂਟਸ ਐਟ ਦੀ ਕੋਰਟ ਆਫ ਮਹਾਰਾਜਾ ਰਣਜੀਤ ਸਿੰਘ (1810-17) ਪੰਨਾ 31
22. ਪੰਜਾਬ ਸਰਕਾਰ ਦੇ ਰਿਕਾਰਡ ਦਫਤਰ ਦਾ ਪ੍ਰਕਾਸ਼ਨ: ਈਵੈਂਟਸ ਐਟ ਦੀ ਕੋਰਟ ਆਫ ਮਹਾਰਾਜਾ ਰਣਜੀਤ ਸਿੰਘ (1810-17) ਗੋਬਿੰਦਗੜ੍ਹ ਫੋਰਟ ਅੰਮ੍ਰਿਤਸਰ, ਪੰਨਾ 37-39, ਫ.127
23. ਪੰਜਾਬ ਸਰਕਾਰ ਦੇ ਰਿਕਾਰਡ ਦਫਤਰ ਦਾ ਪ੍ਰਕਾਸ਼ਨ: ਈਵੈਂਟਸ ਐਟ ਦੀ ਕੋਰਟ ਆਫ ਮਹਾਰਾਜਾ ਰਣਜੀਤ ਸਿੰਘ (1810-17) ਗੋਬਿੰਦਗੜ੍ਹ ਫੋਰਟ ਅੰਮ੍ਰਿਤਸਰ, ਪੰਨਾ 31
24. ਖਰੜਾ, ਪੰਜਾਬ ਪ੍ਰਬੰਧਕ ਬੋਰਡ, ਜਨਰਲ (4.5.1850) ਨੰਬਰ 58-60, (ਭਾਰਤ ਦਾ ਰਾਸ਼ਟਰੀ ਪੁਰਾਲੇਖ ਭਵਨ, ਨਵੀਂ ਦਿੱਲੀ) ਪੱਤਰ ਮਿਤੀ 20.4.1850, ਮੇਜਰ ਮੈਕ ਗਰੈਗਰ ਤੋਂ ਪੀ. ਮੈਲਿਵਨ। ਵੇਖੋ ਬੇਅਰਡ ਜੇ.ਜੀ.ਏ, ਡਲਹੌਜੀ ਦੇ ਸਰਦਾਰ ਦੇ ਨਿੱਜੀ ਪੱਤਰ, ਪੰਨਾ 395
25. ਇਸ ਦਾ ਅਰਥ ਹੈ ਕਿ ਸਜਧਜ (ਬਹੁਤਾਤ) ਤਲਵਾਰ ਅਤੇ ਬਿਨਾਂ ਦੇਰ ਜਿੱਤ ਦਾ ਨਿਯਮ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਤੋਂ ਗ੍ਰਹਿਣ ਕੀਤਾ।
26. ਡਬਲਿਊ ਮਗਰੈਗਰ, ਦੀ ਹਿਸਟਰੀ ਆਫ ਦੀ ਸਿੱਖਸ, ਪੰਨਾ 207-10
27. ਐਮਿਲੀ ਈਡਰ, ਅੱਪ ਦਾ ਕੰਟਰੀ, ਪੰਨਾ 215
28. ਸਾਹਮਤ ਅਲੀ, ਦੀ ਸਿੱਖਸ ਐਂਡ ਅਫਗਾਨਜ਼, ਪੰਨਾ 4

## ਅਧਿਆਇ - ਚੌਥਾ

# ਅੰਮ੍ਰਿਤਸਰ ਵਿਚ ਬਰਤਾਨਵੀ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਦੀ ਰਾਜਨੀਤਿਕ ਹਾਲਤ ਬਹੁਤ ਗੰਭੀਰ ਹੋ ਗਈ। ਜਲਦੀ ਹੀ ਹੱਤਿਆਵਾਂ ਹੋਣ ਲੱਗ ਪਈਆਂ ਅਤੇ ਅਰਾਜਕਤਾ ਫੈਲ ਗਈ। ਭੈੜੀ ਸਾਸ਼ਨ ਵਿਵਸਥਾ ਨੇ ਸਿੱਖ ਰਾਜ ਨੂੰ ਗਿਰਾਵਟ ਵੱਲ ਧਕੇਲ ਦਿੱਤਾ। ਸਿੱਖਾਂ ਦੀ ਪਹਿਲੀ ਲੜਾਈ ਵਿਚ ਹਾਰ ਹੋਈ। ਸਿੱਖਾਂ ਦਾ ਕੁਝ ਇਲਾਕਾ ਖੋਹ ਲਿਆ ਗਿਆ। ਉਨ੍ਹਾਂ ਦੀ ਸੈਨਾਂ ਦੀ ਗਿਣਤੀ ਵਿਚ ਕਮੀ ਹੋ ਗਈ। ਪਰੰਤੂ ਉਨ੍ਹਾਂ ਨੂੰ ਆਪਣੀ ਸੁਤੰਤਰਤਾ ਬਹਾਲ ਕਰਨ ਦਾ ਇਕ ਹੋਰ ਮੌਕਾ ਮਿਲ ਗਿਆ ਸੀ। ਦਸੰਬਰ, 1846 ਵਿਚ ਹੋਈ ਸੰਧੀ ਅਨੁਸਾਰ ਰਾਜ ਪ੍ਰਤੀਨਿਧ ਸਭਾ ਗਠਿਤ ਕੀਤੀ ਗਈ ਅਤੇ ਇਸਦਾ ਪ੍ਰਧਾਨ ਹੈਨਰੀ ਲਾਰੈਂਸ ਨੂੰ ਬਣਾਇਆ ਗਿਆ। ਇਸ ਸਭਾ ਨੂੰ ਜਾਰਜ ਲਾਰੈਂਸ (1811-1879), ਜਾਨ ਲਾਰੈਂਸ (1806-1857), ਜੇਮਜ਼ ਐਬੱਟ (1807-1896), ਐਚ.ਬੀ ਐਡਵਰਡਜ਼ (1819-1868), ਡਬਲਿਯੂ.ਐਸ.ਰੈਕਸ ਹੈਡਸਲ (1821-1858), ਜਾਨ ਨਿਕਸਲਸਨ (1821-1857) ਅਤੇ ਐਚ.ਬੀ ਲੰਮਸਡਨ (1821-1896) ਵਰਗੇ ਕਾਬਲ ਅਫਸਰਾਂ ਦਾ ਸਹਿਯੋਗ ਹਾਸਿਲ ਸੀ ਜਿਨ੍ਹਾਂ ਨੇ ਸੁਧਾਰਾਂ ਨੂੰ ਪ੍ਰਸਤਾਵਿਤ ਕਰਨ ਵਿਚ ਹੈਰਾਨੀਜਨਕ ਕੰਮ ਕੀਤਾ। ਹੈਨਰੀ ਲਾਰੰਸ ਨੇ ਅਜਿਹੇ ਬਹੁਤ ਸਾਰੇ ਉਪਾਅ ਕੀਤੇ। ਉਸਨੇ ਸਰਦਾਰ ਲਹਿਣਾ ਸਿੰਘ ਨੂੰ ਸਵਰਨ ਮੰਦਰ ਦਾ ਮੈਨੇਜਰ ਨਿਯੁਕਤ ਕੀਤਾ ਜੋ ਕਿ ਕਾਫੀ ਸਮੇਂ ਸਥਾਨਕ ਸੰਗਤ ਰਾਹੀਂ ਪੰਥ ਦੇ ਕੰਟਰੋਲ ਅਧੀਨ ਰਿਹਾ ਸੀ। ਰਾਜ ਪ੍ਰਤੀਨਿਧ ਵਲੋਂ ਰੋਜ਼ਾਨਾ ਭੱਤਾ ਅਤੇ ਖਰਚਾ ਦਿੱਤਾ ਜਾਂਦਾ ਸੀ।

ਅੰਗਰੇਜ਼ਾਂ ਵਿਰੁਧ ਫੈਲ ਰਹੇ ਭਾਰੀ ਡਰ ਨੂੰ ਦੂਰ ਕਰਨ ਲਈ ਹੈਨਰੀ ਲਾਰੰਸ ਨੇ 24 ਮਾਰਚ, 1847 ਨੂੰ ਇੱਕ ਘੋਸ਼ਨਾ ਪੱਤਰ ਜਾਰੀ ਕੀਤਾ ਕਿ ਅੰਮ੍ਰਿਤਸਰ ਦੇ ਪੁਜਾਰੀਆਂ ਨੂੰ ਇਸ ਪਰੇਸ਼ਾਨੀ ਦਾ ਸ਼ਿਕਵਾ ਹੈ, ਸਾਰੇ ਸਬੰਧਤ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗਵਰਨਰ ਜਨਰਲ ਦੇ ਹੁਕਮ ਅਨੁਸਾਰ ਅੰਮ੍ਰਿਤਸਰ ਵਿਚ ਬਰਤਾਨਵੀ ਲੋਕਾਂ ਦੇ ਜੁੱਤੀਆਂ ਸਮੇਤ ਸਵਰਨ ਮੰਦਰ ਜਾਂ ਇਸਦੀ ਹੱਦ ਅੰਦਰ, ਜਾਂ ਕਿਸੇ ਵੀ ਹੋਰ ਮੰਦਰ ਵਿਚ ਦਾਖਲੇ ਤੇ ਪਾਬੰਦੀ ਲਗਾਈ ਗਈ ਹੈ। ਅੰਮ੍ਰਿਤਸਰ ਵਿਚ ਗਊ ਹੱਤਿਆ ਨਹੀਂ ਹੋਵੇਗੀ, ਨਾ ਹੀ ਸਿੱਖਾਂ ਨਾਲ ਕੋਈ ਛੇੜ ਛਾੜ ਜਾਂ ਕਿਸੇ ਕਿਸਮ ਦੀ ਦਖਲ ਅੰਦਾਜ਼ੀ ਕੀਤੀ ਜਾਵੇਗੀ। ਜੁੱਤੇ ਸਰੋਵਰ ਦੇ ਬੁੰਗੇ ਕੋਲ ਉਤਾਰੇ ਜਾਣਗੇ ਅਤੇ ਕੋਈ ਵੀ ਵਿਅਕਤੀ ਸਰੋਵਰ ਦੇ ਦੁਆਲੇ ਜੁੱਤੀਆਂ ਸਮੇਤ ਨਹੀਂ ਘੁੰਮੇਗਾ।'ਮਹਾਰਾਜਾ ਦਲੀਪ ਸਿੰਘ ਅਜੇ ਲਾਹੌਰ ਦਰਬਾਰ ਦੇ ਤਖਤ ਤੇ ਬਿਰਾਜਮਾਨ ਸਨ ਜਦੋਂ ਪਿੱਤਲ ਦੀ ਫੱਟੀ ਉਤੇ ਇਹ ਹੁਕਮ ਜਾਰੀ ਕੀਤਾ ਗਿਆ ਜੋ ਅਜੇ ਵੀ ਤਹਿਖਾਨੇ ਵਿਚ ਸੰਭਾਲਿਆ ਹੋਇਆ ਹੈ। ਇਸ ਹੁਕਮ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਬਰਤਾਨਵੀ ਲੋਕ, ਜਿਨ੍ਹਾਂ ਨੂੰ ਗੋਰੇ ਜਾਂ ਫਰੰਗੀ ਕਿਹਾ ਜਾਂਦਾ ਸੀ, ਸਵਰਨ ਮੰਦਰ ਅਤੇ

ਇਸ ਦੀ ਹੱਦ ਅੰਦਰ ਜੁੱਤੀਆ ਸਮੇਤ ਜਾਇਆ ਕਰਦੇ ਸਨ। ਇਥੋਂ ਤੱਕ ਕਿ 1843 ਵਿਚ ਵੀ ਮੈਨਵੇਅਰਿੰਗ ਅਤੇ ਕਪਤਾਨ ਨਾਈਵਿਟ (Knyvett) ਨੇ ਆਪਣੀਆਂ ਜੁੱਤੀਆਂ ਉਤਾਰਨ ਤੋਂ ਨਾਂਹ ਕਰ ਦਿੱਤੀ ਸੀ। ਗਾਂ ਦਾ ਮਾਸ ਖਾਣ ਵਾਲੇ ਬਰਤਾਨਵੀ ਸਿਪਾਹੀਆਂ ਦੇ ਖਾਣ ਲਈ ਜਿਨ੍ਹਾਂ ਗਾਵਾਂ ਦਾ ਕਤਲ ਕੀਤਾ ਜਾਂਦਾ ਸੀ, ਉਨ੍ਹਾਂ ਦੀ ਸੁਰੱਖਿਆ ਕੀਤੀ ਗਈ। ਹੈਨਰੀ ਲਾਰੰਸ ਨੇ ਸਰਦਾਰ ਲਹਿਣਾ ਸਿੰਘ ਨੂੰ ਅੰਮ੍ਰਿਤਸਰ ਦੇ ਇਲਾਕੇ ਦੀਆਂ ਬੁੱਚੜਾਂ ਦੀਆਂ ਦੁਕਾਨਾਂ ਨੂੰ ਪਹਿਲਾਂ ਵਾਂਗ ਮਹੀਨੇ ਵਿਚ ਪੰਜ ਦਿਨ ਬੰਦ ਕਰਵਾਉਣ ਦਾ ਹੁਕਮ ਦਿੱਤਾ। ਉਸਨੇ ਅੰਮ੍ਰਿਤਸਰ ਸ਼ਹਿਰ ਦੇ 12 ਮੀਲ ਦੇ ਘੇਰੇ ਵਿਚ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਦੀ ਮਨਾਹੀ ਕਰ ਦਿੱਤੀ [1]। 1848 ਵਿਚ ਸ਼ੀਆ ਅਤੇ ਸੁੰਨੀਆਂ ਦੇ ਦੌਰਾਨ ਫਸਾਦਾਂ ਨੂੰ ਅਧਿਕਾਰੀਆਂ ਨੇ ਦਬਾ ਦਿੱਤਾ ਅਤੇ ਫਸਾਦੀਆਂ ਨੂੰ ਫੜ ਲਿਆ।

ਸਿੱਖਾਂ ਦੀ ਦੂਸਰੀ ਲੜਾਈ ਤੋਂ ਤੁਰੰਤ ਬਾਅਦ 21 ਮਾਰਚ, 1849 ਨੂੰ ਡਲਹੌਜੀ ਨੇ ਪੰਜਾਬ ਤੇ ਕਬਜ਼ਾ ਕਰ ਲਿਆ। ਮਾਰਚ 1849 ਵਿਚ ਲਾਹੌਰ ਵਿਖੇ ਪ੍ਰਬੰਧਕਾਂ ਦੇ ਇਕ ਬੋਰਡ ਦੀ ਸਥਾਪਨਾ ਹੋਈ ਜਿਸ ਨੂੰ 1853 ਵਿਚ ਚੀਫ ਕਮਿਸ਼ਨਰਸ਼ਿਪ ਦੀ ਨਿਯੁਕਤੀ ਹੋ ਜਾਣ ਤੇ ਭੰਗ ਕਰ ਦਿੱਤਾ ਗਿਆ ਸੀ। ਸਰ ਹੈਨਰੀ ਲਾਰੰਸ, ਮਿਸਟਰ ਜਾਨ ਲਾਰੰਸ, ਮਿਸਟਰ ਚਾਰਲਸ ਮੈਨਸਲ (1806-1886), ਜਿਸ ਦੀ ਥਾਂ ਤੇ 1851 ਵਿਚ ਮਿਸਟਰ ਰਾਬਰਟ ਮੋਂਟਗੋਮਰੀ (1809-1887) ਆਏ ਅਤੇ ਸਰ ਰਿਚਰਡ ਟੈਂਪਲ (1826-1902) ਨੇ ਪੰਜਾਬ ਬੋਰਡ ਤੇ ਸੇਵਾ ਕੀਤੀ। ਅੰਮ੍ਰਿਤਸਰ ਨੂੰ ਇਕ ਕਿਲ੍ਹਾ ਬਣਾਇਆ ਗਿਆ। ਅੰਗਰੇਜ਼ਾਂ ਦੇ ਕਬਜ਼ਾ ਕਰ ਲੈਣ ਦੇ ਪਹਿਲੇ ਸਾਲ ਦੌਰਾਨ ਕੁਝ ਜ਼ਿਲ੍ਹਿਆਂ ਵਿਸ਼ੇਸ਼ ਤੌਰ ਤੇ ਅੰਮ੍ਰਿਤਸਰ ਵਿਚ ਡਾਕੂਆਂ ਦੀ ਟੋਲੀ ਨੇ ਗੜਬੜ ਮਚਾ ਦਿੱਤੀ। ਕੁਝ ਸੜਕਾਂ ਤੇ ਹਥਿਆਰਬੰਦ ਅਤੇ ਘੋੜ ਸਵਾਰ ਡਾਕੂਆਂ ਦੇ ਟੋਲਿਆਂ ਦੀ ਭਰਮਾਰ ਸੀ। ਪ੍ਰਸਿੱਧ ਵਿਅਕਤੀਆਂ ਦੇ ਘਰਾਂ ਵਿਚ ਦਿਨ ਦਿਹਾੜੇ ਹੀ ਹਮਲਾ ਹੋ ਜਾਂਦਾ ਸੀ [2]। ਉਨ੍ਹਾਂ ਅਪਰਾਧੀਆਂ ਦੇ ਬੁਰੇ ਕੰਮਾਂ ਨੂੰ ਰੋਕਣ ਲਈ ਬੋਰਡ ਦ੍ਰਿੜ ਸੰਕਲਪ ਸੀ, ਇਸ ਲਈ ਲੁਟੇਰਿਆਂ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਨੂੰ ਲੋੜ ਅਨੁਸਾਰ ਹਥਿਆਰਬੰਦ ਕੀਤਾ ਗਿਆ। ਆਪਣੇ ਕੰਮ ਦੇ ਪਹਿਲੇ ਸਾਲ ਦੌਰਾਨ 37 ਡਾਕੂਆਂ ਨੂੰ ਦੰਡ ਦਿੱਤਾ ਗਿਆ ਅਤੇ ਦੂਸਰੇ ਸਾਲ ਗਿਣਤੀ ਕੇਵਲ 7 ਰਹਿ ਗਈ। ਸਰਦਾਰ ਲਹਿਣਾ ਸਿੰਘ ਦਾ ਪ੍ਰਤੀਨਿਧ, ਬਾਬਾ ਲਛਮਣ ਸਿੰਘ ਬਹੁਤ ਸਾਰੇ ਲੁਟੇਰਿਆਂ ਨੂੰ ਫੜ ਕੇ ਅੰਮ੍ਰਿਤਸਰ ਲੈ ਕੇ ਆਇਆ। ਉਸਨੂੰ ਹਦਾਇਤ ਕੀਤੀ ਗਈ ਕਿ ਸਜ਼ਾ ਦੇਣ ਲਈ ਉਹ ਲਾਹੌਰ ਵਾਲੀ ਵਿਧੀ ਨੂੰ ਅਪਣਾਵੇ। ਸਥਾਨਕ ਤੌਰ ਤੇ ਮਿਸਰ ਛੱਜੂ ਮੱਲ ਦੇ ਪੁੱਤਰ ਰਾਜਾ ਰਲੀਆ ਰਾਮ ਨੇ ਡਕੈਤੀ ਅਤੇ ਰਸਤਿਆਂ ਵਿਚਲੀ ਲੁੱਟ ਨੂੰ ਦਬਾਉਣ ਲਈ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ।

ਮਿੰਟਗੁਮਰੀ ਨੇ ਆਪਣੀ 29 ਦਸੰਬਰ, 1852 ਦੀ ਰਿਪੋਰਟ ਵਿਚ ਦੱਸਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਸੜਕਾਂ ਦੀ ਹਾਲਤ ਬਹੁਤ ਭਿਆਨਕ ਸੀ। ਸਰਕਾਰ ਦਾ ਸਭ ਤੋਂ ਪਹਿਲਾ ਕੰਮ ਚੰਗੀਆਂ ਸੜਕਾਂ ਪ੍ਰਦਾਨ ਕਰਨਾ ਸੀ। ਅੰਮ੍ਰਿਤਸਰ ਤੋਂ ਬਟਾਲਾ ਤੱਕ 18 ਮੀਲ ਲੰਬੀ ਸੜਕ ਬਣਾਈ ਗਈ, ਅੰਮ੍ਰਿਤਸਰ ਤੋਂ ਮਜੀਠਾ ਤੱਕ 12 ਮੀਲ ਲੰਬੀ ਪੁਰਾਣੀ ਸੜਕ ਦੀ ਨਿਸ਼ਾਨਦੇਹੀ ਕੀਤੀ ਗਈ। ਅੰਮ੍ਰਿਤਸਰ ਸੜਕ, ਜਿਸ ਦੀ ਹਾਲਤ ਬਹੁਤ ਮੰਦੀ ਸੀ, ਦੀ ਮੁਰੰਮਤ ਲਈ 5000 ਰੁਪਏ ਰੱਖੇ ਗਏ [4]। 1851 ਵਿਚ ਕਰਨਲ ਨੇਪੀਅਰ ਨੇ ਅੰਮ੍ਰਿਤਸਰ ਤੋਂ ਵਜ਼ੀਰਾਬਾਦ ਬਰਾਸਤਾ ਐਮਨਾਬਾਦ ਸਿੱਧੇ ਰਸਤੇ ਦਾ

ਸਰਵੇਖਣ ਕੀਤਾ ਅਤੇ ਇਸ ਦੀ ਉਸਾਰੀ ਦਾ ਕੰਮ ਸ਼ਹਿਰ ਦੇ ਮੈਜਿਸਟਰੇਟ ਮਿਸਟਰ ਸੀ.ਬੀ ਸਾਂਡਰਸ ਨੇ ਆਰੰਭ ਕੀਤਾ। ਇਹ ਸੜਕ 200 ਰੁਪਏ ਪ੍ਰਤੀ ਮੀਲ ਦੀ ਲਾਗਤ ਨਾਲ ਕੇਵਲ ਫੌਜੀ ਦਸਤਿਆਂ ਦੇ ਚੱਲਣ ਲਈ ਬਣਾਈ ਗਈ ਸੀ। ਸੜਕ ਦਾ ਵਿਸਥਾਰ ਅੰਮ੍ਰਿਤਸਰ ਤੋਂ ਦੀਨਾਨਗਰ ਤੱਕ ਕੀਤਾ ਗਿਆ ਸੀ। ਅੰਮ੍ਰਿਤਸਰ ਦੀ ਪਹਿਲੀ ਰੇਲਵੇ ਲਾਈਨ ਜੋ ਅੰਮ੍ਰਿਤਸਰ, ਲਾਹੌਰ ਅਤੇ ਮੁਲਤਾਨ ਨੂੰ ਜੋੜਦੀ ਸੀ, 8 ਫਰਵਰੀ, 1859 [5] ਨੂੰ ਮੁਕੰਮਲ ਹੋਈ। ਸੜਕਾਂ ਅਤੇ ਰੇਲਵੇ ਲਾਈਨ ਚਾਲੂ ਹੋ ਜਾਣ ਨਾਲ ਅੰਮ੍ਰਿਤਸਰ ਦੀ ਇਕ ਵਪਾਰਕ ਸ਼ਹਿਰ ਵਜੋਂ ਪ੍ਰਸਿੱਧੀ ਹੋ ਗਈ। ਮਿਸਟਰ ਸਾਂਡਰਸ ਦੇ ਯਤਨਾਂ ਸਦਕਾ ਸਫਾਈ ਦੇ ਪੱਖੋਂ ਅੰਮ੍ਰਿਤਸਰ ਸ਼ਹਿਰ ਦੀ ਕਾਇਆ ਹੋ ਗਈ। ਸਿਹਤ, ਸਫਾਈ ਅਤੇ ਸ਼ਹਿਰੀਆਂ ਦੀ ਬਿਹਤਰੀ ਲਈ ਇਸ ਨੇ ਮਹੱਤਵਪੂਰਨ ਵਿਕਾਸ ਕੀਤਾ [6]। ਕੁਝ ਖਾਸ ਕੇਸਾਂ ਵਿਚ, ਜਿਵੇਂ ਸਰਾਂ ਅਤੇ ਰਲੀਆ ਰਾਮ ਦੀ ਡਿਉਢੀ ਨਾਲ ਸਬੰਧਤ ਜ਼ਮੀਨ ਨੂੰ ਸਰ ਜਾਨ ਲਾਰੰਸ ਨੇ ਮਾਲੀਏ ਤੋਂ ਛੋਟ ਦੇ ਦਿੱਤੀ। ਦਰਬਾਰ ਸਾਹਿਬ ਦੀ ਸਹਾਇਤਾ ਬਾਰੇ ਬੋਰਡ ਵਲੋਂ ਕੀਤੀਆਂ ਸਿਫਾਰਿਸ਼ਾਂ ਨੂੰ ਗਵਰਨਰ ਜਨਰਲ ਨੇ 9 ਜੂਨ, 1853 ਨੂੰ ਪ੍ਰਵਾਨਗੀ ਦੇ ਦਿੱਤੀ। 45,619 ਰੁਪਏ ਹੱਥ ਵਿਚ ਹੋਣ ਅਤੇ 1,784 ਰੁਪਏ ਪੂੰਜੀ ਨਿਵੇਸ਼ ਵਿਚ ਹੋਣ ਦਾ ਅਨੁਮਾਨ ਲਾਇਆ ਗਿਆ[7]।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਥੰਮ, ਸਾਮੰਤਵਾਦੀ ਕੁਲੀਨ ਵਰਗ ਦੇ ਲੋਕ ਅਟੱਲ ਤਬਾਹੀ ਵੱਲ ਜਾ ਰਹੇ ਸਨ। ਉਨ੍ਹਾਂ ਦੇ ਸ਼ਹਿਰੀ ਨਿਵਾਸ ਅਸਥਾਨਾਂ ਦੀ ਸ਼ਾਨ ਸੌਕਤ, ਸਾਜ-ਸਮਾਨ, ਅਤੇ ਮੁਲਾਕਾਤੀਆਂ ਦੀ ਗਿਣਤੀ ਘਟ ਗਈ ਸੀ ਅਤੇ ਉਨ੍ਹਾਂ ਦੇ ਅਹੁਦਿਆਂ ਵੱਲ ਬਿਲਕੁਲ ਧਿਆਨ ਨਹੀਂ ਸੀ ਦਿੱਤਾ ਜਾ ਰਿਹਾ [8]। ਇਸ ਬਦਲ ਰਹੇ ਸਮੇਂ ਵਿਚ ਉਹ ਬੁਰੀ ਤਰ੍ਹਾਂ ਦਬੇ ਹੋਏ ਸਨ ਫਿਰ ਵੀ ਉਨ੍ਹਾਂ ਨੂੰ ਆਪਣੇ ਜੱਦੀ ਹੱਕ ਲੈਣ ਵਾਸਤੇ ਅਦਾਲਤੀ ਹਾਕਮ ਸਰ ਰਾਬਰਟ ਮਾਂਟਗੁਮਰੀ ਉਨ੍ਹਾਂ ਨੂੰ ਆਪਣੇ ਹਿਮਾਇਤੀ ਦੇ ਰੂਪ ਵਿਚ ਮਿਲਿਆ। ਉਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਣ ਲੱਗਾ ਤੇ ਉਨ੍ਹਾਂ ਨੂੰ ਚੰਗੀਆਂ ਪੈਨਸ਼ਨਾਂ ਮਿਲ ਗਈਆਂ। ਉਨ੍ਹਾਂ ਦੀਆਂ ਜਾਗੀਰਾਂ ਜੋ ਉਨ੍ਹਾਂ ਨੂੰ ਸੈਨਿਕ ਜਾਂ ਧਾਰਮਿਕ ਕੰਮਾਂ ਬਦਲੇ ਮਿਲੀਆਂ ਸਨ, ਸਰਕਾਰ ਵਲੋਂ ਕੁਝ ਸੋਧ ਕਰਕੇ ਉਨ੍ਹਾਂ ਨੂੰ ਮੁੜ ਦੇ ਦਿੱਤੀਆਂ ਗਈਆਂ। ਰਈਸੀ ਪਦਵੀਆਂ ਦੀ ਮਾਨਤਾ ਮਿਲ ਜਾਣ ਦੇ ਬਾਵਜੂਦ ਹਾਲਾਤ ਬੜੇ ਖਿਚਾਓ ਅਤੇ ਉਤੇਜਨਾਂ ਭਰਪੂਰ ਸਨ ਅਤੇ ਅੰਮ੍ਰਿਤਸਰ ਕੁਝ ਸਮੇਂ ਲਈ ਬਹੁਤ ਚਿੰਤਾ ਦਾ ਵਿਸ਼ਾ ਬਣਿਆ ਰਿਹਾ। ਅਟਾਰੀ, ਸਿਆਲਕੋਟ ਅਤੇ ਅੰਮ੍ਰਿਤਸਰ ਵਿਚਕਾਰ ਦੂਤ ਆਉਂਦੇ ਜਾਂਦੇ ਰਹਿੰਦੇ ਸਨ, ਜਿਥੇ 'ਹਾਰੇ ਹੋਏ ਸਰਦਾਰ' ਰਹਿੰਦੇ ਸਨ। ਇਥੇ ਇਹ ਅਫਵਾਹ ਫੈਲ ਗਈ ਕਿ ਕਸ਼ਮੀਰ ਤੋਂ ਗੁਲਾਬ ਸਿੰਘ ਅਤੇ ਕਾਬੁਲ [9] ਤੋਂ ਦੋਸਤ ਮੁਹੰਮਦ ਕੋਲੋਂ 'ਦੇਸ਼ਧ੍ਰੋਹੀ ਸੈਨਾਪਤੀ' ਆ ਗਏ ਹਨ। ਕੁਝ ਸਰਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਕਈ ਥਾਵਾਂ ਤੋਂ ਅਸਲਾ ਉਪਲਬਧ ਹੋਇਆ [10]। 1849 ਦੇ ਅਖੀਰ ਅਤੇ 1850 ਦੇ ਸ਼ੁਰੂ ਵਿਚ ਇਹ ਗੱਲ ਪ੍ਰਚਲਤ ਹੋ ਗਈ ਕਿ ਗੋਬਿੰਦਗੜ੍ਹ ਕਿਲ੍ਹੇ ਉਪਰ ਭਾਰਤੀ ਸਿਪਾਹੀਆਂ ਨੇ ਕਬਜ਼ਾ ਕਰ ਲਿਆ ਹੈ। ਚਾਰਲਸ ਜੇਮਜ਼ ਨੇਪੀਅਰ (1782-1853) ਮੁੱਖ ਸੈਨਾਪਤੀ ਵੀ ਇਸ ਵਿਸ਼ਵਾਸ ਦਾ ਸਾਂਝੀਦਾਰ ਬਣਿਆ ਪਰ ਜਾਪਦਾ ਹੈ ਕਿ ਗੱਲ ਨੂੰ ਵਧਾ ਚੜ੍ਹਾ ਕੇ ਕਿਹਾ ਗਿਆ ਸੀ। ਹੈਨਰੀ ਲਾਰੰਸ ਮੌਕੇ ਤੇ ਆਇਆ, ਹਾਲਾਤ ਕਾਫੀ ਖਰਾਬ ਸਨ। ਹੈਨਰੀ ਦਾ ਪ੍ਰਭਾਵ ਇਤਨਾ ਗੰਭੀਰ ਨਹੀਂ ਸੀ, ਜਿਤਨਾ ਸ਼ੁਰੂ ਵਿਚ ਸਮਝਿਆ ਗਿਆ ਸੀ [11]।

ਲਾਰਡ ਆਕਲੈਂਡ ਤੋਂ ਅਗਲੇ ਸਾਰੇ ਗਵਰਨਰ ਜਨਰਲ ਅੰਮ੍ਰਿਤਸਰ ਅਤੇ ਸਵਰਨ

ਮੰਦਰ ਵਿਚ ਆਏ। ਹਾਰਡਿੰਗ ਤੋਂ ਬਾਅਦ ਡਲਹੌਜੀ ਨੇ ਸ਼ਹਿਰ ਵਿਚ ਕੁਝ ਸਮਾਂ ਬਿਤਾਇਆ। ਡਲਹੌਜੀ, ਜੋ ਪੰਜਾਬ ਤੇ ਕਬਜ਼ਾ ਕਰਨ ਲਈ ਮੁਖ ਜ਼ਿੰਮੇਵਾਰ ਸੀ, ਨੇ ਆਪਣੇ ਨਿੱਜੀ ਪੱਤਰਾਂ ਵਿਚ ਸ਼ਹਿਰ ਬਾਰੇ ਦਿਲਚਸਪ ਤੱਥਾਂ ਦਾ ਵਰਨਣ ਕੀਤਾ ਹੈ। ਸ਼ਹਿਰ ਵਿਚ ਦੂਸਰੀ ਵਾਰ ਆਉਣ ਸਮੇਂ ਉਸਨੇ ਸ਼ਹਿਰ ਨੂੰ ਵਧਦਾ ਫੁਲਦਾ ਵੇਖਿਆ। ਉਸਨੇ ਆਯਾਤ ਕਰ, ਜੋ ਨਿਸਚੇ ਹੀ ਵਪਾਰ ਤੇ ਦਬਾਉਣ ਦਾ ਸਾਧਨ ਸੀ, ਖਤਮ ਕਰ ਦਿੱਤਾ ਜਿਸ ਨਾਲ, ਸ਼ਹਿਰ ਵਿਚ ਵਸਤਾਂ ਦੇ ਉਤਪਾਦਨ ਨੂੰ ਉਤਸ਼ਾਹ ਮਿਲਿਆ ਅਤੇ ਇਹੋ ਕਾਰਣ ਸੀ ਕਿ ਲੋਕ ਇਥੇ ਵਸਣ ਲਈ ਹੋਰ ਇਲਾਕਿਆਂ, ਵਿਸ਼ੇਸ਼ ਕਰਕੇ ਗੁਲਾਬ ਸਿੰਘ ਦੇ ਇਲਾਕੇ ਤੋਂ ਸ਼ਹਿਰ ਵਿਚ ਆ ਰਹੇ ਸਨ [12]। ਲੂਣ ਉਤੇ ਟੈਕਸ ਲਾਉਣ ਨਾਲ ਆਯਾਤ ਕਰ ਖਤਮ ਹੋਣ ਵਾਲਾ ਘਾਟਾ ਪੂਰਾ ਹੋ ਗਿਆ। ਪਰੰਤੂ ਸੁੰਦਰ ਨਜ਼ਾਰਿਆਂ ਵਿਚੋਂ ਇਥੇ ਡਲਹੌਜੀ ਨੇ ਵੇਖਿਆ, ਇਹ ਸ਼ਹਿਰ ਦੀ ਜਗਮਗਾਹਟ ਅਤੇ ਪਵਿੱਤਰ ਸਥਾਨ ਤੇ ਸਰੋਵਰ ਸੀ। ਬਦਕਿਸਮਤੀ ਨਾਲ 10ਵੀਂ ਪਲਟਨ ਦਾ ਇਕ ਆਦਮੀ ਸ਼ਰਾਬੀ ਹੋ ਗਿਆ, ਜਦੋਂ ਉਸ ਨੂੰ ਗੋਬਿੰਦਗੜ੍ਹ ਕਿਲ੍ਹੇ ਦੇ ਦਰਵਾਜ਼ੇ ਤੇ ਰੋਕਿਆ ਗਿਆ ਤਾਂ ਉਸ ਨੇ ਕਰਨਲ ਜੀਵਨ ਸਿੰਘ ਨੂੰ ਕਤਲ ਕਰ ਦਿੱਤਾ, ਜਿਸ ਦੀ ਅਚਾਨਕ ਮੌਤ ਨਾਲ ਸਾਰੇ ਸ਼ਹਿਰ ਵਿਚ ਘਬਰਾਹਟ ਪੈਦਾ ਹੋ ਗਈ। 1849 ਵਿਚ ਸਵਰਨ ਮੰਦਰ ਲਈ 5000 ਰੁਪਏ ਦਿਤੇ ਗਏ ਸਨ ਅਤੇ ਇਤਨੀ ਹੀ ਰਾਸ਼ੀ ਲਾਰਡ ਹਾਰਡਿੰਗ ਨੇ 1850 ਵਿਚ ਦਿੱਤੀ। ਲਾਡਰ ਡਲਹੌਜੀ ਨੇ ਜ਼ਿਕਰ ਕੀਤਾ ਹੈ ਕਿ ਇੰਨੀ ਹੀ ਰਕਮ ਉਸਨੇ ਗਰੀਬਾਂ ਲਈ ਦਾਨ ਵਜੋਂ ਦਿੱਤੀ ਸੀ, ਪਰ ਇਹ ਰਕਮ ਉਸਨੇ ਆਪਣੀ ਜੇਬ ਵਿਚੋਂ ਦੇਣ ਦੀ ਬਜਾਏ ਸਰਕਾਰੀ ਖਜ਼ਾਨੇ ਵਿਚੋਂ ਦਿੱਤੀ ਸੀ[13]। ਪਰੰਤੂ ਅਦਾਲਤੀ ਨਿਰਦੇਸ਼ਕਾਂ ਨੇ ਸਥਾਈ ਵਿਸ਼ਵਾਸਾਂ ਅਤੇ ਰਿਵਾਜਾਂ ਨੂੰ ਉਤਸ਼ਾਹਤ ਕਰਨ ਲਈ ਦਿੱਤੀ ਇਸ ਰਕਮ ਨੂੰ ਗਲਤ ਕਰਾਰ ਦਿੱਤਾ [14]।

1857 ਦੇ ਗਦਰ ਦੌਰਾਨ, ਅੰਮ੍ਰਿਤਸਰ ਸ਼ਹਿਰ ਦੇ ਫੌਜੀ ਗੋਬਿੰਦਗੜ੍ਹ ਕਿਲੇ ਦੀ ਮਹੱਤਤਾ ਨੂੰ ਮਹਿਸੂਸ ਕੀਤਾ ਗਿਆ। ਗੋਬਿੰਦਗੜ੍ਹ ਦੀ ਅਸਲ ਮਹੱਤਤਾ ਫੌਜੀ ਨਜ਼ਰੀਏ ਤੋਂ ਮਜ਼ਬੂਤ ਸਮਝੇ ਜਾਂਦੇ ਗਵਾਲੀਅਰ ਦੇ ਕਿਲ੍ਹੇ ਵਾਂਗ ਇਸਦੀ ਪ੍ਰਭਾਵਸ਼ਾਲੀ ਸਥਿਤੀ ਵਿਚ ਨਹੀਂ ਸੀ, ਨਾ ਹੀ ਫਲੌਰ ਅਤੇ ਫਿਰੋਜ਼ਪੁਰ ਦੇ ਕਿਲਿਆਂ ਵਾਂਗ ਇਸ ਵਿਚ ਅਸਲਾ ਖਾਨਾ ਰੱਖਣ ਵਿਚ ਸੀ ਅਤੇ ਨਾ ਹੀ ਇਸ ਦੀ ਉਸਾਰੀ ਦੀ ਮਜ਼ਬੂਤੀ ਕਾਰਣ ਸੀ ( ਭਾਵੇਂ ਯੂਰਪੀਨਾਂ ਵਿਚ ਇਸ ਦੀ ਧਾਕ ਸੀ) ਨਿਸਚੇ ਹੀ ਇਸ ਦਾ ਗੌਰਵ ਇਸਦੀ, 'ਰਾਸ਼ਟਰੀ ਧਾਰਮਿਕ ਖਸਲਤ' ਕਾਰਣ ਸੀ [15]। ਇਸਦਾ ਨਾਮ ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਹੋਣ ਕਾਰਨ ਸਿੱਖਾਂ ਦੇ ਮਨਾਂ ਵਿਚ ਇਸ ਕਿਲ੍ਹੇ ਨਾਲ ਬਹੁਤ ਪਵਿੱਤਰ ਸਬੰਧ ਸੀ। ਬਰਤਾਨਵੀ ਅਧਿਕਾਰੀਆਂ ਨੇ ਮਹਿਸੂਸ ਕੀਤਾ ਕਿ ਕਿਲ੍ਹਾ ਜੋ ਕਿ ਪਵਿੱਤਰ ਸਵਰਨ ਮੰਦਰ ਦੇ ਨੇੜੇ ਸੀ, ਜੇਕਰ ਉਨ੍ਹਾਂ ਦੇ ਹੱਥਾਂ ਵਿਚੋਂ ਨਿਕਲ ਗਿਆ ਤਾਂ ਸਿੱਖਾਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਦੀ ਪ੍ਰਤਿਸ਼ਠਾ ਖਤਰੇ ਵਿਚ ਪੈ ਜਾਵੇਗੀ [16]। 1857 ਵਿਚ ਅੰਮ੍ਰਿਤਸਰ ਦੀ ਹਾਲਤ ਦੀ ਨਾਜ਼ੁਕਤਾ ਨੂੰ ਮਹਿਸੂਸ ਕਰਦੇ ਹੋਏ ਪ੍ਰਸਿੱਧ ਇਤਿਹਾਸਕਾਰ, ਜੇ.ਡਬਲਿਯੂ. ਕਾਏ ਨੇ ਲਿਖਿਆ ਹੈ "ਸਾਰੇ ਪੰਜਾਬ ਵਿਚ ਕਿਸੇ ਵੀ ਸਥਾਨ ਤੇ ਪੁਜਾਰੀਆਂ ਦਾ ਐਨਾ ਸ਼ਕਤੀਸ਼ਾਲੀ ਪ੍ਰਭਾਵ ਨਹੀਂ ਸੀ, ਅਤੇ ਕਿਸੇ ਵੀ ਹੋਰ ਸਥਾਨ ਤੇ ਲੋਕਾਂ ਦੇ ਮਨਾਂ ਵਿਚ ਕੌਮੀ ਜਜ਼ਬਾ ਇਤਨਾ ਪ੍ਰਬਲ ਨਹੀਂ ਸੀ। ਦੇਸ਼ ਦੇ ਕਿਸੇ ਵੀ ਹੋਰ ਭਾਗ ਨਾਲੋਂ ਪੰਜਾਬ ਵਿਚ ਸਿੱਖ ਵਸਨੀਕ ਵਧੇਰੇ ਉਨਤ ਹੋਏ ਅਤੇ ਇਸ ਕੇਂਦਰ ਤੇ ਹੋਰ ਕਿਸੇ

ਸਥਾਨ ਦੀ ਨਿਸਬਤ ਕਿਸੇ ਵਿਦਰੋਹ ਦੇ ਇਸ਼ਾਰੇ ਦਾ ਵਧੇਰੇ ਪ੍ਰਭਾਵ ਹੋ ਸਕਦਾ ਸੀ" [17]। 12 ਮਈ 1857 ਦੀ ਸਵੇਰ ਨੂੰ ਮਾਂਟਗੁਮਰੀ ਨੇ ਮਿਸਟਰ ਫਰੈਡਰਕ ਕੂਪਰ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਜੋ ਕਈ ਹਫਤਿਆਂ ਤੋਂ ਰਾਤ ਨੂੰ ਬਾਹਰ ਗਸ਼ਤੀ ਡਿਊਟੀ ਦੇ ਰਿਹਾ ਸੀ, ਨੂੰ ਲਿਖਿਆ ਅਤੇ ਉਕਸਾਇਆ ਕਿ ਗੋਬਿੰਦਗੜ੍ਹ ਵੱਲ ਤੁਰੰਤ ਧਿਆਨ ਦੇਣ ਦੀ ਜ਼ਰੂਰਤ ਹੈ[18]। ਉਸਨੇ ਇਹ ਵੀ ਕਿਹਾ ਕਿ ਸ਼ਹਿਰੀਆਂ ਦੀਆਂ ਉਮੰਗਾਂ ਦਾ ਆਪਣੇ ਸਾਰੇ ਉਪਲਬਧ ਸਾਧਨਾਂ ਰਾਹੀਂ ਪਤਾ ਲਾਇਆ ਜਾਵੇ। ਮਿਸਟਰ ਕੂਪਰ ਨੂੰ ਇਹ ਵੀ ਸਲਾਹ ਦਿੱਤੀ ਗਈ ਕਿ ਖਤਰੇ ਦੀ ਹਾਲਤ ਵਿਚ ਉਹ ਕਿਲੇ ਵਿਚ ਜਾ ਕੇ ਖੁਦ ਇਸਦੀ ਸੁਰੱਖਿਆ ਕਰੇ। ਮਾਂਟਗੁਮਰੀ ਨੇ ਇਸ਼ਾਰਾ ਕੀਤਾ ਕਿ ਮੀਆਂ ਮੀਰ ਵਲੋਂ ਨਿਹੱਥੇ ਸਿਪਾਹੀ ਇਕੱਠੇ ਹੋ ਕੇ ਪਲਟਣ ਦੀ ਸਹਾਇਤਾ ਕਰਨ ਲਈ ਅੰਮ੍ਰਿਤਸਰ ਆ ਰਹੇ ਹਨ ਤਾਂ ਕਿ ਗੋਬਿੰਦਗੜ੍ਹ ਤੇ ਕਬਜ਼ਾ ਕੀਤਾ ਜਾ ਸਕੇ [19]। 9 ਜੂਨ 1857 ਨੂੰ ਹਰਬਰਟ ਐਡਵਰਡਜ਼ ਨੂੰ ਲਿਖੇ ਆਪਣੇ ਪੱਤਰ ਵਿਚ ਜਾਨ ਲਾਰੰਸ ਨੇ ਅੰਮ੍ਰਿਤਸਰ ਦੀ ਤੁਲਨਾ ਪੇਸ਼ਾਵਰ, ਮੁਲਤਾਨ ਅਤੇ ਲਾਹੌਰ ਦੇ ਸਥਾਨਾਂ ਨਾਲ ਕੀਤੀ ਅਤੇ ਕਿਹਾ ਕਿ ਜੇਕਰ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਹੱਥਾਂ ਵਿਚ ਰੱਖਣਾ ਹੈ ਤਾਂ ਇਨ੍ਹਾਂ ਸਥਾਨਾਂ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ। [20] ਗੋਬਿੰਦਗੜ੍ਹ ਅਤੇ ਨਾਲ ਦੀ ਛਾਉਣੀ ਵਿਚ ਫੌਜ ਦੀ ਗਿਣਤੀ ਘੱਟ ਸੀ। ਅੰਮ੍ਰਿਤਸਰ ਦੇ ਕਿਲ੍ਹੇ ਦੀ ਘੇਰਾਬੰਦੀ ਮੁੱਖ ਤੌਰ ਤੇ 59ਵੀਂ ਦੇਸੀ ਪੈਦਲ ਸੈਨਾ ਦੇ ਸਿਪਾਹੀ ਦਸਤਿਆਂ ਦੁਆਰਾ ਕੀਤੀ ਹੋਈ ਸੀ ਜਿਸ ਵਿਚ ਕੁਲ 70 ਯੂਰਪੀਨ ਤੋਪ ਸੈਨਾ ਦੇ ਆਦਮੀ ਸਨ, ਇਸ ਤੋਂ ਅਧਿਕਾਰੀ ਬਹੁਤ ਚਿੰਤਤ ਸਨ। ਯੂਰਪੀਨ ਇਕ ਕੰਮਜ਼ੋਰ ਤੋਪ ਸੈਨਾਂ ਦੀ ਕੰਪਨੀ ਦੇ ਤੋਪਚੀ ਸਨ। ਨਾਕਾਫੀ ਯੂਰਪੀਨ ਸੈਨਾਂ ਨੂੰ ਵੇਖਦੇ ਹੋਏ ਗੋਬਿੰਦਗੜ੍ਹ ਵਿਖੇ ਯੂਰਪੀਨਾਂ ਦੇ ਇਕ ਦਸਤੇ ਨੂੰ ਭੇਜਣ ਦਾ ਫੈਸਲਾ ਕੀਤਾ ਗਿਆ। ਕੈਪਟਨ ਮੈਕਲੋਡ ਦੀ ਅਗਵਾਈ ਵਿਚ ਯੂਰਪੀਨ ਤੋਪਖਾਨੇ ਦੀ ਇਕ ਕੰਪਨੀ ਨੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਪਹਿਰੇਦਾਰਾਂ ਪਾਸ 59ਵੀਂ (ਐਨ.ਆਈ.) ਦਾ ਇਕ ਦਸਤਾ ਉਸ ਥਾਂ ਤੇ ਭੇਜਿਆ ਗਿਆ ਜਿਥੇ ਕਿਲੇ ਦੇ ਤੋਪਖਾਨਾਂ (ਕੌਮੀ ਸਿਪਾਹੀਆਂ ਦਾ) ਅਤੇ ਲਘੂ ਪੈਦਲ ਤੋਪਖਾਨਾ ਠਹਿਰਾਇਆ ਹੋਇਆ ਸੀ [21]। ਬ੍ਰਿਗੇਡੀਅਰ ਦੁਆਰਾ ਭੇਜੀ ਗਈ ਐਚ.ਐਮ 81ਵੀਂ ਕੰਪਨੀ ਦੀ ਘੋੜ ਸਵਾਰ ਟੁਕੜੀ ਕੈਪਟਨ ਮੈਕਲੋਡ ਦੀ ਅਗਵਾਈ ਹੇਠ ਲਾਹੌਰ ਤੋਂ ਇਕੋ ਰਾਤ ਵਿਚ ਤਕਰੀਬਨ 30 ਮੀਲ ਦਾ ਸਫਰ ਕਰਕੇ ਦਿਨ ਚੜ੍ਹਨ ਤੋਂ ਪਹਿਲਾਂ ਕਿਲ੍ਹੇ ਵਿਚ 12 ਮਈ ਨੂੰ ਦਾਖਲ ਹੋ ਗਈ। ਇਸ ਦੀ ਪੂਰੀ ਸੁਰੱਖਿਆ ਲਈ ਅੰਗਰੇਜ਼ੀ ਤੋਪਖਾਨੇ ਦੀ ਟੁਕੜੀ ਜੋ ਫਲੋਰ ਵਾਸਤੇ ਰਵਾਨਾ ਹੋਈ ਸੀ, ਅੰਮ੍ਰਿਤਸਰ ਦੇ ਅਧਿਕਾਰੀਆਂ ਵਲੋਂ ਰੋਕ ਲਈ ਗਈ ਜਦੋਂ ਕਿ ਕੈਪਟਨ ਵਾਡੀ ਵਾਲਾ ਤੋਂ ਤੋਪਖਾਨਾ ਛਾਉਣੀ ਤੋਂ ਗੋਬਿੰਦਗੜ੍ਹ ਕਿਲੇ ਵਿਚ ਲਿਆਂਦਾ ਗਿਆ। ਇਸ ਤਰ੍ਹਾਂ ਗੋਬਿੰਦਗੜ੍ਹ ਕਿਲ੍ਹਾ ਸੁਰੱਖਿਅਤ ਕਰ ਲਿਆ ਗਿਆ [22]।

5 ਜੁਲਾਈ ਨੂੰ ਨਿਕਲਸਨ ਅੰਮ੍ਰਿਤਸਰ ਪਹੁੰਚ ਗਿਆ ਤਾਂ ਕਿ ਲਾਹੌਰ ਜਾਂ ਜਲੰਧਰ ਦੁਆਬ ਨੂੰ ਸੰਕਟਕਾਲੀਨ ਹਾਲਤ ਵਿਚ ਤੁਰੰਤ ਮਦਦ ਦਿੱਤੀ ਜਾ ਸਕੇ ਅਤੇ ਨਾਲ ਹੀ ਮਾਝੇ ਨੂੰ ਡਰਾਇਆ ਜਾਵੇ ਅਤੇ 59ਵੀਂ ਰੈਜੀਮੈਂਟ ਵਲੋਂ ਕੀਤੀ ਜਾਣ ਵਾਲੀ ਗਦਰ ਦੀ ਕਿਸੇ ਵੀ ਕੋਸ਼ਿਸ਼ ਨੂੰ ਨਾਕਾਮ ਕੀਤਾ ਜਾ ਸਕੇ। [23] 7 ਜੁਲਾਈ ਦੀ ਸਵੇਰ ਨੂੰ ਉਸਨੂੰ ਜੇਹਲਮ ਵਿਚ 14ਵੀ ਰੈਜ਼ੀਮੈਂਟ ਦੀ ਬਗਾਵਤ ਦੀ ਖਬਰ ਮਿਲੀ। ਕਾਫੀ ਜਕੋ ਤਕੀ ਨਾਲ ਉਹ 59ਵੀ

ਪਲਟਨ ਨੂੰ ਨਿਹੱਥਾ ਕਰਨ ਲਈ ਚੱਲ ਪਿਆ। ਇਹ ਡਰ ਸੀ ਕਿ ਲਾਹੌਰ ਵਿਖੇ ਨਿਹੱਥੇ ਸਿਪਾਹੀਆਂ ਨੇ ਬਗਾਵਤ ਕਰ ਦਿੱਤੀ ਸੀ ਅਤੇ ਉਹ ਅੰਮ੍ਰਿਤਸਰ ਵੱਲ ਆ ਰਹੇ ਸਨ। ਇਕ ਛੋਟੀ ਟੁਕੜੀ ਮੈਗਨੇਗਟਨ ਦੀ ਅਗਵਾਈ ਵਿਚ ਲਾਹੌਰ ਵਾਲੀ ਸੜਕ ਤੇ ਚੱਲ ਪਈ ਤਾਂ ਕਿ ਬਾਗੀ ਸਿਪਾਹੀਆਂ ਨੂੰ ਰੋਕਣ ਲਈ ਪੇਂਡੂ ਲੋਕਾਂ ਨੂੰ ਜਥੇਬੰਦ ਕੀਤਾ ਜਾਵੇ।

9 ਜੁਲਾਈ ਨੂੰ ਸਜ਼ਾ ਦਾ ਪ੍ਰਦਰਸ਼ਨ ਹੋਇਆ। ਸਾਰੇ ਦੇਸੀ ਅਤੇ ਅੰਗਰੇਜ਼ੀ ਫੌਜੀ ਦਸਤਿਆਂ ਨੂੰ ਹੁਕਮ ਹੋਇਆ ਕਿ ਉਹ ਛਾਉਣੀ ਤੋਂ ਲਗਭਗ ਇਕ ਮੀਲ ਦੂਰ ਸ਼ਹਿਰ ਅਤੇ ਕਿਲ੍ਹੇ ਦੇ ਵਿਚਕਾਰ ਮੈਦਾਨ ਵਿਚ ਇਸ ਪ੍ਰਦਰਸ਼ਨ 'ਚ ਸ਼ਾਮਲ ਹੋਣ ਅਤੇ ਉਥੇ ਪਲਟਨਾਂ ਅਤੇ ਤੋਪਾਂ ਨੂੰ ਪ੍ਰਦਰਸ਼ਨ ਲਈ ਲਿਆਂਦਾ ਗਿਆ ਅਤੇ ਇਕ ਭਿਆਨਕ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ 59ਵੀਂ ਪਲਟਨ ਦੇ ਸਿਪਾਹੀਆਂ ਨੇ ਕੀਤਾ। ਜਿਨ੍ਹਾਂ ਨੂੰ ਕੇਵਲ ਦੋ ਦਿਨ ਪਹਿਲਾਂ ਹੀ ਉਨ੍ਹਾਂ ਦੀ ਵਫਾਦਾਰੀ ਲਈ ਸਰਾਹਿਆ ਗਿਆ ਸੀ, ਉਨ੍ਹਾਂ ਨੂੰ ਆਪਣੇ ਹਥਿਆਰ ਛੱਡਣ ਲਈ ਹੁਕਮ ਹੋਇਆ। ਭਾਵੇਂ ਉਨ੍ਹਾਂ ਨੂੰ ਇਸ ਅਣਕਿਆਸੇ ਹੁਕਮ ਤੇ ਗੁੱਸਾ ਆਇਆ ਪਰ ਉਨ੍ਹਾਂ ਨੇ ਇਸ ਹੁਕਮ ਨੂੰ ਬਿਨਾਂ ਕਿਸੇ ਹੀਲ ਹੁੱਜਤ ਦੇ ਮੰਨ ਲਿਆ। ਇਸ ਪਲਟਨ ਦੇ ਬਹੁਤ ਸਾਰੇ ਆਦਮੀ ਇਸ ਪ੍ਰਦਰਸ਼ਨ ਵਿਚ ਸ਼ਾਮਲ ਨਹੀਂ ਸਨ, ਇਸ ਲਈ ਬਹੁਤ ਸਾਰੇ ਹਥਿਆਰ ਸਿਪਾਹੀਆਂ ਦੇ ਕਬਜ਼ੇ ਵਿਚ ਰਹਿ ਗਏ ਸਨ। ਪਰ ਬਾਅਦ ਵਿੱਚ ਇਨ੍ਹਾਂ ਨੇ ਆਪਣੀ ਆਗਿਆਕਾਰਤਾ ਅਤੇ ਇਮਾਨਦਾਰੀ ਦਾ ਸਬੂਤ ਆਪਣੇ ਆਪ ਹਥਿਆਰ ਵਾਪਸ ਕਰਕੇ ਦਿੱਤਾ।[24] ਨਿਕਲਸਨ ਨੇ ਇਹ ਲਿਖ ਕੇ ਇਸ ਗੱਲ ਦੀ ਸਫਾਈ ਪੇਸ਼ ਕੀਤੀ ਕਿ ਉਸਨੇ ਇਸ ਪਲਟਨ ਨੂੰ ਅਹਿਤਿਆਤ ਵਜੋਂ ਨਿਹੱਥਾ ਕੀਤਾ ਸੀ, ਭਾਵੇਂ ਪਹਿਲਾਂ ਉਸਨੇ ਉਨ੍ਹਾਂ ਦੇ ਆਮ ਵਤੀਰੇ ਦੀ ਸ਼ਲਾਘਾ ਕੀਤੀ ਸੀ। ਜੌਨ ਵਿਲੀਅਮ ਨੇ ਮਹਿਸੂਸ ਕੀਤਾ ਹੈ ਕਿ ਇਸ ਪਲਟਨ ਨੂੰ ਕਿਸੇ ਵੀ ਪ੍ਰਕਾਰ ਸਜ਼ਾ ਦੇਣ ਦਾ ਕੋਈ ਆਧਾਰ ਨਹੀਂ ਸੀ[25]। ਇਸ ਤੋਂ ਬਾਅਦ ਗੋਬਿੰਦਗੜ੍ਹ ਅੰਗਰੇਜ਼ੀ ਤਾਕਤ ਲਈ ਭਰੋਸੇਯੋਗ ਬਚਾਓ ਦਾ ਸਾਧਨ[26] ਬਣ ਗਿਆ, ਜੋ ਪਹਿਲਾਂ ਨਹੀਂ ਸੀ। ਸਿਪਾਹੀਆਂ ਨੂੰ ਛੋਟੀਆਂ ਬੱਘੀਆਂ ਵਿਚ ਬਿਠਾਇਆ ਗਿਆ ਜਿਨ੍ਹਾਂ ਨੂੰ ਖੱਚਰ ਖਿੱਚਦੇ ਸਨ। ਇਹ ਵਾਹਨ ਸਾਰਾ ਦਿਨ ਕੜਕਦੀ ਧੁੱਪ ਵਿਚ ਚਲਦੇ ਰਹੇ। ਪਰ ਅਚਾਨਕ ਗਦਰੀਆਂ ਨੂੰ ਨਿਰਾਸ਼ ਕਰਨ ਲਈ ਅੰਗਰੇਜ਼ ਫੌਜ ਦਾ ਹਮਲਾ ਹੋਇਆ, ਜਿਸ ਨੂੰ ਉਹ ਬਹੁਤ ਦੂਰ ਠਹਿਰੇ ਸਮਝਦੇ ਸਨ[27]। ਸਰ ਰਿਚਰਡ ਟੈਂਪਲ ਲਿਖਦਾ ਹੈ ਕਿ ਨਿਕਲਸਨ ਤੋਂ ਬਗੈਰ ਬਹੁਤ ਥੋੜੇ ਸੈਨਾਪਤੀ ਇਹੋ ਜਿਹੇ ਸਖਤ ਕਦਮ ਚੁੱਕ ਸਕਦੇ ਸਨ। ਅੰਮ੍ਰਿਤਸਰ ਵਿਚ ਸਿੱਖਾਂ, ਜਿਨ੍ਹਾਂ ਦਾ ਜ਼ਿਆਦਾ ਪ੍ਰਭਾਵ ਸੀ ਅਤੇ ਮੁਹੰਮਡਨਾਂ, ਜਿਨ੍ਹਾਂ ਨੇ ਸ਼ਕਤੀਸ਼ਾਲੀ ਸੰਗਠਨ ਕਾਇਮ ਕਰ ਲਿਆ ਸੀ ਦੇ ਆਪਸੀ ਸੰਬੰਧ ਚੰਗੇ ਨਹੀਂ ਸਨ ਅਤੇ ਮਜ਼੍ਹਬੀ ਦੁਸ਼ਮਣੀ ਦੀਆਂ ਚੰਗਿਆੜੀਆਂ ਲਗਾਤਾਰ ਸੁਲਘਦੀਆਂ ਰਹਿੰਦੀਆਂ ਸਨ। ਸਿੱਖਾਂ ਦੇ ਨਾਲ ਕੋਈ ਨੇਤਾ, ਏਕਤਾ ਜਾਂ ਉਦੇਸ਼ ਨਹੀਂ ਸੀ[28]। ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਆਪਣੇ ਪਿਤਾ ਦੇ ਇਲਾਕੇ ਵਿਚ ਨਹੀਂ ਸੀ। ਇਹ ਵੇਖਿਆ ਗਿਆ ਸੀ ਕਿ ਅੰਗਰੇਜ਼ਾਂ ਦੇ ਲਗਭਗ 12 ਸਾਲਾਂ ਦੌਰਾਨ ਤੇਜਾ ਸਿੰਘ ਸਿੱਖਾਂ ਦੀਆਂ ਪੰਚਾਇਤਾਂ[29] ਦੇ ਆਖਰੀ ਸਨਮਾਨਿਤ ਵਿਅਕਤੀ ਤੋਂ ਬਿਨਾਂ ਉਨ੍ਹਾਂ ਦੇ ਸਾਰੇ ਨੇਤਾ ਇੱਕ ਇੱਕ ਕਰਕੇ ਲੋਪ ਹੋ ਗਏ ਸਨ। ਬਹੁਤੇ ਸਿੱਖ ਸਰਦਾਰਾਂ ਦਾ ਅੰਗਰੇਜ਼ਾਂ ਦੇ ਪੱਖ ਵਿਚ ਹੋਣ ਦਾ ਕਾਰਣ, ਉਨ੍ਹਾਂ ਉਪਰ ਅੰਗਰੇਜ਼ਾਂ ਦੀ ਕਿਰਪਾਲਤਾ ਸੀ। ਸਰਦਾਰ ਜਿਨ੍ਹਾਂ ਤੇ ਰਾਜਧ੍ਰੋਹੀ ਹੋਣ ਦਾ ਸ਼ੱਕ ਸੀ, ਉਨ੍ਹਾਂ ਨੂੰ

ਅੰਗਰੇਜ਼ਾਂ ਦੇ ਪੱਖ ਵਿਚ ਆਪਣਾ ਸਬੂਤ ਦੇਣ ਦਾ ਮੌਕਾ ਮਿਲ ਗਿਆ ਅਤੇ ਉਨ੍ਹਾਂ ਨੇ ਇਸ ਵੇਲੇ ਆਪਣੀਆਂ ਸੇਵਾਵਾਂ ਅੰਗਰੇਜ਼ਾਂ ਨੂੰ ਪੇਸ਼ ਕੀਤੀਆਂ ਅਤੇ 'ਜੇ ਰਾਜ ਖੁੱਸ ਜਾਂਦਾ ਤਾਂ ਅੰਗਰੇਜ਼ਾਂ ਦੀ ਨੀਤੀ ਨੇ ਉਨ੍ਹਾਂ ਦੇ ਮੁਖੀਆਂ ਦੇ ਨਿੱਜੀ ਹਿੱਤਾਂ ਦੀ ਰਾਖੀ ਚੰਗੀ ਤਰ੍ਹਾਂ ਕਰਨੀ ਸੀ।'[30] 1857 ਦੀ ਗੜਬੜ੍ਹ ਦੌਰਾਨ ਅੰਗਰੇਜ਼ਾਂ ਨੇ ਇਸ ਸਿਧਾਂਤੇ ਤੇ ਅਮਲ ਕੀਤਾ ਕਿ ਸਿੱਖਾਂ ਅਤੇ ਮੁਸਲਮਾਨਾਂ ਦੀ ਆਪਸੀ ਦੁਸ਼ਮਣੀ ਵਿਚ ਹੀ ਅੰਗਰੇਜ਼ਾਂ ਦੀ ਸੁਰੱਖਿਆ ਹੈ।[31] ਇਹੋ ਜਿਹੇ ਸੰਕਟ ਵਿਚ ਅੰਗਰੇਜ਼ ਨੀਤੀ ਇਨ੍ਹਾਂ ਚੰਗਿਆੜੀਆਂ ਨੂੰ ਮੱਘਦਾ ਰੱਖਣ ਅਤੇ ਨਾਲ ਹੀ ਖੁਲ੍ਹੀ ਬਗਾਵਤ ਦੇ ਤੌਰ ਤੇ ਭੜਕਣ ਤੋਂ ਬਚਾ ਕੇ ਰੱਖਣ ਦੀ ਸੀ। ਦੋਵਾਂ ਜਮਾਤਾਂ ਦਾ ਪਰਸਪਰ ਕਾਬੂ ਨਸਲਾਂ ਅਤੇ ਧਰਮਾਂ ਵਿਚ ਧੜੇਬੰਦੀ ਪੈਦਾ ਕਰਨਾ ਹੀ ਮਿਸਟਰ ਫਰੈਡਰਿਕ ਕੂਪਰ ਦਾ ਮੁੱਖ ਮੰਤਵ ਸੀ, ਜਿਸ ਦੀ ਅਮਨ ਅਮਾਨ[32] ਕਾਇਮ ਰੱਖਣ ਦੀ ਜ਼ਿੰਮੇਵਾਰੀ ਸੀ। ਸਥਾਨਕ ਪੱਧਰ ਤੇ ਇਸ ਸ਼ਹਿਰ ਉਪਰ 'ਪਾੜੋ ਅਤੇ ਰਾਜ ਕਰੋ' ਦੇ ਸਿਧਾਂਤ ਤੇ ਰਾਜ ਕਰਨ ਦੀ ਇਕ ਸਾਫ ਸੁਥਰੀ ਉਦਾਹਰਣ ਸੀ। ਕੂਪਰ ਦੇ ਨਿੱਜੀ ਪ੍ਰਭਾਵ, ਸਲੀਕੇ ਅਤੇ ਅਣਥੱਕ ਕੋਸ਼ਿਸ਼ਾਂ ਸਕਦਾ ਉਸ ਨੇ ਦੋਨੋ ਜਮਾਂਤਾਂ ਦੇ ਆਗੂਆਂ ਦਾ ਸਹਿਯੋਗ, ਕਿਸੇ ਇਕ ਦਾ ਵਿਸ਼ਵਾਸ ਖੋਏ ਬਗੈਰ ਹਾਸਿਲ ਕਰ ਲਿਆ ਸੀ। ਇਸ ਲਈ ਸ਼ਹਿਰ ਵਿਚ ਸ਼ਾਂਤੀ ਹੋ ਗਈ ਸੀ। 10 ਜੁਲਾਈ ਤੱਕ ਕਾਲਸਨ ਨੇ ਰਾਮਬਾਗ 'ਤੇ ਪੱਕਾ ਕਬਜ਼ਾ ਕਰ ਲਿਆ ਅਤੇ ਸ਼ਹਿਰ ਦੀ ਚਾਰਦਿਵਾਰੀ ਦੇ ਅੰਦਰ ਹੀ ਡੇਰਾ ਲਾ ਲਿਆ ਸੀ। ਹੈਨਰੀ ਲਾਰੰਸ ਕਈ ਵਾਰ ਅੰਮ੍ਰਿਤਸਰ ਆਇਆ। ਅਜਿਹੇ ਹੀ ਇਕ ਮੌਕੇ ਤੇ ਉਸਨੂੰ ਸਤਲੁਜ ਪਾਰ ਦੇ ਕਬਜ਼ੇ ਹੇਠ ਲਏ ਨਵੇਂ ਇਲਾਕੇ ਦੀ ਆਰੰਭਕ ਸੰਭਾਲ ਕਰਨ ਲਈ ਅੰਮ੍ਰਿਤਸਰ ਪਹੁੰਚਣ ਦਾ ਸੱਦਾ ਮਿਲਿਆ। ਇਕ ਹੋਰ ਸਮੇਂ ਤੇ ਮੌਕਾ ਵਧੇਰੇ ਨਿੱਜੀ ਮਹੱਤਤਾ ਵਾਲਾ ਸੀ। ਜਦੋਂ ਹੈਨਰੀ ਲਾਰੰਸ ਡਿਪਟੀ ਕਮਿਸ਼ਨਰ ਦੇ ਘਰ ਗਿਆ ਤਾਂ ਉਸਦਾ ਸਵਾਗਤ ਪ੍ਰਸੰਸਕਾਂ ਦੇ ਇਕ ਨਵੇਂ ਗਰੁੱਪ ਦੁਆਰਾ ਕੀਤਾ ਗਿਆ ਅਤੇ ਉਸ ਦੇ ਪੰਜਾਬ ਛੱਡਣ ਵੇਲੇ ਦੁੱਖ ਦਾ ਪ੍ਰਗਟਾਵਾ ਹੋਇਆ, ਜਿਥੇ ਉਸ ਨੇ ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ ਹਾਸਲ ਕੀਤਾ ਸੀ। ਉਸ ਵੇਲੇ ਜਿਨ੍ਹਾਂ ਨੇ ਉਸ ਨੂੰ ਮੁਬਾਰਕਵਾਦ ਦਿੱਤੀ ਉਨ੍ਹਾਂ ਵਿਚ ਸਰ ਰਾਬਰਟ ਮਾਂਟਗੁਮੀਰ ਲੈਫਟੀਨੈਂਟ ਗਵਰਨਰ, ਮਿਸਟਰ (ਬਾਅਦ ਵਿਚ ਸਰ) ਡੋਨਾਲਡ ਮੈਕਲਿਓਡ (1810-1872), ਵਿਤ ਕਮਿਸ਼ਨਰ ਅਤੇ ਮਿਸਟਰ ਆਰਥਰ ਰਾਬਰਟਸ (1818-1868), ਜੁਡੀਸ਼ੀਅਲ ਕਮਿਸ਼ਨਰ ਸ਼ਾਮਲ ਸਨ।

29 ਤੋਂ 31 ਅਕਤੂਬਰ 1853 ਤੱਕ ਅੰਮ੍ਰਿਤਸਰ ਵਿਚ ਇਕ ਮੀਟਿੰਗ ਹੋਈ ਜਿਸ ਤੋਂ ਮੰਤਵ ਪੈਦਾ ਹੁੰਦੇ ਸਾਰ ਲੜਕੀਆਂ ਨੂੰ ਮਾਰਨਾ ਬੰਦ ਕਰਨਾ ਅਤੇ ਸ਼ਾਦੀਆਂ ਦੀਆਂ ਰਸਮਾਂ ਤੇ ਖਰਚੇ ਦੀ ਹੱਦ ਨਿਸ਼ਚਿਤ ਕਰਨਾ ਸੀ।[33] ਅੰਮ੍ਰਿਤਸਰ ਵਿਚ ਇਸ ਕਾਨਫਰੰਸ ਦਾ ਹੋਣਾ ਅੰਗਰੇਜ਼ ਪ੍ਰਸ਼ਾਸਕਾਂ ਦੀ ਪਹਿਲਾਂ ਵਾਲੀ ਨੀਤੀ ਦੇ ਅਨੁਕੂਲ ਹੀ ਸੀ। ਜਿਥੇ ਉਨ੍ਹਾਂ ਨੂੰ ਅਜਿਹੇ ਰਿਵਾਜਾਂ ਦਾ ਪਤਾ ਲਗਦਾ ਜੋ ਲੋਕਾਂ ਦੀ ਜ਼ਿੰਦਗੀ ਲਈ ਹਾਨੀਕਾਰਕ ਹੁੰਦੀਆਂ, ਉਹ ਸਥਾਨਕ ਮੁਖੀਆਂ ਨੂੰ ਬਲਾਉਂਦੇ, ਔਕੜ ਬਾਰੇ ਵਿਚਾਰ ਵਟਾਂਦਰਾ ਕਰਦੇ ਅਤੇ ਉਨ੍ਹਾਂ ਦੇ ਉਚਿਤ ਉਪਾਅ ਕਰਦੇ। ਅੰਮ੍ਰਿਤਸਰ ਵਿਚ ਹੋਈ ਇਹ ਪ੍ਰਤੀਨਿਧਤਾ ਵਾਲੀ ਇੱਕ ਪ੍ਰਭਾਵਸ਼ਾਲੀ ਇਕੱਤਰਤਾ ਸੀ। ਇਸ ਇਕਤਰਤਾ ਵਿੱਚ ਕਈ ਰਾਜੇ ਵਿਸ਼ੇਸ਼ ਤੌਰ ਤੇ ਸੁਕੇਤ, ਚੰਬਾ ਅਤੇ ਨੂਰਪੁਰ ਦੇ ਰਾਜੇ, ਬਹੁਤ ਸਾਰੇ ਜ਼ਿੰਮੇਵਾਰ ਲੋਕ ਜਿਨ੍ਹਾਂ ਦੇ ਪੰਜਾਬ ਵਿਚ ਚੰਗੇ ਅਹੁਦੇ ਅਤੇ ਪੁਜ਼ੀਸ਼ਨਾਂ ਸਨ, ਪੁਰਾਣੇ ਦਰਬਾਰ ਦੇ ਮੈਂਬਰ, ਕਾਂਗੜੇ ਦੀਆਂ ਪਹਾੜੀਆਂ ਦੇ ਮੁਖੀ, ਡੇਰਾ ਬਾਬਾ

ਨਾਨਕ ਦੇ ਬੇਦੀ, ਕਮਿਸ਼ਨਰ, ਭੂਮੀਪਤੀ ਅਤੇ ਵਪਾਰੀ ਇਸ ਵਿਚ ਸ਼ਾਮਲ ਹੋਏ। ਰਾਜਾ ਦੀਨਾ ਨਾਥ ਅਤੇ ਰਾਜ ਸਾਹਿਬ ਦਿਆਲ ਨੇ ਬ੍ਰਾਹਮਣਾਂ ਅਤੇ ਖੱਤਰੀ ਕਮੇਟੀਆਂ ਦੇ ਮੈਂਬਰਾਂ ਦੀ ਪ੍ਰਧਾਨਗੀ ਕੀਤੀ। ਇਹ ਮਹਿਸੂਸ ਕੀਤਾ ਗਿਆ ਕਿ ਜੰਮਦੀਆਂ ਲੜਕੀਆਂ ਨੂੰ ਮਾਰਨ ਦਾ ਘਿਰਣਾਯੋਗ ਜੁਰਮ ਪੂਰੀ ਤਰ੍ਹਾਂ ਬੰਦ ਕੀਤਾ ਜਾਣਾ ਚਾਹੀਦਾ ਹੈ। ਇਸ ਜੁਰਮ ਦੇ ਕਾਰਣਾਂ ਨੂੰ ਲੱਭਿਆ ਗਿਆ, ਕੁਝ ਖਾਸ ਰਿਵਾਜਾਂ ਦੀ ਕਿਰਿਆ, ਮਹਿੰਗੀ ਦਹੇਜ ਪ੍ਰਥਾ ਅਤੇ ਬਰਾਤੀਆਂ ਦੀ ਵੱਡੀ ਗਿਣਤੀ ਨੇ ਲੜਕੀਆਂ ਦੇ ਵਿਆਹ ਨੂੰ ਇਕ ਮਹਿੰਗਾ ਕੰਮ ਬਣਾ ਦਿੱਤਾ ਸੀ, ਇਨ੍ਹਾਂ ਮੌਕਿਆਂ ਤੇ ਭੱਟਾਂ, ਰਾਇਆਂ, ਭੰਡਾਂ ਅਤੇ ਨਾਈਆਂ ਵਲੋਂ ਮੰਗੇ ਜਾਂਦੇ ਭਾਰੀ ਇਨਾਮਾਂ ਬਾਰੇ ਤਾਂ ਕਹਿਣਾ ਹੀ ਕੀ ਹੈ। ਇਸ ਨੂੰ ਜ਼ਰੂਰੀ ਸਮਝਿਆ ਗਿਆ ਕਿ ਸ਼ਾਦੀ ਤੇ ਹੋਣ ਵਾਲੇ ਖਰਚ ਦੀ ਹੱਦ ਨਿਸ਼ਚਿਤ ਕੀਤੀ ਜਾਵੇ ਅਤੇ ਬਰਾਤੀਆਂ ਦੀ ਹੱਦ 10 ਆਦਮੀ ਹੋਵੇ। ਇਹ ਮਤਾ ਖੁੱਲ੍ਹੇ ਦਰਬਾਰ ਵਿਚ ਅਪਣਾਇਆ ਗਿਆ ਅਤੇ ਐਲਾਨ ਕੀਤਾ ਗਿਆ ਕਿ ਜੋ ਇਹ ਜੁਰਮ ਕਰੇਗਾ ਉਸ ਨੂੰ ਉਹੀ ਸਜ਼ਾ ਦਿੱਤੀ ਜਾਵੇਗੀ, ਜੋ ਕਤਲ ਦੀ ਹੁੰਦੀ ਹੈ।

ਮੀਟਿੰਗ ਦਾ ਸਥਾਨ ਰਾਮਬਾਗ ਸੀ। ਇਸ ਮੌਕੇ ਤੇ ਅੰਮ੍ਰਿਤਸਰ ਵਿਖੇ 3000 ਲੋਕਾਂ ਵਾਸਤੇ ਤੰਬੂਆਂ ਦੀ ਜਗਾ ਦਾ ਪ੍ਰਬੰਧ ਕੀਤਾ ਗਿਆ ਸੀ। ਬਹੁਤ ਸਾਰੇ ਮੁਖੀਆਂ ਨੇ ਆਪਣੇ ਸਮਰਥਕਾਂ ਸਮੇਤ ਸ਼ਹਿਰ ਤੋਂ ਬਾਹਰ ਡੇਰਾ ਲਾਇਆ ਹੋਇਆ ਸੀ। ਮੀਟਿੰਗ ਸ਼ਾਇਦ ਦੀਵਾਲੀ ਮੌਕੇ ਜਾਣ ਬੁੱਝ ਕੇ ਰੱਖੀ ਗਈ ਸੀ ਤਾਂ ਕਿ ਜਿੰਨੇ ਹੋ ਸਕੇ ਲੋਕ ਇਕੱਠੇ ਹੋ ਜਾਣ। ਸ਼ਹਿਰ ਅਤੇ ਡੇਰਿਆਂ ਵਿਚ ਸ਼ਾਂਤੀ ਸੀ। ਭਾਰੀ ਤਾਦਾਦ ਵਿਚ ਵੱਡੀਆਂ ਹਸਤੀਆਂ ਦੇ ਸ਼ਹਿਰ ਵਿਚ ਆਉਣ ਨਾਲ ਸੁਭਾਵਿਕ ਤੌਰ ਕਾਫੀ ਉਤੇਜਨਾ ਸੀ।

ਪੰਜਾਬ ਦੇ ਚੀਫ ਕਮਿਸ਼ਨਰ ਦੇ ਸਕੱਤਰ, ਪੀ ਮੈਲਵਿਲ [34] ਨੂੰ ਉਮੀਦ ਸੀ ਕਿ ਮੀਟਿੰਗ ਕਾਫੀ ਸਫ਼ਲ ਹੋਵੇਗੀ ਅਤੇ ਇਸ ਦਾ ਇਖਲਾਕੀ ਪ੍ਰਭਾਵ ਚਿਰ ਸਥਾਈ ਹੋਵੇਗਾ। ਕਾਨਫਰੰਸ ਨੂੰ ਉਤਸ਼ਾਹਿਤ ਕਰਨ ਵਾਲਿਆਂ ਦੇ ਮੰਤਵਾਂ ਨੂੰ ਖੁਲ੍ਹੇ ਤੌਰ ਤੇ ਸਰਾਹਿਆ ਗਿਆ। ਅੰਮ੍ਰਿਤਸਰ ਦੀ ਮੀਟਿੰਗ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ ਅਤੇ ਜਦੋਂ ਕਿਤੇ ਇਸ ਵਿਸ਼ੇ ਤੇ ਮੀਟਿੰਗ ਹੁੰਦੀ, ਭਾਵੇਂ ਉਹ ਮੁਲਤਾਨ ਜਾਂ ਜੇਹਲਮ ਡਿਵੀਜ਼ਨ, ਸਿਆਲਕੋਟ, ਗੁਜਰਾਂਵਾਲਾ ਜਾਂ ਜੰਮੂ ਵਿਚ ਹੋਵੇ, ਉਸ ਵਿਚ ਅੰਮ੍ਰਿਤਸਰ ਦੀ ਮਹਾਨ ਕਾਨਫਰੰਸ ਦਾ ਜ਼ਿਕਰ ਜ਼ਰੂਰ ਹੁੰਦਾ ਸੀ। ਪੰਜਾਬ ਦੇ ਜੁਡੀਸ਼ੀਅਲ ਕਮਿਸ਼ਨਰ, ਮਿਸਟਰ ਆਰ ਮਾਂਟਗੁੰਮਰੀ ਨੇ ਵੇਖਿਆ ਕਿ ਅੰਮ੍ਰਿਤਸਰ ਵਿਚ 'ਇਖਲਾਕੀ ਪ੍ਰਦਰਸ਼ਨ ' ਕਾਰਨ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਲੋਕਾਂ ਦੇ ਰਸਮਾਂ ਰਿਵਾਜਾਂ ਵਿਚ ਇਕ ਸਪਸ਼ਟ ਤਬਦੀਲੀ ਆ ਰਹੀ ਸੀ। ਮੀਟਿੰਗ ਦੀ ਇਕ ਰਿਪੋਰਟ ਮਿਸਟਰ ਮਾਂਟਗੁੰਮਰੀ ਅਤੇ ਪੰਜਾਬ ਦੇ ਵਿਤ ਕਮਿਸ਼ਨਰ, ਮਿਸਟਰ ਜੀ.ਐਫ.ਐਡਮਾਨਸਟੋਨ (1813-1864) ਨੇ ਗਵਰਨਰ ਜਨਰਲ ਡਲਹੌਜੀ ਨੂੰ ਪੇਸ਼ ਕੀਤੀ ਜਿਸਨੇ ਅੰਮ੍ਰਿਤਸਰ ਦੀ ਮੀਟਿੰਗ ਦੇ ਨਤੀਜੇ ਵਜੋਂ 'ਜਮਨਾ ਪਾਰ ਤੱਕ ਤੇ ਇਲਾਕੇ ਦੇ ਲੋਕਾਂ ਵਿਚ ਨਵੇਂ ਸਮਾਜਿਕ ਯੁੱਗ ਦਾ ਆਰੰਭ' ਹੋਣ ਦਾ 20 ਜਨਵਰੀ 1854 ਨੂੰ ਵਰਨਣ ਕੀਤਾ।

ਜਦੋਂ ਡਲਹੌਜੀ 1850 ਵਿਚ ਪੰਜਾਬ ਆਇਆ ਤਾਂ ਉਹ ਸ਼ਹਿਰ ਦੇ ਪੰਚਾਂ ਦੇ ਕੰਮ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। 'ਪੰਚਾਂ ਦੀ ਅਦਾਲਤ' ਜੋ ਚੰਗੇ ਲੋਕਾਂ ਵਿਚੋਂ ਬਰਾਬਰ ਚੁਣੇ ਜਾਂਦੇ ਸਨ, ਅਤੇ ਉਸਨੇ 1850 ਵਿਚ ਸ਼ਹਿਰ ਵਿਚ ਲਗਾਏ ਦਰਬਾਰ ਵਿਚ ਉਨ੍ਹਾਂ ਦੇ ਕੰਮ ਦੀ ਸ਼ਲਾਘਾ ਕੀਤੀ। ਇਸ ਗੱਲ ਦੇ ਕਾਫੀ ਸਬੂਤ ਮਿਲਦੇ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ

ਕਿ 19ਵੀਂ ਸਦੀ ਦੇ ਚਾਲੀਵਿਆਂ ਵਿਚ ਪੰਚਾਇਤ ਸੰਸਥਾ ਬਹੁਤ ਚੰਗੀ ਤਰ੍ਹਾਂ ਕੰਮ ਕਰਦੀ ਸੀ, ਜਦੋਂ ਪੰਚਾਂ ਦੀ ਬੇਨਤੀ ਤੇ ਲਾਹੌਰ ਅਤੇ ਅੰਮ੍ਰਿਤਸਰ ਵਿਚ ਜਾਣ ਆਉਣ ਵਾਲੀਆਂ ਬੈਲ ਗੱਡੀਆਂ ਅਤੇ ਘੋੜਿਆਂ ਵਾਲੀਆਂ ਗੱਡੀਆਂ ਤੇ ਲੱਗਿਆ ਟੈਕਸ ਖਤਮ ਕਰ ਦਿੱਤਾ ਗਿਆ ਸੀ।[35] ਸਿੱਖਾਂ ਦੀ ਪਹਿਲੀ ਲੜਾਈ ਤੋਂ ਬਾਅਦ ਪੰਜਾਬ ਵਿਚ ਬਣਾਈ ਗਈ ਨਵਾਬ ਸ਼ਾਹੀ ਪਰੀਸ਼ਦ ਨੇ ਪੰਚਾ ਵਲੋਂ ਕੀਤੇ ਜਾ ਰਹੇ ਨਿਆਂ ਅਤੇ ਪ੍ਰਬੰਧ ਦੇ ਤਸੱਲੀਬਖਸ਼ ਕੰਮਾਂ ਨੂੰ ਵੇਖ ਕੇ ਰਿਵਾਇਤੀ ਕਾਨੂੰਨ ਜਿਵੇਂ ਵਿਆਹ ਅਤੇ ਉਤਰਅਧਿਕਾਰ ਪ੍ਰਬੰਧਾਂ ਦਾ ਕੰਮ ਵੀ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਸੀ। 1847 ਵਿਚ ਜਦੋਂ ਭਾਈ ਰਾਮ ਸਿੰਘ ਅਤੇ ਭਾਈ ਗੋਵਿੰਦ ਰਾਮ ਦੇ ਪੁਤਰਾਂ ਵਿਚ ਬਹੁਤ ਮਾਤਰਾ ਵਿਚ ਗਹਿਣਿਆਂ ਦੇ ਅਧਿਕਾਰ ਨੂੰ ਲੈ ਕੇ ਝਗੜਾ ਪੈਦਾ ਹੋ ਗਿਆ ਤਾਂ ਇਸ ਮਸਲੇ ਨੂੰ ਅੰਮ੍ਰਿਤਸਰ ਵਿਚ ਪੰਚਾਂ ਦੇ ਸਾਹਮਣੇ ਰੱਖਣ ਲਈ ਭਾਈ ਨਿਧਾਨ ਸਿੰਘ ਨੂੰ ਬੇਨਤੀ ਕੀਤੀ ਗਈ ਸੀ।[36] ਮਾਂਟਗੁਮਰੀ ਨੇ ਸ਼ਹਿਰ ਦੇ ਪੰਚ, ਵਿਸ਼ੇਸ਼ ਤੌਰ ਤੇ ਰਵੀ ਕਿਸ਼ਨ ਦਾਸ ਦਾ ਇਕ ਪ੍ਰਭਾਵਸ਼ਾਲੀ ਮੈਂਬਰ ਵਜੋਂ ਵਰਨਣ ਕੀਤਾ ਹੈ ਅਤੇ ਨਿਗਮ ਨੂੰ ਪੰਜਾਬ ਵਿਚ ਉਸਨੂੰ ਮਿਲਣ ਵਾਲੇ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਅਤੇ ਸਨਮਾਨਯੋਗ ਵਿਅਕਤੀਆਂ ਦੀ ਸਭਾ ਦੱਸਿਆ ਹੈ। ਨਿਗਮ ਨੇ ਵਿਸਥਾਰ ਵਿਚ 'ਰਿਵਾਜਾਂ ਦੇ ਇਕੱਤਰਣ ਅਤੇ ਉਨ੍ਹਾਂ ਦੇ ਪ੍ਰਬੰਧ' ਲਈ ਕੰਮ ਕੀਤਾ।[37] ਇਨ੍ਹਾਂ ਪ੍ਰਸਿੱਧ ਵਿਅਕਤੀਆਂ ਵਿਚੋਂ ਸ਼ਹਿਰ ਦਾ ਪੰਚ ਕਲਿਆਣ ਸਿੰਘ ਅਤੇ ਰਾਜਾ ਸਿੰਘ ਦਾ ਪੁਤਰ ਵਰਨਣਯੋਗ ਸੀ, ਜਿਸਨੇ ਹਾਊਸ ਟੈਕਸ ਇਕੱਠਾ ਕਰਨ ਲਈ ਅਧਿਕਾਰੀਆਂ ਦੀ ਮਦਦ ਕੀਤੀ ਸੀ ਅਤੇ ਉਹ ਵਧੇਰੇ ਲੋਕਾਂ ਦਾ ਮੱਤ ਹਾਸਲ ਕਰਨ ਦੀ ਸਮਰਥਾ ਰਖਦਾ ਸੀ।[38]

1857 ਦੇ ਗਦਰ ਤੱਕ ਨਗਰ ਪ੍ਰਸ਼ਾਸਨ ਦਾ ਕੰਮ ਪੰਚਾਂ ਵਲੋਂ ਕੀਤਾ ਜਾਂਦਾ ਸੀ ਜੋ ਸਤੰਬਰ 1858 ਵਿਚ ਸਿਵਲ ਅਤੇ ਫੌਜੀ ਅਫਸਰਾਂ ਦੇ ਹੱਥਾਂ ਵਿਚ ਚਲਾ ਗਿਆ ਜੋ ਡਿਪਟੀ ਕਮਿਸ਼ਨਰ, ਫਰੈਡਰਿਕ ਕੂਪਰ, ਪ੍ਰਧਾਨ ਅਤੇ ਮਿਸਟਰ ਕਾਰ ਸਟੀਫਨ, ਸਕੱਤਰ ਦੇ ਅਧੀਨ ਸਨ।

ਮੌਜੂਦਾ ਮਿਉਂਸਪਲ ਕਮੇਟੀ ਦਾ ਆਰੰਭ 1858 ਵਿਚ ਹੋਇਆ। ਕਿਹਾ ਜਾ ਸਕਦਾ ਹੈ ਜਦੋਂ ਸਥਾਨਕ ਜ਼ਿਲ੍ਹਾ ਕਮੇਟੀ ਛੋਟੇ ਪੱਧਰ ਤੇ ਕੰਮ ਕਰਦੀ ਸੀ ਜਿਨ੍ਹਾਂ ਨੂੰ ਅੱਜ ਕੱਲ ਮਿਉਂਸਪਲ ਦੇ ਕੰਮ ਕਿਹਾ ਜਾਂਦਾ ਹੈ ਉਸ ਵਲੋਂ ਕੀਤੇ ਗਏ ਕੰਮਾਂ ਵਿਚੋਂ ਕੁਝ ਹੇਠ ਲਿਖੇ ਸਨ:-

ਸ਼ਹਿਰ ਦੇ ਮਕਾਨਾਂ ਤੇ ਨੰਬਰ ਲਾਏ ਗਏ। ਮਈ 1859 ਵਿਚ ਗਲੀਆਂ ਦੇ ਨਾਮ ਰੱਖੇ ਗਏ ਅਤੇ ਸੜਕਾਂ ਦੇ ਦੋਵੇਂ ਪਾਸੇ ਦਰਖੱਤ ਲਾਏ ਗਏ। ਸਿਵਲ ਲਾਈਨ ਦੇ ਇਲਾਕੇ ਵਿਚ ਭਾਰਤੀਆਂ ਨੂੰ ਕੋਈ ਬੰਗਲਾ ਬਣਾਉਣ ਦੀ ਆਗਿਆ ਨਹੀਂ ਸੀ। ਲਾਲਟੈਨਾਂ ਨਾਲ ਗਲੀਆਂ ਵਿਚ ਰੋਸ਼ਨੀ ਪ੍ਰਦਾਨ ਕੀਤੀ ਗਈ। 1868 ਵਿਚ ਨਗਰ ਪਾਲਿਕਾਵਾਂ ਸਥਾਪਤ ਕੀਤੀਆਂ ਗਈਆਂ ਜਿਨ੍ਹਾਂ ਦੇ ਪ੍ਰਧਾਨ ਅਹੁਦੇ ਵਜੋਂ ਡਿਪਟੀ ਕਮਿਸ਼ਨਰਾਂ ਨੂੰ ਬਣਾਇਆ ਗਿਆ ਅਤੇ ਇਹ ਪ੍ਰਥਾ 1919 ਤੱਕ ਚਲਦੀ ਰਹੀ। ਇਸ ਤਰ੍ਹਾਂ ਅਪਰੈਲ 1868 ਵਿਚ ਪਹਿਲੀ ਵਾਰ ਸਰਕਾਰੀ ਤੌਰ ਤੇ ਅੰਮ੍ਰਿਤਸਰ ਦੀ ਨਗਰ ਪਾਲਿਕਾ, 6 ਅਪਰੈਲ 1858 ਦੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਵਿਚ ਪਹਿਲੇ ਦਰਜ਼ੇ ਦੀ ਨਗਰ ਪਾਲਿਕਾ ਬਣਾਉਣ ਸਬੰਧੀ ਇਹ ਵਿਵਸਥਾ ਵੀ ਰੱਖੀ ਗਈ ਕਿ ਧਾਰਾ (1867 ਦੀ) ਦੇ ਮੰਤਵ ਲਈ ਕਮੇਟੀ ਵਿਚ ਅਹੁਦੇ ਵਜੋਂ ਮੈਂਬਰ

ਹੋਣਗੇ, ਜਿਨ੍ਹਾਂ ਵਿਚੋਂ ਛੇ ਉਸ ਸਥਾਨ ਤੇ ਰਹਿ ਰਹੇ ਯੂਰਪੀਨਾਂ ਵਿਚੋਂ ਨਾਮਜ਼ਦ ਕੀਤੇ ਜਾਣਗੇ, ਛੇ ਸਥਾਨਕ ਵਸਨੀਕ ਅਤੇ 12 ਮੈਂਬਰ ਚੋਣ ਰਾਹੀਂ ਨਿਯੁਕਤ ਕੀਤੇ ਜਾਣਗੇ। ਪੰਜਾਬ ਦੇ ਲੈਫਟੀਨੈਂਟ ਗਵਰਨਰ ਵਲੋਂ ਹੇਠ ਲਿਖੇ ਮੈਂਬਰ ਨਾਮਜ਼ਦ ਕੀਤੇ ਗਏ ਸਨ:-ਬਾਰੀ ਦੁਆਬ ਨਹਿਰ ਦਾ ਕਾਰਜਕਾਰੀ ਇੰਜੀਨੀਅਰ, ਗਿਰਜੇ ਦਾ ਪਾਦਰੀ ਜਾਂ ਵੱਡਾ ਧਰਮ ਪ੍ਰਚਾਰਕ, ਬੈਂਕ ਆਫ ਬੰਗਾਲ ਦਾ ਪ੍ਰਤੀਨਿਧ : ਮਿਸਟਰ ਮੁਨਰੋ, ਰੇਲਵੇ ਸਟਾਫ ਫਰਾਂਸੀਸੀ ਵਪਾਰੀ, ਮਿਸਟਰ ਬੀਜਿਕਸ, ਕਿਲ੍ਹਾ ਗੋਬਿੰਦਗੜ੍ਹ ਦਾ ਕਮਾਂਡਿੰਗ ਅਫਸਰ ਚਕਿਤਸਕ ਗੈਰੀਸਨ, ਰਾਇ ਦੂੰਨੀ ਚੰਦ, ਖਾਨ ਮੁਹੰਮਦ ਸ਼ਾਹ, ਭਾਈ ਕਲਿਆਣ ਸਿੰਘ, ਮੁਹੰਮਦ ਜਾਨ, ਗੁਲਾਮ ਹੁਸੈਨ ਅਤੇ ਗਾਗਰ ਮੱਲ। ਇਸੇ ਹੁਕਮ ਦੀ ਸੋਧ ਵਜੋਂ ਲੈਫਟੀਨੈਂਟ ਗਵਰਨਰ ਨੇ ਜਨਰਲ ਵਿਭਾਗ ਦਾ ਨੋਟੀਫਿਕੇਸ਼ਨ ਨੰ. 1595, ਮਿਤੀ 4 ਜੂਨ 1868 ਜਾਰੀ ਕੀਤਾ ਜੋ ਹੇਠ ਲਿਖੇ ਗਿਆਰਾਂ (ਧਾਰਾ ਵਿਚ ਪ੍ਰਸਤਾਵਿਤ ਬਾਰਾਂ ਦੀ ਬਿਜਾਏ) ਵਿਅਕਤੀਆਂ ਦੀ ਮਿਉਂਸਪਲ ਕਮੇਟੀ ਦੇ ਮੈਂਬਰਾਂ ਵਜੋਂ ਚੋਣ ਰਾਹੀਂ ਨਿਯੁਕਤੀ ਸਬੰਧੀ ਸੀ:-ਰਾਇ ਹਰਦਿਆਲ,ਰਾਇ ਬਾਬੂ ਸੋਹਣ ਲਾਲ, ਸਰਦਾਰ ਹਰਚਰਨ ਦਾਸ, ਮਹੰਤ ਬ੍ਰਹਮ ਬੂਟਾ, ਲਾਲਾ ਪੰਨਾ ਲਾਲਾ ਨੌਹਰੀਆ, ਮੀਆਂ ਅਸਦ ਉਲ੍ਹਾਹ, ਜਵਾਹਰ ਲਾਲ, ਦੁਰਾਨਾ ਮੱਲ, ਸ਼ੇਖ ਅੱਲਾ ਬਖ਼ਸ਼, ਵਪਾਰੀ ਲਾਸਯੂ ਅਤੇ ਸਦਾ ਸੁੱਖ।

1867 ਦੇ ਗਸ਼ਤੀ ਪੱਤਰ ਨੰਬਰ 16 ਅਨੁਸਾਰ ਅਹੁਦੇ ਵਜੋਂ ਨਗਰ ਪਾਲਿਕਾ ਦੇ ਮੈਂਬਰਾਂ ਦੀ ਨਿਯੁਕਤੀ ਦੀ ਵਿਵਸਥਾ ਕੀਤੀ ਗਈ। ਇਹ ਗਿਣਤੀ ਵਿਚ ਛੇ ਸਨ, ਜਿਵੇਂ ਡਿਪਟੀ ਕਮਿਸ਼ਨਰ (ਪ੍ਰਧਾਨ), ਸਿਵਲ ਸਰਜਨ (ਸਥਾਨਕ ਵਿਤ ਕਮੇਟੀ ਦਾ ਸਕੱਤਰ (ਸਕੱਤਰ), ਕਾਰਜਕਾਰੀ ਇੰਜੀਨੀਅਰ, ਜ਼ਿਲ੍ਹਾ ਪੁਲਿਸ ਨਿਗਰਾਨ (ਡੀ.ਐਸ.ਪੀ.) ਅਤੇ ਸਿੱਖਿਆ ਅਫਸਰ। ਨਗਰ ਪਾਲਿਕਾ ਦੇ ਰਿਕਾਰਡ [39] ਦੀਆਂ ਕਾਰਵਾਈਆਂ ਤੋਂ ਪਤਾ ਲਗਦਾ ਹੈ ਕਿ ਅਪਰੈਲ 1868 ਵਿਚ ਹੋਈ ਮੀਟਿੰਗ ਵਿਚ ਅੰਗਰੇਜ਼ ਪ੍ਰਤੀਨਿਧੀਆਂ ਤੋਂ ਇਲਾਵਾ ਖਾਨ ਮੁਹੰਮਦ ਸ਼ਾਹ, ਮੁਹੰਮਦ ਜਾਨ, ਗੁਲਾਮ ਹੁਸੈਨ, ਕਲਿਆਣ ਸਿੰਘ ਅਤੇ ਗਾਗਰਮੱਲ ਨੇ ਭਾਗ ਲਿਆ। ਉਸ ਵੇਲੇ ਵਰਨਣਯੋਗ ਉਘੇ ਨਾਗਰਿਕਾਂ ਭਾਈ ਕਲਿਆਣ ਸਿੰਘ (ਇਕ ਲਾਹੇਵੰਦ ਸੌਦਾਗਰ), ਗਾਗਰਮੱਲ (ਜਿਸ ਦੇ ਨਾਂ ਤੇ ਗਲੀਆਂ ਦੇ ਨਾਂ ਰੱਖੇ ਗਏ ਸਨ), ਹਰਚਰਨ ਦਾਸ (ਜੋ ਰਾਜਾ ਰਲੀਆ ਰਾਮ ਦੇ ਪ੍ਰਸਿੱਧ ਪਰਿਵਾਰ ਨਾਲ ਸਬੰਧਤ ਸੀ) ਅਤੇ ਸਦਾ ਸੁੱਖ (ਪੰਡਿਤ ਧਰਨੀਧਰ ਦੇ ਪ੍ਰਸਿੱਧ ਚਕਿਤਸਕ ਪਰਿਵਾਰ ਦਾ ਉਤਰ-ਅਧਿਕਾਰੀ) ਨੇ ਮੀਟਿੰਗਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਖਾਨ ਬਹਾਦਰ ਮੁਹੰਮਦ ਸ਼ਾਹ ਨੂੰ ਪਹਿਲਾਂ ਅਤੇ ਆਰ.ਬੀ.ਰਾਜ ਕਲਿਆਣ ਸਿੰਘ (ਜਿਸ ਨੂੰ ਸਵਰਨ ਮੰਦਰ ਦਾ ਮੈਨੇਜਰ ਵੀ ਨਿਯੁਕਤ ਕੀਤਾ ਗਿਆ ਸੀ) ਨੂੰ ਦੂਸਰਾ ਉਪ ਪ੍ਰਧਾਨ ਚੁਣਿਆ ਗਿਆ ਸੀ। ਸਭਾ ਦੀ ਇਕੱਤਰਤਾ ਦਾ ਸਥਾਨ ਰਾਮ ਬਾਗ ਵਿਚ ਜਲਸਾਘਰ ਸੀ। ਆਮ ਤੌਰ ਤੇ ਮਹੀਨੇ ਵਿਚ ਇਕ ਵਾਰ ਇਸ ਦੀ ਇਕੱਤਰਤਾ ਹੁੰਦੀ ਅਤੇ ਇਸ ਦੇ ਕੰਮ ਦਾ ਮੁੱਖ ਮੁੱਦਾ ਲੋੜੀਂਦੀ ਸੰਖਿਆ ਵਿਚ ਸੁਵਿਧਾਜਨਕ ਥੰਮ ਲਾ ਕੇ ਨਗਰਪਾਲਿਕਾ ਦਾ ਹੱਦ ਬੰਨਾਂ ਨਿਸ਼ਚਿਤ ਕਰਨਾ ਸੀ। ਇਸ ਨੇ ਸ਼ਹਿਰ ਦੀ ਅੰਦਰੂਨੀ ਰੱਖਿਆ, ਜਨਤਕ ਕੰਮ, ਸਿਖਿਆ, ਵਿਸ਼ੇਸ਼ ਕਰਕੇ ਪੜ੍ਹਾਉਣ ਦੇ ਢੰਗਾਂ ਦੀ ਸਿਖਲਾਈ ਦੇਣ ਲਈ ਸ਼ੁਰੂ ਵਿਚ ਅਧਿਆਪਕਾਂ ਨੂੰ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਅਤੇ ਜੂਨ 1868 ਵਿਚ ਇਸ ਮੰਤਵ ਲਈ 2600 ਰੁਪਏ ਦੀ ਛੋਟੀ ਜਿਹੀ ਰਕਮ ਰਾਖਵੀਂ

ਰੱਖੀ। 1868 ਅਤੇ 1869 ਵਿਚ ਵਰਖਾ ਘੱਟ ਹੋਣ ਕਾਰਨ ਬਹੁਤ ਸੰਕਟ ਪੈਦਾ ਹੋਇਆ ਅਤੇ ਕਿਉਂਕਿ ਸ਼ਹਿਰ ਨੂੰ ਕਾਫੀ ਧਨਵਾਨ ਸਮਝਿਆ ਜਾਂਦਾ ਸੀ ਇਸ ਲਈ ਸੁਭਾਵਿਕ ਤੌਰ ਤੇ ਅੰਗਰੇਜ਼ਾਂ ਦੇ ਅਧੀਨ ਇਲਾਕੇ ਅਤੇ ਹੋਰ ਕਈ ਰਿਆਸਤਾਂ ਵਿਚੋਂ ਸੰਕਟਗ੍ਰਸਤ ਲੋਕ ਇਸ ਵੱਲ ਖਿੱਚੇ ਗਏ। ਹਜ਼ਾਰਾਂ ਦੀ ਗਿਣਤੀ ਵਿਚ ਪ੍ਰਵਾਸੀ ਲੋਕ ਆਪਣੀ ਰੋਜ਼ੀ ਰੋਟੀ ਦੀ ਭਾਲ ਵਿਚ ਸ਼ਹਿਰ ਅਤੇ ਇਸ ਦੇ ਆਸਪਾਸ ਤੇ ਇਲਾਕੇ ਵਿਚ ਆ ਗਏ ਅਤੇ ਕਈ ਵਾਰ ਉਨ੍ਹਾਂ ਨੂੰ ਮੁੱਖ ਤੌਰ ਤੇ ਦਾਨ ਤੇ ਨਿਰਭਰ ਰਹਿਣਾ ਪੈਂਦਾ ਸੀ। ਕਣਕ ਦੀ ਕੀਮਤ ਵਧ ਕੇ 1 ਰੁਪਏ ਦੀ 9.5 ਸੇਰ ਹੋ ਗਈ। ਸ਼ਹਿਰ ਵਿਚ ਬਹੁਤ ਸਾਰੇ ਅਜਿਹੇ ਪਰਿਵਾਰ ਸਨ ਜਿਨ੍ਹਾਂ ਨੂੰ ਦਿਨ ਵਿਚ ਇਕ ਵੇਲੇ ਤੋਂ ਵੱਧ ਖਾਣਾ ਨਹੀਂ ਮਿਲਦਾ ਸੀ। 1878 ਵਿਚ ਅਫਗਾਨ ਦੀ ਲੜਾਈ ਕਾਰਨ ਕੀਮਤਾਂ ਫਿਰ ਵਧਣੀਆਂ ਸ਼ੁਰੂ ਹੋ ਹੋਈਆਂ ਅਤੇ 1879 ਵਿਚ ਸੋਕੇ ਕਾਰਨ ਕੀਮਤਾਂ ਹੋਰ ਵਧ ਗਈਆਂ। ਇਸ ਸੰਕਟ ਕਾਲੀਨ ਸਥਿਤੀ ਨਾਲ ਨਜਿੱਠਣ ਲਈ ਗਰੀਬਾਂ ਨੂੰ ਖਾਣਾ ਦੇਣ ਵਾਸਤੇ ਘਰ ਖੋਲ੍ਹੇ ਗਏ ਅਤੇ ਰੇਲਵੇ ਨੇ ਹੋਰ ਥਾਵਾਂ ਤੋਂ ਅੰਮ੍ਰਿਤਸਰ ਵਿਚ ਖਾਣੇ ਦੇ ਭੰਡਾਰ ਲਿਆਉਣ ਲਈ ਸੁਵਿਧਾ ਪ੍ਰਦਾਨ ਕੀਤੀ।

ਸ਼ਹਿਰ ਤੋਂ ਬਾਹਰ ਰਾਇ ਤਖਤ ਵਿਖੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਨਾਲ ਬੁੱਚੜਖਾਨਾ ਲੱਗਣ ਤੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸਬੰਧ ਹੋਰ ਤਣਾਓਪੂਰਨ ਹੋਣੇ ਸ਼ੁਰੂ ਹੋ ਗਏ। ਗਾਂ ਦਾ ਮਾਸ ਖੁੱਲ੍ਹੇ ਆਮ ਗਲੀਆਂ ਵਿਚ ਵਿਕਣ ਲੱਗ ਪਿਆ ਅਤੇ ਦੋਸ਼ੀਆਂ ਨੂੰ ਛੱਡ ਦਿੱਤਾ ਜਾਂਦਾ ਜਾਂ ਮਾਮੂਲੀ ਜੁਰਮਾਨਾ ਕੀਤਾ ਜਾਂਦਾ ਸੀ। 1871 ਵਿਚ ਕੌੜੇ ਜਜ਼ਬੇ ਤਕਰਾਰ ਵਿਚ ਬਦਲ ਗਏ। ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਖੁਲ੍ਹ ਕੇ ਲੜਾਈ ਝਗੜੇ ਹੋਣੇ ਸ਼ੁਰੂ ਹੋ ਗਏ। ਇਹ ਅਫਵਾਹ ਫੈਲ ਗਈ ਕਿ ਸਵਰਨ ਮੰਦਰ ਦੇ ਪਵਿੱਤਰ ਸਰੋਵਰ ਦੇ ਨੇੜਲੇ ਅਹਾਤੇ ਵਿਚ ਇਕ ਦੁਕਾਨ ਖੋਲ੍ਹੀ ਜਾਵੇਗੀ ਅਤੇ ਇਹ ਵਿਸ਼ਵਾਸ ਕੀਤਾ ਗਿਆ ਕਿ ਸਵਰਨ ਮੰਦਰ ਵਿਚੋਂ ਸੁੱਟੀ ਹੋਈ ਇਕ ਗਾਂ ਦੀ ਹੱਡੀ ਮਿਲੀ ਸੀ। ਸ਼ਹਿਰ ਵਿਚ ਰਹਿਣ ਵਾਲੇ ਕੁਝ ਕੂਕਿਆਂ [40] ਨੂੰ ਗੁੱਸਾ ਆਇਆ ਅਤੇ ਉਨ੍ਹਾਂ ਨੇ ਇਕ ਮੀਟਿੰਗ ਵਿਚ ਗਾਂ ਹੱਤਿਆਂ ਬੰਦ ਕਰਵਾਉਣ ਲਈ ਆਪਣੀਆਂ ਕੁਰਬਾਨੀਆਂ ਦੇਣ ਦਾ ਫੈਸਲਾ ਕੀਤਾ। 8 ਜੂਨ 1871 ਨੂੰ ਕੂਕਿਆਂ ਨੇ ਬੁੱਚੜਖਾਨੇ ਵਿਚ ਕੁਝ ਬੁੱਚੜਾਂ ਨੂੰ ਮਾਰ ਦਿੱਤਾ। ਅੰਗਰੇਜ਼ਾਂ ਨੇ 4 ਕੂਕਿਆਂ ਨੂੰ 15 ਸਤੰਬਰ 1871 ਨੂੰ ਫਾਂਸੀ ਦੇ ਦਿੱਤੀ।

ਅੰਮ੍ਰਿਤਸਰ ਨੀਵੇਂ ਸਥਾਨ ਤੇ ਸਥਿਤ ਸੀ ਅਤੇ ਸ਼ਹਿਰ ਤੋਂ ਦੋ ਤਿੰਨ ਮੀਲ ਦੇ ਅੰਦਰ ਅੰਦਰ ਬਾਰੀ ਦੋਆਬ ਨਹਿਰ ਵਿਚੋਂ ਨਿਕਲਣ ਵਾਲੇ ਬਹੁਤ ਸਾਰੇ ਖਾਲੇ ਵਗਦੇ ਸਨ। ਇਹ 13 ਦਰਵਾਜ਼ਿਆ ਵਾਲੀ ਇਕ ਦੀਵਾਰ ਅਤੇ ਇਕ ਡੂੰਘੀ ਖਾਈ ਜਾਂ ਖੰਦਕ ਨਾਲ ਘਿਰਿਆ ਹੋਇਆ ਸੀ ਜੋ ਸਿੱਖਾਂ ਦੇ ਸਮੇਂ ਵਿਚ ਅਤਿਰਿਕਤ ਸੁਰੱਖਿਆ ਅਤੇ ਸ਼ਹਿਰ ਦੀਆਂ ਕੰਧਾਂ ਬਣਾਉਣ ਲਈ ਸਮੱਗਰੀ ਪ੍ਰਦਾਨ ਕਰਨ ਦੇ ਦੋ ਮੰਤਵ ਪੂਰੇ ਕਰਦੀ ਸੀ। ਇਹ ਮੱਛਰਾਂ ਨੂੰ ਪੈਦਾ ਕਰਨ ਦਾ ਸਾਧਨ ਅਤੇ ਇਥੇ ਸ਼ਹਿਰ ਵਿਚੋਂ ਕੂੜੇ ਕਰਕਟ ਦੇ ਢੇਰ ਲੱਗ ਜਾਣ ਨਾਲ ਇਹ ਪਲੇਗ ਅਤੇ ਹੋਰ ਰੋਗ ਫੈਲਣ ਦਾ ਕਾਰਣ ਬਣ ਗਈ। ਸ਼ਹਿਰ ਦੀ ਸੰਘਣੀ ਵਸੋਂ ਵਾਲੇ ਹਿਸਿਆਂ ਵਿਚ ਬਹੁਤ ਸਾਰਾ ਬਦਬੂਦਾਰ ਚਿੱਕੜ ਜਮਾਂ ਹੋ ਗਿਆ ਸੀ। ਇਹ ਮੁੜ ਮੁੜ ਮਹਿਸੂਸ ਕੀਤਾ ਗਿਆ ਕਿ ਢਾਬਾਂ ਵਿਸ਼ੇਸ਼ ਕਰਕੇ ਸ਼ਹਿਰ ਦੇ ਵਿਚਕਾਰ ਦੇ ਚੁਲ੍ਹੇ, ਆਹਲੂਵਾਲੀਆ ਢਾਬ, ਸੰਤੋਂ ਖਸਰਾ ਅਤੇ ਬਾਜ਼ਾਰ ਥਾਲੀ ਭਰੇ ਜਾਣੇ ਚਾਹੀਦੇ ਹਨ ਅਤੇ

ਇਨ੍ਹਾਂ ਨੂੰ ਭਰਨ ਲਈ ਹਜ਼ਾਰਾਂ ਮਜ਼ਦੂਰ ਲਾਏ ਗਏ। ਅਪਰੈਲ 1869 ਵਿਚ ਕੰਮ ਬੰਦ ਕਰ ਦਿੱਤਾ ਗਿਆ, ਪਰੰਤੂ ਬਾਅਦ ਵਿਚ ਫਿਰ ਸ਼ੁਰੂ ਕੀਤਾ ਗਿਆ। ਉਸ ਵੇਲੇ ਅੰਮ੍ਰਿਤਸਰ ਦਾ ਇਲਾਕਾ ਨੀਵਾਂ ਸੀ ਜਿਥੇ ਪਾਣੀ ਇਕੱਠਾ ਹੋ ਜਾਂਦਾ ਅਤੇ ਮਹਾਂਮਾਰੀ ਤੇ ਮਾੜੀਆਂ ਹਾਲਤਾਂ ਪੈਦਾ ਕਰਦਾ ਸੀ। ਸਿਵਲ ਲਾਈਨ ਅਤੇ ਸ਼ਹਿਰ ਦੇ ਨੇੜੇ ਗਲੀਆਂ ਬਹੁਤ ਗੰਦੀਆਂ ਸਨ। ਅਵਾਰਾ ਕੁੱਤੇ ਘੁੰਮਦੇ ਰਹਿੰਦੇ ਸਨ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਸਖਤ ਕਦਮ ਚੁਕੇ ਗਏ। ਜਲ ਨਿਕਾਸ ਪ੍ਰਬੰਧ ਇਤਨਾ ਭੈੜਾ ਸੀ ਕਿ ਬਰਸਾਤ ਦੇ ਮੌਸਮ ਵਿਚ ਨਾਲੀਆਂ ਚਿੱਕੜ ਨਾਲ ਭਰ ਜਾਂਦੀਆਂ ਅਤੇ ਪਟੜੀਆਂ ਗੰਦੀਆਂ ਹੋ ਜਾਂਦੀਆਂ ਸਨ। 1872 ਤੋਂ ਸਥਾਨਕ ਲੋਕ ਸ਼ਹਿਰ ਦੀ ਤਰੱਕੀ ਦੀ ਮੱਧਮ ਚਾਲ ਤੇ ਵਿਆਕੁਲ ਹੋਣ ਲੱਗੇ। 6 ਮਾਰਚ, 1872 ਨੂੰ ਨਗਰ ਪਾਲਿਕਾ ਦੇ ਭਾਰਤੀ ਮੈਂਬਰਾਂ ਵਲੋਂ ਡਿਪਟੀ ਕਮਿਸ਼ਨਰ ਨੂੰ ਦਿੱਤੀ ਦਰਖਾਸਤ ਵਿਚ ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਪਿਛਲੇ ਸਾਲਾਂ ਦੌਰਾਨ ਕੀਤੇ ਗਏ ਜ਼ਿਆਦਾਤਰ ਜਨਤਕ ਕੰਮਾਂ ਵਿਚ ਉਨ੍ਹਾਂ ਦੀ ਰਾਇ ਨਹੀਂ ਲਈ ਗਈ ਸੀ। ਜਦੋਂ ਉਨ੍ਹਾਂ ਨੇ ਇਹ ਉਮੀਦ ਪ੍ਰਗਟ ਕੀਤੀ ਕਿ ਉਨ੍ਹਾਂ ਦੇ ਫੰਡ ਕਾਫੀ ਮਾਤਰਾ ਵਿਚ ਹੋਣਗੇ ਤਾਂ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਕਿ ਉਹ ਤਾਂ ਲੱਖਾਂ ਰੁਪਏ ਦੇ ਕਰਜ਼ੇ ਹੇਠ ਦੱਬੇ ਹੋਏ ਹਨ। ਇਸ ਗੱਲ ਤੇ ਕਾਫੀ ਉਤੇਜਿਤ ਵਾਦ ਵਿਵਾਦ ਪੈਦਾ ਹੋ ਗਿਆ। ਉਨ੍ਹਾਂ ਵਲੋਂ ਜ਼ੋਰ ਪਾਇਆ ਕਿ ਉਹ ਘੰਟਾ ਘਰ ਨੂੰ ਪੂਰਾ ਕਰਨ ਜਾਂ ਹੋਰ 'ਫਜ਼ੂਲ ਖਰਚੀ' ਦੇ ਕੰਮਾਂ ਵਾਸਤੇ ਬੱਜਟ ਵਿਚ ਰੱਖੀ ਰਕਮ, ਜਿਸਨੇ ਉਨ੍ਹਾਂ ਨੂੰ ਕਰਜ਼ਾਈ ਕੀਤਾ ਹੈ, ਤਿਆਗਣ ਲਈ ਤਿਆਰ ਹਨ, ਪਰ ਉਹ ਸੜਕਾਂ ਦੇ ਸੁਧਾਰ ਮਹਾਂਮਾਰੀਆਂ ਦੇ ਖਾਤਮੇ ਲਈ ਢਾਬਾਂ ਨੂੰ ਭਰਨ ਅਤੇ ਇਤਿਹਾਸਕ ਇਮਾਰਤਾਂ ਦੀ ਮੁਰੰਮਤ ਆਦਿ ਤੇ ਧਿਆਨ ਦੇਣ ਲਈ ਵਧੇਰੇ ਉਤਸੁਕ ਸਨ। ਇਹ ਜਨਤਕ ਰਾਇ ਅਤੇ ਨਾਗਰਿਕ ਵਿਚਾਰਾਂ ਦੇ ਜਨਮ ਦੀ ਸ਼ੁਰੂਆਤ ਸੀ। 1873 ਵਿਚ ਨਗਰ ਪਾਲਿਕਾ ਨੇ ਟਾਊਣ ਹਾਲ ਨੂੰ ਜਨਤਕ ਕੰਮ ਵਿਭਾਗ (ਪੀ ਡਬਲਿਊ ਡੀ) ਪਾਸੋਂ ਲੈ ਲਿਆ। ਪੰਡਿਤ ਜਵਾਲਾ ਨੰਦ ਦੇ ਪਰਿਵਾਰ ਦਾ ਵਾਰਿਸ, ਪੰਡਿਤ ਸਰਬ ਸੁਖ ਉਹ ਪਹਿਲਾ ਚਕਿਤਸਕ (ਡਾਕਟਰ) ਸੀ ਜਿਸਨੇ ਰੂੜ੍ਹੀਵਾਦੀ ਲੋਕਾਂ ਵਲੋਂ ਭਰਪੂਰ ਵਿਰੋਧਤਾ ਦੇ ਹੁੰਦੇ ਹੋਏ 1875 ਵਿਚ ਚੇਚਕ ਦਾ ਟੀਕਾ ਪ੍ਰਚੱਲਤ ਕੀਤਾ ਅਤੇ ਆਪਣੇ ਖਰਚੇ ਤੇ ਲਾਉਣਾ ਸ਼ੁਰੂ ਕੀਤਾ।

ਪੁਰਾਤਨ ਅੰਗਰੇਜ਼ੀ ਬਨਾਵਟ ਦਾ, ਲਾਲ ਇੱਟਾਂ ਦਾ ਘੰਟਾ ਘਰ, ਜਾਹਨ ਗਾਰਡਨ ਦੁਆਰਾ ਤਿਆਰ ਕੀਤੇ ਨਮੂਨੇ ਅਨੁਸਾਰ 1873-74 ਵਿਚ ਮੁਕੰਮਲ ਕੀਤਾ ਗਿਆ। ਹਾਲ ਗੇਟ 1876 ਵਿਚ ਬਣਾਇਆ ਗਿਆ ਸੀ ਅਤੇ ਇਸ ਦਾ ਨਾਂ ਡਿਪਟੀ ਕਮਿਸ਼ਨਰ ਕਰਨਲ ਸੀ.ਐਚ.ਹਾਲ ਦੇ ਨਾਂ ਤੇ ਰੱਖਿਆ ਗਿਆ। 1875 ਤੱਕ ਗੇਟ ਦੇ ਅੰਦਰ ਦੇ ਇਲਾਕੇ ਤੇ ਜੇਲ੍ਹ ਦਾ ਕਬਜ਼ਾ ਰਿਹਾ, ਜਦੋਂ ਜ਼ਮੀਨ ਅਤੇ ਹੋਰ ਸਬੰਧਤ ਚੀਜ਼ਾਂ ਨਗਰ ਪਾਲਿਕਾ ਨੇ ਖਰੀਦ ਲਈਆਂ ਸਨ। ਮਹਾਰਾਣੀ ਵਿਕਟੋਰੀਆ ਵਲੋਂ 'ਮਲਕਾ-ਏ-ਹਿੰਦ' ਦਾ ਖਿਤਾਬ ਅਪਣਾਉਣ ਦੇ ਮੌਕੇ ਤੇ 1877 ਵਿਚ ਅੰਮ੍ਰਿਤਸਰ ਵਿਖੇ ਇਕ ਮਹਾਨ ਦਰਬਾਰ ਲਾਇਆ ਗਿਆ। 1877 ਵਿਚ ਅੱਜ ਕੱਲ ਦੀ ਕੋਤਵਾਲੀ ਦੇ ਨਜ਼ਦੀਕ ਸ਼ਾਮ ਨੂੰ ਇਕ ਅੰਗਰੇਜ਼ੀ ਬੈਂਡ ਲੋਕਾਂ ਦਾ ਮਨਪ੍ਰਚਾਵਾ ਕਰਨ ਲਈ ਵੱਜਣ ਲੱਗਾ ਅਤੇ 1 ਦਸੰਬਰ 1877 ਤੱਕ ਨਗਰ ਪਾਲਿਕਾ ਉਠਾਉਂਦੀ ਰਹੀ, ਬਾਅਦ ਵਿਚ ਫੰਡਾਂ ਦੀ ਘਾਟ ਕਾਰਨ ਇਹ ਸੇਵਾ ਬੰਦ ਕਰ ਦਿੱਤੀ ਗਈ ਪਰੰਤੂ ਲਗਭਗ 1922 ਤੱਕ ਉਥੇ ਸ਼ਹਿਰੀਆਂ ਤੋਂ ਚੰਦਾ ਲੈ ਕੇ ਇਸ ਨੂੰ ਜਾਰੀ ਰੱਖਿਆ ਗਿਆ ਸੀ।

1875 ਵਿਚ ਇਕ ਯੋਗ ਅਫਸਰ, ਮਿਸਟਰ ਈ.ਨਿਕੋਲ ਨੂੰ ਨਗਰਪਾਲਿਕਾ ਦਾ ਸਕੱਤਰ ਨਿਯੁਕਤ ਕੀਤਾ ਗਿਆ। ਉਸਨੇ ਸ਼ਹਿਰ ਦੀਆਂ ਖੰਦਕਾਂ ਨੂੰ ਮਿੱਟੀ ਨਾਲ ਭਰਵਾਇਆ ਅਤੇ ਉਥੇ ਇਕ ਬਾਗ ਲਗਵਾ ਦਿੱਤਾ। ਅੰਮ੍ਰਿਤਸਰ ਦੇ ਰਜਿਸਟਰਾਰ ਅਤੇ ਜ਼ਿਲ੍ਹਾ ਤੇ ਸਥਾਨਕ ਬੋਰਡ ਦੇ ਸਕੱਤਰ ਵਜੋਂ ਆਪਣੇ ਵਧੇਰੇ ਰੁਝੇਵੇ ਹੁੰਦੇ ਹੋਏ ਵੀ ਉਸਨੇ ਸ਼ਹਿਰ ਦੀ ਸਫਾਈ ਦੇ ਪ੍ਰਬੰਧਾ ਵਿਚ ਭਾਰੀ ਦਿਲਚਸਪੀ ਲਈ। 1896 ਵਿਚ ਬਹੁਤ ਸਾਰੇ ਕਾਲ ਪੀੜਤ ਲੋਕ ਬੀਕਾਨੇਰ ਤੋਂ ਅੰਮ੍ਰਿਤਸਰ ਵਿਚ ਆਏ ਹੋਏ ਸਨ। ਉਸਨੇ ਕਾਲ ਰਾਹਤ ਫੰਡ ਖੋਲ੍ਹ ਦਿੱਤਾ। ਉਸਨੇ ਸਲਾਨਾ ਪਸ਼ੂ ਮੇਲੇ ਦਾ ਪ੍ਰਬੰਧ ਜ਼ਿਲ੍ਹਾ ਬੋਰਡ ਤੋਂ ਲੈ ਕੇ ਨਗਰ ਪਾਲਿਕਾ ਨੂੰ ਦੇ ਦਿੱਤਾ ਅਤੇ ਇਸ ਉਪਰੰਤ ਕਾਫੀ ਸਮਾਂ ਨਗਰ ਪਾਲਿਕਾ ਨੇ ਇਸ ਮੇਲੇ ਤੋਂ ਨਗਭਗ 70,000 ਰੁਪਏ ਸਲਾਨਾ ਦਾ ਲਾਭ ਕਮਾਇਆ। ਉਸਨੇ ਅੰਮ੍ਰਿਤਸਰ ਵਿਚ ਇਕ ਮਿਉਂਸਪਲ ਤਕਨੀਕੀ ਸਕੂਲ ਸਥਾਪਤ ਕੀਤਾ। ਉਸਨੇ ਕਈ ਬਾਗ ਲਗਵਾਏ ਜਿਹੜੇ ਬਾਅਦ ਵਿਚ ਨਿਕੋਲ ਬਾਗ ਵਜੋਂ ਜਾਣੇ ਜਾਂਦੇ ਸਨ (ਹੁਣ ਸੇਠ ਰਾਧਾ ਕਿਸ਼ਨ ਪਾਰਕ ਕਿਹਾ ਜਾਂਦਾ ਹੈ) ਉਸਨੂੰ ਦਿੱਲੀ ਵਿਚ ਹੋਈ ਮਿਉਂਸਪਲ ਅਤੇ ਜ਼ਿਲ੍ਹਾ ਕਾਨਫਰੰਸ ਦੀ ਪ੍ਰਧਾਨਗੀ ਨਾਲ ਸਨਮਾਨਤ ਕੀਤਾ ਗਿਆ। ਉਸਦੇ ਅਹੁਦੇ ਦੀ ਮਿਆਦ ਸਮੇਂ ਮਹਾਰਾਣੀ ਵਿਕਟੋਰੀਆ ਦਾ ਡਾਇਮੰਡ ਜੁਬਲੀ ਧੂਮਧਾਮ ਨਾਲ ਮਨਾਹੀ ਗਈ ਅਤੇ ਬਾਅਦ ਵਿਚ ਮਹਾਰਾਣੀ ਦੀ ਸੰਗਮਰਮਰ ਦਾ ਇਕ ਬੁੱਤ ਕੁਆਸਰ-ਇ-ਬਾਗ ਵਿਚ ਲਗਾਇਆ ਗਿਆ ਜਿਸ ਤੋਂ ਪਰਦਾ ਹਟਾਉਣ ਦੀ ਰਸਮ, ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ.ਡੀ.ਫਿਜਪੈਟਰਿਕ ਨੇ ਅਦਾ ਕੀਤੀ ।[41]

ਨਿਕੋਲ ਇੱਕ ਆਦਰਸ਼ਵਾਦੀ ਅਤੇ ਉਸਾਰੂ ਕਾਬਲੀਅਤ ਵਾਲਾ ਆਦਮੀ ਸੀ ਜਿਸਨੂੰ ਸ਼ਹਿਰ ਵਿਚ ਸੁਧਾਰ ਕਰਨ ਲਈ ਲਗਾਇਆ ਗਿਆ ਸੀ। ਉਸਨੂੰ ਇਸ ਤਰ੍ਹਾਂ ਨਾਲ ਸ਼ਹਿਰ ਨੂੰ ਸੁੰਦਰ ਬਣਾਉਣ ਦਾ ਮੋਢੀ ਕਿਹਾ ਜਾ ਸਕਦਾ ਹੈ। ਇਸ ਸੁੰਦਰਤਾ ਤੋਂ ਪ੍ਰਭਾਵਤ ਹੋ ਕੇ ਬਾਅਦ ਵਿਚ ਕਈ ਅਫਸਰਾਂ ਵਿਚ ਸ਼ਹਿਰ ਤੇ ਹੁਕਮਰਾਨ ਬਣਨ ਦੀ ਇੱਛਾ ਪੈਦਾ ਕਰ ਦਿੱਤੀ। ਪੰਜਾਬ ਸਰਕਾਰ ਨੇ ਵਿਧੀ ਪੂਰਵਕ ਉਸ ਦੀਆਂ ਕੀਮਤੀ ਸੇਵਾਵਾਂ ਦੀ ਪ੍ਰਸੰਸਾ ਕੀਤੀ ਅਤੇ ਉਸਨੂੰ ਸੀ.ਆਈ.ਈ ਦਾ ਖਿਤਾਬ ਅਤੇ ਕਈ ਮੁਰੱਬੇ ਜ਼ਮੀਨ ਬਖ਼ਸ਼ੀ। ਉਸਦੀ 9 ਨਵੰਬਰ 1897 ਵਿਚ ਹੋਈ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਅਖਬਾਰਾਂ ਨੇ ਉਸਨੂੰ ਸ਼ਹਿਰ ਤੇ ਵੱਡੇ ਸ਼ੁਭਚਿੰਤਕ ਵਜੋਂ ਸਰਾਹਿਆ ਅਤੇ ਉਸਨੂੰ 'ਗਰੀਬਾਂ ਦਾ ਬੇ-ਤਾਜ਼ ਬਾਦਸ਼ਾਹ' ਕਿਹਾ। ਮਿਸਟਰ ਨਿਕੋਲ ਦੇ ਸੈਕਟਰੀ ਵਜੋਂ ਉਤਰਅਧਿਕਾਰੀ ਜੇ.ਏ. ਐਸਲੋਪ ਬਣੇ, ਜਿਸ ਦੇ ਸਮੇਂ ਵਿਚ ਲਾਰਡ ਕਰਜਨ 25 ਅਪਰੈਲ 1899 ਨੂੰ ਅੰਮ੍ਰਿਤਸਰ ਆਇਆ ਅਤੇ ਉਸਨੇ ਟਾਉਣ ਹਾਲ ਵਿਚ ਦਰਬਾਰ ਲਗਾਇਆ। 1900 ਵਿਚ ਲਾਰਡ ਕਰਜਨ ਨੇ ਸਵਰਨ ਮੰਦਰ ਨੂੰ ਇਕ ਵੱਡੀ ਘੜੀ ਭੇਟ ਕੀਤੀ ਜੋ ਮੁੱਖ ਹਾਲ ਵਿਚ ਸੰਭਾਲੀ ਹੋਈ ਹੈ। ਜੇ.ਡਬਲਿਯੂ. ਡੇਨੀਅਰ ਗਾਰਡੀਨਰ ਦੀ ਸਕੱਤਰ ਵਜੋਂ ਮਿਆਦ ਦੌਰਾਨ ਸਾਰਾਗੜ੍ਹੀ ਦੀ ਯਾਦਗਾਰ ਬਣਾਈ ਗਈ, ਜਿਸਤੋਂ 14 ਫਰਵਰੀ 1902 ਨੂੰ ਪਰਦਾ ਉਠਾਇਆ ਗਿਆ। ਪੰਜਾਬ ਦੇ ਲੈਫਟੀਨੈਂਟ ਗਵਰਨਰ, ਸਰ ਡਬਲਿਯੂ.ਐਮ. ਯੰਗ ਦੁਆਰਾ 1902 ਵਿਚ ਇਸਲਾਮੀਆ ਸਕੂਲ ਦੀ ਨਵੀਂ ਇਮਾਰਤ ਦਾ ਉਦਘਾਟਨ ਹੋਇਆ। 1 ਦਸੰਬਰ 1902 ਵਿਚ ਮਿਸਟਰ ਗੋ ਨੂੰ ਸਕੱਤਰ ਨਿਯੁਕਤ ਕੀਤਾ ਗਿਆ ਅਤੇ ਉਸਦੇ ਸਮੇਂ ਵਿਚ ਨਗਰ ਜਲ

ਯੋਜਨਾ ਅਤੇ ਵਿਕਟੋਰੀਆ ਜੁਬਲੀ ਹਸਪਤਾਲ ਦੇ ਕੰਮ ਆਰੰਭੇ ਗਏ ਅਤੇ ਉਨ੍ਹਾਂ ਦਾ ਉਦਘਾਟਨ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਸੀ.ਐਮ ਰੀਵਾਸ ਨੇ ਕੀਤਾ। ਉਸਦੇ ਸਮੇਂ ਵਿਚ ਹੀ ਵੇਲਜ਼ ਦੇ ਸ਼ਹਿਜ਼ਾਦਾ (ਸਵਰਗੀ ਜਾਰਜ ਵੀ) ਅੰਮ੍ਰਿਤਸਰ ਵਿਚ ਆਏ। ਮਿਸਟਰ ਪੀ.ਜੇ.ਰਸਟ ਨੇ ਆਪਣੇ ਸਮੇਂ ਨਗਰਪਾਲਿਕਾ ਦੇ ਕਰ ਵਿਭਾਗ ਨੂੰ ਆਪਣੇ ਪੱਕੇ ਪੈਰਾਂ ਤੇ ਖੜ੍ਹਾ ਕੀਤਾ। ਇਕ ਹੋਰ ਮਹੱਤਵਪੂਰਨ ਤਰੱਕੀ ਦਾ ਕੰਮ ਜੋ ਸਕੱਤਰ ਮਿਸਟਰ ਪੀ.ਮਾਰਸਡਨ, ਆਈ .ਸੀ.ਐਸ. ਦੇ ਸਮੇਂ ਵਿਚ ਹੋਇਆ, ਉਹ ਸੀ ਬਿਜਲੀ ਸਪਲਾਈ ਪਲਾਂਟ ਦਾ ਲੱਗਣਾ, ਜਿਸ ਦਾ ਉਦਘਾਟਨ ਪੰਜਾਬ ਦੇ ਲੈਫਟੀਨੈਂਟ ਗਵਰਨਰ, ਸਰ ਮਾਈਕਲ ਓ ਡਵਾਇਰ ਨੇ ਕੀਤਾ। ਮਿਸਟਰ ਮਾਰਸਡਨ ਤੋਂ ਬਾਅਦ ਮਿਸਟਰ ਏ.ਸੀ. ਬੰਡਨੋਕ ਆਏ ਅਤੇ ਉਨ੍ਹਾਂ ਨੇ ਰਿਸ਼ਵਤਖੋਰੀ ਨੂੰ ਖਤਮ ਕਰਨ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ।

ਰਾਜਾ ਕਲਿਆਣ ਸਿੰਘ ਦੇ ਪੁੱਤਰ, ਲਾਲ ਰਤਨ ਚੰਦ, ਨਗਰਪਾਲਿਕਾ ਮੈਂਬਰ ਅਤੇ ਬਾਅਦ ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਨੇ, 1891 ਵਿਚ ਮੁਹਰਮ ਦੌਰਾਨ ਮਜ਼ਬੀ ਫਸਾਦਾਂ ਨੂੰ ਦਬਾਉਣ ਅਤੇ ਮਲੇਰੀਏ ਦੀ ਮਹਾਂਮਾਰੀ ਸਮੇਂ ਪ੍ਰਸ਼ਾਸਨ ਦੀ ਕਾਫੀ ਮਦਦ ਕੀਤੀ। 1914 ਵਿਚ ਹੈਜ਼ੇ ਦੀ ਬਿਮਾਰੀ ਫੈਲ ਗਈ ਜਿਸ ਨਾਲ 747 ਵਿਅਕਤੀਆਂ ਦੀਆਂ ਜਾਨਾਂ ਗਈਆਂ। 1918, 1924 ਅਤੇ 1926 ਵਿਚ ਪਲੇਗ, 1918 ਅਤੇ 1924 ਵਿਚ ਚੇਚਕ ਅਤੇ 1929 ਵਿਚ ਹੈਜ਼ੇ ਦੀਆਂ ਮਹਾਂਮਾਰੀਆਂ ਫੈਲੀਆਂ। ਜਦੋਂ ਤੱਕ 1919 ਦੀਆਂ ਘਟਨਾਵਾਂ ਨੇ ਅੰਮ੍ਰਿਤਸਰ ਦੀ ਜੀਵਨ ਚਾਲ ਨੂੰ ਭੰਗ ਨਹੀਂ ਕੀਤਾ, ਉਦੋਂ ਤੱਕ ਸ਼ਹਿਰ ਦੀ ਸ਼ਲਾਘਾਯੋਗ ਉਨਤੀ ਹੁੰਦੀ ਰਹੀ ਸੀ। ਇਹ ਸਰਕਾਰੀ ਦਸਤਾਵੇਜ਼ਾਂ ਤੋਂ ਸਪਸ਼ਟ ਹੈ ਕਿ ਸ਼ਹਿਰ ਦੇ ਨਾਗਰਿਕਾਂ ਦਾ ਆਧੁਨਿਕਤਾ ਦੇ ਅਸੂਲਾਂ ਕਾਰਨ ਤਰੱਕੀ ਦਾ ਸ਼ੌਂਕ ਵਧ ਰਿਹਾ ਹੈ।

ਸ਼ਹਿਰ ਦੀ ਹੱਦ ਵਿਚ ਬਦਨਾਮ ਲੋਕਾਂ ਦੇ ਮਕਾਨ ਸਨ। ਭਾਰੀ ਗਿਣਤੀ ਵਿਚ ਵੇਸਵਾਵਾਂ ਰਾਮ ਬਾਗ ਵੱਲ ਕਟੜਾ ਕਨੱਈਆ ਵਿਚ ਰਹਿੰਦੀਆਂ ਸਨ। ਪਹਿਲਾਂ ਚੱਕਲੇ ਵਾਲੀਆਂ ਦੇ ਘਰ ਸਨ। ਦੂਸਰੇ ਉਨ੍ਹਾਂ ਦੇ ਘਰ ਸਨ ਜੋ ਵੇਸਵਾਵਾਂ ਬਣ ਚੁੱਕੀਆਂ ਸਨ। ਤੀਸਰੇ ਜਨਮ ਤੋਂ ਵੇਸ਼ਵਾਵਾਂ ਜਾਂ ਜਿਨ੍ਹਾਂ ਨੇ ਇਹ ਪੇਸ਼ਾ ਅਪਣਾ ਲਿਆ ਸੀ, ਉਨ੍ਹਾਂ ਦੇ ਘਰ ਸਨ। ਪਹਿਲੇ ਦਰਜ਼ੇ ਵਿਚ 27, ਦੂਸਰੇ ਦਰਜ਼ੇ ਵਿਚ 210 ਔਰਤਾਂ ਸਨ, ਪਰੰਤੂ ਤੀਸਰੇ ਦਰਜ਼ੇ ਨਾਲ ਸਬੰਧਤ ਔਰਤਾਂ ਬਾਰੇ ਕੋਈ ਦਸਤਾਵੇਜ਼ ਨਹੀਂ ਮਿਲਦੇ। ਪਹਿਲੇ ਦਰਜ਼ੇ ਦੀਆਂ ਨੂੰ ਚਕਲੇ ਕਹਿੰਦੇ ਸਨ। ਇਹ ਸਿਫਾਰਿਸ਼ ਕੀਤੀ ਗਈ ਸੀ ਕਿ ਇਨ੍ਹਾਂ ਨੂੰ ਹਟਾਉਣ ਲਈ ਸਖ਼ਤ ਕਦਮ ਚੁੱਕੇ ਜਾਣ। ਦੂਸਰਿਆਂ ਬਾਰੇ ਇਹ ਨਸੀਹਤ ਦਿੱਤੀ ਗਈ ਕਿ ਉਨ੍ਹਾਂ ਨੂੰ ਨਾ ਛੇੜਿਆ ਜਾਵੇ। ਤੀਸਰੇ ਦਰਜ਼ੇ ਬਾਰੇ ਸੁਝਾਓ ਦਿੱਤਾ ਗਿਆ ਕਿ ਟਾਊਨ ਹਾਲ ਵੱਲ ਜਾਂਦੇ, ਨਵੇਂ ਬਾਜ਼ਾਰ ਵਿਚ, ਜੋ ਘਰ ਸਥਿਤ ਹਨ, ਉਨ੍ਹਾਂ ਨੂੰ ਤੁਰੰਤ ਬੰਦ ਕਰ ਦਿੱਤਾ ਜਾਵੇ। ਸ਼ਹਿਰ ਦੇ ਹੋਰ ਭਾਗਾਂ ਵਿਚ ਸਥਿਤ ਮਕਾਨਾਂ ਬਾਰੇ ਸੁਝਾਓ ਦਿੱਤਾ ਗਿਆ ਕਿ ਉਨ੍ਹਾਂ ਦੇ ਵਸਨੀਕਾਂ ਨੂੰ ਨੋਟਿਸ ਦਿੱਤਾ ਜਾਵੇ ਕਿ ਜੇਕਰ ਉਹ ਜਨਤਕ ਸਦਾਚਾਰ ਵਿਰੋਧੀ ਕੋਈ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਬਾਅਦ ਵਿਚ ਜੂਨ 1913 ਵਿਚ ਜਦੋਂ ਮਿਸਟਰ ਸੀ.ਐਸ.ਕਿੰਗ, ਡਿਪਟੀ ਕਮਿਸ਼ਨਰ ਅਤੇ ਨਗਰ ਪਾਲਿਕਾ ਦਾ ਪ੍ਰਧਾਨ ਸੀ, ਉਸ ਦੇ ਸਾਹਮਣੇ ਇਹ ਸੁਝਾਅ ਪੇਸ਼ ਕੀਤਾ ਗਿਆ ਕਿ ਸ਼ਹਿਰ ਵਿਚ ਰਹਿਣ ਵਾਲੀਆਂ ਵੇਸਵਾਵਾਂ ਨੂੰ ਨਗਰ

ਪਾਲਿਕਾ ਦਾ ਖੇਤਰ ਛੱਡਣ ਲਈ ਮਜਬੂਰ ਕੀਤਾ ਜਾਵੇ। 1921 ਵਿਚ ਫਿਰ ਨਗਰਪਾਲਿਕਾ ਅਧਿਕਾਰੀ ਵੇਸਵਾਵਾਂ ਨੂੰ ਬਾਹਰ ਕੱਢਣ ਲਈ ਉਤਸੁਕ ਸਨ, ਪਰੰਤੂ ਮਿਸਟਰ ਕਿੰਗ ਦੇ ਸੁਝਾਓ ਕਿ ਸ਼ਹਿਰ ਦੇ ਇਕ ਵਿਸ਼ੇਸ਼ ਖੇਤਰ ਵਿਚ ਉਨ੍ਹਾਂ ਦੇ ਰਹਿਣ ਲਈ ਕੁਆਰਟਰ ਦਿੱਤੇ ਜਾਣ, ਇਸ ਮਸਲੇ ਤੇ ਅੱਗੇ ਕੋਈ ਕਾਰਵਾਈ ਨਾ ਕੀਤੀ ਗਈ। ਅਖੀਰ 1947 ਦੀ ਮਜ਼ਬੀ ਗੜਬੜ ਦੌਰਾਨ ਵੇਸਵਾਵਾਂ ਹੋਰ ਥਾਵਾਂ ਤੇ ਚਲੀਆਂ ਗਈਆਂ ਅਤੇ ਇਸ ਤਰ੍ਹਾਂ ਸ਼ਹਿਰ ਨੂੰ ਇਸ ਗ਼ੈਰ ਸਦਾਚਾਰਕ ਧੰਦੇ ਤੋਂ ਛੁਟਕਾਰਾ ਮਿਲ ਗਿਆ।

ਨਗਰਪਾਲਿਕਾ ਦੇ ਹੱਥ ਵਿਚ ਫੰਡ ਸੀਮਤ ਸਨ ਅਤੇ ਇਨ੍ਹਾਂ ਨੂੰ ਵਧਾਉਣ ਲਈ ਕਰ ਵਿਭਾਗ ਨੂੰ ਮੁੜ ਸੰਗਠਿਤ ਕਰਨਾ ਅਤੇ ਕਰਾਂ ਦੀ ਚੋਰੀ ਨੂੰ ਰੋਕਣਾ ਬਹੁਤ ਜ਼ਰੂਰੀ ਸੀ ਅਤੇ ਇਮਾਰਤਾਂ ਅਤੇ ਘੰਟਾ ਘਰਾਂ ਦੀ ਉਸਾਰੀ ਨੂੰ ਗੈਰ ਜ਼ਰੂਰੀ ਸਮਝਿਆ ਗਿਆ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਜ਼ਰੂਰੀ ਚੀਜ਼ਾਂ, ਜਿਵੇਂ ਸਿੱਖਿਆ, ਨੀਵੀਆਂ ਥਾਵਾਂ ਨੂੰ ਭਰਨ, ਉਚੀਆਂ ਨੀਵੀਆਂ ਥਾਵਾਂ ਤੇ ਬਾਗ ਲਾਉਣ, ਸਕੂਲ ਅਤੇ ਸੜਕਾਂ ਬਣਾਉਣ ਆਦਿ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਨਗਰਪਾਲਿਕਾ ਦੀਆਂ ਬੈਠਕਾਂ ਦੇ ਤਜਰਬੇ ਨੇ ਨਾਗਰਿਕਾਂ ਵਿਚ ਨਾਗਰਿਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਨੇ ਸਮਾਜ ਭਲਾਈ ਸਕੀਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਕਲਿਆਣ ਸਿੰਘ ਨੇ ਆਮਦਨ ਕਰ ਅਤੇ ਮਕਾਨ ਕਰ ਲਗਾਉਣ ਅਤੇ ਇਕੱਤਰ ਕਰਨ ਵਿਚ ਵੱਡਮੁੱਲੀ ਸੇਵਾ ਕੀਤੀ।

1919 ਤੋਂ ਪਹਿਲਾ ਸਮਾਂ ਮੁਢਲੇ ਤੌਰ ਤੇ ਨਾਗਰਿਕ ਫਰਜ਼ਾਂ ਦੀ ਉਨਤੀ ਦਾ ਸਮਾਂ ਹੈ ਜਦੋਂ ਸਰਕਾਰੀ ਅਤੇ ਗੈਰ ਸਰਕਾਰੀ ਲੋਕ ਮਿਲ ਕੇ ਬੈਠਦੇ ਸਨ, ਮਸਲਿਆਂ ਤੇ ਵਿਚਾਰ ਚਰਚਾ ਕਰਦੇ ਅਤੇ ਆਪਣੇ ਆਪ ਪਿਆਰ ਦੀ ਭਾਵਨਾ ਨਾਲ ਫੈਸਲੇ ਕਰ ਲੈਂਦੇ ਸਨ। ਉਸ ਵੇਲੇ ਕੋਈ ਅਪੀਲ ਨਹੀਂ ਸੀ ਹੁੰਦੀ ਅਤੇ ਨਾ ਹੀ ਇਨ੍ਹਾਂ ਮਸਲਿਆਂ ਦੀ ਅਖਬਾਰਾਂ ਵਿਚ ਚਰਚਾ ਕੀਤੀ ਜਾਂਦੀ ਸੀ। ਨਗਰ ਪਾਲਿਕਾ ਪ੍ਰਬੰਧ ਵਿਚ ਸਰਕਾਰ ਦਾ ਮਕਸਦ ਇਹੋ ਸੀ ਕਿ 'ਰਾਜਨੀਤੀ' ਨੂੰ ਲੋਕਾਂ ਤੋਂ ਦੂਰ ਰੱਖਿਆ ਜਾਵੇ ਅਤੇ ਜੋ ਲੋਕ ਕੌਮੀ ਅੰਦੋਲਨ ਨਾਲ ਹਮਦਰਦੀ ਰੱਖਦੇ ਸਨ, ਉਨ੍ਹਾਂ ਨੂੰ ਡਰਾਇਆ ਜਾਵੇ। ਗੈਰ ਸਰਕਾਰੀ ਉਹ ਲੋਕ ਜੋ ਜਨਤਕ ਜੀਵਨ ਵਿਚ ਨੇਤਾ ਸਨ, ਆਮ ਤੌਰ ਤੇ ਧਨਵਾਨ, ਖੁਲ੍ਹੇ ਦ੍ਰਿਸ਼ਟੀਕੋਣ, ਆਪਣੀਆਂ ਮੰਗਾਂ ਪ੍ਰਤੀ ਸੰਜਮੀ, ਆਪਣੇ ਢੰਗਾਂ ਪ੍ਰਤੀ ਸੁਚੇਤ ਅਤੇ ਗੱਲਬਾਤ ਰਾਹੀਂ ਸਮਝੌਤੇ ਦੇ ਲਾਭ ਵਿਚ ਵਿਸ਼ਵਾਸ ਰੱਖਣ ਵਾਲੇ ਸਨ। ਚੋਣਾਂ ਹੋਈਆਂ ਅਤੇ ਕਾਫੀ ਮੁਕਾਬਲੇ ਦੇ ਸਿੱਟੇ ਨਿਕਲੇ। ਵਿਸਥਾਰ ਅਤੇ ਉਨਤੀ ਦੇ ਕੰਮ ਚਲਦੇ ਰਹੇ ਅਤੇ ਇੰਗਲੈਂਡ ਤੇ ਆਏ ਸੰਕਟ ਸਮੇਂ ਵਿਸ਼ਵ ਯੁੱਧ ਅੰਮ੍ਰਿਤਸਰ ਨੇ ਵੱਡੀ ਸੰਖਿਆ ਵਿਚ ਫੌਜੀ ਦਸਤੇ ਭੇਜੇ। ਅਜਿਹਾ ਕਰਨ ਨਾਲ ਅੰਮ੍ਰਿਤਸਰ ਜਵਾਨਾਂ ਅਤੇ ਹੋਰ ਸਥਾਨਾਂ ਤੋਂ ਵਿਰਵਾ ਹੋ ਗਿਆ ਅਤੇ ਲੜਾਈ ਉਪਰੰਤ ਅੰਮ੍ਰਿਤਸਰ ਦਾ ਰੂਪਾਂਤਰਣ ਹੋ ਗਿਆ ਜਿਸ ਵਿਚ ਜਲ੍ਹਿਆਂ ਵਾਲਾ ਬਾਗ ਇਕ ਅਸਲੀਅਤ ਬਣ ਗਿਆ। ਪਹਿਲੀ ਸੰਸਾਰ ਜੰਗ ਕਾਰਨ ਹਾਲਾਤ ਕੋਈ ਨਵੀਂ ਯੋਜਨਾ ਸ਼ੁਰੂ ਕਰਨ ਲਈ ਅਨੁਕੂਲ ਨਹੀਂ ਸਨ ਅਤੇ ਜੰਗ ਤੋਂ ਤੁਰੰਤ ਬਾਅਦ ਸ਼ਹਿਰ ਅਜਿਹੇ ਦਰਦਨਾਕ ਤਜਰਬਿਆਂ ਵਿਚੋਂ ਇਕ ਦੀ ਪਕੜ ਵਿਚ ਆ ਗਿਆ ਜਿਸ ਨੇ ਕਦੇ ਲੋਕਾਂ ਦੇ ਜੀਵਨਾਂ ਨੂੰ ਡਰਾਉਣਾ ਬਣਾ ਦਿੱਤਾ ਸੀ।

## ਹਵਾਲੇ ਤੇ ਟਿੱਪਣੀਆਂ

1. ਪੰਜਾਬ ਸਰਕਾਰ ਦੇ ਰਿਕਾਰਡ, ਗਵਰਨਰ ਜਨਰਲ ਦੇ ਪ੍ਰਤੀਨਿਧ ਦੀਆਂ ਡਾਇਰੀਆਂ ਉਤਰ ਪੱਛਮੀ ਸੀਮਾਂ ਅਤੇ ਲਾਹੌਰ ਦਾ ਵਸਨੀਕ (1 ਜਨਵਰੀ, 1847-4 ਮਾਰਚ 1848), ਕਰਨਲ ਹੈਨਰੀ ਐਮ. ਲਾਰੰਸ, ਪੰਨਾ 88, ਐਫ ਐਫ 125-8.
2. ਪੰਜਾਬ ਦੇ ਪ੍ਰਬੰਧ ਤੇ ਇਕ ਆਮ ਰਿਪੋਰਟ (1849-50) ਅਤੇ (1850-51) ਪੰਨਾ 38
3. ਆਰ.ਬੋਸਵਰਥ ਸਮਿੱਥ, ਦੀ ਲਾਈਫ ਆਫ ਲਾਡਰ ਲਾਰੰਗ, ਭਾਗ-1, ਪੰਨਾ 297.
4. ਸਰ ਰਿਚਰਡ ਟੈਪਲ, ਮੈਨ ਐਡ ਈਵੈਂਟਸ ਆਫ ਮਾਈ ਟਾਈਮ ਇੰਨ ਇੰਡੀਆ, ਪੰਨਾ, 114.
5. ਆਰ.ਬੋਸਵਰਥ ਸਮਿੱਥ, ਦੀ ਲਾਈਫ ਆਫ ਲਾਡਰ ਲਾਰੰਗ, ਭਾਗ-1,ਪੰਨਾ 297.
6. ਉਹੀ ਭਾਗ-1, ਪੰਨਾ 311
7. ਖਰੜੇ ਵਿਦੇਸ਼ੀ ਮਸ਼ਵਰੇ (1853) 10 ਜੂਨ ਨੰ: 217 (ਭਾਰਤ ਦਾ ਰਾਸ਼ਟਰੀ ਪੁਰਾਲੇਖ ਭਵਨ, ਨਵੀਂ ਦਿੱਲੀ)
8. ਜੇ.ਜੀ.ਏ.ਬੇਅਰਡ, ਪ੍ਰਾਈਵੇਟ ਲੈਟਰਜ਼ ਆਫ ਦੀ ਮਾਕੂਏਸ ਆਫ ਡਲਹੌਜੀ ਪੰਨੇ 165-66.
9. ਆਰ.ਬੋਸਵਰਥ ਸਮਿੱਥ, ਦੀ ਲਾਈਫ ਆਫ ਲਾਰਡ ਲਾਰੰਸ, ਭਾਗ-1,ਪੰਨਾ 333.
10. ਆਰ. ਬੋਸਵਰਥ ਸਮਿੱਥ,ਦੀ ਲਾਈਫ ਆਫ ਲਾਰਡ ਲਾਰੰਸ ਭਾਗ-1,ਪੰਨਾ 333.
11. ਸਰ ਰਿਚਰਡ ਟੈਪਲ, ਮੈਨੂੰ ਐਡ ਈਵੈਂਟਸ ਆਫ ਮਾਈ ਟਾਈਮ ਇੰਨ ਇੰਡੀਆ, ਪੰਨਾ, 114.
12. ਜੇ.ਜੀ.ਏ.ਬੇਅਰਡ, ਪ੍ਰਾਈਵੇਟ ਲੈਟਰਜ਼ ਆਫ ਦੀ ਮਾਕੂਏਸ ਆਫ ਡਲਹੌਜੀ ਪੰਨੇ 145-47.
13. ਉਕਤ ਪੰਨਾ 165-66.
14. ਉਕਤ ਪੰਨਾ 497.
15. ਕੇਵੀਬ੍ਰਾਊਨੇ, ਦੀ ਪੰਜਾਬ ਐਡ ਦਿੱਲੀ ਇਨ 1857, ਭਾਗ-1, ਪੰਨਾ 102.
16. ਉਕਤ ਪੰਨਾ 102.
17. ਜਾਨ ਵਿਲੀਅਮ ਕੇਈ, ਹਿਸਟਰੀ ਆਫ ਦੀ ਸਪਾਏ ਵਾਰ ਇੰਨ ਇੰਡੀਆ, ਭਾਗ-11, ਪੰਨੇ 434-35.
18. ਉਕਤ ਪੰਨਾ 435.
19. ਉਕਤ ਪੰਨਾ 435.
20. ਬੋਸਵਰਥ ਸਮਿੱਥ, ਦੀ ਲਾਈਫ ਆਫ ਲਾਰਡ ਲਾਰੰਸ ਭਾਗ-2,ਪੰਨਾ 138.
21. ਕੇਵ. ਬ੍ਰਾਊਨੇ, ਦੀ ਪੰਜਾਬ ਐਂਡ ਦਿੱਲੀ ਇਨ 1857, ਭਾਗ-1, ਪੰਨਾ 102.
22. ਉਹੀ ਪੰਨਾ 103.
23. ਜਾਨ ਵਿਲੀਅਮ ਕੇਈ, ਹਿਸਟਰੀ ਆਫ ਦੀ ਸਪਾਏ ਵਾਰ ਇੰਨ ਇੰਡੀਆ, ਭਾਗ-11, ਪੰਨੇ 434-35.
24. ਉਹੀ ਪੰਨਾ 636.
25. ਉਹੀ ਪੰਨਾ 635.

26. ਅੰਮ੍ਰਿਤਸਰ ਜ਼ਿਲ੍ਹੇ ਦਾ ਗਜ਼ਟ (1883-84) ਪੰਨਾ 12.
27. ਸਰ ਰਿਚਰਡ ਟੈਂਪਲ, ਮੈਨੱ ਐਂਡ ਈਵੈਂਟਸ ਆਫ ਮਾਈ ਟਾਈਮ ਇੰਨ ਇੰਡੀਆ, ਪੰਨਾ, 133.
28. ਕੇਵੀ.ਬ੍ਰਾਊਨੇ, ਦੀ ਪੰਜਾਬ ਐਂਡ ਦਿੱਲੀ ਇਨ 1857,ਭਾਗ-1,ਪੰਨਾ 133.
29. ਉਕਤ
30. ਸੁਰੇਂਦਰਾ ਨਾਥ ਸੇਨ, ਏਟੀਨ ਫਿਫਟੀ ਸੈਵਨ, ਪੰਨਾ 334.
31. ਕੇਵ. ਬ੍ਰਾਊਨੇ, ਦੀ ਪੰਜਾਬ ਐਂਡ ਦਿੱਲੀ ਇਨ 1857, ਭਾਗ-1,ਪੰਨਾ 104
32. ਉਹੀ
33. ਮੀਟਿੰਗ ਦਾ ਬਿਰਤਾਂਤ, ਵਿਦੇਸ਼ ਵਿਭਾਗ ਦੇ ਰਾਜਨੀਤਿਕ ਮਸ਼ਵਰੇ ਦੇ ਅਨੁਕ੍ਰਮ ਵਿਚ ਅਣਛਪੇ ਦਸਤਾਵੇਜ਼ਾਂ ਤੇ ਅਧਾਰਤ ਹੈ, 28 ਅਪਰੈਲ,1854 ਨੰਬਰ 243-48 ਅਤੇ 26 ਮਈ ਨੰਬਰ 208-11 ਬੀ (ਭਾਰਤ ਦਾ ਰਾਸ਼ਟਰੀ ਪੁਰਾਲੇਖ ਭਵਨ, ਨਵੀਂ ਦਿੱਲੀ)
34. ਵਿਦੇਸ਼ ਵਿਭਾਗ ਦੇ ਰਾਜਨੀਤਿਕ ਮਸ਼ਵਰੇ ਦੇ ਅਨੁਕ੍ਰਮ 28 ਅਪਰੈਲ, 1854 ਨੰਬਰ 243-48 (ਭਾਰਤ ਦਾ ਰਾਸ਼ਟਰੀ ਪੁਰਾਲੇਖ ਭਵਨ, ਨਵੀ ਦਿੱਲੀ)
35. ਪੰਜਾਬ ਸਰਕਾਰ ਦਾ ਰਿਕਾਰਡ, ਗਵਰਨਰ ਜਨਰਲ ਦੇ ਪ੍ਰਤੀਨਿਧੀ ਦੀਆਂ ਡਾਇਰੀਆਂ, ਉਤਰ ਪੱਛਮੀ ਸੀਮਾਂ ਅਤੇ ਲਾਹੌਰ ਦਾ ਵਸਨੀਕ, ਕਰਨਲ ਹੈਨਰੀ. ਐਮ.ਲਾਰੰਸ (1 ਜਨਵਰੀ) 1847-4 ਮਾਰਚ 1848) ਪੰਨਾ 88
36. ਪੰਜਾਬ ਸਰਕਾਰ ਦਾ ਰਿਕਾਰਡ, ਗਵਰਨਰ ਜਨਰਲ ਦੇ ਪ੍ਰਤੀਨਿਧੀ ਦੀਆਂ ਡਾਇਰੀਆਂ, ਉਤਰ ਪੱਛਮੀ ਸੀਮਾਂ ਅਤੇ ਲਾਹੌਰ ਦਾ ਵਸਨੀਕ, ਕਰਨਲ ਹੈਨਰੀ. ਐਮ. ਲਾਰੰਸ (1 ਜਨਵਰੀ) 1847-4 ਮਾਰਚ 1848) ਪੰਨਾ 88.
37. ਖਰੜੇ ਵਿਦੇਸ਼ੀ ਮਸ਼ਵਰੇ, 29 ਦਸੰਬਰ, 1852, ਨੰਬਰ 144 (ਭਾਰਤ ਦਾ ਰਾਸ਼ਟਰੀ ਪੁਰਾਲੇਖ ਭਵਨ, ਨਵੀਂ ਦਿੱਲੀ)
38. ਉਕਤ
39. ਨਗਰ ਪਾਲਿਕਾ ਦਾ ਰਿਕਾਰਡ, ਫਾਈਲ ਨੰ: 38 ਏ. ਨਗਰ ਪਾਲਿਕਾ ਅੰਮ੍ਰਿਤਸਰ.
40. ਸਰਦਾਰ ਨਾਹਰ ਸਿੰਘ, ਏ ਸ਼ਾਰਟ ਅਕਾਉਂਟ ਆਫ ਦੀ ਕੂਕਾਜ਼ ਆਰ ਨਾਮਧਾਰੀਜ਼, ਦਿੱਲੀ, ਪੰਨਾ 11.
41. ਪੰਜਾਬ ਸਰਕਾਰ ਦੇ ਹੁਕਮਾਂ ਅਧੀਨ, ਇਹ ਬੁੱਤ ਪੰਜਾਬ ਸਰਕਾਰ ਪਟਿਆਲਾ ਵਿਖੇ ਅਜਾਇਬ ਘਰ ਵਿਚ ਭੇਜ ਦਿੱਤਾ ਗਿਆ ਹੈ।

## ਅਧਿਆਇ - ਪੰਜਵਾਂ

# ਜਲ੍ਹਿਆਂ ਵਾਲਾ ਬਾਗ

ਸਾਰੇ ਪੰਜਾਬ ਵਿੱਚ ਇਹ ਵੇਖ ਕੇ ਲੋਕ ਮਾਯੂਸ ਹੋ ਗਏ ਕਿ ਜੰਗ ਦੇ ਖਤਮ ਹੋ ਜਾਣ ਉਪਰੰਤ ਵੀ ਖ਼ੁਸ਼ਹਾਲੀ ਦਾ ਦੌਰ ਸ਼ੁਰੂ ਨਹੀਂ ਹੋਇਆ। ਭਾਰਤ ਦੇ ਰਾਜਸੀ ਲੋਕਾਂ ਦੇ ਮਨਾਂ ਵਿਚ ਇਹ ਸ਼ੰਕਾ ਸੀ ਕਿ ਹੁਣ ਖਤਰੇ ਦੀ ਘੜੀ ਟਲ ਗਈ ਹੈ ਇਸ ਲਈ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਵੇਗਾ, ਪਰ ਪੜ੍ਹੇ ਲਿਖੇ ਲੋਕਾਂ ਤੱਕ ਇਹ ਖਿਆਲ ਮਹਿਦੂਦ ਨਹੀਂ ਸੀ।[1] ਆਰਜ਼ੀ ਤੌਰ 'ਤੇ ਯੁੱਧ ਵਿਰਾਮ ਸੰਧੀ ਤੇ ਦਸਤਖਤ ਹੋਣ ਉਪਰੰਤ ਅੰਗਰੇਜ਼ ਲੋਕਾਂ ਦੇ ਵਤੀਰੇ ਵਿਚ ਆਮ ਤੌਰ ਭਾਰਤੀ ਲੋਕਾਂ ਦੀਆਂ ਇਛਾਵਾਂ ਅਤੇ ਖਾਸ ਕਰਕੇ ਰਾਜਨੀਤਿਕ ਸੁਧਾਰਾਂ ਬਾਰੇ ਪ੍ਰਤੱਖ ਤਬਦੀਲੀ ਆ ਗਈ ਸੀ। ਸਰ ਵੈਲੇਨਟਾਈਨ ਚਿਰੋਲ ਵਿਰੁੱਧ ਬਾਲ ਗੰਗਾਧਰ ਤਿਲਕ ਵਲ ਕੀਤੀ ਅਪਮਾਨ-ਜਨਕ ਕਾਰਵਾਈ ਦੇ ਨਤੀਜੇ ਵਜੋਂ ਲੋਕਾਂ ਨੂੰ ਡਰ ਸੀ ਕਿ ਭਾਰਤ ਵਿਚ ਇਨਕਲਾਬੀ ਅੰਦੋਲਨ ਦਾ ਬਹਾਨਾ ਬਣਾ ਕੇ ਨਿਰਸੰਦੇਹ ਰਾਜਨੀਤਿਕ ਸੁਧਾਰਾਂ ਦੀ ਕਾਰਵਾਈ ਨੂੰ ਪਿੱਛੇ ਪਾ ਦਿੱਤਾ ਜਾਵੇਗਾ। ਦੁਰਾਚਾਰੀ ਢੰਗਾਂ ਨਾਲ ਕੀਤੀ ਫੌਜੀ ਭਰਤੀ ਅਤੇ ਜੰਗੀ ਉਧਾਰ ਵਿਚ ਵਾਧੇ ਨੇ ਲੋਕਾਂ ਦੇ ਮਨਾਂ ਵਿਚ ਅਸੰਤੁਸ਼ਟੀ ਦੇ ਬੀਜ ਬੋ ਦਿੱਤੇ। ਤੁਰਕੀ ਦੀ ਬਦਕਿਸਮਤੀ ਕਾਰਨ ਮੁਸਲਮਾਨਾਂ ਦੇ ਮਨਾਂ ਵਿਚ ਭਾਰੀ ਬੇਚੈਨੀ ਫੈਲ ਗਈ ਜੋ ਖਿਲਾਫਤ ਅਤੇ ਇਸਲਾਮ ਦੇ ਪਵਿੱਤਰ ਅਸਥਾਨਾਂ ਬਾਰੇ ਸੰਘਰਸ਼ ਕਰ ਰਹੇ ਸਨ। ਭਾਰਤ ਵਿਚ ਮੁਸਲਮਾਨਾਂ ਦਾ ਖਿਆਲ ਸੀ ਕਿ ਬਰਤਾਨਵੀ ਸਰਕਾਰ ਅਤੇ ਉਸਦੇ ਸਾਥੀ ਉਨ੍ਹਾਂ ਦੇ ਵਿਚਾਰਾਂ ਦੀ ਕੋਈ ਪ੍ਰਵਾਹ ਨਹੀਂ ਸੀ ਕਰ ਰਹੇ। ਅਮਰੀਕਾ, ਕੈਨੇਡਾ ਅਤੇ ਦੂਰ ਪੂਰਬ ਤੋਂ ਬਹੁਤ ਸਾਰੇ ਆਵਾਸੀ ਪੰਜਾਬ ਵਿਚ ਆਏ ਜੋ ਇਨਕਲਾਬੀ ਵਿਚਾਰਾਂ ਤੋਂ ਪ੍ਰਭਾਵਤ ਸਨ। ਖਾਣ ਪੀਣ ਦੀਆਂ ਚੀਜ਼ਾਂ ਅਤੇ ਕੱਪੜੇ ਦੀਆਂ ਕੀਮਤਾਂ ਵਿਚ ਲਗਾਤਾਰ ਵਾਧੇ ਅਤੇ 1918 ਵਿਚ ਮਾਨਸੂਨ ਦੇ ਨਾ ਆਉਣ ਕਾਰਨ ਗਰੀਬ ਅਤੇ ਮੱਧ ਦਰਜ਼ੇ ਦੇ ਲੋਕਾਂ ਨੂੰ ਮਹਿਸੂਸ ਹੋਣ ਲੱਗਾ ਕਿ ਉਨ੍ਹਾਂ ਦੀ ਤਰਸਯੋਗ ਹਾਲਤ ਲਈ ਕਿਸੇ ਨਾ ਕਿਸੇ ਤਰ੍ਹਾਂ ਸਰਕਾਰ ਹੀ ਜ਼ਿੰਮੇਵਾਰ ਹੈ।[2]

1918 ਦੇ ਅਖੀਰ ਵਿਚ ਹੋਈ ਦਿੱਲੀ ਕਾਂਗਰਸ ਨੇ ਮਾਂਟੇਗੂ ਚੈਮਸਫੋਰਡ ਸੁਧਾਰ ਸਕੀਮ ਨੂੰ ਬਿਲਕੁਲ ਗੈਰ ਤਸੱਲੀਬਖ਼ਸ਼ ਕਹਿ ਕੇ ਰੱਦ ਕਰ ਦਿੱਤਾ ਅਤੇ ਸੂਬਾਈ ਖੁਦਮੁਖਤਾਰੀ ਤੇ ਜ਼ੋਰ ਦਿੱਤਾ, ਪਰੰਤੂ ਆਪਣੀ ਰਾਇ ਨੂੰ ਕੁਝ ਨਰਮ ਕਰਦੇ ਹੋਏ ਸੁਝਾਅ ਦਿੱਤਾ ਕਿ ਛੇ ਸਾਲ ਲਈ ਕਾਨੂੰਨ, ਨਿਆਂ ਅਤੇ ਪੁਲਿਸ ਨੂੰ ਮੌਜੂਦਾ ਪ੍ਰਬੰਧ ਅਧੀਨ ਰਹਿਣ ਦਿੱਤਾ ਜਾਵੇ। ਕਾਂਗਰਸ ਨੇ ਦਿੱਲੀ ਵਿਚ ਪਾਸ ਹੋਏ ਮਤੇ ਦੇ ਅਧਾਰ ਤੇ ਸੁਧਾਰ ਯੋਜਨਾ ਬਾਰੇ ਗੱਲਬਾਤ ਕਰਨ ਲਈ ਇਕ ਸ਼ਿਸ਼ਟ ਮੰਡਲ ਇੰਗਲੈਂਡ ਭੇਜਣ ਦਾ ਮਤਾ ਪਾਸ ਕੀਤਾ। ਇਹ ਕਾਰਵਾਈ ਤਿਲਕ ਅਤੇ ਹੋਰ ਆਜ਼ਾਦ ਪ੍ਰਤੀਨਿਧਾਂ ਦੀ ਅਮਨ ਕਾਨਫਰੰਸ ਵਿਚ ਨਿਯੁਕਤੀ ਲਈ ਸਹਾਇਕ ਸਿੱਧ ਹੋਈ

ਅਤੇ ਵੇਲਜ਼ ਦੇ ਸ਼ਹਿਜ਼ਾਦੇ ਨੂੰ 'ਜੀ ਆਇਆਂ' ਕਹਿਣ ਨੂੰ ਤਿਆਗ ਦੇਣ ਦੇ ਮਤੇ ਨੇ ਪੜ੍ਹੇ ਲਿਖੇ ਭਾਰਤੀਆਂ ਅਤੇ ਮੌਜੂਦਾ ਬਰਤਾਨਵੀ ਪ੍ਰਬੰਧਾਂ ਵਿਚਕਾਰ ਤਨਾਉ ਪੈਦਾ ਕਰ ਦਿੱਤਾ।

ਜਦੋਂ ਦੋ ਰੌਲਟ ਬਿਲਾਂ (ਇਨ੍ਹਾਂ ਬਿਲਾਂ ਦਾ ਨਾ ਸਰ ਸਿਡਨੀ ਰੌਲਟ, ਹਾਈ ਕੋਰਟ ਦੇ ਜੱਜ ਦੇ ਨਾਂ ਤੇ ਰੱਖਿਆ ਗਿਆ ਸੀ ਜਿਸਦੀ ਅਗਵਾਈ ਵਿਚ ਬਗਾਵਤ ਦਾ ਪਤਾ ਲਾਉਣਾ ਅਤੇ ਇਸ ਦੇ ਨਾਲ ਨਜਿੱਠਣ ਲਈ ਸਿਫਾਰਿਸ਼ਾਂ ਕਰਨ ਲਈ ਇਕ ਕਮੇਟੀ ਨਿਯੁਕਤ ਕੀਤੀ ਗਈ ਸੀ) ਪ੍ਰਸ਼ਾਸਨ ਦੁਆਰਾ ਇਹ ਬਿੱਲ ਪੇਸ਼ ਕੀਤੇ ਗਏ ਤਾਂ ਸਾਰੇ ਦੇਸ਼ ਵਿਚ ਵਿਰੋਧਤਾ ਦੀ ਭਾਵਨਾ ਫੈਲ ਗਈ। ਸਰਕਾਰ ਦਾ ਮੰਤਵ ਭਾਰਤੀ ਸੁਰੱਖਿਆ ਦੀ ਧਾਰਾ ਬਦਲਣ ਦਾ ਸੀ ਜਿਸ ਨਾਲ ਲੋਕਾਂ ਦੀ ਸੁਤੰਤਰਤਾ ਨੂੰ ਕਰੜੇ ਨਿਯਮਾਂ ਦੀ ਮਦਦ ਨਾਲ ਬਦਲਿਆ ਜਾ ਸਕੇ।

ਦੋਨਾਂ ਵਿਚੋਂ ਪਹਿਲਾ 'ਅਰਾਜਕਤਾ ਅਤੇ ਵਿਦਰੋਹ ਦੇ ਜੁਰਮਾਂ ਸਬੰਧੀ ਧਾਰਾ, 1919' ਨਾਂ ਦਾ ਬਿਲ, ਨੂੰ ਸਮੁੱਚਾ ਕਾਨੂੰਨ ਬਣਾ ਦਿੱਤਾ ਗਿਆ, ਇਸ ਨੇ ਅਰਾਜਕਤਾ ਦੇ ਅਪਰਾਧਾਂ ਬਾਰੇ ਜਲਦੀ ਨਾਲ ਸੁਣਵਾਈ ਕਰ ਰਹੀ ਹਾਈ ਕੋਰਟ ਦੇ ਤਿੰਨ ਜੱਜਾਂ ਤੇ ਅਧਾਰਤ ਸ਼ਕਤੀਸ਼ਾਲੀ ਅਦਾਲਤ ਨੂੰ ਉਚੇਚੇ ਅਧਿਕਾਰ ਦੇ ਕੇ ਇਸ ਯੋਗ ਬਣਾ ਦਿੱਤਾ ਕਿ ਉਨ੍ਹਾਂ ਦੇ ਫੈਸਲੇ ਵਿਰੁਧ ਕੋਈ ਅਪੀਲ ਨਾ ਕੀਤੀ ਜਾ ਸਕੇ ਅਤੇ ਪਹਿਲਾਂ ਤੋਂ ਜੇਲ੍ਹਾਂ ਵਿਚ ਬੰਦ ਦੇਸ਼ ਭਗਤ ਵਿਅਕਤੀਆਂ ਦੀ ਨਜ਼ਰਬੰਦੀ ਜਾਰੀ ਰੱਖੀ ਜਾ ਸਕੇ। ਇਹ ਯਕੀਨੀ ਬਣਾਉਣ ਲਈ ਕਿ ਸਰਕਾਰ ਦੀਆਂ ਸ਼ਕਤੀਆਂ ਨੂੰ ਗੈਰ ਜ਼ਰੂਰੀ ਨਹੀਂ ਸੀ ਵਰਤਿਆ ਜਾ ਰਿਹਾ, ਬਿਲ ਵਿਚ ਪੜਤਾਲੀਆ ਪਦ ਅਧਿਕਾਰੀ ਬਣਾਉਣ ਦੀ ਵਿਵਸਥਾ ਕੀਤੀ ਗਈ ਜਿਸ ਦਾ ਕੰਮ ਉਨ੍ਹਾਂ ਤੱਥਾਂ ਬਾਰੇ ਗੌਰ ਕਰਨਾ ਸੀ, ਜਿਨ੍ਹਾਂ ਦੇ ਆਧਾਰ ਤੇ ਕਿਸੇ ਵਿਅਕਤੀ ਦੇ ਵਿਰੁਧ ਹੁਕਮ ਦਿਤੇ ਗਏ ਹੋਣ।[3] ਸੂਬਾਈ ਸਰਕਾਰ ਨੂੰ ਇਹ ਅਧਿਕਾਰ ਦਿਤੇ ਗਏ ਕਿ ਉਹ ਕਿਸੇ ਵੀ ਥਾਂ ਤੇ ਛਾਪਾ ਮਾਰ ਕੇ ਕਿਸੇ ਵੀ ਸ਼ੱਕੀ ਵਿਅਕਤੀ ਨੂੰ, ਬਿਨਾਂ ਵਰੰਟ ਦੇ ਗ੍ਰਿਫਤਾਰ ਕਰਕੇ, ਕਿਸੇ ਵੀ ਸਥਾਨ ਅਤੇ ਕਿਸੇ ਵੀ ਹਾਲਾਤ, ਜਿਵੇਂ ਉਹ ਉਚਿੱਤ ਸਮਝੇ ਨਜ਼ਰਬੰਦ ਰੱਖ ਸਕਦੀ ਹੈ। ਰੌਲਟ ਬਿਲਾਂ ਵਿਚੋਂ ਦੂਸਰੇ ਬਿਲ ਅਨੁਸਾਰ ਛਪਵਾਉਣ ਅਤੇ ਪਰਚਾਰਨ ਦੇ ਉਦੇਸ਼ ਨਾਲ ਰੱਖੇ ਗਏ ਕਿਸੇ 'ਬਗਾਵਤੀ ਦਸਤਾਵੇਜ਼ ' ਨੂੰ ਪਕੜੇ ਜਾਣ ਤੇ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਸੀ। ਪਰੰਤੂ ਜੇਕਰ ਉਹ ਦੋਸ਼ੀ ਰਾਜੇ ਦੇ ਪੱਖ ਦਾ ਗਵਾਹ ਬਣ ਜਾਵੇ ਤਾਂ ਉਸਨੂੰ ਤਸ਼ੱਦਦ ਤੋਂ ਬਚਾਉਣ ਲਈ ਸਰਕਾਰੀ ਸੁਰੱਖਿਆ ਦਾ ਭਰੋਸਾ ਦਿੱਤਾ ਜਾ ਸਕਦਾ ਸੀ। **ਇਸ ਅਦਾਲਤ ਦੇ ਫੈਸਲੇ ਦੇ ਵਿਰੁੱਧ ਕੋਈ ਅਪੀਲ ਨਹੀਂ ਹੋ ਸਕਦੀ ਸੀ**, ਜੋ ਗੁਪਤ ਥਾਂ ਤੇ ਕਚਹਿਰੀ ਲਾ ਸਕਦੀ ਸੀ। ਇਹ ਅਦਾਲਤ ਉਨ੍ਹਾਂ ਕਾਨੂੰਨਾਂ ਤੇ ਵਿਚਾਰ ਕਰ ਸਕਦੀ ਸੀ ਜੋ ਭਾਰਤੀ ਕਾਨੂੰਨ ਧਾਰਾ ਦੇ ਅਧੀਨ ਨਹੀਂ ਹੁੰਦੇ ਸਨ। ਇਸ ਉਪਰੰਤ ਸਰਕਾਰ ਵਿਰੋਧੀ ਜੁਰਮ ਕਰਨ ਵਾਲੇ ਵਿਅਕਤੀ ਨੂੰ ਅਦਾਲਤ ਇਹ ਹੁਕਮ ਕਰਦੀ ਸੀ ਕਿ ਆਪਣੀ ਸਜ਼ਾ ਦੇ ਪੂਰਾ ਹੋਣ ਉਪਰੰਤ ਉਹ ਆਪਣੇ ਨੇਕ ਚਾਲਚਲਣ ਦਾ ਇਕ ਬਾਂਡ ਭਰ ਕੇ ਦੇਵੇ, ਜਿਸ ਦੀ ਮਿਆਦ ਦੋ ਸਾਲ ਤੋਂ ਜ਼ਿਆਦਾ ਨਹੀਂ ਸੀ ਹੋ ਸਕਦੀ। ਸਰਕਾਰ ਨੇ ਗੁਪਤ ਤੌਰ ਤੇ ਦੂਸਰੇ ਬਿਲ ਨੂੰ ਛੱਡਣ ਦਾ ਫੈਸਲਾ ਕਰ ਲਿਆ ਅਤੇ ਪਹਿਲੇ ਬਿਲ ਨੂੰ ਪਾਸ ਕਰ ਦਿੱਤਾ।

ਇਸ ਧਾਰਾ ਦਾ ਵਿਰੋਧ ਪੜ੍ਹੀ ਲਿਖੀ ਸ਼੍ਰੇਣੀ ਨੇ ਸਭ ਤੋਂ ਵਧੇਰੇ ਕੀਤਾ। ਇਹ ਬਿੱਲ ਭਾਰਤ ਵਾਸੀਆਂ ਨੂੰ ਆਪਣੇ ਪਰੰਪਰਾਗਤ ਹੱਕਾਂ ਤੋਂ ਵਾਂਝਾ ਕਰਦਾ ਸੀ ਅਤੇ ਦੇਸ਼ ਦੇ ਭਵਿੱਖ

ਦੀ ਉਨਤੀ ਨੂੰ ਲੋਹੇ ਦੀਆਂ ਕੜੀਆਂ ਪਾਉਣ ਵਾਂਗ ਸੀ, ਅਜਿਹੀ ਧਾਰਾ ਦਾ ਲਾਗੂ ਹੋ ਜਾਣਾ ਕਿਸੇ ਵੀ ਦੇਸ਼ ਭਗਤ ਲਈ ਅਸਹਿ ਸੀ। ਲੋਕਾਂ ਨੇ ਇਸ ਧਾਰਾ ਨੂੰ ਆਪਣੀਆਂ ਮੁਸੀਬਤਾਂ, ਘੋਰ ਨਿਰਾਸ਼ਤਾਵਾਂ ਅਤੇ ਅਸਫਲਤਾਵਾਂ ਨਾਲ ਜੋੜ ਲਿਆ। ਅਸਲ ਵਿਚ ਇਹ ਕਦਮ ਇਕ ਕਿਸਮ ਦਾ ਅੰਗਰੇਜ਼ਾਂ ਦੀ ਅਸਲੀਅਤ ਦਰਸਾਉਂਦਾ ਸੀ। ਇਸ ਨੂੰ ਹਰ ਜਮਾਤ ਨੇ ਆਪਣੀਆ ਵਿਸ਼ੇਸ਼ ਮੁਸੀਬਤਾਂ ਅਤੇ ਔਕੜਾਂ ਨਾਲ ਜੋੜ ਲਿਆ।[4]

ਦੱਖਣੀ ਅਫਰੀਕਾ ਵਿਚ ਭਾਰਤੀਆਂ ਦੇ ਪੱਖ ਵਿਚ ਖਲੋ ਕੇ ਗਾਂਧੀ ਜੀ ਨੇ ਆਪਣੇ ਦੇਸ਼ ਵਾਸੀਆਂ ਵਿਚ ਆਪਣੀ ਰਵਾਇਤੀ ਇੱਜ਼ਤ ਬਣਾ ਲਈ ਅਤੇ ਬੰਬਈ ਖੇਤਰ ਦੀ ਬਹੁਤ ਸਾਰੀ ਪੇਂਡੂ ਅਤੇ ਸ਼ਹਿਰੀ ਵੱਸੋਂ ਵਿਚ ਉਨ੍ਹਾਂ ਦਾ ਪ੍ਰਭਾਵ ਬਹੁਤ ਜ਼ਿਆਦਾ ਸੀ। ਐਡਵਿਨ ਮਾਂਨਟੇਗੂ ਲਿਖਦਾ ਹੈ ਕਿ ਉਨ੍ਹਾਂ ਦੀ ਸ਼ਖਸੀਅਤ ਦਾ ਪ੍ਰਭਾਵ ਦੇਸ਼ ਵਿਚ ਦੂਰ ਦੂਰ ਤੱਕ ਮਹਿਸੂਸ ਕੀਤਾ ਜਾਣ ਲੱਗਾ ਸੀ।[5] ਗਾਂਧੀ ਜੀ ਨੇ ਸਾਰੇ ਦੇਸ਼ ਦਾ ਦੌਰਾ ਕੀਤਾ ਅਤੇ ਉਨ੍ਹਾਂ ਦਾ ਬਹੁਤ ਸਤਿਕਾਰ ਨਾਲ ਸਵਾਗਤ ਕੀਤਾ ਗਿਆ। ਉਨ੍ਹਾਂ ਦੇ ਅਹਿੰਸਾ ਅਤੇ ਸੱਚਾਈ ਦੇ ਅਥਾਹ ਸਾਧਾਰਣ ਢੰਗ ਨੇ ਲੋਕਾਂ ਦੀ ਸੋਚ ਨੂੰ ਬਹੁਤ ਪ੍ਰਭਾਵਤ ਕੀਤਾ। ਸਦੀਆਂ ਤੋਂ ਭਾਰਤੀ ਲੋਕਾਂ ਦੇ ਮਨਾਂ ਵਿਚ ਮੌਜੂਦ ਹੜਤਾਲ, ਫਰਿਆਦ ਅਤੇ ਧਰਨੇ ਦੇ ਢੰਗਾਂ ਨੂੰ ਗਾਂਧੀ ਜੀ ਨੇ ਬੜੇ ਹੁਨਰ ਅਤੇ ਸਮੇਂ ਦੀ ਲੋੜ ਅਨੁਸਾਰ ਵਰਤਿਆ। 24 ਫਰਵਰੀ ਨੂੰ ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਸੱਤਿਆਗ੍ਰਹਿ ਅੰਦੋਲਨ ਦੀ ਅਗਵਾਈ ਕਰਨਗੇ।

ਗਾਂਧੀ ਜੀ ਲਈ ਸੱਤਿਆਗ੍ਰਹਿ ਅੰਦੋਲਨ ਸੱਚਾਈ ਲਈ ਇਕ ਲੜਾਈ ਸੀ। ਦੂਸਰੇ ਲੋਕ ਕੁਝ ਵੀ ਸੋਚਣ ਜਾਂ ਕਰਨ ਗਾਂਧੀ ਜੀ ਆਪਣੇ ਕੰਮ ਵਿਚ ਨਿਡਰ ਹੋ ਕੇ ਅਤੇ ਆਪਣੇ ਅੰਦੋਲਨ ਦੇ ਨਤੀਜਿਆਂ ਦੀ ਪ੍ਰਵਾਹ ਕੀਤੇ ਬਿਨਾਂ ਜੁਟ ਜਾਂਦੇ ਸਨ। ਅਸਲ ਵਿਚ ਉਨ੍ਹਾਂ ਦਾ ਅੰਦੋਲਨ ਨਿਰੋਲ ਸਿਆਸੀ ਅੰਦੋਲਨ ਨਹੀਂ ਸੀ ਸਗੋਂ ਇਸ ਵਿਚ ਇਖਲਾਕੀ ਅਤੇ ਆਤਮਿਕ ਭਾਵਨਾ ਸ਼ਾਮਲ ਸੀ। ਉਨ੍ਹਾਂ ਨੇ ਸੱਤਿਆਗ੍ਰਹਿ ਅੰਦੋਲਨ ਦੀ ਅਗਵਾਈ ਸੰਭਾਲ ਲਈ ਜੋ ਹੌਲੀ ਹੌਲੀ ਦੇਸ਼ ਦੇ ਸਾਰੇ ਭਾਗਾਂ ਵਿਚ ਫ਼ੈਲ ਗਿਆ ਅਤੇ ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਹਿੰਸਾ ਦੀ ਨਿਖੇਧੀ ਕੀਤੀ। ਸਾਰੇ ਦੇਸ਼ ਵਿਚ ਇਸ ਅੰਦੋਲਨ ਦੀ ਹਮਦਰਦੀ ਵਿਚ (ਸ਼ਾਇਦ ਬੰਗਾਲ ਨੂੰ ਛੱਡ ਕੇ), ਪਹਿਲਾਂ ਰੋਲਟ ਐਕਟ ਦੇ ਵਿਰੋਧ ਵਜੋਂ ਮੀਟਿੰਗਾਂ ਹੋਈਆਂ। 18 ਮਾਰਚ ਨੂੰ ਉਨ੍ਹਾਂ ਨੇ ਇਹ ਐਲਾਨ ਛਪਵਾਇਆ ਕਿ ਇਨ੍ਹਾਂ ਬਿਲਾਂ ਨੂੰ ਕਾਨੂੰਨ ਬਣਾਉਣ ਦੇ ਸਮੇਂ ਤੋਂ ਜਿੰਨੀ ਦੇਰ ਇਨ੍ਹਾਂ ਨੂੰ ਵਾਪਸ ਨਹੀਂ ਲਿਆ ਜਾਵੇਗਾ, ਇਨ੍ਹਾਂ ਕਾਨੂੰਨਾਂ ਅਤੇ ਇਸ ਸਬੰਧ ਵਿਚ ਚੁਣੀ ਗਈ ਕਮੇਟੀ ਵਲੋਂ ਜੋ ਵੀ ਹੋਰ ਅਜਿਹੇ ਕਾਨੂੰਨ ਬਣਾਏ ਜਾਣਗੇ, ਉਨ੍ਹਾਂ ਨੂੰ ਅਸੀ ਸਮਾਜਿਕ ਤੌਰ ਤੇ ਨਹੀਂ ਮੰਨਾਂਗੇ।[6] ਗਾਂਧੀ ਜੀ ਨੇ 7 ਅਪਰੈਲ 1919 ਤੋਂ ਇਕ ਹਫਤਾਵਰ ਅਣ ਰਜਿਸਟਰਡ ਅਖਬਾਰ ਸੰਪਾਦਨ ਕਰਨਾ ਸ਼ੁਰੂ ਕੀਤਾ। ਨਾ ਸਿਰਫ ਉਨ੍ਹਾਂ ਦੇ ਲਿਖਣ ਵਿਚ ਸਗੋਂ ਉਨ੍ਹਾਂ ਦੇ ਸੰਪਾਦਨ ਢੰਗ ਤੋਂ ਵੀ ਸਿਵਲ ਨਾ ਫੁਰਮਾਨੀ ਝਲਕਦੀ ਸੀ। ਪਹਿਲੀ ਗੰਭੀਰ ਮੁਸ਼ਕਿਲ 30 ਮਾਰਚ ਨੂੰ ਦਿੱਲੀ ਵਿਚ ਵਾਪਰੀ ਜਦੋਂ ਸਾਰਾ ਕਾਰੋਬਾਰ ਬੰਦ ਕਰਵਾਉਣ ਵਾਲੀ ਇਕ ਪਾਰਟੀ ਅਤੇ ਸ਼ਹਿਰ ਦੀ ਪੁਲਿਸ ਵਿਚਕਾਰ ਟਕਰਾਅ ਹੋ ਗਿਆ। ਜਲੂਸ ਦੀ ਅਗਵਾਈ ਸਵਾਮੀ ਸ਼ਰਧਾਨੰਦ ਨੇ ਕੀਤੀ।

ਇਨ੍ਹਾਂ ਘਟਨਾਵਾਂ ਦੇ ਦੂਰ ਦੁਰਾਡੇ ਸਿੱਟੇ ਨਿਕਲੇ ਜਿਸ ਕਾਰਨ ਮਾਈਕਲ ਓ ਡਵਾਇਰ ਪ੍ਰਸ਼ਾਸਨ ਦੀ ਸਖਤੀ ਕਾਰਨ ਪੜ੍ਹੇ ਲਿਖੇ ਲੋਕਾਂ ਦੇ ਨੱਕ ਵਿਚ ਦਮ ਲੈ ਆਉਂਦਾ, ਜਿਨ੍ਹਾਂ ਨੂੰ

ਉਹ ਭਾਰਤ ਵਿਚ ਬਰਤਾਨਵੀ ਰਾਜ ਲਈ ਖਤਰਾ ਸਮਝਦਾ ਸੀ। ਉਸ ਦੁਆਰਾ ਅਪਣਾਈਆਂ ਗਈਆਂ ਤਰਕੀਬਾਂ ਵਿਚੋਂ ਇਕ ਇਹ ਸੀ ਕਿ ਉਸ ਨੇ ਲੰਬੜਦਾਰਾਂ ਨੂੰ ਮਜਬੂਰ ਕੀਤਾ ਕਿ ਉਹ ਸੈਨਾ ਵਿਚ ਭਰਤੀ ਲਈ ਬੰਦੇ ਭੇਜਣ ਨਹੀਂ ਤਾਂ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਜਾਣਗੀਆਂ। ਸਰਕਾਰ ਵਲੋਂ ਸਥਾਨਕ ਪ੍ਰੈਸ ਦਾ ਗਲਾ ਘੁੱਟ ਦਿੱਤਾ ਗਿਆ ਸੀ ਅਤੇ ਪੰਜਾਬ ਤੋ ਬਾਹਰ ਛਪਦੇ ਕੌਮੀ ਅਖਬਾਰਾਂ ਦੇ ਪੰਜਾਬ ਵਿਚ ਦਾਖਲੇ ਤੇ ਪਾਬੰਦੀ ਲਗਾ ਦਿੱਤੀ। ਸਰਕਾਰ ਵਲੋਂ ਮਨਮਰਜ਼ੀ ਨਾਲ ਫੰਡ ਇਕੱਤਰ ਕਰਨ ਕਰਕੇ ਲੋਕ ਇਸ ਨੂੰ ਪਸੰਦ ਨਹੀਂ ਸੀ ਕਰਦੇ। ਮਾਨਟੇਗੂ ਲਿਖਦਾ ਹੈ ਕਿ ਓ ਡਵਾਇਰ ਨੇ ਇਹ ਨਿਸ਼ਚਾ ਕੀਤਾ ਹੋਇਆ ਸੀ ਕਿ ਉਹ ਆਪਦੀ ਹਸਤੀ ਨੂੰ ਪ੍ਰਤੀਕ੍ਰਿਆਵਾਦੀ ਤਾਕਤ ਵਜੋਂ ਕਾਇਮ ਰੱਖੇਗਾ ਅਤੇ ਸਖਤੀ ਨਾਲ ਰਾਜ ਕਰੇਗਾ।[7]

1919 ਵਿਚ ਅੰਮ੍ਰਿਤਸਰ ਅਜੇ ਸਿੱਖਿਆ ਦੇ ਪੱਖ ਤੋਂ ਇਕ ਪਛੜਿਆ ਹੋਇਆ ਇਲਾਕਾ ਸੀ। ਉਸ ਵੇਲੇ ਇਸ ਦੀ ਆਬਾਦੀ 1,60,000 ਸੀ ਅਤੇ ਸਿਆਸੀ ਕਿਰਿਆਵਾਂ ਸ਼ਹਿਰ ਦੇ ਮੁੱਠੀ ਭਰ ਪੜ੍ਹੇ ਲਿਖੇ ਲੋਕਾਂ, ਸਥਾਨਕ ਵਕੀਲਾਂ ਅਤੇ ਕੁਝ ਵਪਾਰੀਆਂ ਤੱਕ ਹੀ ਸੀਮਤ ਸਨ। ਥੋੜੀਆਂ ਬਹੁਤੀਆਂ ਇਕੱਤਰਤਾਵਾਂ ਬਾਬੂ ਕਨੱਈਆ ਲਾਲ ਦੇ 'ਬੰਦੇ ਮਾਤਰਮ ਹਾਲ' ਵਿਚ ਹੋਇਆ ਕਰਦੀਆਂ ਸਨ, ਜਿਸ ਦਾ ਨੀਂਹ ਪੱਥਰ ਸੁਰਿੰਦਰ ਨਾਥ ਬੈਨਰਜੀ ਦੁਆਰਾ ਰੱਖਿਆ ਗਿਆ ਸੀ। ਉਸ ਸਮੇਂ ਲਾਉਡ ਸਪੀਕਰ ਨਹੀਂ ਸੀ ਹੁੰਦੇ। ਸ਼ਹਿਰ ਵਿਚ ਭਾਵੇਂ ਆਰੀਆ ਸਮਾਜ ਅਤੇ ਸਨਾਤਨ ਧਰਮ, ਦੋ ਵਾਦ ਵਿਵਾਦ (ਵਿਚਾਰ ਵਟਾਂਦਰਾ) ਕਰਨ ਵਾਲੀਆਂ ਸਭਾਵਾਂ ਸਨ। ਕੁਝ ਸਮੇਂ ਲਈ ਅੰਮ੍ਰਿਤਸਰ ਕ੍ਰਾਂਤੀਕਾਰੀਆਂ ਦਾ ਪ੍ਰਮੁੱਖ ਕੇਂਦਰ ਰਿਹਾ। ਜਨਵਰੀ 1915 ਵਿਚ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਵਿਚ ਪਹੁੰਚੇ ਅਤੇ ਕ੍ਰਾਂਤੀਕਾਰੀਆਂ ਦੇ ਆਮ ਨਿਰਦੇਸ਼ਨ ਦਾ ਕੰਮ ਸੰਭਾਲਿਆ। ਉਸਦੇ ਨਜ਼ਦੀਕੀ ਸਾਥੀ ਸੱਚਿਨ **ਸਨਿਆਲ** ਅਤੇ ਮਹਾਂਰਾਸ਼ਟਰ ਦੇ **ਵਿਸ਼ਨੂੰ ਗਣੇਸ ਪਿੰਗਲੇ** ਸਨ। ਨੌਜਵਾਨ **ਕਰਤਾਰ ਸਿੰਘ ਸਰਾਭਾ** ਰਾਹੀਂ ਉਨ੍ਹਾਂ ਦਾ ਪੰਜਾਬੀਆਂ ਨਾਲ ਮੁੱਖ ਸੰਪਰਕ ਸੀ। ਬੋਸ ਨੇ ਅੰਮ੍ਰਿਤਸਰ ਵਿਚ ਪੰਦਰਾਂ ਦਿਨ ਗੁਜ਼ਾਰੇ ਅਤੇ ਫਿਰ ਉਨ੍ਹਾਂ ਨੇ ਆਪਣੇ ਕੰਮ ਦਾ ਮੁੱਖ ਕੇਂਦਰ ਲਾਹੌਰ ਬਣਾਇਆ। **ਅਜੀਤ ਸਿੰਘ, ਜਿਸਨੂੰ 'ਪੰਜਾਬ ਦਾ ਬਿਪਨ ਚੰਦਰ ਪਾਲ' ਕਿਹਾ ਜਾਂਦਾ ਸੀ**, ਕਈ ਵਾਰ ਅੰਮ੍ਰਿਤਸਰ ਆਇਆ ਅਤੇ ਲੈਕਚਰ ਦਿਤੇ ਜਿਸਨੂੰ ਹਜ਼ਾਰਾਂ ਲੋਕ ਸੁਣਦੇ ਸਨ। ਉਨੀਂ ਦਿਨੀਂ ਸ਼ਹਿਰ ਵਿੱਚ ਜਿਹੜੇ ਇਸ਼ਤਿਹਾਰ ਲਗਾਏ ਜਾਂਦੇ ਸਨ, ਉਨ੍ਹਾਂ ਤੇ ਸਰਪਰਸਤ ਦਾ ਨਾਂ ਨਹੀਂ ਸੀ ਹੁੰਦਾ। ਲੋਕ ਹਰ ਰੋਜ਼ ਸਵੇਰੇ **ਦੋ-ਮੂੰਹੀ** ਨਹਿਰ ਤੇ ਕਸਰਤ ਕਰਨ ਲਈ ਇਕੱਠੇ ਹੁੰਦੇ ਸਨ। ਇਸ ਤਰ੍ਹਾਂ ਹੌਲੀ-ਹੌਲੀ ਉਨ੍ਹਾਂ ਵਿਚ ਸਹਿਯੋਗ ਦੀ ਭਾਵਨਾ ਪੈਦਾ ਹੋ ਗਈ। ਕਾਨਫਰੰਸਾਂ ਕਰਨ ਲਈ ਵਪਾਰੀ ਵਰਗ ਨੇ ਵਿੱਤੀ ਮਦਦ ਦੇਣ ਦੀ ਪੇਸ਼ਕਸ਼ ਕੀਤੀ। 1917 ਦੇ ਅੰਤ ਤੋਂ ਅੰਮ੍ਰਿਤਸਰ ਵਿਚ ਸਰਬ ਭਾਰਤੀ ਕਾਂਗਰਸ ਦੀ ਇਕ ਸ਼ਾਖਾ ਮੌਜੂਦ ਸੀ। ਡਾਕਟਰੀ ਦਾ ਕੰਮ ਕਰ ਰਹੇ **ਡਾ. ਸੱਤਿਆਪਾਲ, ਡਾ. ਸੈਫਉਦਦੀਨ ਕਿਚਲੂ, ਬਾਰ ਐਟ ਲਾਅ ਪ੍ਰਸਿੱਧ ਵਕੀਲ ਬਾਬੂ ਕਨੱਈਆ ਲਾਲ ਭਾਟੀਆ ਜੋ 1880 ਵਿਚ ਕਾਂਗਰਸ ਨਾਲ ਸਬੰਧਤ ਰਿਹਾ ਸੀ, ਖਵਾਜਾ ਯਾਸੀਨ, ਮਿਸਟਰ ਬਦਰੁੱਲ ਇਸਲਾਮ ਖਾਨ, ਬਾਰ ਐਟ ਲਾਅ, ਪੰਡਿਤ ਕੋਟੂ ਮੱਲ (ਮਿੱਲ ਮਾਲਕ), ਮਿਸਟਰ ਗਿਰਧਾਰੀ ਲਾਲ, ਮਹਾਸ਼ਾ ਰਤਨ ਚੰਦ ਅਤੇ ਚੌਧਰੀ ਬੁੱਗਾ ਮੱਲ** ਵਰਗੇ ਸਥਾਨਕ ਨੇਤਾ ਕਾਂਗਰਸ ਦੇ ਇਜਲਾਸ ਵਿਚ ਸ਼ਾਮਲ ਹੋਣ ਲਈ ਦਿੱਲੀ ਗਏ। ਉਨ੍ਹਾਂ ਨੇ 1919 ਦਾ ਇਜਲਾਸ ਅੰਮ੍ਰਿਤਸਰ ਵਿਚ ਰੱਖਣ ਲਈ ਕਾਂਗਰਸ ਨੂੰ ਸੱਦਾ ਦਿੱਤਾ ਅਤੇ ਉਨ੍ਹਾਂ

ਦਾ ਸੱਦਾ ਪ੍ਰਵਾਨ ਕਰ ਲਿਆ ਗਿਆ। ਅੰਮ੍ਰਿਤਸਰ ਦੇ ਵਸਨੀਕਾਂ ਨੇ ਕਾਂਗਰਸ ਦੇ ਇਜਲਾਸ ਦੀ ਤਿਆਰੀ ਪਹਿਲਾਂ ਹੀ ਸ਼ੁਰੂ ਕਰ ਦਿੱਤੀ।

ਮਾਰਚ 1919 ਵਿਚ ਇਕ ਪ੍ਰਸਿੱਧ ਨੇਤਾ **ਸਵਾਮੀ ਸੱਤਿਆਦੇਵ** ਨੇ ਅੰਮ੍ਰਿਤਸਰ ਵਿਖੇ ਜਨਤਕ ਸਭਾ ਨੂੰ ਸੰਬੋਧਨ ਕਰਨ ਲਈ ਆਉਣਾ ਸੀ। ਉਸਦਾ ਲੈਕਚਰ ਕਰਵਾਉਣ ਲਈ ਰੱਤੋਂ ਵਜੋਂ ਜਾਣੇ ਜਾਂਦੇ ਮਹਾਸ਼ਾ ਰਤਨ ਚੰਦ ਨੇ ਜਲ੍ਹਿਆਂ ਵਾਲੇ ਬਾਗ ਦੇ ਸਥਾਨ ਦੀ ਸਲਾਹ ਦਿੱਤੀ। ਉਸਨੇ ਮੀਟਿੰਗ ਕਰਵਾਉਣ ਲਈ ਖੁਲ੍ਹੀ ਜਗ੍ਹਾ ਦੇ ਮਾਲਕ ਪਾਸੋਂ ਉਸਦੀ ਪ੍ਰਵਾਨਗੀ ਮੰਗੀ, ਜੋ ਉਸਨੂੰ ਮਿਲ ਗਈ। ਸ਼ਾਇਦ ਇਹ ਪਹਿਲੀ ਵਾਰ ਸੀ ਕਿ ਜਲ੍ਹਿਆਂ ਵਾਲੇ ਬਾਗ ਵਿਖੇ ਇਕ ਜਨਤਕ ਇਕੱਠ ਕੀਤਾ ਗਿਆ ਅਤੇ ਇਸ ਉਪਰੰਤ ਇਹ ਅਣਜਾਣੀ ਜਗ੍ਹਾ ਪ੍ਰਸਿੱਧ ਹੋ ਗਈ।

ਡਾ. ਕਿਚਲੂ ਅਤੇ ਡਾ. ਸੱਤਿਆਪਾਲ, ਦੋਵਾਂ ਨੇ ਅੰਮ੍ਰਿਤਸਰ ਵਿਚ ਜਨਤਕ ਚੇਤਨਾ ਪੈਦਾ ਕਰਨ ਲਈ ਬਹੁਤ ਹੀ ਨਿਰਣਾਇਕ ਪਾਰਟ ਅਦਾ ਕੀਤਾ। ਉਨ੍ਹਾਂ ਦਿਨਾਂ ਵਿਚ ਰਾਜਨੀਤੀ ਤੋਂ ਭਾਵ ਸੀ ਭਾਸ਼ਨਾਂ, ਕਾਨਫਰੰਸਾਂ, ਲਿਖਤਾਂ ਅਤੇ ਵਿਖਾਵਿਆਂ ਆਦਿ ਨਾਲ ਲੋਕਾਂ ਵਿਚ ਜਨਤਕ ਰਾਇ ਪੈਦਾ ਕਰਨਾ। ਕਾਂਗਰਸ ਦੇ ਅਸੂਲਾਂ ਨੂੰ ਹਰਦਿਲ-ਅਜ਼ੀਜ਼ ਬਣਾਉਣ ਲਈ ਇਹ ਮਹਿਸੂਸ ਕੀਤਾ ਗਿਆ ਕਿ ਜਨਤਕ ਮੀਟਿੰਗਾਂ ਬੁਲਾਈਆਂ ਜਾਣ ਤਾਂ ਜੋ ਲੋਕਾਂ ਨਾਲ ਲਗਾਤਾਰ ਰਾਬਤਾ ਕਾਇਮ ਕੀਤਾ ਜਾਵੇ ਅਤੇ ਉਨ੍ਹਾਂ ਵਿਚ ਸਿਆਸੀ ਵਿਚਾਰਾਂ ਨੂੰ ਭਰ ਦਿੱਤਾ ਜਾਵੇ।

ਇੰਗਲੈਂਡ ਵਿਚ ਬਰੈਡ ਫੋਰਡ ਵਿਖੇ ਗਲੈਡਸਟੋਨ ਦੀ ਉਦਾਰਵਾਦੀ ਨੀਤੀ ਨੂੰ ਟਰੇਡ ਯੂਨੀਅਨ ਕਾਂਗਰਸ ਦੀਆਂ ਨਵੀਆਂ ਤਾਕਤਾਂ ਨੇ ਵੰਗਾਰਿਆ। ਇਨ੍ਹਾਂ ਦਿਨਾਂ ਵਿੱਚ ਸਕਾਟ, ਕੀਅਰ ਹਾਰਡੀ ਨੇ ਆਜ਼ਾਦ ਮਜ਼ਦੂਰ ਪਾਰਟੀ ਕਾਇਮ ਕੀਤੀ, ਅਤੇ ਉਸਦੀ ਨਿੱਜੀ ਅਤੇ ਜਨਤਕ ਵਿਸ਼ੇਸ਼ਤਾ ਨੇ ਲੋਕਾਂ, ਖਾਸ ਤੌਰ ਤੇ ਨੌਜਵਾਨਾਂ ਦੇ ਮਨਾਂ ਤੇ ਬਹੁਤ ਪ੍ਰਭਾਵ ਪਾਇਆ। ਦੂਸਰੇ ਨੌਜਵਾਨ ਵਿਦਿਆਰਥੀਆਂ ਦੇ ਨਾਲ ਨਾਲ ਡਾ. ਕਿਚਲੂ ਵੀ ਕੀਅਰ ਹਾਰਡੀ ਅਤੇ ਆਇਰਲੈਂਡ ਦੇ ਅੰਦੋਲਨ ਦੀ ਤਾਂਘ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਇਨ੍ਹਾਂ ਸੰਗਠਨਾਂ ਅਤੇ ਅੰਦੋਲਨਾਂ ਨੇ ਹੋਰ ਲੋਕਾਂ ਵਿਚ ਏਸ਼ੀਆਂ ਦੇ ਰਾਸ਼ਟਰਵਾਦ ਬਨਾਮ ਪੱਛਮੀ ਸਾਮਰਾਜਵਾਦ ਦੇ ਕਾਰਣਾਂ ਨੂੰ ਜਾਨਣ ਦੀ ਉਤਸੁਕਤਾ ਪ੍ਰਤੀ ਇਕ ਲੜੀਵਾਰ ਪ੍ਰਤੀਕ੍ਰਿਆ ਪੈਦਾ ਕਰ ਦਿੱਤੀ। ਆਪਣੇ ਕੈਮਬ੍ਰਿਜ਼ ਦੇ ਪਿਛੋਕੜ ਕਾਰਨ ਡਾ. ਕਿਚਲੂ ਦੇ ਮਨ ਵਿਚ ਪੱਛਮੀ ਉਦਾਰਤਾਵਾਦ ਵਸਿਆ ਹੋਇਆ ਸੀ। ਉਨ੍ਹਾਂ ਦੇ ਇਨਕਲਾਬੀ ਖਿਆਲਾਂ ਨੇ ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤਾ। ਕਿਚਲੂ ਅੰਮ੍ਰਿਤਸਰ ਦੇ ਇਕ ਹੋਰ ਵਸਨੀਕ ਮਦਨ ਲਾਲ ਢੀਂਗਰਾ ਨੂੰ ਜਾਣਦੇ ਸਨ, ਜਿਸ ਨੇ ਸਰ ਵਿਲੀਅਮ ਕਰਜ਼ਨ ਵਿੱਲੀ ਨੂੰ ਗੋਲੀ ਮਾਰੀ ਸੀ, ਜੋ ਹਿੰਦ ਰਾਜ ਦੇ ਸਕੱਤਰ ਦਾ ਫੌਜੀ ਜਰਨੈਲ ਸੀ।[8] 1 ਜੁਲਾਈ ,1909 ਨੂੰ ਸਰ ਵਿਲੀਅਮ ਦਾ ਕਤਲ ਹੋਇਆ ਜਦੋਂ ਉਹ ਸ਼ਾਹੀ ਸੰਸਥਾ, ਲੰਡਨ ਵਿਚ ਕੌਮੀ ਹਿੰਦ ਸਭਾ ਵਲੋਂ ਭਾਰਤੀਆਂ ਦੇ ਕੀਤੇ ਜਾ ਰਹੇ ਦਿਲ ਪ੍ਰਚਾਵੇ ਵਿਚ ਸ਼ਾਮਲ ਹੋਇਆ ਸੀ। ਹੈਰਾਨੀ ਦੀ ਗੱਲ ਹੈ ਕਿ ਡਾ. ਕਿਚਲੂ ਵੀ ਉਸੇ ਇਮਾਰਤ ਵਿਚ ਹਾਜ਼ਰ ਸੀ ਜਿਥੇ ਇਹ ਘਟਨਾ ਵਾਪਰੀ। ਭਾਰਤ ਪਹੁੰਚ ਕੇ ਉਸ ਨੇ ਨੌਜਵਾਨਾਂ ਨੂੰ ਸੰਗਠਿਤ ਕਰਨ, ਹਿੰਦੂ ਮੁਸਲਿਮ ਏਕਤਾ ਲਈ ਯਤਨ ਕਰਨ ਅਤੇ ਅਜਿਹੇ ਕਦਮ ਚੁਕਣ ਦਾ ਫੈਸਲਾ ਕੀਤਾ ਜਿਨ੍ਹਾਂ ਨਾਲ ਬਰਤਾਨਵੀ ਕਬਜ਼ੇ ਤੋਂ ਭਾਰਤ ਨੂੰ

ਆਜ਼ਾਦ ਕੀਤਾ ਜਾ ਸਕੇ। ਰੋਲਟ ਐਕਟ ਦੇ ਵਿਰੁੱਧ ਸੰਘਰਸ਼ ਨੇ, ਉਸ ਨੂੰ ਲੋਕਾ ਦਾ ਵਿਸ਼ਵਾਸ ਜਿੱਤਣ ਅਤੇ ਉਨ੍ਹਾਂ ਨੂੰ ਸਿਆਸੀ ਤੌਰ ਤੇ ਸੰਗਠਿਤ ਕਰਨ ਦਾ ਮੌਕਾ ਪ੍ਰਦਾਨ ਕੀਤਾ। ਉਨ੍ਹਾਂ ਦਿਨਾਂ ਵਿਚ ਡਾ. ਕਿਚਲੂ ਦੇ ਅੰਮ੍ਰਿਤਸਰ ਤੋਂ ਇਲਾਵਾ ਰਾਜਨੀਤਿਕ ਸਰਗਰਮੀ ਦੇ ਕੇਂਦਰ, ਲਾਹੌਰ ਗੁੱਜਰਾਂਵਾਲਾ ਅਤੇ ਜਲੰਧਰ ਸਨ ਜਿਥੇ ਉਹ ਬਹੁਤ ਵਾਰ ਜਾਂਦੇ ਸਨ ਅਤੇ ਆਣੇ ਮਧੁਰ ਬੋਲਾਂ ਨਾਲ ਭਾਸ਼ਨ ਦਿੰਦੇ ਸਨ, ਜਿਸਨੂੰ ਉਸਦੇ ਵੱਡੀ ਗਿਣਤੀ ਵਿਚ ਦਰਸ਼ਕ ਚੌਕੜੀਆਂ ਮਾਰ ਕੇ ਸੁਣਦੇ ਸਨ। ਉਨ੍ਹਾਂ ਦੇ ਬਹੁਤ ਸਾਰੇ ਸ਼ਰਧਾਲੂ , ਪ੍ਰਸੰਸਕ ਅਤੇ ਸਵੈ ਸੇਵਕ ਬਣ ਗਏ, ਜਿਨ੍ਹਾਂ ਨੇ ਉਨ੍ਹਾਂ ਦੇ ਸਿਧਾਂਤਾਂ ਨੂੰ 'ਜੀ ਆਇਆ' ਆਖਿਆ ਅਤੇ ਆਪਣਾ ਜ਼ੋਰਦਾਰ ਸਮਰਥਨ ਦਿੱਤਾ। ਡਾ. ਕਿਚਲੂ ਦਾ ਭਾਸ਼ਨ ਸਰਲ ਅਤੇ ਘਰੇਲੂ ਸ਼ਬਦਾਂ ਵਿਚ ਹੁੰਦਾ ਸੀ। ਉਹ ਵਧੇਰੇ ਕਰਕੇ ਹੇਠ ਲਿਖੇ ਵਿਸ਼ੇ ਤੇ ਬੋਲਦੇ ਸਨ **"ਮੇਰੇ ਵੱਲ ਵੇਖੋ ਮੈਂ ਇਕ ਕਸ਼ਮੀਰੀ ਬ੍ਰਾਹਮਣ ਹਾਂ। ਮੇਰਾ ਖ਼ੂਨ, ਮੇਰੀਆਂ ਹੱਡੀਆਂ, ਸਭ ਕੁਝ ਉਸ ਮਿੱਟੀ ਨਾਲ ਸਬੰਧਤ ਹੈ ਜਿਥੇ ਵਿਦੇਸ਼ੀ ਰਾਜ ਕਰਦੇ ਹਨ। ਇਹ ਮੇਰਾ ਘਰ ਹੈ, ਪਰੰਤੂ ਇਸ ਦਾ ਮਾਲਕ ਕੌਣ ਹੈ, ਨਾ ਮੈਂ, ਨਾ ਹੀ ਤੁਸੀਂ ਪਰੰਤੂ.........."**

ਇਕਬਾਲ ਦੀ ਕਵਿਤਾ ਦਾ ਹਵਾਲਾ ਦਿੰਦਿਆਂ ਉਹ ਖੁਸ਼ ਹੋਏ ਲੋਕਾਂ ਦੀ ਭੀੜ ਨੂੰ ਦਸਦੇ ਕਿ ਜਦੋਂ ਇਕ ਵਾਰ ਲੋਕ ਇਰਾਦਾ ਕਰ ਲੈਣ ਤਾਂ ਕੋਈ ਜੇਲ੍ਹ, ਹਥਿਆਰਾਂ ਦਾ ਡਰ ਜਾਂ ਹੋਰ ਕਿਸੇ ਵੀ ਕਿਸਮ ਦਾ ਦਬਾ ਉਨ੍ਹਾਂ ਨੂੰ ਝੁਕਾ ਨਹੀਂ ਸਕਦਾ। ਉਨ੍ਹਾਂ ਦੇ ਸਬਦਾਂ ਨੇ ਲੋਕਾਂ ਨੂੰ ਉਚ ਪੱਧਰ ਦੇ ਜੋਸ਼ ਨਾਲ ਭਰ ਦਿੱਤਾ ਸੀ।

ਡਾ. ਕਿਚਲੂ ਨੇ ਕਾਨੂੰਨ ਪੜ੍ਹਿਆ ਹੋਇਆ ਸੀ ਜਿਸਨੇ ਉਸਨੂੰ ਆਪਣੇ ਹੱਕਾਂ ਅਤੇ ਸੁਤੰਤਰਤਾ ਦੀ ਸੰਕਲਪਨਾ ਬਾਰੇ ਡੂੰਘੀ ਜਾਣਕਾਰੀ ਪ੍ਰਦਾਨ ਕੀਤੀ ਸੀ। ਜਦੋਂ ਉਹ 1915 ਵਿਚ ਅੰਮ੍ਰਿਤਸਰ ਆਏ ਤਾਂ ਉਨ੍ਹਾਂ ਨੇ ਅੰਦਰੂਨੀ ਸੂਝ ਨਾਲ ਏਕਤਾ ਅਤੇ ਨੌਜਵਾਨਾਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ-ਇਸ ਮੰਤਵ ਵਿਚ ਉਨ੍ਹਾਂ ਨੂੰ ਹੈਰਾਨੀਜਨਕ ਸਫਲਤਾ ਮਿਲੀ। ਉਨ੍ਹਾਂ ਨੇ ਨਗਰ ਦੀ ਖਸਤਾ ਹਾਲਤ ਅਤੇ ਨਗਰਪਾਲਕਾ ਦੇ ਨਿਰਾਸ਼ਾਜਨਕ ਮਾਮਲਿਆਂ ਨੂੰ ਮਹਿਸੂਸ ਕੀਤਾ। ਇਸ ਲਈ ਉਨ੍ਹਾਂ ਨੇ ਨਗਰਪਾਲਿਕਾ ਵਿਚ ਲੋਕਾਂ ਦੇ ਅਸਲ ਨੁਮਾਇੰਦੇ ਲਾਉਣ ਤੇ ਜ਼ੋਰ ਦਿੱਤਾ। ਹੁਣ ਤੱਕ ਡਿਪਟੀ ਕਮਿਸ਼ਨਰ ਹੀ ਨਗਰਪਾਲਿਕਾ ਦਾ ਚੇਅਰਮੈਨ ਹੁੰਦਾ ਸੀ। ਪਹਿਲੀ ਮੀਟਿੰਗ ਵਿਚ ਹੀ ਉਨ੍ਹਾਂ ਨੇ ਇਕ ਹਿੰਦੂ ਉਮੀਦਵਾਰ ਦਾ ਨਾਂ ਨਗਰਪਾਲਿਕਾ ਦੀ ਪ੍ਰਧਾਨਗੀ ਲਈ ਸੁਝਾਇਆ ਜਿਸ ਕਾਰਨ ਸਰਕਾਰੀ ਹਲਕੇ ਬੇਚੈਨ ਹੋ ਗਏ। ਵੋਟਾਂ ਨੇੜੇ ਸਨ ਅਤੇ ਡਿਪਟੀ ਕਮਿਸ਼ਨਰ ਅਹੁਦੇ ਵਜੋਂ 8 ਵਿਰੁੱਧ 13 ਵੋਟਾਂ ਲੈ ਕੇ 26 ਗੈਰ ਹਾਜ਼ਰ ਮੈਂਬਰਾਂ ਦੀ ਨਵੀਂ ਕਮੇਟੀ (18 ਚੁਣੇ ਹੋਏ 8 ਮਨੋਨੀਤ) ਲਈ ਚੁਣਿਆ ਗਿਆ। ਡਾ. ਸੱਤਿਆਪਾਲ ਨੂੰ ਪਲੇਟ ਫਾਰਮ ਟਿਕਟ ਅੰਦੋਲਨ ਵਿਚ ਵੀ ਪ੍ਰਸਿੱਧੀ ਮਿਲੀ, ਜੋ ਉਸਨੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਆਰੰਭ ਕੀਤਾ ਸੀ। ਰੇਲਵੇ ਅਧਿਕਾਰੀਆ ਨੇ ਪਲੇਟ ਫਾਰਮ ਟਿਕਟ ਦੇਣ ਤੋਂ ਨਾਂਹ ਕਰ ਦਿੱਤੀ ਸੀ, ਕਿਉਂਕਿ ਉਥੇ ਅਜਿਹੇ ਲੋਕਾਂ ਦੀ ਬਹੁਤ ਭੀੜ ਹੋ ਜਾਂਦੀ ਸੀ ਜੋ ਸਟੇਸ਼ਨ ਨੂੰ ਸੈਰਗਾਹ ਵਜੋਂ ਵਰਤਦੇ ਸਨ। ਡਾ. ਕਿਚਲੂ ਸੱਤਿਆਗ੍ਰਹਿ ਸਭਾ ਦੇ ਪ੍ਰਧਾਨ ਵੀ ਬਣੇ ਅਤੇ ਡਾ. ਹਫੀਜ਼ ਮੁਹੰਮਦ ਬਸ਼ੀਰ ਇਸਦੇ ਸਕੱਤਰ ਸਨ। ਇਹਨਾਂ ਸਿਆਸੀ ਵਰਕਰਾਂ ਨੇ ਖੁਫੀਆ ਮੀਟਿੰਗਾਂ ਕੀਤੀਆਂ ਅਤੇ ਆਪਣੀਆਂ ਯੋਜਨਾਵਾਂ ਬਣਾਈਆਂ ਜਦੋਂ ਕਿ ਸੀ.ਆਈ.ਡੀ. ਉਨ੍ਹਾਂ ਦੀਆਂ ਸਰਗਰਮੀਆਂ ਤੇ ਕੜੀ ਨਜ਼ਰ ਰੱਖਦੀ ਸੀ।

ਕਿਉਂਕਿ ਪਹਿਲੇ ਵਿਸ਼ਵ ਯੁੱਧ ਦੌਰਾਨ ਅੰਮ੍ਰਿਤਸਰ ਵਲੋਂ ਭਾਰੀ ਗਿਣਤੀ ਵਿਚ ਭਰਤੀ ਲਈ ਜਵਾਨ ਭੇਜੇ ਗਏ ਸਨ, ਇਸ ਲਈ ਸਰ ਮਾਈਕਲ ਓ ਡਵਾਇਰ ਨੇ ਇਸ ਇਲਾਕੇ ਪ੍ਰਤੀ ਨਰਮ ਵਤੀਰਾ ਅਪਣਾਇਆ ਅਤੇ ਕਸੂਰ ਵਿਖੇ ਲਗਾਏ ਗਏ ਭਰਤੀ ਦਰਬਾਰ ਵਿਚ ਉਸਨੇ ਸੁਝਾਓ ਦਿੱਤਾ ਕਿ ਅੰਮ੍ਰਿਤਸਰ ਦੀਆਂ ਯੁੱਧ ਵਿਚ ਵਿਸ਼ੇਸ਼ ਸੇਵਾਵਾਂ ਦੇ ਇਨਾਮ ਅਤੇ ਲਾਹੌਰ ਵਲੋਂ ਜਵਾਨਾਂ ਦੀ ਭਰਤੀ ਵਿਚ ਵਰਤੀ ਗਈ ਢਿੱਲ ਕਾਰਨ ਸਜ਼ਾ ਦੇ ਤੌਰ ਤੇ ਸਰਕਾਰ ਦਾ ਹੈਡ ਕੁਆਟਰ ਲਾਹੌਰ ਤੋਂ ਅੰਮ੍ਰਿਤਸਰ ਵਿਖੇ ਤਬਦੀਲ ਕਰ ਦੇਣਾ ਚਾਹੀਦਾ ਹੈ। 17 ਫਰਵਰੀ 1919 ਨੂੰ ਸਰ ਮਾਈਕਲ ਨੇ ਅੰਮ੍ਰਿਤਸਰ ਵਿਖੇ ਇਕ ਦਰਬਾਰ ਲਾਇਆ ਉਸਨੇ ਅੰਮ੍ਰਿਤਸਰ ਦੀ ਮਸ਼ਹੂਰ ਵਫਾਦਾਰ ਫੌਜੀ ਰਵਾਇਤ ਦੀ ਸ਼ਲਾਘਾ ਕੀਤੀ ਅਤੇ ਉਸਨੇ ਕਿਹਾ ਕਿ ਅੰਮ੍ਰਿਤਸਰ ਦੇ ਲੋਕਾਂ ਪਾਸੋਂ ਉਸ ਨੂੰ ਤਤਪਰ ਅਤੇ ਵਿਹਾਰਕ ਜਵਾਬ ਮਿਲਿਆ ਹੈ। ਇਸ ਤੋਂ ਚਾਰ ਮਹੀਨੇ ਤੋਂ ਵੀ ਘੱਟ ਸਮੇਂ ਉਪਰੰਤ ਅੰਮ੍ਰਿਤਸਰ ਵਿਚ ਹਿੰਸਾ ਫੈਲਣ ਤੇ ਸਰ ਐਡਵਰਡ ਮੈਕਲਾਗਨ ਨੇ ਹੇਠ ਲਿਖੇ ਸ਼ਬਦਾਂ ਵਿਚ ਆਪਣੀ ਹੈਰਾਨੀ ਪ੍ਰਗਟ ਕੀਤੀ:

**"ਅੰਮ੍ਰਿਤਸਰ ਸ਼ਹਿਰ ਭਾਰਤ ਵਿਚ ਇਕ ਬੜੇ ਹੀ ਅਮਨ ਪੂਰਵਕ ਸ਼ਹਿਰਾਂ ਵਿਚੋਂ ਇਕ ਸੀ ਅਤੇ ਪੰਜਾਬ ਵਿਚ ਇਹ ਇਕ ਧਾਰਮਿਕ ਸਥਾਨ, ਆਪਣੀਆਂ ਵਪਾਰਕ ਗਤੀਵਿਧੀਆਂ, ਇਸ ਦੀ ਨਗਰਪਾਲਿਕਾ ਦੇ ਸੁਧਾਰਕ ਕੰਮਾਂ ਅਤੇ ਚੰਗੇ ਸਿੱਖਿਆ ਸੰਸਥਾਵਾਂ ਵਜੋਂ ਜਾਣਿਆ ਜਾਂਦਾ ਸੀ। ਅਚਾਨਕ ਦੋ ਮਹੀਨੇ ਪਹਿਲਾਂ ਇਹ ਵਿਦਰੋਹ ਆਤਮਕ ਜੁਰਮ ਦਾ ਨਜ਼ਾਰਾ ਬਣ ਗਿਆ।"** [9]

ਰੋਲਟ ਐਕਟ ਦੇ ਵਿਰੁੱਧ ਆਮ ਅੰਦੋਲਨ ਦੇ ਹਿੱਸੇ ਵਜੋਂ ਲੋਕਾਂ ਨੇ ਵੱਡੀਆਂ ਰਾਜਸੀ ਸਭਾਵਾਂ ਅਤੇ ਜਲੂਸ ਕੱਢਣੇ ਸ਼ੁਰੂ ਕਰ ਦਿੱਤੇ। ਮਾਰਚ ਦੇ ਅਖੀਰ ਤੋਂ ਹੋਈਆਂ ਘਟਨਾਵਾਂ ਦਾ ਸਿਲਸਿਲਾ ਦਰਸਾਉਂਦਾ ਹੈ ਕਿ ਅੰਮ੍ਰਿਤਸਰ ਸ਼ਹਿਰ ਵਿਚ ਜਨੂੰਨੀ ਜੋਸ਼ ਸੀ। ਅੰਮ੍ਰਿਤਸਰ ਤੋਂ ਛਪਣ ਵਾਲੇ ਅਖਬਾਰ 'ਵਕਤ' ਨੇ 22 ਮਾਰਚ ਨੂੰ ਇਕ ਕਾਰਟੂਨ ਛਾਪਿਆ ਜਿਸ ਵਿਚ ਰਾਜ ਦਾ ਸਕੱਤਰ ਭਾਰਤ ਨੂੰ ਉਸਦੀ ਆਜ਼ਾਦੀ ਦਾ ਹੁਕਮ ਫੜਾ ਰਿਹਾ ਹੈ, ਜਦੋਂ ਕਿ ਮਿਸਟਰ ਰੋਲਟ ਦੀ ਪਟਾਰੀ ਵਿਚੋਂ ਇਕ ਕਾਲਾ ਨਾਗ ਨਿਕਲ ਕੇ ਉਸ ਨੂੰ ਡੰਗ ਰਿਹਾ ਹੈ। 23 ਮਾਰਚ ਨੂੰ ਬੰਦੇ ਮਾਤਰਮ ਹਾਲ ਵਿਚ ਗਾਂਧੀ ਜੀ ਦੇ ਅੰਦੋਲਨ ਦੇ ਪੱਖ ਵਿਚ ਇਕ ਸਭਾ ਬੁਲਾਈ ਗਈ। 29 ਮਾਰਚ ਨੂੰ ਇਕ ਹੋਰ ਸਭਾ ਗਾਂਧੀ ਜੀ ਦੀ ਯੋਜਨਾ ਬਾਰੇ ਜਾਣਕਾਰੀ ਦੇਣ ਲਈ ਹੋਈ ਅਤੇ 30 ਮਾਰਚ ਨੂੰ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ। ਸਰਕਾਰ ਨੇ ਪਹਿਲਾ ਠੋਸ ਕਦਮ 29 ਮਾਰਚ ਨੂੰ 11.00 ਵਜੇ ਚੁੱਕਿਆ ਜਦੋਂ ਉਨ੍ਹਾਂ ਨੇ ਹਿੰਦ ਬਚਾਓ ਧਾਰਾ ਅਧੀਨ ਡਾ. ਸੱਤਿਆਪਾਲ ਉਪਰ ਜਨਤਕ ਇਕੱਠ ਵਿਚ ਬੋਲਣ ਤੇ ਪਾਬੰਦੀ ਲਗਾ ਦਿੱਤੀ। 30 ਮਾਰਚ ਦਾ ਦਿਨ ਪੂਰਨ ਤੌਰ ਤੇ ਕੰਮ ਰੋਕੂ ਦਿਵਸ ਵਜੋਂ ਮਨਾਇਆ ਗਿਆ। ਲੋਕਾਂ ਨੇ ਆਤਮ-ਸ਼ੁੱਧੀ ਲਈ ਵਰਤ ਰੱਖਿਆ। ਮੁੱਖ ਬੈਠਕ ਜਲ੍ਹਿਆਂ ਵਾਲੇ ਬਾਗ ਵਿਚ ਹੋਈ ਜਿਸ ਵਿਚ ਸਰਕਾਰੀ ਅੰਦਾਜੇ ਅਨੁਸਾਰ 30,000 ਤੋਂ 35,000 ਲੋਕ ਸ਼ਾਮਲ ਹੋਏ। ਡਾ. ਕਿਚਲੂ ਨੇ ਪ੍ਰਧਾਨਗੀ ਕੀਤੀ ਅਤੇ ਮੀਟਿੰਗ ਵਿਚ ਬੁਲਾਰਿਆਂ ਨੇ ਸਪਸ਼ਟ ਤੌਰ ਤੇ ਅੰਦੋਲਨ ਨੂੰ ਸ਼ਾਂਤਮਈ ਰੱਖਣ ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਭਾਸ਼ਣ ਕਾਨੂੰਨ ਦੀ ਹੱਦ ਦੇ ਅੰਦਰ ਸਨ। ਪੰਡਿਤ ਕੋਟੂ ਮੱਲ, ਸਵਾਮੀ ਅਨੁਭਵਾ ਨੰਦ ਅਤੇ ਮਿਸਟਰ ਦੀਨਾ ਨਾਥ ਨੇ ਸਭਾ ਨੂੰ ਸੰਬੋਧਿਤ ਕੀਤਾ। ਡਾ. ਸੱਤਿਆਪਾਲ ਨੇ ਮੀਟਿੰਗ ਵਿਚ ਭਾਗ ਲਿਆ ਪਰ ਉਨ੍ਹਾਂ ਨੇ ਭਾਸ਼ਣ ਨਾ ਦਿੱਤਾ। ਉਨ੍ਹਾਂ

ਨੇ ਇਹ ਖਬਰ ਆਪਣੇ ਤੱਕ ਹੀ ਸੀਮਤ ਰੱਖੀ ਕਿ ਉਨ੍ਹਾਂ ਨੂੰ ਲੋਕਾਂ ਵਿਚ ਬੋਲਣ ਤੋਂ ਮਨ੍ਹਾਂ ਕੀਤਾ ਗਿਆ ਹੈ।

3 ਅਪਰੈਲ ਨੂੰ ਗਾਂਧੀ ਜੀ ਦੁਆਰਾ ਸਵਾਮੀ ਸੱਤਿਆਦੇਵ ਨੂੰ ਅੰਮ੍ਰਿਤਸਰ ਭੇਜਿਆ ਗਿਆ। 4 ਅਪਰੈਲ ਨੂੰ ਡਾ. ਕਿਚਲੂ ਨੂੰ ਵੀ ਡਾ. ਸੱਤਿਆਪਾਲ ਵਰਗੇ ਹੁਕਮ (ਭਾਵੇਂ ਇਸ ਹੁਕਮ ਤੇ 3 ਅਪਰੈਲ ਦੀ ਮਿਤੀ ਪਾਈ ਹੋਈ ਸੀ) ਦਿਤੇ ਗਏ ਅਤੇ ਉਸ ਤੇ ਵੀ ਕਿਸੇ ਜਨਤਕ ਸਭਾ ਵਿਚ ਹਿਸਾ ਲੈਣ ਅਤੇ ਭਾਸ਼ਣ ਦੇਣ ਦੀ ਪਾਬੰਦੀ ਲਾਈ ਗਈ। ਪੰਡਿਤ ਕੋਟੂ ਮੱਲ, ਪੰਡਿਤ ਦੀਨਾ ਨਾਥ ਅਤੇ ਧਾਰਮਿਕ ਸੰਨਿਆਸੀ ਸਵਾਮੀ ਅਨੁਭਵਾ ਨੰਦ ਤੇ ਵੀ ਇਸੇ ਤਰ੍ਹਾਂ ਦੀ ਮਨਾਹੀ ਲਾਗੂ ਕੀਤੀ ਗਈ। ਡਿਪਟੀ ਕਮਿਸ਼ਨਰ ਮਿਸਟਰ ਮਾਈਲਜ ਇਰਵਿੰਗ ਲਾਲ ਆਪਣੀ ਗੱਲਬਾਤ ਸਮੇਂ ਡਾ. ਕਿਚਲੂ ਨੇ ਉਸਨੂੰ ਯਕੀਨ ਦਿਵਾਇਆ ਸੀ ਕਿ ਅੰਦੋਲਨ ਦਾ ਮੰਤਵ ਬਰਤਾਨੀਆ ਸਾਮਰਾਜ ਦੀ ਛਤਰ ਛਾਇਆ ਹੇਠ ਆਪਣੀ ਸਰਕਾਰ ਬਣਾਉਣਾ ਸੀ। ਡਾ. ਸੱਤਿਆਪਾਲ ਅਤੇ ਡਾ. ਕਿਚਲੂ ਤੇ ਲਗਾਈ ਗਈ ਪਾਬੰਦੀ ਨੇ ਲੋਕਾਂ ਨੂੰ ਕੋਈ ਗਲਤ ਕਦਮ ਚੁੱਕਣ ਲਈ ਨਹੀਂ ਭੜਕਾਇਆ। 5 ਅਪਰੈਲ ਨੂੰ ਅਧਿਕਾਰੀਆਂ ਦੇ ਕੁਝ ਵਫਾਦਾਰ ਸ਼ਹਿਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਯਕੀਨ ਦਿਵਾਇਆ ਸੀ ਕਿ 6 ਅਪਰੈਲ ਨੂੰ ਹੜਤਾਲ ਨਹੀਂ ਹੋਵੇਗੀ। ਫੇਰ ਵੀ ਕੁਝ ਮੈਜਿਸਟਰੇਟਾਂ ਅਤੇ ਮਿਉਂਸਪਲ ਕਮਿਸ਼ਨਰਾਂ ਨੇ ਇਸ ਕਦਮ ਨੂੰ ਨਿਰਉਤਸ਼ਾਹਿਤ ਕਰਨ ਲਈ ਉਪਾਅ ਕੀਤੇ, 6 ਅਪਰੈਲ ਦੀ ਹੜਤਾਲ ਸਬੰਧੀ ਫੈਸਲਾ ਇਕ ਨਿੱਜੀ ਮੀਟਿੰਗ ਵਿਚ ਕੀਤਾ ਗਿਆ ਸੀ ਜਿਸ ਵਿਚ ਡਾ. ਸੱਤਿਆਪਾਲ ਅਤੇ ਡਾ. ਕਿਚਲੂ ਨੇ ਭਾਗ ਲਿਆ ਅਤੇ ਹੜਤਾਲ ਨੂੰ ਸਫਲ ਬਣਾਉਣ ਲਈ ਤਿਆਰੀਆਂ ਕੀਤੀਆਂ ਗਈਆਂ। 6 ਅਪਰੈਲ ਦੀ ਹੜਤਾਲ ਆਮ ਨਾਲੋਂ ਅਤੇ 30 ਮਾਰਚ ਦੀ ਹੜਤਾਲ ਨਾਲੋਂ ਵਧੇਰੇ ਸਫਲ ਸੀ ਅਤੇ ਆਮ ਨਾਲੋਂ ਭੀੜ ਬੜੀ ਹੈਰਾਨੀਜਨਕ ਤੇਜ਼ੀ ਨਾਲ ਇਕੱਠੀ ਹੋਈ। ਨਿਰੀਖਕਾਂ ਨੇ ਬਾਅਦ ਵਿਚ ਸਾਰੀ ਦੁਖਦਾਇਕ ਕਹਾਣੀ ਨੂੰ ਸੰਖੇਪ ਵਿਚ ਦੱਸਿਆ ਅਤੇ ਉਨ੍ਹਾਂ ਨੇ ਮੁੱਖ ਕਰਿੰਦਿਆਂ ਨੂੰ ਦੋਸ਼ੀ ਠਹਿਰਾਇਆ, ਇਹ ਵੀ ਧਿਆਨ ਵਿਚ ਲਿਆਂਦਾ ਕਿ 6 ਅਪਰੈਲ ਨੂੰ ਪੁਲਿਸ ਸ਼ਕਤੀ ਦਾ ਵਿਖਾਵਾ ਵੀ ਅਧਿਕਾਰੀਆਂ ਦੀ ਸ਼ਾਂਤੀ ਪੂਰਨ ਯੋਜਨਾ ਨਹੀਂ ਸੀ। ਇਹ ਕਾਹਲੇਪਣ ਨਾਲ ਕੀਤਾ ਗਿਆ ਮਾਮਲਾ ਸੀ। ਬਾਜ਼ਾਰ ਵਿਚ 12 ਤੋਂ 14 ਹਜ਼ਾਰ ਲੋਕ ਘੁੰਮ ਰਹੇ ਸਨ ਅਤੇ ਸਾਰੇ ਵਰਗਾਂ ਦੇ ਲੋਕਾਂ ਤੇ ਪ੍ਰਚੱਲਿਤ ਭਾਵਨਾਵਾਂ ਦਾ ਪ੍ਰਭਾਵ ਪਿਆ। 6 ਅਪਰੈਲ ਦੀ ਹੜਤਾਲ ਨੇ ਡਿਪਟੀ ਕਮਿਸ਼ਨਰ ਨੂੰ ਵਿਆਕੁਲ ਕੀਤਾ ਅਤੇ ਇਸ ਨੇ ਅਧਿਕਾਰੀਆਂ ਨੂੰ ਘਟਨਾਵਾਂ ਦੀ ਗਹਿਰਾਈ ਅਤੇ ਡਾ. ਕਿਚਲੂ ਅਤੇ ਡਾ. ਸੱਤਿਆਪਾਲ ਵਲੋਂ ਪ੍ਰਾਪਤ ਕੀਤੀ ਸ਼ਕਤੀ ਬਾਰੇ ਜਾਣਕਾਰੀ ਦਿੱਤੀ। ਮਿਸਟਰ ਬਦਰੁਲ ਇਸਲਾਮ ਖਾਨ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ ਜਿਸ ਵਿਚ 50,000 ਲੋਕ ਸ਼ਾਮਲ ਹੋਏ ਸਨ, ਉਸ ਵਿਚ ਦੋ ਮੰਗਾਂ ਰੱਖੀਆਂ ਗਈਆਂ ਕਿ ਡਾ. ਸੱਤਿਆਪਾਲ ਅਤੇ ਡਾ. ਕਿਚਲੂ ਵਿਰੁੱਧ ਜਾਰੀ ਕੀਤੇ ਗਏ ਹੁਕਮ ਰੱਦ ਕੀਤੇ ਜਾਣ ਅਤੇ ਰੋਲਟ ਐਕਟ ਵਾਪਸ ਲਿਆ ਜਾਵੇ। ਗੁਰਦਿਆਲ ਸਿੰਘ ਸਲਾਰੀਆ ਨੇ ਇਕ ਮਤੇ ਦੀ ਤਾਇਦ ਕੀਤੀ ਜਿਸ ਵਿਚ ਬਾਦਸ਼ਾਹ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਰੋਲਟ ਐਕਟ ਨੂੰ ਪ੍ਰਵਾਨਗੀ ਨਾ ਦੇਣ। 6 ਅਪਰੈਲ ਨੂੰ ਡਿਪਟੀ ਕਮਿਸ਼ਨਰ ਨੇ ਕਮਿਸ਼ਨਰ ਅਤੇ ਪੰਜਾਬ ਵਿੱਚ ਫੌਜੀ ਤਾਕਤ ਫੌਰੀ ਤੌਰ ਤੇ ਵਧਾਉਣ ਲਈ ਜ਼ੋਰ ਦਿੱਤਾ ਕਿਉਂਕਿ ਉਸ ਦਾ ਖਿਆਲ ਸੀ ਕਿ ਮੌਜੂਦਾ ਰੱਖਿਆ ਸੈਨਾ ਸਿਵਲ

ਲਾਈਨ ਦੀ ਸੁਰੱਖਿਆ ਲਈ ਕਾਫੀ ਨਹੀਂ ਸੀ। ਉਸ ਨੇ ਲਿਖਿਆ "ਜੇ ਦੰਗੇ ਹੋ ਗਏ ਤਾਂ ਸਾਨੂੰ ਕੇਵਲ ਕੋਤਵਾਲੀ (ਮੁੱਖ ਥਾਣਾ) ਅਤੇ ਸੰਚਾਰ ਦੇ ਸਾਧਨਾਂ ਦੀ ਸੁਰੱਖਿਆ ਲਈ ਸ਼ਹਿਰ ਦੇ 9-10 ਥਾਵਾਂ ਨੂੰ ਛੱਡਣਾ ਪਵੇਗਾ।"9 ਅਪਰੈਲ ਦੇ ਦਿਨ, ਇਕ ਧਾਰਮਿਕ ਤਿਉਹਾਰ, ਰਾਮ ਨੌਮੀ ਸੀ, ਜਿਸ ਦੀ ਮਹੱਤਤਾ ਵਾਪਰ ਰਹੀਆਂ ਘਟਨਾਵਾਂ ਕਾਰਨ ਬਹੁਤ ਵਧ ਗਈ ਸੀ। ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਭਾਰੀ ਜਲੂਸ ਭੀੜ ਭਰੀਆਂ ਗਲੀਆਂ ਵਿਚੋਂ ਲੰਘੇ। ਅੰਮ੍ਰਿਤਸਰ ਤੋਂ ਬਾਹਰੋਂ ਲੋਕ ਆਏ ਅਤੇ ਅਸਾਧਾਰਣ ਭਾਈਚਾਰੇ ਦੇ ਦ੍ਰਿਸ਼ ਵੇਖਣ ਵਿਚ ਮਗਨ ਰਹੇ। ਹਿੰਦੂ-ਮੁਸਲਮਾਨਾਂ ਨੇ ਖੁੱਲ੍ਹੇਆਮ ਇਕ ਦੂਸਰੇ ਦੇ ਹੱਥੋਂ ਪਾਣੀ ਪੀਤਾ, ਹਿੰਦੂ- ਮੁਸਲਮਾਨਾਂ ਦੁਆਰਾ ਵੱਡੇ ਜਲੂਸ ਕੱਢੇ ਗਏ, ਉਨ੍ਹਾਂ ਦੁਆਰਾ ਚੁੱਕੇ ਗਏ ਝੰਡੇ ਅਤੇ ਨਾਹਰੇ ਇਸ ਗੱਲ ਦੇ ਪ੍ਰਤੀਕ ਸਨ ਕਿ ਹਿੰਦੂ ਅਤੇ ਮੁਸਲਮਾਨ ਇੱਕਮੁਠ ਹਨ। ਹਿੰਦੂ-ਮੁਸਲਮਾਨਾਂ ਦੇ ਇਸ ਸੰਕੇਤਕ ਪ੍ਰਗਟਾਵੇ ਨੇ ਅਧਿਕਾਰੀਆਂ ਨੂੰ ਪਰੇਸ਼ਾਨ ਕਰ ਦਿੱਤਾ। ਚਕਿਤਸਕ ਡਾ. ਹਫੀਜ਼ ਮੁਹੰਮਦ ਬਸ਼ੀਰ ਨੂੰ ਘੋੜੇ ਤੇ ਬੈਠਿਆਂ ਜਲੂਸ ਦੀ ਅਗਵਾਈ ਕਰਦੇ ਹੋਏ ਵੇਖਿਆ ਗਿਆ ਜਿਸ ਦੇ ਪਿਛੇ ਸਾਈਕਲ ਸਵਾਰ ਅਤੇ ਪੈਦਲ ਲੋਕ ਸਨ। ਚੌਧਰੀ ਬੁੱਗਾ ਨੇ ਆਪਣੀ ਲਾਜਵਾਬ ਸੰਗਠਨ ਕਰਨ ਦੀ ਯੋਗਤਾ ਦਾ ਪ੍ਰਗਟਾਵਾ ਭੀੜੀਆਂ ਗਲੀਆਂ ਵਿਚ ਜਲੂਸ ਦੀ ਅਗਵਾਈ ਲਈ ਯੋਗ ਪ੍ਰਬੰਧ ਕਰਕੇ ਕੀਤਾ। ਜਦੋਂ ਮਿਸਟਰ ਮਾਈਲਜ਼ ਇਰਵਿੰਗ [10] ਨੇ ਕੱਟੜਾ ਆਹਲੂਵਾਲੀਆ ਵਿਚ ਅਲਾਹਾਬਾਦ ਬੈਂਕ ਤੋਂ ਜੋ ਸ਼ਹਿਰ ਦੇ ਅਮੀਰ ਅੰਦਰੂਨੀ ਅਤੇ ਪ੍ਰਭਾਵਸ਼ਾਲੀ ਹਿੱਸੇ ਦਾ ਅਸਲ ਦਾਖਲੇ ਵਾਲਾ ਹਿੱਸਾ ਸੀ, ਨਜ਼ਾਰਾ ਵੇਖਿਆ ਤਾਂ ਉਹ ਹਿੰਦੂ ਮੁਸਲਮਾਨਾਂ ਦਾ ਮੇਲ ਜੋਲ ਵੇਖ ਕੇ ਬਹੁਤ ਪਰੇਸ਼ਾਨ ਹੋਇਆ ਜਾਪਦਾ ਸੀ ਅਤੇ ਉਸ ਨੂੰ ਬਾਰ ਬਾਰ ਆਪਣੇ ਕਮਰੇ ਦੇ ਅੰਦਰ ਅਤੇ ਬਾਹਰ ਜਾਂਦੇ ਹੋਏ ਵੇਖਿਆ ਗਿਆ। ਸੋਡਾ ਪੀਂਦੇ ਹੋਏ ਉਸਦੇ ਹੱਥ ਜੋਸ਼ ਨਾਲ ਕੰਬ ਰਹੇ ਸਨ। ਲੋਕ ਉੱਚੀ ਉੱਚੀ **ਗਾਂਧੀ ਮਹਾਰਾਜ ਕੀ ਜੈ, ਕਿਚਲੂ ਜੀ ਕੀ ਜੈ, ਸੱਤਿਆਪਾਲ ਜੀ ਕੀ ਜੈ ਨਾਹਰੇ ਲਗਾ ਰਹੇ ਸਨ।** ਡਿਪਟੀ ਕਮਿਸ਼ਨਰ ਨੂੰ "ਗਾਡ ਸੇਵ ਦੀ ਕਿੰਗ" ਧੁਨ ਵਜਾ ਕੇ ਵਫਾਦਾਰੀ ਵਿਖਾਈ ਗਈ। ਡਿਪਟੀ ਕਮਿਸ਼ਨਰ ਨੂੰ ਉਸ ਵੇਲੇ ਵਿਸ਼ੇਸ਼ ਤੌਰ ਤੇ ਪਰੇਸ਼ਾਨੀ ਮਹਿਸੂਸ ਹੋਈ ਜਦੋਂ ਜਲੂਸ ਦੇ ਆਖਰੀ ਗਰੁੱਪ ਵਿਚ ਮੁਸਲਮਾਨ ਸਵੈ ਸੇਵਕ ਲੰਘੇ ਜਿਨ੍ਹਾਂ ਨੇ ਝੰਡਾ ਚੁੱਕਿਆ ਹੋਇਆ ਸੀ ਅਤੇ ਉਨ੍ਹਾਂ ਨੇ ਉੱਚੀ ਉੱਚੀ ਰੌਲਾ ਪਾਉਣਾ ਅਤੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਜੋ ਉਸਨੂੰ ਬੇਵਫਾਈ ਦਾ ਐਲਾਨ ਜਾਪਿਆ ਅਤੇ ਵਿਖਾਵਾਕਾਰੀ ਉਸਨੂੰ ਤੁਰਕੀ ਫੌਜ ਵਾਂਗ ਜਾਪੇ। ਅੰਮ੍ਰਿਤਸਰ ਵਿਚ ਤੁਰਕਾਂ ਵਾਂਗ ਕੱਪੜੇ ਪਹਿਨੇ ਹੋਏ ਮੁਸਲਮਾਨ ਵਿਦਿਆਰਥੀਆਂ ਦੇ ਵਿਖਾਵੇ ਨੂੰ ਬਾਦਸ਼ਾਹ ਲਈ ਚੁਣੌਤੀ ਸਮਝਿਆ ਗਿਆ। ਇਸ ਦਾ ਆਯੋਜਨ ਡਾ. ਹਫੀਜ਼ ਮੁਹੰਮਦ ਬਸ਼ੀਰ ਨੇ ਕੀਤਾ ਸੀ। ਉਸ ਦਾ ਵੱਡੀ ਭੀੜ ਤੇ ਪੂਰਾ ਕੰਟਰੋਲ ਸੀ, ਅਤੇ ਉਨ੍ਹਾਂ ਨੇ ਅਜਿਹੇ ਅਨੁਸ਼ਾਸ਼ਨ ਦਾ ਵਿਖਾਵਾ ਕੀਤਾ ਗਿਆ ਸੀ ਜੋ ਅਜਿਹੇ ਮੌਕਿਆਂ ਤੇ ਅਸੰਭਵ ਹੁੰਦਾ ਹੈ। ਅਸਲ ਵਿਚ ਇਹ ਕੋਈ ਨਹੀਂ ਸੀ ਜਾਣਦਾ ਕਿ ਇਕ ਦਿਨ ਦੇ ਛੋਟੇ ਜਿਹੇ ਵਕਫੇ ਬਾਦ ਇਹ ਖੁਸ਼ਹਾਲ ਸ਼ਹਿਰ ਦੁੱਖ ਅਤੇ ਹਿੰਸਾ ਦੇ ਨਜ਼ਾਰੇ ਵਿਚ ਬਦਲ ਦਿੱਤਾ ਜਾਵੇਗਾ।

**9 ਅਪਰੈਲ ਦੀ ਸ਼ਾਮ ਨੂੰ ਗਾਂਧੀ ਜੀ ਨੂੰ ਪੰਜਾਬ ਵਿਚ ਪਲਵਲ ਦੇ ਇਕ ਛੋਟੇ ਜਿਹੇ ਸਟੇਸ਼ਨ ਤੇ ਰੋਕ ਲਿਆ ਗਿਆ, ਉਨ੍ਹਾਂ ਦੇ ਪੰਜਾਬ ਵਿਚ ਦਾਖਲੇ ਤੇ ਮਨਾਹੀ ਦੇ ਹੁਕਮ ਜਾਰੀ**

ਕਰ ਦਿੱਤੇ ਗਏ ਅਤੇ ਸੁਰੱਖਿਆ ਦਸਤਿਆਂ ਨਾਲ ਉਨ੍ਹਾਂ ਨੂੰ ਬੰਬਈ ਵਾਪਸ ਭੇਜ ਦਿੱਤਾ ਗਿਆ। ਇਹ ਅਫਵਾਹ ਫੈਲ ਗਈ ਕਿ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। 10 ਅਪਰੈਲ ਦੀ ਸਵੇਰ ਨੂੰ ਡਾ. ਸੱਤਿਆਪਾਲ ਅਤੇ ਡਾ. ਕਿਚਲੂ ਨੂੰ ਡਿਪਟੀ ਕਮਿਸ਼ਨਰ ਦੇ ਨਿਵਾਸ ਸਥਾਨ ਤੇ ਬੁਲਾਇਆ ਗਿਆ, ਸੂਬਾਈ ਸਰਕਾਰ ਵਲੋਂ ਮਿਲੇ ਉਨ੍ਹਾਂ ਦੇ ਦੇਸ਼ ਨਿਕਾਲੇ ਦੇ ਹੁਕਮ ਵਿਖਾਏ ਗਏ ਅਤੇ ਉਨ੍ਹਾਂ ਨੂੰ ਮੋਟਰਕਾਰਾਂ ਵਿਚ ਅੰਮ੍ਰਿਤਸਰ ਤੋਂ ਧਰਮਸ਼ਾਲਾ ਲਿਜਾਇਆ ਗਿਆ। ਇਹ ਹੁਕਮ ਡਿਪਟੀ ਕਮਿਸ਼ਨਰ ਪਾਸ 9 ਅਪਰੈਲ ਦੀ ਸ਼ਾਮ ਨੂੰ ਪਹੁੰਚ ਗਏ ਸਨ। ਇਨ੍ਹਾਂ ਹੁਕਮਾਂ ਦਾ ਕਾਰਣ ਇਹ ਸੀ ਕਿ ' ਉਨ੍ਹਾਂ ਦੀ ਅੰਮ੍ਰਿਤਸਰ ਵਿਚ ਮੌਜੂਦਗੀ ਜਨਤਕ ਸੁਰੱਖਿਆ ਲਈ ਹਾਨੀਕਾਰਕ ਸਮਝੀ ਜਾਣ ਲਗ ਪਈ ਸੀ।' ਇਨ੍ਹਾਂ ਦੋ ਨੇਤਾਵਾਂ ਦੀ ਗ੍ਰਿਫਤਾਰੀ ਦੀ ਖਬਰ, ਜਿਨ੍ਹਾਂ ਨੇ ਲੋਕਾਂ ਦੇ ਮਨਾਂ ਨੂੰ ਬਹੁਤ ਪ੍ਰਭਾਵਤ ਕੀਤਾ ਸੀ, ਸਾਰੇ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ, ਸਾਰਾ ਕਾਰੋਬਾਰ ਕੁਝ ਹੀ ਮਿੰਟਾਂ ਵਿਚ ਬੰਦ ਹੋ ਗਿਆ। ਪਹਿਲਾਂ ਲੋਕ ਉਤੇਜਨਾ ਭਰਪੂਰ ਛੋਟੀਆਂ ਛੋਟੀਆਂ ਟੋਲੀਆਂ ਵਿਚ ਇਕੱਠੇ ਹੋਏ, ਜੋ ਬਾਦ ਵਿਚ ਹਜ਼ਾਰਾਂ ਦੀ ਭੀੜ ਵਿਚ ਬਦਲ ਗਏ, ਉਹ ਨੰਗੇ ਸਿਰ, ਨੰਗੇ ਪੈਰ ਅਤੇ ਖਾਲੀ ਹੱਥ ਸਨ। ਗਲੀਆਂ ਵਿਚ ਭਾਰੀ ਸ਼ੋਰ-ਸ਼ਰਾਬਾ ਸੀ। ਇਹ ਭਾਰੀ ਇਕੱਠ ਸ਼ਹਿਰ ਦੀਆਂ ਮੁੱਖ ਗਲੀਆਂ ਵਿਚੋਂ ਲੰਘਿਆ, ਕਟੜਾ ਜੈਮਲ ਸਿੰਘ, ਪੰਜਾਬ ਨੈਸ਼ਨਲ ਬੈਂਕ ਅਤੇ ਹੋਰ ਇਮਾਰਤਾਂ, ਜੋ ਬਾਦ ਵਿਚ ਲੋਕਾਂ ਦੀ ਕ੍ਰੋਪੀ ਦਾ ਸ਼ਿਕਾਰ ਬਣੀਆਂ, ਤੋਂ ਹੁੰਦਾ ਹੋਇਆ, ਅਖੀਰ ਇਹ ਇਕੱਠ ਬੱਘੀ ਪੁਲ ਤੇ ਪਹੁੰਚਿਆ। ਭੀੜ ਇਕ ਖਾਸ ਉਦੇਸ਼ ਨਾਲ ਆਪਣੇ ਨੇਤਾਵਾਂ ਦੇ ਦੇਸ਼ ਨਿਕਾਲੇ ਦੇ ਹੁਕਮ ਰੱਦ ਕਰ ਦੇਣ ਲਈ ਬੇਨਤੀ ਕਰਨ ਅਤੇ ਅੰਮ੍ਰਿਤਸਰ ਦੇ ਲੋਕਾਂ ਤੇ ਕੀਤੇ ਗਏ ਭਾਰੀ ਅਨਿਆਂ ਵਿਰੁੱਧ ਆਪਣੀਆਂ ਜ਼ੋਰਦਾਰ ਭਾਵਨਾਵਾਂ ਦਾ ਵਿਖਾਵਾ ਕਰਨ ਸਬੰਧੀ ਡਿਪਟੀ ਕਮਿਸ਼ਨਰ ਨੂੰ ਬੇਨਤੀ ਕਰਨ ਲਈ ਇਸ ਦਿਸ਼ਾ ਵੱਲ ਵਧੀ। ਡਾ. ਕਿਚਲੂ ਅਤੇ ਡਾ. ਸੱਤਿਆਪਾਲ ਆਪਣੀਆਂ ਗਤੀਵਿਧੀਆਂ ਕਾਰਣ ਨਾਇਕ ਬਣ ਗਏ ਸਨ, ਉਨ੍ਹਾਂ ਨੇ ਲੋਕਾਂ ਦੇ ਦਿਲ ਜਿੱਤ ਲਏ ਸਨ, ਉਨ੍ਹਾਂ ਨੇ ਆਪਣੇ ਸੰਦੇਸ਼ਾਂ ਅਤੇ ਸਪਸ਼ਟ ਬਿਆਨਾਂ ਨਾਲ ਲੋਕਾਂ ਨੂੰ ਉਤਸ਼ਾਹਿਤ ਕੀਤਾ, ਅਤੇ ਉਨ੍ਹਾਂ ਦੇ ਮਨਾਂ ਵਿਚ ਆਉਣ ਵਾਲੇ ਚੰਗੇ ਸਮੇਂ ਦੀ ਉਮੀਦ ਜਗਾਈ। ਉਨ੍ਹਾਂ ਦੀ ਅਚਾਨਕ ਗ੍ਰਿਫਤਾਰੀ ਕਾਰਨ ਲੋਕਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਅਤੇ ਲੋਕਾਂ ਦੀ ਭੀੜ ਗੰਭੀਰ ਜੋਸ਼ ਅਤੇ ਉਤਸ਼ਾਹ ਨਾਲ ਨਾਹਰੇ ਮਾਰਦੀ ਹੋਈ ਬੱਘੀ ਪੁਲ ਵੱਲ ਵਧੀ। ਭੀੜ ਨੇ ਰਸਤੇ ਵਿਚ ਮਿਲਣ ਵਾਲੇ ਫਰੰਗੀਆਂ ਦੀ ਕੋਈ ਪਰਵਾਹ ਨਾ ਕੀਤੀ। ਅਧਿਕਾਰੀਆਂ ਨੇ ਫੌਜ ਨੂੰ ਬੁਲਾਉਣ ਅਤੇ ਇਕ ਘੋੜ ਸਵਾਰ ਦਸਤੇ ਨੂੰ ਭੀੜ ਤੇ ਸਿਵਲ-ਲਾਈਨਜ਼ ਵਿਚ ਦਾਖਲ ਹੋਣ ਤੋਂ ਰੋਕਣ ਲਈ ਲਾਉਣਾ ਉਚਿਤ ਸਮਝਿਆ। ਇਨ੍ਹਾਂ ਵਿਚ ਇਕ ਤਲਵਾਰ ਅਤੇ ਰਿਵਾਲਵਰ ਨਾਲ ਲੈਸ ਅਣ-ਨਿਯੁਕਤ ਅਫਸਰ, ਚਾਰ ਘੋੜ ਸਵਾਰ ਬਰਤਾਨਵੀ ਸਿਪਾਹੀ, ਜਿਨ੍ਹਾਂ ਵਿਚੋਂ ਦੋ ਦੇ ਕੋਲ ਭਾਲੇ ਅਤੇ ਦੋ ਕੋਲ ਰਾਈਫਲਾਂ ਸਨ ਅਤੇ ਤਿੰਨ ਭਾਰਤੀ ਸਵਾਰ ਸ਼ਾਮਲ ਸਨ। ਅਧਿਕਾਰੀਆਂ ਨੇ ਭਲੀ ਭਾਂਤ ਮਹਿਸੂਸ ਕੀਤਾ ਕਿ ਦੋ ਪੁਲ ਆਖਰੀ ਪੜਾਅ ਸੀ ਜਿਥੋਂ ਭੀੜ ਨੂੰ ਕਾਬੂ ਅਤੇ ਸਿਵਲ ਲਾਈਨ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਸਕਦਾ ਸੀ। ਉਨ੍ਹਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਰੇਲਵੇ ਲਾਈਨ ਦੀ ਸੁਰੱਖਿਆ ਵੀ ਬਹੁਤ ਜ਼ਰੂਰੀ ਸੀ। ਇਸ ਲਈ ਉਥੇ ਉਤਪੰਨ ਹੋਈ ਅਜਿਹੀ ਸਥਿਤੀ ਦੀ ਰੁਕਾਵਟ ਨੇ ਦੋਹਾਂ ਧਿਰਾਂ ਨੂੰ ਉਤੇਜਿਤ ਕਰ ਦਿੱਤਾ। ਅਧਿਕਾਰੀਆਂ ਨੂੰ ਡਰ ਸੀ ਕਿ ਭੀੜ ਸਿਵਲ ਲਾਈਨਜ਼ ਵਿਚ ਦਾਖਲ ਹੋ ਜਾਵੇਗੀ ਅਤੇ ਇਸ ਤਰ੍ਹਾਂ ਅਜਿਹੀ ਸਥਿਤੀ

ਪੈਦਾ ਹੋ ਜਾਵੇਗੀ ਜਿਸ ਨੂੰ ਸੰਭਾਲਣਾ ਮੁਸ਼ਕਿਲ ਹੋ ਜਾਵੇਗਾ। ਦੂਸਰੇ ਪਾਸੇ ਭੀੜ ਭੜਕੀ ਹੋਈ ਸੀ ਅਤੇ ਉਹ ਜਾਨਣਾ ਚਾਹੁੰਦੀ ਸੀ ਕਿ ਉਨ੍ਹਾਂ ਦੇ ਨੇਤਾ ਕਿਥੇ ਹਨ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਅੱਗੇ ਵਧ ਕੇ ਡਿਪਟੀ ਕਮਿਸ਼ਨਰ ਸਾਹਮਣੇ ਆਪਣੀਆਂ ਤਕਲੀਫਾਂ ਰੱਖਣਾ ਉਨ੍ਹਾਂ ਦਾ ਕਾਨੂੰਨੀ ਹੱਕ ਹੈ। ਜੋਸ਼ੀਲੇ ਨਾਹਰਿਆਂ ਦੇ ਲੱਗਣ ਨਾਲ ਉਹ ਹੋਰ ਭੜਕ ਗਏ ਅਤੇ ਜਿਵੇਂ ਕਿ ਅਜਿਹੇ ਮੌਕਿਆਂ ਤੇ ਅਕਸਰ ਹੁੰਦਾ ਹੈ, ਸਾਰਾ ਮਾਮਲਾ ਦੋਹਾਂ ਧਿਰਾਂ ਲਈ ਵਕਾਰ ਦਾ ਸਵਾਲ ਬਣ ਗਿਆ।

ਬੱਘੀ ਪੁਲ ਤੇ ਇਕੱਠੀ ਹੋਣ ਤੋਂ ਬਾਅਦ ਭੀੜ ਅੱਗੇ ਵਧੀ ਅਤੇ ਚੌਕੀਆਂ ਪਿਛੇ ਡਿਗ ਗਈਆਂ, ਭੀੜ ਪਾਸ ਕੋਈ ਸੋਟੀਆਂ ਜਾਂ ਲਾਠੀਆਂ ਨਹੀਂ ਸਨ। ਹੋ ਸਕਦਾ ਹੈ ਕਿ ਭੀੜ ਵਿਚੋਂ ਕਿਸੇ ਨੇ ਆਪਣੀ ਪਗੜੀ ਕਿਸੇ ਅਫਸਰ ਦੇ ਘੋੜੇ ਪਾਸ ਹਿਲਾਈ ਹੋਵੇ ਅਤੇ ਘੋੜੇ ਥੋੜਾ ਪਿੱਛੇ ਹਟ ਗਏ ਹੋਣ। ਇਕ ਫੌਜੀ ਨੇ ਸ਼ਾਇਦ ਗੋਲੀ ਚਲਾ ਦਿੱਤੀ ਹੋਵੇ। ਵੱਖੋ ਵੱਖਰੇ ਵਰਨਣ ਦਿਤੇ ਜਾਂਦੇ ਹਨ ਅਤੇ ਇਥੇ ਅਨੁਮਾਨਾਂ ਨੂੰ ਟਾਲਿਆ ਨਹੀਂ ਜਾ ਸਕਦਾ। ਪਰ ਇਹ ਗੱਲ ਸਹੀ ਹੈ ਕਿ ਭੀੜ ਅੱਗੇ ਵਧੀ, ਚੌਕੀਆਂ ਢਲਾਣ ਤੋਂ ਹੌਲੀ ਹੌਲੀ ਥੱਲੇ ਡਿਗ ਪਈਆਂ ਅਤੇ ਉਨ੍ਹਾਂ ਨੇ ਬੱਘੀ ਪੁਲ ਕੇ ਅਖੀਰ ਤੇ ਨਵੀਂ ਜਗਾ ਸੰਭਾਲ ਲਈ। ਅਫਸਰਾਂ ਨੇ ਪੁਲ ਦੇ ਉਪਰੋਂ ਘੋੜੇ ਦੌੜਾਏ ਅਤੇ ਭੀੜ ਨੇ ਉਨ੍ਹਾਂ ਦਾ ਪਿੱਛਾ ਕੀਤਾ। ਜਦੋਂ ਕਿ ਇਰਵਿੰਗ ਅਤੇ ਕਪਤਾਨ ਮੈਸੀ ਘੋੜਿਆਂ ਤੇ ਸਵਾਰ ਹੋ ਕੇ ਰਾਖਵੀਂ ਸੈਨਾ ਨੂੰ ਲੈਣ ਲਈ ਰਾਮਬਾਗ ਨੂੰ ਜਾ ਰਹੇ ਸਨ, ਮਿਸਟਰ ਪਲੋਮਰ ਆਪਣੀ ਰਾਖਵੀਂ ਪੁਲਿਸ ਦੇ 25 ਆਦਮੀਆਂ ਨਾਲ ਰੇਲਵੇ ਦੇ ਪੈਦਲ ਪੁਲ ਵੱਲ ਤੇਜ਼ੀ ਨਾਲ ਜਾ ਰਿਹਾ ਸੀ। ਉਦੋਂ ਤੱਕ ਕੁਝ ਲੋਕ ਬੱਘੀ ਪੁਲ ਦੇ ਨੇੜੇ ਪਹੁੰਚ ਗਏ ਸਨ ਅਤੇ **ਘੋੜੇ ਤੇ ਸਵਾਰ ਅਫਸਰ ਨੇ ਭੀੜ ਵੱਲ ਗੋਲੀ ਚਲਾ ਦਿੱਤੀ ਜਿਸ ਨਾਲ 3 ਜਾਂ 4 ਵਿਅਕਤੀ ਮਾਰੇ ਗਏ**। ਹੁਣ ਤੱਕ ਭੀੜ ਸ਼ਾਂਤ ਨਹੀਂ ਸੀ ਰਹੀ। ਉਸਨੇ ਆਪਣੇ ਆਪ ਨੂੰ ਹਥਿਆਰਬੰਦ ਕਰ ਲਿਆ ਸੀ ਅਤੇ ਉਨ੍ਹਾਂ ਨੇ ਤਾੜੀਆਂ ਮਾਰੀਆਂ ਅਤੇ ਉਹ ਜਵਾਬੀ ਹਮਲੇ ਦੇ ਰੌਂ ਵਿਚ ਸਨ। ਪੈਦਲ ਪੁਲ ਦੇ ਨੇੜੇ ਰੱਖਿਆ ਲਈ ਸੈਨਾ ਲਾਈ ਗਈ ਸੀ ਅਤੇ ਸ਼ਹਿਰ ਦੇ ਲੋਕ ਪੁਲ ਦੇ ਉਪਰ ਸਨ।[11] ਫੌਜ ਨੇ ਪੁਲ ਉਪਰ ਆਪਣੇ ਟਿਕਾਣੇ ਸੰਭਾਲ ਲਏ। ਤਾਰਘਰ ਵਿਚੋਂ ਇਕ ਗੋਲੀ ਚੱਲੀ ਜਿਸ ਨਾਲ ਭੀੜ ਭੜਕ ਉਠੀ। ਇਸੇ ਦੌਰਾਨ ਭੀੜ ਦਾ ਇਕ ਹੋਰ ਭਾਗ ਰੇਲਵੇ ਦੇ ਮਾਲ ਗੁਦਾਮ ਹਾਤੇ ਵੱਲ ਟੁੱਟ ਕੇ ਪੈ ਗਿਆ। ਸਟੇਸ਼ਨ ਦੇ ਨਿਗਰਾਨ ਉਪਰ ਹਮਲਾ ਕੀਤਾ ਪਰ ਉਹ ਮੌਤ ਤੋਂ ਬਚ ਗਿਆ। ਸ਼ਾਮ ਦੇ ਇਕ ਵਜੇ ਤੱਕ ਭੀੜ ਦਾ ਪ੍ਰਭਾਵ ਬਣਿਆ ਰਿਹਾ। ਉਨ੍ਹਾਂ ਨੇ ਆਪਣੇ ਆਪ ਨੂੰ ਸੋਟੀਆਂ ਨਾਲ ਲੈਸ ਕਰ ਲਿਆ ਜੋ ਹਾਲ ਗੇਟ ਦੇ ਬਾਹਰ ਦੀਆਂ ਦੁਕਾਨਾਂ ਤੋਂ ਲਈਆਂ ਗਈਆਂ ਸਨ, ਹਾਲਤ ਉਸ ਵੇਲੇ ਗੰਭੀਰ ਬਣ ਗਈ ਜਦੋਂ ਲੋਕਾਂ ਨੇ ਸੜਕ ਬਣਾਉਣ ਲਈ ਰੱਖੇ ਗਏ ਪੱਥਰ ਅਤੇ ਲੱਕੜ ਦੇ ਟੁਕੜੇ ਚੌਕੀਆ 'ਤੇ ਸੁੱਟਣੇ ਸ਼ੁਰੂ ਕਰ ਦਿਤੇ। ਇਸ ਹਾਲਤ ਵਿਚ ਮਾਹੌਲ ਦਾ ਗਰਮ ਹੋਣਾ ਸ਼ੁਰੂ ਹੋ ਗਿਆ ਤੇ ਹਿੰਸਾ ਦੀ ਪ੍ਰਵਿਤਰੀ ਬਣ ਗਈ। ਗੁਰਦਿਆਲ ਸਿੰਘ ਸਲਾਰੀਆ, ਬਾਰ-ਐਟ-ਲਾਅ ਅਤੇ ਮਕਬੂਲ ਮੁਹੰਮਦ ਪ੍ਰਮੁੱਖ ਭੀੜ ਨਾਲ ਆਏ ਹੋਏ ਪ੍ਰਮੁਕ ਵਕੀਲ ਸਨ, ਇਨ੍ਹਾਂ ਵਲੋਂ ਅਧਿਕਾਰੀਆਂ ਨੂੰ ਗੋਲੀ ਨਾ ਚਲਾਉਣ ਲਈ ਕਿਹਾ, ਫਿਰ ਵੀ ਘੋੜ ਸਵਾਰ ਸਿਪਾਹੀਆਂ ਨੇ ਗੋਲੀਆਂ ਦੀ ਇਕ ਬੁਛਾੜ ਕਰ ਦਿੱਤੀ। ਭੀੜ ਵਿਚੋਂ ਵੀ ਕੁਝ ਲੋਕਾਂ ਨੇ ਫੌਜ ਉਪਰ ਪੱਥਰ ਅਤੇ ਲੱਕੜ ਦੇ ਟੁਕੜੇ ਸੁੱਟੇ ਜਿਨ੍ਹਾਂ ਨੇ ਦੁਬਾਰਾ ਫਿਰ ਗੋਲੀ ਚਲਾ ਦਿੱਤੀ। ਡਾ.

ਧਨਪਤ ਰਾਇ ਨੇ ਲਾਸ਼ਾਂ ਅਤੇ ਜ਼ਖਮੀਆਂ ਲਈ ਸਟਰੈਚਰ ਲਿਆਉਣ ਦੀ ਕੋਸ਼ਿਸ਼ ਕੀਤੀ ਪਰੰਤੂ ਉਸਨੂੰ ਅਤੇ ਉਸ ਦੇ ਨਾਲ ਗਏ ਲੋਕਾਂ ਨੂੰ ਵਾਪਸ ਮੋੜ ਦਿੱਤਾ ਗਿਆ। ਲਾਸ਼ਾਂ ਨੂੰ ਗੱਡੀਆਂ ਅਤੇ ਚਾਰਪਾਈਆਂ ਉਪਰ ਲਿਜਾਇਆ ਗਿਆ। ਇਕ 16 ਜਾਂ 17 ਸਾਲ ਦਾ ਲੜਕਾ ਜ਼ਖਮੀ ਪਿਆ ਸੀ, ਉਸਦੇ ਪੇਟ ਵਿਚ ਸੱਟ ਲੱਗੀ ਸੀ ਅਤੇ ਉਸ ਦੀਆਂ ਆਂਦਰਾਂ ਬਾਹਰ ਨਿਕਲੀਆਂ ਪਈਆਂ ਸਨ। ਜਦੋਂ ਡਾ. ਧਨਪਤ ਰਾਇ ਅਤੇ ਸਲਾਰੀਆ, ਉਸ ਦੇ ਕੋਲ ਪਹੁੰਚੇ ਤਾਂ ਉਹ ਹੌਲੀ ਹੌਲੀ ਬੋਲਿਆ," ਮੈਂ ਮਰ ਰਿਹਾ ਹਾਂ। ਮੇਰੇ ਭਰਾਵਾਂ ਦੀ ਦੇਖ ਭਾਲ ਕਰੋ। ਹਿੰਦੂ ਮੁਸਲਿਮ ਕੀ ਜੈ" ਅਗਲੇ ਹੀ ਪਲ ਉਹ ਮਰ ਗਿਆ। ਸਰਕਾਰੀ ਵੇਰਵੇ ਅਨੁਸਾਰ 20 ਤੋਂ30 ਵਿਅਕਤੀ ਮਰੇ ਜਾਂ ਜ਼ਖਮੀ ਹੋਏ। ਲਾਲਾ ਦੁਨੀ ਚੰਦ ਕੁਝ ਪ੍ਰਮੁੱਖ ਸ਼ਹਿਰੀਆਂ ਨਾਲ ਭੀੜ ਨੂੰ ਕੁਝ ਸਮਾਂ ਐਟਕਿੰਸਨ ਪਾਰਕ ਵਿਚ ਰੋਕਣ ਲਈ ਸਫਲ ਹੋਏ ਜੋ ਹੁਣ ਤੱਕ ਵਧ ਕੇ ਲਗਭਗ 30,000 ਹੋ ਗਈ ਸੀ।

ਉਪਰੋਕਤ ਵੇਰਵੇ ਤੋਂ ਪਤਾ ਲਗਦਾ ਹੈ ਕਿ ਭੀੜ ਤਕਰੀਬਨ ਹਰੇਕ ਜਗ੍ਹਾ ਤੇ ਸੀ, ਭੀੜ ਬੱਘੀ ਪੁਲ ਤੇ, ਪੈਦਲ ਪੁਲ ਤੇ, ਰੇਲਵੇ ਗੁਦਾਮਾਂ ਦੇ ਨੇੜੇ ਅਤੇ ਐਟਕਿੰਸਨ ਪਾਰਕ ਵਿਚ ਭੀੜ ਸੀ ਅਤੇ ਭੀੜ ਹਾਲ ਗੇਟ, ਹਾਥੀ ਗੇਟ ਅਤੇ ਲੋਹਗੜ੍ਹ ਗੇਟ ਵਿਚੋਂ ਬਾਹਰ ਆ ਰਹੀ ਸੀ। ਭੀੜ ਦੀ ਚਾਲ ਵਿਚ ਕਾਹਲਾਪਨ ਸੀ। ਜਵਾਨ, ਬੁੱਢੇ ਅਤੇ ਬੱਚੇ ਸਭ ਭੀੜ ਵਿਚ ਸ਼ਾਮਲ ਸਨ। ਭੀੜ ਨਾਹਰੇ ਲਗਾ ਰਹੀ ਸੀ, ਇਸ਼ਾਰੇ ਕਰ ਰਹੀ ਸੀ, ਤਾੜੀਆਂ ਮਾਰ ਰਹੀ ਸੀ ਅਤੇ ਗਾ ਰਹੀ ਸੀ। ਮੁਰਦਿਆਂ ਅਤੇ ਜ਼ਖਮੀਆਂ ਨੂੰ ਵੇਖ ਕੇ ਭੀੜ ਕੁਝ ਦੇਰ ਲਈ ਖਾਮੋਸ਼ ਹੋ ਗਈ, ਇਹ ਵੇਖ ਕੇ ਉਨ੍ਹਾਂ ਦੇ ਦਿਲਾਂ ਵਿਚ ਘਬਰਾਹਟ ਦੀ ਇਕ ਲਹਿਰ ਦੌੜ ਗਈ, ਪਰ ਜਲਦੀ ਹੀ ਕੁਝ ਸੰਭਲ ਕੇ, ਉਨ੍ਹਾਂ ਨੇ ਸ਼ੋਰ ਪਾਉਣਾ ਸ਼ੁਰੂ ਕਰ ਦਿੱਤਾ, ਮਾਰੇ ਗਏ, ਮਾਰੇ ਗਏ।[12] ਲਾਸ਼ਾਂ ਅਤੇ ਜ਼ਖਮੀਆਂ ਨੂੰ ਬਾਜ਼ਾਰਾਂ ਵਿਚੋਂ ਦੀ ਲਿਜਾਣ ਕਾਰਨ ਲੋਕਾਂ ਦੇ ਮਨਾਂ ਵਿਚ ਜੋਸ਼ ਦੀ ਭਾਵਨਾ ਪੈਦਾ ਹੋ ਗਈ। ਬੱਘੀ ਪੁਲ ਅਤੇ ਪੈਦਲ ਪੁਲ ਵਲੋਂ ਧੂੰਆ ਆ ਰਿਹਾ ਸੀ। ਭਾਵੁਕਤਾ ਚਰਮ ਸੀਮਾ ਤੇ ਪਹੁੰਚ ਗਈ। ਭਾਵੇਂ ਗੜਬੜ ਦੀ ਤਰਤੀਬ ਨੂੰ ਸਹੀ ਢੰਗ ਨਾਲ ਬਿਆਨ ਕਰਨਾ ਸੰਭਵ ਨਹੀਂ ਹੈ, ਇਨ੍ਹਾਂ ਘਟਨਾਵਾਂ ਦੇ ਮਹੱਤਵਪੂਰਨ ਤੱਥਾਂ ਦੀ ਥੋੜੀ ਜਿਹੀ ਰੂਪ ਰੇਖਾ ਦਾ ਬਿਆਨ ਕਰਨਾ ਕਾਫੀ ਹੋਵੇਗਾ। ਭੀੜ ਦੀ ਹਿੰਸਾ, ਜੋ ਵਿਰੋਧੀ ਸਰਕਾਰ ਹੋਣ ਕਾਰਨ ਸ਼ੁਰੂ ਹੋਈ ਸੀ ਜਲਦੀ ਹੀ ਯੂਰਪੀਅਨਾਂ ਵਿਰੁੱਧ ਦੁਸ਼ਮਣੀ ਵਿਚ ਬਦਲ ਗਈ। ਮਾਈਲਜ਼ ਇਰਵਿੰਗ ਦੇ ਸ਼ਬਦਾਂ ਵਿਚ, ਜਿਸ ਭੀੜ ਨੂੰ ਰੇਲਵੇ ਫਾਟਕ ਤੋਂ ਪਿਛੇ ਮੋੜ ਦਿੱਤਾ ਗਿਆ ਸੀ, ਉਹ ਸਾਰੀਆਂ ਦਿਸ਼ਾਵਾਂ ਵੱਲ ਫੈਲ ਗਈ ਅਤੇ ਸ਼ਹਿਰ ਵਿਚ ਹਿੰਸਾ ਕਰਨ ਤੇ ਉਤਰ ਆਈ ਸੀ। ਜੋ ਭੀੜ ਸ਼ਹਿਰ ਵੱਲ ਵਾਪਸ ਗਈ, ਉਸ ਦੀ ਗਿਣਤੀ ਦਾ ਅਨੁਮਾਨ 40,000 ਸੀ। ਕੁਝ ਅੰਦੋਲਨਕਾਰੀ ਤੇਜ਼ੀ ਨਾਲ ਸ਼ਹਿਰ ਵੱਲ ਪਰਤ ਗਏ, ਦੂਸਰੇ ਰੇਲਵੇ ਮਾਲ ਗੁਦਾਮ ਅਤੇ ਤਾਰਘਰ ਤੇ ਹਮਲਾ ਕਰਨ ਲਈ ਇਕ ਪਾਸੇ ਨੂੰ ਮੁੜ ਗਏ। ਤੀਬਰਤਾ ਅਤੇ ਗਹਿਰਾਈ ਨਾਲ ਲਗਭਗ 1.30 ਵਜੇ ਸ਼ਾਮ ਨੂੰ ਭਾਰਤੀ ਨੈਸ਼ਨਲ ਬੈਂਕ ਤੇ ਹਮਲਾ ਹੋਇਆ। ਜਦੋਂ ਭੀੜ ਬੈਂਕ ਦੇ ਕੋਲੋਂ ਲੰਘੀ, ਵਿਅਕਤੀ ਨੇ ਸ਼ੀਸ਼ੇ ਦੀ ਖਿੜਕੀ ਤੇ ਪੱਥਰ ਮਾਰਿਆ, ਇਸ ਤੋਂ ਉਪਰੰਤ ਆਦਮੀਆਂ ਦੇ ਟੋਲਿਆਂ ਦੇ ਟੋਲਿਆਂ ਨੇ ਬੈਂਕ ਤੇ ਹਮਲਾ ਕਰ ਦਿੱਤਾ। ਨੈਸ਼ਨਲ ਬੈਂਕ ਨੂੰ ਸਾੜ ਦਿੱਤਾ ਗਿਆ। ਮੈਨੇਜਰ ਮਿਸਟਰ ਸਟੀਵਰਟ ਅਤੇ ਉਸਦੇ ਸਹਾਇਕ ਮਿਸਟਰ ਸਕਾਟ ਨੂੰ ਭੀੜ ਨੇ ਕੁੱਟ ਕੇ ਮਾਰ ਦਿੱਤਾ। ਅਲਾਇੰਸ ਬੈਂਕ ਉਪਰ ਹਮਲਾ

ਕੀਤਾ ਗਿਆ ਅਤੇ ਉਸ ਦੇ ਮੈਨੇਜਰ ਮਿਸਟਰ ਜੀ.ਐਮ. ਥੋਪਸਨ ਨੂੰ ਬਰਾਮਦੇ ਤੋਂ ਗਲੀ ਵਿਚ ਸੁੱਟ ਦਿੱਤਾ ਗਿਆ। ਚਾਰਟਰਡ ਬੈਂਕ ਤੇ ਵੀ ਹਮਲਾ ਕੀਤਾ ਗਿਆ ਅਤੇ ਬਾਰੀਆਂ ਦੇ ਸ਼ੀਸ਼ੇ ਅਤੇ ਕੁਝ ਸਮਾਨ ਤੋੜ ਦਿੱਤਾ ਗਿਆ ਪਰੰਤੂ ਮੈਨੇਜਰ ਮਿਸਟਰ ਜੇ. ਐਮ. ਥੋਮਸਨ ਅਤੇ ਉਸ ਦਾ ਸਹਾਇਕ ਮਿਸਟਰ ਰੋਸ ਆਪਣੇ ਕਲਰਕਾਂ ਦੀ ਵਫਾਦਾਰੀ ਕਾਰਨ ਬਚ ਗਏ ਅਤੇ ਬਾਅਦ ਵਿਚ ਨੇੜੇ ਦੀ ਕੱਤਵਾਲੀ ਦੇ ਪੁਲਿਸ ਦਸਤੇ ਨੇ ਉਨ੍ਹਾਂ ਨੂੰ ਬਚਾਅ ਲਿਆ।

ਜਦੋਂ ਭੀੜ ਨੂੰ ਕਿਲ੍ਹੇ ਅਤੇ ਸੜਕ ਦੇ ਪੁਲ ਤੋਂ ਪਿਛੇ ਹਟਣ ਲਈ ਮਨਾ ਲਿਆ ਗਿਆ ਤਾਂ ਉਹ ਤਾਰਘਰ ਵੱਲ ਵਧੀ ਜਿਥੇ ਉਨ੍ਹਾਂ ਨੇ ਟੈਲੀਫੋਨ ਦੇ ਯੰਤਰਾਂ ਅਤੇ ਤਾਰਾਂ ਨੂੰ ਤੋੜ ਕੇ ਟੁਕੜੇ ਟੁਕੜੇ ਕਰ ਦਿੱਤਾ, ਸਾਰੀ ਟੈਲੀਫੋਨ ਪ੍ਰਣਾਲੀ ਵਿਗੜ ਗਈ, ਪਰੰਤੂ ਤਾਰ ਮਾਸਟਰ, ਮਿਸਟਰ ਪਿੰਟੋ ਬਚ ਗਿਆ। 18 ਫਾਇਰ ਕੀਤੇ ਗਏ। ਗੁਦਾਮ ਦੇ ਹਾਤੇ ਵਿਚ ਤੂਫਾਨ ਮੱਚ ਗਿਆ ਸੀ ਅਤੇ ਸੰਤਰੀ ਮਿਸਟਰ ਰੋਬਿਨਸਨ ਨੂੰ ਕੁੱਟ ਕੇ ਮਾਰ ਦਿੱਤਾ ਸੀ। ਟੈਲੀਗ੍ਰਾਫ ਦੀਆਂ ਤਾਰਾਂ ਕੱਟ ਦਿੱਤੀਆਂ ਗਈਆਂ ਸਨ ਅਤੇ ਸਟੇਸ਼ਨ ਨਿਰੀਖਕ ਮਿਸਟਰ ਬਿਨੇ, ਜ਼ਖਮੀ ਹੋ ਗਿਆ ਪਰੰਤੂ ਬਚ ਗਿਆ। ਹੌਲਦਾਰ, ਜੋ ਫੌਜੀ ਬਿਜਲੀ ਮਕੈਨਿਕ ਸੀ, ਨੂੰ ਮਾਰ ਦਿੱਤਾ ਗਿਆ। ਮਿਸ ਮਾਰਸੇਲਾ ਸ਼ੇਰਵੁੱਡ, ਜੋ ਲਗਭਗ 15 ਸਾਲਾਂ ਤੋਂ ਅੰਮ੍ਰਿਤਸ਼ਰ ਦੇ ਨੇੜੇ ਤੇੜੇ ਰਹਿ ਰਹੀ ਸੀ, ਉਹ ਇੰਗਲੈਂਡ ਦੇ ਗਿਰਜਾਘਰ ਲਈ ਜ਼ਨਾਨਾ ਪਰਚਾਰਿਕ ਸਮਾਜ ਲਈ ਕੰਮ ਕਰਦੀ ਸੀ, ਅਤੇ ਉਹ ਸ਼ਹਿਰ ਦੇ ਮਿਸ਼ਨਰੀ ਸਕੂਲ ਦੀ ਮੈਨੇਜਰ ਸੀ, ਜਦੋਂ ਉਹ ਆਪਣੇ ਸਕੂਲਾਂ ਵਿਚੋਂ ਇਕ ਦੇ ਰਸਤੇ ਵਿਚ ਸ਼ਹਿਰ ਦੀ ਇਕ ਭੀੜੀ ਗਲੀ ਵਿਚੋਂ ਸਾਈਕਲ ਤੇ ਲੰਘ ਰਹੀ ਸੀ ਤਾਂ ਭੀੜ ਨੇ ਉਸਦਾ ਪਿੱਛਾ ਕੀਤਾ। ਉਸਨੂੰ ਸੁੱਟ ਲਿਆ ਅਤੇ ਮਰੀ ਹੋਈ ਸਮਝ ਕੇ ਗਲੀ ਵਿਚ ਹੀ ਛੱਡ ਦਿੱਤਾ ਗਿਆ। ਬਾਅਦ ਵਿਚ ਉਸਨੂੰ ਕੁਝ ਲੋਕਾਂ ਨੇ ਚੁਕਿਆ, ਜਿਨ੍ਹਾਂ ਨੇ ਉਸਨੂੰ ਲੋੜੀਂਦੀ ਡਾਕਟਰੀ ਮਦਦ ਦਿੱਤੀ। ਭੀੜ ਮਿਸਿਜ ਈਸਬੇਲ ਮੈਰੀ ਈਸਡਨ ਦੀ ਭਾਲ ਵਿਚ ਗਈ, ਜੋ ਜ਼ਨਾਨਾ ਹਸਪਤਾਲ ਵਿਚ ਡਾਕਟਰ ਸੀ ਅਤੇ ਉਸਨੇ ਭੜਕਾਊ ਟੀਕਾ ਟਿਪਣੀ ਕੀਤੀ ਸੀ, ਸੂਚਨਾ ਅਨੁਸਾਰ ਉਸਨੇ ਕਿਹਾ ਸੀ ਕਿ ਉਹ ਲੋਕ ਜੋ ਮਾਰੇ ਗਏ ਜਾਂ ਜ਼ਖਮੀ ਹੋਏ ਹਨ, ਉਹਨਾਂ ਨੂੰ ਉਹ ਕੁਝ ਹੀ ਮਿਲਿਆ ਹੈ ਜਿਸਦੇ ਉਹ ਲਾਇਕ ਸਨ। ਹਸਪਤਾਲ ਵਿਚ ਉਸਨੂੰ ਲੱਭਣ ਲਈ ਦੋ ਵਾਰ ਅਸਫਲ ਛਾਪਾ ਮਾਰਿਆ ਗਿਆ ਸੀ। ਉਹ ਆਪਣੇ ਜੀਵਨ ਲਈ ਆਪਣੇ ਚਪੜਾਸੀ ਦੀ ਵਫਾਦਾਰੀ ਦੀ ਰਿਣੀ ਹੈ ਅਤੇ ਜਦੋਂ ਭੀੜ ਚਲੀ ਗਈ, ਉਸਦਾ ਭੇਸ ਬਦਲ ਕੇ ਇਕ ਪੁਲਿਸ ਦੇ ਸਿਪਾਹੀ ਦੇ ਘਰ ਭੇਜ ਦਿੱਤਾ ਗਿਆ। ਭਾਰਤੀ ਇਸਾਈ ਗਿਰਜਾਘਰ ਅਤੇ ਧਾਰਮਿਕ ਪੁਸਤਕ ਸਭਾ ਦਾ ਡਿਪੂ ਅਤੇ ਹਾਲ ਸਾੜ ਦਿਤੇ ਗਏ ਸਨ। ਇੰਸਪੈਕਟਰ ਮਾਰਸੂਲ ਦੇ ਅਧੀਨ ਪੁਲਿਸ ਚੌਕੀ ਵਲੋਂ ਮੌਕੇ ਤੇ ਦਿੱਤੀ ਗਈ ਮਦਦ ਕਾਰਨ ਚਰਚ ਮਿਸਟਰੀ ਸੋਸਾਇਟੀ ਦੇ ਲੜਕੀਆਂ ਦੇ ਨਾਰਮਲ ਸਕੂਲ ਨੂੰ ਸਾੜਨ ਦੀ ਕੋਸ਼ਿਸ਼ ਨਾਕਾਮ ਹੋ ਗਈ। ਸਵਰਨ ਮੰਦਿਰ, ਮਜੀਠ ਮੰਡੀ ਅਤੇ ਢਾਬ ਬਸਤੀ ਰਾਮ ਦੇ ਉਪ ਡਾਕਘਰ ਲੁੱਟੇ ਗਏ। ਸ਼ਾਮ ਦੇ 2 ਵਜੇ ਤੱਕ ਬਹੁਤ ਸਾਰੀਆਂ ਥਾਵਾਂ ਤੇ ਟੈਲੀਗ੍ਰਾਫ ਦੀਆਂ ਤਾਰਾਂ ਕੱਟ ਦਿੱਤੀਆਂ ਗਈਆਂ ਸਨ। ਭਗਤਾਂਵਾਲਾ ਰੇਲਵੇ ਸਟੇਸ਼ਨ ਸਾੜ ਦਿੱਤਾ ਗਿਆ ਅਤੇ ਮਾਲ ਗੁਦਾਮ ਅਤੇ ਮਾਲ ਗੱਡੀ ਦਾ ਇਕ ਡੱਬਾ ਲੁੱਟ ਲਿਆ ਗਿਆ। ਸ਼ਾਮ ਦੇ 2 ਵਜੇ ਤੱਕ ਰੇਲਵੇ ਕਾਂਟਿਆਂ ਦੇ ਜੰਦਰੇ ਅਤੇ ਟੈਲੀਗ੍ਰਾਫ ਦੀਆਂ ਤਾਰਾਂ ਤੋੜ ਦਿੱਤੀਆਂ ਗਈਆਂ ਸਨ ਅਤੇ ਬਾਅਦ ਦੁਪਹਿਰ ਬਹੁਤ ਸਾਰੇ ਗੁਦਾਮਾਂ ਦੇ ਅਹਾਤੇ ਲੁੱਟ ਲਏ ਗਏ ਸਨ।

10 ਅਪਰੈਲ ਦੀਆਂ ਘਟਨਾਵਾਂ ਨੂੰ ਮੁੱਖ ਰੱਖਦਿਆਂ, ਦੋ ਨੇਤਾਵਾਂ ਦਾ ਦੇਸ਼ ਨਿਕਾਲਾ ਗਲਤ ਸਮੇਂ ਚੁਕਿਆ ਗਿਆ ਕਦਮ ਜਾਪਦਾ ਹੈ ਅਤੇ ਸਿਆਸੀ ਤੌਰ ਤੇ ਵੇਖਿਆਂ ਦੇਸ਼ ਨਿਕਾਲੇ ਦੇ ਕਦਮ ਨੇ ਲੋਕਾਂ ਵਿਚ ਭੜਕਾਹਟ ਪੈਦਾ ਕੀਤੀ ਅਤੇ ਉਨ੍ਹਾਂ ਨੂੰ ਸਾਂਝੇ ਮੰਤਵ ਦੀ ਪ੍ਰਾਪਤੀ ਲਈ ਇਕੱਠਿਆਂ ਕੀਤਾ। ਚਸ਼ਮਦੀਦ ਗਵਾਹ ਗੁਰਦਿਆਲ ਸਿੰਘ ਨੇ ਵੇਖਿਆ ਕਿ ਅਜਿਹੀ ਫਾਇਰਿੰਗ ਬੇਲੋੜੀ ਸੀ ਪਰੰਤੂ ਹੰਟਰ ਕਮੇਟੀ ਅਨੁਸਾਰ ਗੋਲੀ ਚਲਾਉਣ ਦਾ ਹੁਕਮ ਸਹੀ ਸੀ, ਕਿਉਂਕਿ ਹਿੰਸਾ ਦਾ ਇਰਾਦਾ ਪ੍ਰਤੱਖ ਸੀ। ਭਾਵੇਂ ਇਤਿਹਾਸ ਵਿਚ ਜੇਕਰ ਸ਼ਬਦ ਖਤਰਨਾਕ ਹੈ, ਪਰ ਫਿਰ ਵੀ ਇਹ ਅੰਦਾਜਾ ਲਗਾਉਣ ਦਾ ਜੋਖਮ ਵਧੇਰੇ ਬੇਤੁਕਾਪਣ ਨਹੀਂ ਹੋਵੇਗਾ ਕਿ ਹਾਸੇ ਮਾਖੌਲ, ਬਹਿਸ, ਜੁਗਤ, ਸਥਾਨਕ ਮੁਸੀਬਤਾਂ ਦਾ ਸਹੀ ਜਾਇਜ਼ਾ ਅਤੇ ਪ੍ਰਸਪਰ ਵਿਸ਼ਵਾਸ ਪੈਦਾ ਕਰਨ ਨਾਲ ਜੇਕਰ ਇਸ ਸੰਕਟ ਨੂੰ ਪੂਰਨ ਤੌਰ ਤੇ ਟਾਲਿਆ ਨਹੀਂ ਜਾ ਸਕਦਾ ਸੀ ਤਾਂ ਇਸਨੂੰ ਘਟਾਇਆ ਜ਼ਰੂਰ ਜਾ ਸਕਦਾ ਸੀ। ਅਧਿਕਾਰੀਆਂ ਦੁਆਰਾ ਦਿਵਾਇਆ ਗਿਆ ਇਹ ਭਰੋਸਾ ਕਿ ਉਨ੍ਹਾਂ ਦੇ ਨੇਤਾ ਸੁਰੱਖਿਅਤ ਹਨ, ਸ਼ਾਇਦ ਲੋਕਾਂ ਦਾ ਡਰ ਦੂਰ ਕਰ ਦਿੰਦਾ। ਭੀੜ ਦਾ ਪਹਿਲਾਂ ਕੋਈ ਜ਼ਿਆਦਤੀ ਕਰਨ ਦਾ ਵਿਚਾਰ ਨਹੀਂ ਸੀ, ਪਰੰਤੂ ਗੋਲੀ ਚੱਲਣ ਉਪਰੰਤ ਲੋਕ ਗੁੱਸੇ ਵਿਚ ਆ ਗਏ ਤੇ ਉਹ ਭੀੜ ਵਾਲੇ ਜਨੂੰਨ ਦੇ ਅਧੀਨ ਆ ਗਏ। ਕੁਝ ਸਮਾਂ ਪਹਿਲਾਂ ਨਗਰਪਾਲਿਕਾ ਇੰਜੀਨੀਅਰ, ਮਿਸਟਰ ਜਾਸ਼ਨ ਭੀੜ ਦੇ ਕੋਲੋਂ ਲੰਘਿਆ ਸੀ ਤੇ ਭੀੜ ਨੇ ਉਸ ਨਾਲ ਕੋਈ ਛੇੜ-ਛਾੜ ਨਹੀਂ ਸੀ ਕੀਤੀ। ਭੀੜ ਨੇ ਬੱਘੀ ਪੁਲ ਨੂੰ ਪਾਰ ਕਰਨ ਦਾ ਨਿਸ਼ਚਾ ਕੀਤਾ ਹੋਇਆ ਸੀ ਅਤੇ ਅਧਿਕਾਰੀਆਂ ਨੇ ਵੀ ਉਨ੍ਹਾਂ ਨੂੰ ਰੋਕਣ ਦਾ ਬਰਾਬਰ ਨਿਸ਼ਚਾ ਕੀਤਾ ਹੋਇਆ ਸੀ। ਇਸ ਲਈ ਟਕਰਾਅ ਹੋਇਆ। ਗੋਲੀ ਚੱਲੀ, ਕੁਝ ਲੋਕ ਮੌਕੇ ਤੇ ਹੀ ਮਾਰੇ ਗਏ ਅਤੇ ਕੁਝ ਜ਼ਖਮੀ ਹੋਏ। ਮ੍ਰਿਤਕ ਦੇਹਾਂ ਅਤੇ ਜ਼ਖਮੀਆਂ ਨੂੰ ਇਕ ਜਲੂਸ ਦੀ ਸ਼ਕਲ ਵਿਚ ਬਾਜ਼ਾਰਾਂ ਵਿਚ ਲਿਜਾਇਆ ਗਿਆ। ਇਸ ਨਾਲ ਇੱਕ ਉਤੇਜਨਾ ਪੈਦਾ ਹੋ ਗਈ, ਜੋ ਬਦਲਾ ਲੈਣ ਅਤੇ ਹਿੰਸਾ ਦੀ ਭਾਵਨਾ ਦੇ ਰੂਪ ਵਿਚ ਭੜਕ ਉਠੀ। ਇਸ ਸਾਰੇ ਕਾਂਡ ਦਾ ਦੁਖਦਾਈ ਪਹਿਲੂ ਇਹ ਸੀ ਕਿ ਦੁਖਦਾਇਕ ਹਿੰਸਾ ਦਾ ਦ੍ਰਿਸ਼ ਕੋਤਵਾਲੀ ਤੋਂ ਬਹੁਤ ਨੇੜੇ ਸੀ। ਕੋਤਵਾਲੀ ਤੋਂ ਸਿਰਫ 300 ਗਜ਼ ਦੇ ਅੰਦਰ, ਜਿਥੇ ਰਾਖਵੀਂ ਹਥਿਆਰਬੰਦ ਪੁਲਿਸ ਦੇ ਲਗਭਗ 75 ਜਵਾਨਾਂ ਅਤੇ 25 ਜਾਸੂਸਾਂ ਨੂੰ ਦੋ ਅਫਸਰਾਂ ਖਾਨ ਸਾਹਿਬ ਅਹਿਮਦ ਜਾਨ, ਡਿਪਟੀ ਇੰਸਪੈਕਟਰ ਅਤੇ ਮੁਹੰਮਦ ਅਸ਼ਰਫ ਖਾਨ, ਸਿਟੀ ਇੰਸਪੈਕਟਰ ਦੇ ਅਧੀਨ ਨਿਯੁਕਤ ਕੀਤਾ ਗਿਆ ਸੀ। ਪੁਲਿਸ ਨੇ ਭੀੜ ਨੂੰ ਹਿੰਸਾਜਨਕ ਵਿਵਹਾਰ ਤੋਂ ਨਹੀਂ ਰੋਕਿਆ ਅਤੇ ਆਪਣੀਆਂ ਅੱਖਾਂ ਦੇ ਸਾਹਮਣੇ ਕੋਤਵਾਲੀ ਦੇ ਨੇੜੇ ਟਾਉਣ ਹਾਲ ਨੂੰ ਸੜਨ ਦਿੱਤਾ। ਪੁਲਿਸ ਵਲੋਂ ਪਹਿਲ ਨਾ ਕਰਨ ਦਾ ਕਾਰਨ, ਨਿੱਜੀ ਵੈਰ ਵਿਰੋਧ, ਸਪਸ਼ਟ ਆਦੇਸ਼ਾਂ ਦਾ ਨਾ ਮਿਲਣਾ ਅਤੇ ਅਸਪਸ਼ਟ ਪ੍ਰਥਮਤਾ ਸੀ।[13]

10 ਅਪਰੈਲ ਨੂੰ ਮਾਰੇ ਗਏ ਵਿਅਕਤੀਆਂ ਦੀ ਕੁੱਲ ਗਿਣਤੀ ਲਗਭਗ 10 ਸੀ ਅਤੇ ਜ਼ਖਮੀਆਂ ਦੀ ਸੰਖਿਆਂ ਇਸ ਤੋਂ ਵਧੇਰੇ ਹੋਵੇਗੀ। ਕਤਲ, ਲੁੱਟਮਾਰ, ਮੌਤ ਅਤੇ ਤਬਾਹੀ ਦਾ ਬੋਲਬਾਲਾ ਸੀ। 11 ਅਤੇ 12 ਅਪਰੈਲ ਨੂੰ ਸ਼ਹਿਰ ਵਿਚ ਖਾਮੋਸ਼ੀ ਸੀ ਅਤੇ ਜੋ ਲੋਕ ਰੇਲਵੇ ਸਟੇਸ਼ਨ ਤੇ ਗਏ ਉਨ੍ਹਾਂ ਨੂੰ ਇਹ ਸੁੰਨਸਾਨ ਅਤੇ ਡਰਾਉਣਾ ਜਾਪਿਆ। ਭੜਕਾਹਟ ਘਟ ਗਈ ਸੀ। ਪਰ ਫਿਰ ਵੀ 10 ਤਾਰੀਖ ਦੀ ਸ਼ਾਮ ਨੂੰ ਲਾਹੌਰ ਦੇ ਕਮਿਸ਼ਨਰ, ਏ.ਜੇ. ਡਬਲਿਯੂ

ਕਿਚਿਨ ਨੇ ਮੇਜਰ ਮੈਕਡੋਨਾਲਡ ਨੂੰ ਦੱਸਿਆ ਕਿ ਹਾਲਤ ਨਾਗਰਿਕ ਪ੍ਰਸ਼ਾਸਨ ਦੇ ਕਾਬੂ ਤੋਂ ਬਾਹਰ ਸੀ। ਰਾਹਤ ਫੌਜ, ਜਿਸ ਵਿਚ 1-25ਵੀ ਲੰਡਨ ਪਲਟਨ ਦੇ 100 ਬਰਤਾਨਵੀ ਸਿਪਾਹੀ, ਦੋ ਸੌ ਭਾਰਤੀ ਅਤੇ ਬ੍ਰਿਗੇਡੀਅਰ ਜਨਰਲ, ਆਰ.ਈ.ਐਚ ਡਾਇਰ ਦੇ ਕਹਿਣ ਤੇ ਇਕ ਸੌ ਤੋਂ ਵਧੇਰੇ ਭਾਰਤੀ ਸਿਪਾਹੀ ਜਲੰਧਰ ਤੋਂ ਚੱਲ ਕੇ 11 ਤਾਰੀਕ ਨੂੰ ਸਵੇਰੇ ਪੰਜ ਵਜੇ ਅੰਮ੍ਰਿਤਸਰ ਪਹੁੰਚੇ ਅਤੇ ਉਨ੍ਹਾਂ ਨੂੰ ਮੇਜਰ ਮੈਕਡੋਨਾਲਡ ਦੇ ਹਵਾਲੇ ਕੀਤਾ ਗਿਆ।[14] 11 ਦੀ ਸਵੇਰ ਨੂੰ ਡਿਪਟੀ ਕਮਿਸ਼ਨਰ ਨੇ ਮਕਬੂਲ ਮਹਿਮੂਦ ਸਮੇਤ ਅਨੇਕਾਂ ਲੋਕਾਂ ਨੂੰ ਸੂਚਿਤ ਕੀਤਾ ਕਿ ਸ਼ਹਿਰ ਫੌਜ ਦੇ ਅਧੀਨ ਸੀ, ਤੇ ਸ਼ਹਿਰ ਹਰੇਕ ਜਗ੍ਹਾ ਤੇ ਖਿਲਰੇ ਸਿਪਾਹੀਆਂ ਅਤੇ ਬੰਦੂਕਾਂ ਨਾਲ ਫੌਜੀ ਛਾਉਣੀ ਵਾਂਗ ਜਾਪਦਾ ਸੀ ਅਤੇ ਰੇਲਵੇ ਲਾਈਨ ਦੀ ਰੱਖਿਆ ਪੁਲਿਸ ਦੇ ਆਦਮੀ ਕਰ ਰਹੇ ਸਨ। **ਕਰਨਲ ਸਮਿੱਥ ਵਰਗੇ ਅਫਸਰਾਂ ਨੇ ਸਲਾਹ ਦਿੱਤੀ ਕਿ ਸ਼ਹਿਰ ਤੇ ਬੰਬਾਰੀ ਕੀਤੀ ਜਾਵੇ।** ਗੋਲੀ ਨਾਲ ਮਰਨ ਵਾਲਿਆਂ ਦੇ ਸਸਕਾਰ ਲਈ 2 ਵਜੇ ਤੱਕ ਦੀ ਪ੍ਰਵਾਨਗੀ ਲੈ ਲਈ ਗਈ ਅਤੇ ਲਾਸ਼ਾਂ ਨੂੰ ਗਲੀਆਂ ਵਿਚੋਂ ਲਿਜਾਇਆ ਗਿਆ, ਜਿਨ੍ਹਾਂ ਦੇ ਪਿੱਛੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਹਿਰ ਦੇ ਦਰਵਾਜ਼ਿਆਂ ਤੱਕ ਗਏ ਅਤੇ ਕੇਵਲ ਛੋਟੀਆਂ ਛੋਟੀਆਂ ਟੋਲੀਆਂ ਨੇ ਕਬਰਾਂ ਅਤੇ ਸਮਸ਼ਾਨ ਘਾਟ ਤੱਕ ਉਨ੍ਹਾਂ ਦਾ ਸਾਥ ਦਿੱਤਾ। ਅਫਵਾਹ ਫੈਲ ਗਈ ਕਿ ਲਾਹੌਰ ਦਾ ਕਿਲ੍ਹਾ ਭਾਰਤੀਆਂ ਦੇ ਕਬਜ਼ੇ ਵਿਚ ਆ ਗਿਆ ਹੈ ਅਤੇ ਲੋਕ ਪਿੰਡਾਂ ਵਿਚੋਂ ਆ ਰਹੇ ਹਨ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਜੱਟ ਅਤੇ ਪਠਾਨ ਸ਼ਹਿਰ ਦੇ ਦੁਆਲੇ ਘੁੰਮ ਰਹੇ ਹਨ। ਲੋਕ ਆਪਣੀ ਸੁਰੱਖਿਆ ਲਈ ਆਪ ਹੀ ਗਸ਼ਤ ਦੀ ਡਿਊਟੀ ਨਿਭਾ ਰਹੇ ਸਨ। ਇਨ੍ਹਾਂ ਸਵੈਸੇਵਕਾਂ ਵਿਚੋਂ ਜ਼ਿਆਦਾਤਰ ਸਨਮਾਨਯੋਗ ਪਰਿਵਾਰਾ ਨਾਲ ਸਬੰਧਤ ਸਨ ਅਤੇ ਉਨ੍ਹਾਂ ਨੇ ਆਪਣੇ ਕੰਮ ਨੂੰ ਤਸੱਲੀਬਖਸ਼ ਢੰਗ ਨਾਲ ਕੀਤਾ। ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ, ਪਰ ਮਾਹੌਲ ਉਤੇਜਨਾ ਭਰਪੂਰ ਸੀ। ਕੋਈ ਵੀ ਬਰਤਾਨਵੀ ਅਫਸਰ ਅਤੇ ਕੋਈ ਵੀ ਭਾਰਤੀ ਪੁਲਿਸ ਦਾ ਸਿਪਾਹੀ ਮਜ਼ਬੂਤ ਸੁਰੱਖਿਆ ਤੋਂ ਬਿਨਾ ਸ਼ਹਿਰ ਵਿਚ ਨਿਕਲਣ ਦਾ ਹੌਸਲਾ ਨਹੀਂ ਸੀ ਕਰ ਸਕਦਾ। ਬਾਰ ਬਾਰ ਪਾਬੰਦੀ ਦੇ ਐਲਾਨ ਕਰਨ ਦੇ ਬਾਵਜੂਦ ਹੁਕਮ ਅਦੂਲੀ ਕਰਨ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ। ਸਰ ਮਾਈਕਲ 'ਓ ਡਵਾਇਰ ਅਨੁਸਾਰ ਪੇਂਡੂ ਲੋਕਾਂ ਨੂੰ ਭੜਕਾਉਣ ਲਈ ਦੂਤ ਭੇਜੇ ਗਏ ਸਨ, ਅਤੇ 13 ਅਪਰੈਲ ਦੀ ਸਵੇਰ ਨੂੰ ਅੰਮ੍ਰਿਤਸਰ ਨੇੜੇ ਲੋਕਾਂ ਦੁਆਰਾ ਰੇਲਵੇ ਲਾਈਨ ਤੋੜੀ ਗਈ ਅਤੇ ਇਕ ਗੱਡੀ ਪਟੜੀ ਤੋਂ ਉਤਰ ਗਈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸ਼ਰੇਆਮ ਇਹ ਐਲਾਨ ਕੀਤਾ ਜਾ ਰਿਹਾ ਸੀ ਕਿ ਬਾਹਰ ਸਰਕਾਰ ਦਾ ਰਾਜ ਹੋ ਸਕਦਾ ਹੈ ਪਰੰਤੂ ਅੰਦਰ ਹਿੰਦੂ ਮੁਸਲਮਾਨ ਦੀ ਹਕੂਮਤ ਸੀ।[15] ਸ਼ਹਿਰ ਵਿਚੋਂ ਭੀੜ ਨੂੰ ਰੋਕਣ ਲਈ ਵਿਸਾਖੀ ਦੇ ਤਿਉਹਾਰ ਕਾਰਨ ਅੰਮ੍ਰਿਤਸਰ ਨੂੰ ਜਾਣ ਲਈ ਤੀਸਰੇ ਦਰਜ਼ੇ ਦੀਆਂ ਟਿਕਟਾਂ ਦੀ ਵਿਕਰੀ ਬੰਦ ਕਰ ਦਿੱਤੀ ਗਈ। ਯਾਤਰੀ ਫਿਰ ਵੀ ਵਿਸਾਖੀ ਲਈ ਆ ਰਹੇ ਸਨ ਅਤੇ ਉਨ੍ਹਾਂ ਲਈ ਲੰਗਰ ਖੋਲ੍ਹੇ ਗਏ ਸਨ। ਚੌਧਰੀ ਬੁੱਗਾ ਮੱਲ ਸਾਰੇ ਸੰਗਠਨ ਦੀ ਰੂਹ ਸੀ। ਸਾਰੇ ਸ਼ਹਿਰ ਵਿਚ 18 ਜਾਂ 19 ਅਪਰੈਲ ਤੱਕ ਬਿਜਲੀ ਦੇ ਜੋੜ ਕੱਟ ਦਿਤੇ ਗਏ ਸਨ। 15 ਜਾਂ 16 ਅਪਰੈਲ ਤੱਕ ਪਾਣੀ ਦੀ ਸਪਲਾਈ ਘਟਾ ਦਿੱਤੀ ਗਈ ਜਾਂ ਬੰਦ ਕਰ ਦਿੱਤੀ ਗਈ। ਲੋਕ ਬੁਰੀ ਤਰ੍ਹਾ ਘਬਰਾਏ ਹੋਏ ਸਨ। ਕੁਝ ਗ੍ਰਿਫਤਾਰੀਆਂ ਹੋ ਗਈਆਂ ਜਿਨ੍ਹਾਂ ਕਾਰਨ ਲੋਕ ਹੋਰ ਵੀ ਘਬਰਾ ਗਏ। ਅੰਮ੍ਰਿਤਸਰ ਅਤੇ ਨੇੜੇ ਦੇ ਖੇਤਰ ਵਿਚ ਰਹਿ ਰਹੇ ਬਰਤਾਨਵੀ ਨਾਗਰਿਕ

ਜਿਨ੍ਹਾਂ ਵਿਚ 100 ਔਰਤਾਂ ਅਤੇ ਬੱਚੇ ਸਨ, ਉਨ੍ਹਾਂ ਨੇ ਸੁਰੱਖਿਆ ਲਈ ਕਿਲੇ ਵਿਚ ਪਨਾਹ ਲਈ ਹੋਈ ਸੀ, ਅਤੇ ਉਥੇ 19 ਦਿਨ ਠਹਿਰਨ ਉਪਰੰਤ ਉਨ੍ਹਾਂ ਨੂੰ ਪਹਾੜਾਂ ਵਲ ਭੇਜ ਦਿੱਤਾ ਗਿਆ। 13 ਅਪਰੈਲ ਨੂੰ ਫੌਜੀ ਸਾਸ਼ਨ ਲਾਗੂ ਹੋਣ ਦੀ ਸੰਭਾਵਨਾ ਸੀ ਅਤੇ ਅੱਧੀ ਰਾਤ ਨੂੰ ਇਸ ਦੀ ਪ੍ਰਵਾਨਗੀ ਦੀ ਤਾਰ ਭੇਜੀ ਗਈ।

11 ਅਪਰੈਲ ਦੇ ਮਨਾਹੀ ਦੇ ਐਲਾਨ ਅਨੁਸਾਰ ਯਾਤਰਾ ਕਰਨ ਲਈ ਪ੍ਰਵਾਨਗੀ ਜ਼ਰੂਰੀ ਸੀ ਅਤੇ ਸ਼ਾਮ ਨੂੰ 8 ਵਜੇ ਕਰਫਿਊ ਲਗਾ ਦਿੱਤਾ ਗਿਆ। ਇਹ ਘੋਸ਼ਣਾ ਕੀਤੀ ਗਈ ਕਿ ਸ਼ਹਿਰ ਤੋਂ ਬਾਹਰ ਜਾਣ ਵਾਲੇ ਚਾਰ ਵਿਅਕਤੀਆਂ ਤੋਂ ਵੱਧ ਦੇ ਟੋਲੇ ਤੇ ਗੋਲੀ ਚਲਾਈ ਜਾਵੇਗੀ। ਗੁਆਂਢੀ ਸਟੇਸ਼ਨਾਂ ਤੋਂ ਅੰਮ੍ਰਿਤਸਰ ਨੂੰ ਆਉਣ ਲਈ ਤੀਜੇ ਦਰਜ਼ੇ ਦੀਆਂ ਟਿਕਟਾਂ ਦੀ ਵਿਕਰੀ ਬੰਦ ਕਰ ਦਿੱਤੀ ਗਈ ਤਾਂ ਜੋ ਲੋਕਾਂ ਨੂੰ ਅਜਿਹੀ ਭਿਆਨਕ ਹਾਲਤ ਵਿਚ ਆਉਣ ਤੋਂ ਰੋਕਿਆ ਜਾ ਸਕੇ। 13 ਅਪਰੈਲ ਨੂੰ 16ਵੀਂ ਡਿਵੀਜ਼ਨ ਦੇ ਜਨਰਲ ਅਫਸਰ ਇਨ ਕਮਾਂਡ ਅਤੇ ਉਚ ਅਦਾਲਤ ਦੇ ਮੁੱਖ ਜੱਜ ਦੀ ਸਲਾਹ ਨਾਲ ਪੰਜਾਬ ਦਾ ਲੈਫਟੀਨੈਂਟ ਜਨਰਲ ਨੇ ਗਵਰਨਰ ਜਨਰਲ ਇਨ ਕੌਂਸਲ ਨੂੰ ਬੇਨਤੀ ਕੀਤੀ ਕਿ ਅੰਮ੍ਰਿਤਸਰ ਅਤੇ ਲਾਹੌਰ ਜ਼ਿਲ੍ਹਿਆਂ ਦੀਆਂ ਆਮ ਫੌਜਦਾਰੀ ਅਦਾਲਤਾਂ ਦਾ ਕੰਮ ਬੰਦ ਕਰਦੇ ਉਥੇ ਫੌਜੀ ਕਾਨੂੰਨ ਲਾਗੂ ਕੀਤਾ ਜਾਵੇ ਅਤੇ ਅਵੱਗਿਆ ਦੇ ਕੇਸਾਂ ਦਾ ਨਿਪਟਾਰਾ ਫੌਜੀ ਅਦਾਲਤਾਂ ਦੁਆਰਾ ਕੀਤਾ ਜਾਵੇ। ਭਾਰਤ ਸਰਕਾਰ, ਜਿਸ ਦਾ ਸਰ ਸੰਕਰਨ ਨਾਇਰ ਇਕ ਮੈਂਬਰ ਸੀ, ਨੇ ਲੈਫਟੀਨੈਂਟ ਗਵਰਨਰ ਦੀ ਫੌਜੀ ਰਾਜ ਬਾਰੇ ਤਜਵੀਜ਼ ਨੂੰ ਝੱਟਪੱਟ ਮਨਜ਼ੂਰੀ ਦੇ ਦਿੱਤੀ, ਅਜਿਹਾ ਜਲ੍ਹਿਆਂਵਾਲੇ ਬਾਗ ਵਿਚ ਡਾਇਰ ਦੀ ਕਾਰਵਾਈ ਤੋਂ ਪਹਿਲਾਂ ਕੀਤਾ ਗਿਆ। 14 ਅਪਰੈਲ ਤੱਕ ਵੀ ਪ੍ਰਵਾਨਗੀ ਨਹੀਂ ਸੀ ਪਹੁੰਚੀ, ਜਿਸ ਦਿਨ ਨੂੰ ਸਰ ਮਾਈਕਲ ਨੇ ਸੰਚਾਰ ਸਾਧਨਾਂ ਦੇ ਕੱਟ ਦੇਣ ਕਾਰਨ ਸਭ ਤੋਂ ਤੇਜ਼ ਬਗਾਵਤ ਦਾ ਦਿਨ ਕਿਹਾ ਸੀ। ਅੰਮ੍ਰਿਤਸਰ ਅਤੇ ਲਾਹੌਰ ਵਿਚ 15 ਅਪਰੈਲ ਤੱਕ ਵੀ ਰਸਮੀ ਤੌਰ ਤੇ ਫੌਜੀ ਕਾਨੂੰਨ ਲਾਗੂ ਕਰਨ ਦਾ ਐਲਾਨ ਨਹੀਂ ਸੀ ਕੀਤਾ ਗਿਆ ਜਦੋਂ ਕਿ ਵਾਸਤਵ ਵਿਚ ਇਹ 10 ਅਪਰੈਲ ਤੋਂ ਹੀ ਲਾਗੂ ਸੀ। ਟਾਈਮ ਦੀ ਬੱਚਤ ਕਰਨ ਲਈ ਲੈਫਟੀਨੈਂਟ ਗਵਰਨਰ ਦੀ 13 ਅਪਰੈਲ ਦੀ ਵਾਇਰਲੈਸ ਦਾ ਸੰਦੇਸ਼ ਜ਼ੁਬਾਨੀ ਹੀ ਭੇਜ ਦਿੱਤਾ ਗਿਆ। ਤਾਸ਼ਕੰਦ ਵਿਖੇ ਬੋਲਸ਼ੇਵਿਸ਼ਟ ਵਾਇਰਲੈਸ ਸਟੇਸ਼ਨ ਦਾ ਉਪਯੋਗ ਇਹ ਵਿਖਾਉਣ ਲਈ ਕੀਤਾ ਗਿਆ ਕਿ ਬਰਤਾਨਵੀ ਭਾਰਤ ਵਿਚ ਕੇਵਲ ਆਪਣੀ ਹੋਂਦ ਕਾਇਮ ਰੱਖਣ ਲਈ ਲੜ ਰਹੇ ਹਨ। 12 ਅਪਰੈਲ ਨੂੰ ਹਿੰਦੂ ਸਭਾ ਸਕੂਲ (ਢਾਬ ਖਟੀਕਾ) ਵਿਚ ਇਕ ਮੀਟਿੰਗ ਹੋਈ ਜਿਸ ਵਿਚ ਹੰਸ ਰਾਜ ਨੇ ਐਲਾਨ ਕੀਤਾ ਕਿ ਅੰਮ੍ਰਿਤਸਰ ਦੇ ਇਕ ਸਨਮਾਨ ਯੋਗ ਪੁਰਾਣੇ ਵਸਨੀਕ, ਲਾਲਾ ਕਨ੍ਹੱਈਆ ਲਾਲ ਦੀ ਪ੍ਰਧਾਨਗੀ ਹੇਠ ਜਲ੍ਹਿਆਂਵਾਲੇ ਬਾਗ ਵਿਚ 13 ਅਪਰੈਲ ਨੂੰ ਇਕ ਹੋਰ ਮੀਟਿੰਗ ਹੋਵੇਗੀ। ਦੂਸਰੇ ਦਿਨ ਇਸ ਮੀਟਿੰਗ ਬਾਰੇ ਕਾਫੀ ਪ੍ਰਚਾਰ ਕੀਤਾ ਗਿਆ।

11 ਅਪਰੈਲ ਨੂੰ ਬ੍ਰਿਗੇਡੀਅਰ-ਜਨਰਲ ਆਰ.ਈ.ਐਚ. ਡਾਇਰ ਅੰਮ੍ਰਿਤਸਰ ਆਇਆ ਅਤੇ ਉਸਨੇ ਆਪਣਾ ਮੁੱਖ ਦਫਤਰ ਰੇਲਵੇ ਸਟੇਸ਼ਨ ਤੋਂ ਰਾਮ ਬਾਗ ਵਿਚ ਤਬਦੀਲ ਕਰ ਲਿਆ। ਉਸਦੇ ਅਧੀਨ 475 ਬਰਤਾਨਵੀ ਅਤੇ 710 ਭਾਰਤੀ ਸਿਪਾਹੀ ਸਨ। ਉਸ ਨੂੰ ਸੂਚਿਤ ਕੀਤਾ ਗਿਆ ਸੀ ਕਿ ਸ਼ਹਿਰ ਖੁੱਲ੍ਹੀ ਬਗਾਵਤ ਅਤੇ ਅਰਾਜਕਤਾ ਦੀ ਹਾਲਤ ਵਿਚ ਸੀ ਜਿਵੇਂ ਕਿ ਮਾਈਲਜ਼ ਇਰਵਿੰਗ ਨੇ ਕਿਹਾ ਸੀ "ਅਪਸ਼ਚਾਤਾਪੀ ਵਿਰੋਧ" ਦੀ ਹਾਲਤ

ਵਿਚ ਸੀ। 12 ਅਪਰੈਲ ਨੂੰ ਜਨਰਲ ਡਾਇਰ ਦੀ ਅਗਵਾਈ ਵਿਚ ਇਕ ਭਾਰੇ ਲਸ਼ਕਰ ਨੇ ਸ਼ਹਿਰ ਦੁਆਲੇ ਗਸ਼ਤ ਕੀਤੀ ਜਦੋਂ ਕਿ ਇਹ ਸੂਚਨਾ ਮਿਲੀ ਸੀ ਕਿ ਸ਼ਹਿਰ ਤੋਂ ਬਾਹਰ ਭੀੜ ਇਕੱਠੀ ਹੋ ਰਹੀ ਸੀ। 13 ਅਪਰੈਲ ਨੂੰ ਡਾਇਰ ਨੇ ਜ਼ਿਲ੍ਹਾ ਮੈਜਿਸਟਰੇਟ, ਪੁਲਿਸ ਦੇ ਨਿਗਰਾਨ ਅਤੇ ਹੋਰਾਂ ਨੂੰ ਨਾਲ ਲੈ ਕੇ ਸ਼ਹਿਰ ਦਾ ਦੌਰਾ ਕੀਤਾ ਅਤੇ ਇਕ ਐਲਾਨ ਉਰਦੂ ਅਤੇ ਪੰਜਾਬੀ ਵਿਚ ਪੜ੍ਹ ਕੇ ਸੁਣਾਇਆ ਗਿਆ, ਜਿਸ ਨੂੰ ਦੋ ਤੋਂ ਤਿੰਨ ਘੰਟੇ ਲੱਗੇ। ਇਹ ਸਪਸ਼ਟ ਹੈ ਕਿ ਡਾਇਰ ਦਾ ਐਲਾਨ ਸ਼ਹਿਰ ਦੇ ਬਹੁਤ ਸਾਰੇ ਭਾਗਾਂ ਵਿਚ ਨਹੀਂ ਸੀ ਸੁਣਾਇਆ ਗਿਆ। ਜਿਨ੍ਹਾਂ ਲੋਕਾਂ ਨੇ ਇਸ ਐਲਾਨ ਨੂੰ ਸੁਣਿਆ ਹੋਵੇਗਾ, ਅਨੁਮਾਨ ਹੈ ਕਿ ਉਨ੍ਹਾਂ ਦੀ ਗਿਣਤੀ 8000 ਤੋਂ 10000 ਹੋਵੇਗੀ। ਸ਼ਹਿਰ ਦੀ ਕੁੱਲ ਆਬਾਦੀ 1,60,000 ਤੋਂ 1,70,000 ਸੀ। ਐਲਾਨ ਦੀਆਂ ਛਪੀਆਂ ਹੋਈਆਂ ਕਾਪੀਆਂ ਸ਼ਹਿਰ ਵਿੱਚ ਲਾਉਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਗਈ, ਇਥੋਂ ਤੱਕ ਕਿ ਜਲ੍ਹਿਆਂ ਵਾਲੇ ਬਾਗ ਵਿਚ ਜਾਣ ਵਾਲੇ ਦਰਵਾਜ਼ੇ ਤੇ ਵੀ ਨਹੀਂ। ਜੋ ਐਲਾਨ ਪੜ੍ਹਿਆ ਗਿਆ ਉਹ ਹੇਠ ਲਿਖੇ ਅਨੁਸਾਰ ਸੀ :-

**'ਸਾਰੇ ਸਬੰਧਤ ਵਿਅਕਤੀਆਂ ਲਈ ਇਹ ਐਲਾਨ ਕੀਤਾ ਜਾਂਦਾ ਹੈ ਕਿ ਸ਼ਹਿਰ ਵਿਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਿਨਾਂ ਪਾਸ ਤੋਂ ਆਪਣੀ ਜਾਂ ਕਿਰਾਏ ਦੀ ਗੱਡੀ ਤੇ ਜਾਂ ਪੈਦਲ, ਸ਼ਹਿਰ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੋਵੇਗੀ। ਅੰਮ੍ਰਿਤਸਰ ਸ਼ਹਿਰ ਵਿਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਨੂੰ ਸ਼ਾਮ ਦੇ 8.00 ਵਜੇ ਤੋਂ ਬਾਅਦ ਆਪਣੇ ਘਰ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੈ। ਸ਼ਾਮ ਦੇ 8.00 ਵਜੇ ਤੋਂ ਬਾਅਦ ਜੇਕਰ ਕੋਈ ਵਿਅਕਤੀ ਗਲੀ ਵਿਚ ਵੇਖਿਆ ਗਿਆ ਤਾਂ ਉਸਨੂੰ ਗੋਲੀ ਮਾਰ ਦਿੱਤੀ ਜਾਵੇਗੀ। ਕਿਸੇ ਵੀ ਸਮੇਂ ਸ਼ਹਿਰ ਦੀਆਂ ਗਲੀਆਂ ਵਿਚ ਜਾਂ ਸ਼ਹਿਰ ਦੇ ਕਿਸੇ ਹਿੱਸੇ ਵਿਚ ਜਾਂ ਇਸ ਤੋਂ ਬਾਹਰ ਕਿਸੇ ਵੀ ਕਿਸਮ ਦਾ ਜਲੂਸ ਕੱਢਣ ਦੀ ਆਗਿਆ ਨਹੀਂ ਹੈ। ਅਜਿਹੇ ਕਿਸੇ ਵੀ ਜਲੂਸ ਜਾਂ ਚਾਰ ਆਦਮੀਆਂ ਦੇ ਇਕੱਠ ਨੂੰ ਗੈਰ ਕਾਨੂੰਨੀ ਇਕੱਠ ਸਮਝਿਆ ਜਾਵੇਗਾ ਜਾਂ ਜੇਕਰ ਜ਼ਰੂਰਤ ਸਮਝੀ ਗਈ ਤਾਂ ਉਸਨੂੰ ਜ਼ਬਰਦਸਤੀ ਖਿੰਡਾ ਦਿੱਤਾ ਜਾਵੇਗਾ। "**

ਡਾਇਰ ਦੇ ਐਲਾਨ ਤੋਂ ਥੋੜ੍ਹੀ ਦੇਰ ਪਹਿਲਾਂ, ਦੂਸਰਾਂ ਵਿਰੋਧੀ ਐਲਾਨ (ਢੋਲ ਵਜਾ ਕੇ) ਕੀਤਾ ਗਿਆ ਜਿਸ ਰਾਹੀਂ ਲੋਕਾਂ ਨੂੰ ਬਾਅਦ ਦੁਪਹਿਰ ਜਲ੍ਹਿਆਂ ਵਾਲੇ ਬਾਗ ਵਿਚ ਇਕੱਠੇ ਹੋਣ ਲਈ ਕਿਹਾ ਗਿਆ ਸੀ। ਕਿਉਂਕਿ ਜਲ੍ਹਿਆਂਵਾਲੇ ਬਾਗ ਨੂੰ ਬੰਦ ਕਰਨ ਦੀ ਕੋਈ ਕੋਸ਼ਿਸ਼ ਨਹੀਂ ਸੀ ਕੀਤੀ ਗਈ, ਇਸ ਲਈ ਵਿਉਂਤ ਬੱਧ ਢੰਗ ਨਾਲ ਮੀਟਿੰਗ ਹੋਈ। 'ਜੱਲੇ'[16] ਮਾਲਕ ਦੀ ਜਾਤ ਦਾ ਨਾਮ ਹੈ, 'ਵਾਲਾ' ਸਬੰਧਕੀ ਸ਼ਬਦ ਦਾ ਅੰਤਲਾ ਅੱਖਰ ਹੈ ਅਤੇ ਬਾਗ ਦਾ ਅਰਥ ਹੈ ਬਗੀਚਾ। ਬਾਗ ਇਕ ਖੁੱਲ੍ਹੀ ਉਚੀ ਨੀਵੀਂ ਜਗ੍ਹਾ ਸੀ, ਇਕ ਕਿਸਮ ਦੀ ਬੇਡੋਲ ਚਕੋਰ ਦੁਆਲੇ ਵਿਰਕਤ ਕਿਸਮਤ ਦੀ ਚਾਰ ਦੀਵਾਰੀ ਸੀ ਅਤੇ ਕਈ ਹਿੱਸਿਆਂ ਤੇ ਮਕਾਨਾਂ ਦੀਆਂ ਉਚੀਆਂ ਕੰਧਾਂ ਨਾਲ ਘਿਰਿਆ ਹੋਇਆ ਸੀ। ਅੰਮ੍ਰਿਤਸਰ ਦਾ ਕੋਈ ਪੁਰਾਣੇ ਤੋਂ ਪੁਰਾਣਾ ਵਸਨੀਕ ਵੀ ਇਹ ਨਹੀਂ ਜਾਣਦਾ ਕਿ ਕਿਸੇ ਵੇਲੇ ਇਹ ਇਕ ਬਾਗ ਸੀ। ਲੱਗਭੱਗ 50 ਸਾਲ ਪਹਿਲਾਂ ਇਥੇ ਮਿੱਟੀ ਦੇ ਟੁੱਟੇ ਹੋਏ ਬਰਤਨਾਂ ਦੇ ਕੁਝ ਢੇਰ ਵੇਖੇ ਜਾ ਸਕਦੇ ਸਨ। ਉਸ ਸਮੇਂ ਬਹੁਤ ਸਾਰੇ ਲੋਕਾਂ ਦੀ ਨਿੱਜੀ ਜਾਇਦਾਦ ਸੀ, ਇਥੇ ਤਿੰਨ ਦਰਖਤ ਸਨ, ਇਕ ਗੁੰਬਦ ਵਾਲੀ ਖਸਤਾ ਹਾਲਤ ਵਿਚ ਸਮਾਧ ਅਤੇ ਇਕ ਖੂਹ ਸੀ। ਅੰਦਰ ਜਾਣ ਦਾ ਰਸਤਾ ਇਤਨਾ ਤੰਗ ਸੀ ਕਿ ਡਾਇਰ ਦੀਆਂ ਹਥਿਆਰਬੰਦ ਗੱਡੀਆਂ ਅੰਦਰ ਨਹੀਂ ਸੀ ਜਾ ਸਕਦੀਆਂ। 3 ਜਾਂ 4 ਥਾਵਾਂ ਤੋਂ ਇਲਾਵਾ ਕੋਈ ਬਕਾਇਦਾ ਰਸਤਾ ਨਹੀਂ ਸੀ ਜਿਥੋਂ ਲੋਕ

ਵਧੇਰੇ ਅਸਾਨੀ ਨਾਲ ਲੰਘ ਸਕਦੇ।

ਤਕਰੀਬਨ ਇਕ ਵਜੇ, ਜਨਰਲ ਡਾਇਰ ਨੇ ਸੁਣਿਆ ਕਿ ਸ਼ਾਮ ਦੇ ਸਾਢੇ ਚਾਰ ਵਜੇ ਲੋਕ ਇਕ ਭਾਰੀ ਮੀਟਿੰਗ ਕਰਨ ਦਾ ਇਰਾਦਾ ਰੱਖਦੇ ਹਨ। ਬਾਦ ਦੁਪਹਿਰ ਚਾਰ ਵਜੇ ਉਸ ਨੂੰ ਪੱਕੀ ਖਬਰ ਮਿਲੀ ਕਿ ਜਲ੍ਹਿਆਂ ਵਾਲੇ ਬਾਗ ਵਿਚ ਮੀਟਿੰਗ ਕੀਤੀ ਜਾ ਰਹੀ ਹੈ। ਘਟਨਾ ਦੇ ਵਾਪਰਨ ਤੋਂ ਬਾਅਦ ਜਨਰਲ ਡਾਇਰ ਵਲੋਂ ਵੱਡੇ ਸਹਾਇਕ ਅਫਸਰ, ਸਰ ਵਿਲੀਅਮ ਬੈਨੋਨ ਨੂੰ ਭੇਜੀ ਗਈ ਰਿਪੋਰਟ ਅਨੁਸਾਰ ਭੀੜ ਦੀ ਸੰਖਿਆ ਲਗਭਗ 6000 ਜਾਂ ਉਥੇ 10 ਤੋਂ 20 ਹਜ਼ਾਰ ਲੋਕ ਇਕੱਠੇ ਹੋਏ ਸਨ। ਭੀੜ ਵਿਚ ਕੁਝ ਲੋਕ ਆਰਾਮ ਦੇ ਮਿਜ਼ਾਜ਼ ਵਿਚ ਸਨ ਅਤੇ ਤਾਸ਼ ਖੇਡ ਰਹੇ ਸਨ। ਕਿਚਲੂ ਦੀ ਤਸਵੀਰ ਰੱਖੀ ਹੋਈ ਸੀ ਅਤੇ ਕਿਹਾ ਗਿਆ ਸੀ ਕਿ ਉਸਦਾ ਚਿੱਤਰ ਪ੍ਰਧਾਨਗੀ ਕਰੇਗਾ। ਲੋਕਾਂ ਦੀ ਨਾ ਸੁਣੀ ਕੀਤੀ ਜਾ ਰਹੀ ਫਰਿਆਦ ਬਾਰੇ ਗੋਪੀਨਾਥ ਨੇ ਇਕ ਕਵਿਤਾ ਪੜ੍ਹੀ। ਖੁਫੀਆ ਵਿਭਾਗ (ਸੀ.ਆਈ.ਡੀ.) ਦੇ ਲੋਕ ਵੀ ਮੌਕੇ ਤੇ ਹਾਜ਼ਰ ਸਨ। ਹੰਸ ਰਾਜ, ਜਿਸਨੂੰ ਸੀ.ਐਫ ਐਡਰਿਊਜ਼ ਸੂਹੀਆ [17] ਕਹਿੰਦਾ ਸੀ, ਜਿਸਨੇ ਮੀਟਿੰਗਾਂ ਦਾ ਆਯੋਜਨ ਕੀਤਾ, ਉਸਨੇ ਇਕੱਠ ਨੂੰ ਸੰਬੋਧਨ ਕੀਤਾ ਅਤੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਡਰਨ ਦੀ ਲੋੜ ਨਹੀਂ ਅਤੇ ਮੀਟਿੰਗ ਦੋ ਮਤੇ ਪਾਸ ਕਰਨ ਲਈ ਬੁਲਾਈ ਗਈ ਹੈ, ਪਹਿਲੇ ਮਤੇ ਵਿਚ ਰੋਲਟ ਐਕਟ ਨੂੰ ਵਾਪਸ ਲੈਣ ਬਾਰੇ ਕਿਹਾ ਗਿਆ, ਅਤੇ ਦੂਸਰੇ ਮਤੇ ਰਾਹੀਂ 10 ਅਪਰੈਲ ਨੂੰ ਗੋਲੀਆਂ ਚਲਾਉਣ ਦੀ ਨਿਖੇਧੀ ਕੀਤੀ ਗਈ ਅਤੇ ਮਰਨ ਵਾਲਿਆਂ ਦੇ ਸਬੰਧੀਆਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਲਗਭਗ ਚਾਰ ਵਜੇ ਸ਼ਾਮ ਨੂੰ ਝੰਡੇ ਵਾਲਾ ਇਕ ਹਵਾਈ ਜਹਾਜ਼ ਜਲ੍ਹਿਆਂ ਵਾਲੇ ਬਾਗ ਉਪਰ ਮੰਡਰਾਉਂਦਾ ਵੇਖਿਆ ਗਿਆ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਵਾਈ ਜਹਾਜ਼ ਸੀ.ਆਈ.ਡੀ. ਦੇ ਬੰਦਿਆਂ ਨੂੰ ਖਿਸਕਣ ਲਈ ਇਕ ਇਸ਼ਾਰਾ ਸੀ। ਲੋਕਾਂ ਵਿਚ ਡਰ ਅਤੇ ਸਹਿਮ ਫੈਲ ਗਿਆ ਅਤੇ ਉਹ ਖਿਸਕਣ ਲੱਗੇ, ਪਰੰਤੂ ਬੁਲਾਰੇ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਡਰਨ ਅਤੇ ਘਬਰਾਉਣ ਦਾ ਕੋਈ ਕਾਰਣ ਨਹੀਂ ਹੈ। ਜਦੋਂ ਉਹ ਦੁਬਾਰਾ ਬੈਠਣ ਲੱਗ ਪਏ ਤਾਂ ਉਨ੍ਹਾਂ ਨੇ ਇਕ ਉਚੇ ਥੜ੍ਹੇ ਉਪਰ ਬੰਦੂਕਧਾਰੀ ਸਿਪਾਹੀਆਂ ਨੂੰ ਖੜ੍ਹੇ ਵੇਖਿਆ, ਉਹ ਸਭਾ ਤੋਂ ਜ਼ਿਆਦਾ ਦੂਰ ਨਹੀਂ ਸਨ। ਇਸ ਵੇਲੇ ਦੁਰਗਾ ਦਾਸ ਤੀਸਰਾ ਮਤਾ ਪੇਸ਼ ਕਰ ਰਿਹਾ ਸੀ, ਅਤੇ ਗੁਰਬਖਸ਼ ਰਾਇ ਨੇ ਦਖਲ ਦੇ ਕੇ ਲੋਕਾਂ ਨੂੰ ਬੈਠ ਜਾਣ ਅਤੇ ਨਾ ਡਰਨ ਲਈ ਕਿਹਾ। ਇਸ ਸਮੇਂ ਯਕਦਮ ਗੋਲੀ ਚਲਾ ਦਿੱਤੀ ਗਈ। ਅੰਦਰ ਆਉਣ ਦੇ ਰਸਤੇ ਦੇ ਨੇੜਿਓ ਮੈਦਾਨ ਉਚਾ ਸੀ ਜਿਥੇ ਖੜੋ ਕੇ ਭੀੜ ਉਪਰ ਗੋਲੀ ਚਲਾਉਣੀ ਸਿਪਾਹੀਆਂ ਲਈ ਆਸਾਨ ਸੀ। ਗੋਲੀਆਂ ਖਾਲੀ ਹਨ [18], ਵਰਗੀਆਂ ਉਚੀ ਉਚੀ ਆਵਾਜ਼ਾਂ ਆਈਆਂ, ਪਰੰਤੂ ਜਲਦੀ ਹੀ ਲੋਕਾਂ ਦਾ ਭਰਮ ਦੂਰ ਹੋ ਗਿਆ।

ਡਾਇਰ ਨੇ ਆਪਣੀ ਉਪਲਬਧ ਪ੍ਰਭਾਵਸ਼ਾਲੀ ਫੌਜ ਇਕੱਤਰ ਕੀਤੀ ਜੋ ਨੱਬੇ ਦੇ ਲਗਭਗ ਸੀ, ਅਤੇ ਹਥਿਆਰਬੰਦ ਗੱਡੀਆਂ ਤੇ ਸਵਾਰ ਆਦਮੀਆਂ ਨੂੰ ਨਾਲ ਲੈ ਕੇ ਮੀਟਿੰਗ ਦੇ ਸਥਾਨ ਵੱਲ ਚੱਲ ਪਿਆ। ਡਾਇਰ ਨੇ 25 ਸਿਪਾਹੀਆਂ ਦੀ ਇਕ ਟੋਲੀ ਨੂੰ ਗੇਟ ਦੇ ਕੋਲ ਉਚੇ ਸਥਾਨ ਤੇ ਲਗਾਇਆ ਅਤੇ 25 ਸਿਪਾਹੀਆਂ ਨੂੰ ਦੂਸਰੇ ਪਾਸੇ। ਡਿਪਟੀ ਕਮਿਸ਼ਨਰ ਉਥੇ ਨਹੀਂ ਸੀ। ਤਕਰੀਬਨ, 1650 ਰਾਊਂਡ ਗੋਲੀਆਂ ਚਲਾਈਆਂ ਗਈਆਂ ਅਤੇ ਗੋਲੀਆਂ ਚੱਲਣ ਦਾ ਟਾਈਮ ਸ਼ਾਮ ਨੂੰ 5.15 ਵਜੇ ਦਾ ਸੀ। ਡਾਇਰ ਦੇ ਬ੍ਰਿਗੇਡ ਮੇਜਰ ਕਪਤਾਨ

ਬ੍ਰਿਗਜ਼ ਦੇ ਕਹਿਣ ਅਨੁਸਾਰ 'ਸਿਪਾਹੀਆਂ ਨੇ ਨੀਵੀਆਂ ਗੋਲੀਆਂ ਚਲਾਉਣ ਤੋਂ ਕੋਈ ਸੰਕੋਚ ਨਾ ਕੀਤਾ ਅਤੇ ਮੈਂ ਕੋਈ ਵਿਅਕਤੀ ਉਚੀਆਂ ਗੋਲੀਆਂ ਚਲਾਉਂਦਾ ਨਹੀਂ ਵੇਖਿਆ। ਕੁਝ ਲੋਕ ਜ਼ਮੀਨ ਉਪਰ ਸਿੱਧੇ ਲੇਟ ਗਏ, ਦੂਸਰੇ ਉਧਰ ਨੂੰ ਦੌੜੇ ਜਿਧਰੋਂ ਗੋਲੀਆਂ ਆ ਰਹੀਆਂ ਸਨ ਅਤੇ ਸਮਾਧ ਵੱਲ ਨੂੰ ਮੁੜੇ, ਅਤੇ ਉਥੇ ਪਨਾਹ ਲਈ। ਬਹੁਤ ਸਾਰੇ ਲੋਕ ਬਾਹਰ ਨਿਕਲਣ ਦੇ ਰਸਤੇ ਵਿਚ ਜਾਂ ਕੰਧਾਂ ਉਪਰ ਚੜ੍ਹਨ ਤੇ ਮਾਰੇ ਗਏ, ਜਿਸਨੂੰ ਟੱਪਣ ਦੀ ਉਨ੍ਹਾਂ ਨੇ ਕੋਸ਼ਿਸ਼ ਕੀਤੀ ਸੀ। ਬਹੁਤ ਸਾਰੇ ਖੂਹ ਵਿਚ ਡਿਗ ਪਏ ਅਤੇ ਉਥੇ ਮਰ ਗਏ, ਇਹ ਇਕ ਭਿਆਨਕ ਨਜ਼ਾਰਾ ਸੀ। ਹਰ ਕਿਸੇ ਨੂੰ ਆਪਣੇ ਆਪ ਦੀ ਪਈ ਹੋਈ ਸੀ ਅਤੇ ਆਪਣੀ ਜਾਨ ਬਚਾਉਣ ਲਈ ਇਕ ਦੂਸਰੇ ਨੂੰ ਧੱਕ ਰਹੇ ਸੀ। ਬਿਨਾਂ ਰੁਕਾਵਟ ਤੋਂ ਲਗਭਗ 10 ਮਿੰਟ ਨਿਰੰਤਰ ਗੋਲੀ ਚੱਲੀ।[19] ਇਹ ਦਰਵਾਜ਼ਿਆਂ ਵੱਲੋਂ ਚਲਾਈ ਜਾ ਰਹੀ ਸੀ ਜਿਨ੍ਹਾਂ ਰਾਹੀਂ ਬਾਹਰ ਨਿਕਲਣ ਲਈ ਲੋਕ ਦੌੜ ਰਹੇ ਸਨ। ਬਾਹਰ ਨਿਕਲਣ ਲਈ ਸਾਰੇ ਤਿੰਨ ਜਾਂ ਚਾਰ ਰਸਤੇ ਸਨ ਅਤੇ ਇਨ੍ਹਾਂ ਬਾਹਰ ਨਿਕਲਣ ਦੇ ਰਸਤਿਆਂ ਵਿਚ ਲੋਕਾਂ ਉਪਰ ਸੱਚਮੁਚ ਗੋਲੀਆਂ ਦੀ ਬਾਰਸ਼ ਕੀਤੀ ਗਈ। ਮੀਟਿੰਗ ਵਿਚ ਜਿਥੇ ਲੋਕ ਸੰਘਣੇ ਬੈਠੇ ਸਨ, ਉਨ੍ਹਾਂ ਉਪਰ ਗੋਲੀਆਂ ਚਲਾਈਆਂ ਗਈਆਂ ਅਤੇ ਬਾਗ ਦਾ ਕੋਈ ਵੀ ਕੋਨਾ ਅਜਿਹਾ ਨਹੀਂ ਸੀ ਜਿਥੇ ਵੱਡੀ ਗਿਣਤੀ ਵਿਚ ਲੋਕ ਨਾ ਮਰੇ ਹੋਣ। ਬਹੁਤ ਸਾਰੇ ਦਿਲ, ਛਾਤੀ ਅਤੇ ਪੇਟ ਵਿਚ ਗੋਲੀਆਂ ਲੱਗਣ ਕਾਰਨ ਮਰੇ। ਬਹੁਤ ਸਾਰੇ ਲੋਕ ਪਾਣੀ ਦੀ ਘੁੱਟ ਲਈ ਤੜਪ ਕੇ ਮਰੇ। ਦੂਸਰੇ ਕੰਧਾਂ ਟੱਪ ਕੇ ਬਚ ਗਏ ਜਿਨ੍ਹਾਂ ਨੂੰ ਕੋਈ ਸੁੱਧ ਨਾ ਰਹੀ ਕਿ ਉਹ ਕਿਧਰ ਜਾ ਰਹੇ ਹਨ। ਬਹੁਤ ਸਾਰੇ ਲੋਕ ਡਾਕਟਰੀ ਸਹਾਇਤਾ ਨਾ ਮਿਲਣ ਕਾਰਣ ਮਰ ਗਏ। ਬਹੁਤ ਸਾਰੇ ਭੀੜ ਦੇ ਪੈਰਾਂ ਹੇਠ ਕੁਚਲੇ ਗਏ। ਭੀੜ ਵਿਚੋਂ ਜ਼ਿਆਦਾਤਰ ਲੋਕ ਡਾਇਰ ਦੇ ਐਲਾਨ ਦੀਆਂ ਪੇਚੀਦਗੀਆਂ ਨੂੰ ਨਹੀਂ ਸਨ ਸਮਝ ਸਕੇ। ਜਿਨ੍ਹਾਂ ਨੂੰ ਇਸ ਦੀ ਸਮਝ ਆਈ, ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਹ ਬਚ ਜਾਣਗੇ। ਉਹ ਲੋਕ ਜੋ ਉਥੋਂ ਦੌੜੇ, ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਹ ਕਿਥੇ ਨੂੰ ਦੌੜ ਰਹੇ ਹਨ। ਡਰ ਅਤੇ ਦਹਿਸ਼ਤ ਨੇ ਉਨ੍ਹਾਂ ਤੇ ਕਾਬੂ ਪਾ ਲਿਆ ਸੀ ਅਤੇ ਜਾਪਦਾ ਸੀ ਕਿ ਉਨ੍ਹਾਂ ਦੀਆਂ ਰੂਹਾਂ ਵਿਚ ਫੌਲਾਦ ਭਰ ਗਿਆ ਅਤੇ ਉਹ ਸਿੱਕੇ ਵਾਂਗ ਭਾਰਾਪਣ ਮਹਿਸੂਸ ਕਰ ਰਹੇ ਸਨ। ਭੀੜ ਦਰਵਾਜ਼ਿਆਂ ਵਿਚ ਜਾਂ ਉਨ੍ਹਾਂ ਦੇ ਨੇੜੇ ਇਕੱਠੀ ਹੋ ਗਈ ਸੀ। ਬਹੁਤ ਸਾਰਿਆਂ ਦੇ ਸਿਰ ਫਟ ਗਏ ਸਨ, ਬਹੁਤਿਆਂ ਦੀਆਂ ਅੱਖਾਂ, ਨੱਕ, ਛਾਤੀਆਂ, ਬਾਹਾਂ ਅਤੇ ਲੱਤਾਂ ਚੂਰ ਚੂਰ ਹੋ ਗਈਆਂ ਸਨ। ਹਰ ਜਗ੍ਹਾ ਖਿਲਰੇ ਫੌਜੀਆਂ ਦੇ ਟੋਲਿਆਂ ਅਤੇ ਜ਼ਖਮੀਆਂ ਨੂੰ ਪਾਣੀ ਲਈ ਕੁਰਲਾਉਂਦੇ ਵੇਖ ਕੇ ਬਾਗ ਲੜਾਈ ਦਾ ਮੈਦਾਨ ਨਜ਼ਰ ਆਉਂਦਾ ਸੀ। ਫੌਜੀ ਦਸਤੇ ਗੋਲੀ ਚਲਾਉਣ ਤੋਂ ਬਾਅਦ ਚਲੇ ਗਏ।

ਰਾਤ ਨੂੰ 10 ਵਜੇ ਡਾਇਰ ਨੇ ਕੁਝ ਸਿਪਾਹੀਆਂ ਨੂੰ ਨਾਲ ਲੈ ਕੇ ਆਪਣੀਆਂ ਫੌਜੀ ਚੌਕੀਆਂ ਦਾ ਦੌਰਾ ਕੀਤਾ ਅਤੇ ਇਹ ਯਕੀਨੀ ਬਣਾਉਣ ਲਈ ਸ਼ਹਿਰ ਵਿਚ ਗਸ਼ਤ ਕੀਤੀ ਕਿ ਉਸ ਦੇ ਕਰਫਿਊ ਦੇ ਹੁਕਮ ਦੀ ਪਾਲਣਾ ਕੀਤੀ ਜਾ ਰਹੀ ਹੈ, ਉਸ ਨੇ ਵੇਖਿਆ ਕਿ ਸਾਰਾ ਸ਼ਹਿਰ ਸੁੰਨਸਾਨ ਸੀ ਅਤੇ ਕੋਈ ਜੀਅ ਵੀ ਸੜਕਾਂ ਤੇ ਨਜ਼ਰ ਨਹੀਂ ਸੀ ਆ ਰਿਹਾ। ਬਾਗ ਵਿਚ ਸਹਿਮੇ ਹੋਏ ਲੋਕ ਆਪਣੇ ਦੋਸਤਾਂ ਮਿੱਤਰਾਂ ਅਤੇ ਸਬੰਧੀਆਂ ਦੀ ਨਿਰਾਸ਼ਾਜਨਕ ਭਾਲ ਵਿਚ ਲਾਸ਼ਾਂ ਨੂੰ ਉਲਟ ਪੁਲਟ ਰਹੇ ਸਨ। ਸ਼ਾਮ ਦੇ 8 ਵਜੇ ਤੋਂ ਬਾਅਦ ਦੁਬਾਰਾ ਗੋਲੀ ਚਲਾਏ ਜਾਣ ਦੇ ਡਰ ਕਾਰਨ ਬਹੁਤ ਸਾਰੇ ਲੋਕਾਂ ਨੂੰ ਲਾਸ਼ਾਂ ਅਤੇ ਜ਼ਖਮੀਆਂ ਨੂੰ ਉਥੇ ਹੀ ਛੱਡ ਕੇ

ਵਾਪਸ ਜਾਣਾ ਪਿਆ। ਪਰੰਤੂ ਉਥੇ ਰਤਨ ਦੇਵੀ ਅਤੇ ਉੱਤਰ ਕੌਰ ਵਰਗੀਆਂ ਦਲੇਰ ਔਰਤਾਂ ਠਹਿਰੀਆਂ। ਰਤਨ ਦੇਵੀ ਸਾਰੀ ਰਾਤ ਆਪਣੇ ਪਤੀ ਦੀ ਮ੍ਰਿਤਕ ਦੇਹ ਕੋਲ ਬੈਠੀ ਰਹੀ। ਸਾਰਾ ਇਲਾਕਾ ਹਨੇਰੇ ਵਿਚ ਡੁਬਿਆ ਪਿਆ ਸੀ। ਅਚਾਨਕ ਉਸਨੂੰ ਬਾਂਸ ਦੀ ਸੋਟੀ ਮਿਲ ਗਈ, ਜਿਸਨੂੰ ਕੁੱਤਿਆਂ ਨੂੰ ਦੂਰ ਭਜਾਉਣ ਲਈ ਉਸਨੇ ਹੱਥ ਵਿਚ ਫੜ ਲਿਆ। ਉਸਨੇ ਤਿੰਨ ਆਦਮੀਆਂ ਨੂੰ ਦਰਦ ਨਾਲ ਤੜਫਦੇ ਹੋਏ, ਦੁੱਖ ਨਾਲ ਸੰਘਰਸ਼ ਕਰ ਰਹੀ ਇਕ ਮੱਝ ਅਤੇ 12 ਸਾਲ ਦੀ ਉਮਰ ਦਾ ਇਕ ਮੁੰਡਾ ਵੇਖਿਆ, ਜੋ ਉਸਨੂੰ ਉਥੋਂ ਨਾ ਜਾਣ ਲਈ ਤਰਲੇ ਕਰ ਰਿਹਾ ਸੀ। ਉਹ ਖਾਮੋਸ਼ ਅਤੇ ਸੁੰਨ ਬੈਠੀ ਰਹੀ। ਉਸਨੂੰ ਕੁੱਤਿਆਂ ਦੇ ਭੌਂਕਣ ਅਤੇ ਗਧਿਆਂ ਦੇ ਹਿੜਕਣ ਤੋਂ ਬਿਨਾਂ ਕੁੱਝ ਵੀ ਸੁਣਾਈ ਨਹੀਂ ਸੀ ਦੇ ਰਿਹਾ। ਬਾਅਦ ਵਿਚ ਹੋਰ ਬਹੁਤ ਸਾਰੇ ਲੋਕਾਂ ਵਾਂਗ ਉਸਨੇ ਵੀ ਸਰਕਾਰ ਵਲੋਂ ਦਿੱਤੀ ਜਾ ਰਹੀ ਇਵਜ਼ਾਨੇ ਦੀ ਰਕਮ ਲੈਣ ਤੋਂ ਇਨਕਾਰ ਕਰ ਦਿੱਤਾ। ਉੱਤਰ ਕੌਰ [20] ਨੇ ਆਪਣੇ ਪਤੀ ਭਾਗ ਮੱਲ ਭਾਟੀਆ ਦੀ ਮ੍ਰਿਤਕ ਦੇਹ ਲੱਭ ਲਈ ਅਤੇ ਬਹਾਦਰੀ ਨਾਲ ਇਕ ਹੋਰ ਵਿਅਕਤੀ ਦੀ ਮਦਦ ਨਾਲ ਉਸਨੂੰ ਆਪਣੇ ਘਰ ਲੈ ਗਈ। ਉਸਨੂੰ 25000/ ਰੁਪਏ ਦੀ ਪੇਸ਼ਕੇਸ਼ ਕੀਤੀ ਗਈ, ਜਿਸਨੂੰ ਉਸਨੇ ਲੈਣ ਤੋਂ ਇਨਕਾਰ ਕਰ ਦਿੱਤਾ। [21]

ਅਗਲੇ ਦਿਨ ਲਾਵਾਰਿਸ ਜੁੱਤੀਆਂ ਦੇ ਢੇਰ ਇਕੱਠੇ ਕੀਤੇ ਗਏ। ਮਰਨ ਵਾਲਿਆਂ ਅਤੇ ਜ਼ਖਮੀਆਂ ਦੀ ਗਿਣਤੀ ਨਹੀਂ ਸੀ ਕੀਤੀ ਗਈ ਅਤੇ ਨਾ ਹੀ ਜ਼ਖਮੀਆਂ ਨੂੰ ਬਚਾਉਣ ਲਈ ਕੋਈ ਧਿਆਨ ਦਿੱਤਾ ਗਿਆ। ਡਾਇਰ ਦਾ ਮ੍ਰਿਤਕਾਂ ਬਾਰੇ ਅਨੁਮਾਨ 200 ਅਤੇ 300 ਦੇ ਦਰਮਿਆਨ ਸੀ, ਜੋ ਉਸਨੇ ਲੈਫਟੀਨੈਂਟ ਗਵਰਨਰ ਨੂੰ ਭੇਜਿਆ, ਉਸ ਦਾ ਇਹ ਅਨੁਮਾਨ ਫਰਾਂਸ ਵਿਚ ਆਪਣੇ ਤਜਰਬੇ ਤੇ ਅਧਾਰਿਤ ਸੀ ਜਿਥੇ ਛੇ ਗੋਲੀਆਂ ਪਿਛੇ ਇਕ ਆਦਮੀ ਮਰਿਆ ਸੀ।[22], ਫੌਜ ਦੀ ਰਿਪੋਰਟ ਉਡੀਕੇ ਵਗੈਰ ਹੀ, ਲੈਫਟੀਨੈਂਟ ਗਵਰਨਰ ਨੇ ਭਾਰਤ ਸਰਕਾਰ ਨੂੰ ਸੂਚਿਤ ਕਰ ਦਿੱਤਾ ਕਿ 200 ਵਿਅਕਤੀ ਮਾਰੇ ਗਏ ਸਨ। ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਮਿਸਟਰ ਜੇ.ਬੀ. ਥੋਮਸਨ ਦੇ ਅਨੁਮਾਨ ਦੇ ਅਧਾਰ ਤੇ ਇਹ ਅੰਦਾਜ਼ਾ ਲਗਾਇਆ ਗਿਆ ਕਿ ਬਾਗ ਵਿਚ 290 ਵਿਅਕਤੀਆਂ ਤੋਂ ਵੱਧ ਨਹੀਂ ਮਰੇ, ਪਰ ਸੇਵਾ ਸਮੰਤੀ ਦੇ ਅੰਕੜੇ ਦੱਸਦੇ ਹਨ ਕਿ ਤਕਰੀਬਨ 500 ਵਿਅਕਤੀਆਂ ਨੇ ਆਪਣੀਆਂ ਜਾਨਾਂ ਗਵਾਈਆਂ। ਸਰਕਾਰੀ ਅੰਕੜਿਆਂ ਅਨੁਸਾਰ 379 ਮਰੇ [23] ਅਤੇ 1200 ਤੋਂ ਵੱਧ ਜ਼ਖਮੀ ਹੋਏ, ਭਾਵੇਂ ਪਹਿਲਾਂ ਇਹ ਸੋਚਿਆ ਗਿਆ ਸੀ ਕਿ ਮਾਰੇ ਗਏ ਵਿਅਕਤੀਆਂ ਦੀ ਗਿਣਤੀ 200 ਤੋਂ ਵਧੇਰੇ ਨਹੀਂ ਹੋ ਸਕਦੀ। ਸਵਾਮੀ ਸ਼ਰਧਾਨੰਦ ਅੰਮ੍ਰਿਤਸਰ ਗਿਆ ਅਤੇ ਉਸਨੇ ਅਨੁਮਾਨ ਲਗਾਇਆ ਕਿ 13 ਅਪਰੈਲ ਨੂੰ ਅੰਮ੍ਰਿਤਸਰ ਵਿਚ ਘੱਟ ਤੋਂ ਘੱਟ 1500 ਵਿਅਕਤੀ ਜ਼ਰੂਰ ਮਾਰੇ ਗਏ ਸਨ। [24] 12 ਸਤੰਬਰ 1919 ਨੂੰ ਹੋਈ ਸਾਮਰਾਜ਼ੀ ਵਿਧਾਨ ਸਭਾ ਵਿਚ, ਪੰਡਿਤ ਮਦਨ ਮੋਹਨ ਮਾਲਵਈਆ ਦੁਆਰਾ ਦੱਸੀ ਗਈ 1000 ਲੋਕਾਂ ਦੇ ਮਾਰੇ ਜਾਣ ਦੀ ਗਿਣਤੀ ਸੱਚਾਈ ਦੇ ਨੇੜੇ ਸੀ। ਉਸਦੇ ਅਨੁਸਾਰ ਮਾਰੇ ਗਏ ਲੜਕਿਆਂ ਦੀ ਗਿਣਤੀ 42 ਸੀ, ਜਿਨ੍ਹਾਂ ਵਿਚ ਛੋਟੇ ਤੋਂ ਛੋਟਾ 7 ਮਹੀਨੇ ਦਾ ਸੀ।[25] 87 ਵਿਅਕਤੀਆਂ ਬਾਰੇ ਪਤਾ ਲੱਗਾ ਕਿ ਉਹ ਬਾਹਰਲੇ ਪਿੰਡਾਂ ਦੇ ਵਸਨੀਕ ਸਨ। ਪਰੰਤੂ 15000 ਅਤੇ 20000[26] ਲੋਕਾਂ ਦੇ ਇਕੱਠ ਵਿਚੋਂ ਜਿਸ ਦਾ ਅੰਦਾਜ਼ਾ ਡਾਇਰ ਕੇਵਲ 5000 ਲਗਾਉਂਦਾ ਹੈ, ਇਹ ਵਧਾਉਣ-ਘਟਾਉਣ ਯੋਗ ਨਹੀਂ ਹੋਵੇਗਾ ਕਿ ਲਗਭਗ 700, ਜੇ

ਇਹ ਬਿਲਕੁਲ ਸਹੀ ਨਹੀਂ ਤਾਂ ਇਹ ਅਨੁਮਾਨ ਸੰਭਵ ਦੇ ਨੇੜੇ ਤੇੜੇ ਹੈ। ਜ਼ਖਮੀਆਂ ਦੀ ਸੰਖਿਆਂ ਮਰਨ ਵਾਲਿਆਂ ਦੀ ਗਿਣਤੀ ਤੋਂ ਦੁੱਗਣੀ ਤੋਂ ਵੱਧ ਹੋਵੇਗੀ। ਇਹ ਕਲਪਣਾ ਕੀਤੀ ਜਾ ਸਕਦੀ ਹੈ ਕਿ ਮੀਟਿੰਗ ਵਿਚ ਸ਼ਾਮਲ ਹੋਣ ਵਜੋਂ ਗ੍ਰਿਫਤਾਰ ਕੀਤੇ ਜਾਣ ਦੇ ਡਰ ਕਾਰਨ ਕੁਝ ਜ਼ਖਮੀ ਲੋਕਾਂ ਨੇ ਸੱਚਾਈ ਨਾ ਦੱਸੀ ਹੋਵੇ।

ਉਪਰੋਕਤ ਵੇਰਵੇ ਤੋਂ ਇਹ ਸਪਸ਼ਟ ਹੈ ਕਿ ਬਹੁਤ ਸਾਰੇ ਲੋਕਾਂ ਨੇ ਜੋ ਜਲ੍ਹਿਆਂ ਵਾਲੇ ਬਾਗ ਵਿਚ ਸਨ, ਡਾਇਰ ਵਲੋਂ 12 ਅਪਰੈਲ ਨੂੰ ਕੀਤਾ ਗਿਆ ਐਲਾਨ ਨਹੀਂ ਸੀ ਸੁਣਿਆ, ਜੋ ਸ਼ਹਿਰ ਦੇ ਕੇਵਲ ਕੁਝ ਖਾਸ ਭਾਗਾਂ ਵਿਚ ਪੜ੍ਹਿਆ ਗਿਆ ਸੀ। ਇਹ ਵੀ ਪ੍ਰਤੱਖ ਹੈ ਕਿ ਜਿਨ੍ਹਾਂ ਨੇ ਇਹ ਐਲਾਨ ਸੁਣਿਆਂ, ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗਾ ਕਿ ਇਸ ਦਾ ਕੀ ਮਤਲਬ ਸੀ। ਕੁਝ ਲੋਕਾਂ ਲਈ ਇਹ ਕੇਵਲ ਇਕ ਧਮਕੀ ਸੀ ਅਤੇ ਦੂਜਿਆਂ ਅਨੁਸਾਰ ਛੋਟੀ ਮੋਟੀ ਸਜ਼ਾ। ਪਰੰਤੂ ਉਨ੍ਹਾਂ ਵਿਚੋਂ ਕਿਸੇ ਨੇ ਵੀ ਇਹ ਨਹੀਂ ਸੀ ਸੋਚਿਆ ਕਿ ਮਾਮਲਾ ਇਤਨਾ ਗੰਭੀਰ ਹੋ ਜਾਵੇਗਾ ਅਤੇ ਇਤਨੀਆਂ ਜ਼ਿਆਦਾ ਜਾਨਾਂ ਚਲੀਆਂ ਜਾਣਗੀਆਂ। 11 ਅਤੇ 12 ਅਪਰੈਲ ਨੂੰ ਸ਼ਹਿਰ ਵਿਚ ਬਿਲਕੁੱਲ ਸ਼ਾਂਤੀ ਸੀ ਅਤੇ ਅਜਿਹੀ ਕੋਈ ਅਣਸੁਖਾਵੀਂ ਘਟਨਾ ਨਹੀਂ ਸੀ ਵਾਪਰੀ ਕਿ ਇਤਨਾ ਕਠੋਰ ਕਦਮ ਚੁੱਕਿਆ ਜਾਂਦਾ। ਡਾਇਰ ਨੂੰ ਵੀ ਆਪਣੇ ਪਹੁੰਚਣ ਤੋਂ 30 ਸੈਕਿੰਡ ਵਿਚ ਇਹ ਪਤਾ ਲੱਗ ਗਿਆ ਸੀ ਕਿ ਭੀੜ ਵਿਚ ਰਲੇ ਮਿਲੇ ਲੋਕ ਸਨ, ਜਿਨ੍ਹਾਂ ਵਿਚ ਸ਼ਹਿਰ ਦੇ ਅਤੇ ਬਾਹਰ ਦੇ ਪਿੰਡਾਂ ਦੇ ਲੋਕ ਸ਼ਾਮਲ ਸਨ, ਜਿਨ੍ਹਾਂ ਨੂੰ ਉਸਨੇ ਉਨ੍ਹਾਂ ਦੇ ਪਹਿਰਾਵਿਆਂ ਤੋਂ ਪਛਾਣ ਲਿਆ ਸੀ, ਪਿੰਡਾਂ ਦੇ ਲੋਕਾਂ ਨੂੰ ਅੰਮ੍ਰਿਤਸਰ ਸ਼ਹਿਰ ਵਿਚ ਹੋਣ ਵਾਲੇ ਅੰਦੋਲਨ ਬਾਰੇ ਪਤਾ ਨਹੀਂ ਸੀ। ਸਰਕਾਰੀ ਅਨੁਮਾਨ ਅਨੁਸਾਰ 87 ਲੋਕ ਬਾਹਰਲੇ ਪਿੰਡਾਂ ਤੋਂ ਸਨ। ਬਾਗ ਵਿਚ ਲੋਕਾਂ ਪਾਸ ਕੋਈ ਹਥਿਆਰ ਨਹੀਂ ਸਨ ਅਤੇ ਉਨ੍ਹਾਂ ਦੇ ਹਿੰਸਕ ਹੋਣ ਦਾ ਕੋਈ ਪ੍ਰਮਾਣ ਨਹੀਂ ਸੀ। ਅਸਲ ਵਿਚ ਡਾਇਰ ਮੀਟਿੰਗ ਹੋਣ ਤੋਂ ਪਹਿਲਾਂ ਹੀ ਰੋਕ ਸਕਦਾ ਸੀ ਅਤੇ ਯਕੀਨਨ ਹੀ ਉਹ ਗੋਲੀ ਚਲਾਉਣ ਦਾ ਹੁਕਮ ਦਿਤੇ ਬਿਨਾਂ ਹੋਰ ਢੰਗਾਂ ਰਾਹੀਂ ਭੀੜ ਨੂੰ ਖਿੰਡਾ ਸਕਦਾ ਸੀ। ਪਰੰਤੂ ਜਦੋਂ ਡਾਇਰ ਨੂੰ ਪਤਾ ਲੱਗਾ ਕਿ ਉਸ ਦੇ ਹੁਕਮਾਂ ਦੇ ਵਿਰੁਧ ਜਲ੍ਹਿਆਂ ਵਾਲੇ ਬਾਗ ਵਿਚ ਮੀਟਿੰਗ ਕੀਤੀ ਜਾ ਰਹੀ ਹੈ ਤਾਂ ਉਸਨੇ ਮਹਿਸੂਸ ਕੀਤਾ ਕਿ ਉਸ ਦੇ ਹੁਕਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਉਸ ਤੇ ਅਮਨ ਅਮਾਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਪਈ ਹੋਈ ਸੀ ਅਤੇ ਉਸਨੇ ਸਾਰੇ ਸੂਬੇ ਦੇ ਲੋਕਾਂ ਦੇ ਦਿਲਾਂ ਵਿਚ ਦਹਿਸ਼ਤ ਪੈਦਾ ਕਰਨ ਦਾ ਨਿਸ਼ਚਾ ਕੀਤਾ ਹੋਇਆ ਸੀ। ਜਿਵੇਂ ਕਿ ਉਸਨੇ ਦੱਸਿਆਂ ਸੀ, ਕਿ ਜਦੋਂ ਉਹ ਆਪਣੀ ਮੋਟਰ ਕਾਰ ਵਿਚ ਜਲ੍ਹਿਆਂ ਵਾਲੇ ਬਾਗ ਵਿਚ ਆਇਆ ਸੀ, ਗੋਲੀ ਚਲਾਉਣ ਦਾ ਮਨ ਉਸਨੇ ਪਹਿਲਾਂ ਹੀ ਬਣਾਇਆ ਹੋਇਆ ਸੀ। ਉਸਨੂੰ 12 ਅਪਰੈਲ ਨੂੰ ਹਰਬੰਸਪੁਰਾ ਦੇ ਨੇੜੇ ਟੈਲੀਗ੍ਰਾਫ ਦੀਆਂ ਤਾਰਾਂ ਕੱਟਣ ਅਤੇ ਖੇਮਕਰਨ ਨੂੰ ਤਬਾਹ ਕਰਨ ਆਦਿ ਹਲਚਲ ਦੀਆਂ ਖਬਰਾਂ ਮਿਲ ਚੁੱਕੀਆਂ ਸਨ। ਉਸਨੇ ਸੋਚਿਆ ਕਿ ਬਰਤਾਨੀਆ ਸਰਕਾਰ ਦਾ ਹਿੰਦ ਵਿਚੋਂ ਤਖਤਾ ਪਲਟਣ ਲਈ ਚਾਰੇ ਪਾਸੇ ਫੈਲੀ ਹੋਈ ਅਤੇ ਮਿਥੀ ਹੋਈ ਸਾਜ਼ਿਸ਼ ਨੂੰ ਸ਼ਕਤੀ ਨਾਲ ਦਬਾ ਦੇਣਾ ਉਸ ਦਾ ਫਰਜ਼ ਹੈ, ਸੰਭਾਵਨਾ ਹੈ ਕਿ ਇਨ੍ਹਾਂ ਸਾਰੀਆਂ ਘਟਨਾਵਾਂ ਪਿੱਛੇ ਇਕ ਪੱਕਾ ਉਦੇਸ਼ ਤੇ ਸੁਚੇਤ ਯੋਜਨਾ ਕੰਮ ਕਰ ਰਹੀ ਸੀ। ਉਸਨੇ ਬਾਗ ਵਿੱਚ ਕੀਤੀ ਜਾ ਰਹੀ ਮੀਟਿੰਗ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਅਤੇ ਇੰਜ ਜਾਪਦਾ ਹੈ ਕਿ ਉਸਨੇ ਜਾਣ ਬੁੱਝ ਕੇ ਲੋਕਾਂ ਨੂੰ ਇਕ ਥਾਂ ਤੇ ਇਕੱਠਿਆਂ ਹੋਣ ਦਿੱਤਾ ਤਾਂ

ਕਿ ਉਨ੍ਹਾਂ ਨਾਲ ਧੱਕੇਸ਼ਾਹੀ ਨਾਲ ਨਜਿੱਠਿਆ ਜਾ ਸਕੇ। ਉਸਦਾ ਉਦੇਸ਼ ਬਾਗੀਆਂ ਦੇ ਹੌਸਲੇ ਪਸਤ ਕਰਨਾ ਸੀ। ਉਹ ਆਪਣੇ ਹਥਿਆਰਬੰਦ ਜਵਾਨਾਂ ਅਤੇ ਮਸ਼ੀਨਗੰਨਾਂ ਨਾਲ ਘਟਨਾ ਸਥਾਨ ਤੇ ਪਹੁੰਚਿਆ ਅਤੇ ਜਾਪਦਾ ਹੈ ਕਿ ਉਸਦੇ ਮਨ ਵਿਚ ਇਹ ਧਾਰਨਾ ਸੀ ਕਿ ਉਸਦੇ ਸਾਹਮਣੇ ਭੀੜ ਵਿਚ 10 ਅਪਰੈਲ ਨੂੰ ਜੁਰਮ ਕਰਨ ਵਾਲੇ ਦੋਸ਼ੀ ਸ਼ਾਮਲ ਸਨ। ਉਹ ਤੰਗ ਰਸਤੇ ਕਾਰਨ ਹਥਿਆਰਬੰਦ ਗੱਡੀਆਂ ਬਾਗ ਦੇ ਅੰਦਰ ਨਹੀਂ ਲਿਜਾ ਸਕਿਆ। **19 ਨਵੰਬਰ ਨੂੰ ਹੰਟਰ ਕਮੇਟੀ** [27] **ਸਾਹਮਣੇ ਦਿਤੇ ਆਪਣੇ ਬਿਆਨ ਵਿਚ ਜਦੋਂ ਉਸਨੂੰ ਮਿਸਟਰ ਸੀਤਲਵਡ ਨੇ ਪੁਛਿਆ, "ਕੀ ਤੁਸੀਂ ਮਸ਼ੀਨ ਗੰਨਾਂ ਦੇ ਨਾਲ ਗੋਲੀਆਂ ਚਲਾਈਆਂ," ਉਸਨੇ ਉੱਤਰ ਦਿੱਤਾ, "ਸ਼ਾਹਿਦ ਮੇਰਾ ਖਿਆਲ ਹੈ, ਹਾਂ"।**

**ਡਾਇਰ ਨੇ ਲੋਕਾਂ ਨੂੰ ਤਿੱਤਰ ਬਿੱਤਰ ਹੋਣ ਦਾ ਮੌਕਾ ਦਿਤੇ ਬਗੈਰ ਉਨ੍ਹਾਂ ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ** ਅਤੇ ਉਸਨੇ ਭੀੜ ਦੇ ਖਿੰਡਣਾ ਸ਼ੁਰੂ ਹੋਣ ਤੋਂ ਘੱਟੋ ਘੱਟ 10 ਮਿੰਟ ਬਾਅਦ ਤੱਕ ਗੋਲੀ ਚਲਾਉਣੀ ਜਾਰੀ ਰੱਖੀ। 25 ਅਪਰੈਲ 1919 ਨੂੰ ਜਨਰਲ ਸਟਾਫ 16 (ਭਾਰਤੀ ਡਿਵੀਜ਼ਨ) ਨੂੰ ਪੇਸ਼ ਕੀਤੇ ਆਪਣੇ ਬਿਆਨ ਵਿਚ **ਜਨਰਲ ਡਾਇਰ ਨੇ ਲਿਖਿਆ, "ਇਸ ਵੇਲੇ ਭੀੜ ਦਾ ਸਵਾਲ ਨਹੀਂ ਸੀ, ਪਰੰਤੂ ਨਾ ਸਿਰਫ ਉਨ੍ਹਾਂ ਲੋਕਾਂ ਤੇ, ਜੋ ਉਥੇ ਹਾਜ਼ਰ ਸਨ, ਬਲਕਿ ਸਾਰੇ ਪੰਜਾਬ ਦੇ ਲੋਕਾਂ ਤੇ ਫੌਜੀ ਨਜ਼ਰੀਏ ਤੋਂ ਸਦਾਚਾਰ ਪ੍ਰਭਾਵ ਪਾਉਣਾ ਸੀ। ਫਾਲਤੂ ਜਾਂ ਲੋੜ ਤੋਂ ਵੱਧ ਜ਼ਿਆਦਤੀ ਦਾ ਸਵਾਲ ਹੀ ਨਹੀਂ ਸੀ।"**[28] ਜਸਟਿਸ ਰਨਕਿਨ ਦੇ ਇਹ ਸਵਾਲ ਪੁੱਛਣ ਤੇ ਕਿ ਉਸਦੀ ਇਹ ਕਾਰਵਾਈ ਭਿਆਨਕ ਨਹੀਂ ਸੀ, ਡਾਇਰ ਨੇ ਉਤਰ ਦਿੱਤਾ, "ਨਹੀਂ ਮੈਂ ਅਜਿਹਾ ਨਹੀਂ ਸੋਚਦਾ। ਮੇਰਾ ਖ਼ਿਆਲ ਹੈ ਕਿ ਇਹ ਕਾਰਵਾਈ ਉਨ੍ਹਾਂ ਤੇ ਰਹਿਮ ਪ੍ਰਦਾਨ ਕਰਨ ਵਾਲੀ ਸੀ, ਕਿਉਂਕਿ ਮੈਂ ਉਨ੍ਹਾਂ ਨੂੰ ਇਕ ਮੌਕਾ ਪ੍ਰਦਾਨ ਕੀਤਾ ਸੀ। ਜ਼ਿੰਮੇਵਾਰੀ ਕਾਫੀ ਵੱਡੀ ਸੀ, ਮੈਂ ਸੋਚਿਆ ਕਿ ਮੈਨੂੰ ਬੜੀ ਚੰਗੀ ਤਰ੍ਹਾਂ ਅਤੇ ਮਜ਼ਬੂਤੀ ਨਾਲ ਗੋਲੀ ਚਲਾਉਣੀ ਚਾਹੀਦੀ ਹੈ ਤਾਂ ਕਿ ਇਸ ਦਾ ਪੂਰਾ ਪ੍ਰਭਾਵ ਪਵੇ। ਜਦੋਂ ਡਾਇਰ ਨੂੰ ਇਹ ਸੁਝਾਓ ਦਿੱਤਾ ਗਿਆ ਕਿ ਭੀੜ ਨੂੰ ਬਿਨਾਂ ਗੋਲੀ ਚਲਾਏ ਤਿੱਤਰ ਬਿੱਤਰ ਕੀਤਾ ਜਾ ਸਕਦਾ ਸੀ, ਉਸਨੇ ਉਤਰ ਦਿੱਤਾ, "ਮੇਰਾ ਖਿਆਲ ਹੈ ਕਿ ਅਜਿਹਾ ਬਿਲਕੁਲ ਸੰਭਵ ਹੈ, ਮੈਂ ਉਨ੍ਹਾਂ ਨੂੰ ਕੁਝ ਸਮੇਂ ਲਈ ਖਿੰਡਾ ਸਕਦਾ ਸੀ, ਉਹ ਸਾਰੇ ਦੁਬਾਰਾ ਫਿਰ ਵਾਪਸ ਆ ਜਾਂਦੇ ਤੇ ਮੇਰੇ ਤੇ ਹੱਸਦੇ, ਅਤੇ ਮੈਂ ਸੋਚਦਾ ਮੈਂ ਆਪਣੇ ਆਪ ਨੂੰ ਬੇਵਕੂਫ ਬਣਾ ਰਿਹਾ ਹਾਂ।" [29] ਇਸ ਤਰ੍ਹਾਂ ਉਸ ਉਤੇ ਹੱਸੇ ਜਾਣ ਦਾ ਖਿਆਲ ਹੀ ਇਕ ਅਜੀਬ ਚਮਤਕਾਰ ਸੀ ਜੋ ਡਾਇਰ ਦੇ ਦਿਮਾਗ ਵਿਚ ਆਇਆ ਤੇ ਸੱਚਮੁੱਚ ਇਹ ਹੀ ਹੈ ਜਿਸ ਬਾਰੇ ਜਾਰਜ ਓਰਵੈਲ ਆਪਣੀ ਸੂਝ ਨਾਲ ਕਹਿੰਦਾ ਹੈ, "ਪੂਰਬ ਵਿਚ ਹਰ ਚਿੱਟੀ ਚਮੜੀ ਵਾਲੇ ਆਦਮੀ ਦੀ ਜ਼ਿੰਦਗੀ ਆਪਣੇ ਤੇ ਹੱਸਣ ਤੋਂ ਰੋਕਣ ਦੀ ਲੰਬੀ ਜੱਦੋ ਜਹਿਦ ਸੀ ਤੇ ਉਹ ਸਥਾਨਿਕ ਲੋਕਾਂ ਤੇ ਪ੍ਰਭਾਵ ਪਾਉਣ ਲਈ, ਉਹ ਹਿੰਸਾ ਦਾ ਪ੍ਰਯੋਗ ਕਰਦਾ ਹੈ।" [30] ਫੌਰਨ ਕਾਰਵਾਈ ਕਰਨ ਦੀ ਲੋੜ ਤੇ ਜ਼ੋਰ ਦਿੰਦਿਆਂ ਡਾਇਰ ਨੇ ਕਿਹਾ, "ਮੈਂ ਮਹਿਸੂਸ ਕੀਤਾ ਕਿ ਮੇਰੇ ਕੋਲ ਫੌਜ ਘੱਟ ਸੀ, ਝਿਜਕਣ ਨਾਲ ਜ਼ਰੂਰ ਮੇਰੇ ਉਪਰ ਹਮਲੇ ਨੂੰ ਉਤਸ਼ਾਹ ਮਿਲੇਗਾ। ਮੈਂ ਇਕਦਮ ਗੋਲੀ ਚਲਾ ਦਿੱਤੀ ਤੇ ਲੋਕਾਂ ਦੀ ਭੀੜ ਨੂੰ ਖਿੰਡਾ ਦਿੱਤਾ।" ਜਦੋਂ ਡਿਵੀਜ਼ਨ ਕਮਾਂਡਰ, ਜਨਰਲ ਬੈਨੋਲ ਨੇ ਪੁਛਿਆ ਕਿ ਉਸਨੇ ਗੋਲੀ ਦਾ ਪ੍ਰਯੋਗ ਕਿਉਂ ਕੀਤਾ, ਡਾਇਰ ਨੇ ਉਤਰ ਦਿੱਤਾ, " ਮੈਂ ਗੋਲੀ ਚਲਾਉਣੀ ਸ਼ੁਰੂ ਕੀਤੀ ਕਿਉਂਕਿ ਮੈਂ ਚਲਾਉਣੀ ਸੀ। ਮੈਂ ਗੋਲੀ ਚਲਾਉਂਦਾ ਗਿਆ ਕਿਉਂਕਿ ਜਦੋਂ ਮੈਂ

ਗੋਲੀ ਚਲਾਉਣੀ ਸ਼ੁਰੂ ਕੀਤੀ ਤਾਂ ਉਹ ਲੋਕ ਦੋਨੋਂ ਪਾਸੇ ਫੈਲ ਗਏ। ਸੱਜੇ ਪਾਸੇ ਤੋਂ ਲੋਕ ਉਛਲ ਕੇ ਪਿੱਛੇ ਨੂੰ ਆਏ ਅਤੇ ਮੈਂ ਸੋਚਿਆ ਕਿ ਉਹ ਮੇਰੇ ਉਤੇ ਹਮਲਾ ਕਰਨ ਲਈ ਆ ਰਹੇ ਸਨ।" ਬੇਨੋਨ ਸਮਝ ਗਿਆ ਤੇ ਉਸਨੇ ਪ੍ਰਵਾਨ ਕਰ ਲਿਆ। ਬਾਗ ਤੋਂ ਵਾਪਸ ਆ ਕੇ ਡਾਇਰ ਨੇ ਮਾਈਲਜ਼ ਇਰਵਿੰਗ ਨੂੰ ਦੱਸਿਆ ਕਿ ਉਸਨੂੰ ਪਤਾ ਨਹੀਂ ਸੀ ਕਿ ਬਾਹਰ ਜਾਣ ਲਈ ਕੋਈ ਰਸਤਾ ਨਹੀਂ ਸੀ। ਭਾਵੇਂ ਇਸ ਦਲੀਲ ਨਾਲ ਉਹ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਜਾਂਦਾ, ਕਿਉਂਕਿ ਉਸ ਦੇ ਨਾਲ ਪੁਲਿਸ ਨਿਗਰਾਨ ਵੀ ਸੀ, ਜੋ ਉਸਨੂੰ ਲੋੜੀਂਦੀ ਜਾਣਕਾਰੀ ਦੇ ਸਕਦਾ ਸੀ, ਥੜੇ ਉਪਰ ਖੜੇ ਹੋ ਕੇ ਵੀ ਉਹ ਵੇਖ ਸਕਦਾ ਸੀ ਕਿ ਬਾਹਰ ਜਾਣ ਲਈ ਕੋਈ ਵੱਡਾ ਰਸਤਾ ਨਹੀਂ ਸੀ। ਕੁਝ ਦਿਨਾਂ ਬਾਅਦ ਉਸਨੇ ਯਕੀਨ ਨਾਲ ਐਫ.ਜੀ.ਪੁਕਲੇ ਨੂੰ ਦੱਸਿਆ,"ਜਦੋਂ ਦੀ ਇਹ ਘਟਨਾ ਵਾਪਰੀ ਹੈ, ਮੈਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਮੈਨੂੰ ਉਹ ਸਭ ਕੁਝ ਦੁਬਾਰਾ ਵਾਪਰ ਰਿਹਾ ਨਜ਼ਰ ਆਉਂਦਾ ਰਹਿੰਦਾ ਹੈ।" ਉਸਦੇ ਇਰਵਿੰਗ, ਬੇਨੋਨ ਅਤੇ ਪੁਕਲੇ ਨੂੰ ਦੱਸੇ ਅਨੁਸਾਰ ਪਤਾ ਲਗਦਾ ਹੈ ਕਿ ਡਾਇਰ ਦੀ ਹਾਲਤ ਤਰਸਯੋਗ ਸੀ। ਬੇਸ਼ੱਕ ਬਾਅਦ ਵਿਚ ਭਾਰਤ ਵਿਚ ਰਹਿੰਦੇ ਬਰਤਾਨਵੀ ਲੋਕਾਂ ਨੇ ਉਸਨੂੰ ਇੰਨਾ ਸ਼ੇਰਦਿਲ ਬਣਾ ਦਿੱਤਾ ਕਿ ਉਹ ਸਾਮਰਾਜ ਦੇ ਢੰਗਾਂ ਨੂੰ ਠੀਕ ਸਿੱਧ ਕਰਨ ਲੱਗਾ ਤੇ ਇਕ ਪਸ਼ਚਾਤਾਪ ਨਾ ਕਰਨ ਵਾਲਾ ਅਫਸਰ ਜਾਪਦਾ ਸੀ, ਜਿਸਨੇ ਆਪਣਾ ਫਰਜ਼ ਨਿਭਾਇਆ ਸੀ।

ਇਹ ਕਿਹਾ ਜਾਂਦਾ ਹੈ ਕਿ ਗੁਸੇ ਵਿੱਚ ਡਾਇਰ ਵਿਚ ਖੂਨ ਦੀ ਨਾੜੀ ਦੇ ਫੈਲ ਜਾਣ ਦੀਆਂ ਨਿਸ਼ਾਨੀਆਂ ਦਾ ਪਹਿਲਾਂ ਹੀ ਪ੍ਰਬਲ ਸਨ ਅਤੇ ਇਹ ਇਸਦਾ ਪਿਛਾਂਹ ਖਿਚੂ ਪ੍ਰਭਾਵ ਸੀ।[31] ਜਦੋਂ ਉਹ ਥੜੇ ਉਪਰ ਖੜਾ ਹੋਇਆ ਤਾਂ ਉਸਦੇ ਦਿਮਾਗ ਨੂੰ ਜਾਣ ਵਾਲਾ ਖੂਨ ਗਾਹੜਾ ਹੋ ਗਿਆ। ਭਾਵੇਂ ਉਸਨੇ ਭੀੜ ਨੂੰ ਸ਼ਾਂਤ ਵੇਖਿਆ, ਪਰ ਉਸਨੇ ਸੋਚਿਆ ਕਿ ਉਹ ਉਸ ਉਪਰ ਹਮਲਾ ਕਰਨ ਲਈ ਇਕੱਠੇ ਹੋ ਰਹੇ ਹਨ। ਜ਼ਰੂਰੀ ਹੀ ਉਸਨੇ ਇਹ ਸੋਚ ਕੇ ਕਿ ਲੋਕ ਵੱਖ-ਵੱਖ ਪਾਸਿਆਂ ਨੂੰ ਫੈਲਾ ਕੇ ਉਸਤੇ ਹਮਲਾ ਕਰਨ ਜਾ ਰਹੇ ਹਨ, ਉਸਨੇ ਹਾਲਤ ਨੂੰ ਗਲਤ ਸਮਝਿਆ। ਉਸਦਾ ਮਨ ਘਬਰਾ ਗਿਆ ਤੇ ਉਸਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਇਹ ਸੋਚ ਕਈ ਸਵਾਲਾਂ ਨੂੰ ਜਨਮ ਦਿੰਦੀ ਹੈ। ਡਾਇਰ ਚੁਸਤ ਸੀ ਤੇ ਆਪਣੇ ਜਵਾਨਾਂ ਨੂੰ ਸੰਘਣੀ ਭੀੜ ਤੇ ਗੋਲੀ ਚਲਾਉਣ ਦਾ ਹੁਕਮ ਦੇ ਰਿਹਾ ਸੀ ਅਤੇ ਉਸਦੇ ਘਟਨਾ ਤੋਂ ਪਹਿਲਾਂ ਅਤੇ ਬਾਅਦ ਦੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਉਹ ਇਕ ਜੋਸ਼ੀਲਾ ਅਫਸਰ ਸੀ ਜੋ ਇਹ ਨਹੀਂ ਸੀ ਭੁੱਲ ਸਕਦਾ ਕਿ ਉਸਨੇ ਲੋਕਾਂ ਤੇ ਕਿਸ ਦੁਰਦਸ਼ਾਂ ਨਾਲ ਦਮਨ ਕੀਤਾ ਜਾ ਰਿਹਾ ਸੀ।[32]

ਲੈਫਟੀਨੈਂਟ ਗਵਰਨਰ, ਸਰ ਮਾਈਕਲ ਓਡਵਾਇਰ ਨੇ ਬੜੇ ਜ਼ੋਰ ਨਾਲ ਡਾਇਰ ਦੀ ਕਾਰਵਾਈ ਦੀ ਹਿਮਾਇਤ ਕੀਤੀ ਅਤੇ ਦਲੀਲ ਦਿੱਤੀ ਕਿ ਡਾਇਰ ਕੋਲ ਆਪਣੇ ਫਰਜ਼ ਦੀ ਪੂਰਤੀ ਲਈ ਸੈਨਿਕ ਸ਼ਕਤੀ ਬਹੁਤ ਘੱਟ ਸੀ, ਜੇਕਰ ਉਹ ਆਪਣੀਆਂ ਤੇ ਡਿਪਟੀ ਕਮਿਸ਼ਨਰ ਦੁਆਰਾ 'ਚਾਰ ਘੰਟੇ' ਪਹਿਲਾਂ ਦਿੱਤੀਆਂ ਹਦਾਇਤਾਂ ਤੋਂ ਇਲਾਵਾ ਹੋਰ ਹਦਾਇਤਾਂ ਦੇਣ ਵਿਚ ਸਮਾਂ ਗਵਾਉਂਦਾ ਤਾਂ ਸ਼ਾਇਦ ਉਸਦੀ ਥੋੜੀ ਫੌਜੀ ਸ਼ਕਤੀ ਹਵਾ ਦੇ ਅੱਗੇ ਤੂੜੀ ਵਾਂਗ ਉਡ ਜਾਂਦੀ, ਤੇ ਫਿਰ ਅੰਮ੍ਰਿਤਸਰ, ਲਾਹੌਰ ਅਤੇ ਮੱਧ ਪੰਜਾਬ ਵਿਚ ਕੀ ਵਾਪਰਦਾ। ਸਰ ਮਾਈਕਲ ਅਤੇ ਜਨਰਲ ਵਿਲੀਅਮਸ ਬੇਨੋਨ ਦੋਵਾਂ ਨੇ ਸੋਚਿਆ ਕਿ ਡਾਇਰ ਦੀ ਕਾਰਵਾਈ

ਨੇ ਬਗਾਵਤ ਨੂੰ ਮੁੱਢ ਤੋਂ ਹੀ ਅੰਮ੍ਰਿਤਸਰ ਵਿੱਚ ਕੁਚਲ ਦਿੱਤਾ ਅਤੇ ਇਸ ਨੂੰ ਹੋਰ ਥਾਵਾਂ ਤੇ ਫੈਲਣ ਤੋਂ ਰੋਕ ਦਿੱਤਾ। 16 ਅਪਰੈਲ ਤੱਕ ਡਾਇਰ ਨੂੰ ਬੇਨੋਨ ਪਾਸੋਂ ਇਹ ਸੰਦੇਸ਼ ਮਿਲਿਆ, "ਤੁਹਾਡੀ ਕਾਰਵਾਈ ਠੀਕ ਸੀ ਅਤੇ ਲੈਫਟੀਨੈਂਟ ਗਵਰਨਰ ਨੇ ਪ੍ਰਵਾਨਗੀ ਦੇ ਦਿੱਤੀ ਹੈ।" ਅਸਲ ਵਿਚ 18 ਅਪਰੈਲ ਤੋਂ ਬਾਅਦ, ਜਦੋਂ ਜਲ੍ਹਿਆਂ ਵਾਲੇ ਬਾਗ ਦੀ ਖਬਰ ਸਾਰੇ ਸੂਬੇ ਵਿਚ ਫੈਲ ਗਈ, ਦੁਬਾਰਾ ਇਕ ਵੀ ਗੋਲੀ ਚਲਾਉਣ ਬਾਰੇ ਨਹੀਂ ਸੋਚਿਆ ਗਿਆ। ਪੰਜਾਬ ਤੋਂ ਬਾਹਰ ਵੀ ਬਗਾਵਤ ਦੇ ਦਬਣ ਦਾ ਅਸਰ ਵਿਖਾਈ ਦਿੰਦਾ ਸੀ। ਭਾਰਤ ਸਰਕਾਰ ਨੇ ਵੀ ਹੰਟਰ ਕਮੇਟੀ ਦੇ ਨਿਰਣੇ ਦੀ ਤਸਦੀਕ ਕਰ ਦਿੱਤੀ ਸੀ,ਜਿਸ ਨੇ ਡਾਇਰ ਦੇ ਰਵੱਈਏ ਨੂੰ 'ਸਿਰਫ ਅਨੁਭਵ ਦੀ ਭਾਰੀ ਗਲਤੀ' ਕਿਹਾ ਸੀ ਅਤੇ ਇਹ ਸਮਝਣ ਦੀ ਗਲਤੀ ਪਰੰਤੂ ਫਰਜ਼ ਦਾ ਖਿਆਲ ਰੱਖਦਿਆਂ ਹੋਇਆਂ ਇਮਾਨਦਾਰੀ ਨਾਲ ਨਿਭਾਇਆ ਫਰਜ਼ ਸੀ।[33]

ਜੇਕਰ ਮੰਤਵ ਜਲ੍ਹਿਆਂਵਾਲੇ ਬਾਗ਼ ਵਿਚੋਂ ਭੀੜ ਨੂੰ ਖਿੰਡਾਉਣ ਦਾ ਸੀ ਤਾਂ ਇਹ ਬਗੈਰ ਖੂਨ ਬਹਾਏ ਪੂਰਾ ਕੀਤਾ ਜਾ ਸਕਦਾ ਸੀ। ਉਹ ਕੀਤੀ ਜਾ ਰਹੀ ਮੀਟਿੰਗ ਨੂੰ ਰੋਕ ਸਕਦਾ ਸੀ। ਉਸ ਦਾ ਐਲਾਨ ਸ਼ਹਿਰ ਦੀਆਂ ਕੁੱਝ ਥਾਵਾਂ ਉਪਰ ਹੀ ਹੋਇਆ ਸੀ। **ਬਿਨਾਂ ਚੇਤਾਵਨੀ ਤੋਂ ਭੀੜ ਤੇ ਗੋਲੀ ਚਲਾਉਣਾ ਤੇ ਗੋਲੀ ਚੱਲਣੀ ਜਾਰੀ ਰੱਖਣਾ ਡਾਇਰ ਦੀ ਸਮਝ ਦੀ ਮੁਜਰਮਾਨਾ ਗਲਤੀ ਦਰਸਾਉਂਦਾ ਹੈ, ਜਿਸ ਨੇ ਬਿਨਾਂ ਭੇਦਭਾਵ ਤੋਂ ਲੋਕਾਂ ਨੂੰ ਮਾਰਨ ਦਾ ਨਿਸਚਾ ਕੀਤਾ ਹੋਇਆ ਸੀ।** 'ਉਸਨੇ ਕੇਵਲ ਬਿਨਾ ਚੇਤਾਵਨੀ ਤੋਂ ਗੋਲੀ ਹੀ ਨਹੀਂ ਚਲਾਈ ਸਗੋਂ ਕਾਫੀ ਦੇਰੀ ਜਾਰੀ ਰੱਖੀ। ਉਸਨੇ ਘੱਟ ਤੋਂ ਘੱਟ ਤਾਕਤ ਵਰਤਣ ਦੇ ਅਸੂਲ ਦੀ ਉਲੰਘਣਾ ਕੀਤੀ ਸੀ। ਉਸਦੀ ਸੈਨਿਕ ਸ਼ਕਤੀ ਘੱਟ ਨਹੀਂ ਸੀ ਅਤੇ ਉਨ੍ਹਾਂ ਦੇ ਸਾਹਮਣੇ ਕੋਈ ਵੱਡਾ ਖਤਰਾ ਨਹੀਂ ਸੀ। ਹਵਾ ਵਿਚ ਗੋਲੀ ਚਲਾ ਕੇ ਭੀੜ ਨੂੰ ਖਿੰਡਣ ਦਾ ਮੌਕਾ ਦੇਣ ਦਾ ਵਿਚਾਰ ਉਸ ਜ਼ਿਆਦਾ ਜੋਸ਼ੀਲੇ ਅਤੇ ਗੁਸਤਾਖ ਜਰਨੈਲ ਦੇ ਦਿਮਾਗ ਵਿਚ ਕਦੇ ਨਹੀਂ ਆਇਆ।

ਜਦੋਂ ਇਸ ਦੁਖਦਾਇਕ ਘਟਨਾ ਤੇ ਵਿਚਾਰ ਕੀਤਾ ਜਾਂਦਾ ਹੈ ਤਾਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਸਾਰੀ ਦੁਰਘਟਨਾ ਨੂੰ ਰੋਕਿਆ ਜਾ ਸਕਦਾ ਸੀ। ਇਹ ਮਹਿਸੂਸ ਨਹੀਂ ਸੀ ਕੀਤਾ ਗਿਆ ਕਿ ਇਸ ਦੁਖਾਂਤ ਤੇ ਸਿੱਟੇ ਕੀ ਹੋਣਗੇ। ਹੋਰਨਾਂ ਗੱਲਾਂ ਦੇ ਨਾਲ ਨਾਲ ਸ਼ਹਿਰ ਦੇ ਸੁਧਾਰ ਨਾਲ ਸਬੰਧਤ ਕਾਗਜ਼ਾਤ, ਯੋਜਨਾਵਾਂ ਅਤੇ ਅੰਦਾਜ਼ੇ ਗੜਬੜ ਦੀ ਅੱਗ ਵਿਚ ਤਬਾਹ ਹੋ ਗਏ ਅਤੇ ਇਸ ਤਰ੍ਹਾਂ ਸ਼ਹਿਰ ਦੇ ਸੁਧਾਰ ਦੀ ਪ੍ਰਕਿਰਿਆ ਵਿਚ ਵਿਘਨ ਪੈ ਗਿਆ।[34] ਅੰਮ੍ਰਿਤਸਰ ਦਾ ਪ੍ਰਫੁੱਲਤ ਹੋ ਰਿਹਾ ਵਿਓਪਾਰ ਤਬਾਹ ਹੋ ਗਿਆ। ਮਹਿਸੂਲ ਚੁੰਗੀ ਦੀ ਇਕ ਦਿਨ ਦੀ ਆਮਦਨ, ਜੋ 12 ਜਾਂ 13 ਹਜ਼ਾਰ ਰੁਪਏ ਹੁੰਦੀ ਸੀ, ਇਕ ਨਿਸਚਿਤ ਦਿਨ ਵਿਚ ਚਾਰ ਰੁਪਏ[35] ਤੋਂ ਵੀ ਕੁਝ ਘੱਟ ਸੀ। ਅੰਮ੍ਰਿਤਸਰ ਦੀ ਘਟਨਾ ਦਾ ਸਾਰੇ ਸੂਬੇ ਤੇ ਚਿੰਤਾਜਨਕ ਪ੍ਰਭਾਵ ਪਿਆ ਸੀ। ਸੀ.ਐਫ.ਐਂਡਰਿਊ ਜਿਸਨੂੰ ਅੰਮ੍ਰਿਤਸਰ ਵਿਚ ਮਈ 1919 ਨੂੰ ਗ੍ਰਿਫਤਾਰ ਕੀਤਾ ਗਿਆ, ਇਸ ਦੁਖਾਂਤ ਬਾਰੇ ਕਿਹਾ, **"ਇਹ ਨਿਰਦਈ, ਜਾਣ ਬੁੱਝ ਕੇ ਕੀਤਾ ਗਿਆ ਕਤਲਾਮ ਸੀ, ਜਿਸ ਦੀ ਤੁਲਨਾ ਗਲੈਨਕੋ ਦੇ ਕਤਲਾਮ ਨਾਲ ਕੀਤੀ ਜਾ ਸਕਦੀ ਹੈ"।**[36] ਮਿਸਟਰ ਆਸਕੁਇਥ ਨੇ ਸੰਸਦ ਵਿਚ ਇਸਨੂੰ 'ਸਾਡੇ ਸਾਰੇ ਇਤਿਹਾਸ ਵਿਚੋਂ ਸਭ ਤੋਂ ਭੈੜਾ ਅੱਤਿਆਚਾਰ ਕਿਹਾ। ਚਰਚਿਲ, ਜੋ ਜੰਗ ਦੇ ਸਮੇਂ "ਸੈਕਟਰੀ ਆਫ ਸਟੇਟ" ਸੀ, ਨੇ ਡਾਇਰ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਦਾ ਸੁਝਾਓ ਦਿੱਤਾ। ਉਸਨੇ ਸੋਚਿਆ ਕਿ ਜੋ ਕੁਝ

ਅੰਮ੍ਰਿਤਸਰ ਵਿਚ ਵਾਪਰਿਆ, ਉਹ ਬਰਤਾਨਵੀਆਂ ਦਾ ਬਿਗਾਨੇ ਦੇਸ਼ ਵਿਚ ਕੰਮ ਕਰਨ ਦਾ ਢੰਗ ਸੀ। 8 ਜੁਲਾਈ, 1920 ਨੂੰ ਲੋਕ ਸਭਾ (ਹਾਊਸ ਆਫ ਕਾਮਨਜ਼) ਵਿਚ ਆਪਣੀ ਤਕਰੀਰ ਦੌਰਾਨ ਉਸਨੇ ਕਿਹਾ, "ਇਹ ਇਕ ਗੈਰ ਜ਼ਰੂਰੀ ਕਦਮ ਹੈ, ਭਿਆਨਕ ਘਟਨਾ, ਜੋ ਆਪਣੇ ਆਪ ਵਿਚ ਇਕ ਵਿਸ਼ੇਸ਼ ਅਤੇ ਮਨਹੂਸ ਹੈ।"

ਭਾਰਤ ਲਈ ਰਾਜ ਸਕੱਤਰ, ਐਡਵਿਨ ਮਾਂਨਟੇਗੂ ਨੇ 17 ਜੁਲਾਈ, 1919 ਨੂੰ ਚੈਮਸਫੋਰਡ ਨੂੰ ਲਿਖਿਆ, "ਇਹ ਇਕ ਅਸੱਭਿਆ ਤੇ ਆਯੋਗ ਬੇਵਕੂਫੀ ਸੀ ਜੋ ਮੇਰੇ ਗੁੱਸੇ ਨੂੰ ਭੜਕਾਉਂਦੀ ਹੈ।"

ਲੈਨਿਨ ਨੇ ਜਲ੍ਹਿਆਂ ਵਾਲੇ ਬਾਗ ਦੀ ਦੁਰਘਟਨਾ ਬਾਰੇ ਆਪਣੀ ਪ੍ਰਤੀਕਿਰਿਆ, ਸੰਪਾਦਿਕ, ਅੰਮ੍ਰਿਤ ਬਾਜ਼ਾਰ ਪੱਤ੍ਰਿਕਾ ਦੇ ਨਾਂ 10 ਅਪਰੈਲ 1920 ਨੂੰ ਲਿਖੇ ਪੱਤਰ, ਜੋ ਭਾਰਤ ਸਰਕਾਰ ਦੇ ਖੁਫੀਆ ਇਲਾਹ ਵਿਭਾਗ ਵਲੋਂ ਰਸਤੇ ਵਿਚ ਫੜ ਲਿਆ ਗਿਆ ਸੀ, ਵਿਚ ਬਿਆਨ ਕੀਤੀ ਹੈ, ਪੱਤਰ ਦੱਸਦਾ ਹੈ [37] :-

ਮਿਸਟਰ ਲੈਨਿਨ ਨੇ ਜਲ੍ਹਿਆਂ ਵਾਲੇ ਬਾਗ ਦੇ ਕਤਲਾਮ ਦਾ ਭਿਆਨਕ ਵੇਰਵਾ ਆਪਜੀ ਦੇ ਸਨਮਾਨਯੋਗ ਅਖਬਾਰ ਵਿਚ ਪੜ੍ਹਿਆ ਅਤੇ ਉਸਨੇ ਮੈਨੂੰ ਆਗਿਆ ਦਿੱਤੀ ਹੈ ਕਿ ਮੈਂ ਭਾਰਤੀ ਲੋਕਾਂ ਨੂੰ ਇਹ ਗੱਲ ਦੱਸਾਂ ਕਿ ਸੋਵੀਅਤ ਸਰਕਾਰ ਨੂੰ ਆਪਣੇ ਭਾਰਤੀ ਭਰਾਵਾਂ ਨਾਲ ਪੂਰੀ ਹਮਦਰਦੀ ਹੈ।

ਸਦੀਵੀ ਆਪ ਦਾ, ਐਮ ਅਲੈਕਸਿਫ ਚੀਫ ਏਜੰਟ ਟੂ ਬਾਲਵਸੇਵਕ ਬਿਊਰੋ ਫਾਰ ਨਾਰਦਰਨ ਇੰਡੀਆ ਜਲ੍ਹਿਆਂਵਾਲੇ ਬਾਗ ਦੀ ਦੁਰਘਟਨਾ ਨੇ ਰੂਸੀ ਕਵੀ, ਨਿਕਲਾਈ ਤਿਖੋਨੋਵ ਨੂੰ 1920 ਵਿਚ ਇਕ ਬੜੀ ਕਰੁਣਾਮਈ ਕਵਿਤਾ 'ਭਾਰਤੀ ਸੁਪਨਾ'[38] ਲਿਖਣ ਲਈ ਪ੍ਰੇਰਿਤ ਕੀਤਾ। ਉਹ ਆਪਣੇ ਆਪ ਨੂੰ ਜਲਿਆਂਵਾਲੇ ਬਾਗ ਦੀ ਭੀੜ ਭਰੀ ਵਲਗਣ ਵਿਚ ਪਹੁੰਚਿਆ ਮਹਿਸੂਸ ਕਰਦਾ ਹੈ, ਜਿਥੇ ਉਹ ਭਾਰਤੀ ਲੋਕਾਂ ਵਿਚ ਇਸ ਤਰ੍ਹਾਂ ਵਿਚਰਦਾ ਹੈ ਜਿਵੇਂ ਉਹ ਉਹਨਾਂ ਨੂੰ ਉਮਰਾਂ ਤੋਂ ਜਾਣਦਾ ਹੋਵੇ। ਉਸ ਨੂੰ ਜਾਪਦਾ ਹੈ ਕਿ 'ਮੇਰੇ ਸਾਹਮਣੇ ਅੰਮ੍ਰਿਤਸਰ ਅੰਦਰ ਹੀ ਅੰਦਰ ਧੁਖ ਅਤੇ ਸੜ ਰਿਹਾ ਹੈ, ਅਤੇ ਉਸ ਨੂੰ 9 ਜਨਵਰੀ 1905 ਦੇ ਜ਼ਾਰ ਦੇ ਸਮੇਂ ਦੇ ਰੂਸ ਦੀ ਯਾਦ ਆਉਂਦੀ ਹੈ, ਜਦੋਂ ਮਰਦ ਔਰਤਾਂ ਨੂੰ ਇਨਸਾਫ ਲੈਣ ਲਈ ਜਾਂਦਿਆਂ ਜ਼ਾਰ ਦੇ ਮਹੱਲ ਦੇ ਸਾਹਮਣੇ ਗੋਲੀਆਂ ਨਾਲ ਉਡਾ ਦਿੱਤਾ ਗਿਆ ਸੀ। ਤਿਖੋਨੋਵ ਲਿਖਦਾ ਹੈ:

> "ਜਦੋਂ ਮਿਲਦੇ ਜੁਲਦੇ ਅਸਫਲ ਲੋਕਾਂ ਦਾ ਇਕ ਜਮਘਟਾ ਬੱਝ
> ਗਿਆ ਉਸ ਨੂੰ ਦੇਖਕੇ ਭਾਰਤ ਵਿਚ ਇਕ ਕਤਲਾਮ ਕਰਨ ਵਾਲਾ ਆਇਆ,
> ਅਤੇ ਲੋਕਾਂ ਨੂੰ ਗਾਜਰਾਂ ਮੂਲੀਆਂ ਵਾਂਗ ਕੱਟ ਕੇ ਸੁੱਟ ਦਿੱਤਾ, ਅੱਖਾਂ
> ਇਕ ਥਾਂ ਤੇ ਟਿਕੀਆਂ ਰਹਿ ਗਈਆਂ"

ਫੀਲਡ ਮਾਰਸ਼ਲ ਮਾਂਟਗੁਮਰੀ ਨਾਲ ਗੱਲਬਾਤ ਦੌਰਾਨ ਜਵਾਹਰ ਲਾਲ ਨਹਿਰੂ ਨੇ ਕਿਹਾ ਕਿ ਉਸ ਦਾ ਖਿਆਲ ਹੈ ਕਿ ਅੰਮ੍ਰਿਤਸਰ ,'ਅੰਗਰੇਜ਼ੀ ਅਤੇ ਦੇਸ਼ੀ ਨਸਲਾਂ ਦੇ ਸਬੰਧ ਵਿਚ ਇਕ ਮੋੜ ਆ ਰਿਹਾ ਹੈ। [39] ਸੱਚ ਤਾਂ ਇਹ ਹੈ ਕਿ ਬਰਤਾਨਵੀਆ ਨਾਲ ਲੜਨ ਦਾ ਇਰਾਦਾ, 1919 ਵਿਚ ਜਲ੍ਹਿਆਂਵਾਲੇ ਬਾਗ ਦੀ ਡਾਇਰ ਦੀ ਕਾਰਵਾਈ ਤੋਂ ਬਾਅਦ ਹੋਰ ਵੀ ਮਜ਼ਬੂਤ ਹੋ ਗਿਆ। ਸਾਰੇ ਦੇਸ਼ ਵਿਚ ਪਾਏ ਜਾ ਰਹੇ ਦਬਾਅ ਨੂੰ ਭਿਆਨਕ ਰੰਗਤ ਦੇਣ

ਹਿਤ, ਕੌਮੀ ਨੇਤਾ ਇਸ ਦੀ ਵਰਤੋਂ ਕਰ ਸਕਦੇ ਸਨ ਅਤੇ ਉਨ੍ਹਾਂ ਨੇ ਕੀਤੀ ਵੀ ਜਿਵੇਂ ਕਿ ਪ੍ਰਸਿੱਧ ਪੱਤਰਕਾਰ ਬੀ.ਜੀ.ਹੋਰਨੀਮਨ ਲਿਖਦਾ ਹੈ,'ਜਲ੍ਹਿਆਂਵਾਲੇ ਬਾਗ ਨੇ ਭਿਆਨਕਤਾ ਦੀ ਚਿੱਤਰਸ਼ਾਲਾ ਵਿਚ ਡਾਇਰ ਲਈ ਇਕ ਵਿਸ਼ੇਸ਼ ਥਾਂ ਬਣਾ ਦਿੱਤੀ ਹੈ,' 8 ਅਕਤੂਬਰ,1920 ਨੂੰ ਡਾ. ਕਿਚਲੂ ਨੇ ਲਾਹੌਰ ਵਿਖੇ ਇਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੁਛਿਆ ਕਿ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਨੂੰ ਮੁੱਖ ਰੱਖਦਿਆਂ ਕੀ ਲੋਕ ਹੁਣ ਵੀ ਉਨ੍ਹਾਂ ਆਦਮੀਆਂ ਦਾ ਸਾਥ ਦੇਣਗੇ ਜਿਨ੍ਹਾਂ ਨੇ ਬੱਚਿਆਂ ਦੇ ਖ਼ੂਨ ਦੀ ਹੋਲੀ ਖੇਡੀ ਸੀ।[40] ਇਸਨੇ ਲੋਕਾਂ ਨੂੰ ਅੰਗਰੇਜ਼ੀ ਰਾਜ ਦੀ ਖਸਲਤ ਬਾਰੇ ਜਾਣਕਾਰੀ ਦੇ ਦਿੱਤੀ, ਜਿਸਨੂੰ ਆਪਣੀ ਤਾਕਤ ਤੇ ਘੁਮੰਡ ਸੀ, ਅਤੇ ਇਸ ਤਰ੍ਹਾਂ ਅੰਗਰੇਜ਼ੀ ਰਾਜ ਦੇ ਉਦੇਸ਼ਾਂ, ਨਾਰਾਜ਼ਗੀ ਅਤੇ ਸ਼ੰਕਾ ਪੈਦਾ ਹੋ ਗਈ। ਇਸ ਨਾਰਾਜ਼ਗੀ ਅਤੇ ਸੰਦੇਹ ਕਾਰਣ ਹੀ ਕੌਮੀ ਅੰਦੋਲਨ ਨੇ ਜ਼ੋਰ ਪਕੜਿਆਂ, ਇਹ ਕਾਂਗਰਸ ਵਿਚ ਭਰਤੀ ਲਈ ਇਕ ਵੱਡਾ 'ਭਰਤੀ ਇਸ਼ਤਿਹਾਰ' ਬਣ ਗਿਆ। ਜੋ ਕੋਈ ਵੀ ਭਾਰਤੀ ਲੋਕਾਂ ਦੇ ਸਾਹਮਣੇ ਲਹਿਰਾਇਆ ਜਾ ਸਕਦਾ ਸੀ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਕਾਂਗਰਸ ਵਿਚ ਸ਼ਾਮਲ ਹੋਏ।[41] ਅੰਗਰੇਜ਼ੀ ਨਿਆਂ ਦੇ ਘੁਮੰਡ ਨੂੰ ਬਹੁਤ ਵੱਡਾ ਧੱਕਾ ਪਹੁੰਚਿਆ। ਫਰਵਰੀ 1921 ਵਿਚ ਕਨਾਟ ਦੇ ਫੌਜੀ ਸਰਦਾਰ (ਡਿਊਕ, ਜਿਸ ਨੂੰ ਭਾਰਤ ਵਿਚ ਸੁਧਾਰਾਂ ਦਾ ਉਦਘਾਟਨ ਕਰਨ ਲਈ ਲਿਆਂਦਾ ਗਿਆ ਸੀ ਉਸਨੇ ਬਿਲਕੁਲ ਠੀਕ ਕਿਹਾ ਹੈ ਕਿ, **"ਅੰਮ੍ਰਿਤਸਰ ਦਾ ਪਰਛਾਵਾਂ ਭਾਰਤ ਦੇ ਸੋਹਣੇ ਮੁਖੜੇ ਤੇ ਫੈਲ ਗਿਆ ਹੈ।"**

**ਆਪਣੇ 'ਨਾਈਟਹੁਡ' ਦੇ ਸਨਮਾਨ ਨੂੰ ਅਸਵੀਕਾਰ ਕਰਦਿਆਂ ਰਬਿੰਦਰ ਨਾਥ ਟੈਗੋਰ ਨੇ ਐਲਾਨ ਕੀਤਾ ਕਿ, "ਸਮਾਂ ਆ ਗਿਆ ਹੈ, ਜਦੋਂ ਮਾਣ-ਸਨਮਾਨ ਦੇ ਚਿੰਨ ਸਾਡੀ ਲੱਜਾ ਨੂੰ ਭੱਦੇ ਤ੍ਰਿਸਕਾਰ ਦੇ ਪ੍ਰਸੰਗ ਵਿਚ ਪ੍ਰਕਾਸ਼ਮਾਨ ਕਰਦੇ ਹਨ, ਅਤੇ ਜਿਥੋਂ ਤੱਕ ਮੇਰਾ ਸਬੰਧ ਹੈ, ਮੈਂ ਆਪਣੀਆ ਸਾਰੀਆਂ ਮਾਨ ਵਡਿਆਈਆਂ ਨੂੰ ਪਰਾਂ ਸੁੱਟ ਕੇ, ਆਪਣੇ ਦੇਸ਼ ਵਾਸੀਆਂ ਨਾਲ ਖੜ੍ਹਨਾ ਚਾਹੁੰਦਾ ਹਾਂ, ਜੋ ਕਥਿਤ ਮਹੱਤਵਹੀਣ ਹੋਣ ਕਾਰਨ, ਅਜਿਹੀ ਬੇ-ਇੱਜ਼ਤੀ ਬਰਦਾਸ਼ਤ ਕਰ ਰਹੇ ਹਨ, ਜੋ ਮਾਨਵ ਜੀਵਾਂ ਦੇ ਯੋਗ ਨਹੀਂ "ਰੋਸ ਵਜੋਂ ਮਹਾਤਮਾ ਗਾਂਧੀ ਨੇ ਵੀ 'ਕੇਸਰ-ਇ-ਹਿੰਦ' ਦੀ ਉਪਾਧੀ ਤਿਆਗ ਦਿੱਤੀ।**

14 ਅਪਰੈਲ ਨੂੰ ਕੋਤਵਾਲੀ ਦੇ ਜਨਤਕ ਪੁਸਤਕਾਲਾ ਹਾਲ ਵਿਚ ਇਕ ਮੀਟਿੰਗ ਬੁਲਾਈ ਗਈ ਅਤੇ 100 ਤੋਂ 150 ਲੋਕਾਂ ਨੇ ਇਸ ਵਿਚ ਭਾਗ ਲਿਆ, ਜਿਨ੍ਹਾਂ ਵਿਚ ਸਥਾਨਕ ਰਈਸ, ਮੈਜਿਸਟਰੇਟ, ਵਿਉਪਾਰੀ ਅਤੇ ਨਗਰਪਾਲਿਕਾ ਕਮਿਸ਼ਨਰ ਸਨ। ਕਮਿਸ਼ਨਰ, ਮਿਸਟਰ ਏ.ਜੇ ਡਬਲਿਯੂ ਕਿਚਨ, ਜਨਰਲ ਡਾਇਰ ਅਤੇ ਡਿਪਟੀ ਕਮਿਸ਼ਨਰ ਨੇ ਭਾਸ਼ਣ ਦਿੱਤੇ। ਇਹ ਭਾਸ਼ਣ ਜ਼ਿਆਦਾਤਰ ਧਮਕੀਆਂ, ਚੇਤਾਵਨੀਆਂ ਅਤੇ ਝਾੜਾਂ ਹੀ ਸਨ। ਜਨਰਲ ਡਾਇਰ ਨੇ ਐਲਾਨ ਕੀਤਾ, "ਮੇਰੇ ਲਈ ਫਲੈਂਡਰਜ਼ ਦਾ ਲੜਾਈ ਮੈਦਾਨ ਅਤੇ ਅੰਮ੍ਰਿਤਸਰ ਇਕੋ ਜਿਹੇ ਹਨ, ਤੁਸੀਂ ਲੋਕ ਸਰਕਾਰ ਵਿਰੁੱਧ ਬੋਲਦੇ ਹੋ। ਮੈਂ ਤੁਹਾਨੂੰ ਸਾਰਿਆ ਨੂੰ ਜੜ੍ਹੋਂ ਉਖਾੜ ਦਿਆਂਗਾ। ਮਿਸਟਰ ਮਾਈਲਜ਼ ਇਰਵਿੰਗ ਨੇ ਸਪਸ਼ਟ ਅਤੇ ਸੰਖੇਪ ਸ਼ਬਦਾਂ ਵਿਚ ਸੰਕੇਤ ਕੀਤਾ ਕਿ ਸਾਰਾ ਸ਼ਹਿਰ ਜਨਰਲ ਡਾਇਰ ਦੇ ਅਧੀਨ ਹੈ ਅਤੇ ਉਸ ਦੇ ਹੁਕਮਾਂ ਦੀ ਪਾਲਣਾ ਜ਼ਰੂਰ ਹੋਣੀ ਚਾਹੀਦੀ ਹੈ। ਤੇ ਦੁਕਾਨਾਂ ਬਿਨਾ ਦੇਰੀ ਦੇ ਖੁਲ੍ਹਣੀਆਂ ਚਾਹੀਦੀਆਂ ਹਨ। 15 ਅਪਰੈਲ ਨੂੰ ਡਾਇਰ ਨੂੰ ਇਸ ਦਾ ਪ੍ਰਬੰਧਕ ਨਿਯੁਕਤ ਕੀਤਾ ਗਿਆ ਸੀ। ਜਦੋਂ ਲਾਲਾ ਕੇਸ਼ੋ ਰਾਮ ਨੇ ਦੁਕਾਨਾਂ ਖੋਲ੍ਹਣ ਵਿਚ ਮਦਦ ਕਰਨਯੋਗ ਕਈ ਕਦਮਾਂ ਦਾ

ਸੁਝਾਓ ਦਿੱਤਾ, ਡਿਪਟੀ ਕਮਿਸ਼ਨਰ ਉਸਦੇ ਪੱਖ ਵਿਚ ਬੋਲਿਆ, ਪਰੰਤੂ ਜਦੋਂ ਖਾਨ ਬਹਾਦਰ ਗੁਲਾਮ ਸਾਦਿਕ ਕੁਝ ਬੋਲਣ ਲੱਗਾ ਤਾਂ ਡਿਪਟੀ ਕਮਿਸ਼ਨਰ ਵਿਚੋਂ ਟੋਕ ਕੇ ਬੋਲਿਆ, "ਖਾਨ ਸਾਹਿਬ ਚੁੱਪ ਰਹੋ, ਇਹ ਸਭ ਤੁਹਾਡੇ ਵਲੋਂ ਮੈਨੂੰ ਗਲਤ ਜਾਣਕਾਰੀ ਦੇਣ ਦਾ ਨਤੀਜਾ ਹੈ।[42]" ਪਰੰਤੂ ਦੁਰਦਸ਼ਾ ਦਾ ਛਾਇਆ ਸ਼ਹਿਰ ਉਪਰ ਮੰਡਰਾਉਂਦਾ ਸੀ ਅਤੇ ਆਪਣੇ ਘਰਾਂ ਵਿਚ ਮਰਦ ਉਸ ਦੁਖਦਾਇਕ ਘਟਨਾ ਦੀ ਕਹਾਣੀ ਸੁਣਾਉਂਦੇ ਸਨ, ਅਤੇ ਵਧੇਰੇ ਸਮਾਂ ਜ਼ਖਮੀਆਂ ਨੂੰ ਲਿਜਾਣ ਅਤੇ ਮੁਰਦਿਆਂ ਨੂੰ ਸਾੜਣ ਜਾਂ ਦੱਬਣ ਤੇ ਲੱਗਾ। 15 ਅਪਰੈਲ ਨੂੰ ਸਾਰੀਆਂ ਦੁਕਾਨਾਂ ਖੁਲ੍ਹ ਗਈਆਂ ਅਤੇ ਇਸ ਤਰ੍ਹਾਂ ਹੜਤਾਲ ਖਤਮ ਹੋ ਗਈ। ਅਦਾਲਤਾਂ ਪਹਿਲੀ ਵਾਰ 22 ਅਪਰੈਲ ਨੂੰ ਖੁੱਲ੍ਹੀਆਂ। ਵਕੀਲਾਂ ਨੂੰ ਉਨ੍ਹਾਂ ਦੀ ਸਿਆਸਤ ਵਿਚ ਸੱਚੀ ਜਾਂ ਕਲਪਿਤ ਦਿਲਚਸਪੀ ਲਈ ਦੰਡ ਦਿੱਤਾ ਗਿਆ ਅਤੇ 23 ਅਪਰੈਲ ਨੂੰ ਉਨ੍ਹਾਂ ਨੂੰ ਬਦਲੇ ਦੀ ਭਾਵਨਾ ਵਜੋਂ ਚੁੱਕੇ ਗਏ ਕਦਮ ਅਧੀਨ ਨਿਯੁਕਤ ਕੀਤੇ ਗਏ ਵਿਸ਼ੇਸ਼ ਸਿਪਾਹੀ ਤੋਂ ਉਨ੍ਹਾਂ ਦਾ ਅਪਮਾਨ ਕਰਵਾਇਆ ਗਿਆ ਅਤੇ ਲੋਕਾਂ ਦੇ ਸਾਹਮਣੇ ਕੋੜੇ ਮਾਰੇ ਗਏ ਅਤੇ ਉਨ੍ਹਾਂ ਨੂੰ ਆਮ ਕੁਲੀਆਂ ਵਾਂਗ ਫਰਨੀਚਰ ਢੋਣ ਤੇ ਲਾਇਆ ਗਿਆ। ਉਨ੍ਹਾਂ ਦੀ ਹਾਜ਼ਰੀ ਦਿਨ ਵਿਚ ਦੋ ਵਾਰ ਲਗਦੀ ਸੀ। ਉਨ੍ਹਾਂ ਨੂੰ ਇਸ ਕਸ਼ਟਦਾਇਕ ਕੰਮ ਤੋਂ 12 ਮਈ ਨੂੰ ਛੁਟਕਾਰਾ ਮਿਲਿਆ। ਵਿਵੇਕਹੀਣ ਗ੍ਰਿਫਤਾਰੀਆਂ ਚਾਲੂ ਰਹੀਆਂ। ਵੱਡੇ ਜੁਰਮਾਂ ਅਧੀਨ 298 ਲੋਕਾਂ ਨੂੰ ਫੌਜੀ ਕਾਨੂੰਨ ਕਮਿਸ਼ਨਰਾਂ ਦੇ ਸਾਹਮਣੇ ਪੇਸ਼ ਕੀਤਾ ਗਿਆ, ਇਨ੍ਹਾਂ ਵਿਚੋਂ 218 ਤੇ ਦੋਸ਼ ਸਿੱਧ ਕੀਤੇ ਗਏ, 51 ਨੂੰ ਮੌਤ ਦੀ ਸਜ਼ਾ ਦਿੱਤੀ ਗਈ, 46 ਨੂੰ ਜੀਵਨ ਭਰ ਦੇਸ਼ ਨਿਕਾਲਾ ਦਿੱਤਾ ਗਿਆ, 2 ਨੂੰ 10 ਸਾਲ ਦੀ ਕੈਦ, 7 ਨੂੰ 7 ਸਾਲ ਦੀ ਕੈਦ, 10 ਨੂੰ 5 ਸਾਲ ਦੀ ਕੈਦ, 13 ਨੂੰ 3 ਸਾਲ ਦੀ ਕੈਦ ਅਤੇ 11 ਨੂੰ ਕੁਝ ਘੱਟ ਸਮੇਂ ਲਈ ਕੈਦ ਦੀ ਸਜ਼ਾ ਦਿੱਤੀ ਗਈ। ਇਨ੍ਹਾਂ ਵਿਚ ਉਹ ਮੁਕੱਦਮੇ ਸ਼ਾਮਲ ਨਹੀਂ ਹਨ, ਜਿਨ੍ਹਾਂ ਦਾ ਨਿਪਟਾਰਾ ਫੌਰੀ ਤੌਰ ਤੇ ਫੌਜੀ ਅਫਸਰਾਂ ਦੁਆਰਾ ਕੀਤਾ ਗਿਆ ਸੀ। ਇਨ੍ਹਾਂ ਵਿਚ 60 ਵਿਅਕਤੀਆਂ ਵਿਚੋਂ 50 ਨੂੰ ਦੋਸ਼ੀ ਪਾਇਆ ਗਿਆ, ਅਤੇ 105 ਵਿਅਕਤੀਆਂ ਨੂੰ ਸਿਵਲ ਮੈਜਿਸਟਰੇਟ ਵਲੋਂ ਫੌਜੀ ਕਾਨੂੰਨ ਅਧੀਨ ਦੋਸ਼ੀ ਸਿੱਧ ਕੀਤਾ ਗਿਆ। ਪਹਿਲੀ ਵਾਰ ਤਕਰੀਬਨ 193 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਬਗੈਰ ਮੁਕੱਦਮਾ ਚਲਾਏ ਛੱਡ ਦਿੱਤਾ ਗਿਆ। ਕੋੜਿਆਂ ਦਾ ਪ੍ਰਯੋਗ ਖੁਲ੍ਹੇ ਆਮ ਕੀਤਾ ਜਾਂਦਾ ਸੀ। ਕੂਚਾ ਕੌੜੀਆਂ ਵਾਲਾ ਖੂਹ ਜਿੱਥੇ ਮਿਸ ਸ਼ੇਰਵੁੱਡ ਨੂੰ ਲੁਕਣਾ ਪਿਆ ਸੀ, ਦੋਸ਼ੀਆਂ ਨੂੰ ਅਤੇ ਸਾਰੇ ਆਦਮੀਆਂ ਨੂੰ ਸਜ਼ਾ ਦੇਣ ਲਈ ਚੁਣਿਆ ਗਿਆ, ਜੋ ਲੋਕ ਉਸ ਰਸਤੇ ਲੰਘਦੇ ਸਨ, ਉਨ੍ਹਾਂ ਸਾਰਿਆਂ ਨੂੰ ਰੀਂਗ ਕੇ ਜਾਣਾ ਪੈਂਦਾ ਸੀ। ਡਾਇਰ ਨੇ ਗਲੀ ਦੇ ਦੋਨੋਂ ਪਾਸੇ ਦੇ ਸਿਰਿਆਂ ਤੇ ਪੁਲਿਸ ਚੌਕੀਆਂ ਬਿਠਾ ਦਿੱਤੀਆਂ ਅਤੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਭਾਰਤੀ (ਔਰਤਾਂ ਨੂੰ ਛੱਡ ਕੇ) ਇਸ ਗਲੀ ਵਿਚੋਂ ਨਾ ਲੰਘੇ ਪਰੰਤੂ ਜੇਕਰ ਉਹ ਲੰਘਣ ਤਾਂ ਉਹ ਆਪਣੇ ਚੌਹਾਂ ਹੱਥਾਂ ਪੈਰਾਂ ਤੇ ਰੀਂਗ ਕੇ ਜਾਣ। ਇਥੋਂ ਤੱਕ ਕਿ ਇਕ ਅੰਨ੍ਹੇ ਵਿਅਕਤੀ ਨੂੰ ਵੀ ਇਸ ਤਰ੍ਹਾਂ ਕਰਨ ਲਈ ਮਜ਼ਬੂਰ ਕੀਤਾ ਗਿਆ, ਤੇ ਜਦੋਂ ਉਹ ਅਜਿਹਾ ਨਾ ਕਰ ਸਕਿਆਂ ਤਾਂ ਉਸ ਦੇ ਲੱਤਾਂ ਮਾਰੀਆਂ ਗਈਆਂ ।ਜਿਵੇਂ ਕਿ ਲਾਭ ਚੰਦ ਸੇਠ ਤਸਦੀਕ ਕਰਦਾ ਹੈ ਕਿ ਜੇ ਕੋਈ ਵਿਰੋਧ ਕਰਦਾ ਤਾਂ ਉਸ ਨੂੰ ਥੱਲੇ ਸੁੱਟ ਲਿਆ ਜਾਂਦਾ ਤੇ ਉਸਨੂੰ ਰੀਂਗਣ ਲਈ ਮਜਬੂਰ ਕੀਤਾ ਜਾਂਦਾ।[43] ਡਾਇਰ ਅਨੁਸਾਰ ਕੁਲ ਮਿਲਾਕੇ 50 ਭਾਰਤੀਆਂ ਨੂੰ ਉਸ ਗਲੀ ਵਿਚ ਰੀਂਗਣਾ ਪਿਆ ਸੀ। ਇਕ ਹਫਤਾ ਕੋਈ

ਵੀ ਵਸਨੀਕ ਆਪਣੇ ਜੀਵਨ ਦੀਆਂ ਲੋੜੀਂਦੀਆਂ ਚੀਜ਼ਾਂ ਲੈਣ ਲਈ ਬਾਹਰ ਨਾ ਜਾ ਸਕਿਆ। ਗਲੀ ਨੂੰ ਬੰਦ ਕਰਨ ਦੇ ਨਤੀਜੇ ਵਜੋਂ ਉਥੇ ਗੰਦਗੀ ਅਤੇ ਕੂੜੇ ਕਰਕਟ ਦੇ ਢੇਰ ਲੱਗ ਗਏ, ਕਿਉਂਕਿ ਕੋਈ ਵੀ ਸਫਾਈ ਸੇਵਕ ਇਸ ਦੀ ਸਫਾਈ ਕਰਨ ਲਈ ਨਹੀਂ ਸੀ ਆਉਂਦਾ। ਇਹ ਹੁਕਮ 19 ਅਪਰੈਲ ਨੂੰ ਲਾਗੂ ਕੀਤਾ ਗਿਆ ਸੀ ਅਤੇ 25 ਅਪਰੈਲ ਤੱਕ ਜਾਰੀ ਰਿਹਾ, ਜਦੋਂ ਪੰਜਾਬ ਸਰਕਾਰ ਦੀ ਹਦਾਇਤ ਤੇ ਵਾਪਸ ਲੈ ਲਿਆ ਗਿਆ, ਜਿਸਨੇ ਇਸ ਦੀ ਪ੍ਰਵਾਨਗੀ ਨਹੀਂ ਸੀ ਦਿੱਤੀ। ਇਸ ਆਦੇਸ਼ ਨੇ ਵਧੇਰੇ ਕਰਕੇ ਭੋਲੇ ਭਾਲੇ ਲੋਕਾਂ ਨੂੰ ਸਜ਼ਾ ਦਿੱਤੀ ਅਤੇ ਉਨ੍ਹਾਂ ਨੂੰ ਬਹੁਤ ਬੇਇਜ਼ਤੀ ਸਹਿਣ ਕਰਨੀ ਪਈ। ਸਾਰੇ ਸ਼ਹਿਰੀਆਂ ਨੂੰ ਹਰੇਕ ਅੰਗਰੇਜ਼ ਨੂੰ, ਜੋ ਵੀ ਉਸਨੂੰ ਦਿਖਾਈ ਦੇਵੇ, ਸਲਾਮ ਕਰਨਾ ਪੈਂਦਾ ਸੀ, ਜੇਕਰ ਕੋਈ ਇਨਕਾਰ ਕਰਦਾ ਸੀ ਤਾਂ ਉਸਨੂੰ ਉਸ ਗਲੀ ਵਿਚ ਲਿਆਂਦਾ ਜਾਂਦਾ ਸੀ ਅਤੇ ਉਸਨੂੰ ਆਪਣਾ ਪੇਟ ਧਰਤੀ ਤੇ ਲਾ ਕੇ ਰੀਂਗਣਾ ਪੈਂਦਾ ਸੀ। ਹੁਕਮ ਅਦੂਲੀ ਵਜੋਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਅਤੇ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਸੀ। ਇੱਜ਼ਤਦਾਰ ਵਿਅਕਤੀਆਂ ਨੂੰ ਹੱਥਕੜੀ ਲਾਉਣ ਵੇਲੇ ਦਾ ਹੁਕਮ ਸੀ। ਜੁਰਮਾਂ ਦੀ ਪੜਤਾਲ ਲਈ ਵਿਸ਼ੇਸ਼ ਅਦਾਲਤਾਂ ਕਾਇਮ ਕੀਤੀਆਂ ਗਈਆਂ, ਮੁਜਰਿਮਾਂ ਪੱਖੀ ਗਵਾਹਾਂ ਨੂੰ ਧਮਕਾਇਆ, ਤੰਗ ਕੀਤਾ ਜਾਂਦਾ ਅਤੇ ਉਨ੍ਹਾਂ ਨੂੰ ਆਪਣੇ ਬਿਆਨ ਫਾੜ ਦੇਣ ਲਈ ਕਿਹਾ ਜਾਂਦਾ ਸੀ। ਸਿਰ ਤੋਂ ਉਪਰ ਹੱਥ ਬੰਨ ਕੇ ਚਾਬੁਕਾਂ ਆਮ ਸੀ। ਗਾਲ੍ਹਾਂ ਕੱਢਣੀਆਂ, ਥੱਪੜ ਮਾਰਨਾ, ਲੋਕਾਂ ਦੀਆਂ ਮੁੱਛਾਂ ਅਤੇ ਦਾਹੜੀ ਪੁੱਟਣੀ ਆਦਿ ਹਰ ਰੋਜ਼ ਵਾਪਰਦਾ ਸੀ। ਇਕ ਆਦਮੀ ਨੂੰ ਸ਼ਰਾਬ ਪੀਣ ਲਈ ਮਜਬੂਰ ਕੀਤਾ ਜਾਂਦਾ ਅਤੇ ਦੂਸਰਿਆਂ ਦੀ ਗੁੱਦਾ ਵਿਚ ਸੋਟੀਆਂ ਤੁੰਨੀਆਂ ਜਾਂਦੀਆਂ। ਕਿਸੇ ਨੂੰ ਵੀ ਵਿਸ਼ੇਸ਼ ਪਾਸ ਤੋਂ ਬਿਨਾਂ ਅੰਮ੍ਰਿਤਸਰ ਛੱਡ ਕੇ ਜਾਣ ਦੀ ਆਗਿਆ ਨਹੀਂ ਸੀ, ਜੋ ਬਹੁਤ ਮੁਸੀਬਤਾਂ ਨਾਲ ਪ੍ਰਾਪਤ ਕੀਤਾ ਜਾ ਸਕਦਾ ਸੀ।

ਫੌਜੀ ਕਾਨੂੰਨ 9 ਜੂਨ ਤੱਕ ਲਾਗੂ ਰਿਹਾ। ਲੋਕਾਂ ਨੂੰ ਬਗੈਰ ਜੁਰਮ ਦੱਸਿਆਂ ਗ੍ਰਿਫਤਾਰ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਗਵਾਹੀ ਨਾ ਦੇਣ ਲਈ ਕਿਹਾ ਜਾਂਦਾ ਸੀ ਅਤੇ ਅਜਿਹੀ ਗਵਾਹੀ ਦੇਣ ਲਈ ਕਿਹਾ ਜਾਂਦਾ ਸੀ , ਜਿਸ ਨਾਲ ਅਧਿਕਾਰੀਆ ਨੂੰ ਫਾਇਦਾ ਹੋਵੇ। ਪੁਲਿਸ ਦਾ ਡਿਪਟੀ ਨਿਗਰਾਨ, ਸੁੱਖਾ ਸਿੰਘ, ਜੋ ਸ਼ਹਿਰੀਆਂ ਨੂੰ ਪਹਿਲਾਂ ਨਰਮੀ ਨਾਲ ਪ੍ਰੇਰਿਤ ਕਰਦਾ ਸੀ ਪਰ ਬਾਦ ਵਿੱਚ ਅਤੇ ਇਥੋਂ ਤੱਕ ਕਿ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਉਸਨੇ ਝੂਠੀ ਗਵਾਹੀ ਦੇਣ ਲਈ ਧਮਕਾਇਆ, ਉਸਨੇ ਕਿਹਾ ਕਿ ਉਨ੍ਹਾਂ ਦਿਨਾਂ ਵਿਚ ਕਿਸੇ ਦਾ ਵੀ ਈਮਾਨ ਨਹੀਂ ਸੀ। ਬਹੁਤ ਬੱਚੇ ਤੇ ਔਰਤਾਂ ਸਾਰੇ ਯਤੀਮ ਤੇ ਵਿਧਵਾ ਹੋ ਗਏ। ਕਾਨੂੰਨੀ ਕਾਰਵਾਈਆਂ ਕਾਰਣ ਬਹੁਤ ਸਾਰੇ ਲੋਕ ਕਰਜ਼ਾਈ ਹੋ ਗਏ। ਮੁਹੰਮਦ ਅਕਰਮ ਵਰਗੇ ਕੁਝ ਲੋਕਾਂ ਨੂੰ ਝੂਠੀਆਂ ਗਵਾਹੀਆਂ ਕਾਰਨ ਉਮਰ ਭਰ ਲਈ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਕੱਪੜੇ ਦੇ ਦਲਾਲ, ਮਹਾਸ਼ਾ ਰੱਤੋਂ, ਕੱਪੜਾ ਮੰਡੀ ਵਿਚ ਇਕ ਮਜ਼ਦੂਰ ਮੌਲਵੀ ਮੁਹੰਮਦ ਸਾਦਿਕ, ਨਾਨਬਾਈ, ਮੀਰ ਮੁਹੰਮਦੀ, ਸੁਨਿਆਰੇ ਮੀਆਂ ਸਿੰਧੀ, ਦੋਧੀ ਲਾਲਾ ਵਲਾਇਤੀ ਰਾਮ, ਸਰਾਫ ਲਾਲਾ ਕਰਮ ਚੰਦ, ਲੋਹੇ ਦੇ ਕਾਰਖਾਨੇ ਦੇ ਮਾਲਕ ਮੀਆਂ ਜਲਾਲ-ਉਦ-ਦੀਨ ਅਤੇ ਐਨਕਾਂ ਵੇਚਣ ਵਾਲੇ ਸਰਦਾਰ ਜੈ ਰਾਮ ਸਿੰਘ ਅਤੇ ਚੌਧਰੀ ਬੁੱਗਾ ਨੂੰ ਪਹਿਲੀ ਪੇਸ਼ੀ ਤੇ ਹੀ ਸਾਰੀ ਉਮਰ ਭਰ ਲਈ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਇਕ ਦੋਗਲੇ ਆਚਰਣ ਵਾਲਾ ਵਿਅਕਤੀ, ਹੰਸ ਰਾਜ, ਲੋਕਾਂ ਨੂੰ ਪੁਲਿਸ ਦੇ ਇਸ਼ਾਰਿਆਂ ਤੇ ਚੱਲਣ ਲਈ

ਪ੍ਰੇਰਿਤ ਕਰਦਾ ਸੀ। ਕਈ ਦਿਨ ਸਫਾਈ ਕਰਨ ਵਾਲੇ ਵਿਅਕਤੀ ਮੁਹੱਲਿਆਂ ਵਿਚ ਨਾ ਆਏ, ਇਸ ਲਈ ਮਕਾਨਾਂ ਦਾ ਕੂੜਾ ਕਰਕਟ ਨਾ ਚੁਕਿਆ ਗਿਆ, ਨਾ ਹੀ ਟੱਟੀਆਂ ਸਾਫ ਕੀਤੀਆਂ ਗਈਆਂ ਅਤੇ ਸਿਪਾਹੀਆਂ ਨੇ ਖੂਹਾਂ ਨੂੰ ਟੱਟੀਆਂ ਵਜੋਂ ਵਰਤ ਕੇ ਉਨ੍ਹਾਂ ਨੂੰ ਅਪਵਿੱਤਰ ਕਰ ਦਿੱਤਾ। ਅੰਮ੍ਰਿਤਸਰ ਜ਼ਿਲ੍ਹੇ ਦੀ ਜਾਇਦਾਦ ਦਾ ਨੁਕਸਾਨ ਅੰਦਾਜ਼ਨ 16,97,511 ਰੁਪਏ ਸੀ। ਅੰਮ੍ਰਿਤਸਰ ਸ਼ਹਿਰ ਵਿਚ ਹੋਏ ਨੁਕਸਾਨ ਲਈ ਹਰਜਾਨਾ ਲਾਇਆ ਗਿਆ। ਅੰਦਾਜ਼ਨ ਲਗਾਨ 20,56,000 ਰੁਪਏ ਸੀ। ਅੰਮ੍ਰਿਤਸਰ ਨਗਰ ਪਾਲਿਕਾ ਨੇ ਕਰਾਂ ਦੀ ਦਰ ਨੂੰ ਆਰਜ਼ੀ ਤੌਰ ਤੇ ਵਧਾ ਕੇ ਅਚੱਲ ਜਾਇਦਾਦ ਦੀ ਵਿਕਰੀ ਦੇ ਰੇਟ ਵਧਾ ਕੇ ਇਸ ਨੂੰ ਪੂਰਾ ਕਰਨਾ ਸੀ। ਰਾਜਾ ਨਰਿੰਦਰ ਨਾਥ ਦੀ ਪਹਿਲ ਕਦਮੀ ਕਾਰਨ, 24 ਫਰਵਰੀ 1921 ਨੂੰ ਪੰਜਾਬ ਵਿਧਾਨ ਸਭਾ ਵਿਚ ਇਸ ਵਿਸ਼ੇ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਥੋਪੀ ਗਈ ਰਕਮ 43 ਵੋਟਾਂ ਦੇ ਬਹੁਮੱਤ ਨਾਲ ਮਾਫ ਕਰ ਦਿੱਤੀ ਗਈ।

## ਹਵਾਲੇ ਤੇ ਟਿੱਪਣੀਆਂ

1. 1919 ਦੌਰਾਨ ਭਾਰਤ ਦੀ ਨੈਤਿਕ ਅਤੇ ਮੈਟਰੀਅਲ ਉਨਤੀ ਅਤੇ ਹਾਲਤ ਦੀ ਪੇਸ਼ਕਾਰੀ ਦਾ ਬਿਆਨ, ਪੰਨਾ 22.
2. 1919 ਦੌਰਾਨ ਭਾਰਤ ਦੀ ਨੈਤਿਕ ਅਤੇ ਮੈਟਰੀਅਲ ਉਨਤੀ ਅਤੇ ਹਾਲਤ ਦੀ ਪੇਸ਼ਕਾਰੀ ਦਾ ਬਿਆਨ, ਪੰਨਾ 22.
3. 1919 ਦੌਰਾਨ ਭਾਰਤ ਦੀ ਨੈਤਿਕ ਅਤੇ ਮੈਟਰੀਅਲ ਉਨਤੀ ਅਤੇ ਹਾਲਤ ਦੀ ਪੇਸ਼ਕਾਰੀ ਦਾ ਬਿਆਨ, ਪੰਨਾ 22.
4. 1919 ਦੌਰਾਨ ਭਾਰਤ ਦੀ ਨੈਤਿਕ ਅਤੇ ਮੈਟਰੀਅਲ ਉਨਤੀ ਅਤੇ ਹਾਲਤ ਦੀ ਪੇਸ਼ਕਾਰੀ ਦਾ ਬਿਆਨ, ਪੰਨਾ 22.
5. ਈ.ਐਸ.ਮਾਂਨਟੇਂਗੂ, ਐਨ ਇੰਡੀਅਨ ਡਾਇਰੀ, ਪੰਨਾ 207 .
6. ਬੀ.ਐਸ ਪੱਟਾਭਾਈ ਸੀਤਾ ਰਮੱਈਆ, ਦੀ ਹਿਸਟਰੀ ਆਫ ਦੀ ਕਾਂਗਰਸ,ਭਾਗ–1 ਪੰਨਾ 275.
7. ਈ.ਐਸ. ਮਾਂਨਟੇਂਗੂ, ਐਨ ਇੰਡੀਅਨ ਡਾਇਰੀ, ਪੰਨਾ 207 .
8. ਸਰ ਵਿਲੀਅਮ ਦੇ ਕੰਮਾਂ ਵਿਚ, ਗੁਆਂਢੀ ਰਾਜਾਂ ਨਾਲ ਸਬੰਧਤ ਰਾਜਨੀਤਿਕ ਮਾਮਲਿਆਂ ਵਿਚ ਰਾਜ ਦੇ ਸਕੱਤਰ ਨੂੰ ਸਲਾਹ ਦੇਣਾ ਅਤੇ ਸ਼ਾਹੀ ਦਰਬਾਰ ਵਿਚ ਭਾਰਤੀਆਂ ਦੇ ਸਵਾਗਤ ਦਾ ਪ੍ਰਬੰਧ ਕਰਨਾ, ਸ਼ਾਮਲ ਸਨ।
9. ਪਿਆਰੇ ਮੋਹਨ, ਐਨ ਇਮੈਜਨਰੀ ਰਿਬੈਲੀਅਲ ਐਂਡ ਹਉ ਇਟ ਇਜ ਸੁਪਰੈਸਡ, ਪੰਨਾ–4.
10. ਦੀ ਕਾਂਗਰਸ ਪੰਜਾਬ ਇਨਕੁਆਇਰੀ (1919–20) ਪੰਨਾ –5.
11. ਦੀ ਕਾਂਗਰਸ ਪੰਜਾਬ ਇਨਕੁਆਇਰੀ (1919–20) ਪੰਨਾ–5.
12. ਇਸ ਦਾ ਮਤਲਬ ਹੈ, "ਅਸੀਂ ਸਾਰੇ ਜਾ ਰਹੇ ਹਾਂ"।
13. ਰੂਪਰਟ ਫੁਰਨੀਆ, ਮਾਸਐਕਰ ਐਟ ਅੰਮ੍ਰਿਤਸਰ, ਪੰਨਾ 59.
14. ਰੂਪਰਟ ਫੁਰਨੀਆ, ਮਾਸਐਕਰ ਐਟ ਅੰਮ੍ਰਿਤਸਰ, ਪੰਨਾ 59.
15. ਇਸ ਦਾ ਮਤਲਬ ਹੈ, "ਹਿੰਦੂ ਮੁਸਲਿਮ ਰਾਜ "।
16. ਅਸਲ ਵਿਚ ਇਹ ਇਲਾਕਾ, ਭਾਈ ਹਿੰਤਮ ਸਿੰਘ ਜੱਲ੍ਹਾਵਾਲੀਏ ਨਾਲ ਸਬੰਧਤ ਸੀ,

ਜੋ ਨਾਭੇ ਦੇ ਰਾਜੇ ਜਸਵੰਤ ਸਿੰਘ ਦਾ ਦਰਬਾਰੀ ਸੀ, ਉਸਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਵਕੀਲ ਵਜੋਂ ਸੇਵਾ ਕੀਤੀ ਸੀ।

17. 1919, ਭਾਰਤ ਸਰਕਾਰ, ਗ੍ਰਹਿ ਵਿਭਾਗ, ਰਾਜਨੀਤਿਕ ਬਿਆਨ, ਕਾਰਵਾਈਆਂ ਜਨਵਰੀ,1920, ਨੰਬਰ 77, ਏ ਡਬਲਿਯੂ ਕਿਚਨ, ਤੋਂ ਜੇ.ਬੀ.ਥੌਮਸਨ, (ਭਾਰਤੀ ਰਾਸ਼ਟਰੀ ਪੁਰਾਲੇਖ ਭਵਨ, ਨਵੀਂ ਦਿੱਲੀ) ਮਾਈਲਜ਼ ਇਰਵਿੰਗ ਨੇ ਦੱਸਿਆ ਕਿ ਉਸਦੀ ਗ੍ਰਿਫਤਾਰੀ ਤੋਂ ਪਹਿਲਾਂ ਹੰਸ ਰਾਜ ਨੂੰ ਕਦੇ ਵੀ ਗੁਪਤ ਪ੍ਰਤੀਨਿਧੀ ਵਜੋਂ ਨਹੀਂ ਸੀ ਵਰਤਿਆ ਗਿਆ।
18. ਦੀ ਕਾਂਗਰਸ ਪੰਜਾਬ ਇਨਕੁਆਇਰੀ (1919-20) ਪੰਨਾ 70.
19. ਦੀ ਕਾਂਗਰਸ ਪੰਜਾਬ ਇਨਕੁਆਇਰੀ (1919-20) ਪੰਨਾਂ 9 ਤੇ 10.
20. ਉਹ ਤਾਂ ਜਨਵਰੀ, 1964 ਨੂੰ ਸਵਰਗਵਾਸ ਹੋ ਗਈ।
21. ਦੀ ਟ੍ਰਿਬਿਊਨ, ਲਾਹੌਰ, 21 ਫਰਵਰੀ, 1920.
22. ਹੋਮ ਪੋਲੀਟੀਕਲ (ਵਿਭਾਗ 1919) ਨੰਬਰ 23, ਡੀ.ਆਰ-2, ਜੇ.ਪੀ. ਥੌਪਸ਼ਨ ਤੋਂ ਐਚ ਡੀ ਕਰੇਕ, 14 ਅਗਸਤ 1919, ਪੰਨਾ 2 (ਭਾਰਤੀ ਰਾਸ਼ਟਰੀ ਪੁਰਾਲੇਖ) ਨਵੀਂ ਦਿੱਲੀ)
23. 1919 ਦੌਰਾਨ ਭਾਰਤ ਦੀ ਨੈਤਿਕ ਅਤੇ ਮੈਟਰੀਅਲ ਉਨਤੀ ਅਤੇ ਹਾਲਤ ਦੀ ਪੇਸ਼ਕਾਰੀ ਦਾ ਬਿਆਨ, ਪੰਨਾ 36.
24. ਅੰਮ੍ਰਿਤ ਬਾਜ਼ਾਰ ਪੱਤ੍ਰਿਕਾ, ਕਲਕੱਤਾ, 7 ਅਗਸਤ 1919, ਮੋਹਨ ਦਾਸ ਕਰਮਚੰਦ ਗਾਂਧੀ ਦੁਆਰਾ, ਪੰਜਾਬ ਵਲੋਂ ਪੁਨਰ ਵਿਚਾਰ ਲਈ ਪ੍ਰਾਰਥਨਾ।
25. ਪਿਆਰੇ ਮੋਹਨ, ਐਨ ਇਮੈਜਨਰੀ ਰਿਬੈਲੀਅਲ, ਪੰਨਾ 417
26. ਬੀ.ਐਸ. ਪੱਟਾਭਾਈ ਸੀਤਾ ਰਮੱਈਆ, ਦੀ ਹਿਸਟਰੀ ਆਫ ਦੀ ਕਾਂਗਰਸ,ਭਾਗ-1 ਪੰਨਾ 229.
27. ਹੰਟਰ ਕਮੇਟੀ ਜਿਸ ਨੇ ਆਪਣੀ ਰਿਪੋਰਟ 28 ਮਈ,1920 ਨੂੰ ਪ੍ਰਕਾਸ਼ਤ ਕੀਤੀ, ਵਿਚ ਲਾਰਡ ਹੰਟਰ ਪ੍ਰਧਾਨ ਵਜੋਂ, ਮਿਸਟਰ ਜਸਟਿਸ ਜੀ.ਸੀ. ਰੇਲਕਿਲ, ਮਿਸਟਰ ਡਬਲਿਊ ਐਫ.ਰਾਈਸ, ਮੇਜਰ ਜਨਰਲ ਸਰ ਜਾਰਜ ਬੈਰੋ, ਸਰ ਚਿਮਨ ਲਾਲ ਹਰੀਲਾਲ ਸਟੀਲਵਡ, ਸਾਹਿਬਜ਼ਾਦਾ ਸੁਲਤਾਨ ਅਹਿਮਦ, ਪੰਡਿਤ ਜਗਤ ਨਰਾਇਣ ਅਤੇ ਇਕ ਗੈਰ ਸਰਕਾਰੀ ਅੰਗਰੇਜ਼ ਆਦਮੀ, ਮਿਸਟਰ ਥਾਮਸ ਸਮਿੱਥ ਸ਼ਾਮਲ ਸਨ।
28. ਦੀ ਡਿਸਆਰਡਰਜ਼ ਇਨਕੁਆਇਰੀ ਕਮੇਟੀ, ਭਾਗ-1, ਪੰਨਾ 123.
29. ਦੀ ਡਿਸਆਰਡਰਜ਼ ਇਨਕੁਆਇਰੀ ਕਮੇਟੀ, ਭਾਗ-1, ਪੰਨਾ 117.
30. ਜਾਰਜ ਓਰਵੈਲ, ਸ਼ੂਟਿੰਗ ਐਨ ਐਲੀਫੈਂਟ, ਪੰਨਾ 10.
31. ਰੂਪਰਟ ਫੁਰਨੀਆ, ਮਾਸਐਕਰ ਐਟ ਅੰਮ੍ਰਿਤਸਰ, ਪੰਨਾ 177.
32. ਸੁਰੇਂਦਰ ਨਾਥ ਸੇਨ, ਏਟਟੀਨ ਫਿਫਟੀ ਸੈਵਨ, ਪੰਨਾ 418.

ਹਾਉਸ ਆਫ ਕਾਮਨਜ਼ ਨੇ ਡਾਇਰ ਦੀ ਕਾਰਵਾਈ ਬਾਰੇ ਵਿਚਾਰ ਕੀਤਾ ਅਤੇ ਉਸਨੂੰ ਅੱਧੀ ਤਨਖਾਹ ਅਤੇ ਅੱਗੋਂ ਲਈ ਕੋਈ ਰੋਜ਼ਗਾਰ ਨਾ ਦੇਣ ਦਾ ਫੈਸਲਾ ਕਰਕੇ ਪਦ ਮੁਕਤ ਕਰ ਦਿੱਤਾ। ਇਸ ਦੇ ਵਿਰੁੱਧ ਹਾਊਸ ਆਫ ਲਾਰਡਜ਼ ਨੇ ਉਸਦੀ ਕਾਰਵਾਈ ਨੂੰ ਜਾਇਜ਼ ਠਹਿਰਾਇਆ ਅਤੇ ਇੰਗਲੈਂਡ ਵਿਚ ਉਸ ਦੇ ਦੋਸਤਾਂ ਨੇ ਉਸ ਈ ਹੀਰਿਆਂ ਜੜੀ ਤਲਵਾਰ ਅਤੇ 1,50,000 ਪੌਂਡ ਭੇਟ ਕੀਤੇ। ਮਾਰਨਿੰਗ ਪੋਸਟ (ਲੰਡਨ) ਨੇ ਉਸ ਲਈ 'ਭਾਰਤ ਦਾ ਰਖਵਾਲਾ' ਨਾਂ ਦਾ ਇਕ ਫੰਡ ਖੋਲ੍ਹਿਆ ਅਤੇ ਇਸ ਫੰਡ ਵਿਚ ਕੁਝ ਹਫਤਿਆਂ ਦੌਰਾਨ ਹੀ 26317 ਦੀ ਵੱਡੀ ਰਕਮ ਜਮਾ ਹੋ ਗਈ।

ਰੂਪਰਟ ਫੁਰਨੀਆ, ਦੀ ਅਜੋਕੀ ਪੁਸਤਕ ਮਾਸਐਕਰ ਐਟ ਅੰਮ੍ਰਿਤਸਰ, ਪੰਨਾ 91 ਵਿਚ ਦਰਸਾਇਆ ਗਿਆ ਹੈ ਕਿ ਜਨਰਲ ਡਾਇਰ ਅਤੇ ਕੈਪਟਨ ਬ੍ਰਿਗਜ਼ ਨੂੰ ਸਿੱਖ ਭਾਈਚਾਰੇ ਦੇ ਪਵਿੱਤਰ ਚਿੰਨ 'ਪੰਜ ਕਕਾਰਾਂ ਦੀ ਬਖਸ਼ਿਸ਼' ਕੀਤੀ ਹੋਈ ਸੀ। ਇਸ ਸਬੰਧੀ ਕਾਲਵਿਨ ਦੀ ਰਚਨਾ, ਡਾਇਰ ਦੀ ਜੀਵਨੀ, ਤੋਂ ਬਿਨਾਂ ਹੋਰ ਕੋਈ ਦਸਤਾਵੇਜ਼ੀ ਪ੍ਰਮਾਣ ਨਹੀਂ ਮਿਲਦਾ। ਉਹ ਲੋਕ, ਜੋ ਸੰਨ 1919 ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗ੍ਰੰਥੀਆਂ ਵਜੋਂ ਕੰਮ ਕਰਦੇ ਸਨ, ਤੇ ਜਿਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਸਿਰੋਪੇ ਭੇਟ ਕੀਤੇ ਹੋਣਗੇ, ਜਾਂ ਉਨ੍ਹਾਂ ਨੂੰ ਘੱਟੋ ਘੱਟ ਇਹ ਪਤਾ ਹੋਵੇਗਾ ਕਿ ਸਿਰੋਪੇ ਕਿਸ ਕਿਸ ਨੂੰ ਭੇਟ ਕੀਤੇ ਗਏ ਸਨ, ਉਨ੍ਹਾਂ ਨਾਲ ਗੱਲਬਾਤ ਕਰਨ ਉਪਰੰਤ ਇਹ ਪਤਾ ਲੱਗਦਾ ਹੈ ਕਿ ਇਹ ਘਟਨਾ ਨਹੀਂ ਵਾਪਰੀ। ਜਲ੍ਹਿਆਂਵਾਲਾ ਦੇ ਕਾਂਡ ਤੋਂ ਬਾਅਦ ਭਾਰਤੀ ਲੋਕਾਂ ਦੇ ਮਨਾਂ ਵਿਚ ਵੈਰ ਭਾਵਨਾ ਪੈਦਾ ਹੋ ਗਈ ਸੀ ਅਤੇ ਬਰਤਾਨਵੀ ਆਪਣੀਆਂ ਕਾਰਵਾਈਆਂ ਰਾਹੀਂ ਹੋਰ ਬਦਨਾਮੀ ਮੁੱਲ ਲੈਣ ਪ੍ਰਤੀ ਸੁਚੇਤ ਹੋ ਗਏ ਸਨ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਉਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਹੋਂਦ ਵਿਚ ਨਹੀਂ ਸੀ ਆਈ ਅਤੇ ਦਰਬਾਰ ਸਾਹਿਬ ਦਾ ਪ੍ਰਬੰਧ ਇਸ ਦੇ ਮੈਨੇਜਰ (ਡਿਪਟੀ ਕਮਿਸ਼ਟਰ ਦੇ ਨੁਮਾਇੰਦੇ) ਕੋਲ ਸੀ। ਖੁਸ਼ਾਮਦੀ ਅਤੇ ਸਵਾਰਥੀ ਪੁਜਾਰੀਆਂ ਵਲੋਂ ਕੀਤੇ ਜਾ ਰਹੇ ਸਿੱਖ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਵਿਰੁੱਧ ਸੰਘਰਸ਼ ਸ਼ੁਰੂ ਹੋ ਚੁੱਕਾ ਸੀ। ਇਹ ਵਰਨਣਯੋਗ ਹੈ ਕਿ ਦਰਬਾਰ ਸਾਹਿਬ ਦੀ ਧਾਰਮਿਕ ਪ੍ਰਤੀਸ਼ਠਾ ਨੂੰ ਜਨਰਲ ਡਾਇਰ ਦੇ ਜੁਰਮ ਨੂੰ ਛੁਪਾਉਣ ਲਈ ਵਰਤਿਆ ਗਿਆ ਹੋਵੇ, ਜਿਸ ਨੂੰ ਦਰਬਾਰ ਸਾਹਿਬ ਦੇ ਮੈਨੇਜਰ, ਸਰਦਾਰ ਅਰੂੜ ਸਿੰਘ ਨੇ ਖਿੱਲਤ ਦਿੱਤੀ ਸੀ। ਲਾਰਡ ਫਿਨਲੇ ਨੇ ਇਸ ਘਟਨਾ ਨੂੰ ਹਾਉਸ ਆਫ ਲਾਡਰਜ਼ ਵਿਚ ਬੇਹਤਰ ਢੰਗ ਨਾਲ ਵਰਤਿਆ ਅਤੇ ਕਿਹਾ ਕਿ ਸਿੱਖਾਂ ਨੇ ਡਾਇਰ ਦੀ ਕਾਰਵਾਈ ਨੂੰ ਸਹੀ ਠਹਿਰਾਇਆ ਹੈ ਅਤੇ ਉਸ ਨੂੰ ਸਿੱਖ ਬਣਾ ਲਿਆ ਹੈ। ਵੇਖੋ ਪੱਟਾਭਾਈ ਸੀਤਾ ਰਮੱਈਆ, ਦੀ ਹਿਸਟਰੀ ਆਫ ਦੀ ਕਾਂਗਰਸ, ਭਾਗ-1 ਪੰਨਾ 446.
ਬਰਤਾਨਵੀ ਨਜ਼ਰੀਏ ਲਈ ਵੇਖੋ ਰੂਪਰਟ ਫੁਰਨੀਆ, ਮਾਸਐਕਰ ਐਟ ਅੰਮ੍ਰਿਤਸਰ, ਪੰਨਾ 91.

33. ਅੰਮ੍ਰਿਤਸਰ ਨਗਰਪਾਲਿਕਾ ਦਾ ਰਿਕਾਰਡ, ਫਾਈਲ ਨੰ: 626.
34. ਭਾਰਤੀ ਦਰਪਣ, 17 ਜੁਲਾਈ, 1919.
35. ਹੋਮ ਪੋਲ (1920) ਡਿਪਾਜਿਟ ਨੰ: 5 (ਭਾਰਤੀ ਰਾਸ਼ਟਰੀ ਪੁਰਾਲੇਖ, ਨਵੀ ਦਿੱਲੀ)
36. ਹੋਮ ਪੋਲ (1920) (ਅਮਾਨਤ ਭਾਰਤੀ ਰਾਸ਼ਟਰੀ ਪੁਰਾਲੇਖ, ਨਵੀਂ ਦਿੱਲੀ) ਵੇਖੋਂ ਅੰਮ੍ਰਿਤ ਬਾਜ਼ਾਰ ਪੱਤ੍ਰਿਕਾ,18 ਅਪਰੈਲ 1965.
37. ਮੈਂ ਡਾ. ਕੌਸ਼ਿਕ ਦਾ ਬਨਵਾਦੀ ਹਾਂ, ਜਿਨ੍ਹਾਂ ਨੇ ਮੇਰਾ ਧਿਆਨ ਇਸ ਕਵਿਤਾ ਵੱਲ ਖਿਚਿਆ, ਵੇਖੋ ਪੈਟਰੀਆਟ, ਦਸੰਬਰ 1,1966.
38. ਪੈਟਰੀਆਟ, ਦਸੰਬਰ 11,1966
39. ਸੰਡੇ ਟਾਈਮਜ਼, ਲੰਡਨ, ਜਨਵਰੀ 29,1961.
40. ਭਾਰਤ ਸਰਕਾਰ, ਗ੍ਰਹਿ ਵਿਭਾਗ, ਸਿਆਸੀ-ਏ, ਕਾਰਵਾਈਆਂ, ਅਕਤੂਬਰ, 1920, ਨੰ: 203,16 (ਭਾਰਤੀ ਰਾਸ਼ਟਰੀ ਪੁਰਾਲੇਖ, ਨਵੀਂ ਦਿੱਲੀ)
41. ਲਿਉਨਾਰਡ ਮੋਸਲੇ, ਦੀ ਲਾਸਟ ਡੇਜ਼ ਆਫ ਦੀ ਬ੍ਰਿਟਿਸ਼ ਰਾਜ, ਪੰਨਾ 75.
42. ਦੀ ਕਾਂਗਰਸ ਪੰਜਾਬ ਇਨਕੁਆਇਰੀ, ਪੰਨਾ 13
43. ਰੂਪਰਟ ਫੁਰਨੀਆ, ਮਾਸਐਕਰ ਐਟ ਅੰਮ੍ਰਿਤਸਰ, ਪੰਨਾ 94 .

## ਅਧਿਆਇ - ਛੇਵਾਂ

# ਸੁਤੰਤਰਤਾ ਅਤੇ ਇਸ ਤੋਂ ਪਿੱਛੋਂ

ਜਲ੍ਹਿਆਂਵਾਲੇ ਬਾਗ ਦੇ ਦੁਖਾਂਤ ਤੋਂ ਬਾਅਦ ਅਗਲਾ ਮਹੱਤਵਪੂਰਨ ਇਤਿਹਾਸਕ ਬਿਰਤਾਂਤ ਸਾਲ 1919, ਵਿਚ ਹੀ ਦਸੰਬਰ ਦੇ ਮਹੀਨੇ ਵਿਚ ਅੰਮ੍ਰਿਤਸਰ ਦੇ ਗੋਲਬਾਗ ਵਿਚ ਹੋਇਆ ਕਾਂਗਰਸ ਦਾ ਅਜਲਾਸ ਸੀ, ਜਿਸ ਦੀ ਪ੍ਰਧਾਨਗੀ ਪੰਡਿਤ ਮੋਤੀ ਲਾਲ ਨਹਿਰੂ ਨੇ ਕੀਤੀ ਸੀ। ਇਸ ਵਿਚ ਬਾਲ ਗੰਗਾਧਰ ਤਿਲਕ, ਐਨੀ ਬੈਸੰਤ (Besant), ਬੀ.ਸੀ.ਪਾਲ, ਸੀ.ਆਰ ਦਾਸ, ਮਦਨ ਮੋਹਨ ਮਾਲਵਈਆ, ਮਹਾਤਮਾ, ਸਿਰੀਨਿਵਾਸ ਸ਼ਾਸਤਰੀ ਅਤੇ ਜਿਨਾਹ ਆਦਿ ਰਾਸ਼ਟਰੀ ਨੇਤਾਵਾਂ ਦੀ ਮੰਡਲੀ ਨੇ ਹਿੱਸਾ ਲਿਆ। ਇਸ ਅਜਲਾਸ ਵਿਚ ਲਗਭਗ 36,000 ਲੋਕਾਂ ਨੇ ਭਾਗ ਲਿਆ ਜਿਨ੍ਹਾਂ ਵਿਚੋਂ 6,000 ਆਮ ਪ੍ਰਤੀਨਿਧ ਅਤੇ 1200 ਦੂਸਰੇ ਬਾਹਰ ਤੋਂ ਆਏ ਹੋਏ ਪ੍ਰਤੀਨਿਧ ਸਨ। ਬਾਕੀ ਦੇ ਦਰਸ਼ਕ ਸਨ। ਅਲੀ ਭਰਾ ਮੁਹੰਮਦ ਅਲੀ ਅਤੇ ਸ਼ੌਕਤ ਅਲੀ ਵੀ ਸ਼ਹਿਰ ਵਿਚ ਆਏ। ਇਹ ਇਕੱਠ ਅੰਮ੍ਰਿਤਸਰ ਵਿਖੇ ਪੰਜਾਬ ਸਮੱਸਿਆਵਾਂ ਉਪਰ ਧਿਆਨ ਕੇਂਦਰਿਤ ਕਰਨ ਦੇ ਵਿਚਾਰ ਨਾਲ ਨਿਸ਼ਚਿਤ ਕੀਤਾ ਗਿਆ ਸੀ। ਮੋਤੀ ਲਾਲ ਨਹਿਰੂ ਨੇ ਅੰਮ੍ਰਿਤਸਰ ਕਾਂਗਰਸ ਨੂੰ ਪਹਿਲੀ ਗਾਂਧੀ ਕਾਂਗਰਸ ਕਿਹਾ। [1] ਤਿਲਕ ਨੇ ਵਾਦ-ਵਿਵਾਦ ਵਿਚ ਵਧ ਚੜ੍ਹ ਕੇ ਹਿੱਸਾ ਲਿਆ, ਪਰੰਤੂ ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹੁ ਗਿਣਤੀ ਵਿਚ ਪ੍ਰਤੀਨਿਧ ਗਾਂਧੀ ਨੂੰ ਆਪਣਾ ਨੇਤਾ ਸਵੀਕਾਰ ਕਰ ਰਹੇ ਸਨ, ਜੋ ਹੁਣ ਤੱਕ ਚੁਣੌਤੀ ਯੋਗ ਤਾਕਤ ਵਜੋਂ ਉਭਰ ਚੁੱਕਾ ਸੀ। ਅੰਮ੍ਰਿਤਸਰ ਕਾਂਗਰਸ ਵਿਚ ਸੀ.ਆਰ.ਦਾਸ ਨੇ ਇਕ ਮਤਾ ਪੇਸ਼ ਕੀਤਾ, ਜਿਸ ਵਿਚ ਐਲਾਨ ਕੀਤਾ ਗਿਆ ਕਿ ਪੰਜਾਬ ਵਿੱਚ ਸੁਧਾਰ, ਨਾਕਾਫੀ, ਗੈਰ ਤਸੱਲੀਬਖਸ਼ ਅਤੇ ਨਿਰਾਸ਼ਾਜਨਕ ਸਨ, ਪਰੰਤੂ ਗਾਂਧੀ ਵਲੋਂ ਦਸੀਆਂ ਸੁਧਾਰਾਂ ਵਿਚ ਸੋਧਾਂ ਨੂੰ ਸਵੀਕਾਰ ਕਰ ਲਿਆ ਗਿਆ ਅਤੇ ਕਾਂਗਰਸ ਵਿੱਚ ਸਮਝੌਤਾ ਹੋ ਗਿਆ। ਗਾਂਧੀ ਨੇ ਅੰਮ੍ਰਿਤਸਰ ਅਜਲਾਸ ਵਿਚ ਐਲਾਨ ਕੀਤਾ ਕਿ, "ਮੈਂ ਸਹਿਮਤ ਹਾਂ ਕਿ ਸਰਕਾਰ ਨੇ ਡਾ. ਕਿਚਲੂ ਅਤੇ ਡਾ. ਸੱਤਿਆਪਾਲ ਨੂੰ ਗ੍ਰਿਫਤਾਰ ਕਰਕੇ ਸੰਗੀਨ ਉਤੇਜਨਾ ਪੈਦਾ ਕਰ ਦਿੱਤੀ ਹੈ। ਇਹ ਸਮੱਸਿਆਵਾਂ ਉਤਪੰਨ ਨਹੀਂ ਸੀ ਹੋਣੀਆਂ। ਪਰੰਤੂ ਇਸ ਵੇਲੇ ਸਰਕਾਰ ਪਾਗਲ ਹੋ ਗਈ ਹੈ, ਮੂਰਖਤਾ ਦੇ ਬਦਲੇ ਮੂਰਖਤਾ ਨਾ ਕਰੋ ਬਲਕਿ ਮੂਰਖਤਾ ਦਾ ਜਵਾਬ ਸਿਆਣਪ ਨਾਲ ਦਿਓ ਤਾਂ ਸਾਰੇ ਹਾਲਾਤ ਤੁਹਾਡੇ ਪੱਖ ਵਿਚ ਹੋ ਜਾਣਗੇ।"[2] ਪੰਜਾਹ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਲਾਰਡ ਚੈਮਸਫੋਰਡ ਨੂੰ ਵਾਪਸ ਬੁਲਾਏ ਜਾਣ ਦੀ ਮੰਗ ਤੋਂ ਲੈਕੇ, ਭੂਮੀ ਲਗਾਨ ਪ੍ਰਣਾਲੀ ਦੀ ਪੜਤਾਲ ਬਾਰੇ ਬੇਨਤੀ ਤੱਕ, ਅਤੇ ਮਜ਼ਦੂਰਾਂ ਤੇ ਕਿਸਾਨਾਂ ਦੀ ਹਾਲਤ, ਤੀਸਰੇ ਦਰਜ਼ੇ ਦੀ ਰੇਲ ਯਾਤਰਾ, ਜਨਰਲ ਡਾਇਰ ਨੂੰ ਆਪਣੇ ਅਧਿਕਾਰਾਂ ਤੋਂ ਵੰਚਿਤ ਕਰਨਾ, ਰੋਲਟ ਬਿਲ ਅਤੇ ਪ੍ਰੈਸ ਬਿਲ ਨੂੰ ਰੱਦ ਕਰਨਾ, ਹਰਜਾਨੇ ਨੂੰ ਖਤਮ ਕਰਨਾ ਅਤੇ ਸ਼ਾਹੀ ਐਲਾਨ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਰਿਹਾਅ ਕਰਨਾ ਆਦਿ ਵੱਖ ਵੱਖ ਪ੍ਰਕਾਰ ਦੇ ਵਿਸੇ

ਸ਼ਾਮਲ ਸਨ। ਕਾਂਗਰਸ ਨੇ ਪਹਿਲੀ ਵਾਰ ਸਪਸ਼ਟ ਕੀਤਾ ਕਿ ਹੰਟਰ ਕਮਿਸ਼ਨ ਦਾ ਬਾਈਕਾਟ ਕਰਨ ਲਈ ਉਸ ਨੂੰ ਮਜਬੂਰ ਕਿਉ ਹੋਣਾ ਪਿਆ। ਅੰਮ੍ਰਿਤਸਰ ਵਿਖੇ ਹੋਏ ਕਾਂਗਰਸ ਅਜਲਾਸ ਵਿਚ ਸੋਧ ਅਨੁਸਾਰ ਪਾਸ ਕੀਤੇ ਗਏ ਮਤਿਆਂ ਦਾ ਪੂਰਾ ਵਿਸ਼ਾ-ਵਸਤੂ ਹੇਠ ਲਿਖਿਆ ਸੀ:-

1. ਇਹ ਸੰਮੇਲਨ ਆਪਣੇ ਪਿਛਲੇ ਸਾਲ ਦੇ ਐਲਾਨ ਨੂੰ ਦੁਹਰਾਉਂਦਾ ਹੈ ਕਿ ਭਾਰਤ ਪੂਰੀ ਤਰ੍ਹਾਂ ਜ਼ਿੰਮੇਵਾਰ ਸਰਕਾਰ ਬਣਾਉਣ ਦੇ ਸਮਰੱਥ ਹੈ ਅਤੇ ਸਾਰੀਆਂ ਵਿਰੋਧੀ ਧਾਰਨਾਵਾਂ ਅਤੇ ਦਾਅਵਿਆਂ ਦਾ ਖੰਡਨ ਕਰਦਾ ਹੈ।
2. ਇਹ ਸੰਮੇਲਨ ਦਿੱਲੀ ਕਾਂਗਰਸ ਦੁਆਰਾ ਸੰਵਿਧਾਨਕ ਸੋਧਾਂ ਬਾਰੇ ਪਾਸ ਕੀਤੇ ਮਤੇ ਦਾ ਸਮਰਥਨ ਕਰਦਾ ਹੈ ਅਤੇ ਇਸਦਾ ਵਿਚਾਰ ਹੈ ਕਿ ਸੁਧਾਰ ਧਾਰਾ ਅਪੂਰਨ, ਗੈਰ ਤਸੱਲੀਬਖਸ਼ ਅਤੇ ਨਿਰਾਸ਼ਾਜਨਕ ਹੈ।
3. ਇਹ ਸੰਮੇਲਨ ਅੱਗੇ ਤਾਕੀਦ ਕਰਦਾ ਹੈ ਕਿ ਸੰਸਦ ਨੂੰ ਆਤਮ ਦ੍ਰਿੜਤਾ ਦੇ ਸਿਧਾਂਤਾਂ ਅਨੁਸਾਰ ਭਾਰਤ ਵਿਚ ਪੂਰੀ ਤਰ੍ਹਾਂ ਜ਼ਿੰਮੇਵਾਰ ਸਰਕਾਰ ਕਾਇਮ ਕਰਨ ਲਈ ਜਲਦੀ ਕਦਮ ਚੁੱਕਣੇ ਚਾਹੀਦੇ ਹਨ।
4. ਅਜਿਹੇ ਹਾਲਾਤ ਤੇ ਵਿਚਾਰ ਕਰਦੇ ਹੋਏ, ਇਸ ਕਾਂਗਰਸ ਨੂੰ ਪੂਰੀ ਉਮੀਦ ਹੈ ਕਿ ਜਿਥੋਂ ਤੱਕ ਸੰਭਵ ਹੋਇਆ, ਉਹ ਅਜਿਹੇ ਸੁਧਾਰਾਂ ਦਾ ਕੰਮ ਕਰਨਗੇ ਜਿਨ੍ਹਾਂ ਨਾਲ ਭਾਰਤ ਵਿਚ ਪੂਰੀ ਤਰ੍ਹਾਂ ਜ਼ਿੰਮੇਵਾਰ ਸਰਕਾਰ ਜਲਦੀ ਕਾਇਮ ਹੋ ਸਕੇ।

ਗਾਂਧੀ ਦੇ ਸੁਝਾਅ ਤੇ ਇਕ ਮਤਾ ਪਾਸ ਕੀਤਾ ਗਿਆ ਜਿਸ ਰਾਹੀਂ ਗੰਭੀਰ ਉਕਸਾਹਟ ਪੈਦਾ ਕਰਨ ਦੇ ਨਾਲ ਨਾਲ ਦੇਸ਼ ਦੇ ਕੁਝ ਭਾਗਾਂ, ਵਿਸ਼ੇਸ਼ ਤੌਰ ਤੇ ਪੰਜਾਬ ਅਤੇ ਗੁਜਰਾਤ ਵਿਚ ਕੀਤੀਆਂ ਗਈਆਂ ਵਧੀਕੀਆਂ ਬਾਰੇ ਕਾਂਗਰਸ ਵਲੋਂ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ।

ਲੰਡਨ ਦੇ ਕਾਨੂੰਨ ਦੀ ਮੁੱਢਲੀ ਰਾਇ ਦੇਣ ਵਾਲਾ ਮਿਸਟਰ ਰੈਗੀਨਾਲਡ ਨੈਵੀਲੇ ਇਸ ਸਮੇਂ ਅੰਮ੍ਰਿਤਸਰ ਵਿਚ ਸੀ। 25 ਦਸੰਬਰ, 1919 ਦੀ ਰਾਤ ਨੂੰ ਜਲੰਧਰ ਦੀ ਸੁਰੱਖਿਆ ਸੈਨਾ ਦੇ 20 ਸਿਪਾਹੀਆਂ ਨੇ ਹੋਟਲ ਵਿਚ ਉਸਦੇ ਕਮਰੇ ਨੂੰ ਤੋੜ ਦਿੱਤਾ, ਉਸਦੀ ਬੇਇੱਜ਼ਤੀ ਕੀਤੀ ਗਈ ਅਤੇ ਉਸਨੂੰ ਪੁਛਿਆ ਗਿਆ ਕਿ ਇਕ ਗੋਰਾ ਹੁੰਦੇ ਹੋਏ ਉਹ ਡਾਇਰ ਵਿਰੁਧ ਕੰਮ ਕਰਨਾ ਕਿਵੇਂ ਸਹਿਣ ਕਰ ਸਕਦਾ ਹੈ। ਬਾਅਦ ਵਿਚ ਸਿਪਾਹੀਆਂ ਨੂੰ ਮਿਸਟਰ ਨੈਵੀਲੇ ਪਾਸੋਂ ਮੁਆਫੀ ਮੰਗਣੀ ਪਈ।

ਕਾਂਗਰਸ ਸੈਸ਼ਨ ਦੌਰਾਨ ਸ਼ਹਿਰ ਵਿਚ ਬਹੁਤ ਜ਼ਿਆਦਾ ਉਤੇਜਨਾ ਸੀ ਅਤੇ ਬਾਹਰੋਂ ਆਏ ਦਰਸ਼ਕਾਂ, ਜਿਨ੍ਹਾਂ ਨੇ ਜਲ੍ਹਿਆਂਵਾਲੇ ਬਾਗ ਨੂੰ ਇਕ ਪਵਿੱਤਰ ਸਥਾਨ ਵਜੋਂ ਵੇਖਿਆ, ਉਨ੍ਹਾਂ ਦਾ ਸਥਾਨਕ ਨਿਵਾਸੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਆਪਣੇ ਮਹਿਮਾਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ। ਬਹੁਤ ਸਾਰੇ ਯਾਤਰੀ ਜਲ੍ਹਿਆਂਵਾਲੇ ਬਾਗ ਦੀ ਪਵਿੱਤਰ ਮਿੱਟੀ ਨੂੰ ਸ਼ਹੀਦਾਂ ਦੇ ਸਨਮਾਨ ਦੀ ਨਿਸ਼ਾਨੀ ਵਜੋਂ ਆਪਣੇ ਨਾਲ ਲੈ ਗਏ।

1919 ਵਿਚ ਮੁਸਲਿਮ ਲੀਗ ਦੀ ਇਕੱਤਰਤਾ ਵੀ ਅੰਮ੍ਰਿਤਸਰ ਵਿਚ ਹੋਈ। ਸਮੇਂ ਸਮੇਂ ਅੰਮ੍ਰਿਤਸਰ ਵਿੱਚ ਸਹੂਲਤਾਂ ਦਿਤੇ ਜਾਣ ਦਾ ਉਪਰਾਲਾ ਕੀਤਾ ਗਿਆ। ਬਹੁਤ ਸਾਰੀਆਂ ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਸੀ। ਵਿਸ਼ੇਸ਼ ਤੌਰ

ਤੇ ਉਸ ਵੇਲੇ ਜਦੋਂ ਰਾਜਨੀਤਿਕ ਨੇਤਾ ਸ਼ਹਿਰ ਵਿਚ ਆਉਂਦੇ ਸਨ। ਰਾਸ਼ਟਰੀ ਉਦਯੋਗਿਕ ਹਾਈ ਸਕੂਲ 1921 ਵਿਚ ਸਥਾਪਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਸਵੈ ਨਿਰਭਰ ਬਣਾਉਣ ਲਈ ਤਕਨੀਕੀ ਸਿੱਖਿਆ ਦਿੱਤੀ ਜਾਂਦੀ ਸੀ। ਪਰੰਤੂ ਲੋੜੀਂਦੇ ਫੰਡਾਂ ਦੀ ਘਾਟ ਕਾਰਨ ਸਕੂਲ ਲਗਭਗ ਦੋ ਸਾਲ ਹੀ ਚੱਲ ਸਕਿਆ। ਸ੍ਰੀ ਰਤਨ ਲਾਲ ਭਾਟੀਆ ਇਸ ਦਾ ਮੁੱਖ ਅਧਿਆਪਕ ਸੀ। ਚਾਟੀਵਿੰਡ ਦੇ ਬਾਹਰ ਸਵਰਾਜ ਆਸ਼ਰਮ ਬਣਾਇਆ ਗਿਆ ਸੀ, ਜਿਥੇ ਬੰਗਾਲ ਦੇ ਕੁੱਝ ਕ੍ਰਾਂਤੀਕਾਰੀ ਠਹਿਰੇ ਹੋਏ ਸਨ ਅਤੇ ਉਹ ਨੌਜਵਾਨਾਂ ਨੂੰ ਇਨਕਲਾਬੀ ਵਿਚਾਰਧਾਰਾ ਦੀ ਸਿੱਖਿਆ ਦਿੰਦੇ ਸਨ। ਭਗਤ ਸਿੰਘ, ਜੋ ਬਾਅਦ ਵਿਚ ਪੰਜਾਬ ਦਾ ਨਾਇਕ ਬਣਿਆ, ਮੁੱਢਲੇ ਸਿਖਿਆਰਥੀਆਂ ਵਿਚੋਂ ਇਕ ਸੀ। ਗਾਂਧੀ ਜੀ ਕੁਝ ਦਿਨਾਂ ਲਈ ਉਥੇ ਠਹਿਰੇ। ਡਾ. ਕਿਚਲੂ ਵੀ ਇਸ ਆਸ਼ਰਮ ਦੀਆਂ ਗਤੀਵਿਧੀਆਂ ਨਾਲ ਸਬੰਧਤ ਸੀ ਅਤੇ ਸ਼ਹਿਰ ਦੇ ਕੁੱਝ ਵਪਾਰੀ ਇਸ ਨੂੰ ਮਾਲੀ ਮਦਦ ਦਿੰਦੇ ਸਨ।

ਅੰਗਰੇਜ਼ਾਂ ਦਾ ਪੰਜਾਬ ਤੇ ਕਬਜ਼ਾ ਕਰਨ ਉਪਰੰਤ ਇਕ ਸਥਾਨਕ ਵਸਨੀਕ ਨੇ ਸਵਰਨ ਮੰਦਰ ਦੇ ਇੰਤਜ਼ਾਮ ਦੀ ਨਿਗਰਾਨੀ ਸੰਭਾਲੀ ਅਤੇ ਇਹ ਪ੍ਰਬੰਧ ਉਦੋਂ ਤੱਕ ਚਲਦਾ ਰਿਹਾ, ਜਦੋਂ ਤੱਕ 1859 ਵਿਚ ਅੰਮ੍ਰਿਤਸਰ ਜ਼ਿਲ੍ਹਾ ਇਕ ਸਿਵਲ ਅਫਸਰ ਦੇ ਅਧੀਨ ਆ ਗਿਆ ਅਤੇ ਇਸ ਦਾ ਪ੍ਰਬੰਧ ਸਿੱਖ ਸਰਦਾਰਾਂ ਅਤੇ ਰਾਈਸਾਂ ਦੀ ਕਮੇਟੀ ਦੇ ਸਪੁਰਦ ਕਰ ਦਿੱਤਾ ਗਿਆ, ਇਹ ਕਮੇਟੀ 1881 ਵਿਚ ਭੰਗ ਕਰ ਦਿੱਤੀ ਗਈ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਸਲਾਹ ਨਾਲ ਸਵਰਨ ਮੰਦਰ ਦੀ ਦੇਖ ਭਾਲ ਕਰਨ ਲਈ ਇਕ ਪ੍ਰਬੰਧਕ ਜਾਂ ਸਰਬਰਾਹ ਨਿਯੁਕਤ ਕੀਤਾ ਗਿਆ। ਕਮੇਟੀ ਦੀ ਇਕੱਤਰਤਾ ਕਦੇ ਕਦੇ ਹੁੰਦੀ ਸੀ ਅਤੇ ਲਗਭਗ 1883 ਤੱਕ ਇਸ ਦੀ ਸਾਰੀ ਜ਼ਿੰਮੇਵਾਰੀ ਇਕ ਮੈਨੇਜਰ (ਸਰਬਰਾਹ) ਦੇ ਸਪੁਰਦ ਕਰ ਦਿੱਤੀ ਗਈ ਜਿਸ ਕਾਰਨ ਇਸ ਦੇ ਪ੍ਰਬੰਧ ਵਿਚ ਰਿਸ਼ਵਤਖੋਰੀ ਅਤੇ ਗੈਰ ਜ਼ਿੰਮੇਵਾਰੀ ਫੈਲ ਗਈ। 15 ਅਤੇ 16 ਨਵੰਬਰ 1920 ਨੂੰ ਅਕਾਲ ਤਖਤ ਦੇ ਸਾਹਮਣੇ ਇਕ ਮੀਟਿੰਗ ਹੋਈ ਅਤੇ 175 ਮੈਂਬਰਾਂ ਦੀ ਇਕ ਕਮੇਟੀ ਨਾਮਜ਼ਦ ਕੀਤੀ ਗਈ, ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਰੱਖਿਆ ਗਿਆ। ਇਸ ਦਾ ਮੰਤਵ ਸਿੱਖਾਂ ਦੇ ਧਾਰਮਿਕ ਅਸਥਾਨਾਂ ਅਤੇ ਗੁਰਦੁਆਰਿਆਂ ਦਾ ਪ੍ਰਬੰਧ, ਸੁਧਾਰ ਅਤੇ ਕੰਟਰੋਲ ਕਰਨਾ ਸੀ। 12 ਦਸੰਬਰ 1920 ਨੂੰ ਹੋਈ ਕਮੇਟੀ ਦੀ ਮੀਟਿੰਗ ਵਿਚ ਸੁੰਦਰ ਸਿੰਘ ਰਾਮਗੜ੍ਹੀਆ ਪ੍ਰਧਾਨ ਚੁਣਿਆ ਗਿਆ। ਥੋੜੀ ਦੇਰ ਬਾਅਦ ਇਹ ਇਕ ਕਾਨੂੰਨੀ ਤੌਰ ਤੇ ਸਥਾਪਤ ਸੰਸਥਾ ਬਣ ਗਈ ਅਤੇ ਬਾਬਾ ਖੜਕ ਸਿੰਘ ਨੂੰ ਇਸ ਦਾ ਪਹਿਲਾ ਪ੍ਰਧਾਨ ਨਿਯੁਕਤ ਕੀਤਾ ਗਿਆ। ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ, ਨਨਕਾਣਾ ਸਾਹਿਬ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਅੰਦੋਲਨ ਸ਼ੁਰੂ ਕਰ ਦਿੱਤਾ। ਜਿਥੇ ਬਹੁਤ ਹੀ ਭਿਆਨਕ ਦੁਖਾਂਤ ਵਾਪਰਿਆ, ਇਸ ਨਾਲ ਸਿੱਖਾਂ ਅਤੇ ਸਰਕਾਰ ਦੌਰਾਨ ਮਿੱਤਰਤਾ ਦੀ ਭਾਵਨਾ ਦਾ ਨਾਸ ਹੋ ਗਿਆ। ਉਨ੍ਹਾਂ ਨੇ ਸਵਰਨ ਮੰਦਰ ਅਤੇ ਅਕਾਲ ਤਖਤ ਦਾ ਪ੍ਰਬੰਧ ਪਹਿਲਾਂ ਹੀ ਸੰਭਾਲ ਲਿਆ ਸੀ। ਇਸ ਦੇ ਪਿਛੋਂ ਜਲਦੀ ਹੀ ਇਕ ਹੋਰ ਘਟਨਾ 7 ਨਵੰਬਰ 1921 ਨੂੰ ਵਾਪਰੀ ਜਦੋਂ ਅੰਮ੍ਰਿਤਸਰ ਦਾ ਜ਼ਿਲ੍ਹਾ ਮੈਜਿਸਟਰੇਟ ਸਵਰਨ ਮੰਦਰ ਦੇ ਤੋਸ਼ਾਖਾਨਾ ਦੀਆਂ ਚਾਬੀਆਂ ਲੈ ਗਿਆ। ਇਸ ਨੇ ਅੱਗੋਂ ਇਕ ਹੋਰ ਅੰਦੋਲਨ ਨੂੰ ਜਨਮ ਦਿੱਤਾ ਜਿਸ ਨੂੰ **'ਚਾਬੀਆਂ ਦਾ ਮੋਰਚਾ'** ਵਜੋਂ ਜਾਣਿਆ ਜਾਂਦਾ ਹੈ। ਅੰਗਰੇਜ਼ਾਂ ਵਲੋਂ ਰਾਜ ਵਿਰੋਧੀ ਮੀਟਿੰਗ ਧਾਰਾ ਦੀ

ਵਿਵਸਥਾ ਅਧੀਨ **ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ ਅਤੇ ਮਹਿਤਾਬ ਸਿੰਘ ਸਮੇਤ ਬਹੁਤ ਸਾਰੇ ਸਿੱਖ ਨੇਤਾਵਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ।** ਲਗਭਗ 200 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਨਾਲ ਅੰਦੋਲਨ ਹੋਰ ਵੀ ਤੇਜ਼ ਹੋ ਗਿਆ। ਕਾਂਗਰਸ ਅਤੇ ਖਿਲਾਫਤ ਕਮੇਟੀ ਨੇ ਸਿੱਖਾਂ ਦੀ ਹਿਮਾਇਤ ਕੀਤੀ। ਬਾਅਦ ਵਿਚ ਸਰਕਾਰ ਨੇ 12 ਫਰਵਰੀ,1922 ਨੂੰ ਚਾਬੀਆਂ ਸਿੱਖਾਂ ਨੂੰ ਵਾਪਸ ਦੇ ਦਿੱਤੀਆਂ। **9 ਜੁਲਾਈ, 1923 ਨੂੰ ਸਿੱਖਾਂ ਨਾਲ ਹਮਦਰਦੀ ਰੱਖਣ ਕਾਰਨ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ ਗਿਆ,** ਇਸ ਨਾਲ ਸਿੱਖਾਂ ਵਿਚ ਗੁੱਸਾ ਭੜਕ ਉਠਿਆ ਅਤੇ ਇਸ ਦੇ ਨਤੀਜੇ ਵਜੋਂ ਨਾਭਾ ਰਾਜ ਵਿਚ ਜੈਤੋ ਦੇ ਸਿੱਖਾਂ ਨੇ ਗੁਰਦੁਆਰੇ ਵਿਚ ਅਖੰਡ ਪਾਠ ਆਰੰਭ ਕਰ ਦਿੱਤਾ ਗਿਆ। ਜਿਉਂ ਹੀ ਨਾਭਾ ਪੁਲਿਸ ਨੇ ਗੁਰਦੁਆਰੇ ਦੇ ਅੰਦਰ ਵੜ ਕੇ ਅਕਾਲੀ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਤਾਂ ਅਖੰਡ ਪਾਠ ਵਿਚ ਵਿਘਨ ਪੈ ਗਿਆ। ਇਸ ਨੂੰ ਸਿੱਖਾਂ ਨੇ ਇਕ ਚਣੌਤੀ ਵਜੋਂ ਸਵੀਕਾਰ ਕੀਤਾ। ਗੰਗਸਰ ਗੁਰਦੁਆਰੇ ਵਿਚ ਅੰਖਡ ਪਾਠ ਸ਼ੁਰੂ ਕਰਨ ਲਈ ਲੱਗਭਗ 500 ਅਕਾਲੀ ਅੰਮ੍ਰਿਤਸਰ ਤੋਂ ਜੈਤੋ ਰਵਾਨਾ ਹੋਏ। ਇਸ ਧਾਰਮਿਕ ਪੂਜਾ ਸਥਾਨ ਵੱਲ ਸ਼ਾਂਤੀਪੂਰਵਕ ਜਾ ਰਹੇ ਨਿਹੱਥੇ ਸਿੱਖਾਂ ਵਿਰੁੱਧ ਫੌਜੀ ਸ਼ਕਤੀ ਦੀ ਵਰਤੋਂ ਕੀਤੀ ਗਈ। ਲੱਗਭਗ 100 ਸਿੱਖ ਮਾਰੇ ਗਏ। ਪਰ ਇਸ ਤਰ੍ਹਾਂ ਵੀ ਉਨ੍ਹਾਂ ਨੂੰ ਭੈਭੀਤ ਨਹੀਂ ਕੀਤਾ ਜਾ ਸਕਿਆ। **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਨੂੰ ਗੈਰ ਕਾਨੂੰਨੀ ਸੰਸਥਾਵਾਂ ਐਲਾਨ ਕਰ ਦਿੱਤਾ ਗਿਆ ਅਤੇ ਲੱਗਭਗ ਸਾਰੇ ਪ੍ਰਸਿੱਧ ਸਿੱਖ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅੰਤ ਵਿਚ 1925 ਵਿਚ ਗੁਰਦੁਆਰਾ ਬਿਲ ਪਾਸ ਕੀਤਾ ਗਿਆ** ਜਿਸ ਅਨੁਸਾਰ ਸਾਰੇ ਮਹੱਤਵਪੂਰਨ ਗੁਰਦੁਆਰੇ, ਪੰਜਾਬ ਵਿਚ ਜਿਨ੍ਹਾਂ ਦੀ ਗਿਣਤੀ 625 ਦੇ ਕਰੀਬ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿਚ ਦੇ ਦਿਤੇ ਗਏ।

11 ਅਪਰੈਲ, 1923 ਨੂੰ ਅੰਮ੍ਰਿਤਸਰ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਗੰਭੀਰ ਫਿਰਕੂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਸ ਸਮੇਂ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਲਈ ਆਏ ਹਜ਼ਾਰਾਂ ਰਿਸ਼ਟ ਪੁਸ਼ਟ ਪੇਂਡੂ ਲੋਕਾਂ ਦੀ ਪਰੇਸ਼ਾਨੀ ਵਿਚ ਹੋਰ ਵਾਧਾ ਹੋ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਾਂਤੀ ਬਣਾਏ ਰੱਖਣ ਲਈ ਗਲੀਆਂ ਵਿਚ ਗਸ਼ਤ ਕਰਨ ਲਈ ਅਕਾਲੀ ਜੱਥਿਆਂ ਦਾ ਪ੍ਰਬੰਧ ਕੀਤਾ। ਖਾਲਸਾ ਕਾਲਜ ਦੇ ਲਗਭਗ 2000 ਵਿਦਿਆਰਥੀਆਂ ਨੇ ਸ਼ਹਿਰ ਵਿਚ ਗਸ਼ਤ ਕਰਨ ਲਈ ਸਵੈ ਇੱਛਾ ਨਾਲ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਕਾਂਗਰਸ ਅਤੇ ਖਿਲਾਫਤ ਨੇਤਾਵਾਂ ਨੇ ਵੀ ਕੀਤੀ। ਇਕ ਸਰਕਾਰੀ ਐਲਾਨ ਵਿਚ ਸਰਕਾਰ ਨੇ ਅਕਾਲੀਆਂ ਵਲੋਂ ਕੀਤੀ ਗਈ ਸੇਵਾ ਦੀ ਪ੍ਰਸੰਸ਼ਾ ਕੀਤੀ। ਬਹੁਤ ਸਾਰੇ ਜ਼ਖਮੀ ਵਿਅਕਤੀਆਂ ਨੂੰ ਸਵਰਨ ਮੰਦਰ ਦੇ ਅਕਾਲੀ ਹਸਪਤਾਲ ਵਿਚ ਦਾਖਲ ਕੀਤਾ ਗਿਆ। ਡਿਪਟੀ ਕਮਿਸ਼ਨਰ, ਜੇ.ਐਮ ਡੁਨੇਟ ਇਸ 'ਨਾਜਜ਼ਕ ਅਤੇ ਮੁਸ਼ਕਿਲ ਹਾਲਤ' ਵਿਚ ਸਥਾਨਕ ਲੋਕਾਂ ਵਲੋਂ ਮਿਲੇ ਸਹਿਯੋਗ ਤੋਂ ਬਹੁਤ ਪ੍ਰਭਾਵਤ ਹੋਇਆ। 13 ਅਪਰੈਲ ਦਾ ਦਿਨ ਇਕ ਨਾਜ਼ੁਕ ਦਿਹਾੜਾ ਸੀ, ਜਦੋਂ ਬਹੁਤ ਸਾਰੀਆਂ ਦੁਕਾਨਾਂ ਬੰਦ ਸਨ, ਸਾਰਾ ਸ਼ਹਿਰ ਮਰਿਆ ਹੋਇਆ ਜਾਪਦਾ ਸੀ, ਕੁਝ ਇਕਾ ਦੁੱਕਾ ਕੁੱਟਮਾਰ ਅਤੇ ਪੱਥਰ ਮਾਰਨ ਦੀਆਂ ਘਟਨਾਵਾਂ ਹੋਣ ਤੋਂ ਬਿਨਾਂ ਇਹ ਦਿਨ ਸ਼ਾਂਤੀ ਪੂਰਨ ਗੁਜ਼ਰ ਗਿਆ। ਜਿਉਂ ਹੀ ਹਾਲਾਤ ਕੁਝ ਠੀਕ ਹੋਏ ਤਾਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਨੇ 14 ਅਪਰੈਲ ਹਿੰਦੂਆਂ ਅਤੇ ਮੁਸਲਮਾਨਾਂ ਦੇ ਲਗਭਗ 60 ਪ੍ਰਮੁੱਖ ਨੇਤਾਵਾਂ ਦਾ ਇਕ ਸੰਮੇਲਨ ਬੁਲਾਇਆ। ਸਰਦਾਰ ਤੇਜਾ ਸਿੰਘ ਸਮੁੰਦਰੀ ਨੂੰ ਸਰਬ ਸੰਮਤੀ ਨਾਲ ਇਸ ਦਾ ਚੇਅਰਮੈਨ ਚੁਣਿਆ ਗਿਆ ਅਤੇ ਝੂਠੇ ਲੜਾਈ ਝਗੜੇ ਅਤੇ ਸ਼ਰਾਰਤੀ ਅਫਵਾਹਾਂ ਵਿਰੁਧ ਕੰਮ ਕਰਨ ਦਾ ਬੀੜਾ ਉਠਾਉਣ ਲਈ ਕਦਮ ਚੁੱਕੇ ਗਏ। ਮਿਉਂਸਪਲ ਕਮੇਟੀ, ਅੰਮ੍ਰਿਤਸਰ ਦੇ ਪ੍ਰਧਾਨ ਰਾਇ ਬਹਾਦਰ ਗੋਪਾਲ ਦਾਸ ਭੰਡਾਰੀ, ਮਿਉਂਸਪਲ ਕਮੇਟੀ ਅੰਮ੍ਰਿਤਸਰ ਦੇ ਉਪ ਪ੍ਰਧਾਨ ਖਵਾਜਾ ਗੁਲਾਮ ਸਾਦਿਕ ਅਤੇ ਸਰਦਾਰ ਤਾਰਾ ਸਿੰਘ ਇਸ ਸੰਮੇਲਨ ਵਿਚ ਹਾਜ਼ਰ ਸਨ ਅਤੇ ਉਨ੍ਹਾਂ ਨੇ ਇਸ ਉਦੇਸ਼ ਦਾ ਸਮਰਥਨ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਬੰਧ ਸਿੱਖਾਂ ਦੀ ਭਲਾਈ, ਉਨ੍ਹਾਂ ਦੀ ਸਿੱਖਿਆ ਅਤੇ ਉਦਯੋਗਿਕ ਉਨਤੀ, ਸਿੱਖ ਗੁਰਦੁਆਰਾ ਧਾਰਾ ਵਿਚ ਸ਼ਾਮਲ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਸਿੱਖ ਧਰਮ ਦੇ ਉਦੇਸ਼ਾਂ ਦਾ ਪ੍ਰਚਾਰ ਕਰਨਾ ਰਿਹਾ ਹੈ। 1945 ਦੀ ਗੁਰਦੁਆਰਾ ਧਾਰਾ ਦੀ ਸੋਧ ਅਨੁਸਾਰ ਸਥਾਨਕ ਕਮੇਟੀਆਂ ਨੂੰ ਭੰਗ ਕਰ ਦਿੱਤਾ ਗਿਆ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਧਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ। ਇਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 160 ਮੈਂਬਰ ਸਨ ਜਿਨ੍ਹਾਂ ਵਿਚੋਂ 140 ਚੁਣੇ ਹੋਏ, ਹੋਰ 5 ਮੈਂਬਰ ਸਿੱਖਾਂ ਦੇ ਵੱਡੇ ਧਾਰਮਿਕ ਅਸਥਾਨਾਂ ਜਿਵੇਂ ਕਿ ਅਕਾਲ ਤਖਤ, ਅੰਮ੍ਰਿਤਸਰ, ਤਖਤ ਕੇਸਗੜ੍ਹ, ਆਨੰਦਪੁਰ ਸਾਹਿਬ, ਤਖਤ ਪਟਨਾ ਸ਼ਾਹਿਬ (ਬਿਹਾਰ), ਤਖਤ ਹਜ਼ੂਰ ਸਾਹਿਬ (ਮਹਾਰਾਸ਼ਟਰ) ਅਤੇ ਸਵਰਨ ਮੰਦਰ ਅੰਮ੍ਰਿਤਸਰ ਦਾ ਪ੍ਰਤੀਨਿਧ ਹਨ ਅਤੇ 15 ਸੀਟਾਂ ਪੰਜਾਬ ਤੋਂ ਬਾਹਰ ਦੇ ਸਿੱਖਾਂ ਲਈ ਰਾਖਵੀਆਂ ਹਨ। ਇਸ ਦੀ ਮੈਂਬਰਸਿਪ ਦੀ ਯੋਗਤਾ ਲਈ ਉਮਰ 21 ਸਾਲ ਤੇ ਉਸ ਸਮੇਂ ਕੁੱਲ ਵੋਟਾਂ ਦੀ ਗਿਣਤੀ 15,000 ਤੋਂ 20,000 ਤੱਕ ਸੀ। ਦਾਨ, ਚੜ੍ਹਾਵਾ ਅਤੇ ਕਿਰਾਇਆ ਆਮਦਨ ਦੇ ਮੁੱਖ ਸਾਧਨ ਸਨ। ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਵਾਰਸਾਂ ਦੁਆਰਾ ਅੰਮ੍ਰਿਤਸਰ ਦੇ ਪਵਿੱਤਰ ਸਥਾਨ ਨੂੰ ਬਹੁਤ ਸਾਰੀਆਂ ਧਰਮ ਅਰਥ ਭੇਟਾਂ ਦਿੱਤੀਆ ਗਈਆਂ ਜੋ ਹੁਣ ਤੱਕ ਚਲਦੀਆਂ ਆ ਰਹੀਆਂ ਹਨ। 1962-63 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਲਾਨਾ ਅਨੁਮਾਨਤ ਆਮਦਨ 52,12,347 ਰੁਪਏ ਸੀ ਅਤੇ ਜਿਨ੍ਹਾਂ ਮੱਦਾਂ ਉਪਰ ਪੈਸਾ ਖਰਚ ਹੁੰਦਾ ਹੈ ਉਨ੍ਹਾਂ ਵਿਚ ਹਸਪਤਾਲ (40,00,00 ਤੋਂ 50,00,00 ਲੱਖ ਰੁਪਏ ਸਲਾਨਾ) ਸਿੱਖਿਆ (ਜਿਸ ਵਿਚ ਲੁਧਿਆਣੇ ਦਾ ਇੰਜੀਨੀਅਰਿੰਗ ਕਾਲਜ ਅਤੇ ਬਹੁਤ ਸਾਰੇ ਹਾਈ ਸਕੂਲ ਸ਼ਾਮਲ ਹਨ), ਗੁਰੂ ਰਾਮਦਾਸ ਸਰਾਂ ਦਾ ਲੰਗਰ (60,000 ਰੁਪਏ ਸਲਾਨਾ) ਲਾਇਬਰੇਰੀਆਂ ਅਤੇ ਗੁਰਦੁਆਰਿਆਂ ਦੀ ਸਜਾਵਟ ਸ਼ਾਮਲ ਸਨ।

ਜਦੋਂ ਮਈ 1918 ਤੋਂ ਮਈ 1919 ਤੱਕ ਮਿਸਟਰ ਸੀ.ਐਚ ਰੋਗਰਜ਼ ਮਿਉਂਸਪੈਲਿਟੀ ਦਾ ਸਕੱਤਰ ਸੀ, ਤਾਂ ਟਾਊਨ ਹਾਲ ਵਿਚਲੇ ਦਫਤਰ ਸਾੜ ਦਿਤੇ ਗਏ ਅਤੇ ਸਾਰਾ ਰਿਕਾਰਡ ਤਬਾਹ ਹੋ ਗਿਆ ਅਤੇ ਉਸਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ, ਜਦੋਂ ਕਿ ਸ਼ਹਿਰ ਫੌਜੀ ਕਾਨੂੰਨ ਅਧੀਨ ਸੀ, ਅਜਿਹੇ ਨਾਜ਼ਕ ਸਮੇਂ ਤੇ ਰਾਇ ਬਹਾਦਰ ਗੋਪਾਲ ਦਾਸ ਭੰਡਾਰੀ ਉਨ੍ਹਾਂ ਦੇ ਜਾਨਹੀਨ ਬਣੇ ਜਿਸ ਨੇ ਸ਼ਹਿਰ ਵਿਚ ਆਪਣਾ ਕਾਫੀ ਪ੍ਰਭਾਵ ਪਾਇਆ। 1921 ਤੱਕ ਕੇਵਲ ਡਿਪਟੀ ਕਮਿਸ਼ਨਰ ਹੀ ਪ੍ਰਧਾਨ ਦਾ ਦਫਤਰ ਸੰਭਾਲ ਸਕਦਾ ਸੀ ਅਤੇ ਗੋਪਾਲ ਦਾਸ ਪਹਿਲਾ ਗੈਰ ਸਰਕਾਰੀ ਪ੍ਰਧਾਨ 4 ਮਾਰਚ 1921 ਨੂੰ ਬਣਿਆ ਅਤੇ ਉਸਦਾ ਇਹ

ਅਹੁਦਾ 1927 ਵਿਚ ਉਸਦੀ ਮੌਤ ਹੋਣ ਤੱਕ ਬਣਿਆ ਰਿਹਾ। ਉਹ ਇਕ ਮਿੱਠ ਬੋਲੜਾ ਵਕਤਾ, ਅਰਬੀ ਅਤੇ ਫਾਰਸੀ ਦਾ ਵਿਦਵਾਨ ਸੀ ਅਤੇ ਉਸਨੇ ਆਪਣੀ ਚੰਗੀ ਪ੍ਰਬੰਧਕੀ ਯੋਗਤਾ ਅਤੇ ਵਿਸ਼ਾਲ ਦ੍ਰਿਸ਼ਟੀਕੋਣ ਦਾ ਵਿਖਾਵਾ ਕੀਤਾ। 1923 ਵਿਚ ਮਜ਼ਬੀ ਦੰਗਿਆਂ ਦੌਰਾਨ, ਉਸਨੇ ਝਗੜੇ ਵਾਲੀਆਂ ਧਿਰਾਂ ਤੇ ਆਪਣਾ ਦ੍ਰਿੜ ਪ੍ਰਭਾਵ ਪਾਇਆ ਅਤੇ ਸਥਿਤੀ ਨੂੰ ਬੜੀ ਨਿਪੁੰਨਤਾ ਨਾਲ ਕਾਬੂ ਕੀਤਾ। ਉਨ੍ਹਾਂ ਜੁਲਾਈ 1920 ਨੂੰ ਮਿਸਟਰ ਬੀ.ਸੀ. ਚੈਟਰਜ਼ੀ ਦੀ ਨਿਯੁਕਤੀ ਹੋਣ ਤੱਕ ਕਾਇਮ ਮੁਕਾਮ ਸਕੱਤਰ ਵਜੋਂ ਵੀ ਕੰਮ ਕੀਤਾ (8 ਮਹੀਨਿਆਂ ਦੇ ਵਕਫੇ ਨੂੰ ਛੱਡ ਕੇ, ਜਦੋਂ ਮਿਸਟਰ ਪੀਅਰਜ਼ ਨੇ ਸਕੱਤਰਸ਼ਿਪ ਸੰਭਾਲੀ), ਜਿਨ੍ਹਾਂ ਨੇ 12 ਸਾਲ ਸਕੱਤਰ ਵਜੋਂ ਕੰਮ ਕੀਤਾ। 25 ਜੁਲਾਈ, 1932 ਨੂੰ ਸਰ ਗੋਪਾਲ ਦਾਸ ਦੇ ਸਪੁੱਤਰ ਮਿਸਟਰ ਪੀ.ਸੀ. ਭੰਡਾਰੀ, ਸ੍ਰੀ ਬੀ.ਸੀ. ਚੈਟਰਜੀ ਦੀ ਥਾਂ ਤੇ ਮਿਉਂਸਪਲ ਕਮੇਟੀ ਦੇ ਸਕੱਤਰ ਬਣੇ। ਉਨ੍ਹਾਂ ਨੇ ਕੈਂਬਰਿਜ਼ ਵਿਚ ਸਿਖਿਆ ਲਈ ਸੀ ਅਤੇ ਉਨ੍ਹਾਂ ਨੂੰ ਸਮਾਜਿਕ ਉਨਤੀ ਅਤੇ ਸਥਾਨਕ ਜਨਤਕ ਮਾਮਲਿਆਂ ਬਾਰੇ ਚੰਗੀ ਜਾਣਕਾਰੀ ਹਾਸਲ ਕੀਤੀ ਹੋਈ ਸੀ। 1931 ਵਿਚ ਉਸਨੇ ਅੰਮ੍ਰਿਤਸਰ ਮਿਉਂਸਪਲ ਪ੍ਰਬੰਧ ਬਾਰੇ ਇਕ ਰਿਪੋਰਟ ਪੇਸ਼ ਕੀਤੀ ਜੋ ਕਾਫੀ ਮਿਹਨਤ ਅਤੇ ਕਾਬਲੀਅਤ ਦਾ ਕੰਮ ਸੀ। ਉਸਨੂੰ ਲਾਹੌਰ ਮਿਉਂਸਪਲ ਮਾਮਲਿਆਂ ਦੀ ਪੜਤਾਲ ਕਰਨ ਲਈ ਬਣਾਈ ਡਾਬਸਨ ਕਮੇਟੀ ਦਾ ਸਕੱਤਰ ਨਿਯੁਕਤ ਗਿਆ। ਉਹ ਮਰਦਮ ਸ਼ੁਮਾਰੀ (1941) ਦੇ ਕੰਮ ਕਾਜ਼ ਦਾ ਇੰਚਾਰਜ ਅਫਸਰ ਸੀ। ਕੁਝ ਸਮਾਂ ਉਹ ਕੇਵਲ ਲੋਕਲ ਸੈਲਫ ਗੌਰਮਿੰਟ ਇੰਸਟੀਚਿਊਟ, ਲਾਹੌਰ ਵਿਚ ਅਰਥ ਸ਼ਾਸਤਰ ਦਾ ਲੈਕਚਰਾਰ ਵੀ ਸੀ। ਉਸਨੇ ਮਿਉਂਸਪਲ ਕਮੇਟੀ ਦੀ ਆਮਦਨ ਵਧਾਉਣ ਵੱਲ ਧਿਆਨ ਦਿੱਤਾ ਅਤੇ ਮਲ ਮੂਤਰ ਨਿਕਾਸ ਦੇ ਖੋਜ ਦਾ ਕੰਮ ਮਨਮਰਜ਼ੀ ਨਾਲ ਕਰਨ ਲਈ ਉਸਦੇ ਸਪੁਰਦ ਕੀਤਾ ਗਿਆ ਜੋ ਦਸੰਬਰ 1941 ਵਿਚ ਅੰਮ੍ਰਿਤਸਰ ਵਿਖੇ ਚੱਲ ਰਿਹਾ ਸੀ। ਅੰਮ੍ਰਿਤਸਰ ਮਿਉਂਸਪੈਲਟੀ ਦਾ ਕਾਰਜਕਾਰੀ ਅਫਸਰ ਹੋਣ ਵਜੋਂ ਉਸਨੇ ਸ਼ਹਿਰ ਦੀ ਉਨਤੀ ਅਤੇ ਵਿਸਥਾਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਵਿਸ਼ੇਸ਼ ਤੌਰ ਤੇ ਉਦੋਂ ਜਦੋਂ ਸ਼ਹਿਰ 1946 ਵਿਚ ਨਸਲੀ ਦੰਗਿਆਂ ਉਪਰੰਤ ਬਿਲਕੁਲ ਤਬਾਹ ਹੋ ਚੁੱਕਾ ਸੀ, ਉਸ ਦੀਆਂ ਅੰਮ੍ਰਿਤਸਰ ਲਈ ਕੀਤੀਆਂ ਵਿਸ਼ੇਸ਼ ਜਨਤਕ ਸੇਵਾਵਾਂ ਕਾਰਨ ਸ਼ਹਿਰ ਨੂੰ ਸਿਵਲ ਇਲਾਕਿਆਂ ਨਾਲ ਜੋੜਨ ਵਾਲੇ ਪੁਲ ਦਾ ਨਾ ਉਸਦੇ ਨਾਂ ਤੇ ਰੱਖਿਆ ਗਿਆ ਹੈ।

ਅੰਮ੍ਰਿਤਸਰ ਨਾਲ ਸਬੰਧਤ ਇਕ ਹੋਰ ਜਾਣਿਆ ਪਛਾਣਿਆ ਪਰਿਵਾਰ ਸਰਦਾਰ ਬਹਾਦਰ ਸਰਦਾਰ ਅਰੂੜ ਸਿੰਘ ਦਾ ਹੈ, ਜਿਸਨੇ ਬਹੁਤ ਸਾਰੀਆਂ ਸ਼ਹਿਰੀ ਅਤੇ ਅਦਾਲਤੀ ਜ਼ਿੰਮੇਵਾਰੀਆਂ ਨਿਭਾਈਆਂ ਅਤੇ ਸਵਰਨ ਮੰਦਰ ਦਾ ਮਾਨ-ਅਰਥ ਮੈਨੇਜਰ (1902-1921) ਵੀ ਸੀ। ਉਸਨੇ ਯੁੱਧ ਕਰਜ਼ੇ ਇਕੱਤਰ ਕੀਤੇ, ਹਜ਼ਾਰਾਂ ਲੋਕਾਂ ਨੂੰ ਭਰਤੀ ਲਈ ਭੇਜਿਆ ਅਤੇ ਇਸ ਸਮੇਂ ਹੀ ਜਲ੍ਹਿਆਂਵਾਲੇ ਬਾਗ ਦੇ ਜ਼ਿੰਮੇਵਾਰ ਜਨਰਲ ਡਾਇਰ ਨੂੰ ਹਰਿਮੰਦਰ ਸਾਹਿਬ ਵਿਚ ਸਿਰੋਪਾ ਭੇਟ ਕੀਤਾ ਗਿਆ। ਉਹ ਜ਼ਿਲ੍ਹਾ ਬੋਰਡ ਦਾ ਚੁਣਿਆ ਜਾਣ ਵਾਲਾ ਪਹਿਲਾ ਸੀਨੀਅਰ ਉਪ ਪ੍ਰਧਾਨ ਸੀ। ਉਸ ਦਾ ਪੁੱਤਰ ਕਰਨਲ ਸਰਦਾਰ ਸਰ ਬੂਟਾ ਸਿੰਘ ਸੁਰੱਖਿਆ ਸਲਾਹਕਾਰ ਕਮੇਟੀ ਦਾ ਮੈਂਬਰ ਸੀ। ਉਹ ਸੁਤੰਤਰ ਰਾਜ ਸਬੰਧਾਂ ਬਾਰੇ ਸੰਮੇਲਨ ਵਿਚ ਭਾਰਤ ਦੇ ਪ੍ਰਤੀਨਿਧ ਵਜੋਂ ਇੰਗਲੈਂਡ ਗਿਆ ਅਤੇ ਉਹ 1954 ਤੋਂ ਖਾਲਸਾ

ਕਾਲਜ ਅੰਮ੍ਰਿਤਸਰ ਦਾ ਸੀਨੀਅਰ ਉਪ ਪ੍ਰਧਾਨ ਕਾਫੀ ਲੰਬੇ ਸਮੇਂ ਤੱਕ ਰਿਹਾ। ਉਹ ਪੰਜਾਬ ਕਿਸਾਨ ਸਭਾ ਦਾ ਸੀਨੀਅਰ ਉਪ ਪ੍ਰਧਾਨ ਵੀ ਰਿਹਾ।

ਰਾਜਾ ਕਲਿਆਣ ਸਿੰਘ ਦੇ ਉਤਰ ਅਧਿਕਾਰੀਆਂ ਲਾਲਾ ਲਾਭ ਚੰਦ, ਲਾਲਾ ਪ੍ਰਕਾਸ਼ ਚੰਦ ਅਤੇ ਲਾਲਾ ਲਾਲ ਚੰਦ ਨੇ ਸਮਾਜ ਭਲਾਈ ਅਤੇ ਸੇਵਾ ਦੀ ਆਪਣੇ ਪਰਿਵਾਰ ਦੀ ਪ੍ਰੰਪਰਾ ਨੂੰ ਬਰਕਰਾਰ ਰੱਖਿਆ ਹੈ। 1920 ਤੋਂ ਆਨਰੇਰੀ ਮੈਜਿਸਟਰੇਟ, ਲਾਲਾ ਲਾਭ ਚੰਦ, ਪੁਰਾਣੀ ਪੰਜਾਬ ਵਿਧਾਨ ਸਭਾ ਦਾ ਮੈਂਬਰ ਸੀ, ਉਹ ਬਹੁਤ ਸਾਰੀਆਂ ਜਨਤਕ ਅਤੇ ਧਰਮ ਅਰਥ ਸੰਸਥਾਵਾਂ ਦਾ ਪ੍ਰਧਾਨ ਅਤੇ ਪ੍ਰਾਂਤਿਕ ਸਕਾਊਂਟਸ ਕਮਿਸ਼ਨਰ ਸੀ। ਲਾਲਾ ਪ੍ਰਕਾਸ਼ ਚੰਦ 25 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਮਿਉਂਸਪਲ ਕਮੇਟੀ ਨਾਲ ਸਬੰਧਤ ਰਹੇ ਅਤੇ ਉਨ੍ਹਾਂ ਨੂੰ ਦੋ ਵਾਰ ਇਸ ਦਾਂ ਪ੍ਰਧਾਨ ਚੁਣਿਆ ਗਿਆ ਸੀ। 1939 ਵਿਚ ਆਪਸੀ ਵਿਰੋਧ ਦੇ ਆਰੰਭ ਵਿਚ ਉਨ੍ਹਾਂ ਦੀ ਪ੍ਰਧਾਨਗੀ ਹੇਠ ਸਰਬ ਭਾਰਤੀ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀ ਸੁਭਾਸ਼ ਚੰਦਰ ਬੋਸ ਨੂੰ ਇਕ ਸਵਾਗਤੀ ਭਾਸ਼ਣ ਪੇਸ਼ ਕੀਤਾ ਗਿਆ ਸੀ। ਉਹ ਲਗਭਗ 1967 ਵਿਚ 12 ਸਾਲਾਂ ਤੋਂ ਸ਼ਹਿਰੀ ਸੁਧਾਰ ਸਭਾ ਦੇ ਮੈਂਬਰ ਸਨ। 9 ਅਪਰੈਲ,1937 ਦੇ ਮਤੇ ਨੰਬਰ 2 ਅਨੁਸਾਰ ਮਿਉਂਸਪਲ ਕਮੇਟੀ ਨੇ ਫੈਸਲਾ ਲਿਆ ਕਿ ਪ੍ਰਧਾਨ ਦੇ ਅਹੁਦੇ ਦੀ ਮਿਆਦ ਤਿੰਨ ਸਾਲ ਦੀ ਥਾਂ ਤੇ ਇਕ ਸਾਲ ਦੀ ਹੋਵੇਗੀ ਅਤੇ ਇਹ ਅਹੁਦਾ ਹਾਸਲ ਕਰਨ ਲਈ ਹਰੇਕ ਕੌਮ ਦੇ ਵਿਅਕਤੀਆਂ ਨੂੰ ਖੁੱਲ ਹੋਣੀ ਚਾਹੀਦੀ ਹੈ। 1934 ਵਿਚ ਲੂਣ ਮੰਡੀ ਬਾਜ਼ਾਰ ਵਿਚ ਸੱਟਾ ਮੰਚ ਦੀ ਉਸਾਰੀ ਹੋਣ ਕਾਰਨ ਰੋਸ ਪੈਦਾ ਹੋ ਗਿਆ। ਅਖਬਾਰਾਂ ਵਿਚ ਇਸ ਦਾ ਜ਼ੋਰਦਾਰ ਵਿਰੋਧ ਹੋਇਆ ਜਿਸ ਨਾਲ ਸੱਟਾ ਵਪਾਰ ਦੀਆਂ ਬਹੁਤ ਸਾਰੀਆਂ ਬੁਰਾਈਆਂ ਬਾਰੇ ਗਿਆਨ ਮਿਲਿਆ। ਜ਼ਬਰਦਸਤ ਲੋਕ ਰਾਇ ਕਾਰਨ ਸੱਟਾ ਬਾਜ਼ਾਰ ਮੰਚ ਬੰਦ ਕਰ ਦਿੱਤਾ ਗਿਆ ਅਤੇ ਇੰਜੀਨੀਅਰਿੰਗ ਵਿਭਾਗ ਦੀ ਕਰੜੀ ਆਲੋਚਨਾ ਹੋਈ।

ਡਾ. ਸੱਤਿਆਪਾਲ ਦੀ ਸਲਾਹ ਤੇ ਲਾਹੌਰ ਵਿਚ, ਮਾਰਚ 1926 ਨੂੰ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਹੋਈ, ਜਿਸ ਦੇ ਦੋ ਮੁੱਖ ਉਦੇਸ਼ ਸਨ, ਦੇਸ਼ ਦੇ ਨੌਜਵਾਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ ਅਤੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਥੇਬੰਦ ਕਰਨਾ। ਪਹਿਲਾਂ ਪਹਿਲ ਇਸ ਦੀਆਂ ਗਤੀਵਿਧੀਆਂ ਸੀਮਤ ਸਨ, ਪਰੰਤੂ ਅੰਮ੍ਰਿਤਸਰ ਵਿਖੇ ਅਪਰੈਲ 1928 ਨੂੰ ਹੋਏ ਪੰਜਾਬ ਰਾਜਨੀਤਿਕ ਸੰਮੇਲਨ ਨੇ ਇਸ ਨੂੰ ਨਵਾਂ ਜੀਵਨ ਪ੍ਰਦਾਨ ਕੀਤਾ। ਸ਼ਹਿਰੀ ਕਾਂਗਰਸ ਕਮੇਟੀ ਅਤੇ ਸਥਾਨਕ ਨੌਜਵਾਨ ਭਾਰਤ ਸਭਾ ਦੀ ਸਾਂਝੀ ਅਗਵਾਈ ਅਧੀਨ ਭਗਤ ਸਿੰਘ ਅਤੇ ਬਟੂਕੇਸ਼ਵਰ ਦੱਤ ਵਲੋਂ ਜੇਲ੍ਹਾਂ ਵਿਚ ਸਿਆਸੀ ਕੈਦੀਆਂ ਨਾਲ ਕੀਤੇ ਜਾ ਰਹੇ ਭੈੜੇ ਵਰਤਾਓ [3] ਦੇ ਵਿਰੋਧ ਵਿਚ ਕੀਤੀ ਗਈ ਭੁੱਖ ਹੜਤਾਲ ਨਾਲ ਹਮਦਰਦੀ ਵਜੋਂ 30 ਜੂਨ, 1929 ਨੂੰ ਜਲ੍ਹਿਆਂਵਾਲੇ ਬਾਗ ਵਿਚ ਇਕ ਜਨਤਕ ਸਭਾ ਬੁਲਾਈ ਗਈ ਜਿਸ ਦੀ ਪ੍ਰਧਾਨਗੀ ਡਾ. ਕਿਚਲੂ ਨੇ ਕੀਤੀ। ਸਰਦਾਰ ਸੋਹਨ ਸਿੰਘ ਜੋਸ਼ ਦੇ ਸਭਾ ਦੀ ਅੰਮ੍ਰਿਤਸਰ ਸ਼ਾਖਾ ਦੇ ਪ੍ਰਧਾਨ ਨਿਯੁਕਤ ਹੋ ਜਾਣ ਦੇ ਨਤੀਜੇ ਵਜੋਂ ਜੁਲਾਈ 1928 ਵਿਚ ਕਿਰਤੀ ਪਾਰਟੀ ਅਤੇ ਨੌਜਵਾਨ ਭਾਰਤ ਸਭਾ ਵਿਚਕਾਰ ਹੋਇਆ ਇਕਰਾਰਨਾਮਾ ਹੋਰ ਵੀ ਪੱਕਾ ਹੋ ਗਿਆ। ਸ਼ੇਖ ਹਸਮ-ਉਦਦੀਨ, ਸਿਕੰਦਰ ਖਿਜ਼ਰ, ਅਹਿਮਦ ਹਸਨ, ਰਤਨ ਚੰਦ ਅਤੇ ਗੁਰਦਿੱਤ ਸਿੰਘ ਸਭਾ ਦੇ ਕੁਝ ਪ੍ਰਮੁੱਖ ਮੈਂਬਰ ਸਨ।

1935 ਵਿਚ ਸ਼ੇਖ ਹਾਸ਼ਮੀ-ਉਦ-ਦੀਨ ਅਤੇ ਪੰਡਿਤ ਅਮਰ ਨਾਥ ਵਿਦਿਆਲੰਕਰ

ਦੇ ਯਤਨਾਂ ਨਾਲ ਅੰਮ੍ਰਿਤਸਰ ਵਿਚ ਟਰੇਡ ਯੂਨੀਅਨ ਕਾਂਗਰਸ ਦੀ ਸ਼ਾਖਾ ਦੀ ਸਥਾਪਨਾ ਹੋਈ, ਜਿਸ ਨੇ **ਸਰਵੈਂਟਸ ਆਫ ਪੀਪਲ ਸੋਸਾਇਟੀ** ਦੀਆਂ ਗਤੀਵਿਧੀਆਂ ਨੂੰ ਸੰਗਠਿਤ ਕੀਤਾ ਜਿਸ ਨਾਲ ਰਾਜਨੀਤੀ ਵਿਚ ਵੱਖੋ ਵੱਖ ਵਿਚਾਰਾਂ ਨੂੰ ਮੁੜ ਦ੍ਰਿੜ ਕੀਤਾ ਗਿਆ। ਅਤਾ ਉਲ੍ਹਾਹ ਸ਼ਾਹ ਬੁਖਾਰੀ ਦਾ ਅਹਰਾਰ ਅੰਦੋਲਨ, ਜੋ ਹਿੰਦੂ ਅਤੇ ਮੁਸਲਮਾਨਾਂ ਦੀ ਮਜ਼ਬੀ ਲੜਾਈ ਸੀ, ਸ਼ਹਿਰ ਵਿਚ ਜ਼ੋਰ ਪਕੜ ਗਿਆ ਅਤੇ ਸ਼ੇਖ ਹਾਸ਼ਮੀ-ਉਦ-ਦੀਨ, ਗਾਜੀ ਅਬਦੁੱਲ ਰਹਿਮਾਨ ਅਤੇ ਮੌਲਾਨਾ ਦਾਉਦ ਗਜ਼ਨੀ ਵਰਗੇ ਸਥਾਨਕ ਨੇਤਾ ਇਸ ਦੇ ਪ੍ਰਮੁੱਖ ਮੈਂਬਰ ਸਨ। ਅਗਸਤ, 1942 ਵਿਚ ਜਦੋਂ ਭਾਰਤ ਛੋੜੋ ਅੰਦੋਲਨ ਸ਼ੁਰੂ ਹੋਇਆ, ਉਦੋਂ ਅੰਮ੍ਰਿਤਸਰ ਵਿਚ ਕਾਂਗਰਸ ਗਤੀਵਿਧੀਆਂ ਨੇ ਪੂਰਾ ਜ਼ੋਰ ਪਕੜ ਲਿਆ ਸੀ। ਮਹਾਸ਼ਾ ਪਰਮਾਨੰਦ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਪ੍ਰਧਾਨ ਅਤੇ ਪੰਡਿਤ ਅਮਰ ਨਾਥ ਵਿਦਿਆਲੰਕਰ (ਜੋ ਬਾਅਦ ਵਿੱਚ ਪੰਜਾਬ ਦਾ ਸਿੱਖਿਆ ਮੰਤਰੀ ਬਣਿਆ ਅਤੇ ਫੇਰ ਪਾਰਲੀਮੈਂਟ ਦਾ ਮੈਂਬਰ ਬਣਿਆ) ਇਸ ਦਾ ਸਕੱਤਰ ਸੀ। ਭਾਰੀ ਗਿਣਤੀ ਵਿਚ ਮੀਟਿੰਗਾਂ ਕੀਤੀਆਂ ਗਈਆਂ ਅਤੇ ਜਲੂਸ ਕੱਢੇ ਗਏ। ਭਾਰਤ ਦੇ ਸਤੰਤਰਤਾ ਅੰਦੋਲਨ ਵਿਚ ਸਥਾਨਕ ਨੇਤਾਵਾਂ ਡਾ. ਕਿਚਲੂ, ਡਾ. ਸੱਤਿਆਪਾਲ, ਚੌਧਰੀ ਬੁੱਗਾ, ਸਿਕੰਦਰ ਖਿਜ਼ਰ, ਅਮੀਰ ਚੰਦ ਗੁਪਤਾ, ਅਹਿਮਦ ਹਸਨ, ਰਾਧਾ ਕਿਸ਼ਨ ਸੇਠ ਅਤੇ ਅਮਰ ਨਾਥ ਵਿਦਿਆਲੰਕਰ ਦਾ ਵਿਸ਼ੇਸ਼ ਜ਼ਿਕਰ ਕਰਨ ਦੇ ਯੋਗ ਹੈ। ਇਨ੍ਹਾਂ ਨੇ ਬਹੁਤ ਸਾਰੀਆਂ ਸਜ਼ਾਵਾਂ ਅਤੇ ਤਸੀਹੇ ਝੱਲੇ ਸਨ।

ਇਨ੍ਹਾਂ ਸਾਲਾਂ ਦੌਰਾਨ ਪੰਜਾਬ ਵਿੱਚ ਪੁਲੀਸ ਫੌਜੀ ਤੇ ਨਿਗਰਾਨ ਲਈ ਸਖਤ ਕਦਮ ਚੁੱਕੇ ਗਏ। ਇਸ ਨਾਲ ਕਰਾਂ ਦੀ ਉਗਰਾਹੀ ਵਿਚ ਪ੍ਰਭਾਵਸ਼ਾਲੀ ਸੁਧਾਰ ਹੋਇਆ। 1939 ਵਿਚ ਇਕ ਪ੍ਰਸਿੱਧ ਪੱਤਰਕਾਰ, ਮਿਸਟਰ ਜੀ. ਆਰ. ਸੇਠੀ ਦੀ ਪਹਿਲ ਕਦਮੀ ਵਜੋਂ ਕਾਰਜ ਸੂਚੀ ਪ੍ਰਣਾਲੀ ਸ਼ੁਰੂ ਹੋਈ ਜਿਸ ਅਨੁਸਾਰ ਮੋਹਰਰਾਂ ਨੂੰ ਇਕ ਚੁੰਗੀ ਨਾਕੇ ਤੋਂ ਦੂਸਰੇ ਤੇ ਬਦਲਿਆ ਜਾਂਦਾ ਸੀ, ਜਿਸ ਦੇ ਨਤੀਜੇ ਵਜੋਂ ਆਮਦਨ ਵਿਚ ਵਾਧਾ ਹੋਇਆ ਅਤੇ ਹੇਰਾ ਫੇਰੀ ਦਾ ਪਤਾ ਲਾਉਣ ਵਿਚ ਵੀ ਆਸਾਨੀ ਹੋ ਗਈ। ਕੁਦਰਤੀ ਤੌਰ ਤੇ ਇਸ ਪ੍ਰਣਾਲੀ ਨੂੰ ਵਿਭਾਗ ਵਲੋਂ ਚੰਗਾ ਨਾ ਸਮਝਿਆ ਗਿਆ। ਅੰਮ੍ਰਿਤਸਰ ਵਿਚ ਮੱਛਰਾਂ ਕਾਰਨ ਬਿਮਾਰੀ ਫੈਲ ਗਈ। ਸਰਕਾਰੀ ਰਿਪੋਰਟਾਂ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਇਸ ਮੁਸੀਬਤ ਨਾਲ ਸਾਰਾ ਸ਼ਹਿਰ ਪ੍ਰਭਾਵਤ ਹੋਇਆ। ਸਮੇਂ ਸਮੇਂ ਤੇ ਮਿਉਂਸਪਲ ਅਧਿਕਾਰੀਆਂ ਨੇ ਇਸ ਵਿਸ਼ੇ ਵੱਲ ਧਿਆਨ ਦਿੱਤਾ ਅਤੇ ਮੱਛਰਾਂ ਵਿਰੋਧੀ ਲੋੜੀਂਦੇ ਕਦਮ ਚੁੱਕੇ। ਇਸ ਮਹਾਂਮਾਰੀ ਦੇ ਫੈਲਣ ਦੇ ਮੁੱਖ ਕਾਰਨ ਸਨ:- ਸ਼ਹਿਰ ਦੇ ਆਲੇ ਦੁਆਲੇ ਜਿਥੇ ਇਮਾਰਤਾਂ ਉਸਾਰੀਆਂ ਗਈਆਂ ਸਨ, ਉਥੇ ਨਹਿਰਾਂ ਨਾਲ ਵਧੇਰੇ ਸਿੰਚਾਈ, ਅੰਮ੍ਰਿਤਸਰ ਵਿਚ ਪਾਣੀ ਦੀ ਸਤਹਿ ਦਾ ਉਚਾ ਹੋਣਾ, ਜਿਸ ਨਾਲ ਸੇਮ ਪੈਦਾ ਹੋ ਗਈ, ਬਰਸਾਤੀ ਨਾਲਿਆਂ ਵਿਚ ਮਿੱਟੀ ਭਰ ਜਾਣਾ, ਸ਼ਹਿਰ ਦੀਆਂ ਕੰਧਾਂ ਤੇ ਸਲਾਬਾ ਤੇ ਬਾਹਰ ਵਸੀਆਂ ਅਬਾਦੀਆਂ ਵਿਚ ਯੋਗ ਜਲ ਨਿਕਾਸੀ ਪ੍ਰਬੰਧ ਦੀ ਘਾਟ, ਬਹੁਤ ਸਾਰੀਆਂ ਢਾਬਾਂ ਅਤੇ ਨੀਵੀਆਂ ਥਾਵਾਂ ਦੀ ਹੋਂਦ, ਪੁਰਾਣੇ ਤਲਾਬ ਅਤੇ ਟੋਭੇ, ਮਿਉਂਸਪਲ ਕਮੇਟੀ ਨੇ ਮੱਛਰ ਵਿਰੋਧੀ ਕੰਮਾਂ ਲਈ 10,000 ਰੁਪਏ ਦੀ ਰਕਮ ਮਨਜ਼ੂਰ ਕੀਤੀ ਅਤੇ ਅੰਮ੍ਰਿਤਸਰ ਵਿਚ ਮਲੇਰੀਆ ਵਿਰੋਧੀ ਕੰਮ ਕਰਨ ਲਈ ਸਥਾਈ ਅਮਲਾ ਪ੍ਰਵਾਨ ਕੀਤਾ। ਇਸ ਦਾ ਨਤੀਜਾ ਉਤਸ਼ਾਹਜਨਕ ਨਿਕਲਿਆ। ਦਸੰਬਰ 1949 ਵਿਚ ਵਿਆਪਕ ਮਲੇਰੀਆ ਵਿਰੋਧੀ ਕਾਰਵਾਈ ਤੇ 30,000 ਰੁਪਏ ਖਰਚ ਕਰਨ ਦੇ

ਪ੍ਰਸਤਾਵ ਨਾਲ ਸਰਕਾਰ ਅੱਗੇ ਆਈ। ਇਸ ਮਲੇਰੀਆ ਵਿਰੋਧੀ ਅਮਲ ਲਈ ਖੇਤਰ ਨੂੰ ਛੇ ਭਾਗਾਂ ਵਿਚ ਵੰਡਿਆ ਗਿਆ। ਹਫਤੇ ਵਿਚ ਇਕ ਵਾਰ ਡੀ.ਡੀ.ਟੀ ਦਾ ਛਿੜਕਾਅ ਕੀਤਾ ਜਾਂਦਾ ਸੀ। ਬੇਲੋੜੀ ਬਨਸਪਤੀ ਨੂੰ ਪੁੱਟਿਆ ਗਿਆ। ਪਾਣੀ ਲਈ ਖਾਈਆਂ ਪੁੱਟੀਆਂ ਗਈਆਂ ਅਤੇ ਟੋਇਆਂ ਨੂੰ ਭਰ ਦਿੱਤਾ ਗਿਆ। ਪਰਜੀਵਾਂ ਵਿਰੋਧੀ ਕਦਮ ਉਠਾਏ ਗਏ, ਕਿਉਂਕਿ ਮਲੇਰੀਆਂ ਵਿਰੋਧੀ ਕੰਮ ਮੁੱਖ ਤੌਰ ਤੇ ਇਕ ਇੰਜੀਨਅਰੀ ਸਮੱਸਿਆ ਸੀ, ਇਸ ਲਈ ਸ਼ਹਿਰ ਦੇ ਜਲ ਨਿਕਾਸੀ ਪ੍ਰਬੰਧ ਵਿਚ ਸੁਧਾਰ ਕਰਨ ਲਈ ਯਤਨ ਕੀਤੇ ਗਏ। ਪਿਛਲੇ ਸਾਲਾਂ ਦੇ ਮੁਕਾਬਲੇ ਅੰਕੜੇ ਦਰਸਾਉਂਦੇ ਹਨ ਕਿ ਮੱਛਰਾਂ ਦੀ ਪਕੜ ਵਿਚ ਪ੍ਰਤੀ ਆਦਮੀ, ਪ੍ਰਤੀ ਘੰਟਾ ਦੀ ਦਰ ਵਿਚ ਕਾਫੀ ਕਮੀ ਹੋਈ। ਨਵੀਆਂ ਸੜਕਾਂ ਬਣਾਈਆਂ ਗਈਆਂ, ਪੁਰਾਣੇ ਇਤਿਹਾਸਕ ਸਥਾਨਾਂ ਦੀ ਮੁਰੰਮਤ ਕੀਤੀ ਗਈ। ਪੁਰਾਣੇ ਪੁਲਾਂ ਦੀ ਮੁਰੰਮਤ ਵੀ ਕਰਵਾਈ ਗਈ, ਅਤੇ ਸ਼ਹਿਰ ਵਿਚ ਹੋਰ ਰੋਸ਼ਨੀ ਦਾ ਪ੍ਰਬੰਧ ਕੀਤਾ ਗਿਆ। ਰਾਮ ਬਾਗ ਵਿਚ ਖ਼ੂਬਸੂਰਤ ਗੁਲਾਈਦਾਰ ਮੈਦਾਨ ਬਣਾਏ ਗਏ। 1930ਵਿਆਂ ਦੇ ਅਖੀਰ ਵਿਚ, ਪ੍ਰਿੰਸ ਆਫ ਵੇਲਜ਼ ਜ਼ਨਾਨਾ ਹਸਪਤਾਲ ਦੀ ਉਸਾਰੀ ਕੀਤੀ ਗਈ ਅਤੇ ਇਸ ਦਾ ਉਦਘਾਟਨ 11 ਅਕਤੂਬਰ 1940 ਨੂੰ ਸਰ ਹੈਨਰੀ ਕਰੈਕ ਦੁਆਰਾ ਕੀਤਾ ਗਿਆ। ਪੰਜਾਬ ਸਰਕਾਰ ਤੋਂ 5,00,000 ਰੁਪਏ ਦਾ ਕਰਜ਼ਾ ਲੈ ਕੇ ਸ਼ਹਿਰ ਦੀ ਸੰਘਣੀ ਆਬਾਦੀ ਵਾਲੇ ਖੇਤਰਾਂ ਵਿਚ ਸੀਮਿੰਟ ਅਤੇ ਕੰਕਰੀਟ ਦੀਆਂ ਸੜਕਾਂ ਦੀ ਉਸਾਰੀ ਕੀਤੀ। ਸੜਕਾਂ ਅਤੇ ਮੁਹੱਲਿਆਂ ਵਿਚ ਕੀਤੇ ਗਏ ਨਜਾਇਜ਼ ਕਬਜ਼ੇ ਖਤਮ ਕੀਤੇ ਗਏ। ਚੱਕਬੰਦੀ ਕੀਤੇ ਗਏ ਕੂਚਿਆਂ ਦਾ ਜਲ ਨਿਕਾਸ ਅਤੇ ਗਲੀਆਂ ਨੂੰ ਪੱਕਿਆਂ ਕਰਨ ਲਈ 25,00,000 ਰੁਪਏ ਦਾ ਕਰਜ਼ਾ ਲਿਆ ਗਿਆ। ਸ਼ਹਿਰ ਦੇ ਆਲੇ ਦੁਆਲੇ ਖਾਈ ਨੂੰ ਇਕ ਚੰਗੀ ਤਰ੍ਹਾਂ ਸੁਰੱਖਿਅਤ ਬਰਸਾਤੀ ਨਾਲੇ ਵਿਚ ਬਦਲ ਦਿੱਤਾ ਗਿਆ ਜਿਸ ਦੀ ਸਫਾਈ ਵੱਲ ਲੋੜੀਦਾ ਧਿਆਨ ਦੇ ਕੇ ਉਸ ਦੀ ਵਰਤੋਂ ਹੜ੍ਹ ਦੇ ਪਾਣੀ ਨੂੰ ਬਾਹਰ ਕੱਢਣ ਲਈ ਹੋਣ ਲੱਗੀ।

ਸ਼ਹਿਰ, ਜਿਸ ਨੇ 1919 ਵਿਚ ਇਤਿਹਾਸਕ ਹਿੰਦੂ ਮੁਸਲਿਮ ਏਕਤਾ ਵਿਖਾਈ ਸੀ, 1946 ਵਿਚ ਫਿਰ ਵੰਡਿਆ ਗਿਆ ਜਦੋਂ ਇਥੇ ਨਸਲੀ ਹਿੰਸਾ ਦੀ ਅੱਗ ਫੈਲ ਗਈ। ਮਜ਼੍ਹਬੀ ਉਤੇਜਨਾ 1944 ਦੇ ਅਖੀਰ ਵਿਚ ਪੂਰੇ ਸਿਖਰ ਤੇ ਸੀ ਇਸ ਕਰਕੇ ਕਲਕੱਤਾ ਅਤੇ ਨੌਆਖਾਲੀ ਵਿਚ ਹਲਚਲ ਪੈਦਾ ਹੋ ਗਈ। ਭਾਰਤ ਦੇ ਪੂਰਬੀ ਭਾਗਾਂ ਵਿਚ ਹੋਏ ਖ਼ੂਨ ਖਰਾਬੇ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਨੇ ਪੰਜਾਬ ਨੂੰ ਵੀ ਭਿਆਨਕ ਮਜ਼੍ਹਬੀ ਜਨੂੰਨ ਦੀ ਹਾਲਤ ਵੱਲ ਧਕੇਲ ਦਿੱਤਾ। ਲਾਹੌਰ ਵਿਚ 'ਸਿੱਧੀ ਕਾਰਵਾਈ' ਦੇ ਅੰਦੋਲਨ ਨੇ ਮੁਸਲਮਾਨ ਕੌਮ ਨੂੰ ਇਕੱਠੇ ਹੋਣ ਅਤੇ ਖਿਜ਼ਰ ਮਨਿਸਟਰੀ ਦੇ ਵਿਰੁੱਧ ਸੰਘਰਸ਼ ਕਰਨ ਲਈ ਉਤਸ਼ਾਹਿਤ ਕੀਤਾ ਜਿਸਨੇ ਫੌਜਦਾਰੀ ਕਾਨੂੰਨ ਸੰਸੋਧਨ ਧਾਰਾ ਅਧੀਨ ਮੁਸਲਿਮ ਲੀਗ ਨੈਸ਼ਨਲ ਗਾਰਡਜ਼ ਨੂੰ ਇਕ ਗੈਰ ਕਾਨੂੰਨੀ ਸਭਾ ਘੋਸ਼ਿਤ ਕੀਤਾ ਸੀ। ਉਚੀਆਂ ਭਾਵਨਾਵਾਂ ਅਤੇ ਜੋਸ਼ ਪ੍ਰਬਲ ਹੋ ਗਿਆ। ਮੁਸਲਮਾਨਾਂ ਨੇ ਲਾਹੌਰ ਦੀਆਂ ਗਲੀਆਂ ਵਿਚ ਜਲੂਸ ਕੱਢੇ, ਇਥੋਂ ਤੱਕ ਕਿ ਮੁੱਖ ਮੰਤਰੀ, ਮਿਸਟਰ ਖਿਜਰ ਹਯਾਤ ਖਾਨ ਦਾ ਪੁਤਲਾ ਲੋਕਾਂ ਵਿਚ ਜਲਾਇਆ ਗਿਆ, ਸਾਰੀ ਵਾਤਾਵਰਣ ਆਵੇਸ਼ ਨਾਲ ਭਰਿਆ ਹੋਇਆ ਸੀ ਅਤੇ ਕੋਈ ਵੀ ਘਟਨਾ ਵਾਪਰ ਸਕਦੀ ਸੀ, ਭਾਵੇਂ ਨੇੜਲੇ ਭਵਿੱਖ ਵਿਚ ਆਉਣ ਵਾਲੇ ਸੰਕਟ ਬਾਰੇ ਕਦੀ ਵੀ ਮਹਿਸੂਸ ਨਹੀਂ ਸੀ ਕੀਤਾ ਗਿਆ, ਇਥੋਂ ਤੱਕ ਕਿ ਤੇਜ਼ ਬੁੱਧੀ ਵਾਲੇ ਰਾਜਨੀਤੀਵਾਨਾਂ ਨੇ ਵੀ ਨਹੀਂ। 3 ਮਾਰਚ

1947 ਨੂੰ ਖਿਜ਼ਰ ਦੇ ਤਿਆਗ ਪੱਤਰ ਨਾਲ ਪਿਛਲੇ ਹਫਤਿਆਂ ਵਿਚ ਦਬਿਆ ਹੋਇਆ ਜੋਸ਼ ਫਿਰ ਭੜਕ ਉਠਿਆ। ਲੀਗ ਦੀਆਂ ਅਫਵਾਹਾਂ ਨੇ ਘੱਟ ਗਿਣਤੀ ਕੌਮਾਂ ਨੂੰ ਵਿਖਾਵੇ ਕਰਨ ਲਈ ਪਰੇਰਿਤ ਕੀਤਾ। ਹਿੰਦੂ ਮੁਸਲਮਾਨ ਤੇ ਸਿੱਖ ਤਿੰਨੋ ਮੁੱਖ ਕੌਮਾਂ ਖੁੱਲ੍ਹੀ ਲੜਾਈ ਦੀ ਤਿਆਰੀ ਲਈ ਹਥਿਆਰ ਇਕੱਠੇ ਕਰ ਰਹੀਆਂ ਸਨ। ਘਟਨਾਵਾਂ ਤੇਜ਼ੀ ਨਾਲ ਵਾਪਰ ਰਹੀਆਂ ਸਨ ਅਤੇ ਲਾਹੌਰ ਵਿਚ ਵਿਧਾਨ ਸਭਾ ਦੀਆਂ ਪੌੜੀਆਂ ਤੇ ਮਾਸਟਰ ਤਾਰਾ ਸਿੰਘ ਨੇ ਆਪਣੀ ਤਲਵਾਰ ਨੂੰ ਆਪਣੇ ਸਿਰ ਦੇ ਦੁਆਲੇ ਘੁੰਮਾ ਕੇ ਨਾਹਰਾ ਲਾਇਆ, 'ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ'।[4] ਇਹ ਵੇਖਣ ਯੋਗ ਕਾਰਵਾਈ ਸੀ ਅਤੇ 4 ਮਾਰਚ ਨੂੰ ਲਾਹੌਰ ਵਿਚ ਪਹਿਲਾ ਫਸਾਦ ਹੋਇਆ। ਰਾਜਨੀਤਿਕ ਅੰਦੋਲਨ, ਵਿਦਰੋਹੀ ਵਿਖਾਵਿਆਂ, ਤਲਵਾਰ ਖਿੱਚਣ ਅਤੇ ਇਕ ਹਿੰਦੂ ਦੀ ਮੌਤ ਦੀਆਂ ਖਬਰਾਂ ਵਧੇਰੇ ਵਧ ਚੜ੍ਹ ਦੇ ਪਹੁੰਚੀਆਂ, ਜਿਸ ਕਰਕੇ ਸ਼ਹਿਰ ਵਿਚ ਹਿੰਸਕ ਫਿਰਕੂ ਦੰਗੇ ਭੜਕ ਉਠੇ।

ਅੰਮ੍ਰਿਤਸਰ ਘਟਨਾਵਾਂ ਅਤੇ ਹੋਰ ਗੱਲਾਂ ਪ੍ਰਤੀ ਹਮੇਸ਼ਾ ਸੁਚੇਤ ਰਿਹਾ ਹੈ। ਉਥੇ ਰਹਿਣ ਵਾਲੇ ਲੋਕ ਵਧੇਰੇ ਕਰਕੇ ਸੰਵੇਦਨਹੀਣ ਅਤੇ ਕਦੇ ਕਦੇ ਭਾਵੁਕ ਹੁੰਦੇ ਹਨ। ਸੰਵੇਦਨਹੀਣਤਾ ਨੇ ਬੁੱਧੀ ਦਾ ਇਕ ਭਾਗ ਹੋਣ ਵਜੋਂ ਉਨ੍ਹਾਂ ਵਿਚ ਸੁਰੱਖਿਆਂ ਦੀ ਭਾਵਨਾ ਦਾ ਵਿਕਾਸ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੇ ਖਤਰੇ ਤੋਂ ਸੁਚੇਤ ਕੀਤਾ ਹੈ। ਉਹ ਭਾਵੇਂ ਆਪਣੀਆਂ ਸਮੱਸਿਆਵਾਂ ਨੂੰ ਹੱਲ ਨਾ ਕਰਨ ਜਾਂ ਆਪਣੇ ਝਗੜਿਆਂ ਦਾ ਨਿਪਟਾਰਾ ਨਾ ਕਰਨ, ਪਰੰਤੂ ਉਨ੍ਹਾਂ ਵਿਚ ਕਿਤੇ ਵੀ ਮੌਜੂਦ ਖਤਰੇ ਨੂੰ ਭਾਂਪ ਲੈਣ ਦੀ ਅਜੀਬ ਜਿਹੀ ਚੇਤਨਤਾ ਹੈ। ਦਸੰਬਰ, 1946 ਦੇ ਅੰਤ ਵਿਚ ਕਾਰਜਕਾਰੀ ਅਫਸਰ ਮਿਸਟਰ ਪੀ.ਸੀ. ਭੰਡਾਰੀ ਨੂੰ ਮਿਉਂਸਪਲ ਦੀ ਪਾਣੀ ਦੀ ਪਾਈਪ ਨੂੰ ਠੀਕ ਕਰਦਿਆਂ ਵੇਖਿਆ ਗਿਆ। ਜਦੋਂ ਉਸ ਨੂੰ ਇਸ ਬਾਰੇ ਪੁਛਿਆ ਗਿਆ, ਤਾਂ ਉਸਨੇ ਜਵਾਬ ਦਿੱਤਾ,'ਜਲਦੀ ਹੀ ਸ਼ਹਿਰ ਅੱਗ ਦੀਆਂ ਲਾਟਾਂ ਵਿਚ ਹੋਵੇਗਾ। ਮੈਂ ਅਜਿਹੀਆ ਤਿਆਰੀਆਂ ਕਰ ਰਿਹਾ ਹਾਂ ਜਿਹੋ ਜਿਹੀਆਂ ਮੈਂ ਕਰ ਸਕਦਾ ਹਾਂ।'[5] ਲਾਹੌਰ ਵਿਚਲੀਆਂ ਮੁਸੀਬਤਾਂ ਨੂੰ ਜਾਣਦਿਆਂ ਹੋਇਆਂ ਵੀ, ਲੋਕਾਂ ਨੇ ਆਪਦੇ ਸ਼ਹਿਰ ਵਿਚ ਮੁਸੀਬਤਾਂ ਨੂੰ ਵੱਡੇ ਪੈਮਾਨੇ ਤੇ ਵਧਾ ਲਿਆ। ਅਤਿਅੰਤ ਦਹਿਸ਼ਤ ਕਾਰਣ ਉਹ ਟੋਲੀਆਂ ਬਣਾ ਕੇ ਗਲੀਆਂ ਵਿਚ ਨਿਕਲ ਆਏ, ਜਨਤਕ ਮੀਟਿੰਗਾਂ ਅਤੇ ਨਿੱਜੀ ਵਿਚਾਰ ਵਟਾਂਦਰੇ ਕੀਤੇ ਗਏ ਅਤੇ ਉਹ ਹਰੇਕ ਸੰਭਾਵਤ ਘਟਨਾ ਦਾ ਸਾਹਮਣਾ ਕਰਨ ਲਈ ਕਦਮ ਚੁਕਣ ਲੱਗ ਪਏ। ਧੀਰਜ ਰਖਣਾ ਔਖਾ ਹੋ ਗਿਆ ਸੀ ਅਤੇ ਗੁੱਸਾ ਬਹੁਤ ਵਧ ਰਿਹਾ ਸੀ। ਜੋਸ਼ ਨੇ ਉਨ੍ਹਾਂ ਦੇ ਦਿਮਾਗਾਂ ਉਪਰ ਕਬਜ਼ਾ ਕਰ ਲਿਆ ਅਤੇ ਉਨ੍ਹਾਂ ਨੂੰ ਨਤੀਜਿਆਂ ਪ੍ਰਤੀ ਬੇਪਰਵਾਹ ਕਰ ਦਿੱਤਾ। ਸਿੱਟੇ ਵਜੋਂ ਆਪਣੇ ਗੌਰਵ ਅਤੇ ਆਤਮ ਸੁਰੱਖਿਆ ਦਾ ਸਵਾਲ ਪੈਦਾ ਹੋ ਗਿਆ। ਸਮਝਦਾਰੀ ਦੇ ਸਵਾਰ ਨੂੰ ਜੋਸ਼ ਨੇ ਰੱਦ ਕਰ ਦਿੱਤਾ ਸੀ। ਲੰਮੇ ਲੰਮੇ ਜਲੂਸਾਂ ਅਤੇ ਭੜਕਾਊ ਨਾਹਰਿਆਂ ਦੇ ਸ਼ੋਰ ਵਿਚ ਅਮਨ ਦੀ ਅਵਾਜ਼ ਗੁਆਚ ਗਈ ਸੀ। ਲੋਕਾਂ ਵਿਚ ਅਸਪਸ਼ਟ ਜਿਹੀ ਅਸ਼ਾਂਤੀ ਫੈਲ ਗਈ ਸੀ, ਪਰੰਤੂ ਨਿਸ਼ਚਿਤ ਤੌਰ ਤੇ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ, ਕਿਉਂਕਿ ਅਫਵਾਹਾਂ ਪ੍ਰਬਲ ਸਨ ਅਤੇ ਦੂਸਰੇ ਸ਼ਹਿਰਾਂ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਲੋਕ ਅਣਜਾਣ ਸਨ। ਫੌਜੀ ਦਲਾਂ ਦੀਆਂ ਗਤੀਵਿਧੀਆਂ ਨੂੰ ਵੇਖ ਕੇ ਲੋਕਾਂ ਦੇ ਮਨਾਂ ਵਿਚ ਸ਼ੰਕੇ ਉਤਪੰਨ ਹੋ ਗਏ ਸਨ। ਉਹ ਖੇਤਰ ਵਧੇਰੇ ਪ੍ਰਭਾਵਤ ਹੋਏ ਜਿਥੇ ਰਲੇ ਮਿਲੇ ਲੋਕ ਰਹਿ ਰਹੇ ਸਨ। ਬਾਜ਼ਾਰ ਵਿਚ ਦੁਕਾਨਾਂ ਉਜੜ ਗਈਆਂ ਸਨ, ਉਨ੍ਹਾਂ ਵਿਚੋਂ ਬਹੁਤ

ਸਾਰੀਆਂ ਅਧ ਸੜੀਆਂ ਸਨ, ਉਨ੍ਹਾਂ ਵਿਚ ਕੂੜੇ ਕਰਕਟ ਅਤੇ ਟੁੱਟੀਆਂ ਫੁੱਟੀਆਂ ਚੀਜ਼ਾਂ ਦੇ ਟੁਕੜਿਆਂ ਤੋਂ ਬਿਨਾ ਕੁਝ ਨਹੀਂ ਸੀ। ਡਰ ਦਾ ਵਧੇਰੇ ਪ੍ਰਭਾਵ ਸੀ ਅਤੇ ਹਿੰਸਾ ਦੀ ਲਗਾਤਾਰ ਸੰਭਾਵਨਾ ਸੀ। ਖਾਸ ਅੰਮ੍ਰਿਤਸਰ ਸ਼ਹਿਰ ਵਿਚ ਮੁਸਲਮਾਨ ਕੌਮ ਦੀ ਵਸੋਂ ਵਧੇਰੇ ਸੀ ਅਤੇ ਹਿੰਦੂ ਅਤੇ ਸਿੱਖ ਘੱਟ ਗਿਣਤੀ ਵਿੱਚ ਸਨ। ਪਰੰਤੂ ਉਹ ਖੇਤਰ ਜਿਥੇ ਹਿੰਦੂ ਅਤੇ ਸਿੱਖ ਵਧੇਰੇ ਗਿਣਤੀ ਵਿਚ ਸਨ ਉਥੇ ਜ਼ਿਆਦਾਤਰ ਸ਼ਾਂਤੀ ਰਹੀ। ਕਟੜਾ ਆਹਲੂਵਾਲੀਆ, ਲੋਹਗੜ੍ਹ ਖੇਤਰ ਅਤੇ ਸ਼ਰੀਫਪੁਰੇ ਦਾ ਇਲਾਕਾ ਸ਼ਾਂਤ ਰਿਹਾ, ਜਿਥੇ ਅਮਲੀ ਤੌਰ ਤੇ ਕੋਈ ਭੰਨ ਤੋੜ ਨਹੀਂ ਹੋਈ। ਸਮੁੱਚੇ ਤੌਰ ਤੇ ਸਿਵਲ ਲਾਈਨ ਵਿਚ ਬਿਲਕੁੱਲ ਸ਼ਾਂਤੀ ਰਹੀ ਜਿਥੇ ਕੰਮ ਕਾਜ਼ੀ ਲੋਕ ਰਹਿੰਦੇ ਸਨ। ਪਰੰਤੂ ਕਟੜਾ ਸ਼ੇਰ ਸਿੰਘ, ਚੌਂਕ ਫਰੀਦ, ਹਾਥੀ ਗੇਟ, ਬਾਜ਼ਾਰ ਬੱਕਰਵਾਲਾ ਅਤੇ ਹਾਲ ਬਾਜ਼ਾਰ ਦੇ ਕੁਝ ਭਾਗ ਆਂਸ਼ਿਕ ਤੌਰ ਤੇ ਤਬਾਹ ਹੋ ਗਏ। ਮਿਸਟਰ ਪੈਨਡਰਲ ਮੂਨ (ਬਾਅਦ ਵਿਚ ਸਰ) ਨੇ ਲਿਖਿਆ ਹੈ ਕਿ ਜਦੋਂ ਇਹ ਤਬਾਹੀ ਦਾ ਕੰਮ ਚੱਲ ਰਿਹਾ ਸੀ, ਪੁਲਿਸ ਵਲੋਂ ਇਕ ਵੀ ਗੋਲੀ ਨਹੀਂ ਚਲਾਈ ਗਈ [6] ਅਤੇ ਦੰਗਾਕਾਰੀ ਟੋਲੇ ਸ਼ਹਿਰ ਵਿਚ 24 ਘੰਟੇ ਫਿਰਦੇ ਰਹੇ ਅਤੇ ਸੁੰਦਰ ਬਾਜ਼ਾਰ ਸਾੜੇ ਗਏ, ਪਰ ਜ਼ਿਲ੍ਹਾ ਮੈਜਿਸਟਰੇਟ, ਜਿਸਦੇ ਨਾਲ ਪੁਲਿਸ ਤੋਂ ਇਲਾਵਾ144 ਤੋੜੇਦਾਰ ਬੰਦੂਕਾਂ ਵਾਲੇ ਟ੍ਰੇਂਡ ਆਦਮੀ ਵੀ ਸਨ, ਉਸਨੇ ਆਪਣੀ ਸੈਨਾ ਦੀ ਕੋਈ ਪ੍ਰਭਾਵਸ਼ਾਲੀ ਵਰਤੋਂ ਨਹੀਂ ਕੀਤੀ। [7]

ਫਸਾਦਾਂ ਦੇ ਇਲਾਵਾ, ਲੁੱਟਮਾਰ, ਛੁਰੇਬਾਜ਼ੀ ਅਤੇ ਅੱਗ ਲਾਉਣ ਦੀਆਂ ਘਟਨਾਵਾਂ ਸ਼ਹਿਰ ਦੇ ਕਈ ਭਾਗਾਂ ਵਿਚ ਆਮ ਸਨ। ਛੁਰੇਬਾਜ਼ੀ ਇਕ ਚੰਗੀ ਕਲਾ ਵਜੋਂ ਉਤਪੰਨ ਹੋਈ, ਇਹ ਬਹੁਤ ਹੀ ਚੋਰੀ ਛੁਪੇ ਕੀਤੀ ਜਾਂਦੀ ਸੀ। ਬਦਕਿਸਮਤੀ ਨਾਲ ਜ਼ਿਆਦਾਤਰ ਬੱਚੇ ਅਤੇ ਬੁੱਢੇ ਲੋਕ ਸ਼ਿਕਾਰ ਬਣੇ। ਅਜਿਹੇ ਕੇਸਾਂ ਵਿਚ ਅਪਰਾਧੀਆਂ ਦੀ ਭਾਲ ਕਰਨੀ ਮੁਸ਼ਕਿਲ ਕੰਮ ਸੀ, ਕਿਉਂਕਿ ਉਨ੍ਹਾਂ ਨੂੰ ਸੰਗਠਿਤ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਆਪਣੀ ਕੌਮ ਦੀ ਇੱਜ਼ਤ ਮਾਣ ਬਚਾਉਣ ਲਈ ਚਾਕੂ ਦੇ ਕੇ ਕੰਮ ਕਰਨ ਲਈ ਸਿੱਖਿਅਤ ਕੀਤਾ ਗਿਆ। ਉਨ੍ਹਾਂ ਲੰਮੀਆਂ ਰਾਤਾਂ ਵਿਚ "ਨਾਰਾ-ਇ-ਤਕਬੀਰ" ਅਤੇ "ਹਰ ਹਰ ਮਹਾਂਦੇਵ" ਦੇ ਨਾਹਰੇ ਆਮ ਸੁਣਾਈ ਦਿੰਦੇ ਸਨ। ਘਰ ਸਾੜੇ ਗਏ, ਜਾਇਦਾਦਾਂ ਲੁੱਟੀਆਂ ਗਈਆਂ, ਗਲੀਆਂ ਬੰਦ ਕਰ ਦਿੱਤੀਆਂ ਗਈਆਂ ਅਤੇ ਆਦਮੀ ਅਤੇ ਬੱਚੇ ਮਾਰੇ ਗਏ। ਉਸ ਸਮੇਂ ਹਨੇਰਗਰਦੀ ਦਾ ਰਾਜ ਸੀ। ਕਈ ਵਾਰ ਦੂਰ ਤੋਂ ਵੇਖਣ ਤੇ ਇਸ ਤਰ੍ਹਾਂ ਲਗਦਾ ਸੀ ਜਿਵੇਂ ਸਾਰੇ ਸ਼ਹਿਰ ਨੂੰ ਅੱਗ ਲੱਗੀ ਹੋਵੇ। ਅੰਮ੍ਰਿਤਸਰ ਦੇ ਘਰਾਂ ਦੀਆਂ ਛੱਤਾਂ ਉਪਰ ਅੱਗ ਦੀਆਂ ਲਾਟਾਂ ਅਤੇ ਸੰਘਣਾ ਧੂਆਂ ਵੇਖਿਆ ਜਾ ਸਕਦਾ ਸੀ ਅਤੇ ਰਾਤ ਨੂੰ ਚੀਕਾਂ ਸੁਣਾਈ ਦਿੰਦੀਆਂ ਸਨ। ਲੋਕ ਕੁਝ ਮਿੰਟਾਂ ਤੋਂ ਵੱਧ ਆਰਾਮ ਨਾਲ ਸੌਂ ਨਹੀਂ ਸੀ ਸਕਦੇ। ਕੁਝ ਗਲੀਆਂ ਵਿਚ ਪਹਿਰਾ ਲੱਗਾ ਹੁੰਦਾ ਸੀ ਅਤੇ ਵਸਨੀਕਾਂ ਦੀ ਸੁਰੱਖਿਆ ਲਈ ਆਦਮੀ ਸਾਰੀ ਰਾਤ ਚੁਕੰਨੇ ਹੋ ਕੇ ਖੜ੍ਹਦੇ ਸਨ। ਪਰੰਤੂ ਹਾਲਤ ਤੇਜ਼ੀ ਨਾਲ ਵਿਗੜ ਰਹੀ ਸੀ। ਕਰਫਿਊ ਲਾ ਦਿੱਤਾ ਗਿਆ ਸੀ। ਮਿਲੀ-ਜੁਲੀ ਵਸੋਂ ਵਾਲੇ ਖੇਤਰਾਂ ਵਿਚ ਪਹਿਰੇ ਲਗਾਏ ਗਏ ਅਤੇ ਪੁਲਿਸ ਸ਼ਹਿਰ ਵਿਚ ਗਸ਼ਤ ਕਰਦੀ ਸੀ। ਲਾਰਡ ਮਾਊਂਟਬੈਟਨ ਦੀ ਸਿਫਾਰਿਸ਼ ਤੇ ਗਾਂਧੀ ਅਤੇ ਜਿਨਾਹ ਵਲੋ ਕੀਤੀ ਗਈ ਸਾਂਝੀ ਅਪੀਲ ਚੰਗੇ ਨਤੀਜੇ ਉਤਪੰਨ ਕਰਨ ਵਿਚ ਅਸਫ਼ਲ ਹੋ ਗਈ। ਬਹੁਤ ਸਾਰੇ ਸ਼ਹਿਰਾਂ ਵਿਚ ਚੋਰੀ ਛੁਪੇ ਕੰਮ ਕਰਦੇ ਗੈਰ ਕਾਨੂੰਨੀ ਤੱਤ, ਪੇਸ਼ਾਵਰ ਗੁੰਡੇ ਸ਼ਹਿਰ ਵਿਚਲੀ ਵਿਸਫੋਟਕ ਹਾਲਤ ਦਾ ਲਾਭ ਉਠਾਉਣ ਲਈ ਤਿਆਰ ਸਨ। ਸ਼ਰਾਰਤੀ ਲੋਕਾਂ ਦੀਆਂ ਬਦਲਾ ਲੈਣ

ਬਾਰੇ ਆਵਾਜ਼ਾਂ ਬਹੁਤ ਉਚੀਆਂ ਹੁੰਦੀਆਂ ਸਨ ਅਤੇ ਉਗਰਵਾਦੀ ਉਸਨੂੰ ਉਭਾਰਦੇ ਸਨ।

ਇਸ ਸਮੇਂ ਦੌਰਾਨ ਪੱਛਮੀ ਪੰਜਾਬ ਦੀਆਂ ਘਟਨਾਵਾਂ ਨੇ ਇਕ ਦੁਖਾਂਤਿਕ ਮੋੜ ਲਿਆ ਸੀ। ਗਾਂਧੀ, ਕਾਂਗਰਸ ਦੇ ਨੇਤਾਵਾਂ ਅਤੇ ਮਾਸਟਰ ਤਾਰਾ ਸਿੰਘ ਨੇ ਹਿੰਦੂਆਂ ਅਤੇ ਸਿੱਖ ਘੱਟ ਗਿਣਤੀਆਂ ਨੂੰ ਆਪਣੇ ਘਰਾਂ ਵਿਚ ਰਹਿਣ ਅਤੇ ਹਿੰਮਤ ਨਾਲ ਹਾਲਤ ਦਾ ਮੁਕਾਬਲਾ ਕਰਨ ਦੀ ਅਪੀਲ ਕੀਤੀ। ਪਰੰਤੂ 17 ਅਗਸਤ 1947 ਨੂੰ ਰੈਡਕਲਫ ਨਿਰਣੇ ਦੀ ਘੋਸ਼ਣਾਂ ਤੋਂ ਤੁਰੰਤ ਬਾਅਦ ਪੱਛਮੀ ਪੰਜਾਬ ਅਤੇ ਉਤਰ ਪੱਛਮੀ ਸਰਹੱਦੀ ਖੇਤਰਾਂ ਵਿਚ ਹਿੰਦੂਆਂ ਅਤੇ ਸਿੱਖਾਂ ਨੂੰ ਬਾਹਰ ਕੱਢਣ ਲਈ ਇਕ ਨਿਸ਼ਚਿਤ ਅੰਦੋਲਨ ਆਰੰਭ ਕੀਤਾ ਗਿਆ। **ਲਾਹੌਰ, ਸ਼ੇਖੂਪੁਰਾ, ਸਿਆਲਕੋਟ ਅਤੇ ਗੁੱਜਰਾਂਵਾਲਾ ਜ਼ਿਲ੍ਹਿਆਂ ਵਿਚ ਗੰਭੀਰ ਹਲਚਲ ਹੋਈ।** ਪੱਛਮੀ ਪੰਜਾਬ ਦੇ ਸ਼ੇਖੂਪੁਰਾ ਵਿਚ ਅਨੋਖੇ ਪੱਧਰ ਦਾ ਕਤਲਾਮ ਹੋਇਆ। **ਰਿਫਿਊਜ਼ੀ ਦਿਲ ਹਿਲਾ ਦੇਣ ਵਾਲੀਆਂ ਵੇਦਨਾ ਅਤੇ ਮੁਸੀਬਤਾਂ ਦੀਆਂ ਕਹਾਣੀਆਂ ਨਾਲ ਅੰਮ੍ਰਿਤਸਰ ਸ਼ਹਿਰ ਵਿਚ ਆ ਰਹੇ ਸਨ।** ਉਨ੍ਹਾਂ ਨੂੰ ਉਜਾੜ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਹ ਕਿਥੇ ਜਾਣ। ਉਨ੍ਹਾਂ ਨੂੰ ਭਿਆਨਕ ਅਪਮਾਨ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਦੀ ਆਪਣੀ ਕੋਈ ਇੱਛਾ ਨਹੀਂ ਸੀ, ਪਰੰਤੂ ਸੁਰੱਖਿਆ ਲਈ ਉਨ੍ਹਾਂ ਨੂੰ ਭੱਜਣਾ ਪਿਆ ਸੀ। ਲਾਹੌਰ ਤੋਂ ਗੱਡੀਆਂ ਵਿਚ ਆਉਣ ਵਾਲੇ ਲੋਕ ਉਥੇ ਹੋਣ ਵਾਲੇ ਅਪਰਾਧਾਂ ਦੀਆਂ ਦਰਦਨਾਕ ਅਤੇ ਗੜਬੜ ਫੈਲਾਉਣ ਵਾਲੀਆਂ ਖਬਰਾਂ ਲਿਆ ਰਹੇ ਸਨ ਜਿਸ ਨਾਲ ਲੋਕ ਉਤੇਜਿਤ ਹੁੰਦੇ ਸਨ। ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਲਾਹੌਰ ਤੋਂ ਆਉਣ ਵਾਲੀਆਂ ਗੱਡੀਆਂ ਟੁਕੜੇ ਟੁਕੜੇ ਕੱਟੇ ਹੋਏ ਅਤੇ ਖੂਨ ਨਾਲ ਗੜੁੱਚ ਮੁਸਾਫਰਾਂ ਨਾਲ ਭਰੀਆਂ ਹੋਈਆਂ ਵੇਖੀਆਂ ਜਾਂਦੀਆਂ ਸਨ, ਜਿਸ ਕਾਰਨ ਲੋਕਾਂ ਦੇ ਮਨਾਂ ਵਿਚ ਬਦਲੇ ਦੀ ਭਾਵਨਾ ਪੈਦਾ ਹੁੰਦੀ ਸੀ ਅਤੇ ਇਸ ਦਾ ਨਤੀਜਾ ਹਿੰਸਕ ਵਿਵਹਾਰ ਵਿਚ ਨਿਕਲਦਾ ਸੀ। ਗਾਂਧੀ ਜੀ ਅੰਮ੍ਰਿਤਸਰ ਵਿਚੋਂ ਲੰਘੇ ਅਤੇ ਉਨ੍ਹਾਂ ਨੇ ਤਾਕਤ ਦੀ ਵਰਤੋਂ ਕਰਨਾ ਛੱਡ ਦੇਣ ਅਤੇ ਮੁਸਲਮਾਨਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦੀ ਪ੍ਰੇਰਨਾ ਦਿੱਤੀ ਪਰੰਤੂ ਲੋਕਾਂ ਨੇ ਉਨ੍ਹਾਂ ਦੀ ਮੁਸਲਮਾਨਾਂ ਪ੍ਰਤੀ ਸ਼ਾਂਤੀ ਦੀ ਨੀਤੀ ਦਾ ਭਾਰੀ ਵਿਰੋਧ ਕੀਤਾ। ਉਨ੍ਹਾਂ ਦਿਨਾਂ ਵਿਚ ਸਰਦਾਰ ਪਟੇਲ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੇ ਰਾਮ ਬਾਗ ਵਿਚ ਇਕ ਬਹੁਤ ਸ਼ਕਤੀਸ਼ਾਲੀ ਭਾਸ਼ਣ ਦਿੱਤਾ, ਇਸ ਭਾਸ਼ਣ ਦਾ ਲੋੜੀਂਦਾ ਪ੍ਰਭਾਵ ਪਿਆ ਅਤੇ ਉਨ੍ਹਾਂ ਵਲੋਂ ਸੁਚੱਜੇ ਢੰਗ ਨਾਲ ਹਾਲਤ ਨੂੰ ਹੱਥ ਵਿਚ ਲੈਣ ਕਾਰਨ ਕਾਫੀ ਸੁਧਾਰ ਹੋਇਆ।

ਸ਼ਹਿਰ ਦੀ ਤਸਵੀਰ ਅਸ਼ਾਂਤ ਛਾਉਣੀ ਵਰਗੀ ਸੀ। ਅੰਮ੍ਰਿਤਸਰ ਵਿਚ ਆਉਣ ਵਾਲੇ ਰਿਫਿਊਜ਼ੀ ਕੌਮ ਦਾ ਵਿਪਰੀਤ ਵਰਗ ਸਨ। ਸਭ ਤੋਂ ਪਹਿਲਾਂ ਉਹ ਅਮੀਰ ਲੋਕ ਸਨ ਜਿਹੜੇ ਰਾਤੋ ਰਾਤ ਗਰੀਬ ਹੋ ਗਏ ਸਨ, ਛੋਟੇ ਵਪਾਰੀ ਅਤੇ ਆਮ ਦਫਤਰੀ ਮੁਲਾਜ਼ਮ ਸਨ, ਜਿਨ੍ਹਾਂ ਪਾਸੋਂ ਅਮਲੀ ਤੌਰ ਤੇ ਉਹ ਸਭ ਕੁਝ ਗੁਆਚ ਗਿਆ ਸੀ ਜੋ ਉਨ੍ਹਾਂ ਕੋਲ ਸੀ ਅਤੇ ਉਹ ਘਬਰਾਏ ਹੋਏ ਸਨ। ਭਾਵੇਂ ਉਨ੍ਹਾਂ ਨੂੰ ਇਹ ਦੱਸਣ ਲਈ ਅਪੀਲਾਂ ਕੀਤੀਆਂ ਗਈਆਂ ਕਿ ਜਵਾਬੀ ਵੈਰ ਕਿਸੇ ਗੱਲ ਦਾ ਹੱਲ ਨਹੀਂ ਹੈ, ਫਿਰ ਵੀ ਉਨ੍ਹਾਂ ਮੁਸਲਮਾਨਾਂ ਵਿਰੁੱਧ ਬਦਲਾ ਲੈਣ ਵਜੋਂ ਕਦਮ ਚੁੱਕੇ, ਜਿਨ੍ਹਾਂ ਨੂੰ ਸ਼ਹਿਰ ਵਿਚੋਂ ਕੱਢ ਕੇ ਰਿਫਿਊਜ਼ੀ ਕੈਂਪਾਂ ਵਿਚ ਲਿਆਂਦਾ ਗਿਆ ਸੀ। ਕਤਲਾਮ ਦਾ ਜਨੂੰਨ ਸ਼ਾਂਤ ਹੋ ਗਿਆ, ਕਿਉਂਕਿ ਬਲੀ ਦਾ ਬੱਕਰਾ ਬਣਨ ਵਾਲੇ ਹੋਰ ਵਿਅਕਤੀ ਨਹੀਂ ਸਨ ਮਿਲਦੇ। ਸ਼ਹਿਰ ਆਪਣੀ ਸਾਰੀ ਮੁਸਲਮਾਨ ਆਬਾਦੀ ਤੋਂ ਬਿਲਕੁਲ

ਖਾਲੀ ਹੋ ਗਿਆ ਸੀ। ਬੇਸ਼ੱਕ ਅਜਿਹੇ ਵੀ ਬਹੁਤ ਸਾਰੇ ਕੇਸ ਸਨ ਜਿਥੇ ਆਪਣੀ ਜਾਨ ਦਾ ਖਤਰਾ ਮੁੱਲ ਲੈ ਕੇ ਹਿੰਦੂਆਂ ਨੇ ਮੁਸਲਮਾਨਾਂ ਦੀ ਰੱਖਿਆ ਕੀਤੀ ਸੀ। ਉਨ੍ਹਾਂ ਲੋਕਾਂ ਦੇ ਲੰਮੇ ਕਾਫਲੇ ਅੰਮ੍ਰਿਤਸਰ ਦੀਆਂ ਗਲੀਆਂ ਵਿਚੋਂ ਕੁੜੱਤਣ ਅਤੇ ਸੰਦੇਹ ਨਾਲ ਲੰਘੇ ਜੋ ਕਦੇ ਇਥੇ ਰਹਿੰਦੇ ਸਨ, ਉਹ ਲੋਕ ਆਪਣੇ ਘਰਾਂ ਨੂੰ ਪਿਛੇ ਛੱਡ ਕੇ ਜਾ ਰਹੇ ਸਨ। ਉਨ੍ਹਾਂ ਨੂੰ ਅਸਥਾਈ ਤੌਰ ਤੇ ਕੈਂਪਾਂ ਵਿਚ ਠਹਿਰਾਇਆ ਗਿਆ ਅਤੇ ਅਧਿਕਾਰੀਆਂ ਨੇ ਉਨ੍ਹਾਂ ਲਈ ਸੁਰੱਖਿਅਤ ਸਰਹੱਦ ਤੋਂ ਪਾਰ ਜਾਣ ਦਾ ਪ੍ਰਬੰਧ ਕੀਤਾ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋ ਸ੍ਰੀਮਤੀ ਮਿਰੀਦੁੱਲਾ ਸਾਰਾਭਾਈ ਉਧਾਲੀਆਂ ਹੋਈਆਂ ਔਰਤਾਂ ਨੂੰ ਛੁਟਕਾਰਾ ਦਿਵਾਉਣ ਅਤੇ ਅਧਿਕਾਰੀਆਂ ਦੀ ਅਮਲ ਕਾਨੂੰਨ ਬਣਾਏ ਰੱਖਣ ਵਿਚ ਮਦਦ ਕਰਨ ਦੇ ਉਦੇਸ਼ ਨਾਲ ਅੰਮ੍ਰਿਤਸਰ ਵਿਚ ਠਹਿਰੀ ਹੋਈ ਸੀ। ਸ਼ਹਿਰ ਦੇ ਜੀਵਨ ਦੀ ਚਾਲ ਉਲਟ ਪੁਲਟ ਹੋ ਗਈ ਸੀ। ਟਰੱਕਾਂ, ਟੈਂਕਾਂ ਅਤੇ ਬੁਲਡੋਜ਼ਰਾਂ ਨੇ ਸੜਕਾਂ ਦਾ ਮੰਦਾ ਹਾਲ ਕਰ ਦਿੱਤਾ ਸੀ। ਸੜਕਾਂ ਦੀ ਮੁਰੰਮਤ ਦਾ ਅਨੁਮਾਨਿਤ ਖਰਚਾ 2,00,000 ਰੁਪਏ ਸੀ। ਨਾਲਿਆਂ ਦਾ 2,50,000 ਲੱਖ ਰੁਪਏ ਦਾ ਵਿਆਪਕ ਨੁਕਸਾਨ ਹੋਇਆ ਅਤੇ ਪਾਣੀ ਦੀ ਸਪਲਾਈ ਦਾ ਇਸ ਤੋਂ ਵੀ ਵਧੇਰੇ 4,00,000 ਰੁਪਏ ਦਾ ਨੁਕਸਾਨ ਸੀ। ਮਿਲਟਰੀ ਅਤੇ ਰਿਫਿਊਜ਼ੀਆਂ ਨੇ ਮਿਊਂਸਿਪੈਲਟੀ ਦੇ ਬਾਗ ਬਿਲਕੁਲ ਤਬਾਹ ਕਰ ਦਿਤੇ ਸਨ। ਦੂਰ ਦੂਰ ਤੱਕ ਫੈਲੀਆਂ ਹੋਈਆਂ ਗਲੀਆਂ ਰੋਸ਼ਨੀ ਦੀ ਪ੍ਰਣਾਲੀ ਬੁਰੀ ਤਰ੍ਹਾਂ ਤਬਾਹ ਹੋ ਗਈ ਸੀ, ਜਿਸ ਦੇ ਨਤੀਜੇ ਵਜੋਂ ਬਹੁਤ ਸਾਰੇ ਖੇਤਰਾਂ ਵਿਚ ਸ਼ਹਿਰ ਦੇ ਤਬਾਹ ਹੋਏ ਮੁਹੱਲੇ ਹਨੇਰੇ ਵਿਚ ਡੁੱਬੇ ਹੋਏ ਸਨ। ਸ਼ਹਿਰ ਦੇ ਵਿਉਪਾਰ ਨੂੰ ਨੁਕਸਾਨ ਹੋਇਆ ਅਤੇ ਕੁਝ ਦਿਨਾਂ ਲਈ ਕੰਮ ਬੰਦ ਕਰ ਦਿੱਤਾ ਗਿਆ। ਇਥੋਂ ਤੱਕ ਕਿ ਕੁਝ ਸਮੇਂ ਲਈ ਡਾਕ ਵੰਡਣ ਦਾ ਕੰਮ ਵੀ ਰੁਕ ਗਿਆ। ਟੈਲੀਫੋਨ ਰੁਕ ਰੁਕ ਕੇ ਕੰਮ ਕਰਦੇ ਸਨ। ਸ਼ਰਨਾਰਥੀਆਂ ਦੇ ਆਉਣ ਨਾਲ ਗੰਭੀਰ ਕਿਸਮ ਦੀ ਸਮਾਜਿਕ-ਆਰਥਿਕ ਮੁਸੀਬਤ ਪੈਦਾ ਹੋ ਗਈ, ਜਦੋਂ ਕਿ ਮੁਸਲਮਾਨਾਂ ਦੇ ਚਲੇ ਜਾਣ ਨਾਲ, ਜੋ ਸ਼ਹਿਰ ਦੀਆਂ ਲੋੜਾਂ ਦੇ ਅਨੁਸਾਰ ਵੱਖ ਵੱਖ ਲੋੜੀਂਦੇ ਕੰਮ ਕਰਦੇ ਸਨ, ਘੱਟੋ ਘੱਟ ਕੁਝ ਸਮੇਂ ਲਈ ਲੋਕਾਂ ਦੇ ਜੀਵਨ ਵਿਚ ਉਨ੍ਹਾਂ ਦੀ ਘਾਟ ਮਹਿਸੂਸ ਹੋਈ। ਮਿਉਂਸਿਪਲ ਕਮੇਟੀ ਨੇ ਲਗਭਗ 400 ਸਰਨਾਰਥੀਆਂ ਨੂੰ ਰੋਜ਼ਗਾਰ ਦਿੱਤਾ ਅਤੇ ਇਸ ਗਿਣਤੀ ਵਿਚੋਂ ਲਗਭਗ 200 ਹੋਰ ਥਾਵਾਂ ਤੇ ਚਲੇ ਗਏ। ਇਸ ਦੌਰਾਨ ਅਮਨ ਕਾਨੂੰਨ ਬਹਾਲ ਰੱਖਣ ਲਈ ਅਧਿਕਾਰੀਆਂ ਵਲੋਂ ਕਈ ਉਪਾਅ ਕੀਤੇ ਗਏ।

ਸਾਰੇ ਸ਼ਹਿਰ ਨੇ ਆਪਣੇ ਜ਼ਖ਼ਮਾਂ ਨੂੰ ਚੱਟਿਆ ਅਤੇ ਹੌਲੀ-ਹੌਲੀ ਨਸਲੀ ਦੰਗਿਆਂ ਦੇ ਸਦਮੇ ਨੂੰ ਭੁਲਾ ਕੇ ਜ਼ਿੰਦਗੀ ਦੀਆਂ ਤੰਦਾ ਪਾਉਣ ਵੱਲ ਵੱਧਣ ਲੱਗਿਆ। ਸਭ ਤੋਂ ਪਹਿਲਾ ਕੰਮ, ਜੋ ਮਿਉਂਸਿਪਲ ਕਮੇਟੀ ਅਤੇ ਪ੍ਰਬੰਧਕਾਂ ਨੇ ਮਿਲ ਕੇ ਸ਼ੁਰੂ ਕੀਤਾ ਉਹ ਸ਼ਹਿਰ ਬਾਰੇ ਮੁੜ ਤੋਂ ਯੋਜਨਾ ਬਣਾਉਣਾ ਅਤੇ ਇਸ ਦੀ ਮੁੜ ਉਸਾਰੀ ਕਰਨਾ ਸੀ। ਸ਼ਹਿਰ ਦੇ ਤਬਾਹ ਹੋਏ ਹਿੱਸਿਆਂ ਦੀ ਮੁੜ ਉਸਾਰੀ ਦਾ ਕੰਮ ਇਸ ਢੰਗ ਨਾਲ ਸ਼ੁਰੂ ਕੀਤਾ ਗਿਆ ਤਾਂ ਕਿ ਇਸ ਨੂੰ ਪਹਿਲਾਂ ਨਾਲੋਂ ਖੁੱਲ੍ਹਾ ਅਤੇ ਸਾਫ ਰੱਖਿਆ ਜਾ ਸਕੇ। ਇਸ ਤਰ੍ਹਾਂ ਸ਼ਹਿਰ ਦੇ ਢਹਿਣ ਦੀ ਬੁਰਾਈ ਵਿਚੋਂ ਵੀ ਇਕ ਚੰਗਿਆਈ ਸਾਹਮਣੇ ਆਈ। ਤਕਨੀਕੀ ਵਿਸ਼ੇਸ਼ਗਾਂ ਵਲੋਂ ਇਲਾਕੇ ਦਾ ਸਰਵੇਖਣ ਕੀਤਾ ਗਿਆ ਅਤੇ ਮੁੱਢਲੀਆਂ ਤਜ਼ਵੀਜ਼ਾਂ ਸੁਝਾਈਆਂ ਗਈਆਂ। ਮਲਬੇ ਨੂੰ ਚੁੱਕਿਆ ਗਿਆ, ਸੜਕਾਂ ਚੌੜੀਆਂ ਕੀਤੀਆਂ ਗਈਆਂ, ਤਬਾਹ ਹੋਈਆਂ ਦੁਕਾਨਾਂ ਨੂੰ

ਦੁਬਾਰਾ ਬਣਾਇਆ ਗਿਆ ਅਤੇ ਘਰਾਂ ਨੂੰ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਬਹੁਤ ਸਾਰੇ ਖੇਤਰਾਂ ਦੀਆਂ ਗਲੀਆਂ ਵਿਚ ਰੋਸ਼ਨੀ ਦਾ ਪ੍ਰਬੰਧ ਕੀਤਾ ਗਿਆ। ਸਫਾਈ ਦੀ ਬਹੁਤ ਵੱਡੀ ਸਮੱਸਿਆ ਸੀ ਜਿਸ ਵਿਚ ਲੁੱਟਮਾਰ ਅਤੇ ਅੱਗਜ਼ਨੀ ਕਾਰਣ ਹੋਰ ਵਾਧਾ ਹੋਇਆ ਸੀ। ਸ਼ਰਨਾਰਥੀਆਂ ਦੇ ਆਗਮਨ ਨਾਲ ਮੁਸੀਬਤ ਹੋਰ ਵਧ ਗਈ। ਵੱਖ ਵੱਖ ਇਲਾਕਿਆਂ ਦੇ ਵਸਨੀਕਾਂ ਨੇ ਸਵੈਸੇਵਕਾਂ ਨੂੰ ਸੰਗਠਿਤ ਕੀਤਾ ਜੋ ਸੰਘਣੀ ਆਬਾਦੀ ਵਾਲੇ ਇਲਾਕਿਆਂ ਅਤੇ ਗੰਦੀਆਂ ਸੜਕਾਂ ਦੀ ਸਫਾਈ ਕਰਨ ਲਈ ਜੁਟ ਗਏ। ਅਧਿਕਾਰੀਆਂ ਅਤੇ ਸਥਾਨਕ ਲੋਕਾਂ ਦੇ ਦ੍ਰਿੜ ਯਤਨਾ ਦੇ ਫਲਸਰੂਪ ਸ਼ਹਿਰ ਬਿਮਾਰੀਆਂ ਦੇ ਖਤਰੇ ਤੋਂ ਬਚ ਗਿਆ। ਭੋਜਣ ਵੰਡਣ ਦੇ ਕੰਮ ਦਾ ਪ੍ਰਬੰਧ ਵੱਡੇ ਪੱਧਰ ਤੇ ਕੀਤਾ ਗਿਆ ਸੀ। ਸਭ ਤੋਂ ਜ਼ਰੂਰੀ ਸਮੱਸਿਆ ਉਨ੍ਹਾਂ ਲਈ ਖਾਣੇ ਅਤੇ ਪਨਾਹ ਦਾ ਪ੍ਰਬੰਧ ਕਰਨ ਦੀ ਸੀ। ਮੁਸਲਮਾਨਾਂ ਦੁਆਰਾ ਖਾਲੀ ਕੀਤੇ ਹੋਏ ਘਰਾਂ ਨੇ ਉਨ੍ਹਾਂ ਦਾ ਧਿਆਨ ਖਿਚਿਆ ਅਤੇ ਉਨ੍ਹਾਂ ਦੀਆਂ ਲਲਚਾਈਆਂ ਨਜ਼ਰਾਂ ਉਨ੍ਹਾਂ ਤੇ ਟਿੱਕ ਗਈਆਂ। ਸ਼ਰਨਾਰਥੀਆਂ ਲਈ ਵੱਡੇ ਵੱਡੇ ਕੈਂਪ ਆਯੋਜਿਤ ਕੀਤੇ ਗਏ ਸਨ। ਖਾਣੇ, ਸਾਫ ਪਾਣੀ, ਸਫਾਈ ਅਤੇ ਡਾਕਟਰੀ ਸਹੂਲਤਾਂ ਦਾ ਪ੍ਰਬੰਧ ਤੁਰੰਤ ਕੀਤਾ ਗਿਆ। ਸ਼ਰਨਾਰਥੀਆਂ ਨੂੰ ਨਿਰਦੇਸ਼ਨ ਦੇਣ ਵਾਸਤੇ ਲਾਉਡ ਸਪੀਕਰਾਂ ਦੀ ਪ੍ਰਣਾਲੀ ਦੀ ਵਰਤੋਂ ਕੀਤੀ ਗਈ।

ਇਨ੍ਹਾਂ ਸਾਰੇ ਦੁੱਖਾਂ, ਮੁਸੀਬਤਾਂ ਦੇ ਬਾਵਜੂਦ ਸੁਤੰਤਰਤਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਅਤੇ ਲਗਭੱਗ 30 ਸਾਲ ਪਹਿਲਾਂ ਜਲ੍ਹਿਆਂ ਵਾਲੇ ਬਾਗ ਵਿਚ ਆਪਣੀਆਂ ਜਾਨਾਂ ਵਾਰਨ ਵਾਲਿਆਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ। ਸ਼ਹਿਰ ਵਿਚ ਵਿਜੈ ਪ੍ਰਦਰਸ਼ਨੀ ਲਈ ਮਹਿਰਾਬ ਬਣਾਏ ਗਏ, ਆਜ਼ਾਦੀ ਦਿਵਸ ਤੇ ਲੋਕਾਂ ਦੀ ਖੁਸੀ ਅਤੇ ਜੋਸ਼ ਦੇ ਵਿਖਾਵੇ ਦੇ ਨਾਲ ਨਾਲ ਬਹੁਤ ਸਾਰੀਆਂ ਤੋਪਾਂ ਚਲਾਈਆਂ ਗਈਆਂ ਅਤੇ ਧੜੱਲੇਦਾਰ ਭਾਸ਼ਣ ਦਿਤੇ ਗਏ, ਸਥਾਨਕ ਨੇਤਾਵਾਂ ਨੇ ਵੱਡੀਆਂ ਵੱਡੀਆਂ ਸਭਾਵਾਂ ਨੂੰ ਸੰਬੋਧਨ ਕੀਤਾ ਅਤੇ ਸੁਤੰਤਰਤਾ ਲਈ ਕੀਤੀਆਂ ਗਈਆਂ ਕੁਰਬਾਨੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ, ਨਵੀਂ ਪ੍ਰਾਪਤ ਕੀਤੀ ਆਜ਼ਾਦੀ ਦੇ ਉਤਸ਼ਾਹ ਨੂੰ ਕੁਝ ਹੱਦ ਤੱਕ ਅਜੋਕੀਆਂ ਘਟਨਾਵਾਂ ਦੀ ਯਾਦ ਨੇ ਦਿਲਗੀਰ ਕਰ ਦਿੱਤਾ, ਜਿਨ੍ਹਾਂ ਨੇ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਤ ਕੀਤਾ ਸੀ ਅਤੇ ਸ਼ਹਿਰ ਵਿਚ ਅਨੋਖੀ ਖਾਮੋਸ਼ੀ ਪੈਦਾ ਕਰ ਦਿੱਤੀ ਸੀ। ਸਮੇਂ ਦੇ ਬੀਤਣ ਨਾਲ ਸਭ ਕੁਝ ਠੀਕ ਹੋਣਾ ਸ਼ੁਰੂ ਹੋ ਗਿਆ ਅਤੇ ਅਧਿਕਾਰੀ ਅਤੇ ਲੋਕ ਸ਼ਹਿਰ ਦੇ ਢਾਂਚੇ ਵਿਚ ਸੁਧਾਰ ਕਰਨ ਦੀ ਯੋਜਨਾ ਬਣਾਉਣ ਵਿਚ ਰੁੱਝ ਗਏ। ਵਿਸਥਾਰ ਪੂਰਵਕ ਯੋਜਨਾਵਾਂ ਤਿਆਰ ਕਰਨ ਅਤੇ ਇਨ੍ਹਾਂ ਤੇ ਅਮਲ ਕਰਨ ਲਈ ਇੰਜੀਨੀਅਰਾਂ ਦੀ ਮਦਦ ਲਈ ਗਈ। ਸ਼ਹਿਰ ਨੂੰ ਨਵੀਂ ਦਿੱਖ ਪ੍ਰਦਾਨ ਕਰਨ ਵੱਲ ਅਧਿਕਾਰੀਆਂ ਦਾ ਧਿਆਨ ਦਿਵਾਇਆ ਗਿਆ ਅਤੇ ਸੀਮਤ ਫੰਡ ਹੋਣ ਤੇ ਵੀ ਇਸ ਦਿਸ਼ਾ ਵਿਚ ਭਰਪੂਰ ਯਤਨ ਕੀਤੇ ਗਏ। ਬਹੁਤ ਸਾਰੇ ਸ਼ਰਨਾਰਥੀਆਂ ਨੂੰ ਕਿਧਰੇ ਨਾ ਕਿਧਰੇ ਘਰ ਮਿਲ ਗਏ ਅਤੇ ਜੀਵਨ ਸਥਿਰ ਅਤੇ ਸ਼ਾਂਤਮਈ ਹੋ ਗਿਆ। ਇਕੱਠੇ ਕੀਤਾ ਗਏ ਧੰਨ ਨਾਲ ਸਿਹਤ ਅਤੇ ਮੁੜ ਉਸਾਰੀ ਲਈ ਖਰਚ ਕੀਤਾ ਗਿਆ। ਗਲੀਆਂ ਦੁਬਾਰਾ ਬਣਾਈਆਂ ਗਈਆਂ। ਹਾਲ ਬਾਜ਼ਾਰ, ਪਸ਼ਮ ਵਾਲਾ ਬਾਜ਼ਾਰ ਅਤੇ ਕਟੜਾ ਜੈਮਲ ਸਿੰਘ ਵਿਚ ਨਵੀਆਂ ਦੁਕਾਨਾਂ ਅਤੇ ਘਰ ਉਸਾਰੇ ਗਏ। ਮਿਉਂਸਿਪਲ ਕਮੇਟੀ ਨੇ ਜਲ ਸਪਲਾਈ ਅਤੇ ਜਲ ਨਿਕਾਸ ਦਾ ਪ੍ਰਬੰਧ ਕਰਕੇ ਨਵੀਆਂ ਅਬਾਦੀਆਂ ਦੀ ਦਸ਼ਾ ਸੁਧਾਰਨ

ਦਾ ਦ੍ਰਿੜ ਯਤਨ ਕੀਤਾ। ਇਨ੍ਹਾਂ ਇਲਾਕਿਆਂ ਦੀ ਦਿਖ ਵਿਚ ਸੋਹਣੀ ਤਬਦੀਲੀ ਆਈ ਅਤੇ ਹੁਣ ਇਨ੍ਹਾਂ ਬਾਜ਼ਾਰਾਂ ਵਿਚ ਕਿਸੇ ਕਿਸਮ ਦਾ ਭੀੜ ਭੜੱਕਾ ਜਾਂ ਤੰਗੀ ਨਜ਼ਰ ਨਹੀਂ ਸੀ ਆਉਂਦੀ, ਪਰੰਤੂ ਅੰਮ੍ਰਿਤਸਰ ਦੀਆਂ ਗਲੀਆਂ ਨੇ ਅਜੇ ਵੀ ਆਪਣੀ ਸਜੀਵ ਦਿੱਖ ਨਹੀਂ ਤਿਆਗੀ।

ਮਿਉਂਸਪੈਲਿਟੀ ਦੀਆਂ ਕਾਰਵਾਈਆਂ ਅਤੇ ਗਤੀਵਿਧੀਆਂ ਤੋਂ ਲੋਕਾਂ ਵਿਚ ਪੈਦਾ ਹੋਈ ਜਾਗਰੂਕਤਾ, ਨਾਗਰਿਕਤਾ ਦੀ ਭਾਵਨਾ ਅਤੇ ਲੋਕਾਂ ਦੇ ਰਹਿਣ ਸਹਿਣ ਦੀ ਹਾਲਤ ਵਿਚ ਸੁਧਾਰ ਕਰਨ ਲਈ ਉਤਸ਼ਾਹ ਦਾ ਪਤਾ ਲੱਗਦਾ ਹੈ। ਗਲੀਆਂ ਵਿਚੋਂ ਭੀੜ ਭੜੱਕੇ ਨੂੰ ਦੂਰ ਕਰਨ ਦਾ ਇਕੋ ਇਕ ਉਪਾਅ ਮਿਉਂਸਿਪਲ ਹੱਦਾਂ ਵਿਚ ਵਿਸਥਾਰ ਕਰਨਾ ਸੀ ਅਤੇ ਇਸ ਦਿਸ਼ਾ ਵੱਲ ਕਦਮ ਚੁੱਕੇ ਗਏ। ਮਿਉਂਸਿਪਲ ਕਮੇਟੀ ਨੇ ਆਪਣੀਆਂ ਜ਼ਿੰਮੇਵਾਰੀਆ ਨੂੰ ਨਿਭਾਉਣ ਲਈ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕੀਤਾ। ਵਿਦੇਸ਼ੀ ਮੰਡੀਆਂ, ਰੇਲਵੇ ਚੁੰਗੀ ਵਿਚ ਕਮੀ, ਪੈਟਰੋਲ ਦੀ ਇਕੋ ਜਿਹੀ ਵੰਡ ਅਤੇ ਵਪਾਰਕ ਰੁਕਾਵਟ ਦੇ ਨੁਕਸਾਨ ਦੇ ਬਾਵਜੂਦ ਮਿਉਂਸਿਪਲ ਕਮੇਟੀ ਵਲੋਂ ਪੂਰੀ ਚੌਕਸੀ ਵਰਤੀ ਗਈ ਅਤੇ 1952-53 ਤੱਕ ਆਮਦਨ ਵਧ ਕੇ 8,39,477-6-7 ਰੁਪਏ ਹੋ ਗਈ। ਕੁਝ ਸਮੇਂ ਬਾਅਦ ਲਗਭੱਗ ਇੱਕ ਕਰੋੜ ਪੰਜਾਹ ਲੱਖ ਦੀ ਵਾਰਸ਼ਿਕ ਆਮਦਨ ਨਾਲ ਅੰਮ੍ਰਿਤਸਰ ਮਿਉਂਸਿਪਲ ਕਮੇਟੀ ਰਾਜ ਭਰ ਵਿਚ ਸਭ ਤੋਂ ਅਮੀਰ ਨਗਰਪਾਲਿਕਾ ਹੋ ਗਈ। ਹੇਠ ਲਿਖੀ ਤੁਲਨਾਤਮਕ ਸਾਰਣੀ ਅੰਮ੍ਰਿਤਸਰ ਨਗਰਪਾਲਿਕਾ ਦੀ ਵਿੱਤੀ ਤਰੱਕੀ ਨੂੰ ਦਰਸਾਉਂਦੀ ਹੈ:

| | ਆਮਦਨ | | | ਖਰਚ | | |
|---|---|---|---|---|---|---|
| ਸਾਲ | 1936-37 | 1951-52 | 1962-63 | 1936-37 | 1951-52 | 1962-63 |
| ਕੁੱਲ ਜੋੜ | 2,916,067 | 6,520,598 | 15,160,765 | 2,446,215 | 7,385,417 | 14,652,042 |

ਉਪਰੋਕਤ ਸੂਚੀ ਤੋਂ ਇਹ ਸਪਸ਼ਟ ਹੋ ਜਾਵੇਗਾ ਕਿ 1936-37 ਦੇ ਮੁਕਾਬਲੇ 1962-63 ਤੱਕ ਨਗਰਪਾਲਿਕਾ ਅੰਮ੍ਰਿਤਸਰ ਦੀ ਕੁੱਲ ਆਮਦਨੀ ਪੰਜ ਗੁਣਾਂ ਤੋਂ ਵਧੇਰੇ ਵਾਧਾ ਹੋਇਆ, ਜੋ ਸ਼ਹਿਰ ਦੀ ਉਦਯੋਗਿਕ ਅਤੇ ਵਪਾਰਕ ਖੁਸ਼ਹਾਲੀ ਦਾ ਇਕ ਪ੍ਰਮਾਣ ਹੈ। ਪਿਛਲੇ ਦਹਾਕੇ ਦੌਰਾਨ ਆਮਦਨ ਦੁੱਗਣੀ ਨਾਲੋਂ ਵਧੇਰੇ ਹੋ ਗਈ ਹੈ। ਉਸਾਰੂ ਕੰਮਾਂ ਤੇ ਖਰਚਾ ਵੀ ਮੁਕਾਬਲਤਨ ਵਧਿਆ ਹੈ। ਫਿਰ ਵੀ ਨਗਰਪਾਲਿਕਾ ਵਲੋਂ ਪ੍ਰਤੀ ਵਿਅਕਤੀ ਕੀਤੇ ਜਾਂਦੇ ਖਰਚੇ ਦੀ ਸਥਿਤੀ ਕੇਵਲ 39 ਰੁਪਏ ਸਲਾਨਾ ਹੈ, ਜੋ ਬਹੁਤ ਘੱਟ ਹੈ, ਵਿਸ਼ੇਸ਼ ਤੌਰ ਤੇ ਕੀਮਤਾਂ ਵਿਚ ਹੋਏ ਭਾਰੀ ਵਾਧੇ ਨੂੰ ਵੇਖਦੇ ਹੋਏ ਖਰਚ ਬਹੁਤ ਥੋੜਾ ਹੈ।

ਕਮੇਟੀ ਦਾ ਕਰ ਢਾਂਚਾ ਵਾਸਤਵ ਵਿਚ ਲਚਕੀਲਾ ਨਹੀਂ ਹੈ, ਇਹ ਸ਼ਹਿਰ ਦੀਆਂ ਨਾਗਰਿਕਤਾ ਸਬੰਧੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਹੈ। ਜੋ ਲੋਕਾਂ ਦਾ ਦ੍ਰਿਸ਼ਟੀਕੋਣ ਬਦਲਣ ਕਰਕੇ ਤੇਜ਼ੀ ਨਾਲ ਵਧ ਰਹੀਆਂ ਹਨ। ਇਹ ਕਰ ਦਾਤਾਵਾਂ ਵਿਚ ਹੋਰ ਕਰ ਦੇਣ ਲਈ ਅਰੁਚੀ ਪੈਦਾ ਕਰਨ ਵਿਚ ਸਹਾਇਕ ਹੁੰਦੀ ਹੈ। ਖਰਚ ਵਿਚ ਬੱਚਤ ਦੀ ਮਹੱਤਤਾ ਨੂੰ ਵਧਾਉਂਦੀ ਹੈ ਅਤੇ ਕਰਾਂ ਦੀ ਚੋਰੀ ਨੂੰ ਰੋਕਦੀ ਹੈ। ਨਗਰ ਪਾਲਿਕਾ ਦੀ ਆਮਦਨ ਦੇ ਮੁੱਖ ਸਾਧਨ ਮਕਾਨ ਕਰ, ਮਹਿਸੂਲ, ਵਾਹਨ ਕਰ, ਵਾਹਨਾਂ ਤੇ ਲਾਇਸੰਸ ਫੀਸ ਤੇ ਜ਼ਮੀਨਾਂ, ਬਾਗਾਂ, ਇਮਾਰਤਾਂ ਅਤੇ ਸੜਕਾਂ ਦੇ ਕਿਨਾਰਿਆਂ ਦਾ ਕਿਰਾਇਆ ਹਨ।

ਕੁਝ ਦੇਰ ਤੋਂ ਬਹੁਤ ਸਾਰੀਆਂ ਵਿਰੋਧੀ ਪਾਰਟੀਆਂ ਨਵੀਆਂ ਚੋਣਾਂ ਕਰਵਾਉਣ ਦੀ ਮੰਗ ਕਰ ਰਹੀਆਂ ਹਨ, ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਹੁਣ ਨਗਰ ਪਾਲਿਕਾ ਲੋਕਾਂ ਦੀ ਪ੍ਰਤੀਨਿਧ ਨਹੀਂ ਰਹੀ। ਨਗਰਪਾਲਿਕਾ ਵਿਚ ਕਾਂਗਰਸ ਨੂੰ ਬਹੁਮੱਤ ਹਾਸਲ ਸੀ। ਪੰਜਾਬ ਨਗਰ ਨਿਗਮ ਬਿਲ ਦੁਆਰਾ ਅੰਮ੍ਰਿਤਸਰ ਵਿਚ ਨਗਰ ਨਿਗਮ ਸਥਾਪਤ ਕਰਨ ਬਾਰੇ ਵਿਚਾਰ ਕੀਤਾ ਗਿਆ। ਨਵੇਂ ਵਿਧਾਨ ਅਧੀਨ ਨਿਗਮ ਵਿਚ ਮੈਂਬਰਾਂ ਦੀ ਘੱਟੋ ਘੱਟ ਗਿਣਤੀ 25 ਹੋਵੇਗੀ। ਬਜ਼ੁਰਗਾਂ ਦੀ ਗਿਣਤੀ ਕੁੱਲ ਮੈਂਬਰਾਂ ਦੀ ਗਿਣਤੀ ਦੇ 1/5 ਭਾਗ ਤੋਂ ਵਧੇਰੇ ਨਹੀਂ ਹੋਵੇਗੀ। ਕਾਨੂੰਨ ਅਨੁਸਾਰ ਨਿਗਮ ਦੀ ਅਵਧੀ ਚਾਰ ਸਾਲ ਦੀ ਹੋਵੇਗੀ ਅਤੇ ਨਿਗਮ ਦੀ ਦੋ ਮੈਂਬਰੀ ਸਥਾਈ ਕਮੇਟੀ ਹੋਵੇਗੀ। ਨਗਰ ਪਾਲਿਕਾ ਸ਼ਹਿਰ ਵਿਚ ਭੀੜ ਭੜੱਕੇ ਅਤੇ ਸੰਘਣੀ ਆਬਾਦੀ ਤੇ ਕਾਬੂ ਪਾਉਣ ਸਬੰਧੀ ਕੋਈ ਜ਼ਰੂਰੀ ਕਾਰਵਾਈ ਕਰਨ ਦੇ ਸਮਰੱਥ ਨਹੀਂ ਸੀ, ਕਿਉਂਕਿ ਜਿਥੋਂ ਤੱਕ ਇਮਾਰਤਾਂ ਬਾਰੇ ਜ਼ਿਮਨੀ ਕਾਨੂੰਨ ਅਤੇ ਸ਼ਹਿਰੀ ਯੋਜਨਾ ਪ੍ਰਬੰਧ ਨੂੰ ਲਾਗੂ ਕਰਨ ਦਾ ਸਬੰਧ ਸੀ, ਨਗਰਪਾਲਿਕਾ ਦੀ ਭੂਮਿਕਾ ਨਿਰੋਲ ਨਿਯਮਕਾਰੀ ਅਤੇ ਪ੍ਰਤੀਬੰਧਕ ਸੀ। ਸ਼ਹਿਰ ਆਬਾਦੀ ਦੇ ਵਧ ਜਾਣ ਕਰਕੇ ਬਹੁਤ ਭੀੜ ਭੜੱਕੇ ਅਤੇ ਸੰਘਣੀ ਆਬਾਦੀ ਵਾਲਾ ਬਣ ਗਿਆ ਅਤੇ ਕਾਫੀ ਸਾਰੇ ਲੋਕ ਰੋਗੀ ਹਾਲਤ ਵਿਚ ਰਹਿੰਦੇ ਸਨ। ਨਗਰਪਾਲਿਕਾ ਦੇ ਖੇਤਰ ਵਿਚ ਪ੍ਰਮੁੱਖ ਯੋਜਨਾਕਾਰ ਸ਼ਕਤੀ, ਅੰਮ੍ਰਿਤਸਰ ਸੁਧਾਰ ਟਰੱਸਟ ਹਾਲਾਤ ਤੇ ਕਾਬੂ ਪਾਉਣ ਲਈ ਪੂਰੀ ਤਰ੍ਹਾਂ ਸਮਰੱਥ ਸੀ। ਜਿਥੋਂ ਤੱਕ ਦੀਵਾਰ ਤੋਂ ਅੰਦਰਲੇ ਸ਼ਹਿਰ ਦੇ ਵਿਨਾਸ਼ ਹੋਏ ਇਲਾਕਿਆਂ ਦੇ ਵਿਕਾਸ ਦਾ ਸਬੰਧ ਸੀ, ਟਰੱਸਟ ਦੇ ਕੰਮਾਂ ਵਿਚ ਇਕ ਗੁੰਝਲਦਾਰ ਮੁਸ਼ਕਿਲ, ਖਾਲੀ ਪਈ ਜ਼ਮੀਨ ਤੇ ਕਬਜ਼ਾ, ਰੁਕਾਵਟ ਬਣਿਆ, ਪਰੰਤੂ ਪੰਜਾਬ ਦੇ ਤਬਾਹ ਹੋਏ ਇਲਾਕਿਆਂ ਦੇ ਵਿਕਾਸ ਬਾਰੇ ਹੁਕਮ ਦੇ ਐਲਾਨ ਨੇ ਆਪਣੀਆਂ ਵਿਕਾਸ ਅਤੇ ਘਰਾਂ ਦੀਆਂ ਸਕੀਮਾਂ ਨਾਲ ਅੱਗੇ ਵਧਣ ਲਈ ਟਰੱਸਟ ਦਾ ਰਸਤਾ ਸਾਫ ਕਰ ਦਿੱਤਾ।

ਅੰਮ੍ਰਿਤਸਰ ਸੁਧਾਰ ਟਰੱਸਟ ਨੇ ਸ਼ਹਿਰ ਦੇ ਵਿਕਾਸ ਵਿਚੋਂ ਇਕ ਵਿਸ਼ੇਸ਼ ਭੂਮਿਕਾ ਨਿਭਾਈ। ਅੰਮ੍ਰਿਤਸਰ ਦੀ ਆਬਾਦੀ ਬਹੁਤ ਸੰਘਣੀ ਹੈ। ਬਟਵਾਰੇ ਤੋਂ ਪਹਿਲਾਂ 11.5 ਵਰਗਮੀਲ ਦੇ ਖੇਤਰ ਵਿਚ 2,40,000 ਲੋਕ ਰਹਿੰਦੇ ਸਨ, ਭਾਵੇਂ 1947 ਵਿਚ ਫਿਰਕੂ ਦੰਗਿਆ ਦੌਰਾਨ 19,000 ਮਕਾਨ ਨਸ਼ਟ ਹੋ ਗਏ ਸਨ, ਹੋਰ ਜ਼ਿਲ੍ਹਿਆਂ ਵਿਚੋਂ ਉਜੜ ਕੇ ਆਏ ਵੱਡੀ ਗਿਣਤੀ ਵਿਚ ਲੋਕਾਂ ਦੇ ਸ਼ਹਿਰ ਵਿਚ ਆ ਕੇ ਵਸ ਜਾਣ ਕਾਰਣ ਘਣਤਾ ਵਿਚ ਕਮੀ ਨਹੀਂ ਆਈ। ਸ਼ਹਿਰ ਵਿਚ 2,20,000 ਲੋਕ ਰਹਿੰਦੇ ਸਨ ਅਤੇ ਪ੍ਰਤੀ ਏਕੜ ਵਿਚ 250 ਤੋਂ 350 ਦੇ ਵਿਚਕਾਰ ਘਣਤਾ ਸੀ। ਸੁਧਾਰ ਟਰੱਸਟ ਦਾ ਇਹ ਇਰਾਦਾ ਸੀ ਕਿ ਵਿਨਾਸ਼ ਹੋਏ ਕੁਝ ਖੇਤਰਾਂ ਵਿਚ ਵਿਕਾਸ ਕੀਤਾ ਜਾਵੇ ਤਾਂ ਜੋ ਘਣਤਾ ਘਟਾ ਕੇ ਪ੍ਰਤੀ ਏਕੜ ਵਿਚ ਲਗਭਗ 200 ਵਿਅਕਤੀ ਕਰਨ ਵਿਚ ਸਫਲਤਾ ਮਿਲ ਸਕੇ। ਸੁਧਾਰ ਟਰੱਸਟ ਨੇ ਬਹੁਤ ਸਾਰੀਆਂ ਵਿਕਾਸ ਦੀਆਂ ਸਕੀਮਾਂ ਤਿਆਰ ਕੀਤੀਆਂ ਜੋ ਹੋਰ ਖੇਤਰਾਂ ਦੇ ਨਾਲ ਬਾਜ਼ਾਰ ਬੱਕਰਵਾਨਾ, ਕੱਟੜਾ ਸ਼ੇਰ ਸਿੰਘ, ਕਟੜਾ ਜੈਮਲ ਸਿੰਘ, ਹਾਲ ਬਾਜ਼ਾਰ ਅਤੇ ਕਟੜਾ ਸ਼ੇਰ ਸਿੰਘ ਦਾ ਕੁਝ ਹਿੱਸਾ, ਇਸਲਾਮਾਬਾਦ ਦਾ ਇਲਾਕਾ, ਬਾਜ਼ਾਰ ਜੈਮਲ ਸਿੰਘ ਅਤੇ ਬਾਜ਼ਾਰ ਪਸ਼ਮਵਾਲਾ ਨਾਲ ਸਬੰਧਤ ਸਨ। ਚੌੜੀਆਂ ਕੰਕਰੀਆਂ ਦੀਆਂ ਸੜਕਾਂ ਬਣਾਈਆਂ ਗਈਆਂ। ਬਾਜ਼ਾਰ ਬੱਕਰਵਾਨਾ ਵਿਚ ਘੀ ਮੰਡੀ ਦੇ ਨੇੜੇ ਇਕ ਨਵੀਂ ਸੜਕ ਬਣਾਈ ਗਈ, ਜੋ ਸ਼ਹਿਰ ਦੇ ਬਾਹਰਲੇ ਭਾਗ ਨੂੰ

ਰਾਣੀ ਦੇ ਬੁੱਤ ਦੇ ਨਜ਼ਦੀਕ (ਜੋ ਹੁਣ ਹਟਾ ਦਿੱਤਾ ਗਿਆ ਹੈ) ਸ਼ਹਿਰ ਦੇ ਦਿਲ ਅਤੇ ਟਾਊਣ ਹਾਲ ਨਾਲ ਜੋੜਦੀ ਹੈ। ਸ਼ਹਿਰ ਦੀਆਂ ਛੋਟੀਆਂ ਗਲੀਆਂ ਨੂੰ ਚੌੜਾ ਕੀਤਾ ਗਿਆ ਅਤੇ ਤਬਾਹ ਹੋਏ ਇਲਾਕਿਆਂ ਵਿਚ ਮਕਾਨ ਅਤੇ ਦੁਕਾਨਾਂ ਬਣਾਈਆਂ ਗਈਆਂ। ਹਰੀਜਨ ਬਰਾਦਰੀ ਲਈ ਮਕਾਨ ਸਹੂਲਤ ਸਕੀਮ ਸ਼ੁਰੂ ਕੀਤੀ ਗਈ। ਪੁਰਾਣੀਆਂ ਇਮਾਰਤਾਂ ਢਾਹੀਆਂ ਜਾ ਰਹੀਆਂ ਸਨ ਅਤੇ ਸ਼ਹਿਰ ਦੀਆਂ ਗੰਦੀਆਂ ਬਸਤੀਆਂ ਦੀ ਸਫਾਈ ਲਈ ਕਦਮ ਚੁੱਕੇ ਜਾ ਰਹੇ ਸਨ। 23 ਅਪਰੈਲ 1952 ਨੂੰ ਹਰੀਜਨ ਪਰਿਵਾਰਾਂ ਲਈ ਮਕਾਨ ਬੁਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ। ਇਨ੍ਹਾਂ ਅਤੇ ਹੋਰ ਬਹੁਤ ਸਾਰੇ ਸੁਧਾਰਾਂ ਨਾਲ ਸ਼ਹਿਰ ਦੀ ਸਫਾਈ ਅਤੇ ਖ਼ੂਬਸੂਰਤੀ ਵਿਚ ਵਾਧਾ ਹੋਇਆ। ਟਰੱਸਟ ਦੀ ਸਿਰਜਨਾ ਤੋਂ ਉਪਰੰਤ ਇਸਨੇ ਦੀਵਾਰ ਦੇ ਅੰਦਰੂਨੀ ਅਤੇ ਬਾਹਰੀ ਸ਼ਹਿਰ ਲਈ ਲੱਗਭਗ 60 ਸਕੀਮਾਂ ਤਿਆਰ ਕੀਤੀਆਂ। 1960-61 ਦੌਰਾਨ ਫੁਹਾਰਾ ਚੌਂਕ ਤੋਂ ਜਲ੍ਹਿਆਂਵਾਲੇ ਬਾਗ ਤੱਕ ਸੜਕ ਨੂੰ ਚੌੜਾ ਕਰਨ ਸਮੇਤ ਟਰੱਸਟ ਨੇ ਲਗਭਗ 10 ਸਕੀਮਾਂ ਦਾ ਨਿਰਮਾਣ ਕੀਤਾ। ਦੀਵਾਰ ਦੇ ਅੰਦਰਲੇ ਸ਼ਹਿਰ ਦੇ ਤਬਾਹ ਹੋਏ ਇਲਾਕਿਆਂ ਦੇ ਜ਼ਿਆਦਾਤਰ ਭਾਗ ਦਾ ਕੰਮ ਹੁਣ ਨਜਿੱਠ ਲਿਆ ਗਿਆ ਹੈ ਅਤੇ ਇਨ੍ਹਾਂ ਨਾਲ ਸਬੰਧਤ ਸਕੀਮਾਂ ਤੇ ਕੰਮ ਹੋ ਰਿਹਾ ਹੈ। ਟਰੱਸਟ ਨੇ ਸਿਵਲ ਲਾਈਨਜ਼ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ ਹੈ। ਇਨ੍ਹਾਂ ਸਕੀਮਾਂ ਵਿਚ ਵਧੇਰੇ ਮਹੱਤਵਪੂਰਣ ਵਿਕਾਸ ਸਕੀਮਾਂ, ਸੁਲਤਾਨ ਵਿੰਡ ਗੇਟ ਦੇ ਬਾਹਰ ਉਦਯੋਗਿਕ ਏਰੀਆ ਬਣਾਉਣਾ, ਜ਼ਿਲ੍ਹਾ ਕਚਹਿਰੀਆਂ ਦੇ ਨੇੜੇ ਰਿਹਾਇਸ਼ੀ ਬਸਤੀ ਦੀ ਸਕੀਮ, ਅਤੇ ਦਾਣਾ ਮੰਡੀ ਨੂੰ ਚਾਟੀਵਿੰਡ ਗੇਟ ਦੇ ਬਾਹਰਲੇ ਇਲਾਕੇ ਵਿਚ ਬਦਲਣਾ ਹਨ। 1959 ਤੋਂ ਖਰਚ ਦਾ ਹੇਠ ਲਿਖਿਆ ਵੇਰਵਾ ਟਰੱਸਟ ਦੀਆਂ ਵਧ ਰਹੀਆਂ ਗਤੀਵਿਧੀਆਂ ਨੂੰ ਦਰਸਾਉਂਦਾ ਹੈ:

| | |
|---|---|
| 1959-60 | 12,11,218 ਰੁਪਏ |
| 1960-61 | 43,15,750 ਰੁਪਏ |
| 1961-62 | 54,72,035 ਰੁਪਏ |

ਮਾਸਟਰ ਤਾਰਾ ਸਿੰਘ ਦੀ ਅਗਵਾਈ ਅਧੀਨ ਅਕਾਲੀ ਦਲ ਦੀਆਂ ਗਤੀਵਿਧੀਆਂ ਨੇ ਇਤਨਾ ਧਿਆਨ ਖਿਚਿਆ ਕਿ ਇਥੇ ਇਸਦਾ ਥੋੜਾ ਜਿਹਾ ਵਰਨਣ ਕਰਨਾ ਚਾਹੀਦਾ ਹੈ। ਖੇਤਰੀ ਸੂਤਰ, ਜਿਸ ਤੇ ਅਮਲ ਹੋ ਰਿਹਾ ਸੀ, ਇਸ ਨਾਲ ਸਿੱਖ ਅਭਿਲਾਸ਼ਾ ਦੀ ਪੂਰਤੀ ਨਹੀਂ ਸੀ ਹੋਈ ਅਤੇ ਪੰਜਾਬੀ ਸੂਬੇ ਦੀ ਮੰਗ ਦ੍ਰਿੜ ਹੋ ਗਈ। ਇਸ ਸੂਤਰ ਅਧੀਨ ਪੰਜਾਬ ਨੂੰ ਭਾਸ਼ਾ ਦੇ ਅਧਾਰ ਤੇ ਦੋ ਭਾਗਾਂ ਵਿਚ ਵੰਡਿਆ ਗਿਆ। ਪੰਜਾਬੀ ਖੇਤਰ ਅਤੇ ਹਿੰਦੀ ਖੇਤਰ, ਇਹ ਸ਼ਰਤ ਲਾਈ ਗਈ ਕਿ ਪੰਜਾਬੀ ਖੇਤਰ ਵਿਚ ਬੱਚੇ ਆਪਣੀ ਸਿੱਖਿਆ ਗੁਰਮੁੱਖੀ ਲਿੱਪੀ ਵਿਚ ਪੰਜਾਬੀ ਨਾਲ ਸ਼ੁਰੂ ਕਰਨਗੇ ਅਤੇ ਹਿੰਦੀ ਖੇਤਰ ਵਿਚ ਦੇਵਨਾਗਰੀ ਲਿੱਪੀ ਵਿਚ ਹਿੰਦੀ ਨਾਲ ਸ਼ੁਰੂ ਕਰਨਗੇ। ਇਹ ਸਕੀਮ ਕੇਂਦਰੀ ਮੰਤਰੀ ਮੰਡਲ ਵਿਚ ਪੇਸ਼ ਕੀਤੀ ਗਈ, ਅਤੇ ਰਾਸ਼ਟਰਪਤੀ ਸ੍ਰੀ ਰਜਿੰਦਰ ਪ੍ਰਸ਼ਾਦ ਨੇ ਇਸ ਵਿਚ ਇਕ ਹੋਰ ਸ਼ਰਤ ਸ਼ਾਮਲ ਕੀਤੀ ਕਿ ਜਿਥੇ ਪੰਜਾਬੀ ਖੇਤਰ ਵਿਚ ਕਿਸੇ ਜਮਾਤ ਦੇ ਘੱਟੋ ਘੱਟ 10 ਬੱਚੇ ਜਾਂ ਕਿਸੇ ਸਕੂਲ ਦੇ ਕੁੱਲ 40 ਬੱਚੇ

ਹਿੰਦੀ ਮੀਡੀਅਮ ਵਿਚ ਪੜ੍ਹਾਈ ਕਰਨਾ ਚਾਹੁਣਗੇ ਅਤੇ ਹਿੰਦੀ ਖੇਤਰ ਵਿਚ ਪੰਜਾਬੀ ਮੀਡੀਅਮ ਵਿਚ ਪੜ੍ਹਨਾ ਚਾਹੁੰਣਗੇ, ਉਨ੍ਹਾਂ ਦੀ ਮੰਗ ਮੰਨੀ ਜਾਣੀ ਚਾਹੀਦੀ ਹੈ। ਬੱਚਿਆਂ ਦੀ ਮਾਤ ਭਾਸ਼ਾ ਸਬੰਧੀ ਉਨ੍ਹਾਂ ਦੇ ਮਾਤਾ ਪਿਤਾ ਦੇ ਬਿਆਨ ਨੂੰ ਅੰਤਿਮ ਮੰਨਿਆ ਜਾਣਾ ਚਾਹੀਦਾ ਹੈ। ਇਸ ਸੂਤਰ ਨੇ ਪੰਜਾਬੀ ਭਾਸ਼ਾ ਅਤੇ ਲਿੱਪੀ ਨੂੰ ਮਾਨਤਾ ਦਿੱਤੀ ਜੋ ਹੁਣ ਤੱਕ ਰਾਜ ਦੇ ਇਕ ਭਾਗ ਪਟਿਆਲਾ ਤੋਂ ਸਿਵਾਏ ਕਿਧਰੇ ਵੀ ਨਹੀਂ ਸੀ ਦਿੱਤੀ ਗਈ। ਪਰੰਤੂ ਇਸ ਨੇ ਸਿੱਖ ਨੇਤਾਵਾਂ ਨੂੰ ਸੰਤੁਸ਼ਟ ਨਾ ਕੀਤਾ। ਸੰਤ ਫਤਿਹ ਸਿੰਘ ਨੇ ਵਰਤ ਰੱਖ ਲਿਆ ਜੋ ਆਖਰਕਾਰ ਕਾਂਗਰਸ ਨੇਤਾਵਾਂ ਨਾਲ ਹੋਈ ਗੱਲਬਾਤ ਦੇ ਨਤੀਜੇ ਵਜੋਂ ਇਸ ਨੂੰ ਤੋੜਨ ਲਈ ਸਹਿਮਤ ਹੋ ਗਿਆ। 28 ਜੂਨ 1961 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਮੁੜ ਦੁਹਰਾਇਆ ਅਤੇ ਪ੍ਰਸਤਾਵ ਦਿੱਤਾ ਕਿ 'ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ ਦੀ ਸੁਰੱਖਿਆ ਅਤੇ ਵਿਕਾਸ ਲਈ ਪੰਜਾਬੀ ਭਾਸ਼ੀ ਰਾਜ ਹੀ ਪੰਜਾਬ ਸਮੱਸਿਆ ਦਾ ਇਕੋ ਇਕ ਹੱਲ ਹੈ।

15 ਅਗਸਤ ਨੂੰ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਮਰਨ ਵਰਤ ਰੱਖਿਆ ਅਤੇ ਸੂਰਯਾ ਦੇਵ ਨੇ ਇਸ ਦੇ ਵਿਰੋਧ ਵਿਚ ਵਰਤ ਰੱਖਿਆ। ਸਵਰਨ ਮੰਦਰ ਵਿਚ ਮੀਟਿੰਗਾਂ ਸ਼ੁਰੂ ਹੋਈਆਂ ਅਤੇ ਸੰਤ ਫਤਿਹ ਸਿੰਘ ਅਤੇ ਹੋਰਨਾਂ ਨੇ ਸੰਬੋਧਨ ਕੀਤਾ। 'ਸ਼ਹਿਰ ਦਾ ਇਹ ਦਿਲ' ਜਿਸਨੇ ਅਨੇਕਾਂ ਲੋਕਾਂ ਦਾ ਕਾਇਆ ਕਲਪ ਕੀਤਾ ਸੀ ਅਤੇ ਅਨੇਕਾਂ ਸ਼ਰਧਾਲੂਆਂ ਦੀਆਂ ਮਨੋਕਾਮਨਾਵਾਂ ਨੂੰ ਸ਼ਾਂਤ ਕੀਤਾ ਸੀ, ਇਕ ਵਾਰ ਫਿਰ ਸਿੱਖ ਮਸਲੇ ਦੇ ਸਮਾਧਾਨ ਲਈ ਰਜਨੀਤਿਕ ਪੰਡਿਤਾਂ ਦਾ ਧਿਆਨ ਖਿੱਚਣ ਲੱਗ ਪਿਆ। ਮੁਢਲੀਆਂ ਪ੍ਰੇਰਨਾਵਾਂ ਅਤੇ ਬੇਨਤੀਆਂ ਸਿੱਖ ਨੇਤਾਂ ਨੂੰ ਆਪਣਾ ਵਰਤ ਜਾਰੀ ਰੱਖਣ ਤੋਂ ਮਨ੍ਹਾਂ ਕਰਨ ਵਿਚ ਨਾ-ਕਾਮਯਾਬ ਰਹੀਆਂ। ਸੰਤ ਫਤਿਹ ਸਿੰਘ ਨੂੰ ਗੱਲਬਾਤ ਕਰਨ ਲਈ ਦਿੱਲੀ ਬੁਲਾਇਆ ਗਿਆ, ਪਰੰਤੂ ਗੱਲਬਾਤ ਟੁੱਟ ਗਈ। ਜੈ ਪ੍ਰਕਾਸ਼ ਨਰਾਇਣ, ਅਸ਼ੋਕ ਮਹਿਤਾ ਅਤੇ ਐਮ.ਐਮ. ਅਨੇ ਨੇ ਸਿੱਖ ਨੇਤਾਂ ਨੂੰ ਅੰਮ੍ਰਿਤਸਰ ਬੁਲਾਇਆ ਪਰੰਤੂ ਉਹ ਆਪਣੀ ਮੰਗ ਤੇ ਅੜੇ ਰਹੇ। ਅੰਤ ਵਿਚ ਮਹਾਰਾਜਾ ਪਟਿਆਲਾ ਅਤੇ ਹਰਦਿੱਤ ਸਿੰਘ ਮਲਿਕ ਨੇ ਸਰਕਾਰ ਅਤੇ ਅਕਾਲੀ ਦਲ ਵਿਚਕਾਰ ਸਮਝੌਤਾ ਕਰਵਾਇਆ। ਇਸ ਤਰ੍ਹਾਂ 1 ਅਕਤੂਬਰ ਨੂੰ ਸ਼ਾਮ ਦੇ 7 ਵਜੇ ਮਾਸਟਰ ਤਾਰਾ ਸਿੰਘ ਨੇ ਆਪਣਾ 48ਵੇਂ ਦਿਨ ਦਾ ਵਰਤ ਖਤਮ ਕਰ ਦਿੱਤਾ। ਉਦੋਂ ਤੋਂ ਹੀ ਅਕਾਲੀ ਪਾਰਟੀ ਵਿਚ ਦਰਾੜ ਪੈ ਗਈ ਅਤੇ ਹੁਣ ਸੰਤ ਫਤਿਹ ਸਿੰਘ ਨੇ ਹਕੀਕੀ ਤੌਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਸੰਭਾਲ ਲਿਆ। ਪਰੰਤੂ ਭਾਰਤ ਚੀਨ ਯੁੱਧ ਨੇ ਸਿੱਖਾਂ ਦਾ ਧਿਆਨ ਵਧੇਰੇ ਮਹੱਤਵਪੂਰਨ ਸਮੱਸਿਆਵਾਂ ਵੱਲ ਖਿੱਚ ਲਿਆ। ਸੰਕਟਕਾਲ ਦੌਰਾਨ ਅੰਮ੍ਰਿਤਸਰ ਨੇ ਭਾਰਤੀ ਕੌਮੀ ਸੁਰੱਖਿਆ ਚੰਦੇ ਲਈ ਧਨ ਅਤੇ ਸੋਨੇ ਨਾਲ ਵੱਧ ਚੜ੍ਹ ਕੇ ਯੋਗਦਾਨ ਪਾਇਆ ਅਤੇ ਜਲ੍ਹਿਆਂਵਾਲੇ ਬਾਗ ਦੇ ਉਨ੍ਹਾਂ ਸ਼ਾਨਦਾਰ ਦਿਨਾਂ ਦੀ ਯਾਦ ਤਾਜ਼ਾ ਕਰ ਦਿੱਤੀ ਜਦੋਂ ਗਾਂਧੀ ਦੇ ਸੱਦੇ ਉਤੇ ਭਾਰਤੀ ਆਜ਼ਾਦੀ ਦੀ ਲੜਾਈ ਲਈ ਔਰਤਾਂ ਨੇ ਆਪਣੇ ਹਾਰ ਅਤੇ ਕੰਨਾਂ ਦੀਆਂ ਵਾਲੀਆਂ ਉਤਾਰ ਕੇ ਦੇ ਦਿੱਤੀਆਂ ਸਨ। ਸੰਕਟਕਾਲ ਦੌਰਾਨ ਕੁਰਬਾਨੀ ਦੀ ਇਹੋ ਜਿਹੀ ਅਭਿਲਾਸ਼ਾ ਅਤੇ ਭਾਵਨਾ ਵੇਖਣ ਵਿਚ ਆਈ। ਨਗਰਪਾਲਿਕਾ ਨੇ 5,00,000 ਰੁਪਏ ਨਕਦ ਅਤੇ 1,50,000 ਰੁਪਏ ਸੋਨੇ ਦੀ ਖਰੀਦ ਵਜੋਂ ਭੇਟ ਕੀਤੇ। ਨਗਰ-ਪਾਲਿਕਾ ਕਰਮਚਾਰੀਆਂ ਨੇ ਵੀ ਆਪਣਾ

ਇਕ ਮਹੀਨੇ ਦਾ ਪ੍ਰਾਵੀਡੈਂਟ ਫੰਡ ਅਤੇ 19,205 ਰੁਪਏ 51 ਪੈਸੇ ਨਕਦ ਸੋਨੇ ਵਜੋਂ ਦਿਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਕੌਮੀ ਸੁਰੱਖਿਆ ਫੰਡ ਲਈ 25 ਫਰਵਰੀ, 1964 ਤੱਕ ਇਕੱਤਰ ਹੋਏ ਯੋਗਦਾਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਨਕਦ ਪੰਜਾਬ ਖਾਤੇ | ਸਾਧਾਰਣ ਖਾਤੇ | ਸੋਨਾ ਗਰਾਮਾਂ ਵਿਚ | ਚਾਂਦੀ ਗਰਾਮਾਂ ਵਿਚ |
|---|---|---|---|
| 33,17,169 ਰੁਪਏ | 47,962 ਰੁਪਏ | 64,471 | 855 |

ਲੋਕਾਂ ਨੇ ਬਹੁਤ ਸਾਰੀਆਂ ਗ੍ਰਹਿ ਸੁਰੱਖਿਆ ਅਤੇ ਫੌਜੀ ਸਿਖਲਾਈ ਸਕੀਮਾਂ ਵਿਚ ਡੂੰਘੀ ਦਿਲਚਸਪੀ ਵਿਖਾਈ।

20 ਜੂਨ, 1965 ਨੂੰ ਜਦੋਂ ਪਾਕਿਸਤਾਨ ਨੇ ਕੱਛ ਸਮਝੌਤੇ ਉਤੇ ਦਸਤਖਤ ਕੀਤੇ, ਤਾਂ ਉਹ ਜੰਮੂ ਕਸ਼ਮੀਰ ਵਿਚ ਜੰਗ-ਬੰਦੀ ਰੇਖਾ ਦੇ ਨਾਲ ਵੱਡੀ ਪੱਧਰ ਉਤੇ ਗੁੱਝਾ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਸੀ, ਅਤੇ ਜਦੋਂ ਅਜੇ ਉਸ ਸਮਝੌਤੇ ਦੀ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਹਜ਼ਾਰਾਂ ਦੀ ਗਿਣਤੀ ਵਿਚ ਹਮਲਾਵਰਾਂ ਨੇ ਜਿਨ੍ਹਾਂ ਨੂੰ 'ਮੁਜਾਹਿਦ' ਕਿਹਾ ਜਾਂਦਾ ਸੀ, ਭਾਰੀ ਹਮਲਾ ਕਰ ਦਿੱਤਾ।

ਅਨੁਮਾਨ ਹੈ ਕਿ 5 ਅਗਸਤ, 1965 ਤੋਂ ਕਈ ਹਜ਼ਾਰ ਘੁਸਪੈਠੀਏ ਜਨਸੇਵਕਾਂ ਦੇ ਭੇਸ ਵਿਚ ਆਧੁਨਿਕ ਹਥਿਆਰਾਂ, ਸੰਕੇਤਕ ਉਪਕਰਣਾਂ, ਭਾਰੀ ਮਾਤਰਾ ਵਿਚ ਅਸਲੇ ਅਤੇ ਵਿਸਫੋਟਕ ਪਦਾਰਥਾਂ ਨਾਲ ਲੈਸ ਅਤੇ ਪਾਕਿਸਤਾਨੀ ਫੌਜ ਦੀ 12ਵੀਂ ਡਿਵੀਜ਼ਨ ਦੇ ਜਨਰਲ ਅਫਸਰ ਕਮਾਂਡਿੰਗ ਜਰਨੈਲ ਅਖਤਰ ਹੁਸੈਨ ਮਲਿਕ ਦੇ ਨਿਰਦੇਸ਼ਾਂ ਅਧੀਨ ਸਿੱਖਿਆ ਪ੍ਰਾਪਤ ਕਰਕੇ ਕਸ਼ਮੀਰ ਵਿਚ ਦਾਖਲ ਹੋ ਗਏ ਅਤੇ ਪੁਲਾਂ, ਵੱਡੀਆਂ ਸੜਕਾਂ, ਪੁਲਿਸ ਥਾਣਿਆਂ ਨੂੰ ਤਬਾਹ ਕਰਨ, ਫੌਜੀ ਨੁਕਤਿਆਂ ਦੀ ਸਥਾਪਨਾ, ਦੰਗੇ ਫਸਾਦ ਕਰਨ ਜਿਹੀਆਂ ਕੋਝੀਆਂ ਕਾਰਵਾਈਆ ਸ਼ੁਰੂ ਕਰ ਦਿੱਤੀਆਂ, ਅਤੇ ਇਸ ਤੋਂ ਬਿਨਾਂ ਉਨ੍ਹਾਂ ਨੇ ਭਾਰਤ ਵਿਚਲੇ ਜੰਮੂ ਕਸ਼ਮੀਰ ਦੀ ਆਬਾਦੀ ਵਿਚ ਆਪਣਾ ਪ੍ਰਭਾਵ ਵਧਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ 'ਅਲਜੀਰੀਅਨ ਸੰਘਰਸ਼ ਵਿਧੀ' ਨੂੰ ਅਪਣਾਇਆ। ਪਾਕਿਸਤਾਨ ਨੇ ਕਸ਼ਮੀਰ ਵਿਚ ਯੁੱਧ ਬੰਦੀ ਰੇਖਾ ਦੇ ਕੁਝ ਭਾਗਾਂ ਦੇ ਨਾਲ ਨਾਲ ਸਥਾਈ ਸੈਨਾ ਦਸਤਿਆਂ ਨੂੰ ਤੈਨਾਤ ਕਰ ਦਿੱਤਾ। ਗੁਰੀਲਾ ਯੁੱਧ ਕਲਾ ਵਿਚ ਮਾਹਿਰ ਪਾਕਿਸਤਾਨੀ ਫੌਜ ਦੀ ਇਕ ਟੁਕੜੀ ਨੂੰ ਜੰਮੂ ਕਸ਼ਮੀਰ ਵਾਦੀ ਵਿਚ ਭੇਜਿਆ ਗਿਆ। ਜਦੋਂ ਪਾਕਿਸਤਾਨ ਦਾ ਜੰਮੂ ਕਸ਼ਮੀਰ ਵਿਚ ਬਗਾਵਤ ਫੈਲਾਉਣ ਅਤੇ ਇਸ ਤਰ੍ਹਾਂ ਸ੍ਰੀਨਗਰ ਤੇ ਕਬਜ਼ਾ ਕਰਨ ਦਾ ਅਸਲ ਮਨਸੂਬਾ ਅਸਫਲ ਹੋ ਗਿਆ ਤਾਂ ਉਸਨੇ 1 ਸਤੰਬਰ, 1965 ਨੂੰ ਹਥਿਆਰਬੰਦ ਸੈਨਾ ਅਤੇ ਜੰਗੀ ਜਹਾਜ਼ਾਂ ਨਾਲ ਛੰਭ ਜੌੜੀਆਂ ਸੈਕਟਰ ਤੇ ਭਾਰੀ ਹਮਲਾ ਕਰ ਦਿੱਤਾ। ਉਸੇ ਦਿਨ ਭਾਰਤੀ ਹਵਾਈ ਫੌਜ ਹਰਕਤ ਵਿਚ ਆ ਗਈ, ਅਤੇ ਕੁਝ ਦਿਨਾਂ ਲਈ ਦੋਨੋਂ ਧਿਰਾਂ ਇਕ ਦੂਜੀ ਧਿਰ ਨੂੰ ਪਿਛੇ ਧੱਕਣ ਦੀ ਕੋਸ਼ਿਸ਼ ਕਰਦੀਆਂ ਇਸ ਖੇਤਰ ਵਿਚ ਘਿਰ ਗਈਆਂ। 5 ਸਤੰਬਰ ਦੀ ਸ਼ਾਮ ਨੂੰ ਪਾਕਿਸਤਾਨੀ ਹਵਾਈ ਸੈਨਾ ਦੇ ਸਾਬਰਜੈਟ ਨੇ ਅੰਮ੍ਰਿਤਸਰ ਵਿਚ ਸਾਡੇ ਸੁਰੱਖਿਆ ਸਥਾਨਾਂ ਤੇ ਪਹਿਲਾ ਹਮਲਾ ਕਰ ਦਿੱਤਾ ਤੇ ਇਸ ਤਰ੍ਹਾਂ ਇਸ ਨਵੇਂ ਮੋਰਚੇ ਤੇ ਤੇਜ਼ੀ ਨਾਲ ਲੜਾਈ ਸ਼ੁਰੂ ਹੋ ਗਈ। ਇਸ ਮੌਕੇ ਤੇ ਸੁੱਤਾ ਹੋਇਆ ਹਾਥੀ ਉਠ ਖੜ੍ਹਾ ਹੋਇਆ ਅਤੇ ਆਪਣੇ ਸਤਾਉਣ ਵਾਲੇ ਤੇ

ਹਮਲਾ ਕਰ ਦਿੱਤਾ। 6 ਸਤੰਬਰ ਨੂੰ ਭਾਰਤੀ ਫੌਜ ਤਿੰਨ ਭਰਵੇ ਹਮਲੇ ਕਰਕੇ ਪੱਛਮੀ ਪੰਜਾਬ ਵਿਚ 30 ਮੀਲ ਅੱਗੇ ਚਲੀ ਗਈ।

22 ਦਿਨਾਂ ਦੀ ਜੰਗ ਵਿਚ ਅੰਮ੍ਰਿਤਸਰ ਨੇ ਦਲੇਰ ਹੌਂਸਲੇ ਦੀ ਭਾਵਨਾ ਅਤੇ ਮਨੋਰਥ ਲਈ ਦ੍ਰਿੜ ਸੰਕਲਪ ਦਾ ਵਿਖਾਵਾ ਕੀਤਾ। ਭਾਰਤ ਦੀ ਕੌਮੀ ਸੁਰੱਖਿਆ ਦੀ ਲੜਾਈ ਵਿਚ ਜੰਮੂ, ਸ੍ਰੀਨਗਰ ਅਤੇ ਫਿਰੋਜ਼ਪੁਰ ਵਾਂਗ ਇਹ ਇਕ ਮੋਹਰੀ ਮੋਰਚਾਬੰਦ ਸ਼ਹਿਰ ਬਣ ਗਿਆ। ਇਸ ਦੀ ਭੂਗੋਲਿਕ ਸਥਿਤੀ ਕਾਰਨ ਇਸ ਨੂੰ ਕੁਦਰਤੀ ਤੌਰ ਤੇ ਪਾਕਿਸਤਾਨ ਦੇ ਹਵਾਲੇ ਅਤੇ ਜ਼ਮੀਨੀ ਹਮਲਿਆਂ ਦਾ ਖਤਰਾ ਹੋ ਜਾਂਦਾ ਸੀ। ਅੰਮ੍ਰਿਤਸਰ ਦਾ ਪਤਨ ਸਾਰੇ ਦੇਸ਼ ਲਈ ਨੈਤਿਕ ਪਤਨ ਬਣ ਸਕਦਾ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ 5 ਸਤੰਬਰ ਨੂੰ ਸੰਘਣੀ ਵਸੋ ਵਾਲੇ ਸ਼ਹਿਰ ਅੰਮ੍ਰਿਤਸਰ ਉਤੇ ਪਾਕਿਸਤਾਨੀ ਲੜਾਕੂ ਹਵਾਈ ਜਹਾਜ਼ ਦੁਆਰਾ ਰਾਕਟ ਦਾਗਣ ਨੇ ਭਾਰਤ ਸਰਕਾਰ ਨੂੰ ਪੱਛਮੀ ਪੰਜਾਬ ਵਿਚ ਗੋਲੀਬੰਦੀ ਤੋੜਨ ਲਈ ਫੌਜ ਨੂੰ ਹੁਕਮ ਦੇਣ ਲਈ ਮਜਬੂਰ ਕੀਤਾ। ਉਨ੍ਹਾਂ ਦੇ ਪਹਿਲੇ ਹਵਾਈ ਹਮਲੇ ਵਿਚ ਹਮਲਾਵਰਾਂ ਨੂੰ ਪਿੱਛੇ ਧਕੇਲ ਦਿੱਤਾ ਗਿਆ ਸੀ। ਇਨ੍ਹਾਂ ਥਾਵਾਂ ਤੇ ਦੂਸਰਾ ਹਮਲਾ 8 ਸਤੰਬਰ ਨੂੰ ਹੋਇਆ ਅਤੇ ਇਸ ਸਮੇਂ ਸੈਨਾ ਦੇ ਤੋਪਾਂ ਨੇ ਦੁਸ਼ਮਣ ਦੇ ਜਹਾਜ਼ਾਂ ਨੂੰ ਸੁੱਟ ਲਿਆ। 10 ਸਤੰਬਰ ਨੂੰ 4 ਸਾਬਰ ਜੈਟ ਜਹਾਜ਼ਾਂ ਨੇ ਅੰਮ੍ਰਿਤਸਰ ਤੇ ਲਗਾਤਾਰ 10 ਹਮਲੇ ਕੀਤੇ, ਪਰੰਤੂ ਪਾਕਿਸਤਾਨ ਦੇ ਤਿੰਨ ਜਹਾਜ਼ ਸੁੱਟ ਲਏ ਗਏ। 15 ਸਤੰਬਰ ਨੂੰ ਫਿਰ ਸਵੇਰੇ 6 ਵਜੇ ਤੋਂ ਸ਼ਾਮ ਦੇ 12.30 ਵਜੇ ਦੇ ਦਰਮਿਆਨ ਥੋੜੀ ਥੋੜੀ ਦੇਰ ਬਾਅਦ ਅੰਮ੍ਰਿਤਸਰ ਨੇ 10 ਹਵਾਈ ਹਮਲਿਆਂ ਦਾ ਸਾਹਮਣਾ ਕੀਤਾ, ਪਰੰਤੂ ਹਵਾਈ ਸੈਨਾ ਨੇ ਉਨ੍ਹਾਂ ਨੂੰ ਕੋਈ ਵੀ ਬੰਬ ਸੁੱਟਣ ਦਾ ਮੌਕਾ ਨਾ ਦਿੱਤਾ। ਬਹੁਤ ਹੀ ਕਾਇਰਾਨਾ ਹਮਲਾ 22 ਸਤੰਬਰ ਦਿਨ ਦਿਹਾੜੇ ਸ਼ਾਮ ਦੇ 4.15 ਤੇ ਕੀਤਾ ਗਿਆ, ਜਦੋਂ ਪਾਕਿਸਤਾਨ ਦੇ 5 ਸਾਬਰਜੈਟਾਂ ਨੇ ਪ੍ਰਤਾਪ ਬਾਜ਼ਾਰ ਦੇ ਇਕ ਹਿੱਸੇ ਅਤੇ ਇਸਦੇ ਨਾਲ ਲੱਗਦੀ ਮਜ਼ਦੂਰ ਬਸਤੀ ਵਿਚ ਅਨੇਕਾਂ 1000 ਪੌਂਡ ਦੇ ਬੰਬ ਸੁੱਟੇ, ਮਜ਼ਦੂਰ ਬਸਤੀ ਅਤੇ ਉਨ੍ਹਾਂ ਦੇ ਮਕਾਨਾਂ ਤੇ ਗੋਲੀਬਾਰੀ ਕੀਤੀ ਗਈ। ਇਹ ਉਸ ਸਮੇਂ ਤੇ ਵਾਪਰਿਆ ਜਦੋਂ ਰਾਸ਼ਟਰਪਤੀ ਅਯੂਬ ਪਾਕਿਸਤਾਨ ਰੇਡੀਓ ਤੋਂ ਗੋਲੀਬੰਦੀ ਅਤੇ ਸੰਯੁਕਤ ਰਾਜ ਸੁਰੱਖਿਆ ਪਰਿਸ਼ਦ ਵਲੋਂ ਪਾਕਿਸਤਾਨ ਅਤੇ ਭਾਰਤ ਨੂੰ ਲੜਾਈ ਬੰਦ ਕਰਨ ਲਈ ਪੇਸ਼ ਕੀਤੇ ਮਤੇ ਦੀ ਪ੍ਰਵਾਨਗੀ ਬਾਰੇ ਬੋਲ ਰਿਹਾ ਸੀ। 4 ਬੱਚਿਆਂ ਅਤੇ 7 ਔਰਤਾਂ ਸਮੇਤ 55 ਵਿਅਕਤੀ ਮਾਰੇ ਗਏ। 100 ਨਿਵਾਸ ਸਥਾਨ ਅਤੇ ਦੁਕਾਨਾਂ ਤਬਾਹ ਹੋ ਗਈਆਂ ਜਿਨ੍ਹਾਂ ਵਿਚੋਂ 77 ਬਿਲਕੁਲ ਮਿੱਟੀ ਵਿਚ ਮਿਲ ਗਈਆਂ ਸਨ। ਰੱਖਿਆ ਮੰਤਰੀ, ਮਿਸਟਰ ਵਾਈ ਬੀ.ਚਵਾਨ ਨੇ ਇਸ ਨੂੰ ਵਹਿਸ਼ੀ ਕਾਰਵਾਈ ਕਿਹਾ। ਇਸ ਤਬਾਹੀ ਤੋਂ ਬਾਅਦ ਲੜਾਈ ਖਤਮ ਹੋ ਗਈ। ਅੰਮ੍ਰਿਤਸਰ ਵਿਚ ਆਕ-ਆਕ ਤੋਪਾਂ ਨੇ ਕੁਝ ਬੀ-57 ਬੰਬਾਰ ਜਹਾਜ਼ਾਂ ਸਮੇਤ ਪਾਕਿਸਤਾਨ ਦੇ 10 ਹਵਾਈ ਜਹਾਜ਼ ਗਿਰਾ ਦਿਤੇ ਸਨ।

ਅੰਮ੍ਰਿਤਸਰ ਦੇ ਹਰਮਨ ਪਿਆਰੇ ਲਾਇਕ ਆਕ-ਆਕ ਤੋਪਚੀ ਸਨ, ਵਿਸ਼ੇਸ਼ ਤੌਰ ਤੇ ਉਨ੍ਹਾਂ ਦਾ ਪਿਆਰਾ ਰਾਜੂ , ਜਿਸਨੇ ਉਨ੍ਹਾਂ ਦੇ ਸ਼ਹਿਰ ਨੂੰ ਅਸਮਾਨੀਂ ਹਮਲਿਆਂ ਤੋਂ ਬਚਾਇਆ ਅਤੇ ਜਹਾਜ਼ਾਂ ਨੂੰ ਸੁੱਟਿਆ ਸੀ। ਲੋਕ ਤੋਪਚੀਆਂ ਲਈ ਦੁੱਧ ਅਤੇ ਮਨਪਸੰਦ ਖਾਣ ਦੀਆਂ ਚੀਜ਼ਾਂ ਲੈ ਕੇ ਆਏ ਅਤੇ ਉਨ੍ਹਾਂ ਨੂੰ 'ਦਿਆਲਤਾ ਨਾਲ ਦੀਵਾਨੇ' ਕਰ ਦਿੱਤਾ। ਉਹ ਹਰ ਸੰਭਾਵਤ ਘਟਨਾ ਲਈ ਤਿਆਰ ਸਨ ਅਤੇ ਉਨ੍ਹਾਂ ਨੇ ਸਵੈ ਸੇਵਕ ਸਮਾਜਿਕ ਸੁਰੱਖਿਆ

ਜਥੇਬੰਦੀਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਜਦੋਂ ਹਰੇਕ ਜਹਾਜ਼ ਰੁਕ ਰੁਕ ਕੇ ਅੱਗ ਦੀਆਂ ਲਪਟਾਂ ਵਿਚ ਥੱਲੇ ਡਿਗਦਾ ਤਾਂ, ਲੋਕਾਂ ਵਿਚ ਸੁਭਾਵਿਕ ਖ਼ੁਸ਼ੀ ਦਾ ਹੜ੍ਹ ਆ ਜਾਂਦਾ ਸੀ। ਬਾਅਦ ਵਿਚ ਉਨ੍ਹਾਂ ਵਿਚੋਂ ਹਜ਼ਾਰਾਂ ਲੋਕ ਜਹਾਜ਼ਾਂ ਦੀ ਟੁੱਟ ਫੁੱਟ ਨੂੰ ਵੇਖਣ ਲਈ ਜਾਂਦੇ ਸਨ। ਬਲੈਕ ਆਉਟ ਕਰਫਿਊ ਦੇ ਨਿਯਮਾਂ ਦੀ ਬਹੁਤ ਸਾਵਧਾਨੀ ਨਾਲ ਪਾਲਣਾ ਕੀਤੀ ਸੀ।

ਹਵਾਈ ਹਮਲਿਆਂ ਦੌਰਾਨ ਅਤੇ ਬੰਬਾਂ ਦੀ ਠਾਹ ਠਾਹ ਤੇ ਗੋਲੀਆਂ ਚੱਲਣ ਨਾਲ ਪੈਦਾ ਹੋਈ ਖਿੜਕੀਆਂ ਦੀ ਲਗਾਤਾਰ ਖੜਖੜਾਹਟ ਵਿਚ ਸ਼ਹਿਰੀ ਜ਼ਿੰਦਗੀ ਆਮ ਵਾਂਗ ਚਲਦੀ ਰਹੀ, ਭਾਵੇਂ ਕੁਝ ਅਮੀਰ ਆਦਮੀ ਆਪਣਾ ਸਮਾਨ ਲੈ ਕੇ ਦਿੱਲੀ ਅਤੇ ਹੋਰ ਥਾਵਾਂ ਤੇ ਚਲੇ ਗਏ ਸਨ। ਔਰਤਾਂ ਅਤੇ ਬੱਚੇ ਸੁਰੱਖਿਅਤ ਥਾਵਾਂ ਤੇ ਚਲੇ ਗਏ। ਪਰੰਤੂ ਆਮ ਤੌਰ ਤੇ ਲੋਕ ਆਪੋ ਆਪਣੀ ਥਾਂ ਤੇ ਅੰਮ੍ਰਿਤਸਰ ਵਿਚ ਡਟੇ ਰਹੇ। ਰੇਲਵੇ ਲਾਈਨਾਂ ਦੀ ਪੇਂਡੂ ਲੋਕ ਰੱਖਿਆਂ ਕਰਦੇ ਸਨ। ਸੁਰੱਖਿਆ ਫੌਜਾਂ ਨੂੰ ਨਾਗਰਿਕਾਂ ਦੀ ਰੱਖਿਆ ਲਈ ਤੰਗ ਨਹੀਂ ਸੀ ਕੀਤਾ ਗਿਆ। ਨਿੱਜੀ ਬੱਸਾਂ ਅਤੇ ਟਰੱਕਾਂ ਨੂੰ ਸੈਨਾਂ ਦੇ ਸਪੁਰਦ ਕਰ ਦਿੱਤਾ ਗਿਆ ਸੀ ਅਤੇ ਗੈਰ ਫੌਜੀ ਡਰਾਇਵਰਾਂ ਅਤੇ ਸਵੈ-ਸੇਵਕ ਸੰਸਥਾਵਾਂ ਨੇ ਮੋਰਚਿਆਂ ਤੇ ਸਪਲਾਈ ਨੂੰ ਕਾਇਮ ਰੱਖਣ ਲਈ ਸ਼ਾਨਦਾਰ ਕੰਮ ਕੀਤਾ।

ਅੰਮ੍ਰਿਤਸਰ ਦੀ ਸ਼ਾਨਦਾਰ ਦੇਸ਼ ਭਗਤੀ ਦੀ ਮਿਸਾਲ ਇਕ ਸਰਕਾਰੀ ਪ੍ਰਕਾਸ਼ਨ ਦੁਆਰਾ ਪ੍ਰਸਤੁਤ ਕੀਤੀ ਗਈ ਸੀ, ਜਿਸ ਵਿਚ ਦੱਸਿਆ ਗਿਆ ਹੈ ਕਿ ਭਾਵੇਂ ਸਰਹੱਦ ਦੇ ਨਜ਼ਦੀਕ ਹੋ ਰਹੀ ਭਿਆਨਕ ਲੜਾਈ, ਲਗਾਤਾਰ ਹਵਾਈ ਹਮਲਿਆਂ, ਬੰਬਾਂ ਅਤੇ ਗੋਲੀਬਾਰੀ ਕਾਰਨ ਅੰਮ੍ਰਿਤਸਰ ਦੀ ਮੁੱਖ ਤੌਰ ਤੇ ਸੌਦਾਗਰੀ ਤੇ ਵਪਾਰ ਤੇ ਅਧਾਰਤ ਆਰਥਿਕਤਾ ਕਮਜ਼ੋਰ ਹੋ ਗਈ ਸੀ, ਪਰੰਤੂ ਫਿਰ ਵੀ ਸ਼ਹਿਰ ਨੇ ਲਗਭਗ 10,000 ਰੁਪਏ ਰੋਜ਼ਾਨਾ ਕੌਮੀ ਸੁਰੱਖਿਆ ਫੰਡ ਲਈ ਯੋਗਦਾਨ ਪਾਇਆ। 23 ਸਤੰਬਰ ਨੂੰ ਗੋਲੀਬਾਰੀ ਬੰਦ ਹੋਣ ਤੋਂ 30 ਸਤੰਬਰ ਤੱਕ ਲੋਕਾਂ ਨੇ ਸ਼ਹਿਰ ਵਿਚੋਂ 50,000 ਰੁਪਏ ਤੇ ਜ਼ਿਲ੍ਹੇ ਵਿਚੋਂ ਲਗਭਗ 2,00,000 ਰੁਪਏ ਇਕੱਤਰ ਕੀਤੇ ਅਤੇ 7 ਸਤੰਬਰ ਤੋਂ ਰੋਜ਼ਾਨਾ 7000 ਰੁਪਏ, ਹੋਰ ਵੱਖ ਵੱਖ ਥਾਵਾਂ ਤੇ ਅਨੇਕਾਂ ਮੁੱਖ ਮਾਰਗਾਂ ਤੇ ਉਪ ਮਾਰਗਾਂ ਤੇ ਜਵਾਨਾਂ ਲਈ ਖੋਲ੍ਹੀਆਂ ਗਈਆਂ 50 ਰਿਆਇਤੀ ਦੁਕਾਨਾਂ ਲਈ ਖਰਚ ਕੀਤੇ ਜਾ ਰਹੇ ਸਨ। ਜ਼ਿਆਦਾਤਰ ਪੈਸਾ ਆਮ ਲੋਕਾਂ ਪਾਸੋਂ ਆਇਆ ਅਤੇ ਬਿਲਕੁਲ ਆਪਣੀ ਖ਼ੁਸ਼ੀ ਨਾਲ ਦਿੱਤਾ ਗਿਆ ਸੀ, ਅਤੇ ਰਿਆਇਤੀ ਦੁਕਾਨਾਂ ਨੇੜੇ ਦੇ ਇਲਾਕਿਆ ਵਿਚ ਰਹਿਣ ਵਾਲੇ ਲੋਕਾਂ ਦੀਆਂ ਟੋਲੀਆਂ ਦੁਆਰਾ ਚਲਾਈਆਂ ਗਈਆਂ ਸਨ।

ਇਕ ਹੋਰ ਮਹੱਤਵਪੂਰਨ ਘਟਨਾ, ਜਿਸ ਨੇ ਸਾਰੇ ਦੇਸ਼ ਵਿਚ ਵਿਸ਼ੇਸ਼ ਤੌਰ ਤੇ ਅੰਮ੍ਰਿਤਸਰ ਵਿਚ ਤਣਾਓ ਪੈਦਾ ਕਰ ਦਿੱਤਾ, ਉਹ ਸੰਤ ਫਤਿਹ ਸਿੰਘ ਦਾ ਮਰਨ ਵਰਤ ਦਾ ਐਲਾਨ ਸੀ। ਸੰਤ ਫਤਿਹ ਸਿੰਘ ਅਤੇ ਮਾਸਟਰ ਤਾਰਾ ਸਿੰਘ ਰਾਜਨੀਤੀ ਦੀ ਲੜਾਈ ਵਿਚ ਇਕ ਦੂਸਰੇ ਦੇ ਵਿਰੁੱਧ ਖੜੇ ਸਨ। ਆਪਣੇ ਆਪ ਲਾਗੂ ਕੀਤੀ ਗਈ ਜਲਾਵਤਨੀ ਤੋਂ ਪਰਤਦਿਆਂ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਵੱਖਰੇ ਰਾਜ ਤੋਂ ਬਿਨਾਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੰਤੁਸ਼ਟ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਫਤਿਹ ਸਿੰਘ, ਜਿਸਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਬਜ਼ਾ ਸੀ, ਜੋ ਸਿੱਖਾਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਕਰਦੀ ਹੈ, ਨੇ 16 ਅਗਸਤ, 1965 ਨੂੰ ਅਕਾਲ ਤਖਤ ਤੇ 25,000 ਲੋਕਾਂ ਦੇ ਸਾਹਮਣੇ ਐਲਾਨ ਕੀਤਾ ਕਿ

ਉਹ 10 ਸਤੰਬਰ ਤੋਂ ਪੰਜਾਬੀ ਸੂਬੇ ਦੇ ਹੱਕ ਵਿਚ ਮਰਨ ਵਰਤ ਰੱਖੇਗਾ, ਜੋ ਨਿਰੋਲ ਭਾਸ਼ਾ ਦੇ ਅਧਾਰ ਤੇ ਹੋਣਾ ਚਾਹੀਦਾ ਹੈ, ਜੇਕਰ 15 ਦਿਨਾਂ (25 ਸਤੰਬਰ ਤੱਕ) ਵਿਚ ਸੂਬੇ ਦੀ ਮੰਗ ਨਾ ਮੰਨੀ ਗਈ ਤਾਂ ਉਹ 16ਵੇਂ ਦਿਨ ਆਪਣੇ ਆਪ ਨੂੰ ਸਾੜ ਕੇ ਆਤਮ-ਬਲੀਦਾਨ ਦਾ ਰਸਤਾ ਅਪਣਾਏਗਾ। ਉਸਨੇ ਪੰਥ ਦੇ 60 ਹੋਰ ਪੈਰੋਕਾਰਾਂ ਨੂੰ ਅਜਿਹੀਆਂ ਕੁਰਬਾਨੀਆਂ ਦੇਣ ਦਾ ਸੱਦਾ ਦਿੱਤਾ। ਸਿਵਲ ਅਤੇ ਫੌਜੀ ਅਧਿਕਾਰੀਆਂ ਤੋਂ ਆਪਣੀ ਸੁਰੱਖਿਆ ਯਕੀਨੀ ਬਣਾਉਣ ਲਈ ਸੰਤ 23 ਦਸੰਬਰ ਨੂੰ ਅਕਾਲ ਤਖਤ ਦੀ ਪਹਿਲੀ ਮੰਜ਼ਿਲ ਵਿਚ ਦਾਖਲ ਹੋ ਗਿਆ। ਇਸ ਜੰਗ ਨੂੰ ਇਕ ਪਾਸੇ ਭਾਸ਼ਾਈ ਸਮੱਸਿਆ ਅਤੇ ਦੂਸਰੇ ਪਾਸੇ ਸਿੱਖ ਧਰਮ ਨਾਲ ਪਰਸਪਰ ਜੋੜਿਆ ਹੋਇਆ ਸੀ।

ਸਵਰਨ ਮੰਦਰ ਕਿਲੇਬੰਦੀ ਵਿਚ ਤਬਦੀਲ ਹੋ ਗਿਆ। ਸੰਤ ਦੇ ਵਿਸ਼ਵਾਸਪਾਤਰ ਪੈਰੋਕਾਰ ਮੁੱਖ ਦਰਵਾਜ਼ਿਆ ਤੇ ਪਹਿਰੇ ਤੇ ਖੜ੍ਹ ਗਏ ਅਤੇ ਲਗਭਗ ਹਰੇਕ ਆਉਣ ਜਾਣ ਵਾਲੇ ਯਾਤਰੀ ਦਾ ਨਿਰੀਖਣ ਕੀਤਾ ਜਾਂਦਾ ਸੀ। ਸਾਰੇ ਰਾਜ ਵਿਚੋਂ ਸੈਂਕੜੇ ਸੇਵਾਦਾਰ ਉਥੇ ਇਕੱਠੇ ਹੋ ਗਏ। ਕਾਫੀ ਮਾਤਰਾ ਵਿਚ ਮਿੱਟੀ ਦਾ ਤੇਲ ਸਵਰਨ ਮੰਦਰ ਵਿਚ ਲਿਜਾਇਆ ਗਿਆ। ਸਾਰਾ ਵਾਤਾਵਰਣ ਤਣਾਓ ਭਰਪੂਰ ਸੀ ਅਤੇ 1960-61 ਦੀ ਯਾਦ ਤਾਜ਼ਾ ਕਰਵਾਂਦਾ ਸੀ ਜਦੋਂ ਅਕਾਲੀਆਂ ਨੇ ਪੰਜਾਬੀ ਸੂਬੇ ਦਾ ਅੰਦੋਲਨ ਸ਼ੁਰੂ ਕੀਤਾ ਸੀ। ਪਰੰਤੂ ਇਸ ਵਾਰ ਭਾਰਤ ਪਾਕਿ ਜੰਗ ਕਾਰਨ ਸਥਿਤੀ ਕਮਜ਼ੋਰ ਹੋ ਗਈ। ਸੰਤ ਦਾ ਵਰਤ ਅਤੇ ਆਤਮ ਬਲੀਦਾਨ ਦੀ ਧਮਕੀ ਦਾ ਰਾਸ਼ਟਰ ਵਿਰੋਧੀ ਕਾਰਵਾਈ ਵਜੋਂ ਖੰਡਨ ਕੀਤਾ ਜਾਣ ਲੱਗਾ। ਪਾਕਿਸਤਾਨ ਰੇਡੀਓ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਹੋਰ ਉਭਾਰਿਆ, ਸੰਤ ਦੇ 'ਉਚਿੱਤ ਕਦਮ' ਦੀ ਸ਼ਲਾਘਾ ਕੀਤੀ। ਜਨਤਾ ਉਤੇਜਿਤ ਹੋ ਗਈ ਅਤੇ ਅੰਤ ਵਿਚ ਸੰਤ ਨੇ 9 ਸੰਤਬਰ ਨੂੰ ਆਪਣਾ ਵਰਤ ਮੁਲਤਵੀ ਕਰ ਦਿੱਤਾ। 23 ਸਤੰਬਰ ਨੂੰ ਜੰਗਬੰਦੀ ਉਪਰੰਤ ਸੰਤ ਫਤਿਹ ਸਿੰਘ ਵਲੋਂ ਪ੍ਰਚੱਲਤ ਕੀਤੀ ਗਈ ਪੰਜਾਬੀ ਸੂਬੇ ਦੀ ਮੰਗ ਦਾ 'ਸਹਿਯੋਗੀ ਹੱਲ' ਲੱਭਣ ਲਈ ਤਿੰਨ ਮੈਂਬਰੀ ਮੰਤਰੀ ਮੰਡਲ ਕਮੇਟੀ ਦਾ ਗਠਨ ਕੀਤਾ ਗਿਆ। ਸ੍ਰੀਮਤੀ ਇੰਦਰਾ ਗਾਂਧੀ, ਮਿਸਟਰ ਵਾਈ.ਬੀ.ਚਵਾਨ ਅਤੇ ਮਿਸਟਰ ਮਹਾਂਵੀਰ ਤਿਆਗੀ ਇਸਦੇ ਮੈਂਬਰ ਸਨ ਜਿਨ੍ਹਾਂ ਨੂੰ ਸਰਦਾਰ ਹੁਕਮ ਸਿੰਘ ਦੀ ਅਗਵਾਈ ਵਿਚ ਸੰਸਦੀ ਕਮੇਟੀ ਨੇ ਰਾਜ਼ਾਂ ਦਾ ਪੁਨਰ ਸੰਗਠਨ ਕਰਨ ਦੇ ਸਵਾਲ ਤੇ ਵਿਚਾਰ ਕਰਨ ਲਈ ਸਹਿਯੋਗ ਦਿੱਤਾ। ਇਸ ਕਮੇਟੀ ਨੇ ਸਿਫਾਰਿਸ਼ ਕੀਤੀ ਕਿ ਪੰਜਾਬ ਨੂੰ ਭਾਸ਼ਾ ਦੇ ਅਧਾਰ ਤੇ ਪੁਨਰ ਸੰਗਠਿਤ ਕੀਤਾ ਜਾਵੇ ਅਤੇ 'ਇਲਾਕਿਆਂ' ਦੀਆਂ ਸੀਮਾਵਾਂ 1956 ਦੀ ਸਕੀਮ ਵਿਚ ਉਲੇਖ ਕੀਤੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਕਾਂਗਰਸ ਦੀ ਕਾਰਜਕਾਰੀ ਕਮੇਟੀ ਨੇ ਇਕ ਮਤਾ ਪਾਸ ਕੀਤਾ ਕਿ 'ਮੌਜੂਦਾ ਪੰਜਾਬ ਵਿਚੋਂ ਹੀ ਪੰਜਾਬੀ ਬੋਲਦਾ ਸੂਬਾ ਬਣਾਇਆ ਜਾਵੇ।' ਕੇਂਦਰੀ ਸਰਕਾਰ ਨੇ ਰਾਜ ਦੀਆਂ ਸੀਮਾਵਾਂ ਨਿਰਧਾਰਿਤ ਕਰਨ ਲਈ ਇਕ ਸੀਮਾਂ ਕਮਿਸ਼ਨ ਨਿਯੁਕਤ ਕੀਤਾ। ਭਾਰਤ ਸਰਕਾਰ ਨੇ ਸੀਮਾਂ ਕਮਿਸ਼ਨ ਦੀਆਂ ਸਿਫਾਰਿਸ਼ਾਂ ਇਸ ਸੋਧ ਨਾਲ ਵਾਸਤਵ ਵਿਚ ਸਵੀਕਾਰ ਕਰ ਲਈਆਂ ਕਿ ਤਹਿਸੀਲ ਖਰੜ, ਜਿਸ ਨੂੰ ਕਮਿਸ਼ਨ ਹਰਿਆਣੇ ਨੂੰ ਦੇਣਾ ਚਾਹੁੰਦਾ ਹੈ, ਉਸਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਜਾਵੇ, ਇਸ ਦਾ ਇਕ ਭਾਗ ਪੰਜਾਬ ਨੂੰ ਦਿੱਤਾ ਜਾਵੇ ਅਤੇ ਚੰਡੀਗੜ੍ਹ ਨੂੰ ਸੰਘੀ ਖੇਤਰ ਬਣਾਇਆ ਜਾਵੇ, ਜਿਸ ਵਿਚ ਨਵੇਂ ਬਣੇ ਦੋਨੋਂ ਰਾਜਾਂ ਪੰਜਾਬ ਅਤੇ ਹਰਿਆਣਾ ਦੀਆਂ ਰਾਜਧਾਨੀਆਂ ਸਥਾਪਿਤ ਕੀਤੀਆਂ ਜਾ ਸਕਦੀਆਂ ਹਨ।

ਕੇਂਦਰੀ ਸਰਕਾਰ ਦੀਆਂ ਤਜਵੀਜ਼ਾਂ ਨੇ ਭਾਵੇਂ ਸੰਤ ਨੂੰ ਸੰਤੁਸ਼ਟ ਨਹੀਂ ਸੀ ਕੀਤਾ, ਜਿਸ ਦੀਆਂ ਮੰਗਾਂ ਸਨ ਕਿ ਪੰਜਾਬ ਅਤੇ ਹਰਿਆਣਾ ਵਿਚਕਾਰ ਆਮ ਸਬੰਧ ਸਮਾਪਤ ਕੀਤੇ ਜਾਣ, ਚੰਡੀਗੜ੍ਹ ਅਤੇ ਹਰਿਆਣਾ ਵਿਚਲੇ ਹੋਰ ਇਲਾਕੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ, ਭਾਖੜਾ ਅਤੇ ਬਿਆਸ ਪ੍ਰਾਜੈਕਟਾਂ ਦਾ ਕੰਟਰੋਲ ਪੰਜਾਬ ਰਾਜ ਦੇ ਸਪੁਰਦ ਕੀਤਾ ਜਾਵੇ। ਸਰਕਾਰ ਨੇ ਉਸਦੀਆਂ ਮੰਗਾਂ ਸਵੀਕਾਰ ਨਾ ਕੀਤੀਆਂ। ਇਕ ਵਾਰ ਫਿਰ ਸੰਤ ਨੇ ਅਕਾਲ ਤਖਤ ਦੀ ਸਿਖਰਲੀ ਮੰਜ਼ਿਲ ਦੀ ਸ਼ਰਨ ਲਈ। 8 ਅਕਾਲੀ ਨੇਤਾਵਾਂ ਨੇ ਵੀ ਸੰਤ ਫਤਿਹ ਸਿੰਘ ਨਾਲੋਂ 24 ਘੰਟੇ ਪਹਿਲਾਂ ਆਤਮ-ਬਲੀਦਾਰ ਦੀ ਆਪਣੀ ਸਵੈ ਇੱਛਾ ਜ਼ਾਹਰ ਕੀਤੀ। ਅੰਮ੍ਰਿਤਸਰ ਸ਼ਹਿਰ ਦੇ ਦੀਵਾਰ ਅੰਦਰਲੇ ਹਿੱਸੇ ਅਤੇ ਸਰਕੂਲਰ ਰੋਡ ਦੇ ਇਲਾਕੇ ਵਿਚ ਗੰਭੀਰ ਉਪੱਦਰ ਹੋਣ ਦੇ ਡਰ ਕਾਰਨ 25 ਦਸੰਬਰ ਤੋਂ 24 ਘੰਟੇ ਦਾ ਕਰਫਿਊ ਲਾ ਦਿੱਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਵਿਚਲੀ ਹਾਲਤ 17ਵੀਂ ਸਦੀ ਦੇ ਛੋਟੇ ਕਿਲੇ ਵਿਚ ਯੁੱਧ ਸੈਨਾ ਦੇ ਪੜਾਓ ਨਾਲ ਮਿਲਦੀ ਜੁਲਦੀ ਸੀ। ਭਾਰੀ ਹਥਿਆਰਾਂ ਨਾਲ ਲੈਸ ਆਦਮੀਆਂ ਨੇ ਹਰਿਮੰਦਰ ਸਾਹਿਬ ਤੇ ਪੂਰੀ ਤਰ੍ਹਾਂ ਕਬਜ਼ਾ ਕੀਤਾ ਹੋਇਆ ਸੀ ਅਤੇ ਇਥੋਂ ਤੱਕ ਕਿ ਉਨ੍ਹਾਂ ਨੇ ਲੰਮੇ ਸਮੇਂ ਤੱਕ ਕਬਜ਼ਾ ਰੱਖਣ ਦਾ ਪ੍ਰਬੰਧ ਕੀਤਾ ਹੋਇਆ ਸੀ। ਉਥੋਂ ਅਧਿਕਾਰੀਆਂ ਵਲੋਂ 'ਸੰਤ ਨੂੰ ਚੁੱਕੇ' ਜਾਣ ਤੋਂ ਰੋਕਣ ਲਈ, 'ਅਕਾਲ ਤਖਤ' ਨੂੰ ਜਾਣ ਵਾਲੇ ਸਾਰੇ ਰਸਤਿਆਂ 'ਤੇ ਤਾਕਤਵਰ ਆਦਮੀਆਂ ਦੇ ਪਹਿਰੇ ਲੱਗੇ ਹੋਏ ਸਨ। 26 ਦਸੰਬਰ ਨੂੰ 8 ਅਕਾਲੀ ਨੇਤਾਵਾਂ ਨੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ, ਸੰਤਰੀ ਰੰਗ ਦੇ ਚੋਲੇ ਪਹਿਨੇ ਅਤੇ ਉਹ ਆਪਣੀ ਆਖਰੀ ਪ੍ਰਾਰਥਨਾ 'ਅਰਦਾਸ' ਕਰਨ ਦੀ ਤਿਆਰੀ ਕਰ ਰਹੇ ਸਨ। ਸ਼ਾਮ ਦੇ 3 ਵੱਜ ਕੇ 20 ਮਿੰਟ ਹੋਏ ਸਨ, ਸੀਮਾ ਰੇਖਾ (ਨਿਸ਼ਚਿਤ ਸਮੇਂ) ਤੋਂ 40 ਮਿੰਟ ਬਾਕੀ ਪਹਿਲਾਂ ਸਰਦਾਰ ਹੁਕਮ ਸਿੰਘ ਅਕਾਲੀ ਨੇਤਾਵਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਚ ਪਹੁੰਚੇ। ਸਰਦਾਰ ਹੁਕਮ ਸਿੰਘ ਨਿਸ਼ਚਿਤ ਤਜਵੀਜ਼ਾਂ ਲਿਆਏ ਸਨ ਅਤੇ ਇਸ ਲਈ ਆਤਮ ਬਲੀਦਾਰ ਮੁਲਤਵੀ ਹੋ ਗਿਆ। ਇਸ ਦੌਰਾਨ ਸਿੱਖ ਨੇਤਾਵਾਂ ਨੇ ਉਨ੍ਹਾਂ ਤਜਵੀਜ਼ਾਂ ਤੇ ਵਿਚਾਰ ਕੀਤਾ। ਦਲ ਦੇ ਜਨਰਲ ਸਕੱਤਰ ਮਿਸਟਰ ਹਰਚਰਨ ਸਿੰਘ ਹੁੱਡੀਆਂ ਨੇ ਅਕਾਲ ਤਖਤ ਤੇ ਸਾਹਮਣੇ ਇਕੱਤਰ ਹੋਈ ਸੰਗਤ ਨੂੰ ਸੂਚਨਾ ਦਿੱਤੀ ਕਿ ਸਰਦਾਰ ਹੁਕਮ ਸਿੰਘ ਨਾਲ ਦੋ ਘੰਟੇ ਦੀ ਗੱਲਬਾਤ ਉਪਰੰਤ ਇਕ ਸਮਝੌਤਾ ਕੀਤਾ ਗਿਆ ਹੈ ਕਿ ਚੰਡੀਗੜ੍ਹ ਦੇ ਝਗੜੇ ਅਤੇ ਭਾਖੜਾ ਡੈਮ ਦਾ ਮਸਲਾ ਉਸ ਦੇ ਸਪੁਰਦ ਕਰਕੇ ਪ੍ਰਧਾਨ ਮੰਤਰੀ ਪਾਸੋਂ ਸਾਲਸੀ ਫੈਸਲਾ ਕਰਵਾਇਆ ਜਾਵੇਗਾ। ਭਾਰਤ ਸਰਕਾਰ ਵਲੋਂ ਪੰਜਾਬ ਅਤੇ ਹਰਿਆਣੇ ਦੇ ਝਗੜੇ ਵਾਲੇ ਹੋਰ ਖੇਤਰਾਂ ਦੇ ਸਵਾਲ ਤੇ ਵਿਚਾਰ ਕਰਨ ਲਈ ਇਕ ਕਮੇਟੀ ਨਿਯੁਕਤ ਕੀਤੀ ਜਾਵੇਗੀ। ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਨੇ ਸਰਦਾਰ ਹੁਕਮ ਸਿੰਘ ਵਲੋਂ ਲਿਆਂਦੀਆਂ ਗਈਆਂ ਤਜਵੀਜ਼ਾ ਤੇ ਆਪਣੀ ਪ੍ਰਵਾਨਗੀ ਦੀ ਮੋਹਰ ਲਗਾ ਦਿੱਤੀ। ਇਸ ਤਰ੍ਹਾਂ ਨਵੇਂ ਪੰਜਾਬ ਦੇ ਜੀਵਨ ਵਿਚ ਦੁਖਾਂਤਕ ਕਾਂਡ ਦੇ ਹੁਣ ਦੇ ਡਰ ਦਾ ਅੰਤ ਹੋ ਗਿਆ।

ਅੰਮ੍ਰਿਤਸਰ ਦੇ ਸਰਹੱਦ ਦੇ ਨਜ਼ਦੀਕ ਹੋਣ ਦੇ ਵਿਚਾਰ ਤੋਂ ਇਕ ਸਵਾਲ ਜੋ ਬਹੁਤ ਸਾਰੇ ਲੋਕਾਂ ਦੇ ਮਨਾਂ ਵਿਚ ਪੈਦਾ ਹੁੰਦਾ ਹੈ ਕਿ ਅੰਮ੍ਰਿਤਸਰ ਆਪਣੀ ਗੁਆਚੀ ਹੋਈ ਮਹੱਤਤਾ ਮੁੜ ਹਾਸਿਲ ਕਰ ਲਵੇਗਾ, ਇਸ ਸਵਾਲ ਦਾ ਜਵਾਬ ਬਹੁਤ ਸਾਰੇ ਤੱਤਾਂ ਤੇ ਅਧਾਰਿਤ ਹੈ। ਧਾਰਮਿਕ ਕੇਂਦਰ ਵਜੋਂ ਪ੍ਰਤਿਸ਼ਠਾ ਦਾ ਸਥਾਨ ਬਣਿਆ ਰਹੇ। ਅਤੇ ਆਪਣੇ ਸ੍ਰੀ ਹਰਿਮੰਦਰ

ਸਾਹਿਬ ਵਿਚ ਵਿਸ਼ਵਾਸ ਰੱਖਣ ਵਾਲੇ ਅਣਗਿਣਤ ਸਿੱਖ ਸ਼ਰਧਾਲੂਆਂ ਨੂੰ ਆਪਣੀਆਂ ਪ੍ਰਾਰਥਨਾਵਾਂ ਅਰਪਣ ਕਰਨ ਲਈ ਖਿੱਚ ਦਾ ਕੇਂਦਰ ਬਣਿਆ ਰਹੇ। ਇਥੋਂ ਤੱਕ ਕਿ ਕੈਨੇਡਾ, ਅਮਰੀਕਾ ਅਤੇ ਮਲਾਇਆ ਆਦਿ ਬਾਹਰਲੇ ਦੇਸ਼ਾਂ ਵਿਚ ਰਹਿ ਰਹੇ ਸਿੱਖ ਵੀ ਬੜੇ ਵਿਸ਼ਵਾਸ ਨਾਲ ਅੰਮ੍ਰਿਤਸਰ ਨੂੰ ਸ਼ਰਧਾ ਦੀ ਨਜ਼ਰ ਨਾਲ ਤੱਕਦੇ ਹਨ। ਵਿਸਾਖੀ ਅਤੇ ਦੀਵਾਲੀ ਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਸੈਂਕੜੇ ਅਤੇ ਹਜ਼ਾਰਾਂ ਲੋਕ ਆਉਣਗੇ, ਜੋ ਇਥੋਂ ਦੀ ਰੋਸ਼ਨੀ ਦੀ ਸਜਾਵਟ ਅਤੇ ਆਤਿਸ਼ਬਾਜ਼ੀ ਦਾ ਆਨੰਦ ਮਾਨਣਗੇ, ਜੋ ਸਦੀਆਂ ਤੋਂ ਉਤਸਵਾਂ ਦਾ ਅੰਗ ਰਹੀਆਂ ਹਨ। ਇਸ ਦੇ ਸਰਹੱਦ ਦੇ ਨਜ਼ਦੀਕ ਸਥਿਤ ਹੋਣ ਦੇ ਬਾਵਜੂਦ ਧਾਰਮਿਕ ਮਾਨ ਮਰਿਯਾਦਾ ਨੂੰ ਨੁਕਸਾਨ ਪੁੱਜਣ ਦੀ ਸੰਭਾਵਨਾ ਨਹੀਂ ਹੈ ਅਤੇ ਸਿੱਖਾਂ ਦੇ ਵਿਚਾਰ ਅਤੇ ਉਹ ਲੋਕ ਜਿਨ੍ਹਾਂ ਦੇ ਦਿਲਾਂ ਵਿਚ ਸਿੱਖ ਧਰਮ ਲਈ ਸ਼ਰਧਾ ਹੈ, ਉਹ ਆਉਣ ਵਾਲੀਆ ਸਦੀਆਂ ਤੱਕ ਸ੍ਰੀ ਹਰਿਮੰਦਰ ਸਾਹਿਬ ਵਿਚ ਵਿਸ਼ਵਾਸ ਦੀ ਜੋਤ ਨੂੰ ਜਗਦੀ ਰੱਖਣਗੇ।

ਅੰਮ੍ਰਿਤਸਰ ਦੀ ਵਪਾਰਕ ਤਿਜਾਰਤਗਾਹ ਵਜੋਂ ਭੂਮਿਕਾ ਦੀ ਪੁਨਰ ਸਥਾਪਨਾ ਅੰਮ੍ਰਿਤਸਰ ਦੇ ਲੋਕਾਂ ਦੀ ਸਾਧਨ ਸੰਪਨਤਾ ਲਈ ਇਕ ਚੁਣੌਤੀ ਸੀ, ਜਿਸ ਲਈ ਹੁਣ ਤੱਕ ਕਦੀ ਵੀ ਉਹ ਮੁਥਾਜ ਨਹੀਂ ਸੀ ਹੋਏ। ਵਪਾਰਿਕ ਗਤੀਵਿਧੀਆਂ, ਜੋ ਹੁਣ ਪੂਰਬੀ ਪੰਜਾਬ ਅਤੇ ਕਸ਼ਮੀਰ ਤੱਕ ਸੀਮਿਤ ਹੋ ਗਈਆਂ ਹਨ, ਬਟਵਾਰੇ ਕਾਰਨ ਅਤਿਅੰਤ ਘਟ ਗਈਆਂ ਹਨ। ਬਟਵਾਰੇ ਨੇ ਅਸੁਰੱਖਿਅਤਾ ਫੈਲਾ ਦਿੱਤੀ ਅਤੇ ਅਨਿਸ਼ਚਿਤ ਹਾਲਤਾਂ ਅਧੀਨ ਜਿਉਣ ਦੇ ਪਹਿਲੇ ਸਦਮੇ ਵਿਚ ਅੰਮ੍ਰਿਤਸਰ ਦੇ ਲੋਕਾਂ ਨੇ ਆਪਣੇ ਪੈਰ ਅਸਧਾਰਨ ਅਤੇ ਪਤਨ ਦੇ ਰਸਤੇ ਤੇ ਟਿਕਾਏ, ਜਦੋਂ ਕਿ ਭਵਿੱਖ ਵਿਚ ਨਿਸ਼ਚਾ ਹਿੰਮਤ ਦੀ ਭਾਵਨਾ ਸਮੇਂ ਦੀ ਪੁਕਾਰ ਸੀ। ਇਹ ਬਟਵਾਰੇ ਕਾਰਣ ਪੈਦਾ ਹੋਏ ਪਹਿਲੇ ਸਦਮਿਆਂ ਦੀ ਸੁਭਾਵਿਕ ਪ੍ਰਤਿਕਿਰਿਆ ਸੀ, ਪਰੰਤੂ, ਪਹਿਲੇ ਦਹਾਕੇ ਦੇ ਬੀਤ ਜਾਣ ਨਾਲ, ਉਹ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਤੋਂ ਬਾਅਦ ਆਪਣੇ ਪੂਰਵਜ਼ਾਂ ਵਾਂਗ ਉਭਰਨ ਦੇ ਸਮਰੱਥ ਅਤੇ ਬਟਵਾਰੇ ਕਾਰਨ ਉਨ੍ਹਾਂ ਉਪਰ ਥੋਪੀਆਂ ਗਈਆਂ ਹਾਲਤਾਂ ਅਨੁਸਾਰ ਆਪਣਾ ਸਮੰਜਨ ਕਰਨ ਦੇ ਸਮਰੱਥ ਹੋ ਗਏ ਸਨ। ਸਾਡੇ ਨਾਲ ਲੱਗਦਾ ਸ਼ਹਿਰ ਲੁਧਿਆਣੇ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਇਹ ਤੇਜ਼ੀ ਨਾਲ ਉਦਯੋਗਿਕ ਕੇਂਦਰ ਵਜੋਂ ਤਰੱਕੀ ਕਰਕੇ ਹੁਣ ਵੀ ਅੰਮ੍ਰਿਤਸਰ ਲਈ ਇਕ ਉਦਾਹਰਣ ਬਣ ਰਿਹਾ ਹੈ। ਸੱਚਾਈ ਤਾਂ ਇਹ ਹੈ ਕਿ ਚੰਡੀਗੜ੍ਹ ਦੇ ਰਾਜਧਾਨੀ ਬਣ ਜਾਣ ਤੇ, ਵਪਾਰਿਕ ਕੇਂਦਰ ਵਜੋਂ ਲੁਧਿਆਣੇ ਜਿਹਾ ਇਸਦਾ ਇਕ ਨਵਾਂ ਸ਼ਰੀਕ ਪੈਦਾ ਹੋ ਗਿਆ ਹੈ ਅਤੇ ਇਸ ਦੀ ਸਰਹੱਦੀ ਨੇੜਤਾ ਨੇ ਇਸ ਦੀ ਵਪਾਰਿਕ ਮਹੱਤਤਾ ਨੂੰ ਘਟਾ ਦਿੱਤਾ ਹੈ, ਫਿਰ ਵੀ ਮੁੜ ਉਭਰਨ ਦੀ ਸ਼ਕਤੀ ਅਤੇ ਕਿਸੇ ਵੀ ਨਵੀਂ ਹਾਲਤ ਵਿਚ ਆਪਣਾ ਸਮਾਂਯੋਜਨ ਕਰ ਸਕਣ ਦੀ ਸਮਰੱਥਾ ਵਿਚ, ਇਸਦੀ ਆਪਣੀ ਪਰੰਪਰਕ ਅਨੋਖੀ ਵਿਸ਼ੇਸ਼ਤਾ ਹੈ, ਜਿਸਨੇ ਇਸਨੂੰ ਇਕ ਅਨੋਖੀ ਸ਼ਖ਼ਸੀਅਤ, ਪ੍ਰਤਿਸ਼ਠਾ, ਹਿੰਮਤ, ਨੇਤ੍ਰਿਤਵ ਅਤੇ ਦਿਲੇਰੀ ਪ੍ਰਦਾਨ ਕੀਤੀ ਹੈ। ਆਖਿਰ ਵਿਚ ਸ਼ਹਿਰ ਉਹ ਕੁਝ ਹੀ ਹੁੰਦਾ ਹੈ, ਜੋ ਇਸਦੇ ਨਾਗਰਿਕ ਇਸ ਨੂੰ ਬਣਾਉਂਦੇ ਹਨ। ਰੱਬ ਕਰੇ ਕਿ ਇਹ ਆਪਣੇ ਪੂਰਵਜ਼ਾਂ ਦੇ ਗਿਆਨ ਦਾ ਪ੍ਰਸਾਰ ਕਰੇ।

ਪੰਜਾਬੀ ਸੂਬਾ ਬਣਨ ਤੋਂ ਬਾਅਦ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਮੁੱਖ ਮੰਤਰੀ ਬਣਾਏ ਗਏ। 1967 ਦੀ ਆਮ ਚੋਣਾਂ ਵਿਚ ਅਕਾਲੀਆਂ ਨੇ ਜਨਸੰਘ ਅਤੇ ਕਮਿਊਨਿਸਟਾਂ ਨਾਲ ਮਿਲਕੇ ਜਿੱਤ ਪ੍ਰਾਪਤ ਕੀਤੀ ਅਤੇ ਗੁਰਨਾਮ ਸਿੰਘ ਮੁੱਖ ਮੰਤਰੀ ਬਣੇ। ਅਗਲੇ ਆਉਣ

ਵਾਲੇ ਸਮੇਂ ਵਿਚ ਪੰਜਾਬ ਵਿਚ ਸਿਆਸੀ ਭੰਨ ਤੋੜ ਹੁੰਦੀ ਰਹੀ, ਜਿਸ ਦਾ ਸ਼ਿਕਾਰ ਬਣੇ ਗੁਰਨਾਮ ਸਿੰਘ ਜੋ ਅੱਠ ਮਹੀਨੇ ਸੱਤਾ ਵਿਚ ਰਹੇ ਫਿਰ ਬਣੇ ਮਾਸਟਰ ਤਾਰਾ ਸਿੰਘ ਗਰੁਪ ਦੇ ਲਛਮਣ ਸਿੰਘ ਗਿੱਲ ਜੋ ਮਸਾਂ ਨੌਂ ਮਹੀਨੇ ਹੀ ਮੁੱਖ ਮੰਤਰੀ ਰਹੇ। 22 ਨਵੰਬਰ 1967 ਨੂੰ ਮਾਸਟਰ ਤਾਰਾ ਸਿੰਘ ਦਾ ਅਕਾਲ ਚਲਾਣਾ ਹੋ ਗਿਆ। ਪੰਜਾਬ ਰਾਸ਼ਟਰਪਤੀ ਸ਼ਾਸ਼ਨ ਅਧੀਨ ਆ ਗਿਆ। 1969 ਵਿਚ ਹੋਈਆਂ ਮੱਧਵਰਤੀ ਚੋਣਾਂ ਵਿਚ ਸੰਤ ਫਤਿਹ ਸਿੰਘ ਗੁੱਟ ਦੀ ਜਿੱਤ ਹੋਈ, ਇੱਕ ਵਾਰ ਫਿਰ ਗੁਰਨਾਮ ਸਿੰਘ ਪੰਜਾਬ ਦੇ ਮੁੱਖ ਮੰਤਰੀ ਚੁਣੇ ਗਏ। ਉਸ ਸਮੇਂ ਸਿਆਸੀ ਪਾਰਾ ਗਰਮਾ ਗਿਆ ਕਿ ਚੰਡੀਗੜ੍ਹ ਦੇ ਪੰਜਾਬ ਨੂੰ ਨਾ ਮਿਲਣ ਤੇ ਸੰਤ ਫਤਿਹ ਸਿੰਘ ਅਤੇ ਗੁਰਨਾਮ ਸਿੰਘ ਨੇ ਕੁਝ ਨਹੀਂ ਕੀਤਾ।

ਜਦੋਂ ਇੱਕ ਦੂਜੇ ਵਿਰੁੱਧ ਦੋਸ਼ ਥੋਪਣ ਦਾ ਜ਼ੋਰ ਲੱਗ ਰਿਹਾ ਸੀ, ਤਾਂ ਸਵਤੰਤਰ ਪਾਰਟੀ ਦੇ ਦਰਸ਼ਨ ਸਿੰਘ ਫੇਰੂਮਾਨ ਅੰਮ੍ਰਿਤਸਰ ਸੈਂਟਰਲ ਜੇਲ੍ਹ, ਜਿਸ ਨੂੰ ਤਿੰਨ ਦਿਨ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਸੀ, ਉਸਨੇ ਜੇਲ੍ਹ ਵਿਚ ਹੀ ਐਲਾਨ ਕਰ ਦਿੱਤਾ ਕਿ ਉਹ 15 ਅਗਸਤ 1969 ਨੂੰ ਮਰਨ ਵਰਤ ਆਰੰਭ ਕਰਨਗੇ। ਫੇਰੂਮਾਨ ਨੇ ਆਪਣਾ ਵਚਨ ਨਿਭਾਇਆ ਅਤੇ 74 ਦਿਨਾਂ ਦੀ ਭੁੱਖ ਕੱਟਣ ਉਪਰੰਤ 27 ਅਕਤੂਬਰ 1969 ਨੂੰ ਪਰਲੋਕ ਸੁਧਾਰ ਗਏ। 26 ਜਨਵਰੀ 1970 ਨੂੰ ਸੰਤ ਫਹਿਤ ਸਿੰਘ ਨੇ ਫੇਰ ਮਰਨ ਵਰਤ ਰੱਖਿਆ ਅਤੇ ਸੁਗੰਧ ਖਾਧੀ ਕਿ ਜੇਕਰ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ ਤਾਂ ਉਹ ਆਪਣਾ ਜੀਵਨ ਕੁਰਬਾਨ ਕਰ ਦੇਣਗੇ। ਸ੍ਰੀਮਤੀ ਇੰਦਰਾ ਗਾਂਧੀ ਨੇ 1970 ਵਿਚ ਇਕ ਵਾਰ ਫੇਰ ਅਵਾਰਡ ਦਿੱਤਾ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ, ਪਰ ਨਾਲ ਹੀ ਫਾਜ਼ਿਲਕਾ ਤਹਿਸੀਲ ਅਤੇ ਅਬੋਹਰ ਦੇ ਕੁਝ ਭਾਗ ਹਰਿਆਣਾ ਨੂੰ ਸੌਂਪ ਦਿੱਤੇ, ਪਰ ਇਹ ਅਵਾਰਡ ਸਿਰੇ ਨਹੀਂ ਚੜ੍ਹਿਆ।

ਗੁਰਨਾਮ ਸਿੰਘ ਦੇ ਸੰਬੰਧ ਸੰਤ ਫਤਿਹ ਸਿੰਘ ਨਾਲ ਖਰਾਬ ਹੋ ਗਏ। ਅੰਤ ਉਸਨੂੰ 25 ਮਾਰਚ 1970 ਨੂੰ ਅਸਤੀਫਾ ਦੇਣਾ ਪਿਆ। ਨਵੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਣ ਗਏ। ਜਲਦੀ ਹੀ 13 ਜੂਨ 1971 ਨੂੰ ਪੰਜਾਬ ਵਿਚ ਫਿਰ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ।

ਭਾਰਤ ਅਤੇ ਪਾਕਿਸਤਾਨ ਵਿਚ ਫੇਰ ਤਨਾਅ ਵਧ ਗਿਆ। ਫੇਰ 1971 ਵਿੱਚ ਜੰਗ ਸ਼ੁਰੂ ਹੋ ਗਈ। ਭਾਵੇਂ ਚੌਦਾਂ ਦਿਨਾਂ ਦੀ ਲੜਾਈ ਤੋਂ ਬਾਅਦ ਭਾਰਤ ਦੀ ਜਿੱਤ ਹੋਈ। ਇਸ ਜੰਗ ਸਮੇਂ ਅੰਮ੍ਰਿਤਸਰ ਉਤੇ 3 ਦਸੰਬਰ 1971 ਨੂੰ ਪਾਕਿਸਤਾਨੀ ਜਹਾਜ਼ ਆ ਧਮਕੇ। ਪਰ ਇਸ ਜੰਗ ਵਿਚ ਅੰਮ੍ਰਿਤਸਰ ਦਾ ਕੋਈ ਜ਼ਿਆਦਾ ਜਾਨੀ ਨੁਕਸਾਨ ਨਹੀਂ ਹੋਇਆ।

1972 ਵਿਚ ਹੋਈਆਂ ਚੋਣਾਂ ਵਿਚ ਅਕਾਲੀ ਪੂਰੀ ਤਰ੍ਹਾਂ ਹਾਰ ਗਏ। ਕਾਂਗਰਸ ਜਿੱਤ ਗਈ ਅਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣ ਗਏ। ਇਸ ਤੋਂ ਬਾਅਦ ਪੰਜਾਬ ਦਾ ਨਵਾਂ ਦੌਰ ਸ਼ੁਰੂ ਹੋਇਆ। ਗਿਆਨੀ ਜ਼ੈਲ ਸਿੰਘ ਚਾਹੁੰਦਾ ਸੀ ਕਿ ਅਕਾਲੀਆਂ ਦਾ ਪੰਜਾਬ ਵਿਚੋਂ ਪ੍ਰਭਾਵ ਘੱਟ ਕਰਨ ਲਈ ਜ਼ਰੂਰੀ ਹੈ ਕਿ ਉਨ੍ਹਾਂ ਦਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕੰਟਰੋਲ ਖੋਹਿਆ ਜਾਵੇ। ਆਪਣੇ ਆਪ ਨੂੰ ਅਕਾਲੀਆਂ ਤੋਂ ਸਿੱਖ ਧਰਮ ਦਾ ਵੱਡਾ ਹਿਤੈਸ਼ੀ ਦਰਸਾਉਣ ਲਈ 1973 ਵਿਚ ਸਿੰਘ ਸਭਾ ਦੀ ਸਥਾਪਨਾ ਸ਼ਤਾਬਦੀ, 1975 ਵਿਚ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਮਨਾਈ ਗਈ। ਅੰਮ੍ਰਿਤਸਰ ਵਿਚ 'ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਅਤੇ ਆਨੰਦਪੁਰ ਸਾਹਿਬ ਤੋਂ ਪਟਿਆਲਾ ਤੱਕ 400 ਕਿਲੋਮੀਟਰ ਸੜਕ ਦਾ ਨਾਮਕਰਨ ਕਰਕੇ ਉਸਦਾ ਨਾਮ ਗੁਰੂ ਗੋਬਿੰਦ ਸਿੰਘ ਮਾਰਗ ਰੱਖਿਆ।' ਇਥੋਂ ਹੀ ਪੰਜਾਬ ਦੀ ਸਮੱਸਿਆ ਸ਼ੁਰੂ ਹੁੰਦੀ ਹੈ।

ਉਸ ਸਮੇਂ ਇੱਕ ਸੰਸਥਾ ਦਮਦਮੀ ਟਕਸਾਲ ਬੜੀ ਪ੍ਰਸਿੱਧ ਹੋਈ। ਉਦੋਂ ਇਸ ਦਾ ਮੁਖੀ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਬਣਾਇਆ ਗਿਆ। ਭਿੰਡਰਾਂਵਾਲੇ ਦੇ ਅੰਮ੍ਰਿਤ ਪ੍ਰਚਾਰ ਨੂੰ ਭਾਰੀ ਸਫਲਤਾ ਮਿਲੀ। ਖਾਸ ਕਰਕੇ ਨੌਜਵਾਨਾਂ ਵਿਚ ਬੜੇ ਲੋਕਪ੍ਰਿਯ ਹੋ ਗਏ। ਲੋਕਾਂ ਨੇ ਉਨ੍ਹਾਂ ਨੂੰ ਬੜੇ ਮਾਨ ਸਤਿਕਾਰ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਪੁਕਾਰਿਆ। ਭਿੰਡਰਾਂਵਾਲੇ ਦਾ ਮਾਨ-ਜੱਸ ਵਧਦਾ ਗਿਆ। ਉਸਨੇ ਸਿੱਖਾਂ ਨੂੰ ਆਪਣੇ ਪੁਰਖਿਆਂ ਦੇ ਸਿੱਧੇ ਸਾਦੇ ਰਸਤੇ ਤੇ ਚੱਲਣ ਲਈ ਕਿਹਾ। 1978 ਤੋਂ ਸਿਆਸਤਦਾਨਾਂ ਨੇ ਵੇਖਿਆ ਭਿੰਡਰਾਂਵਾਲੇ ਦੀ ਪ੍ਰਸਿੱਧੀ ਬਹੁਤ ਵਧ ਗਈ ਹੈ, ਤਾਂ ਉਸਦੀ ਖ਼ੁਸ਼ਾਮਦ ਕਰਨੀ ਆਰੰਭ ਕਰ ਦਿੱਤੀ। ਹੁਣ ਤੱਕ ਭਿੰਡਰਾਂਵਾਲਾ ਰਾਸ਼ਟਰੀ ਸਮਾਚਾਰ ਪੱਤਰਾਂ ਦੀਆਂ ਸੁਰਖੀਆਂ ਬਣ ਚੁੱਕਿਆ ਸੀ। ਉਸਦੀ ਟੱਕਰ ਨਿਰੰਕਾਰੀ ਸੰਪਰਦਾ ਨਾਲ ਸਮਾਗਮ ਅੰਮ੍ਰਿਤਸਰ ਵਿਖੇ ਮਨਾਉਣ ਨੂੰ ਲੈ ਕੇ ਹੋਈ। ਜਿਸ ਵਿਚ ਅਖੰਡ ਕੀਰਤਨੀ ਜੱਥੇ ਦੇ 17 ਵਿਅਕਤੀ ਮਾਰੇ ਗਏ। ਇਸ ਤੋਂ ਬਾਅਦ ਅੰਮ੍ਰਿਤਸਰ ਵਿਚ ਤੇਜ਼ੀ ਨਾਲ ਘਟਨਾਵਾਂ ਘਟਿਤ ਹੋਈਆਂ ਜਿਸ ਦਾ ਪ੍ਰਭਾਵ ਰਾਸ਼ਟਰੀ ਰਾਜਨੀਤੀ ਤੇ ਪਿਆ। ਪੰਜਾਬ ਵਿਚ ਹਿੰਸਾ ਖੁਲ੍ਹੇਆਮ ਹੋਣ ਲੱਗੀ। 4 ਅਗਸਤ 1982 ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਧਰਮ ਯੁੱਧ ਸ਼ੁਰੂ ਕਰ ਦਿੱਤਾ। ਭਿੰਡਰਾਵਾਲਾ ਚੌਕ ਮਹਿਤਾ ਤੋਂ ਹਰਿਮੰਦਰ ਸਾਹਿਬ ਵਿਖੇ ਆ ਗਿਆ। ਕੇਂਦਰ ਸਰਕਾਰ ਨੇ ਕਾਰਵਾਈ ਕਰਨ ਦਾ ਫੈਸਲਾ ਕਰ ਲਿਆ। 2 ਜੂਨ, 1984 ਨੂੰ ਫੌਜ ਨੂੰ ਇਹ ਕਾਰਜ ਸੌਂਪ ਦਿੱਤਾ ਗਿਆ। 6 ਜੂਨ ਤੱਕ ਫੌਜ ਨੇ ਹਰਿਮੰਦਰ ਸਾਹਿਬ ਅਤੇ ਇਸ ਦੇ ਆਲੇ ਦੁਆਲੇ ਤੇ ਪੂਰਾ ਕੰਟਰੋਲ ਕਰ ਲਿਆ, ਇਸ ਨੂੰ ਨੀਲਾਤਾਰਾ ਅਪਰੇਸ਼ਨ ਦਾ ਨਾਂ ਦਿੱਤਾ ਗਿਆ। ਇਹ ਇੱਕ ਮੰਦਭਾਗੀ ਘਟਨਾ ਸੀ, ਜਿਸ ਦਾ ਦਹਾਕਿਆਂ ਤੱਕ ਅਸਰ ਰਹੇਗਾ। ਉਸਤੋਂ ਬਾਅਦ ਵੀ ਅੰਮ੍ਰਿਤਸਰ ਵਿਚ ਤੇਜ਼ੀ ਨਾਲ ਘਟਨਾਵਾਂ ਹੁੰਦੀਆਂ ਰਹੀਆਂ। ਪੰਜਾਬ ਨਾਲ ਅਤੇ ਸਿੱਖਾਂ ਨਾਲ ਸਬੰਧਤ ਹਰ ਸਮੱਸਿਆ, ਖੁਸ਼ੀਆਂ ਜਾਂ ਕਾਮਯਾਬੀ ਦਾ ਸਬੰਧ ਅੰਮ੍ਰਿਤਸਰ ਨਾਲ ਜੁੜ ਹੀ ਜਾਂਦਾ ਹੈ। ਇਸ ਤਰ੍ਹਾਂ ਅੰਮ੍ਰਿਤਸਰ ਵਿਚ ਲਗਾਤਾਰ ਇਤਿਹਾਸ ਸਿਰਜਦਾ ਰਹਿੰਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਜਵਾਹਰ ਲਾਲ ਨਹਿਰੂ, ਐਨ ਆਟੋਬਾਇਓਗ੍ਰਾਫੀ, ਪੰਨਾ 44.
2. ਪੱਟਾਭਾਈ ਸੀਤਾ ਰਮੱਈਆ, ਦੀ ਹਿਸਟਰੀ ਆਫ ਦੀ ਕਾਂਗਰਸ, ਭਾਗ-1, ਪੰਨਾ 307.
3. 1919 ਭਾਰਤ ਸਰਕਾਰ, ਗ੍ਰਹਿ ਵਿਭਾਗ, ਰਾਜਨੀਤਿਕ, 1930, ਫਾਈਲ ਨੰ: 130 (ਰਾਸ਼ਟਰੀ ਪੁਰਾਲੇਖ ਭਵਨ, ਨਵੀਂ ਦਿੱਲੀ)
4. ਸੱਚਾ ਸੁੱਚਾ ਸਿੰਘ, ਰਾਜ ਕਰੇਗਾ, ਕੋਈ ਵੀ ਵਿਰੋਧੀ ਨਹੀਂ ਹੋਵੇਗਾ।
5. ਪੈਡਰਲ ਮੂਨ, ਡਿਵਾਈਡ ਐਂਡ ਕੁਇਟ, ਪੰਨਾ 74.
6. ਪੈਡਰਲ ਮੂਨ, ਡਿਵਾਈਡ ਐਂਡ ਕੁਇਟ, ਪੰਨਾ 78.
7. ਪੈਡਰਲ ਮੂਨ, ਡਿਵਾਈਡ ਐਂਡ ਕੁਇਟ, ਪੰਨਾ 80.

## ਅਧਿਆਇ - ਸੱਤਵਾਂ

# ਲੋਕ

ਪਹਿਲੇ ਵਸਨੀਕ ਸ਼ਹਿਰ ਦੇ ਵਿਚਕਾਰਲੇ ਭਾਗ ਸਵਰਨ ਮੰਦਰ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਵਸ ਗਏ। ਸ਼ਰਧਾਲੂਆਂ ਅਤੇ ਹੋਰ ਯਾਤਰੂਆਂ ਦੇ ਟੋਲੇ ਉਥੇ ਆਉਂਦੇ ਸਨ। ਇਨ੍ਹਾਂ ਯਾਤਰੂਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਘਰ, ਦੁਕਾਨਾਂ ਅਤੇ ਗਲੀਆਂ ਬਣਾਈਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਦਾਨ ਵਜੋਂ ਮਿਲਦੀ ਰਾਸ਼ੀ ਨੇ ਹਾਲਤ ਨੂੰ ਸੁਧਾਰਨ ਵਿਚ ਮਦਦ ਕੀਤੀ। ਵੱਖੋ ਵੱਖ ਮਿਸਲਾਂ ਨਾਲ ਸਬੰਧਤ ਮੁਖੀਆਂ ਸਵਰਨ ਮੰਦਰ ਦੇ ਆਲੇ ਦੁਆਲੇ ਮਕਾਨਾਂ ਅਤੇ ਹਵੇਲੀਆਂ ਦੀਆਂ ਕਤਾਰਾਂ ਨਾਲ ਕੱਟੜੇ ਬਣਵਾਏ। ਧਾਰਮਿਕ ਕਰਤੱਵ ਨਿਭਾਉਣ ਵਾਲੇ ਪੁਜਾਰੀਆਂ ਤੋਂ ਇਲਾਵਾ ਫਕੀਰਾਂ ਅਤੇ ਹੋਰ ਸ਼ਰਧਾਲੂਆਂ ਨੇ ਵੀ ਸਵਰਨ ਮੰਦਰ ਵਿਚ ਪਨਾਹ ਲਈ। ਸਵਰਨ ਮੰਦਰ ਦੇ ਬਾਹਰ ਇਕ ਵਪਾਰਕ ਕੇਂਦਰ ਸਥਾਪਤ ਹੋ ਗਿਆ ਜੋ ਅੰਤ ਵਿਚ ਸ਼ਹਿਰ ਦਾ ਕੇਂਦਰ ਬਿੰਦੂ ਬਣ ਗਿਆ। ਜਦੋਂ ਮਹਾਰਾਜਾ ਰਣਜੀਤ ਸਿੰਘ ਸ਼ਹਿਰ ਵਿਚ ਆਉਂਦਾ, ਭਾਰੀ ਗਿਣਤੀ ਵਿਚ ਲੋਕ ਮਹਾਰਾਜੇ ਨੂੰ ਵੇਖਣ ਦੀ ਉਤਸੁਕਤਾ ਨਾਲ ਇਕੱਠੇ ਹੋ ਜਾਂਦੇ ਸਨ, ਮਹਾਰਾਜਾ ਅਜਿਹੇ ਮੌਕਿਆਂ ਤੇ ਓਨਾ ਹੀ ਆਨੰਦ ਮਾਣਦਾ ਜਿੰਨਾਂ ਉਸਦੇ ਲੋਕ ਉਸਦੀ ਜੈ ਜੈ ਕਾਰ ਕਰਨ ਵਿਚ ਮਾਣਦੇ ਸਨ। **ਲਾਹੌਰ ਦੀਆਂ ਖਾਣਾਂ ਵਿਚੋਂ ਕੱਢਿਆ ਲੂਣ, ਜੋ ਬਰਤਾਨਵੀ ਭਾਰਤ ਨੂੰ ਨਿਰਯਾਤ ਕਰਨ ਲਈ ਅੰਮ੍ਰਿਤਸਰ ਵਿਚ ਜਿਸ ਸਥਾਨ ਤੇ ਰੱਖਿਆ ਜਾਂਦਾ ਸੀ, ਉਸ ਸਥਾਨ ਨੂੰ ਅੱਜ ਕੱਲ ਨਮਕ ਮੰਡੀ ਕਿਹਾ ਜਾਂਦਾ ਹੈ।** ਇਮਾਰਤੀ ਅਤੇ ਬਾਲਣ ਦੀ ਲੱਕੜ ਲਈ ਹੋਰ ਸਥਾਨ ਸੀ, ਜਿਸਨੂੰ ਲੱਕੜ ਮੰਡੀ ਕਿਹਾ ਜਾਂਦਾ ਹੈ। ਪਸ਼ਮ ਕੱਤਣ ਵਾਲੇ, ਕਪਾਹ ਦੇ ਕੱਪੜੇ ਬੁਣਨ ਵਾਲੇ ਜੁਲਾਹਿਆਂ ਅਤੇ ਕਸ਼ਮੀਰੀਆਂ ਦੀ ਆਪਣੀ ਵਿਸ਼ੇਸ਼ ਜਗ੍ਹਾ ਹੁੰਦੀ ਸੀ, ਜੋ 'ਪਸ਼ਮ ਵਾਲਾ ਬਾਜ਼ਾਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਵੇਸਵਾਵਾਂ ਦੀ ਆਪਣੀ ਵੱਖਰੀ ਜਗ੍ਹਾ ਸੀ। **ਗਲੀਆਂ ਦੇ ਅੱਧ ਵਿਚਕਾਰ ਦਰਵਾਜ਼ੇ ਲੱਗੇ ਹੁੰਦੇ ਸਨ, ਜਿਨ੍ਹਾਂ ਨੂੰ ਰਾਤ ਨੂੰ ਬੰਦ ਕਰ ਦਿੱਤਾ ਜਾਂਦਾ ਸੀ।** ਅਤੇ ਸ਼ਹਿਰ ਦੇ ਵੱਖ ਵੱਖ ਭਾਗਾਂ ਦਾ ਆਪਸੀ ਤਾਲਮੇਲ ਟੁੱਟ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਅਕਸਰ ਰਾਮ ਬਾਗ ਵਿਚ ਠਹਿਰਦਾ ਸੀ ਜੋ ਉਸ ਵੇਲੇ ਸ਼ਹਿਰ ਤੋਂ ਦੂਰ ਸੀ ਅਤੇ ਉਥੋਂ ਉਹ ਘੋੜੇ ਤੇ ਸਵਾਰ ਹੋ ਕੇ ਆਪਣੇ ਸਰਦਾਰਾਂ ਦੇ ਨਾਲ ਗੁਰਦਵਾਰੇ ਵੱਲ ਜਾਂਦੇ ਸਨ, ਉਨ੍ਹਾਂ ਵਿਚੋਂ ਕੁਝ ਸਰਦਾਰ ਰਾਮ ਬਾਗ ਵਿਚ ਹੀ ਵੱਖ ਵੱਖ ਥਾਵਾਂ ਤੇ ਠਹਿਰੇ ਹੁੰਦੇ ਸਨ। ਸਮੇਂ ਦਾ ਨਾਲ ਨਾਲ ਗੁਰਦਵਾਰੇ ਅਤੇ ਰਾਮ ਬਾਗ ਵਿਚਕਾਰਲਾ ਖਲਾਅ ਪੂਰਿਆ ਗਿਆ ਜਿਸ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਬਾਅਦ ਸ਼ਹਿਰ ਵਿਚ ਇਮਾਰਤਾਂ ਬਣਨ ਦੀ ਤਰੱਕੀ ਦਾ ਅੰਦਾਜ਼ਾ ਲੱਗਦਾ ਹੈ। 1868 ਤੱਕ **ਹਾਥੀ ਗੇਟ, ਲਾਹੌਰੀ ਗੇਟ,** ਅਤੇ

ਚਾਟੀਵਿੰਡ ਗੇਟ ਦੇ ਨੇੜਲੇ ਇਲਾਕਿਆਂ ਵਿਚ ਗੁੱਜ਼ਰ ਰਹਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਫੌਜੀ ਦਸਤੇ ਗੋਬਿੰਦਗੜ੍ਹ ਕਿਲ੍ਹੇ ਵਿਚ ਰਹਿੰਦੇ ਸਨ, ਪਰੰਤੂ ਬਾਅਦ ਵਿਚ ਅੰਗਰੇਜ਼ਾਂ ਦੇ ਸਮੇਂ ਵਿਚ ਉਹ ਬਾਹਰ ਛਾਉਣੀ ਵਿਚ ਚਲੇ ਗਏ।

ਐਡਵਰਡ ਥੌਰਨਦਨ ਨੇ ਆਪਣੇ ਭੂਗੋਲਿਕ ਸ਼ਬਦ [1] ਕੋਸ਼ ਵਿਚ ਲਿਖਿਆ ਹੈ ਕਿ 19ਵੀਂ ਸਦੀ ਦੇ ਮੁਢਲੇ ਸਾਲਾਂ ਵਿਚ ਅੰਮ੍ਰਿਤਸਰ ਸ਼ਹਿਰ ਦੀ ਜਨਸੰਖਿਆਂ 80,000 ਅਤੇ 90,000 ਦੇ ਵਿਚਕਾਰ ਸੀ। ਅੰਮ੍ਰਿਤਸਰ ਵਿਚ 2 ਜਨਵਰੀ, 1855 ਨੂੰ ਪਹਿਲੀ ਸਰਕਾਰੀ ਮਰਦਮ-ਸ਼ੁਮਾਰੀ [2] ਹੋਈ, ਜਦੋਂ ਲੋਕ ਆਪਣੇ ਦਰਵਾਜ਼ਿਆਂ ਤੇ ਰੋਸ਼ਨੀ ਕਰਕੇ ਮਰਦਮਸ਼ੁਮਾਰੀ ਕਰਨ ਵਾਲਿਆਂ ਦੀ ਇੰਤਜ਼ਾਰ ਵਿਚ ਖੜ੍ਹੇ ਹੁੰਦੇ ਸਨ, ਗਲੀਆਂ ਪਗਡੰਡੀਆਂ ਅਰਧ-ਰੋਸ਼ਨ ਕੀਤੀਆਂ ਹੁੰਦੀਆਂ ਸਨ। ਇਸ ਰਿਪੋਰਟ ਅਨੁਸਾਰ ਅੰਮ੍ਰਿਤਸਰ ਸੰਘਣੀ ਵਸੋਂ ਵਾਲਾ ਜ਼ਿਲ੍ਹਾ ਸੀ, ਜਿਸ ਦੀ ਔਸਤ ਘਣਤਾ ਇਕ ਵਰਗਮੀਲ ਵਿਚ 436 ਵਿਅਕਤੀ ਸੀ। ਲਾਹੌਰ ਵਿਚ 94,143 ਲੋਕਾਂ ਦੀ ਵਸੋ ਦੇ ਮੁਕਾਬਲੇ ਅੰਮ੍ਰਿਤਸਰ ਵਿਚ 11,2186 ਲੋਕ ਵਸਦੇ ਸਨ। ਜਦੋਂ ਕਿ ਪੁਨਰ ਸਥਾਪਨਾ ਰਿਪੋਰਟ [3] ਦਰਸਾਉਂਦੀ ਹੈ ਕਿ 1868 ਵਿਚ ਸ਼ਹਿਰ ਦੇ 1,00,466 ਵਸਨੀਕ ਸਨ, ਜੋ ਕਿ ਇਕ ਘਰ ਦੀ ਔਸਤਨ 4 ਵਿਅਕਤੀ ਸਨ, ਉਸੇ ਸਾਲ ਪੰਜਾਬ [4] ਦੀ ਮਰਦਮ-ਸ਼ੁਮਾਰੀ ਵਿਚ ਇਕ ਹੋਰ ਰਿਪੋਰਟ ਦਸਦੀ ਹੈ ਕਿ 1868 ਵਿਚ ਅੰਮ੍ਰਿਤਸਰ ਸ਼ਹਿਰ ਵਿਚ 1,35,813 ਲੋਕ ਵਸਦੇ ਸਨ ਜਦੋਂ ਕਿ ਲਾਹੌਰ ਅਤੇ ਇਸਦੇ ਆਸਪਾਸ 98,924 ਲੋਕ ਰਹਿੰਦੇ ਸਨ। ਅੰਮ੍ਰਿਤਸਰ ਸ਼ਹਿਰ ਦੀ ਕੁੱਲ ਜਨਸੰਖਿਆਂ ਵਿਚ ਸਿੱਖਾਂ ਦੀ ਪ੍ਰਤੀਸ਼ਤ 241 ਸੀ ਜਦੋਂ ਕਿ ਇਸ ਦੇ ਮੁਕਾਬਲੇ ਲਾਹੌਰ ਵਿਚ ਇਹ ਪ੍ਰਤੀਸ਼ਤ 151 ਸੀ। ਭਾਵੇਂ ਮਰਦਮ-ਸ਼ੁਮਾਰੀ ਦਾ ਕੰਮ ਕਾਫੀ ਦੇਰ ਪਹਿਲਾਂ ਸ਼ੁਰੂ ਕੀਤਾ ਗਿਆ ਸੀ, ਪਰੰਤੂ 1881 ਤੋਂ ਜਨਸੰਖਿਆ ਦੇ ਅੰਕੜੇ ਸਹੀ ਅਤੇ ਵਿਸ਼ਵਾਸ ਯੋਗ ਮੰਨੇ ਜਾਂਦੇ ਹਨ। 1855 ਤੋਂ ਅੰਮ੍ਰਿਤਸਰ ਸ਼ਹਿਰ ਬਾਰੇ ਮਰਦਮ-ਸ਼ੁਮਾਰੀ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ:

| | | | | | |
|---|---|---|---|---|---|
| ਸਾਲ | 1855 | 1881 | 1891 | 1901 | 1911 |
| ਵਿਅਕਤੀ | 1,22,181 | 1,15,896 | 1,36,766 | 1,62,429 | 1,52,756 |
| ਸਾਲ | 1921 | 1931 | 1941 | 1951 | 1961 |
| ਵਿਅਕਤੀ | 1,60,278 | 2,64,840 | 3,91,010 | 3,25,747 | 3,76,295 |
| ਸਾਲ | 1971 | 1991 | 2001 | 2011 | |
| ਵਿਅਕਤੀ | 6,25,311 | 25,43,143 | 31,48,592 | 24,90,891 | |

1855, 1868 ਅਤੇ 1881 ਦੀ ਮਰਦਮ-ਸ਼ੁਮਾਰੀ ਦੇ ਅੰਕੜਿਆਂ ਦੇ ਤੁਲਨਾਤਮਿਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਜਨਸੰਖਿਆ ਵਜੋਂ 1881 ਤੱਕ ਅੰਮ੍ਰਿਤਸਰ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਸੀ, ਇਸ ਤੋਂ ਬਾਅਦ ਲਾਹੌਰ ਪਹਿਲੇ ਨੰਬਰ ਤੇ ਆ ਗਿਆ।1881 ਵਿਚ ਸ਼ਹਿਰ ਵਿਚ ਭਿਆਨਕ ਮਲੇਰੀਏ ਦੀ ਬਿਮਾਰੀ ਫੈਲ ਗਈ, ਜਦੋਂ ਅਕਤੂਬਰ ਅਤੇ ਨਵੰਬਰ ਵਿਚ 1000 ਪਿਛੇ ਸਲਾਨਾ ਮੌਤ ਦਰ ਕ੍ਰਮਵਾਰ 356 ਅਤੇ 211 ਤੱਕ ਪਹੁੰਚ

ਗਈ। 1901 ਤੋਂ 1911 ਤੱਕ ਦੇ ਸਾਲਾਂ ਦੌਰਾਨ ਪਲੇਗ ਅਤੇ ਮਲੇਰੀਏ ਦੀਆਂ ਮਹਾਂਮਾਰੀਆਂ ਕਾਰਨ ਜਨਸੰਖਿਆਂ ਘਟਣ ਵੱਲ ਰੁਝਾਨ ਰਿਹਾ। 1931 ਵਿਚ ਖਤਮ ਹੋਣ ਵਾਲੇ ਦਹਾਕੇ ਵਿਚ ਹੋਰ ਥਾਵਾਂ ਤੋਂ ਆ ਕੇ ਲੋਕਾਂ ਦੇ ਸ਼ਹਿਰ ਵਿਚ ਵਸ ਜਾਣ ਕਾਰਣ ਜਨਸੰਖਿਆ ਵਿਚ 1,04,622 ਲੋਕਾਂ ਦਾ ਵਾਧਾ ਹੋਇਆ। 1921 ਤੋਂ 1941 ਦੌਰਾਨ ਜਨਸੰਖਿਆਂ ਵਿਚ ਵਾਧੇ ਦੇ ਰੁਝਾਨ ਤੋਂ ਇਕ ਖੁਸ਼ਹਾਲ ਸ਼ਹਿਰ ਦੀ ਕੁਦਰਤੀ ਤਰੱਕੀ ਦਾ ਪਤਾ ਲੱਗਣਾ ਹੈ। 1941 ਦੀ ਤੁਲਨਾ ਵਿਚ 1951 ਦੀ ਮਰਦਮਸ਼ੁਮਾਰੀ ਦੇ ਅੰਕੜੇ ਜਨਸੰਖਿਆ ਵਿਚ 65,263 ਵਿਅਕਤੀਆਂ ਦਾ ਘਾਟਾ ਦਰਸਾਉਂਦੇ ਹਨ। ਪਹਿਲਾਂ ਜਨਸੰਖਿਆ ਵਿਚ ਮੁਸਲਮਾਨਾਂ ਦੀ ਭਾਰੀ ਗਿਣਤੀ ਸੀ ਅਤੇ ਦੇਸ਼ ਦੀ ਵੰਡ ਸਮੇਂ ਉਨ੍ਹਾਂ ਦੇ ਸ਼ਹਿਰ ਵਿਚੋਂ ਚਲੇ ਜਾਣ ਕਾਰਨ ਸ਼ਹਿਰ ਦੀ ਜਨਸੰਖਿਆ ਘਟ ਗਈ ਸੀ। ਵੰਡ ਦੇ ਪ੍ਰਭਾਵ ਕਾਰਨ 1951 ਦੀ ਮਰਦਮਸ਼ੁਮਾਰੀ ਪੂਰੀ ਤਰ੍ਹਾਂ ਠੀਕ ਨਹੀਂ ਸੀ। 1961 ਦੀ ਮਰਦਮਸ਼ੁਮਾਰੀ ਸਮੁੱਚੀ ਜਨਸੰਖਿਆ ਵਿਚ ਵਾਧੇ ਨੂੰ ਦਰਸਾਉਂਦੀ ਹੈ, ਫਿਰ ਵੀ ਇਹ ਵਾਧਾ 1941 ਦੀ ਜਨਸੰਖਿਆ, ਭਾਵ 3,91,010 ਨਾਲੋਂ ਘੱਟ ਸੀ। 1961 ਵਿਚ ਜਨਸੰਖਿਆ ਦਾ ਵਾਧਾ, ਅਸੁਰੱਖਿਅਤਾ ਦੇ ਡਰ ਕਾਰਣ ਅਸਥਾਈ ਤੌਰ ਤੇ ਬਾਹਰ ਗਏ ਲੋਕਾਂ ਦੇ ਵਾਪਸ ਪਰਤਣ ਅਤੇ ਸ਼ਹਿਰ ਵਿਚ ਮਜ਼ਦੂਰਾਂ ਦੇ ਆ ਜਾਣ ਕਾਰਨ ਸੀ। ਜਦੋਂ ਕਿ 1947 ਤੱਕ ਸਾਰੇ ਸੂਬੇ ਵਿਚ 1000 ਆਦਮੀਆਂ ਪਿਛੇ 831 ਔਰਤਾਂ ਸਨ ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ 799 ਸਨ, ਹੁਣ 1961 ਦੀ ਮਰਦਮਸ਼ੁਮਾਰੀ ਅਨੁਸਾਰ 1000 ਮਰਦਾਂ ਪਿਛੇ ਇਥੇ ਲਗਭਗ 800 ਔਰਤਾਂ ਹਨ। 2011 ਦੀ ਮਰਦਮਸ਼ੁਮਾਰੀ ਅਨੁਸਾਰ ਸਾਰੇ ਸੂਬੇ ਵਿਚ 1000 ਮਰਦਾਂ ਪਿਛੇ 893 ਔਰਤਾਂ ਹਨ।

ਸਮਾਜਿਕ ਢਾਂਚਾ ਇਤਨਾ ਗੁੰਝਲਦਾਰ ਹੈ ਕਿ ਸਮਾਜਿਕ ਸ਼੍ਰੇਣੀਆਂ ਦੀ ਵਰਗ ਵੰਡ ਕਰਨੀ ਮੁਸ਼ਕਿਲ ਹੈ। ਫਿਰ ਵੀ ਸ਼ਹਿਰ ਵਿਚ ਕੁਝ ਆਮ ਵਿਸ਼ੇਸ਼ਤਾਵਾਂ ਵਾਲੇ ਵਿਸ਼ੇਸ਼ ਕਿਸਮਾਂ ਦੇ ਵਿਅਕਤੀ ਮਿਲਦੇ ਹਨ। ਸਭ ਤੋਂ ਪਹਿਲਾਂ ਇਥੇ ਪੁਰਾਣੇ ਕੁਲੀਨ ਵਰਗ ਦੇ ਵਾਰਿਸ ਹਨ, ਵਿਸ਼ੇਸ਼ ਤੌਰ ਤੇ ਜਿਨ੍ਹਾਂ ਕੋਲ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਵਿਸ਼ੇਸ਼ ਅਹੁਦੇ, ਧਨ ਦੌਲਤ, ਸ਼ਕਤੀ ਸੀ ਅਤੇ ਉਨ੍ਹਾਂ ਨੂੰ ਮਹਾਰਾਜੇ ਦੀ ਸਰਪ੍ਰਸਤੀ ਹਾਸਲ ਸੀ। ਕੁੱਝ ਕਟੜਿਆਂ ਅਤੇ ਗਲੀਆਂ ਦੇ ਨਾਮ ਉਨ੍ਹਾਂ ਦੇ ਨਾਮ ਤੇ ਰੱਖੇ ਗਏ ਸਨ ਜਿਵੇਂ ਕਿ **ਕਟੜਾ ਆਹਲੂਵਾਲੀਆ, ਮਜੀਠ ਮੰਡੀ ਅਤੇ ਕਟੜਾ ਮਹਾਂ ਸਿੰਘ**। ਸਨਮਾਨਯੋਗ ਪਰਿਵਾਰ ਜਿਵੇਂ **ਸੰਧਾਵਾਲੀਆ, ਮਜੀਠੀਆ, ਨੌਸ਼ਹਿਰਾ ਦੇ ਸਰਦਾਰ, ਰਸੂਲਪੁਰਾ ਪਰਿਵਾਰ, ਕਲਿਆਣ ਸਿੰਘ, ਗਿਆਨੀ, ਮਾਨਾਵਾਲਾ, ਸਾਹਿਬ ਦਿਆਲ ਅਤੇ ਗਾਗਰਮੱਲ ਪਰਿਵਾਰ ਸ਼ਹਿਰ ਨਾਲ ਸਬੰਧਤ ਰਹੇ ਹਨ**, ਉਨ੍ਹਾਂ ਵਿਚੋਂ ਕੁਝ ਪਰਿਵਾਰਾਂ ਦੇ ਹੁਣ ਦੇ ਪ੍ਰਤੀਨਿਧ ਸ਼ਹਿਰ ਦੇ ਸਮਾਜਿਕ ਜੀਵਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੀ ਅਮੀਰ-ਸ਼ਾਹੀ ਕੇਵਲ ਨਾਓ ਵਜੋਂ ਬਾਕੀ ਬਚਦੀ ਹੈ, ਜਦੋਂ ਕਿ ਬਹੁਤ ਸਾਰੇ ਸਫਲ ਵਪਾਰੀਆ ਨੇ ਉਨ੍ਹਾਂ ਦੀਆਂ ਉਚੇਚੀਆਂ ਪਦਵੀਆਂ ਨੂੰ ਦਬਾ ਦਿੱਤਾ ਹੈ। ਕੁਲੀਨ ਸ਼ਾਹੀ ਦਾ ਖਿਤਾਬ ਜ਼ਿਆਦਾ ਦੇਰ ਨਹੀਂ ਟਿਕ ਸਕਦਾ। ਪੁਰਾਤਨ ਕੁਲੀਨ ਵਰਗ ਦੇ ਨਾਲ ਨਾਲ ਨਵਾਂ ਅਮੀਰ ਵਰਗ ਪੈਦਾ ਹੋ ਗਿਆ ਹੈ, ਜਿਸ ਦੀ ਸਥਿਤੀ ਵਪਾਰ ਤੇ ਨਿਰਭਰ ਕਰਦੀ ਹੈ। ਇਹ ਵਰਗ ਆਪਣੇ ਕਰਮਚਾਰੀਆਂ ਅਤੇ ਵਪਾਰੀਆਂ ਸਮੇਤ ਸ਼ਹਿਰ ਦੇ ਜੀਵਨ ਵਿਚ ਪ੍ਰਮੁੱਖ ਹੈ ਅਤੇ ਇਹ ਹੋਰ ਜਨਸੰਖਿਆ ਨਾਲੋਂ

ਆਪਣੇ ਆਪ ਨੂੰ ਨਿਵੇਕਲਾ ਰਖਦਾ ਹੈ। ਇਨ੍ਹਾਂ ਨਵੇਂ ਬਣੇ ਅਮੀਰ ਲੋਕਾਂ ਨੇ, ਵਿਸ਼ੇਸ਼ ਤੌਰ ਤੇ ਦੋਵੇਂ ਵਿਸ਼ਵ ਜੰਗਾਂ ਉਪਰੰਤ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੀ ਕਿਸਮਤ ਬਣਾਉਣ ਦੇ ਮੌਕੇ ਪ੍ਰਦਾਨ ਕੀਤੇ, ਆਪਣੇ ਪੁੱਤਰਾਂ ਨੂੰ ਪਬਲਿਕ ਸਕੂਲਾਂ ਵਿਚ ਭੇਜਣਾ ਸ਼ੁਰੂ ਕਰ ਦਿੱਤਾ। ਕੁਲੀਨ ਵਰਗ ਅਤੇ ਪ੍ਰਫੁੱਲਤ ਹੋ ਰਹੇ ਵਪਾਰੀ ਵਰਗ ਤੋਂ ਇਲਾਵਾ ਪੇਸ਼ਾਵਰਾਨਾ ਵਿਅਕਤੀਆਂ-ਡਾਕਟਰਾਂ, ਵਕੀਲਾਂ ਅਤੇ ਅਧਿਆਪਕਾਂ ਦੀ ਗਿਣਤੀ ਵਿਚ ਬੜੀ ਤੇਜ਼ੀ ਨਾਲ ਵਾਧਾ ਹੋਇਆ, 2011 ਦੀ ਜਨਗਣਨਾ ਅਨੁਸਾਰ ਸਾਰੇ ਪੰਜਾਬ ਵਿਚ ਪੜ੍ਹੇ ਲਿਖੇ ਲੋਕਾਂ ਦੀ ਔਸਤ 76.7 ਪ੍ਰਤੀਸ਼ਤ ਹੈ ਜਦ ਕਿ ਅੰਮ੍ਰਿਤਸਰ ਵਿਚ 77.2 ਪ੍ਰਤੀਸ਼ਤ ਹੈ। ਇਸ ਕਮਜ਼ੋਰ ਘੱਟ ਗਿਣਤੀ ਦੇ ਲੋਕਾਂ ਨੇ ਹੋਰ ਪ੍ਰਮੁੱਖ ਸ਼ਹਿਰਾਂ ਦੇ ਮੁਕਾਬਲੇ ਇਥੇ ਨਵਾਂ ਸਮਾਜਿਕ ਦਰਜ਼ਾ ਪ੍ਰਾਪਤ ਕੀਤਾ ਅਤੇ ਉਨ੍ਹਾਂ ਨੇ ਪਰੰਪਰਾਗਤ ਲੋਕਾਂ ਲਈ ਹੋਰ ਸਮੱਸਿਆਵਾਂ ਪੈਦਾ ਕਰ ਦਿੱਤੀਆਂ। ਲੇਖਾਕਾਰਾਂ, ਬੈਂਕ ਮਨੇਜਰਾਂ ਅਤੇ ਮੈਨੇਜਿੰਗ ਡਾਇਰੈਕਟਰਾਂ ਨੇ ਵੀ ਪੁਰਾਤਨ ਕਿੱਤਿਆਂ ਦੇ ਮੁਕਾਬਲੇ ਵਿਚ ਆਪਣੀ ਸਥਿਤੀ ਵਿਚ ਸੁਧਾਰ ਕੀਤਾ ਅਤੇ ਕਈ ਤਰ੍ਹਾਂ ਨਾਲ ਆਪਣੇ ਹੱਕ ਜਮਾਏ। ਉਹ ਜ਼ਿਆਦਾਤਰ ਸਮਾਜ ਦੇ ਵਪਾਰਕ ਸੰਸਾਰ ਨਾਲ ਸਬੰਧਤ ਸਨ। ਦੁਕਾਨਦਾਰ ਜਮਾਤ ਦੇ ਲੈਣ ਦੇਣ ਦੇ ਲੇਖਿਆਂ ਵਿਚ ਤੇਜ਼ੀ ਆਈ ਅਤੇ ਉਨ੍ਹਾਂ ਦੇ ਕਰਜ਼ਿਆਂ ਵਿਚ ਭਾਰੀ ਕਮੀ ਹੋਈ।

ਅੰਮ੍ਰਿਤਸਰ ਸ਼ਹਿਰ ਦੇ ਪ੍ਰਤੀਨਿਧ ਵਪਾਰੀ ਵਿਅਕਤੀ ਰਹੇ ਹਨ, ਜਿਨ੍ਹਾਂ ਨੂੰ 18ਵੀਂ ਸਦੀ ਤੇ ਅੰਤਲਿਆਂ ਵਿਚ ਉਨਤ ਹੋਣ ਦਾ ਮੌਕਾ ਮਿਲਿਆ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਦੋਂ ਰਾਜਨੀਤਿਕ ਹਾਲਤ ਸਥਿਰ ਸੀ, ਉਨ੍ਹਾਂ ਨੇ ਆਪਣੀ ਚੰਗੀ ਅਵਸਥਾ ਕਾਇਮ ਕਰ ਲਈ। ਉਹ ਉਦਮੀ ਅਤੇ ਸਾਧਨ ਸੰਪੰਨ ਬਣ ਗਿਆ। ਉਹ ਯਾਤਰਾ ਕਰਨ ਦਾ ਸ਼ੌਕੀਨ, ਦੂਰ ਦ੍ਰਿਸ਼ਟੀ ਵਾਲਾ ਸੀ ਅਤੇ ਉਸਨੇ ਆਪਣੇ ਵਪਾਰ ਨੂੰ ਸਹੀ ਲੀਹਾਂ ਤੇ ਚਲਾਇਆ, ਜੋ ਅਕਸਰ ਪਿਤਾ ਤੋਂ ਪੁੱਤਰ ਨੂੰ ਪ੍ਰਾਪਤ ਹੋ ਜਾਂਦਾ ਸੀ। ਵਪਾਰ ਹਮੇਸ਼ਾ ਨਿਰੰਤਰ ਚਲਦਾ ਰਿਹਾ ਹੈ, ਜਿਸ ਤੇ ਪਰਿਵਾਰਕ ਢਾਂਚੇ ਨੂੰ ਸਮਾਧਾਨ ਕਰਨਾ ਪੈਂਦਾ ਹੈ, ਵਪਾਰ ਦੇ ਕੰਮ ਵਿਚ ਆਪਣਾ ਨਾਮ ਬਣਾਈ ਰੱਖਣ ਲਈ ਘੱਟੋ ਘੱਟ **ਇਕ ਪੁੱਤਰ ਨੂੰ ਪਿਤਾ ਪੁਰਖੀ ਪਰਿਵਾਰਕ ਵਪਾਰ ਲਈ ਚੁਣਿਆ ਜਾਂਦਾ ਰਿਹਾ**। ਦੂਸਰੇ ਪਾਸੇ ਜਿਸ ਪਰਿਵਾਰ ਵਿਚ ਕੋਈ ਵਾਰਿਸ ਨਹੀਂ ਹੁੰਦਾ, ਉਥੇ ਵਪਾਰ ਵਿਚ ਆਪਣਾ ਨਾਮ ਰੱਖਣ ਲਈ ਆਪਣੇ ਕਿਸੇ ਰਿਸ਼ਤੇਦਾਰ ਜਿਵੇਂ ਕਿ ਚਚੇਰੇ ਭਰਾ ਜਾਂ ਭਤੀਜੇ ਨੂੰ ਲਿਆਂਦਾ ਜਾਂਦਾ ਹੈ। ਪਰਿਵਾਰ ਵਿਚ ਵਾਰਿਸ ਦੀ ਕਮੀ ਨੂੰ ਦੂਰ ਕਰਨ ਲਈ ਖ਼ੂਨ ਦਾ ਰਿਸ਼ਤਾ ਅਨੁਕੂਲ ਸਥਿਤੀ ਪ੍ਰਦਾਨ ਕਰਦਾ ਹੈ। ਕਿਸੇ ਵਿਸ਼ੇਸ਼ ਸੰਸਥਾ ਵਿਚ ਪੜ੍ਹਾਈ ਕਰਕੇ ਸਿਖਲਾਈ ਪ੍ਰਾਪਤ ਕੀਤੀ ਜਾਂਦੀ ਸਗੋਂ ਇਹ ਲੇਖਾਕਾਰ ਦੇ ਅਭਿਆਸ ਅਤੇ ਲੋਕਾਂ ਦੇ ਨਾਲ ਮੇਲ ਮਿਲਾਪ ਨਾਲ ਕਈ ਵਾਰ ਜਾਪਾਨ ਜਾਂ ਇੰਗਲੈਂਡ ਵਿਦੇਸ਼ਾਂ ਦੀ ਯਾਤਰਾ ਦੇ ਲਾਭ ਵਜੋਂ ਹਾਸਲ ਕੀਤੀ ਜਾਂਦੀ ਸੀ। ਵਪਾਰਿਕ ਤਕਨੀਕ ਦੀ ਚੰਗੀ ਤਰ੍ਹਾਂ ਜਾਣਕਾਰੀ ਪ੍ਰਾਪਤ ਕਰਨ ਉਪਰੰਤ, ਇਹ ਵਪਾਰੀ ਇਕ ਉਦਯੋਗਪਤੀ ਵਜੋਂ ਉਭਰਦਾ ਸੀ, ਵਿਸ਼ੇਸ਼ ਤੌਰ ਤੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਜਦੋਂ ਉਸ ਪੱਛਮੀ ਜੀਵਨ ਦੀਆਂ ਕੁਝ ਆਦਤਾਂ ਉਤਪੰਨ ਹੋ ਜਾਂਦੀਆਂ ਸਨ। ਪੱਛਮੀ ਪ੍ਰਭਾਵ ਨੇ ਉਸਨੂੰ ਆਪਣੇ ਜੀਵਨ ਢੰਗ ਬਾਰੇ ਸੋਚਣ ਲਾ ਦਿੱਤਾ ਹੈ, ਖਾਸ ਕਰਕੇ ਉਸਦੀ ਪੁਸ਼ਾਕ ਬਾਰੇ, ਉਸਦੇ ਮਕਾਨ, ਉਸਦੀਆਂ ਗੱਡੀਆਂ ਅਤੇ ਕਾਰਾਂ ਬਾਰੇ। ਪਰੰਤੂ ਇਸ ਵਿਚ ਸੰਦੇਹ ਹੈ ਕਿ ਕੀ ਪੱਛਮੀ ਕਦਰਾਂ ਕੀਮਤਾਂ ਨੇ

ਉਸਦੀ ਪਰੰਪਰਕ ਸੋਚ ਵਿਚ ਤਬਦੀਲੀ ਲਿਆਂਦੀ ਹੈ, ਨਾ ਹੀ ਉਹ ਜੀਵਨ ਦੇ ਦੋਰਾਹਿਆਂ ਤੇ ਕੋਈ ਉਲਝਣ ਮਹਿਸੂਸ ਕਰਦਾ ਹੈ। ਉਹ ਇਕ ਬੁੱਧੀ ਜੀਵੀ ਨਹੀਂ ਹੈ। ਉਹ ਆਰਾਮਦਾਇਕ ਜੀਵਨ ਜਿਉਣ ਵਿਚ ਵਿਸ਼ਵਾਸ ਰਖਦਾ ਹੈ ਅਤੇ ਉਹ ਆਪਣੇ ਆਪ ਤੇ ਪੈਸਾ ਖਰਚਣ ਵਿਚ ਕੋਈ ਸੰਕੋਚ ਨਹੀਂ ਕਰਦਾ ਭਾਵੇਂ ਉਹ ਹੋਰਨਾਂ ਲਈ ਇਕ ਪੈਸਾ ਵੀ ਖਰਚਣ ਲਈ ਤਿਆਰ ਨਹੀਂ ਹੁੰਦਾ। ਉਹ ਚੰਗੇ ਕਪੜੇ ਪਹਿਨਦਾ ਹੈ, ਅੰਗਰੇਜ਼ੀ ਭਾਸ਼ਾ ਦੀ ਜਾਣਕਾਰੀ ਦੀ ਤਾਰੀਫ ਕਰਦਾ ਹੈ, ਅਤੇ ਉਸ ਨੂੰ ਉਦਯੋਗ ਅਤੇ ਆਮ ਸੂਝ ਬੂਝ ਬਾਰੇ ਚੰਗੀ ਸਮਝ ਹੈ ਅਤੇ ਉਹ ਲਾਲਸਾ ਰਹਿਤ ਨਿਰਪੱਖਤਾ ਨਾਲ ਮੁਸ਼ਕਿਲ ਨੂੰ ਸਮਝ ਸਕਣ ਦੇ ਸਮਰੱਥ ਹੈ। ਉਹ ਸ਼ਾਮ ਨੂੰ ਸ਼ਰਾਬ ਪੀਣ, ਤਾਸ਼ ਖੇਡਣ ਅਤੇ ਕਾਫੀ ਦੇਰ ਤੱਕ ਗੱਪ ਸ਼ੱਪ ਮਾਰਨ ਲਈ ਲੰਮਸਡਨ ਕਲੱਬ ਵਿਚ ਜਾਂਦਾ ਹੈ। ਉਥੇ ਹਰੇਕ ਪ੍ਰਕਾਰ ਦੇ ਵਪਾਰੀਆਂ ਵਿਚਕਾਰ ਬੜੀ ਨੇੜਤਾ ਦੀ ਵਪਾਰਕ ਭਰਾਤਰੀ ਭਾਵਨਾ ਹੁੰਦੀ ਹੈ। ਵੰਡ ਤੋਂ ਪਹਿਲਾਂ ਮੁਸਲਮਾਨ ਉਦਯੋਗਪਤੀ ਵੀ ਸ਼ਾਮ ਨੂੰ ਕਲੱਬ ਦੇ ਜੀਵਨ ਦਾ ਆਨੰਦ ਮਾਣਦੇ ਸਨ। ਵਿਦੇਸ਼ ਦੀਆਂ ਯਾਤਰਾਵਾਂ ਅਤੇ ਸਿੱਖਿਆ ਤੋਂ ਪ੍ਰਾਪਤ ਹੋਈ ਨਵੀਂ ਜਾਗਰੂਕਤਾ ਦੇ ਬਾਵਜੂਦ, ਸਮੁੱਚੇ ਤੌਰ ਤੇ ਸਮਾਜ ਦਾ ਢਾਂਚਾ ਲਕੀਰ ਦਾ ਫਕੀਰ ਰਿਹਾ ਹੈ।

ਉਦਯੋਗਪਤੀਆਂ ਤੋਂ ਨਿਆਰੇ, ਪਰੰਪਰਕ ਵਪਾਰੀ, ਜੋ ਵਧੇਰੇ ਕਰਕੇ ਸ਼ਹਿਰ ਦੇ ਅੰਦਰਲੇ ਭਾਗ ਵਿਚ ਰਹਿੰਦੇ ਹਨ, ਆਪਣੀਆਂ ਦੁਕਾਨਾਂ ਤੇ ਬੈਠਦੇ ਹਨ ਅਤੇ ਆਪਣੇ ਪਿਤਾ ਪੁਰਖੀ ਕੰਮ ਨੂੰ ਬੜੀ ਸਿਆਣਪ ਨਾਲ ਚਲਾਉਂਦੇ ਹਨ। ਵਪਾਰੀ ਆਦਮੀ ਜਾਂ ਲਾਲਾ, ਜਿਵੇਂ ਕਿ ਉਸਨੂੰ ਕਿਹਾ ਜਾਂਦਾ ਹੈ, ਸਿਆਣਾ, ਹਿਸਾਬੀ, ਮਿਹਨਤੀ ਅਤੇ ਦੂਸਰੇ ਲੋਕਾਂ ਨਾਲ ਵਿਵਹਾਰ ਕਰਨ ਵਿਚ ਪੂਰਾ ਨਿਪੁੰਨ ਹੈ। ਉਹ ਆਪਣੇ ਹਿਤ ਲਈ ਪੂਰਾ ਚੌਕਸ ਰਹਿੰਦਾ ਹੈ ਅਤੇ ਸਰਕਾਰੀ ਮੁਲਾਜ਼ਮਾਂ ਨਾਲ ਚੰਗੇ ਸਬੰਧ ਕਾਇਮ ਕਰਨ ਲਈ ਕੋਸ਼ਿਸ਼ ਕਰਦਾ ਹੈ, ਖਾਸ ਕਰਕੇ ਆਮਦਨ ਕਰ ਦੇ ਅਫਸਰਾਂ ਨਾਲ, ਜੋ ਉਸ ਲਈ ਮੁਸ਼ਕਿਲਾਂ ਪੈਦਾ ਕਰਨ ਦੇ ਸਮਰੱਥ ਹੁੰਦੇ ਹਨ। ਉਹ ਮਹਿਸੂਸ ਕਰਦਾ ਹੈ ਕਿ ਅੰਗਰੇਜ਼ੀ ਭਾਸ਼ਾ ਤੇ ਚੰਗੀ ਮੁਹਾਰਤ ਰੱਖਣ ਵਾਲੇ ਵਿਅਕਤੀ ਨੂੰ ਸਮਝਣ ਲਈ ਇਹ ਲਾਭਦਾਇਕ ਹੈ, ਅਤੇ ਹੁਣ ਉਹ ਆਪਣੇ ਪੁੱਤਰਾਂ ਨੂੰ ਅੰਗਰੇਜ਼ੀ ਕਿਸਮ ਦੀ ਸਿੱਖਿਆ ਦੇਣ ਦੀ ਸਕੀਮ ਬਣਾਉਂਦਾ ਹੈ ਅਤੇ ਉਹ ਸੋਚਦਾ ਹੈ ਕਿ ਇਸ ਦਾ ਲਾਭ ਅੰਸ਼ ਵਧੇਰੇ ਫਾਇਦੇਮੰਦ ਹੋਵੇਗਾ। ਉਸਦੇ ਲਈ ਸਿੱਖਿਆ ਤੋਂ ਭਾਵ ਹੈ ਉਹ ਸਾਧਨ ਜਿਸ ਦੁਆਰਾ ਧਨ ਇਕੱਠਾ ਕੀਤਾ ਜਾ ਸਕਦਾ ਹੈ ਅਤੇ ਸਫਲਤਾ ਉਸ ਲਈ ਪ੍ਰਭਾਵ, ਪ੍ਰਤਿਸ਼ਠਾ ਅਤੇ ਤਾਕਤ ਦਾ ਦੂਸਰਾ ਨਾਮ ਹੈ। ਅੰਮ੍ਰਿਤਸਰ ਦੀਆਂ ਹਵਾ ਅਤੇ ਧੁੱਪ ਰਹਿਤ, ਭੀੜੀਆਂ ਗਲੀਆਂ ਦਾ ਜੰਮਪਲ ਹੋਣ ਦੇ ਬਾਵਜੂਦ , ਉਹ ਕੌਂਸਲ, ਸਜੀਵਤਾ ਅਤੇ ਹਾਸ ਰਸ ਨਾਲ ਭਰਪੂਰ ਸੁਰੀਲੀ ਅਵਾਜ਼ ਵਾਲਾ ਵਿਅਕਤੀ ਹੈ। ਦੂਸਰਿਆਂ ਦੀ ਮੌਜੂਦਗੀ ਵਿਚ ਉਸ ਦੀ ਨਿਮਰਤਾ ਕਮਾਲ ਦੀ ਹੈ। ਉਹ ਆਪਣੇ ਚੇਹਰੇ ਤੇ ਪੂਰੀ ਮੁਸਕਰਾਹਟ ਅਤੇ ਨਿਮਰਤਾ ਨਾਲ ਝੁਕ ਕੇ ਲੋਕਾਂ ਨੂੰ ਜੀ ਆਇਆ ਆਖਦਾ ਹੈ। **ਮੈਂ ਤੁਹਾਡਾ ਤਾਬੇਦਾਰ ਹਾਂ — ਏ ਵੇਖੋ ਜੀ ਕੀ ਗੱਲਾਂ ਕਰਦੇ ਪਏ ਓ**[5], ਉਸ ਦੀ ਗੱਲ-ਬਾਤ ਦੇ ਆਮ ਹਿੱਸੇ ਹਨ। ਉਹ ਆਪਣੀ ਗੱਲਬਾਤ ਨਾਲ ਕਿਸੇ ਨੂੰ ਵੀ ਨਿਹੱਥਾ ਕਰਨ ਦੇ ਸਮਰੱਥ ਹੈ।[6] ਜਦੋਂ ਤੁਸੀਂ ਉਸਦੇ ਕੋਲ ਜਾਂਦੇ ਹੋ ਉਹ ਤੁਹਾਨੂੰ ਨਿੰਬੂ ਦੇ ਸ਼ਰਬਤ ਦੀ ਬੋਤਲ ਪੇਸ਼ ਕਰਦਾ ਹੈ। ਇਹ ਸ਼ਰਬਤ ਉਸ ਦਾ ਮਨ ਭਾਉਂਦਾ ਪੀਣ ਦਾ ਪਦਾਰਥ ਹੈ, ਜਿਸ ਨੂੰ ਉਹ ਸਹਿਜ ਸੁਭਾਵਕ ਪੇਸ਼ ਕਰਦਾ ਹੈ।

ਉਹ ਸਵੇਰੇ ਜਲਦੀ ਬਾਹਰ ਨਿਕਲਦਾ ਹੈ ਅਤੇ ਰਾਮ ਬਾਗ ਦੇ ਆਲੇ ਦੁਆਲੇ ਘੁੰਮਦਾ ਹੈ। ਉਹ ਅੰਬ ਖਾਣ ਲਈ ਐਤਵਾਰ ਦੀ ਸਵੇਰ ਦੀ ਸੈਰ ਵਾਸਤੇ ਨਹਿਰ ਤੇ ਜਾਂਦਾ ਹੈ ਅਤੇ ਸ਼ਾਮ ਦੀ ਸੈਰ ਲਈ ਉਹ ਠੰਡੀ ਖੂਹੀ ਤੇ ਜਾਂਦਾ ਹੈ, ਜਿਥੇ ਉਹ ਪੂੜੀਆਂ ਖਾਂਦਾ ਹੈ ਅਤੇ ਠੰਡੇ ਪਾਣੀ ਦਾ ਗਿਲਾਸ ਗਟਾਗਟ ਪੀ ਜਾਂਦਾ ਹੈ। ਉਹ ਆਪਣੇ ਭੋਜਨ ਅਤੇ ਹੋਰ ਖਾਣ ਦੀਆਂ ਚੀਜ਼ਾਂ ਦਾ ਸ਼ੌਕ ਨਾਲ ਆਨੰਦ ਮਾਣਦਾ ਹੈ। ਉਸਦੀ ਸਬਜ਼ੀ ਘੀ ਵਿਚ ਤੈਰਦੀ ਹੈ। ਉਹ ਸਨੇਹ ਪੂਰਨ ਹੈ ਅਤੇ ਤੁਹਾਨੂੰ ਲੰਮੇ ਸਮੇਂ ਤੱਕ ਯਾਦ ਰਖਦਾ ਹੈ। ਉਹ ਸਾਰੇ ਔਗੁਣਾਂ ਨਾਲ ਭਰਪੂਰ ਵਿਅਕਤੀ ਹੈ। ਜੇਕਰ ਉਹ ਚਾਹੇ ਤਾਂ ਆਪਣੇ ਖੁੱਲਦਿਲੇ ਸੁਭਾਅ ਨਾਲ ਆਪਣੇ ਬਾਰੇ ਪੂਰੇ ਵਿਸਥਾਰ ਨਾਲ ਦੱਸ ਸਕਦਾ ਹੈ। ਕਈ ਵਾਰ ਸ਼ਾਇਦ ਉਹ ਆਪਣੇ ਹੌਸਲੇ ਦਾ ਪ੍ਰਗਟਾਵਾ ਕਰੇ ਪਰੰਤੂ ਉਹ ਆਪਣੇ ਜੀਵਨ ਨੂੰ ਬਹੁਤ ਪਿਆਰ ਕਰਦਾ ਹੈ ਅਤੇ ਇਸ ਨੂੰ ਮਾਣਦਾ ਹੈ। ਦੂਸਰਿਆਂ ਦਾ ਦਿਲ ਦੁਖਾਉਣ ਤੋਂ ਉਹ ਬੜੀ ਨਿਪੁੰਨਤਾ ਨਾਲ ਬਚਾਅ ਕਰਦਾ ਹੈ।

ਅੰਮ੍ਰਿਤਸਰ ਦੀਆਂ ਗਲੀਆਂ ਵਿਚ ਉਚੇ ਲੰਮੇ ਖੁਲ੍ਹੀਆਂ ਦਾਹੜੀਆਂ ਅਤੇ ਰੰਗ ਬਿਰੰਗੀਆਂ ਪੱਗਾਂ ਵਾਲੇ ਸੁੰਦਰ ਸਿੱਖ ਵੇਖੇ ਜਾ ਸਕਦੇ ਹਨ ਜੋ ਵੱਖ ਵੱਖ ਕੰਮ ਕਰਦੇ ਹਨ ਅਤੇ ਜੋ ਜ਼ਿਆਦਾਤਰ ਗੁਰਦੁਆਰੇ ਦੇ ਆਲੇ ਦੁਆਲੇ ਵਸਦੇ ਹਨ ਜਿਸ ਨੇ ਉਨ੍ਹਾਂ ਦੇ ਪੁਰਖਿਆਂ ਨੂੰ ਉਥੇ ਰਹਿਣ ਲਈ ਆਕਰਸ਼ਿਤ ਕੀਤਾ ਸੀ।

ਲੋਕਾਂ ਦੀਆਂ ਖਾਸੀਅਤਾਂ ਦਾ ਵਰਨਣ ਕਰਨਾ ਆਸਾਨ ਨਹੀਂ ਹੈ, ਪਰੰਤੂ ਇਥੇ ਇਹ ਸੰਭਵ ਹੈ ਕਿ ਅੰਮ੍ਰਿਤਸਰ ਦੇ ਲੋਕਾਂ ਬਾਰੇ ਸਾਧਾਰਨ ਅਨੁਮਾਨ ਲਾਇਆ ਜਾਵੇ ਜੋ ਲਗਭਗ ਸਾਰੇ ਨਿਰੀਖਕਾਂ ਦੁਆਰਾ ਮੰਨਣਯੋਗ ਹੋਵੇਗਾ। ਐਮਿਲੀ ਈਡਨ, ਜਿਸਨੇ ਅੰਮ੍ਰਿਤਸਰ ਬਾਰੇ ਮੌਲਿਕ ਬਿਰਤਾਂਤ ਦਿੱਤਾ ਹੈ। ਉਸਦਾ ਸਭ ਤੋਂ ਪਹਿਲਾਂ ਧਿਆਨ ਲੋਕਾਂ ਦੇ ਸਪਸ਼ਟ ਅਭਿਆਨ ਵੱਲ ਗਿਆ ਜੋ ਉਨ੍ਹਾਂ ਦੇ ਵਿਵਹਾਰ ਵਿਚੋਂ ਸਪਸ਼ਟ ਝਲਕਦਾ ਸੀ ਅਤੇ ਉਸਨੇ ਉਨ੍ਹਾਂ ਨੂੰ ਘੁਮੰਡੀ ਕਿਸਮ [7] ਦੇ ਲੋਕ ਕਿਹਾ। ਦਸੰਬਰ 1838 ਵਿਚ ਉਸਦੇ ਅੰਮ੍ਰਿਤਸਰ ਵਿਚ ਠਹਿਰਨ ਦੌਰਾਨ ਐਮਿਲੀ ਈਡਨ ਨੇ ਲਿਖਿਆ,"ਮੈਂ ਤੁਹਾਡੇ ਅੰਮ੍ਰਿਤਸਰ ਦੇ ਵਿਰੁਧ ਕੁਝ ਨਹੀਂ ਆਖਦੀ। ਜੇਕਰ ਤੁਸੀਂ ਕਲਕੱਤੇ ਆਓ, ਤਾਂ ਮੈਂ ਤੁਹਾਨੂੰ ਸੁੰਦਰ ਚੀਜ਼ਾਂ ਵਿਖਾਵਾਂਗੀ-ਜਾਂਦੇ ਹੋਏ ਸਮੁੰਦਰੀ ਜਹਾਜ਼, ਧੂੰਆਂ ਅਤੇ ਸੋਹਣੇ ਮਕਾਨ।"[8] **ਅੰਮ੍ਰਿਤਸਰ ਆਪਣੀ ਮਹਿਮਾਨ ਨਿਵਾਜ਼ੀ ਵਜੋਂ ਜਾਣਿਆ ਜਾਂਦਾ ਹੈ।** ਗਵਰਨਰ ਜਨਰਲ ਆਕਲੈਂਡ ਦੀ ਪਾਰਟੀ ਦੇ ਮੈਂਬਰ ਜਦੋਂ ਅੰਮ੍ਰਿਤਸਰ ਆਏ ਤਾਂ ਉਨ੍ਹਾਂ ਨੇ ਇਸ ਪਾਸੇ ਧਿਆਨ ਦਿਵਾਇਆ ਸੀ। ਲੋਕਾਂ ਨੇ ਬਗੈਰ ਕਿਸੇ ਆਡੰਬਰ ਤੋਂ ਉਦਾਰਤਾ ਵਿਖਾਈ। ਵਿਦੇਸ਼ੀ ਅਧਿਕਾਰੀਆਂ ਦੇ ਸੁਆਗਤ ਲਈ ਚੰਗੀ ਖਾਤਰਦਾਰੀ ਤੋਂ ਇਲਾਵਾ ਸ਼ਿਸ਼ਟਤਾ ਅਤੇ ਵੱਡੇ ਪੱਧਰ ਤੇ ਉਤਸ਼ਾਹ ਵਿਖਾਇਆ ਗਿਆ। **ਅਕਾਲੀ ਜੋਸ਼ੀਲੇ, ਮਸਤ ਅਤੇ ਬੇਪਰਵਾਹ ਆਦਮੀ**, ਕਿਸੇ ਵੀ ਗੱਲ ਤੇ ਲੜਨ ਲਈ ਤਿਆਰ, ਉਹ ਉਚੀਆਂ ਨੋਕਦਾਰ ਨੀਲੀਆਂ ਪੱਗਾਂ ਬੰਨ੍ਹਦੇ, ਜਿਨ੍ਹਾਂ ਦੇ ਉਪਰ ਪੱਗ ਦੇ ਆਕਾਰ ਨੂੰ ਠੀਕ ਰੱਖਣ ਲਈ ਸਟੀਲ ਦੇ ਚੱਕਰ ਪਾਏ ਹੁੰਦੇ ਹਨ, ਇਹ ਚੱਕਰ ਪੱਗ ਦੇ ਉਪਰ ਤੱਕ ਪਹੁੰਚਦੇ ਹੋਏ ਖਤਮ ਹੁੰਦੇ ਜਾਂਦੇ ਹਨ। ਉਨ੍ਹਾਂ ਦੇ ਫੌਜੀ ਕਰਤੱਵਾਂ ਅਤੇ ਉਪਕਾਰਾਂ ਤੋਂ ਇਲਾਵਾ, ਉਹ ਅੰਮ੍ਰਿਤਸਰ ਦੇ ਹਥਿਆਰਬੰਦ ਰੱਖਿਅਕਾਂ ਵਜੋਂ ਕੰਮ ਕਰਦੇ, ਉਹ ਆਪਣੇ ਧਾਰਮਿਕ ਕਰਤੱਵਾਂ ਨੂੰ ਪੂਰੇ ਧਿਆਨ ਅਤੇ ਸਾਵਧਾਨੀ ਨਾਲ ਨਿਭਾਉਂਦੇ ਅਤੇ ਉਨ੍ਹਾਂ ਨੇ ਕਾਫੀ ਲੰਮੇ ਸਮੇਂ ਤੱਕ ਨਿੱਜੀ ਸਦਾਚਾਰ ਦੇ ਨਿਰੀਖਕਾਂ ਵਜੋਂ ਕੰਮ ਕੀਤਾ।

ਅੰਮ੍ਰਿਤਸਰ ਦੇ ਲੋਕ ਖੇਡਾਂ ਦੇ ਸ਼ੌਕੀਨ ਹਨ ਅਤੇ ਉਹ ਮਿਲਾਪੜੇ ਅਤੇ ਆਪਣੇ ਘਰੇਲੂ ਜੀਵਨ ਵਿਚ ਇਮਾਨਦਾਰ ਹਨ। ਉਹ ਦਿੱਲੀ, ਕਲਕੱਤਾ ਅਤੇ ਬੰਬਈ ਵਿਚ ਰਹਿਣ ਵਾਲੇ ਲੋਕਾਂ ਜਿਤਨੇ ਸੁਧਾਰਵਾਦੀ ਅਤੇ ਅਗਾਂਹਵਧੂ ਨਹੀਂ ਹਨ, ਉਹ ਜ਼ਿਆਦਾਤਰ ਆਪਣੇ ਪੁਰਖਿਆਂ ਦੀਆਂ ਰਵਾਇਤਾਂ ਨੂੰ ਤਿਆਗਣ ਤੋਂ ਝਿਜਕਦੇ ਹਨ, ਜਿਨ੍ਹਾਂ ਦੀ ਉਹ ਸਹਿਜ ਸੁਭਾਵਕ ਪਾਲਣਾ ਅਤੇ ਸਨਮਾਨ ਕਰਦੇ ਹਨ। ਪਰੰਤੂ ਉਹ ਆਪਣੇ ਜੀਵਨ ਢੰਗ ਵਿਚ ਤਬਦੀਲੀਆਂ ਦੇ ਵਿਰੁੱਧ ਨਹੀਂ ਹਨ, ਬਸ਼ਰਤੇ ਕਿ ਇਹ ਉਨ੍ਹਾਂ ਲਈ ਲਾਹੇਵੰਦ ਹੋਣ। 1904 ਵਿਚ ਜਦੋਂ ਵਾਟਰ ਵਰਕਸ ਪਹਿਲੀ ਵਾਰ ਸਥਾਪਤ ਕੀਤਾ ਗਿਆ ਤਾਂ ਨਗਰ ਪਾਲਿਕਾ ਨੂੰ ਘਰੇਲੂ ਕੁਨੈਕਸ਼ਨਾਂ ਲਈ ਕਿਸੇ ਵੱਡੀ ਮੰਗ ਦਾ ਸਾਹਮਣਾ ਨਹੀਂ ਕਰਨਾ ਪਿਆ, ਕਿਉਂਕਿ ਕੁਝ ਧਾਰਮਿਕ ਇਤਰਾਜ਼ਾਂ ਕਾਰਨ ਲੋਕਾਂ ਦੀ ਭਾਵਨਾ ਇਸ ਸੋਮੇ ਤੋਂ ਪ੍ਰਾਪਤ ਹੋਏ ਪਾਣੀ ਨੂੰ ਵਰਤਣ ਦੇ ਵਿਰੁਧ ਸੀ। ਪਰੰਤੂ ਬਾਅਦ ਦੇ ਸਾਲਾਂ ਵਿਚ ਲੋਕਾਂ ਨੇ ਇਸ ਵਹਿਮ ਤੇ ਕਾਬੂ ਪਾ ਲਿਆ ਅਤੇ ਆਧੁਨਿਕ ਸਮੇਂ ਵਿਚ ਲੋਕਾਂ ਦੀ ਮੰਗ ਵਿਭਾਗ ਦੇ ਅਧਿਕਾਰ ਹੇਠਲੀ ਪੂਰਤੀ ਨਾਲੋਂ ਕਿਤੇ ਅੱਗੇ ਲੰਘ ਗਈ। ਆਮ ਤੌਰ ਤੇ ਜੇਕਰ ਕੋਈ ਉਨ੍ਹਾਂ ਦਾ ਵਿਰੋਧ ਕਰਦਾ ਹੈ ਤਾਂ ਉਨ੍ਹਾਂ ਨੂੰ ਬੜੀ ਆਸਾਨੀ ਨਾਲ ਉਤੇਜਿਤ ਅਤੇ ਅਚਾਨਕ ਗੁੱਸੇ ਵਿਚ ਭੜਕਾਇਆ ਜਾ ਸਕਦਾ ਹੈ, ਪਰੰਤੂ ਜਦੋਂ ਉਹ ਸ਼ਾਂਤ ਹੋਣ ਅਤੇ ਉਨ੍ਹਾਂ ਨੂੰ ਆਪਣੇ ਜੀਵਨ ਢੰਗ ਅਤੇ ਸੋਚ ਦੇ ਅਨੁਕੂਲ ਜਾਵੇ ਤਾਂ ਉਨ੍ਹਾਂ ਵਰਗਾ ਦਿਆਲੂ ਅਤੇ ਮਦਦਗਾਰ ਕੋਈ ਹੋਰ ਲੱਭਣਾ ਮੁਸ਼ਕਿਲ ਹੈ। ਮੌਲਿਕ ਤੌਰ ਤੇ ਉਹ ਲੋਕ ਗਹਿਰੇ ਅਹਿਸਾਸ ਵਾਲੇ, ਭਾਵੁਕ, ਸ਼ੇਖੀ-ਖੋਰੇ, ਬਹਾਦਰ, ਉਦਮੀ ਅਤੇ ਅਸਲੀ ਮਤਲਬ ਵਿਚ ਗਲਤੀ ਨਾ ਕਰਨ ਵਾਲੇ ਹਨ। ਲੋਕ ਸੂਖਮ ਮਹਿਮਾਨ ਨਿਵਾਜ਼ ਹਨ, ਪਰੰਤੂ ਮਨੋਵੇਗੀ ਗੈਰ ਸੁਆਰਥੀ ਨਹੀਂ ਹਨ, ਉਹ ਵਫਾਦਾਰ ਹਨ, ਪਰੰਤੂ ਚਾਪਲੂਸ ਨਹੀਂ, ਉਦਮੀ ਹਨ ਪਰੰਤੂ ਕਲਪਨਾਵਾਂ ਵਿਚ ਡੁੱਬਣ ਵਾਲੇ ਨਹੀਂ ਹਨ। ਅਮੀਰੀ ਕਾਰਨ ਉਨ੍ਹਾਂ ਵਿਚ ਜੇ ਕੋਈ ਦੋਸ਼ ਪੈਦਾ ਹੋਏ ਹਨ, ਉਨ੍ਹਾਂ ਦੀ ਪ੍ਰਾਹੁਣਚਾਰੀ ਅਤੇ ਮਿਲਾਪੜੇ ਸੁਭਾਅ ਕਾਰਨ ਉਹ ਕਦੇ ਵੀ ਅਸਫਲ ਨਹੀਂ ਹੁੰਦੇ। ਉਨ੍ਹਾਂ ਦਾ ਜੀਵਨ ਅੰਦਰੂਨੀ ਨਿਰਬਲਤਾ ਅਤੇ ਆਲਸ ਭਰਪੂਰ ਨਹੀਂ ਹੈ। ਸਰਪ੍ਰਸਤੀ ਦੇ ਸੰਕੇਤ ਵਜੋਂ ਕੁਝ ਟ੍ਰਸਟ ਕਾਇਮ ਕੀਤੇ ਗਏ ਹਨ, ਇਨ੍ਹਾਂ ਵਿਚ ਇਕ ਤੱਤ ਪਿਆਰ ਵੀ ਸ਼ਕਤੀ ਅਤੇ ਆਤਮ ਪ੍ਰਦਰਸ਼ਨ ਦਾ ਹੈ, ਜਿਵੇਂ ਕਿ ਦਾਨੀ ਦੀ ਯਾਦਗਾਰ ਬਣਾਉਣ ਦੇ ਵਿਵਹਾਰ ਤੋਂ ਸਪਸ਼ਟ ਹੋ ਜਾਂਦਾ ਹੈ। ਹਠੀਲਾਪਣ ਅੰਮ੍ਰਿਤਸਰ ਦੇ ਵਸਨੀਕਾਂ ਦੀਆਂ ਵਿਸ਼ੇਸ਼ਤਾਵਾਂ ਵਿਚੋਂ ਇਕ ਹੈ। ਇਸ ਦਾ ਨਾ ਝੁਕਣ ਅਤੇ ਸਹਿਣਸ਼ੀਲ ਸੁਭਾਅ ਨੇ ਗੰਭੀਰ ਮੁਸ਼ਕਿਲਾਂ ਉਪਰ ਕਾਬੂ ਪਾਉਣ ਵਿਚ ਉਸ ਦੀ ਮਦਦ ਕੀਤੀ ਹੈ। ਉਹ ਹਰੇਕ ਦਿਤੇ ਗਏ ਸੁਝਾਅ ਨੂੰ ਧਿਆਨ ਨਾਲ ਸੁਣਦਾ ਹੈ ਅਤੇ ਕਹੀ ਗਈ ਲੱਗਭਗ ਹਰੇਕ ਗੱਲ ਨੂੰ ਆਪਣੇ ਦਿਲ ਵਿਚ ਵਸਾ ਲੈਂਦਾ ਹੈ। ਉਹ ਨਿਮਰਤਾ ਪੂਰਵਕ ਸਹਿਮਤ ਹੋ ਜਾਂਦਾ ਹੈ ਅਤੇ ਫਿਰ ਆਪਣੇ ਮਨ ਭਾਉਂਦੇ ਰਸਤੇ ਤੇ ਚਲਦਾ ਹੈ। ਉਹ ਉਸ ਕੰਮ ਨੂੰ ਉਸੇ ਪੁਰਾਣੇ ਢੰਗ ਨਾਲ ਕਰਨ ਲਈ ਹੋਰ ਦ੍ਰਿੜ ਹੋ ਜਾਂਦਾ ਹੈ। ਉਹ ਚੀਜ਼ਾਂ ਦੀਆਂ ਕੀਮਤਾਂ ਬਾਰੇ ਬਹਿਸ ਕਰਨਾ ਪਸੰਦ ਕਰਦਾ ਹੈ ਅਤੇ ਉਹ ਮੀਲਾਂ ਤੱਕ ਪੈਦਲ ਚੱਲ ਕੇ ਨਿਲਾਮੀ ਵਾਲੀ ਥਾਂ ਤੇ ਪਹੁੰਚ ਜਾਵੇਗਾ। ਇਹ ਨਹੀਂ ਕਿ ਉਹ ਆਪਣਾ ਧਨ ਮੂਰਖਤਾ ਨਾਲ ਖਰਚ ਕਰਦਾ ਹੈ। ਇਹ ਇਸ ਤੋਂ ਕੋਹਾਂ ਦੂਰ ਹੈ। ਪਰੰਤੂ ਉਸ ਵਿਚ ਚੀਜ਼ਾਂ ਦੇ ਵੱਟੇ ਸੱਟੇ ਦੀ ਭਾਵਨਾ ਦਾ ਸੰਕਲਪ ਮੌਜੂਦ ਹੈ ਅਤੇ ਉਹ ਹੁਣ ਵੀ ਆਪਣੇ ਧਨ ਨੂੰ ਘਰ ਵਿਚ ਛੁਪਾ ਕੇ ਰੱਖਦਾ ਹੈ। ਘਬਰਾਹਟ,

ਤੀਬਰਤਾ, ਪ੍ਰਸਪਰ ਵਿਰੋਧਤਾ, ਸਖਤ ਮਿਹਨਤ, ਅਨੈਤਿਕ ਸਰਲਤਾ, ਸੁਭਾਵਕ ਸੁਸ਼ੀਲਤਾ ਜੋ ਉਸ ਨੂੰ ਉਲਝਣਾਂ ਵਿਚ ਪਾਉਂਦੀ ਹੈ, ਯਾਦਾਸ਼ਤ, ਦ੍ਰਿੜਤਾ, ਉਭਰਨ ਦੀ ਸ਼ਕਤੀ, ਹੌਂਸਲਾ, ਅਭਾਵੁਕਤਾ, ਪ੍ਰਯੋਗਿਕ ਯੋਗਤਾ, ਸਿਰਫ ਗੰਵਾਰੂਪਣ ਲਈ ਮਜ਼ਾ ਲੈਣਾ ਅਤੇ ਸਿਆਣਪ ਆਦਿ ਸਭ ਕੁਝ ਉਸ ਵਿਚ ਵੇਖੇ ਜਾ ਸਕਦੇ ਹਨ। ਸ਼ਹਿਰ ਵੱਡੀ ਗਿਣਤੀ ਵਿਚ ਤੰਗ ਗਲੀਆਂ ਨਾਲ ਭਰਿਆ ਪਿਆ ਹੈ। ਜ਼ਿਆਦਾਤਰ ਪੁਰਾਣੀਆਂ ਗਲੀਆਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ ਅਤੇ ਉਹ ਇਤਨੀਆਂ ਤੰਗ ਹਨ ਕਿ ਉਨ੍ਹਾਂ ਵਿਚੋਂ ਦੋ ਗੱਡੀਆਂ ਆਪਸ ਵਿਚ ਆਸਾਨੀ ਨਾਲ ਲੰਘ ਨਹੀਂ ਸਕਦੀਆਂ। ਸੋਲਟੀਕੋਫ, ਜੋ 3 ਮਾਰਚ 1842 ਨੂੰ ਅੰਮ੍ਰਿਤਸਰ ਆਇਆ, ਉਸਨੇ ਵੇਖਿਆ ਕਿ ਗਲੀਆਂ ਇਤਨੀਆਂ ਤੰਗ ਹਨ ਕਿ ਹਾਥੀ ਆਪਣੇ ਉਪਰ ਰੱਖੇ ਹੋਏ ਸਾਜ ਸਮਾਨ ਨਾਲ ਇਨ੍ਹਾਂ ਗਲੀਆਂ ਵਿਚੋਂ ਆਲੇ ਦੁਆਲੇ ਦੀਆਂ ਕੰਧਾਂ ਅਤੇ ਇਨ੍ਹਾਂ ਦੇ ਉਪਰ ਬਣੇ ਛੋਟੇ ਛੋਟੇ ਛੱਜਿਆਂ ਦੇ ਨਾਲ ਖਹਿਣ ਤੋਂ ਬਿਨਾਂ ਨਹੀਂ ਲੰਘ ਸਕਦਾ[9]। ਹੁਣ ਤੱਕ ਵੀ ਇਨ੍ਹਾਂ ਗਲੀਆਂ ਰਾਹੀਂ ਚੀਜ਼ਾਂ ਕੁਲੀਆਂ ਦੁਆਰਾ ਚੱਕ ਕੇ ਲਿਜਾਈਆਂ ਜਾਂਦੀਆਂ ਹਨ। ਸ਼ਹਿਰ ਦੇ ਬਹੁਤ ਸਾਰੇ ਭਾਗਾਂ ਵਿਚ ਉਚੀਆਂ ਉਚੀਆਂ ਇਮਾਰਤਾਂ ਉਸਰ ਗਈਆਂ ਹਨ ਅਤੇ ਇਥੇ ਕੁਦਰਤ ਦੀ ਦਾਤ ਹਵਾ ਅਤੇ ਰੋਸ਼ਨੀ ਬੰਦ ਹੋ ਗਈ ਹੈ। ਸ਼ਹਿਰ ਦੀ ਬਾਹਰਲੀ ਦੀਵਾਰ ਅਤੇ ਦਰਵਾਜ਼ਿਆਂ ਨਾਲ ਘਿਰੀਆਂ ਭੀੜੀਆਂ ਗਲੀਆਂ, ਉਚੇ ਮਕਾਨਾਂ ਅਤੇ ਪ੍ਰਤੀ ਵਰਗ ਮੀਲ ਵਿਚ ਸੰਘਣੀ ਵਸੋਂ ਨੇ ਮਿਲ ਕੇ ਸ਼ਹਿਰ ਨੂੰ ਪੁਖਤਾ ਬੁਣਾ ਦਿੱਤਾ ਹੈ। ਹੁਣ ਵੀ 2011 ਦੀ ਜਨਗਣਨਾ ਅਨੁਸਾਰ ਅੰਮ੍ਰਿਤਸਰ ਦੀ ਆਬਾਦੀ ਪ੍ਰਤੀ ਮੀਲ 932 ਹੈ, ਜਦੋਂ ਕਿ ਪੰਜਾਬ ਦੀ 532 ਹੈ। ਜ਼ਿਆਦਾਤਰ ਲੋਕ ਸ਼ਹਿਰ ਦੇ ਦੀਵਾਰ ਅੰਦਰਲੇ ਭਾਗ ਵਿਚ ਰਹਿੰਦੇ ਹਨ, ਲੋਕਾਂ ਦੇ ਨੇੜੇ ਨੇੜੇ ਰਹਿਣ ਅਤੇ ਆਪਸੀ ਮੇਲਜੋਲ ਨਾਲ ਉਨ੍ਹਾਂ ਵਿਚ ਖੁਲ੍ਹ-ਦਿਲੀ ਅਤੇ ਅਪਣੱਤ ਪੈਦਾ ਹੋਈ ਅਤੇ ਉਹ ਭੀੜ ਭਰੀਆਂ ਗਲੀਆਂ ਵਿਚੋਂ ਲੰਘਦਿਆਂ ਮੁਸਕਰਾਉਣ ਜਾਂ ਨਿਮਰ ਪ੍ਰਣਾਮ ਕੀਤੇ ਬਿਨਾਂ ਨਹੀਂ ਲੰਘਦੇ। ਸੀਮਤ ਜਗ੍ਹਾ ਵਿਚ ਇਕੱਤਰ ਹੋਈਆਂ ਸਭਾਵਾਂ ਦੇ ਵਿਸ਼ੇਸ਼ ਮੈਂਬਰਾਂ ਵਿਚ ਤੀਬਰ ਦੇਸ਼ਭਗਤੀ ਦੀ ਭਾਵਨਾ ਅੰਮ੍ਰਿਤਸਰ ਦੀਆਂ ਤੰਗ ਅਤੇ ਜਟਿਲ ਗਲੀਆਂ ਵਿਚ ਮਜ਼ਬੂਤੀ ਨਾਲ ਉਤਪੰਨ ਹੋਈ।

ਸ਼ਹਿਰ ਦੇ ਕੁਝ ਖਾਸ ਭਾਗਾਂ ਵਿਚ ਹੁਣ ਵੀ ਜਦੋਂ ਰਾਤ ਪੈਂਦੀ ਹੈ ਤਾਂ ਤੁਰਨ ਫਿਰਨ ਵਿਚ ਮੁਸ਼ਕਿਲਾਂ ਅਤੇ ਖਤਰਾ ਵਧ ਜਾਂਦਾ ਹੈ। ਬਾਰੀਆਂ ਖੋਲ ਲਈਆਂ ਜਾਂਦੀਆਂ ਹਨ ਅਤੇ ਹੇਠਾਂ ਲੰਘਣ ਵਾਲਿਆਂ ਦੇ ਰਤਾ ਕੁ ਖਿਆਲ ਨਾਲ ਬਾਲਟੀਆਂ ਖਾਲੀ ਕਰ ਦਿੱਤੀਆਂ ਜਾਂਦੀਆਂ ਹਨ। ਸ਼ਹਿਰ ਦੇ ਦਿਲ ਵਿਚ ਗਲੀਆਂ ਜ਼ਿੰਦਗੀ ਨਾਲ ਗੂੰਜ ਰਹੀਆਂ ਹਨ। ਵਿਅਕਤੀ ਖੁਸ਼ਹਾਲੀ ਨੂੰ ਵੇਖ ਕੇ ਹੈਰਾਨ ਰਹਿ ਜਾਂਦਾ ਹੈ। ਗਾਹਕਾਂ ਨੂੰ ਖਿੱਚਣ ਲਈ ਦੁਕਾਨਾਂ ਵਿਚ ਤੇਜ਼ ਰੋਸ਼ਨੀ ਕੀਤੀ ਜਾਂਦੀ ਹੈ ਅਤੇ ਚੀਜ਼ਾਂ ਨੂੰ ਹੁਨਰ ਨਾਲ ਤਰਤੀਬ ਦਿੱਤੀ ਜਾਂਦੀ ਹੈ। ਇਥੋਂ ਤੱਕ ਕਿ ਛੋਟੀਆਂ ਦੁਕਾਨਾਂ ਦੀਆਂ ਚੀਜ਼ਾਂ ਖਰੀਦਣ ਲਈ ਲਾਲਸਾ ਪੈਦਾ ਕਰ ਦਿੰਦੀਆਂ ਹਨ। ਸੱਚ ਮੁੱਚ ਗਾਹਕਾਂ ਦੀਆਂ ਅੱਖਾਂ ਚੁੰਧਿਆ ਦਿੰਦੇ ਹਨ। ਗੁਰੂ ਬਾਜ਼ਾਰ ਅਤੇ ਕਰਮੋ ਡਿਊਢੀ ਵਿਚ ਕਾਰੋਬਾਰ ਬਹੁਤ ਤੇਜ਼ੀ ਨਾਲ ਚਲਦਾ ਹੈ। ਪਹਿਲਾਂ ਵੀ ਅਤੇ ਹੁਣ ਵੀ ਜੋ ਕੋਈ ਹਲਵਾਈ ਦੀ ਦੁਕਾਨ ਤੇ ਆਣ ਵਾਲੇ ਨੂੰ ਉਹ ਇਕ ਲੰਮੇ ਗਲਾਸ ਵਿਚ ਦੋ ਇੰਚ ਮਲਾਈ ਪਾ ਕੇ ਦਿੰਦਾ ਹੈ। ਗੱਲਾਂ ਨਾਲ ਜਬਾੜ੍ਹੇ ਵਾਂਗ ਭੀੜੀਆਂ ਗਲੀਆਂ, ਉਚੇ ਮਕਾਨ, ਆਪਸ ਵਿਚ ਧੱਕੇ ਮਾਰਦੀ ਲੋਕਾਂ ਦੀ ਭੀੜ, ਛੋਟੀਆਂ ਗੱਡੀਆਂ ਵਿਚ ਗੱਡੀ ਦੇ ਚਾਲਕ ਨਾਲ ਗੱਲਾਂ

ਕਰਦੇ ਹੋਏ ਤੇਜ਼ੀ ਨਾਲ ਅਤੇ ਰੌਲਾ ਪਾਉਂਦੇ ਹੋਏ ਲੰਘ ਰਹੇ ਮਜ਼ਦੂਰ, ਆਲੇ ਦੁਆਲੇ ਖੜੇ ਲੋਕ ਅਤੇ ਆਵਾਜਾਈ ਵਿਚ ਰੁਕਾਵਟ ਆਦਿ ਦੇ ਨਜ਼ਾਰੇ ਆਮ ਵੇਖਣ ਵਿਚ ਆਉਂਦੇ ਹਨ। ਇਸ ਵਧ ਰਹੀ ਭੀੜ ਦਾ ਇਕ ਹੱਲ ਸ਼ਹਿਰ ਦਾ ਵਿਸਥਾਰ ਕਰਨਾ ਹੈ, ਜੋ ਠੀਕ ਤਰ੍ਹਾਂ ਹੋ ਰਿਹਾ ਹੈ। **ਅਮੀਰ ਲੋਕ ਭੀ ਸੋਚਦੇ ਹਨ ਕਿ ਉਨ੍ਹਾਂ ਦੀ ਰਿਹਾਇਸ਼ ਲਈ ਤੰਗ ਗਲੀਆਂ ਮੁਨਾਸਬ ਨਹੀਂ ਸਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਅਜਿਹੀਆਂ ਥਾਵਾਂ ਤੇ ਜਾ ਕੇ ਰਹਿਣ ਦਾ ਫੈਸਲਾ ਕੀਤਾ ਜਿਥੇ ਉਨ੍ਹਾਂ ਨੂੰ ਪਹਿਲਾਂ ਬੱਘੀ ਅਤੇ ਫਿਰ ਕਾਰ ਦਾ ਸੁਖ ਸਾਧਨ ਮਿਲ ਸਕੇ।**

## ਮਕਾਨ

ਸ਼ਹਿਰ ਦੇ ਵਿਚਕਾਰ ਪਹਿਲਾਂ ਪਹਿਲ ਬਣੇ ਹੋਏ ਮਕਾਨਾਂ ਦੀ ਬਣਤਰ ਤੋਂ ਪਤਾ ਲੱਗਦਾ ਹੈ ਕਿ ਬਾਹਰੀ ਹਮਲਿਆਂ, ਰਾਜਨੀਤਿਕ ਵਿਵਾਦਾਂ, ਸਥਾਨਕ ਵਸਨੀਕਾਂ ਵਲੋਂ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਅਤੇ ਅਮੀਰੀ ਵਿਚ ਤੇਜ਼ੀ ਨਾਲ ਹੋਏ ਵਿਕਾਸ ਨੇ ਭਵਨ ਨਿਰਮਾਣ ਕਲਾ ਦੇ ਢੰਗ ਵਿਚ ਕਿੰਨੀ ਤਬਦੀਲੀ ਲਿਆਂਦੀ ਹੈ। ਵਾਲਟਰ ਹੈਮਿਲਟਨ ਨੇ ਵੇਖਿਆ ਕਿ ਗਲੀਆਂ ਤੰਗ ਹਨ, ਮਕਾਨ ਉਚੇ ਅਤੇ ਪੱਕੀਆਂ ਇੱਟਾਂ ਦੇ ਬਣੇ ਹੋਏ ਸਨ।[10] ਆਮ ਤੌਰ ਤੇ ਮਕਾਨ ਅੱਛੇ ਸਨ, ਪਰੰਤੂ ਕਮਰੇ ਛੋਟੇ ਸਨ।[11] ਕੈਪਟਨ ਵਾਡੇ ਅਨੁਸਾਰ ਅੰਮ੍ਰਿਤਸਰ ਦੀਆਂ ਗਲੀਆਂ ਅਕਾਰ ਅਤੇ ਨਮੂਨੇ ਪੱਖੋਂ ਲਾਹੌਰ ਦੀਆਂ ਗਲੀਆਂ ਵਰਗੀਆਂ ਸਨ, ਪਰੰਤੂ ਮਕਾਨਾਂ ਦੀ ਉਸਾਰੀ ਦਾ ਢੰਗ ਵਧੀਆ ਨਮੂਨੇ ਦਾ ਨਹੀਂ ਸੀ।[12]

ਪੁਰਾਤਨ ਢੰਗ ਨਾਲ ਬਣੇ ਹੋਏ ਘਰ ਸਵਰਨ ਮੰਦਰ ਦੇ ਆਲੇ ਦੁਆਲੇ ਸਥਿਤ ਹਨ ਜਿਥੇ ਨਿੱਕੀਆਂ ਇੱਟਾਂ (ਲਾਹੌਰੀ ਇੱਟਾਂ) ਵਰਤੀਆਂ ਹੋਈਆਂ ਹਨ। ਘਰ ਬੇਤਰਤੀਬੇ ਸਨ, **ਅਤੇ ਉਨ੍ਹਾਂ ਵਿਚ ਤੰਗ ਗਲੀਆਂ ਸੁਰੱਖਿਆਂ ਦੇ ਉਦੇਸ਼ ਨਾਲ ਬਣਾਈਆਂ ਗਈਆਂ ਸਨ। ਅਜੇ ਵੀ ਗਲੀਆਂ ਦੇ ਮੁੱਖ ਦਰਵਾਜ਼ੇ ਲੱਗੇ ਹੋਏ ਹਨ, ਜਿਨ੍ਹਾਂ ਨੂੰ ਸਾਰੇ ਇਲਾਕੇ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਰਾਤ ਵੇਲੇ ਬੰਦ ਕਰ ਦਿੱਤਾ ਜਾਂਦਾ ਹੈ। 1947 ਦੀ ਗੜਬੜ ਦੌਰਾਨ ਵੱਖੋ ਵੱਖਰੇ ਇਲਾਕਿਆਂ ਵਿਚ ਦਰਵਾਜ਼ੇ ਬੰਦ ਕਰ ਦਿਤਾ ਜਾਂਦੇ ਸਨ** ਅਤੇ ਸ਼ਾਂਤੀ ਬਣਾਈ ਰੱਖਣ ਲਈ ਚੌਕੀਦਾਰ ਬਿਨਾਂ ਕਿਸੇ ਵੈਰ ਭਾਵ ਦੇ ਰਾਤ ਸਮੇਂ ਪਹਿਰਾ ਦਿੰਦੇ ਸਨ। ਸ਼ਹਿਰ ਦੇ ਅੰਦਰੂਨੀ ਭਾਗਾਂ ਵਿਚ ਹੁਣ ਵੀ ਪੁਰਾਣੇ ਢੰਗ ਦੇ ਮਕਾਨ ਹਨ ਜੋ ਇੱਟਾਂ ਦੇ ਬਣੇ ਹੋਏ ਹਨ ਅਤੇ ਉਨ੍ਹਾਂ ਵਿਚਕਾਰ ਤੰਗ ਗਲੀਆਂ ਹਨ। ਸ਼ਹਿਰ ਦੇ ਜ਼ਿਆਦਾਤਰ ਮਕਾਨ ਦੋ ਮੰਜ਼ਿਲੇ ਹਨ, ਪਰੰਤੂ ਜਿਥੇ ਹਵਾ ਦੀ ਆਵਾਜਾਈ ਤਸੱਲੀਬਖਸ਼ ਨਹੀਂ ਹੈ, ਉਥੇ ਬਹੁਤ ਤਿੰਨ, ਚਾਰ ਜਾਂ ਪੰਜ ਮੰਜ਼ਿਲੀਆਂ ਇਮਾਰਤਾਂ ਵੀ ਹਨ। ਇਨ੍ਹਾਂ ਮਕਾਨਾਂ ਦੀਆਂ ਛੱਤਾਂ ਨੀਵੀਆਂ ਹਨ ਅਤੇ ਕਈ ਵਾਰ ਇਕ ਕਮਰੇ ਵਿਚੋਂ ਦੂਸਰੇ ਕਮਰੇ ਵਿਚ ਜਾਣ ਲਈ ਵਿਅਕਤੀ ਨੂੰ ਝੁਕਣਾ ਪੈਂਦਾ ਹੈ। ਬਹੁਤ ਸਾਰੇ ਘਰਾਂ ਵਿਚ ਹੇਠਲੀ ਮੰਜ਼ਿਲ ਵਿਚ ਦੁਕਾਨਾਂ ਹਨ। ਉਨ੍ਹਾਂ ਵਿਚ ਬਹੁਤ ਸਾਰੀਆਂ ਲੱਕੜੀ ਦੇ ਕੰਮ ਨਾਲ ਸਜਾਈਆਂ ਹੋਈਆਂ ਹਨ। ਲਗਭਗ 19ਵੀਂ ਸਦੀ ਦੇ ਅੱਧ ਵਿਚ ਆਪਣੇ ਰਸਾਲੇ ਵਿਚ ਜੇਮਜ਼ ਕੋਲੇ ਨੇ ਲਿਖਿਆ ਕਿ ਜ਼ਿਆਦਾਤਰ ਮਕਾਨਾਂ ਵਿਚ ਆਦਮੀ, ਔਰਤਾਂ, ਪਸ਼ੂਆਂ ਅਤੇ ਜਾਨਵਰਾਂ ਦੀ ਚਿੱਤਰਕਾਰੀ ਕੀਤੀ ਹੋਈ ਸੀ, ਜਿਨ੍ਹਾਂ ਵਿਚ ਵਧੇਰੇ ਮੋਰ ਹੁੰਦੇ ਸਨ।[13] ਚੰਗੇ ਪਰਿਵਾਰਾਂ ਦੇ ਘਰਾਂ ਵਿਚ ਮਹਿਮਾਨਾਂ, ਖਾਸ ਕਰਕੇ ਮਰਦਾਂ ਦਾ ਸੁਆਗਤ ਕਰਨ ਲਈ ਬੈਠਕ (ਬਾਹਰਲਾ ਕਮਰਾ) ਹੁੰਦੀ ਹੈ, ਜਦੋਂ ਕਿ ਔਰਤਾਂ ਨੂੰ ਘਰ ਦੇ ਅੰਦਰੂਨੀ

ਕਮਰਿਆਂ ਵਿਚ 'ਜੀ ਆਇਆ' ਕਿਹਾ ਜਾਂਦਾ ਹੈ। ਹੋਰਨਾਂ ਵਿਚ ਤਹਿਖਾਨਾਂ ਜਾਂ ਮੁਗਲਾਂ ਦੇ ਮਹਿਲ ਦੇ ਨਮੂਨੇ ਤੇ ਬਣਿਆ ਧਰਤੀ ਹੇਠ ਇਕ ਕਮਰਾ ਹੁੰਦਾ ਹੈ। ਘਰ ਲੰਮੀਆਂ ਕਤਾਰਾਂ ਵਿਚ ਹਨ। ਪਹਿਲਾਂ ਬਣੇ ਹੋਏ ਮਕਾਨ ਅਵਿਵਸਥਿਤ ਢੰਗ ਨਾਲ ਬਣੇ ਹੋਏ ਸਨ, ਪਰੰਤੂ ਹੁਣ ਨਗਰ ਪਾਲਿਕਾ ਦੀ ਨੀਤੀ ਕਾਰਨ ਯੋਜਨਾ ਬੱਧ ਵਿਉਂਤ ਅਨੁਸਾਰ ਉਸਾਰੇ ਗਏ ਹਨ, ਜਿਨ੍ਹਾਂ ਵਿਚ ਲੋੜੀਂਦੀ ਰੋਸ਼ਨੀ ਅਤੇ ਹਵਾ ਦਾ ਪ੍ਰਬੰਧ ਕੀਤਾ ਗਿਆ ਹੈ। ਸਿਵਲ ਲਾਈਨਾਂ ਵਿਚ ਵਿਸ਼ੇਸ਼ ਤੌਰ ਤੇ ਕਚਹਿਰੀ ਰੋਡ, ਲਾਰੰਸ ਰੋਡ ਤੇ ਮਕਾਨ ਵੱਖੋ ਵੱਖ ਬੰਗਲੇ ਹਨ, ਜਿਨ੍ਹਾਂ ਨੂੰ ਕੋਠੀਆਂ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਵਿਚ ਜ਼ਿਆਦਾਤਰ ਵਪਾਰੀ ਲੋਕ ਰਹਿੰਦੇ ਹਨ। ਰਣਜੀਤ ਅਵੈਨਿਊ ਵਿਖੇ ਬੜੇ ਸੁੰਦਰ ਫਲੈਟ ਬਣਾਏ ਗਏ ਹਨ, ਜਿਥੇ ਅਮੀਰ ਅਤੇ ਪੜ੍ਹੇ ਲਿਖੇ ਲੋਕ ਜ਼ਿਆਦਾ ਹਨ। ਉਹ ਇੱਟਾਂ ਅਤੇ ਸੀਮਿੰਟ ਦ ਬਣੇ ਹੋਏ ਹਨ। ਅਤੇ ਛੱਤਾਂ ਕੰਕਰੀਟ ਦੀਆਂ ਮਜ਼ਬੂਤ ਸਿਲਾਂ ਦੀਆਂ ਬਣੀਆਂ ਹੋਈਆਂ ਹਨ। ਆਮ ਤੌਰ ਤੇ ਘਰ ਦੇ ਬਾਹਰ ਇੱਕ ਮੈਦਾਨ ਅਤੇ ਇਕ ਵਰਾਂਡਾ ਹੁੰਦਾ ਹੈ। ਕੁਝ ਇਮਾਰਤਾਂ, ਜਿਵੇਂ ਆਮਦਨ ਟੈਕਸ ਦੇ ਅਫਸਰਾਂ ਦੀਆਂ ਇਮਾਰਤਾਂ ਆਧੁਨਿਕ ਭਵਨ ਨਿਰਮਾਣ ਕਲਾ ਦੀਆਂ ਉਦਾਹਰਨਾਂ ਹਨ।

**ਭੋਜਨ**

ਕਣਕ ਇਥੋਂ ਦੇ ਵਸਨੀਕਾਂ ਦਾ ਖਾਸ ਭੋਜਨ ਹੈ, ਜਿਸ ਨੂੰ ਸਾਲ ਵਿਚ ਵਧੇਰੇ ਵਰਤਦੇ ਹਨ। ਜ਼ਿਆਦਾਤਰ ਲੋਕਾਂ ਦੇ ਭੋਜਨ ਵਿਚ ਮੁੱਖ ਤੌਰ ਤੇ ਛੋਲੇ ਅਤੇ ਸਬਜ਼ੀਆਂ ਸ਼ਾਮਲ ਹੁੰਦੇ ਹਨ, ਮਾਸ ਵਿਲਾਸਤਾ ਦੀ ਚੀਜ਼ ਹੈ, ਜਿਸ ਨੂੰ ਬਹੁਤ ਥੋੜੇ ਲੋਕ ਹੀ ਖਾ ਸਕਦੇ ਹਨ। ਕਦੇ ਕਦੇ ਮੱਛੀ ਖਾਧੀ ਜਾਂਦੀ ਹੈ। ਪੀਣ ਵਾਲੇ ਪਦਾਰਥਾਂ ਵਿਚ ਆਮ ਤੌਰ ਤੇ **ਮਿੱਠੀ ਲੱਸੀ ਜਾਂ ਚਾਹ** ਹੁੰਦੀ ਹੈ। ਗਰਮੀਆਂ ਦੇ ਮੌਸਮ ਵਿਚ ਲੋਕਾਂ ਵਿਚ ਸ਼ਰਬਤ ਬਹੁਤ ਹਰਮਨ ਪਿਆਰਾ ਹੁੰਦਾ ਹੈ। ਦਿਨ ਵਿਚ ਸਵੇਰੇ ਅਤੇ ਸ਼ਾਮ ਨੂੰ ਦੋ ਵਾਰ ਭੋਜਨ ਖਾਧਾ ਜਾਂਦਾ ਹੈ। ਸਖਤ ਕੰਮ ਵਿਚ ਲੱਗੇ ਹੋਏ ਮਜ਼ਦੂਰ ਦੁਪਹਿਰ ਦਾ ਖਾਣਾ ਖਾਂਦੇ ਹਨ, ਜਦੋਂ ਉਹ ਇਸ ਨੂੰ ਪਚਾਣ ਦੀ ਸਮਰੱਥਾ ਵਿਚ ਹੁੰਦੇ ਹਨ। ਵਪਾਰੀ ਲੋਕਾਂ ਦੇ ਨਾਸ਼ਤੇ ਵਿਚ ਪੂੜੀ ਅਤੇ ਹਲਵਾ (ਆਟੇ ਨੂੰ ਘਿਓ ਵਿਚ ਤਲ ਕੇ) ਅਤੇ ਉਸ ਵਿਚ ਚੀਨੀ ਮਿਲਾ ਕੇ ਤਿਆਰ ਕੀਤਾ ਪਦਾਰਥ, ਕਚੌਰੀ ਜਾਂ ਇਥੋਂ ਤੱਕ ਕਿ ਪੂੜਾ ਸ਼ਾਮਲ ਹੁੰਦੇ ਹਨ। ਇਹ ਸਾਰੀਆਂ ਹਲਵਾਈ ਦੀ ਦੁਕਾਨ ਤੋਂ ਲਿਆਂਦੀਆਂ ਜਾਂਦੀਆਂ ਹਨ ਅਤੇ ਗਰਮੀਆਂ ਵਿਚ ਲੱਸੀ ਨਾਲ ਜਾਂ ਸਰਦੀਆਂ ਵਿਚ ਦੁੱਧ ਨਾਲ ਖਾਂਧੀਆਂ ਜਾਂਦੀਆਂ ਹਨ। ਬਰਸਾਤ ਦੇ ਮੌਸਮ ਵਿਚ ਪੂੜੇ, ਖੀਰ (ਦੁੱਧ ਵਿਚ ਚੌਲ ਪਕਾ ਕੇ ਉਸ ਵਿਚ ਚੀਨੀ ਮਿਲਾ ਕੇ), ਅੰਬਾਂ (ਖਾਸ ਕਰਕੇ ਤਬਕਾ ਕਿਸਮ ਦੇ ਅੰਬ ਜਿਨ੍ਹਾਂ ਨੂੰ ਚੂਪਿਆ ਜਾਂਦਾ ਹੈ ਅਤੇ ਕੱਚੀ ਲੱਸੀ ਲਈ ਬਹੁਤ ਉਤਸ਼ਾਹ ਹੁੰਦਾ ਹੈ। ਸਰਦੀਆਂ ਵਿਚ ਗੁੜ, ਸਾਉਗੀ ਅਤੇ ਬਦਾਮਾਂ ਦਾ ਹਲਵਾ ਮੱਖਣ ਤੋਂ ਤਿਆਰ ਕੀਤੇ ਘਿਓ ਵਿਚ ਬਣਾਇਆ ਜਾਂਦਾ ਹੈ। ਬਨਸਪਤੀ ਤੇਲਾਂ ਤੇ ਡਾਲਡੇ ਦੀ ਵਰਤੋਂ ਉਨ੍ਹਾਂ ਲੋਕਾਂ ਦੁਆਰਾ ਕੀਤੀ ਜਾਂਦੀ ਹੈ, ਜਿਨ੍ਹਾਂ ਕੋਲ ਇਸ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਨਹੀਂ ਹੈ। ਇਕ ਔਸਤ ਮੱਧ ਦਰਜੇ ਪਰਿਵਾਰ ਦੇ ਦੁਪਹਿਰ ਦੇ ਭੋਜਨ ਵਿਚ ਮੂੰਗ, ਭੜਥੇ ਦੀਆਂ ਦਾਲਾਂ, ਇਕ ਸਬਜ਼ੀ ਜਿਵੇਂ ਕਿ ਘੀਆ, ਕਰੇਲਾ, ਟੀਂਡਾ ਅਤੇ ਨਿੰਬੂ, ਗਲਗਲ ਮਿਰਚਾਂ ਜਾਂ ਔਲੇ ਦੇ ਅਚਾਰ ਆਦਿ ਚੀਜ਼ਾਂ ਹੁੰਦੀਆਂ ਹਨ। ਸ਼ਾਮ ਲਈ ਮੂੰਗਰਾ ਸੇਵੀਆਂ ਜ਼ਰੂਰੀ ਹੁੰਦੀਆਂ ਹਨ, ਇਸ ਦੇ ਨਾਲ ਮੱਠੀ, ਉਬਾਲੇ ਹੋਏ ਛੋਲੇ ਅਤੇ ਚਟਣੀ ਨਾਲ ਸਮੋਸੇ ਬੜੇ ਹਰਮਨ ਪਿਆਰੇ ਹਨ।

ਅੰਮ੍ਰਿਤਸਰ ਦੇ ਲੋਕਾਂ ਦੀ ਭੋਜਨ ਬਾਰੇ ਪ੍ਰਮੁੱਖ ਆਦਤ ਉਨ੍ਹਾਂ ਦੀ ਤਲੇ ਹੋਏ ਜਾਂ ਭੁੰਨੇ (ਤਲੀਆਂ ਹੋਈਆਂ ਸਬਜ਼ੀਆਂ ਜਿਵੇਂ ਆਲੂ, ਗਾਜਰ, ਤਰਬੂਜ਼ ਜਾਂ ਬੈਂਗਣ) ਬਾਰੇ ਲਾਲਸਾ ਹੈ, ਜੋ ਮੁੱਖ ਤੌਰ ਤੇ ਹਲਵਾਈ ਦੀ ਦੁਕਾਨ ਤੋਂ ਖਰੀਦੇ ਜਾਂਦੇ ਹਨ। ਕਦੇ ਕਦੇ ਲੋਕ ਘਰ ਵਿਚ ਖਾਣਾ ਨਹੀਂ ਪਕਾਉਂਦੇ ਅਤੇ ਹਲਵਾਈ ਦੀ ਦੁਕਾਨ ਤੋਂ ਉਬਾਲੇ ਹੋਏ ਛੋਲੇ ਲਿਆ ਕੇ ਉਸ ਵਿਚ ਮਾਮੂਲੀ ਜਿਹਾ ਘਿਓ ਪਾ ਕੇ ਤੜਕ ਲੈਂਦੇ ਹਨ। ਅਜਿਹੀ ਹਾਲਤ ਵਿਚ ਸੌਦਾ ਅਨੁਪੂਰਕ ਹੁੰਦਾ ਹੈ। ਕਈ ਵਾਰ ਲਾਲ ਭੂਰੇ ਰੰਗ ਦੇ ਮਾਂਹ ਢਾਬੇ ਤੋਂ ਲਿਆਂਦੇ ਜਾਂਦੇ ਹਨ ਅਤੇ ਤੰਦੂਰੀ ਚਪਾਤੀ ਤੇ ਕਾਲੀ ਮਿਰਚ ਨਾਲ ਖਾਧੇ ਜਾਂਦੇ ਹਨ। ਜੋ ਲੋਕ ਹਾਸਲ ਕਰ ਸਕਦੇ ਹਨ, ਉਨ੍ਹਾਂ ਲਈ ਗਰਮੀਆਂ ਅਤੇ ਸਰਦੀਆਂ ਵਿਚ ਸੌਣ ਤੋਂ ਪਹਿਲਾਂ ਰਾਤ ਨੂੰ ਪੀਣ ਲਈ ਦੁੱਧ ਆਖਰੀ ਵਸਤੂ ਹੁੰਦੀ ਹੈ। ਲੋਕ ਫੇਨੀਆਂ ਜਾਂ ਜਲੇਬੀਆਂ ਵਿਚ ਗਰਮ ਦੁੱਧ ਪਾ ਕੇ ਪੀਣ ਦੇ ਬਹੁਤ ਸ਼ੌਕੀਨ ਹਨ (ਜਿਸ ਨੂੰ ਟੌਨਿਕ ਮੰਨਿਆ ਜਾਂਦਾ ਹੈ) ਚਾਹ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਆਮ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਲੋਕ ਤਲੀਆਂ ਹੋਈਆਂ ਅਤੇ ਗਰਮ ਚੀਜ਼ਾਂ ਖਾਣ ਦੇ ਅਭਿਲਾਸ਼ੀ ਹਨ। ਸ਼ਾਮ ਨੂੰ ਠੰਡੀ ਖੂਹੀ ਤੇ ਤਲੇ ਹੋਏ ਕੁਲਚੇ ਅਤੇ ਪਕਾਏ ਹੋਏ ਛੋਲੇ, ਭੱਲੇ, ਗਰਮ ਜਲੇਬੀਆਂ, ਗੋਲ ਗੱਪੇ ਅਤੇ ਗੁਲਾਬ ਜਾਮਨਾ ਖਰੀਦਣ ਦੀ ਜੱਦੋ ਜ਼ਹਿਦ ਵਿਚ ਲੋਕਾਂ ਦੀ ਭੀੜ ਨੂੰ ਧੱਕੋ ਮੁੱਕੀ ਹੁੰਦਿਆਂ ਵੇਖਿਆ ਜਾ ਸਕਦਾ ਹੈ। ਅੰਮ੍ਰਿਤਸਰੀ ਆਲੂ ਵਾਲੇ ਕੁਲਚੇ, ਅੰਮ੍ਰਿਤਸਰ ਦੀਆਂ ਖਾਣ ਵਾਲੀਆਂ ਚੀਜ਼ਾਂ ਵਿਚ ਵਿਸ਼ੇਸ਼ ਹੈ, ਜੋ ਮੱਖਣ ਨਾਲ ਖਾਏ ਜਾਂਦੇ ਹਨ। ਜਦੋਂ ਵੀ ਕੋਈ ਯਾਤਰੀ ਅੰਮ੍ਰਿਤਸਰ ਆਉਂਦਾ ਹੈ ਤਾਂ ਉਹ ਅੰਮ੍ਰਿਤਸਰੀ ਆਲੂ ਵਾਲੇ ਕੁਲਚੇ ਜ਼ਰੂਰ ਖਾ ਕੇ ਜਾਂਦਾ ਹੈ। ਉਥੇ ਬਾਜ਼ਾਰ ਵਿਚੋਂ ਖਰੀਦੀਆਂ ਹੋਈਆਂ ਚੀਜ਼ਾਂ ਤੇ ਨਿਰਭਰ ਕਰਨ ਦਾ ਝੁਕਾ ਵਿਖਾਈ ਦਿੰਦਾ ਹੈ, ਜਿਸ ਨਾਲ ਔਰਤਾਂ ਨੂੰ ਗੱਪਾਂ ਮਾਰਨ ਲਈ ਕਾਫੀ ਸਮਾਂ ਮਿਲ ਜਾਂਦਾ ਹੈ ਅਤੇ ਮਰਦਾਂ ਨੂੰ ਖਾਣ ਲਈ ਜਲਦੀ ਭੋਜਨ ਮਿਲ ਜਾਂਦਾ ਹੈ। ਅੰਮ੍ਰਿਤਸਰ ਦੇ ਵਿਚ ਇਹ ਗੱਲ ਆਮ ਹੈ ਜਦੋਂ ਕੋਈ ਵਿਅਕਤੀ ਦੇ ਘਰ ਛੋਲੇ ਬਣੇ ਹੁੰਦੇ ਹਨ ਤਾਂ ਵੀ ਉਹ ਬਾਜ਼ਾਰ ਜਾ ਕੇ ਛੋਲੇ ਹੀ ਖਾਂਦਾ ਹੈ ਅਤੇ ਘਰ ਲਈ ਪੈਕ ਕਰਵਾ ਕੇ ਛੋਲੇ ਹੀ ਲੈ ਕੇ ਆਉਂਦਾ ਹੈ।

## ਪਹਿਰਾਵਾ

ਅੰਮ੍ਰਿਤਸਰ ਦੇ ਲੋਕਾਂ ਵਿਚ ਪਹਿਰਾਵੇ ਦੀ ਬੜੀ ਵੰਨ-ਸੁਵੰਨਤਾ ਹੈ। ਵਪਾਰੀ ਆਦਮੀ ਵਧੀਆ ਮਲਮਲ ਦਾ ਕੁੜਤਾ ਅਤੇ ਧੋਤੀ, ਫਤੂਹੀ ਅਤੇ ਕਦੇ ਕਦੇ ਲੰਮਾ ਕੋਟ ਪਹਿਨਦਾ ਹੈ। ਆਮ ਤੌਰ ਤੇ ਕਾਲੇ ਮਖਮਲ ਦੀ ਸਾਧਾਰਨ ਟੋਪੀ ਅਤੇ ਇਸਨੂੰ ਇਕ ਖਾਸ ਢੰਗ ਨਾਲ ਸਿਰ ਉਪਰ ਪਹਿਨਿਆ ਜਾਂਦਾ ਹੈ। ਸੰਸਕਾਰਾਂ ਤੇ ਅਚਕਨ ਮਸ਼ਹੂਰ ਹੈ, ਤੰਗ ਮੂਹਰੀ ਦੇ ਵਿਸ਼ੇਸ਼ ਪ੍ਰਕਾਰ ਦੇ ਪਜ਼ਾਮੇ ਹਨ। ਸਰਦੀਆਂ ਵਿਚ ਸਰਜ਼ ਫਲਾਲੈਣ ਦੇ ਪਜ਼ਾਮੇ ਵਰਤੇ ਜਾਂਦੇ ਹਨ ਅਤੇ ਕਈ ਵਾਰ ਮਹਿੰਗੇ ਸ਼ਾਲ ਪਹਿਨੇ ਜਾਂਦੇ ਹਨ। ਚਾਦਰ, ਇਕ ਚੋਗਾ ਜਿਸ ਨੂੰ ਮੋਢਿਆਂ ਦੁਆਲੇ ਪਹਿਨਿਆ ਜਾਂਦਾ ਸੀ ਅਤੇ ਇਹ ਵਪਾਰੀ ਆਦਮੀਆਂ ਦੇ ਮਨੋਹਰ ਲਿਬਾਸ ਦਾ ਇਕ ਹਿੱਸਾ ਸੀ ਅਤੇ ਇਹ ਲਗਭਗ ਅਲੋਪ ਹੋ ਗਈ ਹੈ। ਵੱਡੇ ਲੋਕ ਪੱਗਾਂ ਪਹਿਨਦੇ ਹਨ। ਇਕ ਸਿੱਖ ਕੁੜਤਾ, ਸਫੈਦ ਲਾਹੌਰੀ ਪਜ਼ਾਮਾ ਅਤੇ ਇਸ ਤੋਂ ਉਪਰੰਤ ਪੱਗ ਪਹਿਨਦਾ ਹੈ। ਵੱਖੋ ਵੱਖ ਰੰਗਾਂ ਦੀਆਂ ਪੱਗਾਂ ਪਹਿਨੀਆਂ ਜਾਂਦੀਆਂ ਹਨ। ਯੂਰਪ ਵਿਚ ਬਣੇ ਅਤੇ ਅੰਗਰੇਜ਼ੀ ਢੰਗ ਦੇ ਕੱਪੜਿਆਂ, ਖਾਸ ਕਰਕੇ ਫਤੂਹੀਆਂ ਅਤੇ ਲੰਮੇ ਕੋਟਾਂ ਨੂੰ ਵਧੇਰੇ ਪਸੰਦ ਕੀਤਾ ਜਾਂਦਾ

ਹੈ ਅਤੇ ਅਧਿਕਾਰੀਆਂ, ਵਕੀਲਾਂ ਅਤੇ ਹੋਰ ਪੇਸ਼ਾਵਰ ਜਮਾਤਾਂ ਨਾਲ ਸਬੰਧਤ ਲੋਕਾਂ ਨੇ ਯੂਰਪੀਣ ਕਿਸਮ ਦੇ ਕੱਪੜਿਆਂ, ਸੂਟਾਂ, ਕਮੀਜ਼ਾਂ, ਟਾਈਆਂ ਅਤੇ ਬੁਸ਼ਸ਼ਰਟਾਂ ਨੂੰ ਅਪਣਾ ਲਿਆ ਹੈ। ਆਮ ਕੰਮ ਕਾਜ਼ ਕਰਨ ਸਮੇਂ ਦਾ ਪਹਿਰਾਵਾ ਪਜ਼ਾਮਾ ਅਤੇ ਕਮੀਜ਼ ਹੈ। ਔਰਤਾਂ ਪਹਿਲਾਂ ਗੂੜੇ ਰੰਗਾਂ ਦੇ ਕੱਪੜੇ ਅਤੇ ਕਿਨਾਰੀਆਂ ਤੇ ਸੋਨਾ ਅਤੇ ਚਾਂਦੀ ਲੱਗੇ ਹੋਏ ਦੁਪੱਟੇ ਪਹਿਨਣਾ ਪਸੰਦ ਕਰਦੀਆਂ ਸਨ। ਪਰੰਤੂ ਬਾਅਦ ਵਿਚ ਹਲਕੇ ਰੰਗਾਂ ਨੂੰ ਤਰਜੀਹ ਦਿੱਤੀ ਜਾਣ ਲੱਗੀ। ਔਰਤਾਂ ਲਈ ਸਾੜ੍ਹੀ ਬਹੁਤ ਮਨ ਭਾਉਂਦੀ ਪੌਸ਼ਾਕ ਹੈ, ਭਾਵੇਂ ਕੰਵਾਰੀਆਂ ਕੁੜੀਆ, ਜੰਪਰਾਂ ਦੇ ਨਾਲ ਤੰਗ ਸਲਵਾਰਾਂ ਨੂੰ ਪਹਿਨਣਾ ਪਸੰਦ ਕਰਦੀਆਂ ਹਨ। ਬਜ਼ੁਰਗ ਔਰਤਾਂ ਵਿਚ ਹੁਣ ਵੀ ਸਲਵਾਰ ਕਮੀਜ਼/ ਘੱਗਰੀ ਨਾਲ ਦੁਪੱਟਾ ਪਹਿਨਣ ਦਾ ਸ਼ੌਕ ਹੈ।

## ਵਿਆਹ ਦੇ ਰੀਤੀ ਰਿਵਾਜ

ਸਥਾਨਕ ਅੰਤਰ ਹੋ ਸਕਦੇ ਹਨ ਪਰੰਤੂ ਆਮ ਤੌਰ ਤੇ ਅੰਮ੍ਰਿਤਸਰ ਸ਼ਹਿਰ ਵਿਚ ਵਿਆਹ ਸਬੰਧੀ ਕੋਈ ਵਿਸ਼ੇਸ਼ ਰੀਤੀ ਰਿਵਾਜ ਨਹੀਂ ਅਪਣਾਏ ਗਏ। ਇਹ ਕਹਿਣਾ ਮੁਸ਼ਕਿਲ ਹੈ ਕਿ ਬੱਚਿਆਂ ਦਾ ਵਿਆਹ ਕਿਸ ਉਮਰ ਵਿਚ ਕੀਤਾ ਜਾਂਦਾ ਹੈ, ਕਿਉਂਕਿ ਇਹ ਹਾਲਾਤ, ਸਿੱਖਿਆ ਅਤੇ ਲੋਕ ਮੱਤ ਤੇ ਅਧਾਰਿਤ ਹੈ। ਵਿਆਹਾਂ ਉਪਰ ਭਾਰੀ ਮਾਤਰਾ ਵਿਚ ਧਨ ਖਰਚ ਕੀਤਾ ਜਾਂਦਾ ਹੈ। ਇਕ ਅਖਾਣ **'ਲਾਲੇ ਦੀ ਕਮਾਈ ਵਿਆਹ ਸ਼ਾਦੀ ਨੇ ਖਾਈ'** [14] ਵਪਾਰੀ ਆਦਮੀਆਂ ਵਲੋਂ ਕੀਤੇ ਜਾਂਦੇ ਵਿਆਹ ਬਾਰੇ ਸਹੀ ਜਾਣਕਾਰੀ ਦਿੰਦਾ ਹੈ। ਕਈ ਹਾਲਤਾਂ ਵਿਚ ਮੱਧ ਵਰਗ ਦੇ ਲੋਕਾਂ ਦੇ ਇੱਕ ਬੱਚੇ ਦਾ ਵਿਆਹ ਇਕ ਬੜਾ ਭਾਰੀ ਆਰਥਿਕ ਬੋਝ ਬਣ ਜਾਂਦਾ ਹੈ, ਜਿਸ ਨਾਲ ਪਰਿਵਾਰ ਦੀ ਖੁਸ਼ਹਾਲੀ ਤੇ ਬੁਰਾ ਪ੍ਰਭਾਵ ਪੈਂਦਾ ਹੈ। ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਦੀਆਂ ਕਾਰਵਾਈਆਂ ਨੇ ਵਿਆਹ ਸਬੰਧੀ ਸਾਰੇ ਰਿਵਾਜਾਂ ਨੂੰ ਸਰਲ ਬਣਾਉਣ ਦੀ ਲੋੜ ਬਾਰੇ ਲੋਕਾਂ ਨੂੰ ਸੁਚੇਤ ਕੀਤਾ ਪਰੰਤੂ ਚਿਰ ਕਾਲ ਦੀਆਂ ਰਸਮਾਂ ਦੀ ਪਾਲਣਾ ਦ੍ਰਿੜਤਾ ਨਾਲ ਕਰਨ ਕਰਕੇ ਇਸ ਦੇ ਨਤੀਜੇ ਉਤਸ਼ਾਹ ਜਨਕ ਨਹੀਂ ਨਿਕਲ ਸਕੇ। ਵਿਆਹ ਨੂੰ ਇਕ ਪਵਿੱਤਰ ਸੰਸਕਾਰ ਅਤੇ ਜ਼ਿੰਦਗੀ ਵਿਚ ਇਕ ਬਹੁਤ ਹੀ ਮਹੱਤਵਪੂਰਨ ਘਟਨਾ ਸਮਝਿਆ ਜਾਂਦਾ ਹੈ। ਪੰਡਿਤ ਦੀ ਨਿਗਰਾਨੀ ਅਧੀਨ ਧਾਰਮਿਕ ਰਸਮਾਂ ਨਾਲ ਇਸ ਦਾ ਜਸ਼ਨ ਮਨਾਇਆ ਜਾਂਦਾ ਹੈ। ਮੰਗਣੀ, ਤਰੀਕ ਨਿਸ਼ਚਿਤ ਕਰਨੀ, ਬਰਾਤ, ਲਗਨ, ਮਿਲਣੀ ਅਤੇ ਡੋਲੀ ਦੇ ਉਹੀ ਪੁਰਾਣੇ ਪੜਾਵਾਂ ਦੀ ਪਾਲਣਾ ਕੀਤੀ ਜਾਂਦੀ ਹੈ। ਸ਼ੁਭ ਤਾਰੀਕ ਅਤੇ ਸਮਾਂ ਨਿਸ਼ਚਿਤ ਕਰਨ ਲਈ ਜਨਮ ਪੱਤਰੀ ਵੇਖੀ ਜਾਂਦੀ ਹੈ। ਜਦੋਂ ਤੱਕ ਫੇਰੇ ਜਾਂ ਪਵਿੱਤਰ ਅਗਨੀ ਦੀ ਪਰਿਕ੍ਰਮਾ ਨਾ ਕੀਤੀ ਜਾਵੇ, ਉਦੋਂ ਤੱਕ ਵਿਆਹ ਦੀ ਰਸਮ ਪੂਰਨ ਨਹੀਂ ਹੁੰਦੀ। ਇਹ ਰਸਮ ਦਾ ਇਕ ਜ਼ਰੂਰੀ ਹਿੱਸਾ ਹੈ, ਜਿਸ ਤੋਂ ਬਿਨਾਂ ਵਿਆਹ ਪੂਰਨ ਨਹੀਂ ਹੁੰਦਾ ਅਤੇ ਇਹੋ ਰਸਮ ਹੈ ਜੋ ਵਿਆਹ ਨੂੰ ਪੱਕਾ ਬਣਾਉਂਦੀ ਹੈ। ਇਨ੍ਹਾਂ ਰਸਮਾਂ ਨੂੰ ਨਿਭਾਉਣ ਲਈ ਲੜਕੀ ਦੇ ਪਿਤਾ ਦੇ ਘਰ ਦੇ ਵਿਹੜੇ ਵਿਚ ਚਾਰ ਬਾਂਸਾਂ ਤੇ ਇਕ ਚੰਦੋਆ ਤਾਨਿਆ ਜਾਂਦਾ ਹੈ। ਦੋਹਾਂ ਧਿਰਾਂ ਦੇ ਮੈਂਬਰ ਬੈਠ ਜਾਂਦੇ ਹਨ ਅਤੇ ਸਾਰੀ ਰਸਮ ਸ਼ੌਂਕ ਨਾਲ ਵੇਖਦੇ ਹਨ। ਧਰਤੀ ਉਪਰ ਖੇੜਿਆਂ ਦੇ ਵਿਚਕਾਰ ਰੇਤਾ ਖਿੰਡਾਇਆ ਜਾਂਦਾ ਹੈ, ਜਿਸ ਤੇ ਲੱਕੜ ਰੱਖ ਕੇ ਪਵਿੱਤਰ ਅੱਗ ਬਾਲੀ ਜਾਂਦੀ ਹੈ। ਹਰੇਕ ਪਰਿਵਾਰ ਗਹਿਣਿਆ, ਕੱਪੜਿਆਂ, ਫਰਨੀਚਰ ਅਤੇ ਘਰੇਲੂ ਵਰਤੋਂ ਦੀਆਂ ਚੀਜ਼ਾਂ ਦੇ ਰੂਪ ਵਿਚ ਦੁਲਹਨ ਨੂੰ ਦਹੇਜ ਦੇਣ ਦੀ ਕੋਸ਼ਿਸ਼ ਕਰਦਾ ਹੇ, ਜੋ ਵਿਆਹ ਦੀਆਂ ਰਸਮਾਂ ਪੂਰੀਆਂ ਕਰਨ ਉਪਰੰਤ ਬਰਾਤ ਨੂੰ ਵਿਖਾਈਆ ਜਾਂਦੀਆਂ ਹਨ। ਆਰੀਆ

ਸਮਾਜੀ ਅਤੇ ਹੋਰ ਅਗਾਂਹ ਵਧੂ ਵਿਚਾਰਾਂ ਵਾਲੇ ਹਿੰਦੂ ਅਗਨੀ ਦੁਆਲੇ ਪਰਿਕ੍ਰਮਾ ਤੋਂ ਬਿਨਾਂ ਜੋ ਹਰ ਹਾਲਤ ਵਿਚ ਲਾਜ਼ਮੀ ਹੈ, ਹੋਰ ਰਸਮਾਂ ਨੂੰ ਬਹੁਤਾ ਮਹੱਤਵ ਨਹੀਂ ਦਿੰਦੇ। ਛੋਟੀ ਉਮਰ ਵਿਚ ਵਿਆਹਾਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਦਹੇਜ ਪ੍ਰਥਾ ਦੇ ਵਿਰੁੱਧ ਜ਼ੋਰਦਾਰ ਲੋਕ ਰਾਇ ਹੋਣ ਦੇ ਬਾਵਜੂਦ ਇਹ ਨਿੰਦਿਤ ਪ੍ਰਥਾ ਅਜੇ ਵੀ ਕਾਇਮ ਹੈ, ਖਾਸ ਕਰਕੇ ਵਿਆਹ ਦੀ ਰਸਮ ਦੇ ਨੇੜੇ ਜਦੋਂ ਵਿਆਹ ਦੀ ਤਾਰੀਕ ਨਜ਼ਦੀਕ ਆਉਂਦੀ ਹੈ ਤਾਂ ਇਸ ਨੂੰ ਬਹੁਤ ਸਾਰੇ ਲੋਕਾਂ ਦਾ ਸਮਰਥਨ ਹਾਸਲ ਹੋ ਜਾਂਦਾ ਹੈ।

ਸ਼ਹਿਰ ਦੇ ਕੁਝ ਅਮੀਰ ਘਰਾਣੇ ਬੇਲੋੜਾ ਖਰਚ ਕਰਕੇ ਵਿਆਹ ਦੇ ਜਸ਼ਨ ਮਨਾਉਂਦੇ ਹਨ ਅਤੇ ਇਕ ਵੱਡੀ ਬਰਾਤ ਪ੍ਰਭਾਵਸ਼ਾਲੀ ਬੈਂਡ ਵਾਜੇ ਨਾਲ ਭੀੜ ਭਰੀਆ ਗਲੀਆਂ ਦੇ ਵਿਚੋਂ ਲੰਘਦੀ ਹੈ ਜੋ ਵੇਖਣ ਵਾਲਿਆਂ ਲਈ ਬੜਾ ਸੁੰਦਰ ਨਜ਼ਾਰਾ ਪੇਸ਼ ਕਰਦੀ ਹੈ। ਲਾੜਾ ਆਪਣੇ ਵਿਆਹ ਵਾਲੇ ਕੀਮਤੀ ਕੱਪੜੇ ਪਾ ਕੇ ਘੋੜੇ ਤੇ ਬੈਠਦਾ ਹੈ। ਉਹ ਬੈਂਡ ਵਾਜੇ ਵਾਲਿਆਂ ਦੇ ਪਿਛੇ ਘੋੜੇ ਤੇ ਚਲਦਾ ਹੈ ਅਤੇ ਉਸਦੇ ਪਿਛੇ ਬਰਾਤ ਹੁੰਦੀ ਹੈ, ਬੈਂਡ ਵਾਲੇ ਆਮ ਤੌਰ ਤੇ ਆਧੁਨਿਕ ਫਿਲਮੀ ਤਰਜ਼ਾਂ ਕੱਢਦੇ ਹਨ। ਲਾੜੇ ਉਪਰ ਅਤਰ ਛਿੜਕਿਆ ਜਾਂਦਾ ਹੈ, ਫੁੱਲ ਸੁੱਟੇ ਜਾਂਦੇ ਹਨ ਅਤੇ ਲੋਕਾਂ ਦੀ ਭੀੜ ਵਿਚ ਪੈਸੇ ਸੁੱਟੇ ਜਾਂਦੇ ਹਨ। ਬੱਚੇ ਅਤੇ ਗਰੀਬ ਲੋਕਾਂ ਦਾ ਰਲਮਿਲ ਕੇ ਇਕ ਜਮਘਟਾ ਬਣ ਜਾਂਦਾ ਹੈ, ਜੋ ਪੈਸੇ ਚੁੱਕਣ ਲਈ ਖਿਚੋ ਤਾਣੀ ਕਰਦੇ ਹਨ। ਸਭ ਹਾਸਾ ਠੱਠਾ ਅਤੇ ਆਨੰਦ ਦਾਇਕ ਹੁੰਦਾ ਹੈ। ਛੱਜਿਆਂ ਅਤੇ ਘਰਾਂ ਦੀਆਂ ਛੱਤਾਂ ਤੇ ਬੈਠ ਕੇ ਲੋਕ ਹੇਠਾਂ ਜਾ ਰਹੀ ਬਰਾਤ ਨੂੰ ਵੇਖਦੇ ਹਨ।

ਸਿੱਖਾਂ ਵਿਚ ਵਿਆਹ ਆਨੰਦ ਦੀ ਮਹਿਯਾਦਾ ਨਾਲ ਕੀਤਾ ਜਾਂਦਾ ਹੈ, ਜਿਸ ਨੂੰ 1909 ਵਿਚ ਆਨੰਦ ਵਿਆਹ ਦੀ ਧਾਰਾ ਅਨੁਸਾਰ ਪ੍ਰਮਾਣਿਤ ਕੀਤਾ ਗਿਆ ਸੀ। ਅਸਲ ਵਿਚ ਵਿਆਹ ਦੀ ਰਸਮ ਸਮੇਂ ਪਵਿੱਤਰ ਧਾਰਮਿਕ ਪੁਸਤਕ (ਸ੍ਰੀ ਗੁਰੂ ਗਰੰਥ ਸਾਹਿਬ) ਨੂੰ ਪ੍ਰਤਿਸ਼ਠ ਸਥਾਨ ਦਿੱਤਾ ਜਾਂਦਾ ਹੈ ਜਦੋਂ ਕਿ ਦੋਨੋਂ ਧਿਰਾਂ ਆਸਾ ਦੀ ਵਾਰ ਦਾ ਗਾਇਨ ਸੁਣਦੀਆਂ ਹਨ। ਅੱਜਕਲ ਸਿੱਖਾਂ ਦੇ ਵਿਆਹ ਸਮੇਂ ਲਾਵਾਂ ਗੁਰਦਵਾਰਾ ਸਾਹਿਬ ਵਿਖੇ ਹੀ ਹੁੰਦੀਆਂ ਹਨ।

ਬਟਵਾਰੇ ਤੋਂ ਪਹਿਲਾਂ ਅੰਮ੍ਰਿਤਸਰ ਵਿਚ ਬਹੁਤ ਸਾਰੇ ਮੁਸਲਮਾਨ ਵਸਨੀਕ ਸਨ ਜੋ ਆਪਣੇ ਵਿਆਹ ਨਿਕਾਹ ਦੀ ਰਸਮ ਨਾਲ ਕਰਦੇ ਸਨ। ਵਿਆਹ ਇਕ ਸਮਾਜਿਕ ਇਕਰਾਰਨਾਮੇ ਦਾ ਰੂਪ ਗ੍ਰਹਿਣ ਕਰਦਾ ਹੈ, ਜਿਸ ਰਾਹੀਂ ਦੋਵੇਂ ਧਿਰਾਂ ਆਪਣੀਆਂ ਪ੍ਰਸਪਰ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੀ ਪ੍ਰਤਿੱਗਿਆ ਕਰਦੀਆਂ ਹਨ। ਹਿੰਦੂ ਅਤੇ ਮੁਸਲਿਮ ਲੋਕਾਂ ਵਿਚਕਾਰ ਸਿਵਲ ਵਿਆਹ ਆਮ ਨਹੀਂ ਹੁੰਦੇ। ਇਹ ਉਸ ਹਾਲਤ ਵਿਚ ਹੀ ਹੁੰਦੇ ਹਨ, ਦੋਨੋ ਧਿਰਾਂ ਵੱਖ ਵੱਖ ਜਾਤੀਆਂ ਜਾਂ ਧਰਮਾਂ ਨਾਲ ਸਬੰਧਤ ਹੋਣ, ਇਕ ਕੁਝ ਪੱਛਮੀ ਪੜ੍ਹੇ ਲਿਖੇ ਵਰਗਾਂ ਤੱਕ ਹੀ ਸੀਮਤ ਹਨ। ਅੰਤਰ ਜਾਤੀ ਵਿਆਹ ਵੀ ਬਹੁਤ ਘੱਟ ਹੁੰਦੇ ਹਨ।

## ਗਹਿਣੇ

ਗਹਿਣੇ ਕਈ ਕਿਸਮਾਂ ਦੇ ਹੁੰਦੇ ਹਨ, ਪਰੰਤੂ ਚੂੜੀਆਂ, ਵਾਲੀਆਂ, ਹਾਰ ਅਤੇ ਅੰਗੂਠੀਆਂ ਵਧੇਰੇ ਪ੍ਰਚੱਲਤ ਹਨ। ਵਪਾਰੀ ਵਰਗ ਨਾਲ ਸਬੰਧਤ ਕੁਝ ਲੋਕ ਮੁਰਕੀਆਂ ਅਤੇ ਨੀਲਮ ਪਹਿਨਦੇ ਹਨ ਜਿਸ ਨੂੰ ਸ਼ੁਭ ਮੰਨਿਆ ਜਾਂਦਾ ਹੈ। ਨਾਮ ਉਕਰੀਆਂ ਹੋਈਆਂ ਅੰਗੂਠੀਆਂ ਪਹਿਨਣਾ ਕਾਫੀ ਪ੍ਰਸਿੱਧ ਹੈ। ਆਮ ਤੌਰ ਤੇ ਅੰਮ੍ਰਿਤਸਰ ਦੇ ਲੋਕਾਂ ਦੀ ਇਕ ਲਾਲਸਾ ਹੈ, ਜੋ

ਇਨ੍ਹਾਂ ਨੂੰ ਆਪਣੀ ਆਰਥਿਕ ਸੁਰੱਖਿਆ ਵੀ ਮੰਨਦੇ ਹਨ। ਔਰਤਾਂ ਨਗ ਜੜੇ ਕੀਮਤੀ ਸੈਟਾਂ ਨੂੰ ਪਸੰਦ ਕਰਦੀਆਂ ਹਨ। ਉਹ ਕੰਨਾਂ ਦੀਆਂ ਲੋਲਾਂ ਵਿਚ ਕਈ ਪ੍ਰਕਾਰ ਦੀਆਂ ਵਾਲੀਆਂ ਪਹਿਨਦੀਆਂ ਹਨ। ਪਰੰਤੂ ਉਹ ਦੱਖਣੀ ਭਾਰਤ ਵਿਚ ਪ੍ਰਚੱਲਿਤ ਭਾਰੀਆਂ ਵਾਲੀਆਂ ਨਹੀਂ ਪਹਿਨਦੀਆਂ। ਉਹ ਡੌਲਿਆਂ ਤੇ ਅਨੰਤ ਅਤੇ ਕਮਰ ਤੇ ਤੜਾਗੀ ਪਹਿਨਦੇ ਹਨ। ਸੌਲਟੀਕੋਫ ਨੇ ਲਗਭਗ 19ਵੀਂ ਸਦੀ ਦੇ ਅੱਧ ਵਿਚ ਲਿਖਿਆ ਹੈ ਕਿ ਅੰਮ੍ਰਿਤਸਰ ਦੀਆਂ ਔਰਤਾਂ ਆਪਣੇ ਕੰਨਾਂ ਅਤੇ ਨੱਕਾਂ ਵਿਚ ਹੀਰਿਆਂ ਜੜੀਆਂ ਲੜੀਆਂ ਪਹਿਨਦੀਆਂ ਸਨ, ਇਹ ਲੜੀਆਂ ਇਤਨੀਆਂ ਖਿਲਰੀਆਂ ਹੁੰਦੀਆਂ ਸਨ ਕਿ ਕੋਈ ਵਿਅਕਤੀ ਉਨ੍ਹਾਂ ਦਾ ਮੂੰਹ ਮੁਸ਼ਕਿਲ ਨਾਲ ਵੇਖ ਸਕਦਾ ਸੀ।[15] ਸ਼ਹਿਰ ਵਿਚ ਵਿਆਹ ਸੰਸਕਾਰਾਂ ਸਮੇਂ ਔਰਤਾਂ ਬੇਹੱਦ ਸੁੰਦਰ ਨਿਪੁੰਨਤਾ ਨਾਲ ਤਿਆਰ ਕੀਤੇ ਅਤੇ ਆਧੁਨਿਕ ਡਿਜ਼ਾਇਨਾਂ ਵਾਲੇ ਬਹੁਤ ਸਾਰੇ ਗਹਿਣੇ ਪਹਿਨਦੀਆਂ ਸਨ। ਸ਼ਿੰਗਾਰ ਲਈ ਚੀਜ਼ਾਂ ਦੀ ਵਧੇਰੇ ਮੰਗ ਹੋਣ ਕਾਰਨ ਇਥੇ ਸਰਾਫਾਂ ਦੀਆਂ ਅਨੇਕਾਂ ਵੱਡੀਆਂ ਦੁਕਾਨਾਂ ਹਨ, ਜਿਨ੍ਹਾਂ ਤੇ ਸ਼ਾਮ ਨੂੰ ਗਾਹਕਾਂ ਦੀ ਭੀੜ ਲੱਗੀ ਹੁੰਦੀ ਹੈ।

## ਤਿਉਹਾਰ

ਅੰਮ੍ਰਿਤਸਰ ਦੇ ਲੋਕਾਂ ਦੇ ਜੀਵਨ ਵਿਚ ਧਰਮ ਬੜਾ ਵੱਡਾ ਰੋਲ ਅਦਾ ਕਰਦਾ ਹੈ। ਇਹ ਕਹਿਣਾ ਉਤਨਾ ਹੀ ਗਲਤ ਹੋਵੇਗਾ ਕਿ ਉਹ ਅਤਿਅੰਤ ਧਾਰਮਿਕ ਜਾਂ ਪਰਮਾਰਥੀ ਹਨ ਜਿਤਨਾ ਇਹ ਕਹਿਣਾ ਕਿ ਉਹ ਨਹੀਂ ਹਨ। ਫੇਰ ਵੀ ਉਹ ਧਾਰਮਿਕ ਰਸਮਾਂ ਵਿਚ ਸਰਗਰਮ ਭਾਗ ਲੈਂਦੇ ਹਨ। ਜਾਪਦਾ ਹੈ ਕਿ ਸਵਰਨ ਮੰਦਰ ਨੇ ਸਾਰੇ ਸ਼ਹਿਰ ਵਿਚ ਧਾਰਮਿਕ ਵਾਤਾਵਰਣ ਪ੍ਰਦਾਨ ਕਰ ਦਿੱਤਾ ਹੈ। ਹਰ ਰੋਜ਼ ਵੱਡੀ ਗਿਣਤੀ ਵਿਚ ਲੋਕ ਸਵਰਨ ਮੰਦਰ ਦੇ ਦਰਸ਼ਨ ਕਰਨ ਲਈ ਆਉਂਦੇ ਹਨ। ਵਪਾਰ ਦੇ ਲੋਕਾਂ ਦੀ ਦਾਨ ਦੇਣ ਦੀ ਰੁਚੀ ਨਾਲ ਜੁੜੇ ਹੋਣ ਕਾਰਨ ਸ਼ਹਿਰ ਦੇ ਵੱਖ ਵੱਖ ਭਾਗਾਂ ਵਿਚ ਮੰਦਰਾਂ, ਭੇਟਾਂ, ਟਰੱਸਟਾਂ ਅਤੇ ਛਬੀਲਾਂ ਦੀ ਵਿਵਸਥਾ ਹੋਈ ਹੈ। ਕੁਝ ਵਪਾਰੀ ਲੋਕ ਸ਼ਿਵ ਦੀ ਪੂਜਾ ਕਰਦੇ ਹਨ। ਕੁਝ ਵਸਨੀਕ ਪਵਿੱਤਰ ਗੰਗਾ ਵਿਚ ਇਸ਼ਨਾਨ ਕਰਨ ਲਈ ਹਰਿਦੁਆਰ ਜਾਂਦੇ ਹਨ ਅਤੇ ਉਨ੍ਹਾਂ ਨੇ ਯਾਤਰੀਆ ਦੀ ਸਹੂਲਤ ਲਈ ਉਥੇ ਸਰਾਂਵਾਂ ਬਣਵਾਈਆਂ ਹਨ। ਅੰਮ੍ਰਿਤਸਰ ਦੇ ਲੋਕਾਂ ਨੂੰ ਤੀਰਥ ਯਾਤਰਾ ਬਹੁਤ ਪਸੰਦ ਹੈ। ਉਹ ਹਰਿਦੁਆਰ, ਬਦਰੀਨਾਥ, ਅਮਰਨਾਥ ਜਾਂ ਵੈਸ਼ਨੋ ਦੇਵੀ (ਜੰਮੂ ਦੇ ਨਜ਼ਦੀਕ) ਆਦਿ ਤੀਰਥਾਂ ਦੀ ਯਾਤਰਾ ਲਈ ਜਾਂਦੇ ਹਨ। ਉਹ ਧਾਰਮਿਕ ਉਤਸਵਾਂ ਨੂੰ ਬੜੇ ਉਤਸ਼ਾਹ ਨਾਲ ਵੇਖਦੇ ਹਨ। ਦੀਵਾਲੀ ਬਹੁਤ ਮਸ਼ਹੂਰ ਹੈ ਜਦੋਂ ਖੁਸ਼ਹਾਲੀ ਦੀ ਦੇਵੀ ਲਕਸ਼ਮੀ ਦਾ ਸੁਆਗਤ ਕਰਨ ਵਾਸਤੇ ਹਰ ਕੋਈ ਆਪਣੇ ਘਰ ਦੀ ਸ਼ੁੱਧੀ ਲਈ ਸਫਾਈ ਕਰਦਾ ਹੈ, ਵਪਾਰੀ ਵਰਗ ਇਸ ਦੇਵੀ ਦਾ ਵਿਸ਼ੇਸ਼ ਸਤਿਕਾਰ ਕਰਦਾ ਹੈ। ਮਠਿਆਈ ਵੇਚਣ ਵਾਲੇ ਆਪਣੇ ਪਦਾਰਥਾਂ ਨੂੰ ਸਜਾਉਂਦੇ ਹਨ ਅਤੇ ਇਨ੍ਹਾਂ ਨੂੰ ਉਚੀ ਉਚੀ ਹੋਕੇ ਮਾਰ ਕੇ ਵੇਚਦੇ ਹਨ। ਵਿਦੇਸ਼ੀ ਦਰਸ਼ਕਾਂ ਨੇ ਖਾਸ ਕਰਕੇ ਡਲਹੌਜ਼ੀ ਵੀ ਆਪਣੀ ਅੰਮ੍ਰਿਤਸਰ ਯਾਤਰਾ ਦੌਰਾਨ ਪੂਰੇ ਸ਼ਹਿਰ ਦੀ, ਵਿਸ਼ੇਸ਼ ਤੌਰ ਤੇ ਸਵਰਨ ਮੰਦਰ ਦੀ ਖੂਬਸੂਰਤ ਜਗਮਗਾਹਟ ਦਾ ਵਰਨਣ ਕੀਤਾ ਹੈ। ਉਤਸਵਾਂ ਨੂੰ ਅੰਮ੍ਰਿਤਸਰ ਵਿਚ ਮਨਾਉਣ ਲਈ ਉਤਸ਼ਾਹਤ ਕਰਨ ਦਾ ਮਾਣ ਮਹਾਰਾਜਾ ਰਣਜੀਤ ਸਿੰਘ ਨੂੰ ਹਾਸਲ ਹੈ, ਜਿਸ ਵਿਚ ਉਸਨੇ ਦਿਲ ਖੋਲ ਕੇ ਦਾਨ ਅਤੇ ਸ਼ੁਭ ਇਛਾਵਾਂ ਦਿੱਤੀਆਂ। ਅਸਲ ਵਿਚ ਮੇਲਿਆਂ ਦੌਰਾਨ ਬੁੰਗੇ (ਪ੍ਰਮੁੱਖ ਘਰਾਣਿਆਂ ਦੁਆਰਾ ਆਪਣੀ

ਯਾਤਰਾ ਦੌਰਾਨ ਆਪਣੇ ਸੇਵਕਾਂ ਦੀ ਰਿਹਾਇਸ਼ ਲਈ ਸਵਰਨ ਮੰਦਰ ਦੇ ਤਲਾਬ ਦੇ ਆਲੇ ਦੁਆਲੇ ਬਣਾਏ ਗਏ ਬੁੰਗੇ) ਅਤੇ ਸ਼ਹਿਰ ਵਿਚਲੇ ਸਾਰੇ ਅਖਾੜੇ ਜਾਂ ਅਰਾਮ ਘਰ ਲੋਕਾਂ ਨਾਲ ਪੂਰੀ ਤਰ੍ਹਾਂ ਭਰ ਜਾਂਦੇ ਸਨ। ਸ਼ਹਿਰ ਨੂੰ ਆਉਣ ਵਾਲੀਆਂ ਸੜਕਾਂ ਤੇ ਮੇਲੇ ਲਈ ਪਸ਼ੂਆਂ ਦੀ ਭੀੜ ਹੋ ਜਾਂਦੀ ਹੈ। ਪੁਲਿਸ ਦੁਆਰਾ ਆਵਾਜਾਈ ਅਤੇ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ ਅਤੇ ਬਾਹਰੋਂ ਆਉਣ ਵਾਲੇ ਯਾਤਰੀਆਂ ਦੀ ਸਹੂਲਤ ਲਈ ਅੰਮ੍ਰਿਤਸਰ ਨੂੰ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਂਦੀਆਂ ਹਨ।

ਸ਼ਹਿਰ ਵਿਚ ਵੱਖ ਵੱਖ ਥਾਵਾਂ ਤੇ ਰਾਮਲੀਲਾ ਖੇਡੀ ਜਾਂਦੀ ਹੈ ਅਤੇ ਰਾਮ ਦੇ ਜੀਵਨ ਅਤੇ ਚਰਿੱਤਰ ਦਾ ਵਰਨਣ ਕੀਤਾ ਜਾਂਦਾ ਹੈ। ਦੁਸਹਿਰਾ 'ਤੇ ਰਾਵਣ ਦੇ ਪੁਤਲੇ ਨੂੰ ਸੜਦਿਆਂ ਵੇਖਣ ਲਈ ਹਜ਼ਾਰਾਂ ਲੋਕਾਂ ਨੂੰ ਕਿਲ੍ਹਾ ਮੈਦਾਨ ਵੱਲ ਖਿੱਚਦਾ ਹੈ। ਕੁਝ ਤਿਉਹਾਰ ਗ੍ਰਹਿਣਾ ਨਾਲ ਸਬੰਧਤ ਹਨ ਅਤੇ ਦੂਸਰੇ ਵਿਸ਼ੇਸ਼ ਮੌਸਮਾਂ ਦੇ ਆਉਣ ਦਾ ਸੰਦੇਸ਼ ਦਿੰਦੇ ਹਨ। ਹੋਲੀ, ਰੰਗ ਵਾਲਾ ਪਾਣੀ ਸੁੱਟਣ ਦੇ ਹਾਸੇ ਠੱਠੇ ਵਿਚ ਹਰ ਕੋਈ ਸ਼ਾਮਲ ਹੁੰਦਾ ਹੈ। ਬਸੰਤ ਰੁੱਤ ਦਾ ਤਿਉਹਾਰ ਹੈ ਅਤੇ ਬਸੰਤ ਪੰਚਮੀ, ਜਦੋਂ ਲੋਕ ਪੀਲੇ ਰੰਗ ਦੇ ਕੱਪੜੇ ਪਹਿਨਦੇ ਹਨ ਅਤੇ ਰਾਮ ਨੌਮੀ ਵੀ ਪ੍ਰਸਿੱਧ ਹਨ। ਵਿਸਾਖੀ ਅਤੇ ਮਾਘੀ ਵੀ ਅੰਮ੍ਰਿਤਸਰ ਵਿਚ ਖਾਸ ਤੌਰ ਤੇ ਮਨਾਏ ਜਾਂਦੇ ਹਨ। ਮੁਸਲਮਾਨਾਂ ਵਿਚ, ਇਥੋਂ ਤੱਕ ਕਿ ਗਰੀਬ ਵਰਗ ਵੀ ਬੱਕਰੇ ਜਾਂ ਦੁੰਬੇ ਭਾਓ ਮੋਟੀ ਪੂੰਛ ਵਾਲੇ ਭੇਡੂ ਦੀ ਬਲੀ ਦੇਣ ਦਾ ਪ੍ਰਬੰਧ ਕਰਦੇ ਹਨ।

ਦਿਵਾਲੀ ਅਤੇ ਦੁਸਹਿਰੇ ਵਰਗੇ ਮਹਾਨ ਤਿਉਹਾਰਾਂ ਤੇ ਭਾਵੇਂ ਹਜ਼ਾਰਾਂ ਯਾਤਰੀ ਸ਼ਹਿਰ ਵਿਚ ਆਉਂਦੇ ਹਨ, ਅਤੇ ਸੱਚਮੁੱਚ ਗਲੀਆਂ ਵਿਚੋਂ ਲੰਘਿਆ ਨਹੀਂ ਜਾਂਦਾ, ਫਿਰ ਵੀ ਕੋਈ ਅਵਿਵਸਥਤਾ ਦੀ ਘਟਨਾ ਨਹੀਂ ਵਾਪਰਦੀ। ਇਹੋ ਜਿਹੇ ਮੌਕਿਆਂ ਤੇ ਸਵਰਨ ਮੰਦਰ ਦੀ ਰੋਸ਼ਨੀ ਨਾਲ ਕੀਤੀ ਗਈ ਸਜ਼ਾਵਟ, ਕੁਸ਼ਤੀਆਂ, ਨਾਟਕੀ ਅਤੇ ਕਲਾਬਾਜ਼ੀਆਂ ਦੇ ਅਨੋਖੇ ਦ੍ਰਿਸ਼ ਪ੍ਰਮੁੱਖ ਮਨਪ੍ਰਚਾਵੇ ਦੇ ਸਾਧਨ ਹੁੰਦੇ ਹਨ। ਉਦਮੀ ਵਿਕਰੇਤਾ ਸਟਾਲ ਅਤੇ ਬੂਥ ਲਾਉਂਦੇ ਹਨ ਅਤੇ ਫੇਰੀ ਵਾਲੇ ਆਪਣਾ ਸਮਾਨ ਦਾ ਪਸਾਰਾ ਕਰਦੇ ਹਨ। ਇਨ੍ਹਾਂ ਮੇਲਿਆਂ ਤੇ ਬਹੁਤ ਸਾਰੀ ਖਰੀਦ ਵੇਚ ਹੁੰਦੀ ਹੈ, ਜੋ ਖੁਸ਼ੀ ਵਿਚ ਵਾਧਾ ਕਰਦੀ ਹੈ। ਭੱਜ ਨੱਠ ਕਰਨ ਵਾਲੇ, ਝੂਲੇ ਅਤੇ ਮੌਤ ਦੇ ਸਵਾਰ, ਜਿਸ ਵਿਚ ਇਕ ਮੋਟਰ ਸਾਈਕਲ ਵਾਲਾ ਲੋਕਾਂ ਦੇ ਮਨੋਰੰਜਨ ਲਈ ਹਰ ਰੋਜ਼ ਦੋ ਵਾਰ ਮੌਤ ਨੂੰ ਸੱਦਾ ਦਿੰਦਾ ਹੈ, ਮੁੱਖ ਆਕਰਸ਼ਣ ਦੇ ਕੇਂਦਰ ਹੁੰਦੇ ਹਨ। ਲਗਾਤਾਰ ਤੇਜ਼ ਚੀਕਣ ਵਾਲੀ ਆਵਾਜ਼ ਪੈਦਾ ਕਰਦੇ ਚੰਡੋਲ ਹੁਣ ਵੀ ਹਰਮਨ ਪਿਆਰੇ ਹਨ ਜਿਨ੍ਹਾਂ ਦੀ ਆਵਾਜ਼ ਕਾਰਨ ਸਥਾਨਕ ਵਸਨੀਕਾਂ ਨੂੰ ਚਿੜ ਹੁੰਦੀ ਹੈ। ਪਰੰਤੂ ਯਾਤਰੀਆਂ ਨੂੰ ਇਹ ਖੁਸ਼ੀ ਦਿੰਦੀ ਹੈ, ਕਿਉਂਕਿ ਜਦੋਂ ਉਹ ਉਸ ਸ਼ੋਰ ਤੋਂ ਅੱਕ ਜਾਂਦੇ ਹਨ ਤਾਂ ਉਹ ਉਥੋਂ ਜਾ ਸਕਦੇ ਹਨ। ਆਤਿਸ਼ਬਾਜ਼ੀਆਂ ਸਾਰੇ ਉਤਸਵ ਦਾ ਮੁੱਖ ਭਾਗ ਹੁੰਦੀਆਂ ਹਨ। ਇਹ ਸਭ ਕੁਝ ਬਹੁਤ ਖੁਸ਼ੀ ਦਿੰਦਾ ਹੈ, ਪਰ ਕਈ ਵਾਰ ਮਾਮੂਲੀ ਗੱਲ ਸਾਰਾ ਮਜ਼ਾ ਕਿਰਕਰਾ ਕਰ ਦਿੰਦੀ ਹੈ। ਇਹ ਉਤਸਵ ਸਾਰੇ ਪਰਿਵਾਰ ਨੂੰ ਇਕੱਠੇ ਹੋਣ ਦਾ ਮੌਕਾ ਪ੍ਰਦਾਨ ਕਰਦੇ ਹਨ ਅਤੇ ਬਹੁਤ ਸਾਰੇ ਯਾਤਰੀਆਂ ਨੂੰ ਆਕਰਸ਼ਤ ਕਰਦੇ ਹਨ। ਸ਼ਹਿਰ ਤੋਂ ਬਾਹਰ ਜਿਥੇ ਕਾਫੀ ਖੁੱਲ੍ਹੀ ਜਗ੍ਹਾ ਹੋਵੇ ਉਥੇ ਲੋਕ ਮੇਲੇ ਲਈ ਇਕੱਠੇ ਹੋ ਜਾਂਦੇ ਹਨ। ਸ਼ਿਲਪਕਾਰ ਅਤੇ ਵਪਾਰੀ ਆਪਣੀਆਂ ਵਸਤਾਂ ਅਤੇ ਪਸ਼ੂਆਂ ਦੇ ਸੌਦਾਗਰ ਆਪਣੇ ਪਸ਼ੂ ਵੇਚਣ ਵਾਸਤੇ ਲਿਆਉਂਦੇ ਹਨ। ਇਹ ਇਲਾਕਾ ਜੋ ਸਾਲ ਦੇ ਅਧਿਕਤਰ ਸਮੇਂ ਵਿਚ ਫਾਲਤੂ ਪਿਆ ਰਹਿੰਦਾ ਹੈ, ਉਹ ਇਕ ਭਰਪੂਰ ਸ਼ਹਿਰ ਵਿਚ

ਤਬਦੀਲ ਹੋ ਜਾਂਦਾ ਹੈ। ਇਹ ਥੋੜ ਚਿਰਾ ਸ਼ਹਿਰ ਬੱਚਿਆਂ ਲਈ ਉਤਸ਼ਾਹ ਦਾ ਸੋਮਾ ਹੁੰਦਾ ਹੈ, ਅਤੇ ਜਦੋਂ ਇਹ ਗਾਇਬ ਹੋ ਜਾਂਦਾ ਹੈ, ਤਾਂ ਸਿਰਫ ਇਸਦੀ ਯਾਦ ਬਾਕੀ ਰਹਿ ਜਾਂਦੀ ਹੈ।

## ਖੇਡਾਂ ਅਤੇ ਮਨਪ੍ਰਚਾਵੇ

1924 ਵਿਚ ਮਿਸਟਰ ਐਫ. ਐਚ. ਪੁਕਲੇ, ਆਈ. ਸੀ.ਐਸ. ਡਿਪਟੀ ਕਮਿਸ਼ਨਰ ਨੇ ਅੰਮ੍ਰਿਤਸਰ ਖੇਡ ਸੰਸਥਾ ਦੀ ਸਥਾਪਨਾ ਕੀਤੀ, ਜਿਸਨੇ ਵੱਖ ਵੱਖ ਖੇਡਾਂ ਲਈ ਸੁੰਦਰ ਮੈਦਾਨ ਪ੍ਰਦਾਨ ਕੀਤੇ, ਖਾਸ ਕਰਕੇ ਅਲੈਗਜੈਂਡਰਾ ਮੈਦਾਨ, ਜਿਸ ਨੂੰ ਐਮ.ਸੀ.ਸੀ. ਦੇ ਕਪਤਾਨ, ਮਿਸਟਰ ਜਾਰਦੀਨਾਂ ਨੇ 'ਸੰਸਾਰ ਦਾ ਸਭ ਤੋਂ ਵਧੀਆ ਕ੍ਰਿਕਟ ਦਾ ਮੈਦਾਨ' ਕਿਹਾ ਸੀ। 1933 ਵਿਚ ਪਹਿਲਾ ਅੰਤਰ ਰਾਸ਼ਟਰੀ ਕ੍ਰਿਕਟ ਮੈਚ ਐਮ.ਸੀ.ਸੀ. ਦੁਆਰਾ ਖੇਡਿਆ ਗਿਆ ਸੀ। ਬਾਅਦ ਵਿਚ ਖੇਡ ਦੇ ਮੈਦਾਨ ਸਮੇਤ ਭੁਪਿੰਦਰਾ ਦਰਸ਼ਕ ਮੰਡਪ ਬਣਾਇਆ ਗਿਆ ਸੀ। ਪਾਕਿਸਤਾਨ ਤੇ ਵੈਸਟ ਇੰਡੀਜ਼ ਦੀਆਂ ਕ੍ਰਿਕਟ ਟੀਮਾਂ ਨੇ ਵੀ ਅੰਮ੍ਰਿਤਸਰ ਵਿਚ ਮੈਚ ਖੇਡੇ। ਅੰਮ੍ਰਿਤਸਰ ਜ਼ਿਲ੍ਹਾ ਹਾਈ ਸਕੂਲਾਂ ਅਤੇ ਅੰਤਰ ਕਾਲਜ ਕ੍ਰਿਕਟ ਖੇਡ ਮੁਕਾਬਲੇ ਵਿਸ਼ੇਸ਼ ਤੌਰ ਤੇ ਦਿਲਚਸਪ ਹੁੰਦੇ ਹਨ। ਹਾਕੀ, ਫੁੱਟਬਾਲ, ਵਾਲੀਬਾਲ, ਕਬੱਡੀ, ਗੁੱਲੀਡੰਡਾ ਅਤੇ ਪਤੰਗ ਉਡਾਉਣਾ ਕੁਝ ਲੋਕਾਂ ਦੀ ਪਸੰਦ ਹਨ।

ਯੁਵਾ ਸੰਗਠਨਾਂ ਵਿਚੋਂ ਸਭ ਤੋਂ ਪ੍ਰਸਿੱਧ ਸ਼ਾਇਦ ਬੁਆਏ ਸਕਾਉਟਸ ਲਹਿਰ ਹੈ, ਜਿਸਨੂੰ ਪਹਿਲਾਂ ਸਵਰਗੀ ਲਾਰਡ ਬੈਡਨ ਪੋਵੈਲ ਨੇ ਇੰਗਲੈਂਡ ਵਿਚ ਸਥਾਪਤ ਕੀਤਾ ਸੀ। ਸਥਾਨਕ ਸਕਾਊਟਸ ਸੰਸਥਾ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਇਸਨੇ ਆਪਣੇ ਮੈਂਬਰਾਂ ਵਿਚ ਖੇਡਾਂ, ਲੱਕੜੀ ਦੇ ਕੰਮ ਅਤੇ ਦਸਤਕਾਰੀ ਦੇ ਕੰਮ ਲਈ ਪਿਆਰ ਪੈਦਾ ਕੀਤਾ ਹੈ। ਸਕਾਊਟ ਦਲਾਂ ਦੇ ਨਾਲ ਵਧੀਆ ਸੰਗੀਤ ਮੰਡਲੀਆਂ ਜੋੜੀਆਂ ਗਈਆਂ ਹਨ। ਸਕਾਊਟ ਸੰਸਥਾਵਾਂ ਸਕੂਲਾਂ ਅਤੇ ਕਾਲਜਾਂ ਵਿਚ ਕੰਮ ਕਰਦੀਆਂ ਹਨ ਅਤੇ ਹਰ ਸਾਲ ਕੈਂਪ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਥੇ ਇਸਦੇ ਮੈਂਬਰਾਂ ਨੂੰ ਅਨੁਸ਼ਾਸਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਬਹੁਤ ਸਾਰੇ ਯੁਵਾਂ ਸੰਗਠਨ ਨੌਜਵਾਨਾਂ ਨੂੰ ਆਪਣੇ ਵਿਹਲੇ ਸਮੇਂ ਦੀ ਉਚਿੱਤ ਵਰਤੋਂ ਕਰਨ ਦੇ ਮੌਕੇ ਪ੍ਰਦਾਨ ਕਰਦੇ ਹਨ। ਉਥੇ ਉਪਕਾਰੀ ਅਤੇ ਪੇਸ਼ੇਵਰ ਸਭਾਵਾਂ ਅਤੇ ਕਲੱਬ ਵੀ ਹਨ। ਉਥੇ ਸਮਾਜਿਕ ਕਲੱਬ ਹਨ ਜਿਨ੍ਹਾਂ ਵਿਚ ਮਿਲਦੇ ਜੁਲਦੇ ਪਿਛੋਕੜ ਜਾਂ ਸ਼ੌਕ ਵਾਲੇ ਲੋਕ ਇਕ ਦੂਸਰੇ ਨੂੰ ਮਿਲ ਸਕਦੇ ਹਨ। ਲੰਮਸਡਨ (ਹੈਰੀ ਲੰਮਸਡਨ ਦੇ ਨਾਂ ਤੇ) ਅਤੇ ਅੰਮ੍ਰਿਤਸਰ ਵਰਗੇ ਅੰਮ੍ਰਿਤਸਰ ਵਿਚਲੇ ਕਲੱਬਾਂ ਵਿਚ ਲੋਕਾਂ ਨੂੰ ਮਨਪ੍ਰਚਾਵਾ, ਤਾਸ਼ ਖੇਡਣ ਅਤੇ ਟਰੇਨਿੰਗ ਲਈ ਸਹੂਲਤ ਦਿੰਦੇ ਹਨ। ਇਥੇ ਅਫਸਰ, ਵਕੀਲ ਅਤੇ ਵਪਾਰੀ ਲੋਕ ਆਪਣੀਆਂ ਸ਼ਾਮਾਂ ਦਾ ਸਮਾਂ ਗੁਜ਼ਾਰਦੇ ਹਨ। ਬਹੁਤ ਸਾਰੇ ਮੁਹੱਲਿਆਂ ਵਿਚ ਆਪਣੇ ਕਲੱਬ ਹਨ, ਪਰੰਤੂ ਕੇਵਲ ਸਰੀਰਕ ਕਸਰਤ ਵਾਸਤੇ ਹਨ। ਡਰਾਮੇ ਅਤੇ ਥੀਏਟਰ ਪ੍ਰਚੱਲਿਤ ਨਹੀਂ ਹਨ। ਸਿਨੇਮਾ ਅਤੇ ਰੇਡੀਓ ਮਨੋਰੰਜਨ ਦੇ ਖੇਤਰ ਵਿਚ ਅਜੇ ਵੀ ਅੱਗੇ ਹਨ। ਸਾਲ ਵਿਚ ਇਕ ਵਾਰ ਮੁਸ਼ਾਇਰਾ ਕਰਵਾਇਆ ਜਾਂਦਾ ਹੈ, ਜਿਸ ਵਿਚ ਹਿੱਸਾ ਲੈਣ ਲਈ ਉਘੇ ਕਵੀਆਂ ਨੂੰ ਬੁਲਾਇਆ ਜਾਂਦਾ ਹੈ। ਵੰਡ ਤੋਂ ਪਹਿਲਾਂ ਮੁਸ਼ਾਇਰੇ ਵੱਡੇ ਪੱਧਰ ਤੇ ਆਯੋਜਿਤ ਕੀਤੇ ਜਾਂਦੇ ਸਨ ਅਤੇ ਬਹੁਤ ਲੋਕ ਪ੍ਰਿਯ ਸਨ।

### ਰੋਜ਼ਾਨਾ ਜੀਵਨ

ਅੰਮ੍ਰਿਤਸਰ ਦੇ ਲੋਕਾਂ ਦਾ ਰੋਜ਼ਾਨਾ ਜੀਵਨ ਹੋਰ ਸ਼ਹਿਰਾਂ ਦੇ ਜੀਵਨ ਨਾਲੋਂ ਵੱਖਰਾ ਨਹੀਂ ਹੈ। ਵੇਖਣ ਵਾਲੇ ਨੂੰ ਜੋ ਵਖਰੇਵਾਂ ਪ੍ਰਭਾਵਤ ਕਰਦਾ ਹੈ, ਇਹ ਉਨ੍ਹਾਂ ਦੀ ਧਾਰਮਿਕ ਅਤੇ ਵਪਾਰਕ ਵਿਸ਼ੇਸ਼ਤਾ ਹੈ। ਜਦੋਂ ਅਜੇ ਹਨੇਰਾ ਹੀ ਹੁੰਦਾ ਹੈ, ਗਲੀਆਂ ਵਿਚ ਕਾਹਲੇ ਕਦਮਾਂ ਦੀ ਆਵਾਜ ਸੁਣੀ ਜਾਂਦੀ ਹੈ, ਅਤੇ ਬਹੁਤ ਸਾਰੇ ਲੋਕ ਸਵੇਰੇ ਸਾਝਰੇ ਗੁਰਦੁਆਰੇ ਜਾਂ ਮੰਦਰ ਨੂੰ ਜਾਂਦੇ ਹੋਏ ਵੇਖੇ ਜਾਂਦੇ ਹਨ। ਬਾਕੀ ਦੇ ਸਾਰੇ ਦਿਨ ਵਿਚ ਇਕ ਵਪਾਰੀ ਆਦਮੀ ਪੈਸਾ ਕਮਾਉਂਦਾ ਹੈ ਤਾਂ ਜੋ ਉਹ ਆਨੰਦ ਰਹਿਤ ਦੌਲਤ ਨੂੰ ਇਕੱਠੀ ਕਰ ਸਕੇ ਅਤੇ ਅੰਤ ਵਿਚ ਇੱਜ਼ਤ ਨਾਲ ਮਰਨ। ਪੇਸ਼ਾਵਰ ਜਮਾਤਾਂ ਨਾਲ ਸਬੰਧਤ ਭਾਰੀ ਗਿਣਤੀ ਵਿਚ ਲੋਕ ਸਿਵਲ ਲਾਈਨਜ਼, ਖਾਸ ਕਰਕੇ ਰਾਮ ਬਾਗ ਵੱਲ ਸਵੇਰ ਦੀ ਸੈਰ ਲਈ ਜਾਂਦੇ ਹਨ। ਬਹੁਤੇ ਲੋਕ ਟੋਲਿਆਂ ਵਿਚ ਰਹਿਣਾ ਪਸੰਦ ਕਰਦੇ ਹਨ, ਉਦਾਹਰਣ ਵਜੋਂ ਇਕ ਜੱਜ ਜਾਂ ਮੈਜਿਸਟਰੇਟ ਦੇ ਨਾਲ ਵਕੀਲਾਂ ਦੀ ਟੋਲੀ ਨੂੰ ਵੇਖਿਆ ਜਾ ਸਕਦਾ ਹੈ। ਜਾਂ ਕਿਸੇ ਨੂੰ ਸੇਵਾ ਮੁਕਤ ਹੋਏ ਵਿਅਕਤੀਆਂ ਦੀ ਹੌਲੀ ਹੌਲੀ ਸੈਰ ਕਰਦੀ ਟੋਲੀ ਮਿਲ ਸਕਦੀ ਹੈ, ਜਿਨ੍ਹਾਂ ਦੇ ਹੱਥਾਂ ਵਿਚ ਸੋਟੀਆਂ ਹੁੰਦੀਆਂ ਹਨ ਅਤੇ ਉਹ ਦਿਨ ਦੇ ਮਸਲੇ ਦੇ ਵਿਚਾਰ ਚਰਚਾ ਕਰ ਰਹੇ ਹੁੰਦੇ ਹਨ। ਵਿਦਿਆਰਥੀ ਵੀ ਸਵੇਰ ਵੇਲੇ ਠੰਡੀ ਅਤੇ ਤਾਜ਼ੀ ਹਵਾ ਵਿਚ ਆਪਣਾ ਪਾਠ ਯਾਦ ਕਰਨ ਲਈ ਰਾਮ ਬਾਗ ਜਾਣਾ ਪਸੰਦ ਕਰਦੇ ਹਨ। ਗਰਮੀਆਂ ਦੇ ਮੌਸਮ ਵਿਚ ਜਿੰਨੀ ਵਧੇਰੇ ਗਰਮੀ ਹੁੰਦੀ ਹੈ ਉਤਨਾ ਹੀ ਸਵੇਰ ਅਤੇ ਸ਼ਾਮ ਦੀ ਸੈਰ ਲਈ ਵਧੇਰੇ ਉਤਸ਼ਾਹ ਹੁੰਦਾ ਹੈ। ਸਰਦੀ ਅਨੰਦਮਈ ਹੁੰਦੀ ਹੈ-ਹਵਾ ਠੰਡੀ ਅਤੇ ਤਾਜ਼ੀ ਹੁੰਦੀ ਹੈ ਅਤੇ ਅਸਮਾਨ ਸਾਫ ਹੁੰਦਾ ਹੈ। ਗਰਮੀਆਂ ਵਿਚ ਮਈ ਅਤੇ ਜੂਨ ਦੇ ਮਹੀਨਿਆਂ ਤੋਂ ਬਿਨਾਂ ਮੌਸਮ ਅਸੁਖਾਵਾਂ ਨਹੀਂ ਹੁੰਦਾ। ਸਭ ਤੋਂ ਵਧੇਰੇ ਗਰਮ ਮਹੀਨਿਆਂ ਦੌਰਾਨ ਨਹਿਰ ਮਨਭਾਉਂਦੀ ਮਦਦਗਾਰ ਹੁੰਦੀ ਹੈ, ਅਤੇ ਕੁਝ ਵਪਾਰੀ ਆਦਮੀ ਆਪਣੇ ਤੇਜ਼ ਘੋੜਿਆਂ ਵਾਲੇ ਟਾਂਗਿਆਂ ਵਿਚ ਬਾਹਰ ਜਾਂਦੇ ਹਨ (ਪਹਿਲਾਂ ਟਾਂਗੇ ਹੁਣ ਕਾਰਾਂ)। ਦੂਸਰੇ ਸੁਲਤਾਨ ਵਿੰਡ ਗੇਟ ਦੇ ਬਾਹਰ ਨਹਿਰ ਤੇ ਜਾਣ ਨੂੰ ਤਰਜੀਹ ਦਿੰਦੇ ਹਨ। ਲੋਕ ਮੁੱਖ ਨਹਿਰ ਵਿਚ ਤੈਰਦੇ ਹਨ ਅਤੇ ਨਹਿਰ ਦੇ ਨੇੜੇ ਵਗਦੀ ਨਦੀ ਵਿਚ ਬੱਚੇ ਅਤੇ ਔਰਤਾਂ ਇਸ਼ਨਾਨ ਕਰਦੀਆਂ ਹਨ। ਗਰਮੀਆਂ ਵਿਚ ਲੋਕ ਭਾਰੀ ਮਾਤਰਾ ਵਿਚ ਅੰਬ ਖਰੀਦਦੇ ਹਨ ਜਿਨ੍ਹਾਂ ਨੂੰ ਖਾਣ ਤੋਂ ਪਹਿਲਾਂ ਠੰਡੇ ਕਰਨ ਲਈ ਉਹ ਪਾਣੀ ਵਿਚ ਰੱਖਦੇ ਹਨ।

ਵਧੇਰੇ ਲੋਕਾਂ ਦੁਆਰਾ ਬੋਲੀ ਜਾਂਦੀ ਭਾਸ਼ਾ ਪੰਜਾਬੀ ਹੈ, ਪਰੰਤੂ ਸ਼ਬਦਾਂ ਅਤੇ ਉਚੇਚ ਦੀ ਚੋਣ ਕਰਨ ਵਿਚ ਵਪਾਰੀ ਲੋਕਾਂ ਅਤੇ ਹੋਰ ਲੋਕਾਂ ਵਲੋਂ ਬੋਲੀ ਜਾਂਦੀ ਭਾਸ਼ਾ ਵਿਚ ਸਪਸ਼ਟ ਵਖਰੇਂਵਾਂ ਹੈ। ਅੰਗਰੇਜ਼ੀ ਦਾ ਗਿਆਨ ਥੋੜੀ ਗਿਣਤੀ ਵਿਚ ਵਪਾਰੀਆਂ ਅਤੇ ਪੇਸ਼ਾਵਰ ਵਰਗਾਂ ਤੱਕ ਹੀ ਸੀਮਤ ਹੈ। ਉਰਦੂ ਹੁਣ ਤੱਕ ਬਹੁਤ ਹਰਮਨ ਪਿਆਰਾ ਰਿਹਾ ਹੈ ਅਤੇ ਲੋਕ ਇਸਨੂੰ ਪੱਤਰ ਵਿਹਾਰ ਦੇ ਮਾਧਿਅਮ ਵਜੋਂ ਵਰਤਦੇ ਸਨ। ਬਹੁਤ ਸਾਰੇ ਇਸ਼ਤਿਹਾਰ -ਭਾਸ਼ਾ ਦੀ ਹਰਮਨ ਪਿਆਰਤਾ ਦੇ ਸੰਕੇਤ-ਹੁਣ ਤੱਕ ਉਰਦੂ ਵਿਚ ਲਾਏ ਜਾਂਦੇ ਹਨ।

ਪ੍ਰਸਿੱਧ ਨੇਤਾਵਾਂ ਦੇ ਆਉਣ ਦੇ ਮੌਕੇ ਤੇ ਲੋਕ ਆਪਣੀਆਂ ਦੁਕਾਨਾਂ ਬੰਦ ਕਰ ਦਿੰਦੇ ਹਨ ਅਤੇ "ਸ਼ਹਿਰ ਦੇ ਮਹਿਮਾਨ" ਦਾ ਦਿੱਲੀ ਸਵਾਗਤ ਕਰਦੇ ਹਨ। ਵਪਾਰਕ ਕੇਂਦਰ, ਕਟੜਾ ਆਹਲੂਵਾਲੀਆ ਵਿਚ ਖਰੀਦੋ ਫਰੋਖਤ ਲਈ ਬੜਾ ਉਤਸ਼ਾਹ ਹੁੰਦਾ ਹੈ। ਦੁਪਹਿਰ

ਤੋਂ ਬਾਅਦ ਅਲਾਹਾਬਾਦ ਬੈਂਕ ਦੇ ਨੇੜੇ ਵੱਡੀ ਗਿਣਤੀ ਵਿਚ ਆੜਤੀਏ ਆਪਣੀਆਂ ਵਸਤੂਆਂ ਦੀ ਗਿਣਤੀ ਅਤੇ ਪਰਸਪਰ ਸਲਾਹ ਮਸ਼ਵਰੇ ਕਰਨ ਲਈ ਇਕੱਤਰ ਹੁੰਦੇ ਹਨ। ਲੋਕ ਆਪਣੀਆਂ ਦੁਕਾਨਾਂ ਵਿਚੋਂ ਹੱਥ ਖੜੇ ਕਰਕੇ ਇਕ ਦੂਸਰੇ ਨੂੰ ਅਵਾਜ਼ਾਂ ਮਾਰਦੇ ਹਨ। ਸਰਦੀਆਂ ਵਿਚ ਜਦੋਂ ਮਰਦ ਆਪਣੇ ਕੰਮਾਂ ਤੇ ਚਲੇ ਜਾਂਦੇ ਹਨ, ਔਰਤਾਂ ਆਪਣੇ ਘਰਾਂ ਦੇ ਬਾਹਰ ਬੈਠ ਕੇ ਆਲੇ ਦੁਆਲੇ ਦੇ ਬੱਚਿਆਂ, ਆਪਣਾ ਵਣਜ ਕਰਨ ਲਾਏ ਵਣਜਾਰਿਆਂ ਅਤੇ ਸਬਜ਼ੀ ਵੇਚਣ ਵਾਲਿਆਂ ਨੂੰ ਵੇਖਦੀਆਂ ਹਨ।

ਸਰਦੀਆਂ ਵਿਚ ਧੁੱਪ ਚਮਕੀਲੀ ਹੁੰਦੀ ਹੈ ਅਤੇ ਮੈਡੀਕਲ ਕਾਲਜ ਤੋਂ ਪਹਾੜੀਆਂ ਦਾ ਅਵਲੋਕਨ ਬੜਾ ਸ਼ਾਨਦਾਰ ਹੁੰਦਾ ਹੈ। ਠੰਡ ਸ਼ਕਤੀ ਭਰਪੂਰ ਹੁੰਦੀ ਹੈ, ਜੋ ਲੋਕਾਂ ਨੂੰ ਚੁਸਤ ਰੱਖਦੀ ਹੈ ਅਤੇ ਸਰਦੀ ਵਿਚ ਜਦੋਂ ਬਾਰਸ਼ ਆਉਂਦੀ ਹੈ ਤਾਂ ਸੜਕਾਂ ਉਪਰ ਬਹੁਤ ਘੱਟ ਲੋਕ ਵਿਖਾਈ ਦਿੰਦੇ ਹਨ। ਪੰਛੀ ਨਹੀਂ ਗਾਉਂਦੇ, ਦਰਖਤਾਂ ਤੋਂ ਪੱਤੇ ਝੜ ਜਾਂਦੇ ਹਨ ਅਤੇ ਮਰਦ ਅੱਗ ਨਾਲ ਨਿੱਘੇ ਕੀਤੇ ਆਪਣੇ ਘਰਾਂ ਵਿਚ ਬੈਠ ਕੇ ਆਪਣੇ ਬੱਚਿਆਂ ਨੂੰ ਕਹਾਣੀਆਂ ਸੁਣਾਉਣਾ ਪਸੰਦ ਕਰਦੇ ਹਨ।

## ਹਵਾਲੇ ਤੇ ਟਿੱਪਣੀਆਂ

1. ਐਡਵਰਡ ਥੋਰਨਟਨ, ਈਸਟ ਇੰਡੀਆ ਕੰਪਨੀ ਦੀ ਸਰਕਾਰ ਅਧੀਨ ਖੇਤਰਾਂ ਦਾ ਗਜ਼ਟ, ਪੰਨਾ 117, 1854.
2. ਜਨਵਰੀ, 18[illegible] ਵਿਚ ਕੀਤੀ ਗਈ ਮਰਦਮ ਸ਼ੁਮਾਰੀ ਦੀ ਰਿਪੋਰਟ, ਪੰਨਾ 19
3. ਅੰਮ੍ਰਿਤਸਰ ਜ਼ਿਲ੍ਹੇ ਦੇ ਪਰਗਨਿਆਂ-ਅੰਮ੍ਰਿਤਸਰ, ਸੋਰੀਆਂ ਅਤੇ ਤਰਨਤਾਰਨ ਦੀ ਸੰਬੰਧਤ ਵਿਵਸਥਾ ਤੇ ਰਿਪੋਰਟ, ਪੰਨੇ 64-65
4. 1868 ਦੀ ਪੰਜਾਬ ਦੀ ਮਰਦਮ ਸ਼ੁਮਾਰੀ ਦੀ ਰਿਪੋਰਟ ਪੰਨਾ, 11
5. ਮੈਂ ਤੁਹਾਡਾ ਬਹੁਤ ਆਗਿਆਕਾਰੀ ਹਾਂ-ਵੇਖੋ ਉਹ ਕੀ ਕਰ ਰਿਹਾ ਹੈ, ਇਹ ਸਾਰੀ ਉਦਾਰਤਾ ਕਿਉਂ ?
6. ਵਿਨਸਮ ਠੱਗ
7. ਐਮਿਲੀ ਈਡਨ, ਅੱਪ ਦੀ ਕੰਟਰੀ, ਪੰਨਾ 214
8. ਉਕਤ, ਪੰਨਾ 213
9. ਸੌਲਟੀਕੋਫ ਦੀ ਪੰਜਾਬ ਯਾਤਰਾ, ਪੰਨਾ 95
10. ਵਾਲਟਰ ਹੈਮਿਲਟਨ, ਈਸਟ ਇੰਡੀਆਂ ਗੱਜਟੀਅਰਜ਼, ਪੰਨਾ 48
11. ਉਕਤ
12. ਲੈਫਟੀਨੈਂਟ ਕਰਨਲ ਸਟੇਨਬੈਚ, ਦੀ ਪੰਜਾਬ ਪੰਨਾ 4
13. ਜੇਮਜ਼ ਕੋਲੇ, 1845-46 ਦੀ ਸਤਲੁ ਮੁਹਿੰਮ ਦਾ ਜਰਨਲ ਅਤੇ ਲਾਰਡ ਹਾਰਡਿੰਗ ਦੀ ਯਾਤਰਾ, ਪੰਨਾ 107
14. ਇਸਦਾ ਭਾਵ ਹੈ ਕਿ ਵਪਾਰੀ ਆਦਮੀ ਦੀ ਕਮਾਈ ਇਕ ਵਿਆਹ ਵਿਚ ਖਤਮ ਹੋ ਜਾਂਦੀ ਹੈ।
15. ਸੌਲਟੀਕੋਫ ਦੀ ਪੰਜਾਬ ਯਾਤਰਾ, ਪੰਨਾ 95

## ਅਧਿਆਇ - ਅੱਠਵਾਂ

# ਵਪਾਰ ਅਤੇ ਉਦਯੋਗ

ਇਕ ਸਦੀ ਤੋਂ ਵੀ ਵਧੇਰੇ ਸਮੇਂ ਤੋਂ ਅੰਮ੍ਰਿਤਸਰ ਨੂੰ ਉਤਰੀ ਭਾਰਤ ਦੇ ਵਿਕਾਸਸ਼ੀਲ ਵਪਾਰਕ ਕੇਂਦਰ ਵਜੋਂ ਜਾਣਿਆ ਜਾਂਦਾ ਰਿਹਾ ਹੈ। ਵਾਲਟਰ ਹੈਮਿਲਟਨ ਨੇ ਅੰਮ੍ਰਿਤਸਰ ਨੂੰ ਕਸ਼ਮੀਰੀ ਸ਼ਾਲਾਂ ਤੇ ਕੇਸਰ ਅਤੇ ਢਾਕੇ ਤੇ ਭਾਰਤ ਦੇ ਪੂਰਬੀ ਭਾਗ ਤੋਂ ਹੋਰ ਬਹੁਤ ਸਾਰੀਆਂ ਚੀਜ਼ਾਂ ਲਈ **'ਵਪਾਰ ਦੀ ਇਕ ਵੱਡੀ ਤਜਾਰਤਗਾਹ'** ਮੰਨਿਆ ਹੈ।[1] ਐਡਵਰਡ ਥੋਰਨਟਨ ਸ਼ਾਇਦ ਅੰਮ੍ਰਿਤਸਰ ਵਿਚ ਕੱਪੜੇ, ਕਸ਼ਮੀਰੀ ਕੱਪੜੇ ਦੀ ਨਕਲ ਤੇ ਬਣਾਈਆਂ ਗਈਆਂ ਸ਼ਾਲਾਂ ਤੇ ਘਟੀਆ ਰੇਸ਼ਮੀ ਕੱਪੜੇ ਦੇ ਉਤਪਾਦਨ ਦਾ ਵਰਨਣ ਕਰਦਾ ਹੈ।[2] 1836 ਵਿਚ ਬੈਰਨ ਹੂਗਲ ਅੰਮ੍ਰਿਤਸਰ ਆਇਆ ਤੇ ਉਸਨੇ ਇਸਨੂੰ ਸ਼ਿਲਪ ਉਤਪਾਦਨ ਵਿਚ ਪੰਜਾਬ ਦੇ ਸਾਰੇ ਸ਼ਹਿਰਾਂ ਨਾਲੋਂ ਅੱਗੇ ਦੱਸਿਆ ਉਸਨੇ ਵਿੱਕਰੀ ਲਈ ਰੱਖੀਆਂ ਗਈਆਂ ਬਹੁਤ ਸਾਰੀਆਂ ਸੁੰਦਰ ਚੀਜ਼ਾਂ ਵੇਖੀਆਂ।[3] ਸਟੀਨਬਚ ਸ਼ਹਿਰ ਦੀ ਉਤਪਾਦਨ ਸਮਰੱਥਾ ਤੋਂ ਬਹੁਤ ਪ੍ਰਭਾਵਤ ਹੋਇਆ[4], ਅਤੇ ਅਲੈਗਜ਼ੈਂਡਰ ਬਰਨਜ਼ ਨੇ ਸਪਸ਼ਟ ਤੌਰ ਤੇ ਅੱਤਕਥਨੀ ਨਾਲ ਸੋਚਿਆ ਕਿ ਪੰਜਾਬ ਦੇ ਵਪਾਰ ਦਾ ਸਾਰਾ ਪ੍ਰਭਾਵ ਅੰਮ੍ਰਿਤਸਰ ਕਰਕੇ ਹੀ ਹੈ।[5]

**ਅੰਮ੍ਰਿਤਸਰ ਦੇ ਵਪਾਰਕ ਸ਼ਹਿਰ ਵਜੋਂ ਵਿਕਾਸ ਦੇ ਕਾਰਨਾਂ ਵਿਚੋਂ ਇਕ ਕਾਰਨ ਇਸ ਦੀ ਧਾਰਮਿਕ ਵਿਸ਼ੇਸ਼ਤਾ ਹੈ** ਜਿਸਨੇ ਪਹਿਲਾਂ ਆਲੇ ਦੁਆਲੇ ਦੇ ਅਤੇ ਫਿਰ ਦੇਸ਼ ਦੇ ਹੋਰ ਭਾਗਾਂ ਵਿਚੋਂ ਤੀਰਥ ਯਾਤਰੀਆਂ ਨੂੰ ਆਕਰਸ਼ਿਤ ਕੀਤਾ। ਸ਼ਰਧਾਲੂ ਵਿਸ਼ੇਸ਼ ਤੌਰ ਤੇ ਦਿਵਾਲੀ ਅਤੇ ਵਿਸਾਖੀ ਦੇ ਤਿਉਹਾਰਾਂ ਉੱਤੇ ਆਉਂਦੇ ਹਨ, ਜਿਸ ਨਾਲ ਵਪਾਰ ਵੱਧਦਾ ਫੁੱਲਦਾ ਰਿਹਾ।[6] ਕਸ਼ਮੀਰ ਦੇ ਨਜ਼ਦੀਕ ਹੋਣ ਕਾਰਨ ਜਿਸ ਦੀ ਰੇਸ਼ਮ ਅਤੇ ਸ਼ਾਲਾਂ ਦੇ ਉਤਪਾਦਨ ਵਿਚ ਪ੍ਰਤੀਸ਼ਠਾ ਹੈ। ਅੰਮ੍ਰਿਤਸਰ ਨੇ ਕਸ਼ਮੀਰ ਦੀਆਂ ਵਸਤਾਂ ਨੂੰ ਵੇਚਣ ਲਈ ਮੰਡੀ ਪ੍ਰਦਾਨ ਕੀਤੀ। ਕਾਂਗੜਾ ਅਤੇ ਮੰਡੀ ਪਹਾੜੀਆਂ ਦਾ ਬਹੁਤ ਸਾਰਾ ਤਿਆਰ ਮਾਲ ਇਥੇ ਇਕੱਠਾ ਕੀਤਾ ਜਾਂਦਾ ਅਤੇ ਮੈਦਾਨੀ ਉਤਪਾਦਨ ਦੀਆਂ ਵਸਤਾਂ ਨਾਲ ਬਦਲਿਆ ਜਾਂਦਾ ਸੀ।[7] ਮਹਾਰਾਜਾ ਰਣਜੀਤ ਸਿੰਘ ਦੇ ਇਥੇ ਆਮ ਆਉਣ ਜਾਣ ਨਾਲ ਸ਼ਹਿਰ ਦੀ ਮਹੱਤਤਾ ਹੋਰ ਵੀ ਵਧ ਗਈ। ਉਸ ਦੇ ਸਮੇਂ ਸ਼ਹਿਰ ਵਿਚ ਭਾਰੀ ਗਿਣਤੀ ਵਿਚ ਸੈਨਾ ਦੇ ਠਹਿਰਨ ਕਾਰਨ ਇਥੋਂ ਦੇ ਉਤਪਾਦਨ ਦੀ ਮੰਗ ਅਤੇ ਵਪਾਰ ਵਿਚ ਬਹੁਤ ਵਾਧਾ ਹੋਇਆ। ਅੰਗਰੇਜ਼ਾਂ ਨੇ ਵੀ ਅੰਮ੍ਰਿਤਸਰ ਦੀ ਵਪਾਰਕ ਮਹੱਤਤਾ ਨੂੰ ਪਹਿਚਾਣਿਆ ਅਤੇ ਇਸ ਦੀ ਵਪਾਰਕ ਕੇਂਦਰ ਵਜੋਂ ਮਹੱਤਤਾ ਦਾ ਲਾਭ ਉਠਾਉਣ ਲਈ ਉਨ੍ਹਾਂ ਨੇ ਇਸ ਨੂੰ ਦਿੱਲੀ ਅਤੇ ਭਾਰਤ ਦੇ ਹੋਰ ਮਹੱਤਵਪੂਰਨ ਸ਼ਹਿਰਾਂ ਨਾਲ ਸੜਕ ਅਤੇ ਰੇਲਵੇ ਮਾਰਗ ਨਾਲ ਜੋੜਿਆ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਅੰਮ੍ਰਿਤਸਰ ਦੇ ਵਸਨੀਕ ਆਪਣੇ ਵਧ ਰਹੇ ਧਨ ਅਤੇ ਕੱਪੜੇ ਦੀ ਅਸੀਮ ਵਿੱਕਰੀ ਲਈ ਉਚੀ ਉਚੀ ਡੀਂਗਾਂ ਮਾਰਦੇ ਸਨ।[8] ਮਹਾਰਾਜਾ ਮਹਾਰਾਜਾ ਰਣਜੀਤ ਸਿੰਘ ਨੇ 48 ਵਸਤੂਆਂ ਉਤੇ ਧਰਤ ਚੁੰਗੀ ਨਾਂ ਦਾ ਆਯਾਤ

ਕਰ ਲਾ ਦਿੱਤਾ। ਵਾਸਤਵਿਕ ਦੀ ਬਜਾਏ ਇਹ ਕਰ ਮੌਜੂਦਾ ਨਿਯਮਾਂ ਅਧੀਨ ਤਿੰਨ ਵਾਰ ਉਗਰਾਹਿਆ ਗਿਆ, ਇਸ ਵਿਧੀ ਨਾਲ, ਜੋ ਕਿ ਬਹੁਤ ਸਾਰੀਆਂ ਸ਼ਿਕਾਇਤਾਂ ਦਾ ਆਧਾਰ ਸੀ, ਵਪਾਰ ਬਹੁਤ ਪ੍ਰਫੁੱਲਤ ਹੋਇਆ ਅਤੇ ਲਾਹੌਰ ਦੇ 50,000 ਰੁਪਏ ਸਲਾ ਨਾ ਦੇ ਮੁਕਾਬਲੇ ਅੰਮ੍ਰਿਤਸਰ ਦਾ ਚੁੰਗੀ ਕਰ 7,00,000 ਰੁਪਏ ਸਲਾਨਾ ਹੋ ਗਿਆ (ਸਾਰੇ ਰਾਜ ਵਿਚੋਂ ਇਕੱਤਰ ਕੀਤੇ ਗਏ 24,00,000 ਰੁਪਏ ਵਿਚੋਂ)। ਸੰਨ 1833 ਵਿਚ ਲਗਭਗ, ਅਕਾਲ ਪੀੜਤ ਕਸ਼ਮੀਰੀਆਂ ਨੂੰ ਵੱਡੀ ਗਿਣਤੀ ਵਿਚ ਕਸ਼ਮੀਰ ਛੱਡ ਕੇ ਅੰਮ੍ਰਿਤਸਰ ਵਿਚ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ (ਭਾਵੇਂ ਹਿਜਰਤੀ ਜ਼ਿਆਦਾਤਰ ਸਿਖਿਅਤ ਮਜ਼ਦੂਰਾਂ ਦੀ ਮੰਗ ਕਾਰਣ ਆਏ ਮੰਨੇ ਜਾਂਦੇ ਹਨ) ਉਹ ਆਪਣੇ ਨਾਲ ਔਜ਼ਾਰ ਅਤੇ ਤਕਨੀਕਾਂ ਲਿਆਏ ਸਨ, ਜਿਸਨੇ ਸਥਾਨਕ ਸ਼ਾਲ ਉਦਯੋਗ ਨੂੰ ਸਹੀ ਲੀਹਾਂ ਤੇ ਉਨਤ ਕਰਨ ਵਿਚ ਮਦਦ ਕੀਤੀ। ਉਨ੍ਹਾਂ ਨੇ ਸਾਧਾਰਣ ਉਨ ਤੋਂ ਇਕ ਮੋਟੀ ਅਤੇ ਨਿੱਘੀ ਸਰਜ ਦਾ ਉਤਪਾਦਨ ਕੀਤਾ ਜਿਸ ਨੂੰ ਸਿੱਖ ਘੋੜਸਵਾਰ ਸਰਦੀਆਂ ਅਤੇ ਬਾਰਸ਼ ਦੌਰਾਨ ਪਹਿਨਦੇ ਸਨ। ਉਨ੍ਹਾਂ ਨੇ ਭਾਰਤ ਦੇ ਹੋਰ ਭਾਗਾਂ ਨੂੰ ਨਿਰਯਾਤ ਕਰਨ ਲਈ ਕਸ਼ਮੀਰ ਤੋਂ ਲਿਆਂਦੇ ਗਏ ਸ਼ਾਲਾਂ ਦੀ ਵੀ ਸਫਾਈ ਕੀਤੀ। ਹੈਦਰਾਬਾਦ, ਲਖਨਊ, ਦਿੱਲੀ ਅਤੇ ਰਾਜਪੁਤਾਨਾਂ ਦੇ ਰਾਜਾਂ ਵਿਚ ਸ਼ਾਲਾਂ ਦੀ ਭਾਰੀ ਮੰਗ ਹੋਣ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸ਼ਾਲ ਉਦਯੋਗ ਦੇ ਵਿਸਥਾਰ ਦਾ ਆਰੰਭ ਹੁੰਦਾ ਜਾਪਦਾ ਹੈ। **ਸ਼ਾਲਾਂ, ਦਰੀਆਂ, ਰੇਸ਼ਮ** (ਜਿਸ ਨੂੰ ਪਹਿਨਣ ਦਾ ਰਿਵਾਜ ਬਰਤਾਨਵੀ ਇਲਾਕੇ ਨਾਲੋਂ ਗੁਆਂਢੀ ਰਾਜਾਂ ਵਿਚ ਵਧੇਰੇ ਸੀ) **ਸੂਤੀ ਕੱਪੜਾ, ਵੱਡੀ ਮਾਤਰਾ ਵਿਚ ਉਨੀ ਕੱਪੜਾ ਅਤੇ ਚਮਕੀਲੇ ਸੰਧੂਰੀ ਰੰਗੇ ਕੱਪੜੇ ਦੀ ਕਿਸਮ, ਭਾਰਤ ਦੇ ਹੋਰ ਭਾਗਾਂ ਨੂੰ ਨਿਰਯਾਤ ਕੀਤਾ ਜਾਂਦਾ ਸੀ।** ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਰਾਜਨੀਤਿਕ ਅਸੁਰੱਖਿਆ ਅਤੇ ਅੰਮ੍ਰਿਤਸਰ ਦੇ ਸ਼ਿਲਪਕਾਰਾਂ ਤੇ ਲੱਗੇ ਵਿਵੇਕਹੀਣ ਟੈਕਸਾਂ ਕਾਰਣ ਵਪਾਰ ਦਾ ਪਤਨ ਹੋ ਗਿਆ, ਲੁਟੇਰੇ ਖੁੱਲ੍ਹੇ ਆਮ ਸੜਕਾਂ ਤੇ ਫਿਰਨ ਲੱਗੇ, ਕਰਾਂ ਦੇ ਰੂਪ ਵਿਚ ਜ਼ਬਰੀ ਵਸੂਲੀ ਕੀਤੀ ਜਾਂਦੀ ਸੀ ਅਤੇ ਉਤਪਾਦਕਾਂ ਨੂੰ ਜਿੱਚ ਕੀਤਾ ਜਾਂਦਾ ਸੀ। 19ਵੀਂ ਸ਼ਤਾਬਦੀ ਦੇ ਆਰੰਭਕ ਦੌਰ ਵਿਚ ਅੰਮ੍ਰਿਤਸਰ ਉਤਪਾਦਨ ਤੇ ਵਪਾਰ ਦਾ ਵੱਡਾ ਕੇਂਦਰ ਬਣ ਗਿਆ ਸੀ। ਜਦੋਂ 1830 ਈ. ਵਿਚ ਫਰਾਂਸੀਸੀ ਯਾਤਰੀ ਜੈਕਮਾਂਟ ਅੰਮ੍ਰਿਤਸਰ ਪਹੁੰਚਿਆ ਤਾਂ ਉਸਨੇ ਦੇਖਿਆ ਕਿ ਇਹ ਸ਼ਹਿਰ ਖੱਤਰੀਆਂ, ਬਾਣੀਆਂ, ਖੋਜਿਆਂ, ਕਸ਼ਮੀਰੀਆਂ ਅਤੇ ਅਫਗਾਨ ਵਪਾਰੀਆਂ ਦੀਆਂ ਸਰਗਰਮੀਆਂ ਦੀ ਚਹਿਲ ਪਹਿਲ ਨਾਲ ਭਰਪੂਰ ਸੀ। ਅੰਤਰਰਾਸ਼ਟਰੀ ਮੰਗ ਦੀ ਪੂਰਤੀ ਲਈ ਅੰਮ੍ਰਿਤਸਰ ਵਿਚ ਵਪਾਰਕ ਵਸਤੂਆਂ ਦਾ ਆਦਾਨ ਪ੍ਰਦਾਨ ਹੁੰਦਾ ਸੀ। ਅੰਮ੍ਰਿਤਸਰ ਦੇ ਵਪਾਰੀ ਰੇਸ਼ਮੀ ਤੇ ਊਨੀ ਕਪੜੇ, ਸ਼ਾਲਾਂ, ਅਨਾਜ, ਹਲਦੀ, ਅਦਰਕ, ਤਾਂਬੇ ਦੇ ਬਰਤਨ ਅਤੇ ਅੰਗਰੇਜ਼ੀ ਕਪੜੇ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਨੂੰ ਭੇਜਦੇ ਸਨ। ਇਸ ਦੇ ਬਦਲੇ ਵਿਚ ਉਹ ਕੱਚਾ ਰੇਸ਼ਮ, ਸੋਨਾ, ਗਲੀਚੇ ਅਤੇ ਘੋੜੇ ਖਰੀਦ ਲਿਆਉਂਦੇ ਸਨ।

ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਤੋਂ ਬਾਅਦ, ਇਕ ਨਵੇਂ ਯੁੱਗ ਦਾ ਆਰੰਭ ਹੋਇਆ ਜੋ ਵਪਾਰ ਦੀ ਉਨਤੀ ਲਈ ਅਨੁਕੂਲ ਸੀ। 1850 ਵਿਚ ਡਲਹੌਜੀ ਨੇ ਅੰਮ੍ਰਿਤਸਰ ਵਿਖੇ ਆਉਣ ਤੇ ਲਿਖਿਆ, "ਜਦੋਂ ਤੋਂ ਮੈਂ ਇਥੇ ਆਇਆ ਹਾਂ, ਵਪਾਰ ਵਿਚ ਇਕ ਤਿਹਾਈ ਵਾਧਾ ਹੋਇਆ ਹੈ ਅਤੇ ਇਹ ਪ੍ਰਫੁੱਲਤ ਹੋ ਰਿਹਾ ਹੈ।[9] ਵਪਾਰ ਵਿਚ ਇਹ ਵਾਧਾ

ਕਰ ਪ੍ਰਣਾਲੀ ਨੂੰ ਖਤਮ ਕਰਨ ਦੇ ਸਿੱਟੇ ਵਜੋਂ ਹੋਇਆ ਸੀ ਜੋ ਇਕ 'ਜ਼ੁਲਮ ਅਤੇ ਦਬਾਉਣ ਦਾ ਸਾਧਨ ਸੀ।[10] ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਮਿਸਟਰ ਸੀ.ਬੀ. ਸਾਂਡਰਸ ਨੇ ਵੇਖਿਆ[11] ਕਿ 1850 ਵਿਚ ਅੰਮ੍ਰਿਤਸਰ ਵਿਚ ਆਯਾਤ ਹੋਈਆਂ ਯੂਰਪੀਨ ਕਪਾਹ ਦੀਆਂ ਚੀਜ਼ਾਂ ਦੀ ਰਾਸ਼ੀ ਪਿਛਲੇ ਸਾਲ ਨਾਲੋਂ ਲਗਭਗ ਦੁੱਗਣੀ ਸੀ, ਰੇਸ਼ਮੀ ਕੱਪੜੇ ਦਾ ਆਯਾਤ ਉਤਨਾ ਹੀ ਰਿਹਾ ਪਰੰਤੂ ਇਹ ਬਹੁਤ ਸਸਤਾ ਸੀ। ਪਸ਼ਮੀਨੇ ਦੀ ਆਯਾਤ ਪਹਿਲਾਂ ਨਾਲੋਂ ਜ਼ਿਆਦਾ ਸੀ ਅਤੇ ਇਸਦੀ ਕੀਮਤ ਪਹਿਲਾਂ ਨਾਲੋਂ ਅੱਧੀ ਸੀ, ਲੋਹੇ ਦੀ ਆਯਾਤ ਦੁੱਗਣੀ ਹੋ ਗਈ ਅਤੇ ਇਹ ਸਸਤਾ ਸੀ, ਲੂਣ ਦੀ ਮਾਤਰਾ ਚੌਗਣੀ ਹੋ ਗਈ, ਕੇਸਰ ਦੀ ਆਯਾਤ ਪਿਛਲੇ ਸਾਲ ਨਾਲੋਂ ਤਿੱਗਣੀ ਸੀ, ਘੀ ਪਹਿਲਾਂ ਨਾਲੋਂ ਚਾਲੀ ਤੋਂ ਪੰਜਾਹ ਪ੍ਰਤੀਸ਼ਤ ਸਸਤਾ ਸੀ, ਸੁੱਕੇ ਮੇਵੇ ਲਗਭਗ ਦੁੱਗਣੇ ਸਨ, ਨੀਲ ਦੀ ਆਯਾਤ ਜ਼ਿਆਦਾ ਸੀ, ਪਰੰਤੂ ਅਨਾਜ ਦੀ ਆਯਾਤ ਕੁਝ ਘਟ ਗਈ ਸੀ। ਬਹੁਤ ਸਾਰੀਆਂ ਵਸਤੂਆਂ ਦੀ ਆਯਾਤ ਵਿਚ ਇਹ ਵਾਧਾ ਰਾਜਨੀਤਿਕ ਹਾਲਾਤ ਦੇ ਠੀਕ ਹੋਣ ਕਾਰਨ ਸੰਭਵ ਹੋਇਆ ਸੀ।

ਰਾਬਰਟ ਮੌਂਟਗੁੰਮਰੀ ਅਨੁਸਾਰ ਅੰਮ੍ਰਿਤਸਰ ਦੇ ਵਿਉਪਾਰੀ ਪੁਰਾਤਨ ਸਥਾਪਤ ਹੋ ਚੁੱਕੇ ਘਰਾਣਿਆਂ [12] ਨਾਲ ਸਬੰਧਤ ਸਨ ਅਤੇ ਧਨਵਾਨ ਸਨ ਅਤੇ ਉਨ੍ਹਾਂ ਦਾ ਭਾਰਤ ਤੇ ਬਹੁਤ ਸਾਰੇ ਪ੍ਰਮੁੱਖ ਸ਼ਹਿਰਾਂ ਅਤੇ ਅਫਗਾਨਿਸਤਾਨ, ਬੁਖਾਰਾ ਅਤੇ ਕਸ਼ਮੀਰ ਵਿਚ ਪੱਤਰ ਵਿਹਾਰ ਚਲਦਾ ਸੀ। [13] ਪੰਜਾਬ ਦੀ ਜਨਗਣਨਾ ਰਿਪੋਰਟ (1868) ਤੋਂ ਪਤਾ ਲਗਦਾ ਹੈ ਕਿ ਅੰਮ੍ਰਿਤਸਰ ਸ਼ਹਿਰ ਵਿਚ 658 ਵਿਉਪਾਰੀ, 2115 ਮਹਾਜਨ ਅਤੇ 3463 ਸ਼ਾਹੂਕਾਰ ਅਤੇ 12647 ਦੁਕਾਨਦਾਰ ਸਨ। ਵਿਓਪਾਰੀਆਂ ਵਿਚੋਂ ਅੰਮ੍ਰਿਤਸਰ ਦੇ ਵਸਨੀਕ ਰਾਜਾ ਸਿੰਘ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ, ਕਿਉਂਕਿ ਉਸਦਾ ਆਯਾਤ ਨਿਰਯਾਤ ਦਾ ਵੱਡੀ ਪੱਧਰ ਤੇ ਲਾਹੇਵੰਦਾ ਵਿਓਪਾਰ ਸੀ ਅਤੇ ਉਸਨੂੰ ਸਮਾਜਕ ਅਤੇ ਆਰਥਿਕ ਤੌਰ ਤੇ ਸਨਮਾਨ ਯੋਗ ਸਥਾਨ ਹਾਸਲ ਸੀ।[14] ਪੰਜਾਬ ਵਿਚ ਤਿਆਰ ਹੋਇਆ ਹਰ ਤਰ੍ਹਾਂ ਦਾ ਸਵਦੇਸ਼ੀ ਮਾਲ ਅੰਮ੍ਰਿਤਸਰ ਵਿਚ ਉਪਲਬੱਧ ਸੀ ਅਤੇ 1850 ਤੱਕ ਅੰਮ੍ਰਿਤਸਰ ਵਿਚ ਤਿਆਰ ਹੋਣ ਵਾਲੀਆਂ ਵੱਖ ਵੱਖ ਵਸਤੂਆਂ ਦੀ ਸਾਲਾਨਾ ਕੀਮਤ ਅੰਦਾਜ਼ਨ 6,90,284 ਰੁਪਏ ਅਤੇ ਲਾਹੌਰ ਦੀਆਂ ਵਸਤੂਆਂ ਦੀ ਅੰਦਾਜ਼ਨ 2,45,455 ਰੁਪਏ ਸੀ। ਅੰਮ੍ਰਿਤਸਰ ਦੀ ਆਯਾਤ ਲਗਭਗ 47,61,454 ਅਤੇ ਲਾਹੌਰ ਦੀ 26,46,017 ਰੁਪਏ ਸੀ। ਸਾਲਾਨਾ ਵਿਓਪਾਰ ਦੀ ਕੁੱਲ ਰਾਸ਼ੀ 3.5 ਮਿਲੀਅਨ ਪੌਂਡ ਸੀ।

ਪੰਜਾਬ ਉਪਰ ਕਬਜ਼ਾ ਹੋਣ ਤੋਂ ਪਹਿਲਾਂ ਸੜਕਾਂ ਦੀ ਹਾਲਤ ਭਿਆਨਕ ਸੀ ਜੋ ਆਮ ਤੌਰ ਤੇ ਝਾੜੀਆਂ ਨਾਲ ਕੱਜੀਆਂ ਹੁੰਦੀਆਂ ਸਨ। ਉਨੀਵੀਂ ਸਦੀ ਦੇ ਅੱਧ ਤੱਕ ਬਰਤਾਨਵੀ ਅਧਿਕਾਰੀਆਂ ਨੂੰ ਅੰਮ੍ਰਿਤਸਰ ਦੇ ਲਾਭਾਂ ਦਾ ਅਹਿਸਾਸ ਹੋਇਆ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਪੰਜਾਬ ਵਿਚ ਸ਼ਾਂਤੀ ਬਣਾਏ ਰੱਖਣ ਲਈ ਸੰਗੀਨਾਂ ਨਾਲੋਂ ਸੜਕਾਂ ਵਧੇਰੇ ਅਸਰਦਾਇਕ ਹੋਣਗੀਆਂ। ਫਿਰੋਜ਼ਪੁਰ ਨੂੰ ਅੰਮ੍ਰਿਤਸਰ ਨਾਲ ਜੋੜਨ ਵਾਲੀ ਸੜਕ ਰਾਹੀਂ ਬਹੁਤ ਸਾਰਾ ਵਿਉਪਾਰ ਹੁੰਦਾ ਸੀ ਅਤੇ ਲੋਹੇ ਦੀਆਂ ਚੱਦਰਾਂ, ਕਪਾਹ, ਬਾਲਣ ਅਤੇ ਚਮੜੇ ਨਾਲ ਲੱਦੇ ਹੋਏ ਗੱਡਿਆਂ ਨੂੰ ਪਰਗਨਾਂ ਕਸੂਰ ਦੇ ਇਲਾਕਿਆਂ ਤੋਂ ਆਉਂਦੇ ਹੋਏ ਇਧਰੋ ਲੰਘਦਿਆਂ ਵੇਖਿਆ ਜਾਂਦਾ ਸੀ। ਮਿਸਟਰ ਸੀ.ਬੀ. ਸਾਂਡਰਸ ਨੇ ਇਸ ਸੜਕ ਦੀ ਲੰਬਾਈ ਨੂੰ ਘਟਾਇਆ ਅਤੇ ਇਸ ਦਾ ਸੁਧਾਰ ਕੀਤਾ। ਅੰਮ੍ਰਿਤਸਰ ਤੋਂ ਲਾਹੌਰ ਤੱਕ ਇਕ ਸੜਕ ਬਣਾਈ

ਗਈ ਅਤੇ ਇਸ ਨਾਲ ਯਾਤਰੀਆਂ ਦੀ ਆਵਾਜਾਈ ਵਿਚ ਵਾਧਾ ਹੋਇਆ। ਦੋਵਾਂ ਸ਼ਹਿਰਾਂ ਵਿਚਕਾਰ ਆਉਣ ਜਾਣ ਵਾਲੇ ਯਾਤਰੀਆਂ ਦੀ ਔਸਤ ਸੰਖਿਆ ਦੋ ਹਜ਼ਾਰ ਵਿਅਕਤੀ ਪ੍ਰਤੀ ਦਿਨ ਤੋਂ ਘੱਟ ਨਹੀਂ ਸੀ, ਜਿਥੇ ਸੜਕ ਦੇ ਬਣਨ ਤੋਂ ਘੱਟ ਤੋਂ ਘੱਟ ਛੇ ਸਾਲ ਪਹਿਲਾਂ, ਲਾਹੌਰ ਵਿਚ 20 ਯੱਕੇ ਹੁੰਦੇ ਸਨ, ਉਥੇ ਦੋਵਾਂ ਸ਼ਹਿਰਾਂ ਵਿਚਕਾਰ ਚੱਲਣ ਵਾਲੇ ਯੱਕਿਆਂ ਦੀ ਗਿਣਤੀ 2500 ਤੱਕ ਪਹੁੰਚ ਗਈ ਸੀ। ਇਸੇ ਤਰ੍ਹਾਂ ਹੋਰ ਸੜਕਾਂ ਦੀ ਮੁਰੰਮਤ ਕੀਤੀ ਗਈ ਅਤੇ ਨਵੀਆਂ ਸੜਕਾਂ ਬਣਾਈਆਂ ਗਈਆਂ ਅਤੇ **ਇਸ ਤਰ੍ਹਾਂ ਅੰਮ੍ਰਿਤਸਰ ਉੱਤਰ ਪੱਛਮੀ ਪ੍ਰਾਂਤਾਂ ਅਤੇ ਸਾਰੇ ਜ਼ਿਲ੍ਹੇ ਵਿਚ ਪੱਕੀ ਬਣੀ ਹੋਈ ਗਰੈਂਡ ਟਰੰਕ ਰੋਡ ਦੁਆਰਾ ਲਾਹੌਰ ਨਾਲ ਅਤੇ ਸਿਆਲਕੋਟ, ਵਜ਼ੀਰਾਬਾਦ, ਬਟਾਲਾ ਅਤੇ ਪਹਾੜੀਆਂ ਨਾਲ ਕੱਚੀਆਂ ਸੜਕਾਂ ਦੁਆਰਾ ਜੁੜ ਗਿਆ ਸੀ, ਜਿਨ੍ਹਾਂ ਵਿਚ ਆਉਂਦੇ ਨਾਲਿਆਂ ਤੇ ਪੁਲ ਬਣੇ ਹੋਏ ਸਨ।**[15] **ਉਨ੍ਹਾਂ ਦਿਨਾਂ ਵਿਚ ਵਪਾਰਕ ਵਸਤੂਆਂ ਨੂੰ ਖੱਚਰਾਂ, ਬੈਲ ਗੱਡੀਆਂ, ਕੁਲੀਆਂ, ਯੱਕਿਆਂ, ਊਠਾਂ ਅਤੇ ਕਈ ਵਾਰ ਘੋੜਿਆਂ ਤੇ ਢੋਇਆ ਜਾਂਦਾ ਸੀ।**

**ਜੇਕਰ ਲਾਹੌਰ ਰਾਜਧਾਨੀ ਸੀ ਤਾਂ ਅੰਮ੍ਰਿਤਸਰ ਮੱਧ ਏਸ਼ੀਆ ਨਾਲ ਵਪਾਰ ਕਰਨ ਲਈ ਮੁੱਖ ਪ੍ਰਵੇਸ਼ ਦੁਆਰ ਸੀ।** ਉਨੀਵੀਂ ਸਦੀ ਦੇ ਅੱਧ ਤੱਕ ਅੰਮ੍ਰਿਤਸਰ ਪੰਜਾਬ ਦੀਆਂ ਖੇਤੀਬਾੜੀ ਅਤੇ ਉਤਪਾਦਿਤ ਵਸਤੂਆਂ ਦੇ ਵਪਾਰ ਦਾ ਕੇਂਦਰ ਬਣ ਗਿਆ ਸੀ ਅਤੇ **ਇਥੋਂ ਜੀ.ਟੀ ਰੋਡ ਰਾਹੀਂ ਕਲਕੱਤੇ ਨਾਲ ਰਾਜਪੁਤਾਨਾ ਦੇ ਰੇਗਿਸਤਾਨ ਤੋਂ ਪਾਰ ਲੰਮੇ ਅਤੇ ਮੁਸ਼ਕਿਲ ਰਸਤੇ ਦੁਆਰਾ ਮੱਧ ਏਸ਼ੀਆ ਨਾਲ ਭਾਰੀ ਮਾਤਰਾ ਵਿਚ ਵਪਾਰ ਹੁੰਦਾ ਸੀ। ਇਸ ਲਈ ਅੰਗਰੇਜ਼ਾਂ ਨੇ ਮਹਿਸੂਸ ਕੀਤਾ ਕਿ ਅੰਮ੍ਰਿਤਸਰ ਨੂੰ ਮੁਲਤਾਨ ਅਤੇ ਕਸ਼ਮੀਰ ਨਾਲ ਜੋੜ ਦੇਣਾ ਚਾਹੀਦਾ ਹੈ ਤਾਂ ਕਿ ਯੂਰਪ ਵਿਚ ਮਾਲ ਭੇਜਣ ਲਈ ਕਲਕੱਤੇ ਅਤੇ ਬੰਬਈ ਦੀ ਲੰਮੀ ਦੂਰੀ ਤੋਂ ਬਚਿਆ ਜਾ ਸਕੇ। ਉਨ੍ਹਾਂ ਨੇ ਸੋਚਿਆ ਕਿ ਮੁਲਤਾਨ ਤੋਂ ਅੰਮ੍ਰਿਤਸਰ ਤੱਕ ਰੇਲਵੇ ਲਾਈਨ 'ਭਾਰਤੀ ਸਰੀਰ ਦੀ ਆਰਥਿਕਤਾ ਵਿਚ ਧਮਣੀ'** ਸਿੱਧ ਹੋ ਸਕਦੀ ਹੈ। ਨੀਲ, ਜਿਸ ਨੂੰ ਕਲਕੱਤੇ ਤੋਂ ਆਉਂਦਿਆਂ ਇਤਨੀ ਜ਼ਿਆਦਾ ਦੇਰ ਲਗਦੀ ਸੀ ਅਤੇ ਕਣਕ ਜੋ ਢੁਆਈ ਦੇ ਸਾਧਨਾਂ ਦੀ ਘਾਟ ਕਾਰਨ ਪੰਜਾਬ ਦੇ ਗੁਦਾਮਾਂ ਵਿਚ ਸੜ ਜਾਂਦੀ ਸੀ, ਉਹ ਅੰਮ੍ਰਿਤਸਰ ਵਿਚ ਜਲਦੀ ਪਹੁੰਚ ਸਕੇਗੀ ਅਤੇ ਉਸਨੂੰ ਜਲਦੀ ਹੀ ਬਾਹਰ ਭੇਜਿਆ ਜਾ ਸਕੇਗਾ। ਇਸ ਢੰਗ ਨਾਲ ਕਲਕੱਤੇ ਅਤੇ ਬੰਬਈ ਤੋਂ ਨਿਰਯਾਤ ਕੀਤੀਆਂ ਜਾਣ ਵਾਲੀਆਂ ਸਾਰੀਆਂ ਵਸਤੂਆਂ ਪਹਿਲਾਂ ਕਰਾਚੀ ਅਤੇ ਫਿਰ ਰੇਲ ਰਾਹੀਂ ਅੰਮ੍ਰਿਤਸਰ ਆਉਣਗੀਆਂ। **ਇਸ ਲਈ 8 ਫਰਵਰੀ, 1859 ਨੂੰ ਪਹਿਲੀ ਰੇਲਵੇ ਲਾਈਨ ਨਾਲ ਅੰਮ੍ਰਿਤਸਰ, ਲਾਹੌਰ ਅਤੇ ਮੁਲਤਾਨ ਨੂੰ ਜੋੜਿਆ ਗਿਆ।** ਸੜਕੀ ਅਤੇ ਰੇਲਵੇ ਪ੍ਰਣਾਲੀ ਸ਼ੁਰੂ ਹੋ ਜਾਣ ਅਤੇ ਰੇਲਵੇ ਅਧਿਕਾਰੀਆਂ ਦੁਆਰਾ ਕਿਰਾਏ ਭਾੜੇ ਦੀਆਂ ਦਰਾਂ ਘਟਾ ਦੇਣ ਕਾਰਨ ਵਪਾਰ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ।

ਉਨੀਵੀਂ ਸਦੀ ਦੇ ਅੱਧ ਤੋਂ ਕੱਪੜੇ ਦੇ ਉਤਪਾਦਨ ਅਤੇ ਨਿਰਯਾਤ ਵਿਚ ਵਾਧਾ ਹੋਇਆ, ਜਿਸ ਨਾਲ ਜੀਵਨ ਵਿਚ ਅਮੀਰੀ ਅਤੇ ਵੰਨਸੁਵੰਨਤਾ ਆਈ। ਸ਼ਹਿਰ ਦੀ ਅਮੀਰੀ ਅਤੇ ਜੰਨਸੰਖਿਆ ਵਿਚ ਵਾਧਾ ਹੋ ਰਿਹਾ ਸੀ। ਵਿਉਪਾਰੀਆਂ ਨੇ ਨਿਰੰਤਰ ਵਧਦੀ ਹੋਈ ਵੱਟਤ ਨਾਲ ਕੱਪੜੇ ਦਾ ਵਪਾਰ ਜਾਰੀ ਰੱਖਿਆ। ਉਹ ਕਾਰੀਗਰਾਂ ਨੂੰ ਕੱਚਾ ਮਾਲ ਦਿੰਦੇ ਅਤੇ ਫਿਰ ਤਿਆਰ ਹੋਈ ਵਸਤੂ ਨੂੰ ਸਜਾਵਟ ਕਰਨ ਲਈ ਹੋਰ ਕਾਮਿਆਂ ਕੋਲ ਭੇਜਦੇ ਅਤੇ ਅੰਤ ਵਿਚ ਇਸ ਨੂੰ ਮੰਡੀ ਵਿਚ ਲੈ ਜਾਂਦੇ ਸਨ। 1883-84 ਵਿਚ ਕੱਚੇ ਰੇਸ਼ਮ ਦੀ ਆਯਾਤ

ਲੱਗਭੱਗ 25,00,000 ਸਲਾਨਾ ਸੀ। ਰੇਸ਼ਮੀ ਕੱਪੜੇ ਦੀ 2,00,000 ਰੁਪਏ, ਸੋਨੇ ਅਤੇ ਹੋਰ ਕੀਮਤੀ ਧਾਤਾਂ ਦੀ 10,00,000 ਰੁਪਏ ਸੀ ਜਦੋਂ ਕਿ ਰੇਸ਼ਮੀ ਕੱਪੜੇ ਦੇ ਥਾਨਾਂ ਦੀ ਨਿਰਯਾਤ ਲੱਗਭੱਗ 30,00,000 ਰੁਪਏ ਅਤੇ ਚੀਨੀ ਮਿੱਟੀ ਅਤੇ ਪਹਾੜੀ ਚਾਹ ਤੇ ਹੋਰ ਵਸਤੂਆਂ ਦੀ ਨਿਰਯਾਤ 1,00,000 ਰੁਪਏ ਸੀ। ਕਬਜ਼ਾ ਹੋਣ ਉਪਰੰਤ ਪਹਿਲੇ ਸਾਲ ਵਿਚ ਅੰਮ੍ਰਿਤਸਰ ਦੀ ਚੁੰਗੀ ਦੀ ਸਲਾਨਾ ਵਸੂਲੀ ਕੇਵਲ 50,000 ਰੁਪਏ ਦੇ ਕਰੀਬ ਸੀ, ਪਰੰਤੂ 1875 ਤੱਕ ਇਹ 20,0000 ਰੁਪਏ ਦੇ ਕਰੀਬ ਹੋ ਗਈ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਵਪਾਰ ਦੀ ਮਾਤਰਾ ਕਿੰਨੀ ਘਟ ਗਈ ਸੀ ਜਦੋਂ ਕਿ ਲੋਕ ਭਾਰੀ ਆਯਾਤ ਕਰਾਂ ਦੇ ਹੇਠਾਂ ਦੱਬੇ ਪਏ ਸਨ। ਪੰਜਾਂ ਸਾਲਾਂ (1895-99) ਦੀ ਔਸਤ 3,00,000 ਰੁਪਏ ਤੋਂ ਉਪਰ ਸੀ ਅਤੇ ਇਹ 1899 ਵਿਚ ਵਧ ਕੇ 5,70,000 ਹੋ ਗਈ ਸੀ। 1895 ਵਿਚ ਆਯਾਤ ਦੀ ਸਲਾਨਾ ਕੀਮਤ ਅੰਦਾਜ਼ਨ ਵੀਹ ਮਿਲੀਅਨ ਰੁਪਏ ਸੀ ਅਤੇ ਨਿਰਯਾਤ ਲਗਭਗ 15.5 ਮਿਲੀਅਨ ਰੁਪਏ ਸੀ। **ਕਾਫੀ ਦੇਰ ਤੋਂ ਅੰਮ੍ਰਿਤਸਰ ਘੋੜਿਆਂ ਦੇ ਵਪਾਰ ਦਾ ਪ੍ਰਸਿੱਧ ਕੇਂਦਰ ਬਣਿਆ ਹੋਇਆ ਸੀ।** ਮਹਾਰਾਜਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸਨੇ ਸਿਆਲਕੋਟ ਦੀ ਵਧ ਰਹੀ ਮੰਗ ਨੂੰ ਪੂਰਿਆਂ ਕੀਤਾ ਸੀ, ਜਿਥੇ ਪਸ਼ੂਆਂ ਦੀ ਪੂਰਤੀ ਤਸੱਲੀਬਖਸ ਨਹੀਂ ਸੀ। ਘੋੜਿਆ ਦੇ ਮੇਲੇ ਨਿਰੰਤਰ ਸਲਾਨਾ ਵਿਸ਼ੇਸ਼ਤਾ ਬਣ ਚੁੱਕੇ ਸਨ। ਘੋੜਿਆਂ ਅਤੇ ਹੋਰ ਪਸ਼ੂਆਂ ਦੀ ਵਿੱਕਰੀ ਵਿਚ ਸਾਲਾਂ ਤੋਂ ਮਹੱਤਵਪੂਰਨ ਵਾਧਾ ਹੋ ਰਿਹਾ ਸੀ। ਉਦਾਹਰਣ ਦੇ ਤੌਰ ਤੇ 1883 ਵਿਚ 4000 ਅਤੇ 1879 ਵਿਚ 3000 ਦੇ ਮੁਕਾਬਲੇ 1892 ਵਿਚ ਲਗਭਗ 9000 ਘੋੜੇ ਵੇਚੇ ਗਏ ਸਨ।

20ਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਅੰਮ੍ਰਿਤਸਰ ਲਗਭਗ ਸਾਰੇ ਉਤਰੀ ਭਾਰਤ ਨੂੰ ਆਯਾਤ ਕੀਤੇ ਹੋਏ ਕੱਪੜੇ ਦੇ ਥਾਨਾਂ ਦੀ ਪੂਰਤੀ ਕਰਨ ਵਾਲਾ ਕੇਂਦਰ ਬਣ ਗਿਆ ਸੀ। ਇਸਨੇ ਵਿਦੇਸ਼ੀ ਕੱਪੜਾ, ਕਪਾਹ ਅਤੇ ਉਨ ਜ਼ਿਆਦਾਤਰ ਯੂਨਾਈਟਡ ਕਿੰਗਡਮ ਤੋਂ ਆਯਾਤ ਕੀਤਾ। ਕਮਿਸ਼ਨ ਦੇ ਅਧਾਰ ਤੇ ਕੱਪੜੇ ਦੇ ਥਾਨ ਵਿਉਪਾਰੀ ਲੋਕਾਂ ਲਈ ਕਾਫੀ ਫਾਇਦੇਮੰਦ ਰਹੇ। **ਮਾਰਵਾੜੀ, ਜਿਨ੍ਹਾਂ ਨੇ ਵਪਾਰ ਦੇ ਢੰਗਾਂ ਅਤੇ ਪ੍ਰਬੰਧ ਬਾਰੇ ਨਿਪੁੰਨਤਾ ਹਾਸਲ ਕਰ ਲਈ ਸੀ ਉਹ ਅੰਮ੍ਰਿਤਸਰ ਵਸ ਗਏ ਸਨ** ਅਤੇ ਕਲਕੱਤੇ ਅਤੇ ਬੰਬਈ ਨੂੰ ਵਸਤੂਆਂ ਨਿਰਯਾਤ ਕਰਦੇ ਸਨ। ਵੱਡੀ ਗਿਣਤੀ ਵਿਚ ਅੰਮ੍ਰਿਤਸਰ ਦੇ ਲੋਕਾਂ ਨੇ ਮਿਹਨਤੀ, ਸੂਝਵਾਨ ਅਤੇ ਉਦਮੀ ਮਾਰਵਾੜੀਆਂ ਦੀ ਨਿਗਰਾਨੀ ਹੇਠ ਕਾਰਿੰਦਿਆਂ ਜਾਂ ਸਹਾਇਕਾਂ ਵਜੋਂ ਕੰਮ ਕੀਤਾ, ਜਿਨ੍ਹਾਂ ਪਾਸੋਂ ਉਨ੍ਹਾਂ ਨੇ ਵਪਾਰ ਦਾ ਸਹੀ ਲੀਹਾਂ ਦੇ ਬੰਦੋਬਸਤ ਕਰਨ ਦੇ ਢੰਗਾਂ ਦੀ ਜਾਣਕਾਰੀ ਪ੍ਰਾਪਤ ਕੀਤੀ। ਸਾਲਾਂ ਦੇ ਬੀਤਣ ਨਾਲ ਵਪਾਰ ਦੇ ਖੇਤਰ ਵਿਚ ਵਾਧਾ ਹੋਇਆ।

ਪਹਿਲੀ ਸੰਸਾਰ ਜੰਗ ਦੇ ਛਿੜ ਜਾਣ ਕਾਰਨ ਪਹਿਲਾਂ ਤਾਂ ਕੁਝ ਖਲਲ ਪਈ ਪਰੰਤੂ ਬਾਅਦ ਵਿਚ ਇਸ ਨਾਲ ਕੁਝ ਭਾਰਤੀ ਵਸਤੂਆਂ ਦੀ ਮੰਗ ਵਿਚ ਵਾਧਾ ਹੋਇਆ ਜਿਸ ਨਾਲ ਨਿੱਜੀ ਉਦਮ ਅਤੇ ਸਰਕਾਰ ਦੀਆਂ ਆਰਥਿਕ ਨੀਤੀਆਂ ਨੂੰ ਉਤਸ਼ਾਹ ਮਿਲਿਆ। ਸਵਦੇਸ਼ੀ ਅੰਦੋਲਨ ਦੇ ਪੱਖ ਵਿਚ ਭਾਰੀ ਜਨਤਕ ਰਾਇ ਹੋਣ ਕਾਰਨ ਕੱਪੜਾ ਉਦਯੋਗ ਨੂੰ ਹੱਲਾਸ਼ੇਰੀ ਮਿਲੀ, ਵਿਓਪਾਰੀ, ਉਦਯੋਗਪਤੀ ਬਣ ਗਏ ਜਿਸ ਦੇ ਨਤੀਜੇ ਵਜੋਂ ਯੂਨਾਈਟਿਡ ਕਿੰਗਡਮ ਅਤੇ ਹੋਰ ਦੇਸ਼ਾਂ ਤੋਂ ਕੱਪੜੇ ਦੀ ਆਯਾਤ ਕਰਨ ਦੀ ਬਜਾਏ ਉਹ ਆਪਣੇ ਉਤਪਾਦਨ

ਦਾ ਨਿਰਯਾਤ ਕਰਨ ਲੱਗ ਪਏ। ਇਸ ਵਿਚ ਵਿਦੇਸ਼ੀ ਮੁਦਰਾ ਵਟਾਂਦਰਾ, ਬੈਂਕਾਂ-ਵਿਸ਼ੇਸ਼ ਤੌਰ ਤੇ ਨੈਸ਼ਨਲ ਅਤੇ ਗਰਿੰਡਲੇ ਬੈਂਕ (1930) ਨੇ ਉਦਯੋਗਿਕ ਉਨਤੀ ਵਿਚ ਪ੍ਰਸੰਸਾਯੋਗ ਭੂਮਿਕਾ ਨਿਭਾਈ। ਬਾਹਰੋਂ ਖਾਸ ਤੌਰ ਤੇ ਜਾਪਾਨ ਤੋਂ ਆਯਾਤ ਕੀਤੇ ਹੋਏ ਧਾਗੇ ਤੋਂ ਕੱਪੜਾ ਤਿਆਰ ਕਰਨ ਲਈ ਕੁਝ ਹੱਥਖੱਡੀ ਉਦਯੋਗ ਸਥਾਪਤ ਕੀਤੇ ਗਏ। ਬਾਅਦ ਵਿਚ ਨਕਲੀ ਰੇਸ਼ਮੀ ਧਾਗਾ ਵਿਚ ਆਯਾਤ ਕੀਤਾ ਗਿਆ ਅਤੇ ਔਰਤਾਂ ਦੀ ਪੁਸ਼ਾਕ ਦਾ ਸਮਾਨ, ਜਿਸ ਨੂੰ ਆਮ ਤੌਰ ਤੇ ਦਰਿਆਈ ਕਿਹਾ ਜਾਂਦਾ ਸੀ, ਛੋਟੀਆਂ ਖੱਡੀਆਂ ਤੇ ਤਿਆਰ ਕੀਤਾ ਗਿਆ। ਪਹਿਲਾਂ ਬਿਜਲੀ ਨਾਲ ਚੱਲਣ ਵਾਲਾ ਖੱਡੀ ਉਦਯੋਗ , ਭਾਰਤ ਉਦਾਰ ਬੁਣਾਈ ਉਦਯੋਗ, ਜੋ ਉਨੀ ਕੰਮ ਕਰਦਾ ਸੀ, 1919 ਵਿਚ ਸਥਾਪਤ ਕੀਤਾ ਗਿਆ ਅਤੇ ਹੋਰ ਉਦਮੀਆਂ ਨੇ ਵੀ ਕਾਰਵਾਈ ਕੀਤੀ। ਇਕ ਸਵੈਚਾਲਕ ਸਕਰੀਨ ਪ੍ਰਿੰਟਿੰਗ ਮਸ਼ੀਨ, ਕਢਾਈ ਦੀਆਂ ਮਸ਼ੀਨਾਂ ਅਤੇ ਤਾਣਾ ਬੁਣਾਈ ਦੀਆਂ ਮਸ਼ੀਨਾਂ ਅੰਮ੍ਰਿਤਸਰ ਵਿਚ ਲਗਾਈਆ ਗਈਆਂ। 1929-33 ਦੀ ਚੀਜ਼ਾਂ ਦੀ ਮੰਗ ਵਿਚ ਆਈ ਅਚਾਨਕ ਗਿਰਾਵਟ ਕਾਰਨ ਉਦਯੋਗ ਨੂੰ ਧੱਕਾ ਲੱਗਾ, ਪਰ ਇਸਤੋਂ ਬਾਅਦ ਹਾਲਤ ਸੁਧਰ ਗਈ। 1933 ਵਿਚ ਬਣਾਉਟੀ ਰੇਸ਼ਮੀ ਕੱਪੜੇ ਦਾ ਉਤਪਾਦਨ ਕਰਨ ਲਈ ਪਹਿਲਾ ਬਿਜਲੀ ਨਾਲ ਚੱਲਣ ਵਾਲਾ ਖੱਡੀ ਉਦਯੋਗ ਲਗਾਇਆ ਗਿਆ। ਇਸ ਉਪਰੰਤ 1934 ਵਿਚ ਇਕ ਵੱਡਾ ਉਦਯੋਗ ਸਥਾਪਤ ਕੀਤਾ ਗਿਆ। ਦੂਸਰੀ ਸੰਸਾਰ ਜੰਗ, ਜਿਸ ਦੇ ਨਤੀਜੇ ਵਜੋਂ ਵਿਦੇਸ਼ੀ ਆਯਾਤ ਘਟ ਗਈ ਅਤੇ ਉਤਪਾਦਨ ਸਾਧਨਾਂ ਦੇ ਵਿਚਲਤ ਹੋ ਜਾਣ ਨਾਲ ਪੂਰਕ ਵਸਤੂਆਂ ਦੀ ਮੰਗ ਵਧ ਜਾਣ ਕਰਕੇ ਸਥਾਨਕ ਉਦਯੋਗ, ਖਾਸ ਕਰਕੇ ਕੱਪੜੇ ਦੇ ਉਦਯੋਗ ਨੂੰ ਉਤਸ਼ਾਹ ਮਿਲਿਆ। **1946 ਦੇ ਮਜ਼ਬੀ ਦੰਗਿਆਂ ਨੇ ਸ਼ਹਿਰ ਦਾ ਲਗਭਗ 1/4 ਹਿੱਸਾ ਤਬਾਹ ਕਰ ਦਿੱਤਾ** ਅਤੇ ਮੁਸਲਮਾਨਾਂ ਦੇ ਇਥੋਂ ਚਲੇ ਜਾਣ ਨਾਲ ਉਚ ਕੋਟੀ ਦੇ ਨਿਪੁੰਨ ਤਕਨੀਸ਼ਨਾਂ ਅਤੇ ਦਸਤੀ ਮਜ਼ਦੂਰਾਂ ਦੀ ਗਿਣਤੀ ਵਿਚ ਕਮੀ ਹੋ ਗਈ। ਜਿਸ ਦੇ ਸਿੱਟੇ ਵਜੋਂ ਉਤਪਾਦਨ ਦੇ ਬੁਰਾ ਪ੍ਰਭਾਵ ਪਿਆ। ਦੂਸਰੇ ਪਾਸੇ ਵੱਡੀ ਸੰਖਿਆ ਵਿਚ ਸ਼ਰਨਾਰਥੀ ਅੰਮ੍ਰਿਤਸਰ ਵਿਚ ਆ ਗਏ ਕਿਉਂਕਿ ਉਨ੍ਹਾਂ ਦੀ ਸਥਾਪਤੀ ਲਈ ਉਦਯੋਗ ਇਕ ਚੰਗਾ ਸਾਧਨ ਮੰਨਿਆ ਜਾਂਦਾ ਸੀ, ਇਨ੍ਹਾਂ ਸ਼ਰਨਾਰਥੀ ਲੋਕਾਂ ਦੀ ਲੱਕੜੀ ਦੇ ਪੇਚ, ਮਸ਼ੀਨਾਂ ਦੇ ਪੇਚ, ਕੱਪੜਾ ਬੁਣਨ ਦੀ ਮਸ਼ੀਨਰੀ ਅਤੇ ਬਿਜਲੀ ਦੇ ਪੱਖੇ ਆਦਿ ਦੇ ਉਤਪਾਦਨ ਲਈ ਬਹੁਤ ਸਾਰੀਆਂ ਇੰਜੀਨੀਅਰਿੰਗ ਇਕਾਈਆਂ ਸਥਾਪਤ ਕਰਨ ਲਈ ਸਹਾਇਤਾ ਕੀਤੀ ਗਈ। ਉਦਯੋਗ ਵਿਭਾਗ ਨੇ ਉਨ੍ਹਾਂ ਨੂੰ ਗ੍ਰਾਂਟਾਂ, ਕਰਜ਼ੇ, ਤਕਨੀਕੀ ਜਾਣਕਾਰੀ ਅਤੇ ਕੱਚਾ ਮਾਲ ਜਿਵੇਂ ਕਿ ਕੋਲਾ ਅਤੇ ਲੋਹੇ ਦੀ ਮਿਲਾਵਟ ਰਹਿਤ ਧਾਤਾਂ ਨਿਯਮਤ ਕੀਮਤਾਂ ਤੇ ਮੁਹੱਈਆ ਕੀਤੀਆਂ। ਵਪਾਰਕ ਅਤੇ ਉਦਯੋਗਿਕ ਮੰਤਰਾਲੇ ਨੇ ਅਨੁਕੂਲ ਕਿਰਾਏ ਤੇ ਪ੍ਰਾਪਤ ਕਰਨਯੋਗ ਮਸ਼ੀਨਰੀ ਦੀ ਪੂਰਤੀ ਕੀਤੀ।

ਉਪਰੋਕਤ ਵੇਰਵੇ ਤੋਂ ਇਹ ਪਤਾ ਲੱਗ ਜਾਵੇਗਾ ਕਿ ਜਿਹੜਾ ਪਹਿਲਾਂ ਪਹਿਲ ਵਪਾਰਕ ਕੇਂਦਰ ਸੀ, ਉਹ ਅੱਜ ਪ੍ਰਭਾਵਸ਼ਾਲੀ ਉਦਯੋਗਿਕ ਇਕਾਈਆਂ ਹੋਣ ਦਾ ਮਾਣ ਕਰਦਾ ਹੈ। ਪੰਜਾਬ ਵਿਚ ਪੂੰਜੀਕ੍ਰਿਤ 4600 ਉਦਯੋਗਾਂ ਵਿਚੋਂ ਲਗਭਗ 25 ਪ੍ਰਤੀਸ਼ਤ ਅੰਮ੍ਰਿਤਸਰ ਵਿਚ ਸਥਿਤ ਹਨ। **ਕੱਪੜਾ ਉਦਯੋਗ, ਜਿਸ ਵਿਚ ਉਨੀ, ਸੂਤੀ, ਬਣਾਉਟੀ ਰੇਸ਼ਮ ਅਤੇ ਸੂਤ ਉਤਪਾਦਨ ਸ਼ਾਮਲ ਹਨ, ਅੰਮ੍ਰਿਤਸਰ ਦੇ ਮਸ਼ਹੂਰ ਉਦਯੋਗ ਰਹੇ ਹਨ।** ਪਟਸਨ ਦੀਆਂ ਵਸਤੂਆਂ ਜਿਵੇਂ ਕਿ ਬੁਕਰਮ ਦਾ ਉਤਪਾਦਨ ਵੀ ਕੀਤਾ ਜਾਂਦਾ ਹੈ। ਹੋਰ ਵਰਨਣਯੋਗ

ਉਦਯੋਗ ਹਨ ਜਿਵੇਂ ਕਿ ਇੰਜੀਨੀਅਰਿੰਗ ਅਤੇ ਕੈਮੀਕਲ, ਪਲਾਸਟਿਕ ਅਤੇ ਹਾਥੀਦੰਦ ਦੀਆਂ ਚੀਜ਼ਾਂ, ਜੇਵਰਾਤ, ਮਿੱਟੀ ਦੇ ਖਿਡਾਉਣੇ, ਰਬੜ ਅਤੇ ਕੁਝ ਛੋਟੀਆਂ ਉਦਯੋਗਿਕ ਇਕਾਈਆ, ਰੇਡੀਓ, ਪਲਾਸਟਿਕ ਅਤੇ ਹਾਥੀਦੰਦ ਦੀਆਂ ਵਸਤੂਆਂ, ਲੱਕੜ ਨਿਕਾਸੀ ਅਤੇ ਰਬੜ ਦੀਆਂ ਚੀਜ਼ਾਂ, ਫਾਉਂਟੇਨ ਪੈਨ, ਥਰਮਾਮੀਟਰ ਅਤੇ ਜੇਵਰਾਤ ਆਦਿ ਦਾ ਉਤਪਾਦਨ ਕਰਦੀਆਂ ਹਨ।

ਬਹੁਤ ਦੇਰ ਤੋਂ ਸਥਾਪਤ ਉਦਯੋਗਾਂ ਵਿਚੋਂ ਤਿੰਨ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ।

## ਪਸ਼ਮੀਨਾ

ਇਕ ਸਮਾਂ ਸੀ ਜਦੋਂ ਅੰਮ੍ਰਿਤਸਰ ਨੂੰ ਕਸ਼ਮੀਰੀ ਸ਼ਾਲ ਬਣਾਉਣ ਵਾਲੇ ਜੁਲਾਹਿਆਂ ਦਾ ਘਰ ਕਿਹਾ ਜਾਂਦਾ ਸੀ।[16] ਅੰਮ੍ਰਿਤਸਰ ਵਿਚ ਪਹਿਲਾਂ ਪਹਿਲਾਂ ਪਸ਼ਮੀਨੇ ਦੇ ਕੰਮ ਦਾ ਉਤਪਾਦਨ ਉਸ ਵੇਲੇ ਸ਼ੁਰੂ ਕੀਤਾ ਗਿਆ ਸੀ ਜਦੋਂ ਪੰਜਾਬ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਆਰੰਭ ਹੋਇਆ। ਮੁੱਖ ਤੌਰ ਤੇ ਇਹ ਕਸ਼ਮੀਰੀ ਮੁਸਲਮਾਨਾਂ ਦੁਆਰਾ ਕੀਤਾ ਜਾਂਦਾ ਸੀ। ਪਰ ਬਾਅਦ ਵਿਚ ਪੰਜਾਬੀ ਮੁਸਲਮਾਨ ਭੀ ਪਸ਼ਮੀਨੇ ਦੀ ਬੁਣਾਈ ਕਰਨ ਲੱਗ ਗਏ। ਇਹਨਾਂ ਜੁਲਾਹਿਆਂ ਨੇ ਸਾਲਾਂ ਤੱਕ ਸਿਖਾਂਦਰੂਆਂ ਵਜੋਂ ਕੰਮ ਕੀਤਾ ਅਤੇ ਉਹ ਨਿਪੁੰਨ ਕਾਮੇ ਬਣ ਗਏ। ਸਿੱਖਾਂਦਰੂਆਂ ਦੀਆਂ ਔਸਤ ਤਨਖਾਹਾਂ ਦੋ ਤੋਂ ਚਾਰ ਰੁਪਏ ਸੀ ਅਤੇ ਉਸਤਾਦ ਕਾਮਿਆਂ ਦੀ 5 ਤੋਂ 6 ਰੁਪਏ। ਸ਼ਾਲਾਂ ਪਸ਼ਮੀਨੇ ਤੋਂ ਬਣਾਈਆਂ ਜਾਂਦੀਆਂ ਸਨ, ਜੋ ਕਸ਼ਮੀਰ ਅਤੇ ਤਿੱਬਤ ਤੋਂ ਲਿਆਂਦਾ ਜਾਂਦਾ ਸੀ। 1833 **ਤੋਂ ਬਾਅਦ ਵੱਡੀ ਗਿਣਤੀ ਵਿਚ ਕਸ਼ਮੀਰੀ ਅੰਮ੍ਰਿਤਸਰ ਵਿਚ ਆ ਕੇ ਵਸ ਗਏ** ਜੋ ਸ਼ਾਲਾਂ ਤੇ ਬਹੁਤ ਹੀ ਸੁੰਦਰ ਕਢਾਈ ਦਾ ਕੰਮ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰੀ ਸ਼ਿਲਪੀਆਂ ਨੂੰ ਅੰਮ੍ਰਿਤਸਰ ਵੱਸਣ ਲਈ ਉਤਸ਼ਾਹਿਤ ਕੀਤਾ। ਸ਼ਾਲਾਂ ਦਾ ਵਧੇਰੇ ਉਦਯੋਗ ਕਸ਼ਮੀਰੀਆਂ ਕੋਲ ਹੀ ਸੀ। ਹਿਸਾਬ ਲਗਾਇਆ ਗਿਆ ਹੈ ਕਿ ਪਹਿਲਾਂ ਪਹਿਲ ਅੰਮ੍ਰਿਤਸਰ ਵਿਚ 300 ਖੱਡੀਆਂ ਕੰਮ ਕਰਦੀਆਂ ਸਨ, ਜਿਨ੍ਹਾਂ ਦਾ ਸਲਾਨਾ ਉਤਪਾਦਨ 30,000 ਰੁਪਏ ਦਾ ਸੀ।

ਅਗਲੇ ਵੀਹ ਸਾਲਾਂ ਵਿਚ ਸ਼ਾਲ ਉਦਯੋਗ ਨੇ ਅਤਿਅੰਤ ਤਰੱਕੀ ਕੀਤੀ ਅਤੇ ਖੱਡੀਆਂ ਦੀ ਗਿਣਤੀ ਵਧ ਕੇ 4,000 ਹੋ ਗਈ, ਜਿਨ੍ਹਾਂ ਦਾ ਕੁੱਲ ਉਤਪਾਦਨ 10,00,000 ਰੁਪਏ ਦਾ ਸੀ। 1883 ਤੱਕ ਵੀ ਇਥੇ ਕੇਵਲ 4,000 ਖੱਡੀਆਂ ਸਨ, ਪਸ਼ਮੀਨੇ ਦੇ ਕੰਮ ਦਾ ਸਲਾਨਾ ਉਤਪਾਦਨ ਅੰਦਾਜ਼ਨ 8,00,000 ਰੁਪਏ ਦਾ ਸੀ ਅਤੇ ਪਸ਼ਮੀਨੇ ਦੀਆਂ ਲਗਭਗ 20,00,000 ਰੁਪਏ ਦੀਆਂ ਵਸਤੂਆਂ ਦਾ ਨਿਰਯਾਤ ਕੀਤਾ ਜਾਂਦਾ ਸੀ। ਇਸ ਵਿਚ ਦੁਬਾਰਾ ਨਿਰਯਾਤ ਕਰਨ ਲਈ ਕਸ਼ਮੀਰ ਅਤੇ ਹੋਰ ਥਾਵਾਂ ਤੋਂ ਆਯਾਤ ਕੀਤੀਆਂ ਗਈਆਂ ਵਸਤੂਆਂ ਵੀ ਸ਼ਾਮਲ ਸਨ। 1830 ਈ. ਵਿਚ ਅੰਮ੍ਰਿਤਸਰ ਵਿਚ 20 ਕਾਰਖਾਨੇ ਸਨ। ਇਕ ਸਾਲ ਵਿਚ ਤੀਹ ਹਜ਼ਾਰ ਰੁਪਏ ਦੀਆਂ ਸ਼ਾਲਾਂ ਬਣਾਈਆਂ ਜਾਂਦੀਆਂ ਸਨ। ਇਸ ਪਸ਼ਮੀਨੇ ਵਿਚੋਂ 16,00,000 ਰੁਪਏ ਦੇ ਮੁੱਲ ਦਾ ਨਿਰਯਾਤ ਪੰਜਾਬ ਵਿਚ ਵਸੇ ਹੋਏ ਯੂਰਪੀਨ ਵਪਾਰੀਆਂ ਦੁਆਰਾ ਅਤੇ ਬਾਕੀ ਦਾ 4,00,000 ਰੁਪਏ ਦੇ ਮੁੱਲ ਦਾ ਭਾਰਤੀ ਵਪਾਰੀਆਂ ਦੁਆਰਾ ਕੀਤਾ ਜਾਂਦਾ ਸੀ। ਪਰੰਤੂ ਸਾਲ ਉਦਯੋਗ ਭਾਵੇਂ ਘਾਟੇ ਵਿਚ ਸੀ ਅਤੇ 1893 ਤੱਕ 1000 ਤੋਂ ਘੱਟ ਖੱਡੀਆਂ ਸਨ ਅਤੇ ਉਤਪਾਦਤ ਵਸਤੂਆਂ ਦੀ ਕੀਮਤ 2,00,000 ਰੁਪਏ ਦੇ ਲਗਭਗ ਸੀ ਅਤੇ ਪਸ਼ਮੀਨਾ ਜੋ ਪਹਿਲਾਂ ਦੂਰ ਦੂਰ ਦੀਆਂ ਥਾਵਾਂ ਨੂੰ ਨਿਰਯਾਤ

ਕੀਤਾ ਜਾਂਦਾ ਸੀ ਉਹ ਕੇਵਲ ਲਖਨਊ ਅਤੇ ਹੈਦਰਾਬਾਦ ਵਰਗੀਆਂ ਕੁਝ ਕੁ ਮੰਡੀਆਂ ਤੱਕ ਸੀਮਤ ਹੋ ਗਿਆ।

ਪਸ਼ਮੀਨਾਂ ਸ਼ਾਲ ਉਦਯੋਗ ਅਸਲ ਵਿਚ ਹੇਠ ਲਿਖੇ ਤੱਥਾਂ ਕਰਕੇ ਖਤਮ ਹੋ ਗਿਆ ਸੀ, ਫਰਾਂਕੋ-ਪਰੂਸ਼ੀਅਨ ਜੰਗ, 19ਵੀਂ ਸਦੀ ਦੇ ਅਖੀਰਲੇ ਅੱਧ ਵਿਚ ਕਿਰਮਾਨ ਤੋਂ ਆਯਾਤ ਕੀਤੀ ਗਈ ਉਨ ਵਿਚ ਘਟੀਆ ਕਿਸਮ ਦੇ ਮਾਲ ਦੀ ਮਿਲਾਵਟ, ਬਾਹਰਲੇ ਦੇਸ਼ਾਂ ਵਿਚੋਂ ਉਨੀ ਕੱਪੜਿਆਂ ਦੀ ਆਯਾਤ, ਜੋ ਬਹੁਤ ਸੋਹਣਾ ਅਤੇ ਸਥਾਨਕ ਸ਼ਾਲਾਂ ਤੋਂ ਸਸਤਾ ਪੈਂਦਾ ਸੀ, ਮਸੀਨਰੀ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਖੱਡੀਆਂ ਦਾ ਆਗਮਨ ਅਤੇ ਅੰਤ ਵਿਚ ਦੂਸਰੀ ਅਫਗਾਨ ਜੰਗ ਅਤੇ ਪਹਿਲੀ ਸੰਸਾਰ ਜੰਗ। ਫਰਾਂਕੋ-ਪਰੂਸ਼ੀਅਨ ਯੁੱਧ ਦਾ ਅੰਮ੍ਰਿਤਸਰ ਦੇ ਪਸ਼ਮੀਨਾਂ ਉਤਪਾਦਕਾਂ ਨੂੰ ਜੋ ਤਤਕਾਲ ਘਾਟਾ ਪਿਆ, ਉਹ ਬਹੁਤ ਜ਼ਿਆਦਾ ਸੀ ਅਤੇ ਬਹੁਤ ਸਾਰੇ ਜੁਲਾਹਿਆਂ ਨੂੰ ਰੁਜ਼ਗਾਰ ਤੋਂ ਵੱਖ ਹੋਣਾ ਪਿਆ। ਕੁਝ ਉਘੀਆਂ ਫਰਮਾਂ ਜਿਵੇਂ **ਦੇਵੀ ਸਹਾਇ ਚੰਬਾ ਮੱਲ**, ਹਾਲ ਗੇਟ ਨੂੰ ਆਪਣਾ ਧਿਆਨ ਮੁੱਖ ਤੌਰ ਤੇ ਭਾਰਤੀ ਗਲੀਚੇ ਤਿਆਰ ਕਰਨ ਵੱਲ ਲਗਾਣਾ ਪਿਆ, ਭਾਵੇਂ ਉਹ ਕੁਝ ਸੀਮਤ ਮਾਤਰਾ ਵਿਚ ਸ਼ਾਲਾਂ, ਚੱਦਰਾਂ, ਮੇਜ਼ਪੋਸ਼, ਰੇਸ਼ਮ, ਪੱਗਾਂ ਅਤੇ ਕਮਰਬੰਦ ਵੀ ਤਿਆਰ ਕਰਦੇ ਸਨ।

ਇਸ ਸਦੀ ਦੇ 40ਵਿਆਂ ਦੇ ਅਖੀਰ ਵਿਚ ਚੁੰਗੀ ਕਰ ਵਿਚ ਕਮੀ ਹੋ ਜਾਣ ਕਰਕੇ ਵਪਾਰੀ ਘਟ ਕੀਮਤ ਤੇ ਧਾਗਾ ਆਯਾਤ ਕਰਨ ਦੇ ਸਮਰੱਥ ਹੋ ਗਏ, ਜਿਸ ਨਾਲ ਉਹ ਫਰਾਂਸ ਜਾਂ ਜਰਮਨੀ ਤੋਂ ਆਉਣ ਵਾਲੇ ਸ਼ਾਲਾਂ ਦੇ ਮੁਕਾਬਲੇ ਸਸਤੇ ਸ਼ਾਲ ਬਣਾ ਸਕਦੇ ਸਨ। ਉਸ ਸਮੇਂ 6 ਤੋਂ 6.5 ਗਜ਼ ਦੀ ਲੰਬਾਈ ਦੇ ਸ਼ਾਲ ਬਣਾਏ ਜਾਂਦੇ ਸਨ ਅਤੇ ਤੋਲ ਕੇ ਵੇਚੇ ਜਾਂਦੇ ਸਨ। ਸਥਾਨਕ ਥੋਕ ਵਪਾਰੀ ਸ਼ਾਲਾਂ ਜਾਂ ਸ਼ਾਲਾਂ ਦਾ ਕੱਪੜਾ ਖਰੀਦ ਕੇ ਉਸਨੂੰ ਸਾਫ ਕਰਵਾ ਕੇ ਜਾਂ ਧਵਾ ਕੇ ਵੱਖੋ ਵੱਖਰੇ ਰੰਗਾਂ ਵਿਚ ਰੰਗਵਾ ਲੈਂਦੇ ਸਨ ਅਤੇ ਇਸ ਤੋਂ ਬਾਅਦ ਉਸ ਉਤੇ ਆਮ ਤੌਰ ਤੇ ਕਸ਼ਮੀਰੀ ਮੁਸਲਮਾਨਾਂ ਵਲੋਂ ਕਢਾਈ ਕੀਤੀ ਜਾਂਦੀ ਸੀ। ਜਰਮਨੀ ਤੋਂ ਵੀ ਸ਼ਾਲ ਆਯਾਤ ਕੀਤੇ ਜਾਂਦੇ ਸਨ, ਅੰਮ੍ਰਿਤਸਰ ਦੇ ਵਿਚ ਉਨ੍ਹਾਂ ਉਪਰ ਕਢਾਈ ਕੀਤੀ ਜਾਂਦੀ ਅਤੇ ਫਿਰ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਇਕ ਘਟੀਆਂ ਕਿਸਮ ਦੇ ਸ਼ਾਲਾਂ ਵਜੋਂ ਵੇਚਿਆ ਜਾਂਦਾ ਸੀ। 1959-60 ਅਤੇ 1962-63 ਦੌਰਾਨ, ਸ਼ਾਲਾਂ ਦਾ ਉਤਪਾਦਨ (ਛੋਟੇ ਪੱਧਰ ਤੇ) 120% ਤੱਕ ਵਧਿਆ।1962-63 ਵਿਚ 3 ਇਕਾਈਆਂ ਕੰਮ ਕਰ ਰਹੀਆਂ ਸਨ ਜੋ 2,75,000 ਰੁਪਏ ਦੇ ਮੁੱਲ ਦੀਆਂ ਵਸਤੂਆਂ ਤਿਆਰ ਕਰਦੀਆਂ ਸਨ। ਦੇਸ਼ ਦੀ ਵੰਡ ਤੋਂ ਕੁਝ ਚਿਰ ਪਹਿਲਾਂ ਪੰਜਾਬ ਵਿਚੋਂ ਪਸ਼ਮੀਨੇ ਦਾ ਨਿਰਯਾਤ ਨਹੀਂ ਸੀ ਕੀਤਾ ਜਾਂਦਾ ਅਤੇ ਸਾਰਾ ਮਾਲ ਸੂਬੇ ਵਿਚ ਵਰਤਿਆ ਜਾਂਦਾ ਸੀ। ਇਸ ਦੇ ਲਗਭਗ 300 ਮਣ ਕੁੱਲੂ ਵਿਚ ਲਾਹੌਲ ਅਤੇ ਸਪਿਤੀ ਦੇ ਵਪਾਰੀਆਂ ਦੁਆਰਾ ਲਿਆ ਜਾਂਦਾ ਸੀ। ਇਸ ਵਿਚੋਂ ਤਕਰੀਬਨ 100 ਮਣ ਕਾਂਗੜਾ ਜ਼ਿਲ੍ਹੇ ਦੇ ਸਥਾਨਕ ਉਦਯੋਗਾਂ ਵਲੋਂ ਵਰਤਿਆ ਜਾਂਦਾ ਸੀ ਅਤੇ ਬਾਕੀ ਦਾ ਅੰਮ੍ਰਿਤਸਰ ਲਿਆਂਦਾ ਜਾਂਦਾ ਸੀ, ਜਿਥੇ ਉਸ ਵਿਚ ਹਿਮਾਚਲ ਪ੍ਰਦੇਸ਼ ਦੇ ਰਾਮਪੁਰ ਬੁਸ਼ੇਰ ਤੋਂ ਲਿਆਂਦਾ 200 ਮਣ ਹੋਰ ਮਿਲਾ ਲਿਆ ਜਾਂਦਾ ਸੀ। ਇਹ ਮਾਤਰਾ ਵਧੇਰੇ ਕਰਕੇ ਲੁਧਿਆਣਾ, ਅੰਮ੍ਰਿਤਸਰ ਤੇ ਡੇਰਾ ਬਾਬਾ ਨਾਨਕ ਦੇ ਸਵਦੇਸ਼ੀ ਉਦਯੋਗਾਂ ਵਲੋਂ ਇਸਤੇਮਾਲ ਕੀਤੀ ਜਾਦੀ ਸੀ।

ਬਟਵਾਰੇ ਨਾਲ ਸਥਾਨਕ ਉਦਯੋਗ ਨੂੰ ਕਾਫੀ ਧੱਕਾ ਲੱਗਾ ਅਤੇ ਪਸ਼ਮੀਨੇ ਦੀ ਵਿੱਕਰੀ

ਲਈ ਕੇਵਲ ਇਕੋ ਥਾ ਕਸ਼ਮੀਰ ਹੀ ਬਾਕੀ ਰਹਿ ਗਿਆ। 1951 ਵਿਚ ਕੋਰੀਆ ਦੀ ਜੰਗ ਕਾਰਨ ਅਮਰੀਕਾ ਨੇ ਚੀਨ ਤੋਂ ਆਯਾਤ ਕਰਨਾ ਬੰਦ ਕਰ ਦਿੱਤਾ, ਜੋ ਮੁੱਖ ਤੌਰ ਤੇ ਉਸਨੂੰ ਪਸ਼ਮੀਨੇ ਦੀ ਪੂਰਤੀ ਕਰਦਾ ਸੀ ਅਤੇ ਇਸ ਦੀ ਬਜਾਇ ਉਹ ਕਸ਼ਮੀਰ ਤੋਂ ਮਾਲ ਮੰਗਵਾਉਣ ਲੱਗਾ। ਕੁਝ ਕੁ ਕਸ਼ਮੀਰੀ ਨਿਰਯਾਤਕਾਰ ਭਾਰੀ ਮਾਤਰਾ ਵਿਚ ਪਸ਼ਮੀਨੇ ਦੀ ਸਪਲਾਈ ਦੀ ਨਿਸ਼ਚਿਤ ਪੂਰਤੀ ਲਈ ਅੰਮ੍ਰਿਤਸਰ ਆਏ। ਇਸ ਨਾਲ ਅਮਰੀਕੀ ਵਪਾਰੀਆਂ ਨੂੰ ਉਤਸ਼ਾਹ ਮਿਲਿਆ ਅਤੇ ਆਉਣ ਵਾਲੇ ਸਾਲਾਂ ਦੌਰਾਨ ਅੰਮ੍ਰਿਤਸਰ ਦੇ ਵਪਾਰੀਆਂ ਨੇ ਆਪਣੇ ਉਦਮ ਅਤੇ ਉਤਸ਼ਾਹ ਨਾਲ ਅਮਰੀਕਾ ਦੀ ਮੰਗ ਦੀ ਪੂਰਤੀ ਲਈ ਇਕ ਵੱਡਾ ਹਿੱਸਾ ਆਪਣੇ ਹੱਥਾਂ ਵਿਚ ਲੈ ਲਿਆ। ਇਸ ਨਾਲ ਪੰਜਾਬ ਦੀ ਨਿਰਯਾਤ ਵਿਚ ਵਾਧਾ ਹੋਇਆ ਅਤੇ ਪੁਲਡ ਪਸ਼ਮੀਨੇ ਦੀ ਖੋਜ ਹੋਈ। ਪਸ਼ਮੀਨੇ ਦੀ ਮੰਡੀ ਆਮ ਤੌਰ ਤੇ ਯੂ.ਐਸ.ਏ ਅਤੇ ਜਰਮਨੀ ਹੈ ਅਤੇ ਇਸ ਨੂੰ ਸੁੰਦਰ ਪੁਸ਼ਾਕਾਂ ਜਿਵੇਂ ਜਰਸੀਆਂ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ।

ਪਿਛਲੇ ਕੁਝ ਸਾਲਾਂ ਵਿਚ ਅੰਮ੍ਰਿਤਸਰ ਤੋਂ ਨਿਰਯਾਤ ਕੀਤੇ ਗਏ ਪਸ਼ਮੀਨੇ ਦੀ ਹਾਲਤ ਦਾ ਹੇਠ ਲਿਖੀ ਸਾਰਣੀ ਤੋਂ ਪਤਾ ਚਲਦਾ ਹੈ: [17]

**ਅੰਮ੍ਰਿਤਸਰ ਤੋਂ ਪਸ਼ਮੀਨੇ ਦੀ ਨਿਰਯਾਤ**

| ਸਾਲ | ਮਾਤਰਾ (ਮਣ) | ਕੀਮਤ (1000) | ਕੀਮਤ ਪ੍ਰਤੀ ਮਣ ਰੁਪਏ |
|---|---|---|---|
| 1950-51 | ਕੋਈ ਨਹੀਂ | ਕੋਈ ਨਹੀਂ | - |
| 1951-52 | 4 | 200 | 500 |
| 1952-53 | 10 | 500 | 500 |
| 1953-54 | 25 | 1953 | 781 |
| 1954-55 | 8 | 754 | 943 |
| 1955-56 | 17 | 1309 | 770 |
| 1956-57 | 15 | 1871 | 1247 |
| 1957-58 | 16 | 1096 | 685 |
| 1958-59 | 31 | 2071 | 668 |
| 1959-60 | 17 | 1025 | 603 |
| 1960-61 | 5 | 275 | 550 |

ਸਾਰਣੀ ਤੋਂ 1954-55 ਵਿਚ ਨਿਰਯਾਤ ਉਪਰ ਰੋਕਾਂ ਲਾਉਣ ਕਰਕੇ ਤੇਜ਼ ਗਿਰਾਵਟ ਦਾ ਪਤਾ ਚਲਦਾ ਹੈ। 1858-59 ਵਿਚ ਪਸ਼ਮੀਨੇ ਦੇ ਵਪਾਰ ਵਿਚ ਰੋਕਾਂ ਹਟਾਉਣ ਦੇ ਸਿੱਟੇ ਵਜੋਂ ਭਾਰੀ ਤੇਜ਼ੀ ਆਈ ਸੀ, ਪਰ ਵਿਦੇਸ਼ੀ ਉਤਪਾਦਕ ਭਾਰਤ ਵਿਚੋਂ ਕੱਚਾ ਪਸ਼ਮੀਨਾ ਹਾਸਲ ਕਰਨ ਤੋਂ ਅਸਮਰੱਥ ਸਨ ਅਤੇ ਉਹ ਹੋਰ ਸਾਧਨਾ ਜਿਵੇਂ ਮੰਗੋਲੀਆ ਅਤੇ ਇਰਾਨ

ਤੋਂ ਹਾਸਲ ਕਰਦੇ ਸਨ। ਫਿਰ 1959-60 ਵਿਚ ਨਿਰਯਾਤ ਵਿਚ ਕਮੀ ਦਾ ਕਾਰਨ ਪਸ਼ਮੀਨੇ ਲਈ ਵਿਦੇਸ਼ੀ ਮੰਗ ਦੇ ਘਟਣ ਨੂੰ ਮੰਨਿਆ ਜਾ ਸਕਦਾ ਹੈ। ਇਹ ਵੇਖਣਾ ਮਹੱਤਵਪੂਰਨ ਹੈ ਕਿ 1958-59 ਵਿਚ ਨਿਰਯਾਤ 3100 ਟਨ ਸੀ, ਜੋ ਸਭ ਤੋਂ ਵਧੇਰੇ ਸੀ। 1 ਨਵੰਬਰ 1960 ਤੋਂ ਪਸ਼ਮੀਨੇ ਲਈ ਵਿਦੇਸ਼ੀ ਮੰਗ ਤੁਲਨਾਤਮਿਕ ਘਟ ਗਈ, ਜਿਸ ਨਾਲ ਪਿਛਲੇ ਸਾਲ ਦੇ ਮੁਕਾਬਲੇ ਕੀਮਤਾਂ ਵਿਚ ਲਗਭਗ 30 ਤੋਂ 40 ਪ੍ਰਤੀਸ਼ਤ ਦੀ ਗਿਰਾਵਟ ਆਈ। ਭਾਰਤ ਚੀਨ ਲੜਾਈ ਤੋਂ ਬਾਅਦ ਪਸ਼ਮੀਨੇ ਦਾ ਵਪਾਰ ਰੁਕ ਗਿਆ ਅਤੇ ਇਸ ਦੇ ਦੁਬਾਰਾ ਨਿਰਯਾਤ ਦੀ ਸੰਭਾਵਨਾ ਅਤਿਅੰਤ ਘਟ ਗਈ।

ਅੰਮ੍ਰਿਤਸਰ ਪਸ਼ਮੀਨੇ ਦੀ ਪੈਦਾਵਾਰ ਕਰਨ ਵਾਲਾ ਰਾਜ ਭਰ ਵਿਚ ਸਭ ਤੋਂ ਵੱਡਾ ਕੇਂਦਰ ਹੈ। ਪਸ਼ਮੀਨੇ ਦੇ ਸਥਾਨਕ ਉਤਪਾਦਕ ਕੁੱਲੂ ਮੰਡੀ ਤੋਂ ਕੱਚਾ ਪਸ਼ਮੀਨਾ ਖਰੀਦਦੇ ਹਨ ਅਤੇ ਅੰਮ੍ਰਿਤਸਰ ਵਿਚ ਇਸ ਦੀ ਸਫਾਈ ਅਤੇ ਛਾਂਟੀ ਕਰਦੇ ਸਨ। ਚੀਨ ਦੇ ਹਮਲੇ ਤੋਂ ਪਹਿਲਾਂ ਤਿੱਬਤ ਤੋਂ ਅੰਮ੍ਰਿਤਸਰ ਲਿਆਂਦੇ ਗਏ ਪਸ਼ਮੀਨੇ ਵਿਚੋਂ ਉਨ ਨੂੰ ਵੱਖ ਕਰਨ ਅਤੇ ਵੱਖੋ ਵੱਖ ਰੰਗਾਂ ਨੂੰ ਵੱਖ ਵੱਖ ਕਰਨ ਦਾ ਕੰਮ ਕੀਤਾ ਜਾਂਦਾ ਸੀ, ਜਿਸ ਕੰਮ ਲਈ ਲਗਭਗ 5000 ਔਰਤਾਂ ਕੰਮ ਕਰਦੀਆਂ ਸਨ, ਉਨ੍ਹਾਂ ਵਿਚ ਹਰੇਕ ਨੂੰ ਆਮ ਤੌਰ ਤੇ 8 ਤੋਂ 10 ਆਨੇ ਤੱਕ ਰੋਜ਼ਾਨਾ ਦਿੱਤੇ ਜਾਂਦੇ ਸਨ। ਜਦੋਂ ਪਸ਼ਮੀਨਾ ਨਿਰਯਾਤ ਕਰਨ ਲਈ ਤਿਆਰ ਹੋ ਜਾਂਦਾ ਸੀ ਤਾਂ ਇਸ ਨੂੰ ਪਾਣੀ ਦੇ ਦਬਾਓ ਵਾਲੀਆਂ ਪ੍ਰੈਸਾਂ ਨਾਲ ਚਾਰ ਚਾਰ ਮਣ ਦੀਆਂ ਗਠੜੀਆਂ ਵਿਚ ਬੰਨਿਆਂ ਜਾਂਦਾ ਸੀ। ਇਸ ਸਮੇਂ ਅੰਮ੍ਰਿਤਸਰ ਵਿਚ ਕਿਸੇ ਕਿਸਮ ਦੇ ਪਿੰਜਣ ਦਾ ਕਤਾਈ ਦਾ ਕੰਮ ਨਹੀਂ ਕੀਤਾ ਜਾਂਦਾ।

## ਗਲੀਚੇ

ਪੰਜਾਬ ਉਪਰ ਕਬਜ਼ਾ ਹੋਣ ਤੋਂ ਬਾਅਦ ਗਲੀਚਿਆਂ ਦੇ ਨਿਰਯਾਤ ਦੇ ਵਪਾਰ ਵਿਚ ਵਾਧਾ ਹੋਇਆ ਅਤੇ ਅੰਮ੍ਰਿਤਸਰ ਵਿਚ ਕੰਮ ਕਰ ਰਹੀਆਂ ਖੱਡੀਆਂ ਦੀ ਗਿਣਤੀ 4000 ਸੀ। ਬਾਅਦ ਵਿਚ ਯੂਰਪੀਅਨਾਂ ਦੇ ਕਸ਼ਮੀਰੀ ਸ਼ਾਲ ਪਹਿਨਣਾ ਬੰਦ ਕਰਨ ਕਰਕੇ ਖੱਡੀਆਂ ਦੀ ਸੰਖਿਆ ਘਟ ਕੇ ਲਗਭਗ 1000 ਰਹਿ ਗਈ। ਪਰ ਫਿਰ ਵੀ ਖਾਸ ਕਰਕੇ ਵੱਡੇ ਮੇਲਿਆਂ ਤੇ ਬਹੁਤ ਸਾਰੇ ਗਾਹਕ ਵੇਖੇ ਜਾ ਸਕਦੇ ਸਨ। ਯੂਰਪੀਅਨ ਚੀਜ਼ਾਂ ਦਾ ਵਪਾਰ, ਜੋ ਇਹ ਚਲਦੇ ਫਿਰਦੇ ਵਪਾਰੀ ਸਵਦੇਸ਼ੀ ਮਾਲ ਦੇ ਬਦਲੇ ਵਿਚ ਲੈਂਦੇ ਸਨ, ਤੇਜ਼ੀ ਨਾਲ ਵਧਿਆ, ਜਦਕਿ ਰੋਜ਼ਗਾਰ ਦੇ ਚਾਹਵਾਨ ਅੰਮ੍ਰਿਤਸਰ ਦੇ ਸ਼ਾਲ ਬੁਣਨ ਵਾਲਿਆਂ ਨੂੰ ਉਨ੍ਹਾਂ ਦੀ ਨਕਲ ਕਰਨ ਦੇ ਹੁਨਰ ਅਤੇ ਵਿਹਲੀਆਂ ਖੱਡੀਆਂ ਕਾਰਨ ਅਫਗਾਨਿਸਤਾਨੀ ਗਲੀਚੇ ਅਤੇ ਬੁਖਾਰੇ ਦਾ ਰੇਸ਼ਮ ਦਾ ਕੰਮ ਮਿਲ ਗਿਆ। ਇਸ ਤਰ੍ਹਾਂ ਅੰਮ੍ਰਿਤਸਰ ਵਿਚ ਗਲੀਚਾ ਉਦਯੋਗ ਦਾ ਵਿਕਾਸ ਹੋਇਆ ਅਤੇ ਇਸ ਨੂੰ ਜੇਲ੍ਹਾਂ ਵਿਚ ਹੋਏ ਉਤਪਾਦਨ ਨਾਲ ਹੋਰ ਵੀ ਉਤਸ਼ਾਹ ਮਿਲਿਆ। ਫਰੈਂਕੋ ਪਰੂਸ਼ੀਅਨ ਜੰਗ ਕਾਰਨ ਅੰਮ੍ਰਿਤਸਰ ਦੀਆਂ ਕੁਝ ਉਘੀਆਂ ਵਪਾਰਕ ਫਰਮਾਂ ਜਿਵੇਂ ਦੇਵੀ ਸਹਾਇ ਚੰਬਾ ਮੱਲ ਨੇ ਭਾਰਤੀ ਗਲੀਚਿਆਂ ਦੇ ਉਤਪਾਦਨ ਵੱਲ ਧਿਆਨ ਦਿੱਤਾ। ਵੱਡੀ ਗਿਣਤੀ ਵਿਚ ਅਮੀਰ ਫਰਮਾਂ ਨੇ ਇਸ ਵਪਾਰ ਨੂੰ ਉਤਕ੍ਰਿਸ਼ਟ ਸਫਲਤਾ ਨਾਲ ਵਧਾਇਆ ਅਤੇ ਉਤਪਾਦਨ ਵਧਣ ਲੱਗਾ। ਉਦਯੋਗ ਅਮੀਰ ਹਿੰਦੂਆਂ ਦੇ ਹੱਥਾਂ ਵਿਚ ਸਨ ਜੋ ਮੁਸਲਮਾਨ ਜੁਲਾਹਿਆਂ ਨੂੰ ਕੰਮ ਤੇ ਰੱਖਦੇ ਹਨ। ਅੰਮ੍ਰਿਤਸਰ ਦੇ ਗਲੀਚੇ ਸੋਹਣੇ ਅਤੇ ਮੁਲਾਇਮ ਸਨ ਅਤੇ ਕੁਝ ਪੱਖਾਂ ਤੋਂ ਕਸ਼ਮੀਰ ਦੇ ਗਲੀਚਿਆਂ ਨਾਲ ਮਿਲਦੇ ਜੁਲਦੇ

ਸਨ। ਡਿਜ਼ਾਈਨਾਂ ਅਤੇ ਰੰਗਾਂ ਦੀ ਵਿਉਂਤ ਨੂੰ ਸੁਧਾਰਨ ਲਈ ਗਲੀਚਿਆਂ ਦੇ ਨਮੂਨੇ ਭਾਰਤੀ ਰਾਜਾਂ ਅਤੇ ਮੱਧ ਏਸ਼ੀਆਂ ਤੋਂ ਲਏ ਜਾਂਦੇ ਸਨ ਅਤੇ ਇਹ ਸ਼ਾਲਾਂ ਦੇ ਨਮੂਨੇ ਅਤੇ ਉਦੇਸ਼ਾਂ ਤੇ ਅਧਾਰਤ ਹੁੰਦੇ ਸਨ। ਦੇਵੀ ਸਹਾਇ ਚੰਬਾ ਮੱਲ ਦੀ ਫਰਮ ਨੇ ਜੋ ਹਾਲ ਗੇਟ ਤੋਂ ਹਾਥੀ ਗੇਟ ਤੱਕ ਫੈਲੀ ਹੋਈ ਸੀ 250 ਤੋਂ 300 ਖੱਡੀਆਂ ਲਾਈਆਂ ਅਤੇ 200 ਤੋਂ 300 ਗਲੀਚੇ ਵਿੱਕਰੀ ਲਈ ਉਪਲੱਬਧ ਕਰਵਾਏ, ਉਨ੍ਹਾਂ ਵਿਚੋਂ ਹਰੇਕ ਆਕਾਰ, ਨਮੂਨੇ, ਡਿਜ਼ਾਈਨ ਅਤੇ ਰੰਗ ਪੱਖੋਂ ਵੱਖਰਾ ਸੀ। ਅੰਮ੍ਰਿਤਸਰ ਦੇ ਗਲੀਚੇ ਅੰਤਰ ਰਾਸ਼ਟਰੀ ਨੁਮਾਇਸ਼ਾਂ ਵਿਚ ਰੱਖੇ ਜਾਂਦੇ ਸਨ। 1921 ਵਿਚ ਗਲੀਚੇ ਦੇ ਧਾਗੇ ਤਿਆਰ ਕਰਨ ਲਈ ਇਕ ਉਨੀ ਮਿੱਲ ਸਥਾਪਤ ਕੀਤੀ ਗਈ ਸੀ। ਗਲੀਚਿਆਂ ਦਾ ਉਤਪਾਦਨ ਗਿਣਤੀ ਵਿਚ ਵਧਿਆ ਅਤੇ ਗੁਣਾਤਮਿਕ ਸੁਧਾਰ ਹੋਇਆ। ਬਟਵਾਰੇ ਤੋਂ ਪਹਿਲਾਂ ਗਲੀਚੇ ਮੁਸਲਮਾਨ ਜੁਲਾਹਿਆਂ ਦੁਆਰਾ ਹੱਥਾਂ ਨਾਲ ਵੀ ਬੁਣੇ ਹੁੰਦੇ ਸਨ ਜਿਨ੍ਹਾਂ ਨੂੰ ਗਲੀਚਿਆਂ ਵਿਚ ਬੁਣੇ ਨਗੰਦਿਆਂ ਦੇ ਹਿਸਾਬ ਨਾਲ ਮੇਹਨਤਾਨਾ ਦਿੱਤਾ ਜਾਂਦਾ ਸੀ ਜੋ ਇਕ ਵਰਗ ਇੰਚ ਵਿਚ 40 ਤੋਂ 500 ਤੱਕ ਹੁੰਦੇ ਸਨ। ਸੁੰਦਰ ਨਮੂਨਿਆਂ ਦੇ ਗਲੀਚੇ ਹੁਣ ਵੀ ਤਿਆਰ ਕੀਤੇ ਜਾਂਦੇ ਹਨ ਅਤੇ ਯੂ.ਐਸ.ਏ, ਯੂ.ਕੇ ਅਤੇ ਫਰਾਂਸ ਨੂੰ ਨਿਰਯਾਤ ਕੀਤੇ ਜਾਂਦੇ ਹਨ।

## ਰੇਸ਼ਮ

ਅਸਲ ਵਿਚ ਕੱਚਾ ਰੇਸ਼ਮ ਬੁਖਾਰਾ ਤੋਂ ਮੰਗਵਾਇਆ ਜਾਂਦਾ ਸੀ ਅਤੇ ਉਸਦੀ ਅੰਮ੍ਰਿਤਸਰ ਵਿਚ ਸਫਾਈ, ਪਿੰਜਾਈ ਅਤੇ ਰੰਗਾਈ ਕੀਤੀ ਜਾਂਦੀ ਅਤੇ ਫਿਰ ਉਸਨੂੰ ਭਾਰਤ ਦੇ ਵੱਖ ਵੱਖ ਥਾਵਾਂ ਤੇ ਭੇਜਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਦਰਬਾਰੀਆਂ ਦੀ ਪੁਸ਼ਾਕ ਲਈ ਚੌੜੇ ਅਤੇ ਮੋਟੇ ਕੱਪੜੇ ਦੀ ਮੰਗ ਹੁੰਦੀ ਸੀ ਇਸ ਲਈ ਕੱਪੜੇ ਦੇ ਥਾਨ ਵਧੀਆ ਕਿਸਮ ਦੇ ਹੁੰਦੇ ਸਨ, ਪਰ ਬਾਅਦ ਵਿਚ ਸਸਤੇ ਅਤੇ ਆਮ ਕੱਪੜੇ ਦੀ ਮੰਗ ਹੋਣ ਕਾਰਨ ਕਿਸਮ ਘਟੀਆ ਹੋ ਗਈ। ਅੰਮ੍ਰਿਤਸਰ, ਪੇਸ਼ਾਵਰ ਅਤੇ ਸਰਹੱਦ ਤੋਂ ਅਗਲੇ ਭਾਗਾਂ ਨੂੰ ਰੇਸ਼ਮੀ ਵਸਤਾਂ ਭੇਜਦਾ ਸੀ, ਜਿਨ੍ਹਾਂ ਦੇ ਉਤਪਾਦਨ ਲਈ ਕਾਬਲ ਤੋਂ ਆਉਣ ਵਾਲੇ ਕਾਫਲੇ ਕਾਰੀਗਰਾਂ ਨੂੰ ਉਤਸ਼ਾਹਿਤ ਕਰਦੇ ਸਨ। 1883 ਤੱਕ ਆਯਾਤ ਕੀਤੇ ਰੇਸ਼ਮ ਦੀ ਔਸਤ ਸਲਾਨਾ ਕੀਮਤ 3,00,000 ਰੁਪਏ ਸੀ। 1893 ਤੱਕ 2000 ਖੱਡੀਆਂ ਕੰਮ ਕਰਦੀਆਂ ਸਨ ਅਤੇ ਉਤਪਾਦਨ ਦੀ ਕੀਮਤ ਲੱਗਭਗ 2,00,000 ਰੁਪਏ ਸੀ। ਰੇਸ਼ਮੀ ਕੱਪੜੇ ਪਹਿਨਣਾ ਵਿਲਾਸਤਾ ਸਮਝੀ ਜਾਂਦੀ ਸੀ ਅਤੇ ਇਸਨੂੰ ਸ਼ਹਿਜ਼ਾਦੇ ਅਤੇ ਅਮੀਰ ਆਦਮੀ ਪਹਿਨਦੇ ਸਨ।

ਪ੍ਰਸਿੱਧ ਕਿਸਮਾਂ ਸਨ, ਦਰਿਆਈ, ਵਧੀਆ ਮਾਲ ਅਤੇ ਇਕ ਰੰਗ ਦੀ ਬਣੀ ਵਸਤੂ, ਗੁਲਬਦਨ, ਧਾਰੀਦਾਰ ਰੇਸ਼ਮ, ਕੰਵੇਜ਼, ਇਕ ਮੋਟਾ ਕੱਪੜਾ ਜੋ ਵਧੇਰੇ ਕਰਕੇ ਘੱਗਰਿਆਂ ਲਈ ਵਰਤਿਆ ਜਾਂਦਾ ਸੀ ਅਤੇ ਗਾਰਡਾਂ, ਵਿਸ਼ੇਸ਼ ਤੌਰ ਤੇ ਹਿੰਦੂ ਔਰਤਾਂ ਦੇ ਘੱਗਰਿਆਂ ਲਈ ਬਣਿਆ ਮਾਲ, ਪੱਗਾਂ, ਕਮਰਬੰਦ ਅਤੇ ਪਜਾਮਿਆਂ ਦੇ ਨਾਲੇ ਆਦਿ। ਨਵੇਂ ਉਦਯੋਗਾਂ ਵਿਚ ਕੱਪੜਾ, ਇੰਜੀਨੀਅਰਿੰਗ ਅਤੇ ਰਸਾਇਣਕ ਉਦਯੋਗ ਇਥੋਂ ਦਾ ਮਾਣ ਹਨ।

ਕਿਹਾ ਜਾਂਦਾ ਹੈ ਕਿ ਕੱਪੜਾ ਉਦਯੋਗ ਉਨੀਵੀਂ ਸਦੀ ਦੇ ਅਖੀਰ ਵਿਚ ਸਥਾਪਤ ਹੋਇਆ ਜਦੋਂ ਦੋ ਕਾਰਖਾਨੇਦਾਰਾਂ ( ਮਿੱਲ ਮਾਲਕਾਂ) ਨੇ ਲਗਭਗ ਅੱਧੀ ਦਰਜ਼ਨ ਖੱਡੀਆਂ ਲਗਾਈਆਂ । 1954-55 ਵਿਚ ਕੀਤੇ ਗਏ ਇਕ ਸਰਵੇਖਣ ਅਨੁਸਾਰ 4,604 ਬਿਜਲੀ

ਨਾਲ ਚੱਲਣ ਵਾਲੀਆਂ ਖੱਡੀਆਂ ਅਤੇ 7,273 ਹੱਥ ਖੱਡੀਆਂ ਕੱਪੜਾ ਉਦਯੋਗ ਵਿਚ ਕੰਮ ਕਰ ਰਹੀਆਂ ਸਨ। 1962-63 ਵਿਚ 4,109 ਬਿਜਲੀ ਨਾਲ ਚੱਲਣ ਵਾਲੀਆਂ ਖੱਡੀਆਂ ਅਤੇ 9500 ਹੱਥ ਖੱਡੀਆਂ ਸਨ ਅਤੇ ਉਦਯੋਗ ਨੇ 16,216 ਕਾਮਿਆਂ ਨੂੰ ਰੋਜ਼ਗਾਰ ਮੁਹੱਈਆ ਕੀਤਾ ਹੋਇਆ ਸੀ।

## ਉੱਨੀ ਕੱਪੜਾ ਉਦਯੋਗ

ਉੱਨੀ ਕੱਪੜਾ ਉਦਯੋਗ (ਵੱਡਾ ਪੈਮਾਨਾ) ਨੇ ਸਥਾਪਨ ਸਮਰੱਥਾ ਅਤੇ ਉਤਪਾਦਨ ਦੇ ਖੇਤਰ ਵਿਚ ਬਰਾਬਰ ਉਨਤੀ ਕੀਤੀ ਹੈ। 1959-60 ਅਤੇ 1962-63 ਦਰਮਿਆਨ ਉੱਨ੍ਹੀ ਕੱਪੜੇ (ਵੱਡੇ ਪੈਮਾਨੇ ਤੇ) ਵਿਚ ਉਤਪਾਦਨ ਦੇ ਮੁੱਖ ਵਿਚ ਲਗਭਗ 12% ਅਤੇ ਰੁਜ਼ਗਾਰ ਵਿਚ 89 % ਦਾ ਵਾਧਾ ਹੋਇਆ। 1962-63 ਵਿਚ ਇਥੇ 15 ਉੱਨੀ ਮਿੱਲਾਂ ਸਨ, ਜਿਨ੍ਹਾਂ ਵਿਚ 44,300 ਤੱਕਲੀਆਂ, 595 ਖੱਡੀਆਂ, 150 ਹੱਥ ਖੱਡੀਆਂ ਸਨ। ਮੰਗ ਆਦੇਸ਼ ਤੇ ਉਤਪਾਦਨ ਤਕਰੀਬਨ 70 ਮਿਲੀਅਨ ਰੁਪਏ ਦਾ ਸੀ।

ਇਥੇ ਇਕ ਕਪਾਹ ਦਾ ਕਤਾਈ ਅਤੇ ਬੁਣਾਈ ਮਿਲ (ਵੱਡੇ ਪੈਮਾਨੇ ਦਾ) ਹੈ ਜਿਸ ਵਿਚ 12700 ਤੱਕਲੇ, 228 ਖੱਡੀਆਂ ਹਨ ਇਥੇ 295 ਕਾਮਿਆਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ ਅਤੇ ਇਹ 18,23,000 ਰੁਪਏ ਮੁੱਲ ਦੀਆਂ ਵਸਤੂਆਂ ਦਾ ਉਤਪਾਦਨ ਕਰਦਾ ਹੈ। 1959-60 ਅਤੇ 1962-63 ਦਰਮਿਆਨ, ਕੱਪੜੇ ਦੇ ਉਤਪਾਦਨ ਦਾ ਮੁੱਲ 31% ਤੱਕ ਡਿਗ ਗਿਆ ਸੀ।

1959-60 ਅਤੇ 1962-63 ਦਰਮਿਆਨ ਬਿਜਲੀ ਨਾਲ ਚੱਲਣ ਵਾਲੀ ਖੱਡੀ ਤੇ (ਉਨੀ, ਸੂਤੀ ਅਤੇ ਬਣਾਵਟੀ ਰੇਸ਼ਮੀ) ਛੋਟੇ ਅਤੇ ਮੱਧ ਪੈਮਾਨੇ ਤੇ ਬੁਣਾਈ ਦੇ ਮੁੱਲ ਵਿਚ 88% ਮਜ਼ਦੂਰੀ ਵਿਚ ਲਗਭਗ 150% ਦਾ ਵਾਧਾ ਹੋਇਆ।

1959-60 ਅਤੇ 1962-63 ਦਰਮਿਆਨ ਹੱਥ ਖੱਡੀ ਨਾਲ ਬੁਣਾਈ (ਦਰਮਿਆਨੇ ਅਤੇ ਛੋਟੇ ਪੱਧਰ ਤੇ) ਦੇ ਉਤਪਾਦਨ ਕੀਮਤ ਲਗਭਗ 29% ਤੱਕ ਵਧੀ ਅਤੇ ਰੁਜ਼ਗਾਰ 38% ਤੱਕ ਘਟ ਗਿਆ। 1962-63 ਵਿਚ 9500 ਇਕਾਈਆਂ ਕੰਮ ਕਰ ਰਹੀਆ ਸਨ ਜਿਨ੍ਹਾਂ ਦਾ ਉਤਪਾਦਨ 55 ਮਿਲੀਅਨ ਰੁਪਏ ਦੇ ਮੁੱਲ ਦਾ ਸੀ ਅਤੇ ਇਨ੍ਹਾਂ ਵਿਚ 9800 ਮਜ਼ਦੂਰਾਂ ਨੂੰ ਰੋਜ਼ਗਾਰ ਪ੍ਰਾਪਤ ਸੀ।

1959-60 ਅਤੇ 1962-63 ਦਰਮਿਆਨ ਨਕਲੀ ਰੇਸ਼ਮ ( ਦਰਮਿਆਨੇ ਅਤੇ ਛੋਟੇ ਪੱਧਰ ਤੇ) ਵਿਚ ਉਤਪਾਦਨ ਕਰਨ ਦੀ ਕੀਮਤ ਵਿਚ 9% ਤੱਕ ਦਾ ਵਾਧਾ ਹੋਇਆ। 1962-63 ਵਿਚ ਓਤਪਾਦਨ 30 ਮਿਲੀਅਨ ਰੁਪਏ ਦੇ ਮੁੱਲ ਦਾ ਸੀ।

ਜ਼ੁਰਾਬਾਂ, ਬੁਨੈਣ ਬਣਾਉਣਾ ਅੰਮ੍ਰਿਤਸਰ ਦਾ ਇਕ ਪੁਰਾਤਨ ਉਦਯੋਗ ਹੈ, ਇਸ ਉਦਯੋਗ ਵਿਚ ਵਰਤਿਆ ਜਾਣ ਵਾਲਾ ਜ਼ਰੂਰੀ ਮਾਲ ਧਾਗਾ ਹੈ। 1954-55, 1962-63 ਵਿਚ ਉਤਪਾਦਨ ਦੀ ਕੀਮਤ 41% ਤੱਕ ਵਧੀ ਅਤੇ ਮਜ਼ਦੂਰੀ ਬਰਾਬਰ ਰਹੀ। 1962-63 ਵਿਚ 46 ਫਰਮਾਂ ਕੰਮ ਕਰ ਰਹੀਆਂ ਸਨ, ਜਿਨ੍ਹਾਂ ਵਿਚ 210 ਮਜ਼ਦੂਰ ਕੰਮ ਕਰਦੇ ਸਨ ਅਤੇ ਇਨ੍ਹਾਂ ਦਾ ਉਤਪਾਦਨ 16,85,000 ਰੁਪਏ ਦੇ ਮੁੱਲ ਦਾ ਸੀ। ਕੱਪੜਾ ਉਦਯੋਗ ਜ਼ਿਆਦਾਤਰ ਛੋਟੇ ਪੈਮਾਨੇ ਤੇ ਹੀ ਚਲਾਇਆ ਗਿਆ ਹੈ। ਉਦਯੋਗਪਤੀ ਹਮੇਸ਼ਾ ਆਪਣੇ ਕਾਰੋਬਾਰ ਦਾ ਖੇਤਰ ਇਕੋ ਕੰਮ ਤੱਕ ਸੀਮਤ ਨਹੀਂ ਰੱਖਦੇ। ਉਹ ਉੱਨ ਤੋਂ ਨਕਲੀ ਰੇਸ਼ਮ ਅਤੇ ਸੂਤੀ ਅਤੇ

ਇਸ ਤੋਂ ਉਲਟ ਮੰਗ ਅਤੇ ਮੰਡੀ ਦੀ ਹਾਲਤ ਅਨੁਸਾਰ ਵਾਰ ਵਾਰ ਕੰਮ ਬਦਲਦੇ ਰਹਿੰਦੇ ਸਨ। ਅੰਮ੍ਰਿਤਸਰ ਦੇ ਉਨੀ ਉਤਪਾਦਨ ਵਿਚ ਵਧੀਆਂ ਮੋਟਾ ਤੇ ਖੁਰਦਰਾ ਕੱਪੜਾ, ਉਨੀ ਧਾਗਾ, ਮੋਟੀਆਂ ਸ਼ਾਲਾਂ, ਕੋਟ ਦੇ ਕੱਪੜੇ, ਕੰਬਲ, ਨਮਦੇ (ਰੰਗਦਾਰ ਕੰਬਲ) ਅਤੇ ਦਰੀਆਂ ਹਨ। ਸੂਤੀ ਕੱਪੜੇ ਦਾ ਉਤਪਾਦਨ ਬਿਸਤਰੇ ਦੀਆਂ ਚੱਦਰਾਂ, ਬਿਸਤਰਿਆਂ ਦੇ ਛਾੜ ਅਤੇ ਪਰਦਿਆਂ ਤੱਕ ਹੀ ਸੀਮਤ ਹੈ। ਸ਼ੈਨੋਨ, ਜ਼ਾਰਜੱਟ, ਤਾਫਤਾ ਅਤੇ ਮੁਲਾਇਮ ਤੇ ਕੱਚਾ ਰੇਸ਼ਮ (ਸ਼ੈਨਟਨਗ) ਨਕਲੀ ਰੇਸ਼ਮ ਦੇ ਉਤਪਾਦਨ ਦੀਆਂ ਮੁੱਖ ਕਿਸ਼ਤਾਂ ਹਨ। ਕੱਪੜਾ ਉਦਯੋਗ ਲਈ ਲੋੜੀਂਦੀਆਂ ਕਈ ਪ੍ਰਕਾਰ ਦੀਆਂ ਮਸ਼ੀਨਾਂ ਜਿਵੇਂ ਧਾਗੇ ਵੱਟਣ ਦੀ ਮਸ਼ੀਨ, ਰੀਲਾਂ ਬਣਾਉਣਾ, ਫਿਰਕੀਆਂ ਤੇ ਧਾਗਾ ਲਪੇਟਣਾ, ਅਤੇ ਲਪੇਟਣ ਜਾਂ ਪੈਕ ਕਰਨ ਦੀਆਂ ਮਸ਼ੀਨਾਂ ਦੇ ਉਤਪਾਦਨ ਦਾ ਕਾਰੋਬਾਰ ਹੈ।

## ਮਸ਼ੀਨੀ ਕਢਾਈ

ਦੇਸ਼ ਦੀਆਂ ਮਸ਼ੀਨੀ ਕਢਾਈ ਦੀਆਂ ਦੋ ਵੱਡੀਆਂ ਫਰਮਾਂ ਅੰਮ੍ਰਿਤਸਰ ਵਿਚ ਸਥਿਤ ਹੋਣ ਕਾਰਨ ਸੂਬੇ ਦੀ ਮਹਾਨਤਾ ਹੈ। ਇਸ ਕਿਸਮ ਦਾ ਪਹਿਲਾ ਉਦਯੋਗ ਇਕ ਇਤਾਲਵੀ ਦੁਆਰਾ 1934 ਵਿਚ ਲਗਾਇਆ ਗਿਆ ਸੀ ਅਤੇ ਦੂਸਰਾ 1941 ਵਿਚ। ਵਧ ਰਹੀ ਮੰਗ ਦੀ ਪੂਰਤੀ ਹਿਤ ਦੋਵਾਂ ਉਦਯੋਗਾਂ ਨੇ ਆਪਣੀਆਂ ਗਤੀਵਿਧੀਆਂ ਦਾ ਵਿਸਥਾਰ ਕੀਤਾ ਅਤੇ ਆਪਣੇ ਵਰਗ ਨਾਲ ਸਬੰਧਤ ਕਾਰੋਬਾਰ ਸ਼ੁਰੂ ਕੀਤੇ। ਰਾਜ ਵਲੋਂ ਕਢਾਈ ਵਾਲੀਆਂ ਵਸਤਾਂ ਜਿਵੇਂ ਬੁਨੈਣਾਂ, ਮੈਰੀਨੋ, ਸ਼ਾਲਾਂ, ਕਿਨਾਰੀਆਂ ਅਤੇ ਝਾਲਰਾਂ ਦੀ ਲੋੜ ਦੀ ਪੂਰਤੀ ਕੀਤੀ ਜਾਂਦੀ ਹੈ। ਇਸ ਉਦਯੋਗ ਲਈ ਮੁਲਾਇਮ ਕੱਪੜਾ , ਕੱਪੜੇ ਦਾ ਧਾਗਾ ਅਤੇ ਨਕਲੀ ਰੇਸ਼ਮੀ ਧਾਗਾ ਕੱਚਾ ਮਾਲ ਲੋੜੀਂਦਾ ਹੈ। 1960-61 ਅਤੇ 1962-63 ਦੌਰਾਨ ਉਤਪਾਦਨ ਦੀ ਕੀਮਤ ਵਿਚ 24 % ਤੱਕ ਅਤੇ ਰੋਜ਼ਗਾਰ ਵਿਚ 70% ਤੱਕ ਕਮੀ ਹੋਈ।

## ਕੱਪੜੇ ਦੀ ਛਪਾਈ :

ਕੱਪੜਾ ਉਦਯੋਗ ਦੇ ਵਿਸਥਾਰ ਨਾਲ ਮਸ਼ੀਨੀ ਛਪਾਈ, ਸਕਰੀਨ ਪ੍ਰਿੰਟਿੰਗ ਅਤੇ ਬਲਾਕ ਪ੍ਰਿੰਟਿੰਗ ਵਾਸਤੇ ਲਗਭਗ 39 ਫਰਮਾਂ ਲਾਈਆਂ ਗਈਆਂ, ਜਿਨ੍ਹਾਂ ਵਿਚ ਲਗਭਗ 548 ਲੋਕਾਂ ਨੂੰ ਵੱਖੋ ਵੱਖ ਕੰਮਾਂ ਲਈ ਰੋਜ਼ਗਾਰ ਮਿਲਿਆ। ਲੋੜੀਂਦਾ ਕੱਚਾ ਮਾਲ ਜੋ ਇਸ ਉਦਯੋਗ ਲਈ ਚਾਹੀਦਾ ਹੈ, ਉਹ ਹੈ ਰੰਗ, ਕੈਮੀਕਲਜ਼, ਕੱਪੜਾ ਅਤੇ ਕੋਲਾ। ਮੱਧ ਪੂਰਬੀ ਦੇਸ਼ਾਂ ਨੂੰ ਕੀਤੀ ਜਾਂਦੀ ਨਕਲੀ ਰੇਸ਼ਮੀ ਕੱਪੜੇ ਦੀ ਨਿਰਯਾਤ ਨਾਲ ਹੋਰ ਵੀ ਉਤਸ਼ਾਹ ਮਿਲਿਆ ਹੈ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਨਿਸ਼ਚਿਤ ਸਮੇਂ ਵਿਚ ਅਤਿ ਅਧਿਕ ਨਿਰਯਾਤ ਲਈ ਮੰਡੀ ਬਣ ਜਾਵੇਗੀ।

## ਸਾਧਾਰਣ ਇੰਜੀਨੀਅਰੀ

ਉਦਯੋਗ ਦਾ ਇਕ ਮਹੱਤਵਪੂਰਨ ਅੰਗ, ਜੋ ਹੁਣੇ ਹੁਣੇ ਉਤਪੰਨ ਹੋਇਆ ਹੈ, ਉਹ ਸਾਧਾਰਣ ਇੰਜੀਨੀਅਰੀ ਹੈ, ਜਿਸ ਵਿਚ ਖੇਤੀਬਾੜੀ ਦੇ ਸੰਦਾਂ ਦਾ ਨਿਰਮਾਣ, ਧੁਣਕੀ ਮਸ਼ੀਨਾਂ, ਮਸ਼ੀਨੀ ਔਜ਼ਾਰ, ਸਾਈਕਲਾਂ ਦੇ ਪੁਰਜ਼ੇ, ਲੱਕੜੀ ਅਤੇ ਮਸ਼ੀਨਾਂ ਦੇ ਪੇਚ, ਛਾਪੇਖਾਨੇ, ਲੋਹੇ ਦੀਆਂ ਗੋਲੀਆਂ, ਚੀਰ ਫਾੜ ਲਈ ਪੱਟੀਆਂ, ਪਾਣੀ ਦੇ ਪੰਪ, ਸਿਲਾਈ ਮਸ਼ੀਨਾਂ ਅਤੇ ਇਹਨਾਂ ਦੇ ਪੁਰਜ਼ੇ, ਬਿਜਲੀ ਦੇ ਜੰਤਰ ਜਿਵੇਂ ਮੋਟਰਾਂ ਦੇ ਪੱਖੇ, ਬਿਜਲੀ ਦੀਆਂ ਸਵਿੱਚਾਂ,

ਕਰੋਸ਼ੀਏ, ਪੇਚਕਸ, ਇਮਾਰਤੀ ਸਮਾਨ ਅਤੇ ਹੋਰ ਚੀਜ਼ਾਂ ਜਿਵੇਂ ਸਿਰ ਦੀਆਂ ਸੂਈਆਂ, ਕਰੋਸ਼ੀਏ, ਪੇਚਕਸ ਅਤੇ ਸੂਈਆਂ, ਸਿਲਾਈਆਂ, ਬੱਚਿਆਂ ਦੇ ਝੂਲੇ ਆਦਿ ਸ਼ਾਮਲ ਹਨ। 1947 ਵਿਚ ਇਨ੍ਹਾਂ ਉਦਯੋਗਾਂ ਵਿਚ 78,00,000 ਰੁਪਏ ਦੀ ਰਕਮ ਨਿਵੇਸ਼ ਕੀਤੀ ਗਈ ਸੀ। ਹੇਠ ਲਿਖੇ ਤੇ ਹੋਰ ਮਹੱਤਵਪੂਰਨ ਉਦਯੋਗਾਂ ਦੀ ਹਾਲਤ ਦਾ ਪਤਾ ਲੱਗ ਜਾਵੇਗਾ।

1959-60 ਅਤੇ 1962-63 ਦੌਰਾਨ ਖੇਤੀਬਾੜੀ ਦੇ ਸੰਦਾਂ (ਛੋਟੇ ਪੈਮਾਨੇ) ਤੇ ਉਤਪਾਦਨ ਦੀ ਕੀਮਤ 30% ਤੱਕ ਅਤੇ ਮਜ਼ਦੂਰੀ 31% ਤੱਕ ਵਧੀ। 1962-63 ਵਿਚ 33 ਫਰਮਾਂ ਕੰਮ ਕਰਦੀਆਂ ਸਨ ਜਿਨ੍ਹਾਂ ਵਿਚ 210 ਵਿਅਕਤੀ ਕੰਮ ਕਰਦੇ ਸਨ ਅਤੇ ਉਤਪਾਦਨ 18,41,000 ਰੁਪਏ ਆਦੇਸ਼ ਦਾ ਸੀ।

1959-60 ਅਤੇ 1962-63 ਦੌਰਾਨ ਮਸ਼ੀਨੀ ਔਜ਼ਾਰਾਂ ਦੇ ਉਤਪਾਦਨ ਤੇ ਕੀਮਤੀ 100% ਤੋਂ ਥੋੜੀ ਵਧੇਰੇ ਜਦੋਂ ਕਿ ਮਜ਼ਦੂਰੀ ਵਿਚ 43% ਤੱਕ ਵਾਧਾ ਹੋਇਆ। ਉਤਪਾਦਨ ਮੁੱਲ ਵਿਚ ਬਹੁਤ ਥੋੜੇ ਸਾਲਾਂ ਦੇ ਅਰਸੇ ਵਿਚ ਤੇਜ਼ੀ ਨਾਲ ਵਾਧਾ ਹੋਇਆ। 1962-63 ਵਿਚ ਇਥੇ 18 ਫਰਮਾਂ ਸਨ ਅਤੇ ਉਨ੍ਹਾਂ ਵਿਚ 207 ਕਾਮਿਆਂ ਨੂੰ ਰੋਜ਼ਗਾਰ ਪ੍ਰਾਪਤ ਸੀ ਅਤੇ ਉਤਪਾਦਨ 23,24,000 ਰੁਪਏ ਦੇ ਮੁੱਲ ਦਾ ਸੀ। ਦੂਜੀ ਸੰਸਾਰ ਜੰਗ ਦੌਰਾਨ ਵਿਦੇਸ਼ਾਂ ਵਿਚੋਂ ਵਸਤੂਆਂ ਆਯਾਤ ਕਰਨ ਅਤੇ ਪਾਬੰਦੀ ਲੱਗ ਜਾਣ ਕਰਕੇ ਅੰਮ੍ਰਿਤਸਰ ਵਿਚ ਬੱਚਾ ਗੱਡੀਆਂ, ਤਿੰਨ ਪਹੀਆਂ ਸਾਈਕਲਾਂ ਅਤੇ ਸਾਈਕਲਾਂ ਦੇ ਪੁਰਜ਼ਿਆਂ ਦੇ ਉਦਯੋਗ ਚਾਲੂ ਕੀਤੇ ਗਏ। 1959-60 ਅਤੇ 1962-63 ਦੌਰਾਨ 24% ਦਾ ਵਾਧਾ ਹੋਇਆ। ਮੁਕੰਮਲ ਸਾਈਕਲਾਂ (ਛੋਟੇ ਪੈਮਾਨੇ ਤੇ) ਦੀ ਗਿਣਤੀ ਵਿਚ, ਮਜ਼ਦੂਰੀ 5% ਤੱਕ ਵਧੀ ਅਤੇ ਪੁਰਜ਼ਿਆਂ ਦੀ ਕੀਮਤ ਵਿਚ ਥੋੜਾ ਵਾਧਾ ਹੋਇਆ। 1962-63 ਵਿਚ ਦੋ ਫਰਮਾਂ ਕੰਮ ਕਰਦੀਆਂ ਸਨ, ਉਤਪਾਦਨ ਕੀਤੇ ਗਏ ਪੁਰਜ਼ਿਆਂ ਦੀ ਗਿਣਤੀ 18 ਅਤੇ ਮੁਕੰਮਲ ਸਾਈਕਲਾਂ ਦੇ ਉਤਪਾਦਨ ਦੀ ਗਿਣਤੀ 338 ਸੀ। ਤਿਆਰ ਕੀਤੇ ਗਏ ਪੁਰਜ਼ਿਆਂ ਦੀ ਕੀਮਤ 8,75,000 ਰੁਪਏ ਸੀ ਜਦੋਂ ਕਿ 230 ਮਜ਼ਦੂਰ ਕੰਮ ਤੇ ਲਗਾਏ ਗਏ ਸਨ। ਇਸ ਉਦਯੋਗ ਦੀ ਤਰੱਕੀ ਵਿਚ ਮਾਮੂਲੀ ਕਮੀ ਆਮ ਮੰਦੇ ਕਾਰਣ ਮੰਨੀ ਜਾ ਸਕਦੀ ਹੈ।

1959-60 ਅਤੇ 1962-63 ਦੌਰਾਨ ਸਿਲਾਈ ਮਸ਼ੀਨਾਂ (ਵੱਡੇ ਪੈਮਾਨੇ ਤੇ) ਦੀਆਂ ਕੀਮਤਾਂ 30% ਤੱਕ ਅਤੇ ਪੁਰਜ਼ਿਆਂ ਦੀਆਂ ਕੀਮਤਾਂ 43% ਤੱਕ ਵਧੀਆਂ। 1962-63 ਵਿਚ ਉਤਪਾਦਿਤ ਕੀਤੀਆਂ ਗਈਆਂ ਸ਼ਿਲਾਈ ਮਸ਼ੀਨਾਂ ਦੀ ਗਿਣਤੀ 2423 ਸੀ ਅਤੇ ਪੁਰਜ਼ਿਆਂ ਦੀ ਕੀਮਤ 101771 ਰੁਪਏ ਸੀ। 1959-60 ਅਤੇ 1962-63 ਦੌਰਾਨ ਸਿਲਾਈ ਮਸ਼ੀਨਾਂ (ਮੱਧ ਅਤੇ ਛੋਟੇ ਪੈਮਾਨੇ ਤੇ) ਦਾ ਮੁੱਲ 35% ਤੱਕ ਵਧਿਆ, ਪੁਰਜ਼ਿਆਂ ਦੀ ਕੀਮਤ 83% ਤੱਕ ਅਤੇ ਮਜ਼ਦੂਰੀ 12% ਤੱਕ ਵਧੀ। 1962-63 ਵਿਚ 7 ਫਰਮਾਂ ਕੰਮ ਕਰ ਰਹੀਆਂ ਸਨ, 2423 ਮਸ਼ੀਨਾਂ ਤਿਆਰ ਕੀਤੀਆਂ ਗਈਆਂ ਅਤੇ ਪੁਰਜ਼ਿਆਂ ਦਾ ਮੁੱਲ 5,50,000 ਰੁਪਏ ਸੀ, ਜਦੋਂ ਕਿ ਮਜ਼ਦੂਰ ਲਗਭਗ 123 ਸਨ।

ਸ਼ੁਰੂ ਵਿਚ ਲੱਕੜ ਦੇ ਪੇਚਾਂ ਦਾ ਉਦਯੋਗ ਪਹਿਲੀ ਸੰਸਾਰ ਜੰਗ ਖਤਮ ਹੋਣ ਦੇ ਨਿਕਟ ਇਕ ਸਿੰਧੀ ਵਪਾਰ ਸੰਸਥਾ ਨੇ 1918 ਵਿਚ ਕਰਾਚੀ ਵਿਖੇ ਸਥਾਪਤ ਕੀਤਾ। 1959-60 ਅਤੇ 1962-63 ਦੌਰਾਨ ਉਤਪਾਦਤ ਲੱਕੜ ਅਤੇ ਮਸ਼ੀਨਾਂ ਦੇ ਪੇਚਾਂ ਦੀਆਂ ਕੀਮਤਾਂ ਵਿਚ 25% ਅਤੇ ਮਜ਼ਦੂਰੀ ਵਿਚ 7% ਤੱਕ ਵਾਧਾ ਹੋਇਆ। 1962-63 ਵਿਚ 23 ਫਰਮਾਂ ਕੰਮ ਕਰ ਰਹੀਆਂ ਸਨ, ਜਿਨ੍ਹਾਂ ਵਿਚ 625 ਮਜ਼ਦੂਰ ਸਨ ਅਤੇ ਉਤਪਾਦਨ 21,25,000

ਰੁਪਏ ਮੁੱਲ ਦਾ ਸੀ। 1959-60 ਅਤੇ 1962-63 ਦੌਰਾਨ ਕਪਾਹ ਵੇਲਣ ਅਤੇ ਤੇਲ ਕੱਢਣ ਦਾ ਉਤਪਾਦਨ ਗਠੜੀਆਂ ਦੇ ਸਬੰਧ ਵਿਚ 38% ਤੱਕ ਘਟਿਆ ਜਦੋਂ ਕਿ ਰੁਜ਼ਗਾਰ ਵਿਚ 27% ਤੱਕ ਵਾਧਾ ਹੋਇਆ। 1962-63 ਵਿਚ 27 ਫਰਮਾਂ ਕੰਮ ਕਰਦੀਆਂ ਸਨ, ਜਿਨ੍ਹਾਂ ਦਾ ਉਤਪਾਦਨ 24,720 ਗੰਢਾਂ ਦਾ ਸੀ ਅਤੇ ਮਜ਼ਦੂਰ 920 ਸਨ।

1959-60 ਅਤੇ 1962-63 ਦੌਰਾਨ ਬਿਜਲੀ ਦੇ ਪੱਖਿਆਂ ਦੇ ਉਤਪਾਦਨ ਦੀ ਕੀਮਤ 33 % ਤੱਕ ਘਟੀ ਅਤੇ ਰੁਜ਼ਗਾਰ ਵਿਚ 41 % ਤੱਕ ਘਾਟਾ ਹੋਇਆ। 1962-63 ਵਿਚ 4371 ਪੱਖੇ ਤਿਆਰ ਕੀਤੇ ਗਏ ਸਨ ,ਅਤੇ 94 ਮਜ਼ਦੂਰਾਂ ਨੂੰ ਕੰਮ ਦਿੱਤਾ ਗਿਆ ਸੀ। ਉਤਪਾਦਨ ਵਿਚ ਮਾਮੂਲੀ ਕਮੀ ਮਾਲ ਦੇ ਨਾ ਮਿਲਣ ਅਤੇ ਹੋਰ ਰਾਜਾਂ ਵਿਚ ਕਾਫੀ ਪਹਿਲਾਂ ਤੋਂ ਸਥਾਪਤ ਹੋ ਚੁਕੀਆਂ ਫਰਮਾਂ ਨਾਲ ਮੁਕਾਬਲੇ ਕਾਰਨ ਹੈ। ਪੱਖਿਆਂ ਦੀਆਂ ਵਿਸ਼ੇਸ਼ਤਾਵਾਂ ਵਿਚ ਸੁਧਾਰ ਹੋ ਰਿਹਾ ਹੈ। ਬਿਜਲੀ ਦੀਆਂ ਮੋਟਰਾਂ ਵਿਚ ਵਰਨਣਯੋਗ ਕੋਈ ਵਾਧਾ ਨਹੀਂ ਹੋ ਰਿਹਾ।

### ਇੰਜੀਨੀਅਰੀ ਸੰਸਥਾਵਾਂ:

ਅੰਮ੍ਰਿਤਸਰ ਵਿਚ ਸਭ ਤੋਂ ਵੱਡਾ ਇੰਜੀਨੀਅਰੀ ਅਦਾਰਾ ਜੀ.ਟੀ.ਰੋਡ ਸਥਿਤ ਉਤਰੀ ਰੇਲਵੇ ਇੰਜਣ (ਲੋਕੋ) ਵਰਕਸ਼ਾਪ ਹੈ, ਜਿਸਦਾ ਏਰੀਆ 32 ਏਕੜ ਅਤੇ ਪੂੰਜੀ ਨਿਵੇਸ਼ ਲਗਭਗ 35 ਮਿਲੀਅਨ ਰੁਪਏ ਦਾ ਹੈ, ਇਸਦਾ ਸਲਾਨਾ ਉਤਪਾਦਨ ਲਗਭਗ ਪੰਦਰਾਂ ਤੋਂ ਵੀਹ ਮਿਲੀਅਨ ਰੁਪਏ ਦਾ ਹੈ ਅਤੇ ਇਸ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸੰਖਿਆਂ ਲਗਭਗ 2300 ਵਿਅਕਤੀਆਂ ਦੀ ਹੈ। ਇਹ ਹਰ ਮਹੀਨੇ ਰੇਲਵੇ ਲਈ ਮਾਲ ਗੱਡੀਆਂ ਦੇ 22 ਡੱਬੇ ਤਿਆਰ ਕਰਦਾ ਹੈ, ਜਿਨ੍ਹਾਂ ਵਿਚੋਂ ਹਰੇਕ ਦੀ ਕੀਮਤ 40000 ਰੁਪਏ ਹੈ। ਇਹ ਲਗਭਗ 400 ਸਿਖਾਂਦਰੂਆਂ ਨੂੰ ਸਿਖਲਾਈ ਦੀ ਸਹੂਲਤ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨੂੰ 3 ਸਾਲਾਂ ਦੇ ਕੋਰਸ ਲਈ ਭਰਤੀ ਕੀਤਾ ਜਾਂਦਾ ਹੈ।

ਦੂਸਰੀ ਸੰਸਥਾ ਦਿਆਨੰਦ ਪਾਲੀਟੈਕਨਿਕ ਆਧੁਨਿਕ ਮਸ਼ੀਨਰੀ ਨਾਲ ਲੈਸ ਹੈ, ਜਿਸ ਵਿਚ ਕੁਝ ਆਧੁਨਿਕ ਪ੍ਰਤੇਕ ਮੰਤਵੀ ਖਰਾਦ ਹਨ ਅਤੇ ਇਥੇ ਸਰਕਾਰੀ ਸਰਪ੍ਰਸਤ ਸਮਾਜਕ ਸ਼ਿਲਪਕਾਰ ਸਿਖਲਾਈ ਯੋਜਨਾ ਅਧੀਨ ਲਗਭਗ 600 ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਸਰਕਾਰ ਨੇ ਵੇਰਕਾ ਵਿਖੇ ਅਮਰੀਕੀ ਮਦਦ ਨਾਲ ਇਕ ਸੰਯੁਕਤ ਦੁੱਧ ਦਾ ਕਾਰਖਾਨਾ ਸਥਾਪਤ ਕੀਤਾ ਹੈ, ਜੋ ਭਾਰਤ ਵਿਚ ਦੂਸਰਾ ਵੱਡਾ ਉਦਯੋਗ ਹੈ, ਇਹ 60,00,000 ਰੁਪਏ ਦੀ ਲਾਗਤ ਨਾਲ 16 ਏਕੜ ਰਕਬੇ ਵਿਚ ਲੱਗਿਆ ਹੋਇਆ ਹੈ ਜੋ ਰੋਜ਼ਾਨਾ 2500 ਮਣ ਪਾਸਚੁਰਾਈਡ ਦੁੱਧ ਤੋਂ ਇਲਾਵਾ 5000 ਕਿਲੋਗਰਾਮ ਘੀ ਅਤੇ ਮੱਖਣ ਤੇ 6200 ਕਿਲੋਗਰਾਮ ਸੁੱਕਾ ਦੁੱਧ ਤਿਆਰ ਕਰਦਾ ਹੈ। ਉਦਯੋਗ ਦੇ ਪੰਜ ਜਖੀਰਾਂ ਹੋਰ ਹਨ, ਜਿਨ੍ਹਾਂ ਵਿਚੋਂ ਹਰੇਕ ਦੀ ਸਮਰੱਥਾ 13,500 ਲੀਟਰ ਦੀ ਹੈ।

ਉਚੇ ਬੰਨਾਂ ਦੀ ਉਸਾਰੀ, ਦਰਿਆਵਾਂ ਅਤੇ ਨਹਿਰਾਂ ਉਤੇ ਜਲ ਸ਼ਕਤੀ ਅਤੇ ਪਣ ਬਿਜਲੀ ਭਵਨਾਂ ਦੀ ਰੂਪ ਰੇਖਾ, ਹੜ੍ਹਾਂ ਤੇ ਕੰਟਰੋਲ, ਲੂਣੀ, ਖਾਰੀ ਅਤੇ ਦਲਦਲੀ ਜ਼ਮੀਨ ਦੇ ਸੁਧਾਰ ਆਦਿ ਸਬੰਧੀ ਸਮੱਸਿਆਵਾਂ ਭੂਮੀ ਸੁਧਾਰ, ਸੰਚਾਈ ਅਤੇ ਊਰਜਾ ਖੋਜ ਸੰਸਥਾ ਦੁਆਰਾ ਨਜਿੱਠੀਆਂ ਜਾਂਦੀਆਂ ਹਨ, ਜਿਸਦਾ ਲਗਭਗ 50 ਮਿਲੀਅਨ ਰੁਪਏ ਸਾਲਾਨਾ ਦਾ ਬੱਜਟ ਹੈ।

## ਰਸਾਇਣਕ ਪਦਾਰਥ

ਪਹਿਲਾਂ ਰਸਾਇਣਕ ਪਦਾਰਥਾਂ ਦਾ ਕਾਰਖਾਨਾ, ਮੈਸਰਜ਼ ਸ਼ੰਭੂ ਨਾਥ ਐਂਡ ਸੰਨਜ਼ ਲਿਮਿਟਡ 1898 ਤੋਂ ਪਹਿਲਾਂ ਲਾਇਆ ਗਿਆ ਸੀ। 1929 ਤੱਕ ਦੇ ਹੋਰ ਉਦਯੋਗ ਵੀ ਸਥਾਪਤ ਕੀਤੇ ਗਏ ਸਨ। ਦੂਸਰੀ ਸੰਸਾਰ ਜੰਗ ਕਰਕੇ, ਜਿਸਨੇ ਉਦਯੋਗਾਂ ਨੂੰ ਪ੍ਰੋਤਸਾਹਨ ਦਿੱਤਾ, 1947 ਤੱਕ ਇਕਾਈਆਂ ਦੀ ਗਿਣਤੀ ਵਧ ਕੇ 9 ਹੋ ਗਈ। ਉਦੋਂ ਤੱਕ 6 ਨਵੀਆਂ ਇਕਾਈਆਂ ਲਾਈਆਂ ਗਈਆਂ, 1954-55 ਤੱਕ ਕੁੱਲ ਗਿਣਤੀ 15 ਹੋ ਗਈ। ਉਦਯੋਗ ਵਿਚ ਕੁੱਲ ਨਿਵੇਸ਼ ਦੀ ਰਕਮ ਲੱਗਭਗ 33,00,000 ਰੁਪਏ ਸੀ ਅਤੇ ਉਤਪਾਦਤ ਵਸਤੂਆਂ 38,00,000 ਰੁਪਏ ਦੇ ਮੁੱਲ ਦੀਆਂ ਸਨ। ਟਿੰਕਚਰ, ਤੇਜ਼ਾਬ, ਰਬੜ ਦੀਆਂ ਵਸਤੂਆਂ, ਰੰਗ ਰੋਗਨ, ਸਾਬਣ, ਲੂਣ, ਪਲਾਸਟਿਕ ਦੀਆਂ ਚੀਜ਼ਾਂ, ਸ਼ੋਰੇ ਦੀ ਸਫਾਈ ਆਦਿ ਮੁੱਖ ਉਤਪਾਦਨ ਸਨ। 1959-60 ਅਤੇ 1962-63 ਦੌਰਾਨ 294 ਇਕਾਈਆਂ ਕੰਮ ਕਰ ਰਹੀਆਂ ਸਨ, ਇਨ੍ਹਾਂ ਵਿਚ 1462 ਮਜ਼ਦੂਰ ਅਤੇ ਦੋ ਮਿਲੀਅਨ ਸੱਤਰ ਹਜ਼ਾਰ ਰੁਪਏ ਦੇ ਮੁੱਖ ਦਾ ਉਤਪਾਦਨ ਸੀ। ਮੈਸਰਜ਼ ਸ਼ੰਭੂ ਨਾਥ (ਵੱਡੇ ਪੈਮਾਨੇ ਤੇ) ਵਿਚ 1959-60 ਅਤੇ 1962-63 ਦੌਰਾਨ ਉਤਪਾਦਨ ਮੁੱਲ 93 ਪ੍ਰਤੀਸ਼ਤ ਤੱਕ ਵਧਿਆ ਜਦੋਂ ਕਿ ਮਜ਼ਦੂਰੀ ਵਿਚ ਕਮੀ ਆਈ। 1962-63 ਵਿਚ ਉਤਪਾਦਨ 2647725 ਰੁਪਏ ਦੇ ਆਦੇਸ਼ ਦਾ ਸੀ ਅਤੇ ਮਜ਼ਦੂਰ 202 ਸਨ।

**ਬਟਵਾਰੇ ਤੋਂ ਪਹਿਲਾਂ ਅੰਮ੍ਰਿਤਸਰ ਆਪਣੇ ਸਾਬਣ ਲਈ ਪ੍ਰਸਿੱਧ ਸੀ** ਅਤੇ 8,00,000 ਰੁਪਏ ਮੁੱਲ ਦਾ ਸਾਬਣ ਉਤਪਾਦਨ ਸਲਾਨਾ ਅੰਮ੍ਰਿਤਸਰ ਤੋਂ ਅਫਗਾਨਿਸਤਾਨ ਅਤੇ ਮੱਧ ਪੂਰਬ ਨੂੰ ਨਿਰਯਾਤ ਕੀਤਾ ਜਾਂਦਾ ਸੀ। ਜ਼ਰੂਰੀ ਤੱਤਾਂ, ਜਿਵੇਂ ਜੈਤੂਨ ਅਤੇ ਖੋਪੇ ਦੇ ਤਲ ਦੇ ਆਯਾਤ ਤੇ ਪਾਬੰਦੀ ਲੱਗ ਜਾਣ ਕਾਰਨ ਇਸ ਉਦਯੋਗ ਨੂੰ ਸੰਕਟ ਪੈਦਾ ਹੋ ਗਿਆ। ਇਸ ਤੋਂ ਇਲਾਵਾ ਪਾਕਿਸਤਾਨ ਦੇ ਅਫਗਾਨਿਸਤਾਨ ਨਾਲ ਖਿਚਾਅ ਪੂਰਣ ਸਬੰਧ ਹੋਣ ਕਾਰਨ ਅਫਗਾਨਿਸਤਾਨ ਨਾਲ ਲੈਣ ਦੇਣ ਦਾ ਰਸਤਾ ਲੱਗਭਗ ਬੰਦ ਹੋ ਗਿਆ ਹੈ। 1959-60 ਅਤੇ 1962-63 ਦੌਰਾਨ ਉਤਪਾਦਨ ਦੇ ਮੁੱਲ ਵਿਚ 305% ਅਤੇ ਮਜ਼ਦੂਰੀ ਵਿਚ 929% ਤੱਕ ਦਾ ਵਾਧਾ ਹੋਇਆ। 1962-63 ਵਿਚ 262 ਇਕਾਈਆਂ ਕੰਮ ਕਰਦੀਆਂ ਸਨ, ਜਿਨ੍ਹਾਂ ਵਿਚ 1462 ਮਜ਼ਦੂਰ ਸਨ ਅਤੇ 16 ਮਿਲੀਅਨ ਰੁਪਏ ਦੇ ਮੁੱਲ ਦਾ ਉਤਪਾਦਨ ਸੀ। ਬਾਅਦ ਵਿਚ ਉਦਯੋਗ ਨੇ ਵੱਡੇ ਪੈਮਾਨੇ ਦੇ ਉਤਪਾਦਕਾਂ ਜਿਵੇਂ ਮੋਦੀ ਸਾਬਣ, ਦਿੱਲੀ ਕੱਪੜਾ ਮਿੱਲਜ਼ ਅਤੇ ਭਾਰਤ ਮੈਦਾ ਉਦਯੋਗ ਆਦਿ ਦੇ ਮੁਕਾਬਲੇ ਦਾ ਪ੍ਰਭਾਵ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਵੱਡੇ ਪੈਮਾਨੇ ਦੀਆਂ ਇਕਾਈਆਂ ਦੇ ਇਸ ਮੁਕਾਬਲੇ ਦੇ ਬਾਵਜੂਦ ਛੋਟੇ ਪੈਮਾਨੇ ਦੇ ਉਦਯੋਗਪਤੀ ਹੋਰ ਰਾਜਾਂ ਨਾਲ ਆਪਣਾ ਪੱਧਰ ਬਰਕਰਾਰ ਰੱਖਣ ਵਿਚ ਸਫਲ ਰਹੇ।

1959-60 ਅਤੇ 1962-63 ਦੌਰਾਨ ਰੰਗਦਾਰ ਵਸਤਰਾਂ ਦੇ ਉਤਪਾਦਨ ਮੁੱਲ ਵਿਚ 72% ਅਤੇ ਮਜ਼ਦੂਰੀ ਵਿਚ 90% ਤੱਕ ਵਾਧਾ ਹੋਇਆ। 1962-63 ਵਿਚ 7 ਇਕਾਈਆਂ ਕੰਮ ਕਰਦੀਆਂ ਸਨ, ਜਿਨ੍ਹਾਂ ਵਿਚ ਮਜ਼ਦੂਰਾਂ ਦੀ ਨਫਰੀ 57 ਅਤੇ ਉਤਪਾਦਨ 4,75,000 ਰੁਪਏ ਦੇ ਮੁੱਲ ਦਾ ਸੀ।

ਪਲਾਸਟਿਕ ਦੀਆਂ ਚੀਜ਼ਾਂ ਦਾ ਉਦਯੋਗ ਬਟਵਾਰੇ ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ।

1959-60 ਅਤੇ 1962-63 ਦੌਰਾਨ ਉਤਪਾਦਨ ਮੁੱਲ ਵਿਚ 97 ਪ੍ਰਤੀਸ਼ਤ ਅਤੇ ਮਜ਼ਦੂਰੀ ਵਿਚ 52 ਪ੍ਰਤੀਸ਼ਤ ਤੱਕ ਵਾਧਾ ਹੋਇਆ। 1962-63 ਵਿਚ 67 ਫਰਮਾਂ ਕੰਮ ਕਰਦੀਆਂ ਸਨ, ਜਿਨ੍ਹਾਂ ਵਿਚ 206 ਕਾਮੇ ਅਤੇ ਉਤਪਾਦਨ 295,750 ਰੁਪਏ ਦੇ ਮੁੱਲ ਦਾ ਸੀ।

ਅੰਮ੍ਰਿਤਸਰ ਦੇ ਕੁਝ ਹੋਰ ਪ੍ਰਸਿੱਧ ਉਦਯੋਗ ਹੇਠ ਲਿਖੇ ਅਨੁਸਾਰ ਹਨ:

## ਆਟਾ

ਪਹਿਲਾਂ ਪਹਿਲ ਆਟਾ ਹੱਥ ਚੱਕੀਆਂ ਨਾਲ ਪੀਸਿਆ ਜਾਂਦਾ ਸੀ। ਹੌਲੀ ਹੌਲੀ ਖਰਾਸਾਂ ਦੀ ਵਰਤੋਂ ਸ਼ੁਰੂ ਹੋਈ ਅਤੇ ਫਿਰ ਬਿਜਲੀ ਨਾਲ ਚੱਲਣ ਵਾਲੀਆ ਚੱਕੀਆਂ ਅਤੇ ਅੰਤ ਵਿਚ ਵੇਲਣਿਆਂ ਵਾਲੇ ਆਟਾ ਮਿੱਲ ਹੋਂਦ ਵਿਚ ਆਏ। 1959-60 ਅਤੇ 1962-63 ਦੌਰਾਨ ਵੱਡੇ ਪੈਮਾਨੇ ਤੇ ਆਟਾ ਮਿਲ ਉਤਪਾਦਨ ਵਿਚ ਲਗਭਗ 40 ਪ੍ਰਤੀਸ਼ਤ ਅਤੇ ਮਜ਼ਦੂਰੀ ਵਿਚ 18 ਪ੍ਰਤੀਸ਼ਤ ਤੱਕ ਵਾਧਾ ਹੋਇਆ। 1962-63 ਵਿਚ 13,871,636 ਰੁਪਏ ਦੇ ਆਦੇਸ਼ਾਂ ਦਾ ਉਤਪਾਦਨ ਸੀ ਅਤੇ 174 ਮਜ਼ਦੂਰ ਰੋਜ਼ਗਾਰ ਤੇ ਸਨ।

## ਬਰਤਨ

1959-60 ਅਤੇ 1962-63 ਦਰਮਿਆਨ ਬਰਤਨਾਂ (ਵੱਡੇ ਪੈਮਾਨੇ ਤੇ) ਦੇ ਉਤਪਾਦਨ ਦੀ ਕੀਮਤ ਵਿਚ 25% ਅਤੇ ਰੁਜ਼ਗਾਰ ਵਿਚ 26% ਕਮੀ ਹੋਈ। 1962-63 ਵਿਚ ਬਰਤਨਾਂ ਦਾ ਉਤਪਾਦਨ 8,72,000 ਰੁਪਏ ਦੇ ਅਤੇ ਮਜ਼ਦੂਰ 72 ਸਨ। 1954-55 ਅਤੇ 1959-60 ਦਰਮਿਆਨ ਬਰਤਨ (ਛੋਟੇ ਪੈਮਾਨੇ ਤੇ) ਤਿਆਰ ਕਰਨ ਦੇ ਉਤਪਾਦਨ ਦੀ ਕੀਮਤ ਵਿਚ 140% ਅਤੇ ਰੋਜ਼ਗਾਰ ਵਿਚ ਲਗਭਗ 110% ਤੱਕ ਵਾਧਾ ਹੋਇਆ। 1962-63 ਵਿਚ 90 ਇਕਾਈਆਂ ਕੰਮ ਕਰਦੀਆਂ ਸਨ, ਜਿਨ੍ਹਾਂ ਦਾ ਉਤਪਾਦਨ 26,39,000 ਰੁਪਏ ਦਾ ਅਤੇ ਮਜ਼ਦੂਰ 392 ਸਨ। ਪਿੱਤਲ, ਤਾਂਬੇ ਅਤੇ ਕਾਂਸੀ ਦੇ ਬਰਤਨ ਅਤੇ ਮੂਰਤੀਆਂ ਬਣਾਈਆਂ ਜਾਂਦੀਆਂ ਸਨ। ਉਦਯੋਗ ਦੀ ਇਕ ਹੋਰ ਵਿਸ਼ੇਸ਼ਤਾ ਸਟੇਨਲੈਸ ਸਟੀਲ ਦੇ ਬਰਤਨ ਬਣਾਉਣ ਦੀ ਕਾਢ ਸੀ। ਪਿੱਤਲ ਨੂੰ ਪਿਘਲਾਉਣ ਦਾ ਕੰਮ ਉਪਯੋਗੀ ਉਦਯੋਗ ਵਜੋਂ ਅਤੇ ਸਜਾਵਟੀ, ਦੋਵੇਂ ਤਰ੍ਹਾਂ ਦੇ ਮੰਤਵਾਂ ਲਈ ਕੀਤਾ ਜਾਂਦਾ ਹੈ। ਥਾਲੀਆਂ ਤਾਂਬੇ ਦੀਆਂ ਬਣਾਈਆਂ ਜਾਂਦੀਆਂ ਹਨ ਅਤੇ ਤਾਂਬੇ ਵਿਚ ਟੀਨ ਨੂੰ ਪਿਘਲਾ ਕੇ ਬਣਾਈਆਂ ਗਈਆਂ ਪੱਤੀਆਂ ਨਾਲ ਇਸਦੀ ਸਜਾਵਟ ਕੀਤੀ ਜਾਂਦੀ ਹੈ। ਸ਼ਿਲਪਕਾਰੀ ਵਜੋਂ ਧਾਤ ਦੇ ਕੰਮ ਨੂੰ ਮੀਨਾਕਾਰੀ ਦੇ ਕੰਮ ਵਿਚ ਵੇਖਿਆ ਜਾਂਦਾ ਹੈ। ਤਾਂਬੇ ਅਤੇ ਪਿੱਤਲ ਉਪਰ ਫੁੱਲਾਂ ਅਤੇ ਹੋਰ ਨਮੂਨਿਆਂ ਵਿਚ ਮੀਨਾਕਾਰੀ ਕੀਤੀ ਜਾਂਦੀ ਹੈ।

## ਚਮੜਾ

ਬਟਵਾਰੇ ਤੋਂ ਪਹਿਲਾਂ ਅੰਮ੍ਰਿਤਸਰ ਕੱਚੀਆਂ ਖੱਲਾਂ, ਚਮੜੇ ਅਤੇ ਚਮੜੇ ਦੀਆਂ ਚੀਜ਼ਾਂ ਲਈ ਪ੍ਰਸਿੱਧ ਸੀ। ਵਪਾਰ ਵਧੇਰੇ ਕਰਕੇ ਮੁਸਲਮਾਨ ਕੌਮ ਦੀਆਂ ਕੁਝ ਕੁ ਜਾਤੀਆਂ ਦੇ ਹੱਥਾਂ ਵਿਚ ਸੀ। ਚਮੜੇ ਉਤਪਾਦਨ ਦੀਆਂ ਮੁੱਖ ਵਸਤੂਆਂ ਵਿਚ ਸੈਂਡਲ, ਸਲੀਪਰ ਅਤੇ ਦੇਸੀ ਜੁੱਤੇ (ਸਵਦੇਸ਼ੀ ਜੁੱਤੀ) ਹਨ। 1959-60 ਅਤੇ 1962-63 ਦਰਮਿਆਨ ਚਮੜੇ ਦੀ ਰੰਗਾਈ ਵਿਚ ਉਤਪਾਦਨ ਦੀ ਕੀਮਤ 227% ਤੱਕ ਅਤੇ ਮਜ਼ਦੂਰੀ 237% ਤੱਕ ਵਧੀ। 1962-63 ਵਿਚ ਅਣ ਪੰਜੀਕ੍ਰਿਤ ਇਕਾਈਆਂ ਕੰਮ ਕਰਦੀਆਂ ਸਨ, ਜਿਨ੍ਹਾਂ ਦਾ

ਉਤਪਾਦਨ 1,70,000 ਰੁਪਏ ਦਾ ਅਤੇ ਮਜ਼ਦੂਰਾਂ ਦੀ ਸੰਖਿਆ 330 ਸੀ। 1959-60 ਅਤੇ 1962-63 ਦਰਮਿਆਨ ਜੁੱਤੀਆਂ ਬਣਾਉਣ ਦੀ ਉਤਪਾਦਨ ਕੀਮਤ ਵਿਚ ਕੇਵਲ ਥੋੜਾ ਜਿਹਾ ਵਾਧਾ ਹੋਇਆ, ਭਾਵੇਂ ਮਜ਼ਦੂਰਾ ਦੀ ਸੰਖਿਆ 33% ਤੱਕ ਵਧ ਗਈ। 1962-63 ਵਿਚ 328 ਇਕਾਈਆਂ ਕੰਮ ਕਰ ਰਹੀਆਂ ਸਨ, ਜੋ 22,50,000 ਰੁਪਏ ਮੁੱਲ ਦੀਆਂ ਚੀਜ਼ਾਂ ਉਤਪੰਨ ਕਰਦੀਆਂ ਸਨ ਅਤੇ ਇਨ੍ਹਾਂ ਵਿਚ 895 ਕਾਮਿਆਂ ਨੂੰ ਰੋਜ਼ਗਾਰ ਪ੍ਰਾਪਤ ਸੀ।

## ਹਾਥੀ ਦੰਦ ਨੱਕਾਸ਼ੀ

ਅੰਮ੍ਰਿਤਸਰ ਵਿਚ ਹਾਥੀ ਦੰਦ ਨੱਕਾਸ਼ੀ ਦਾ ਕੰਮ ਕੰਘਿਆਂ ਦੇ ਵਪਾਰ ਨਾਲੋਂ ਲੱਗਭੱਗ 100 ਸਾਲ ਪਹਿਲਾਂ ਸ਼ੁਰੂ ਹੋਇਆ। ਕੰਘੇ ਸਿੱਖਾਂ ਲਈ ਵਿਸ਼ੇਸ਼ ਮਹੱਤਤਾ ਰੱਖਦੇ ਹਨ, ਕਿਉਂਕਿ ਇਹ ਉਨ੍ਹਾਂ ਦੇ ਲਿਬਾਸ ਦਾ ਇਕ ਅੰਗ ਹਨ। ਗੁਰਦੁਆਰੇ ਦੇ ਆਲੇ ਦੁਆਲੇ ਬਹੁਤ ਸਾਰੀਆਂ ਦੁਕਾਨਾਂ ਵੇਖੀਆਂ ਜਾ ਸਕਦੀਆਂ ਹਨ, ਜਿਥੇ ਹੁਨਰ ਅਤੇ ਸਫਾਈ ਭਰਪੂਰ ਹਾਥੀ ਦੰਦ ਦੀਆਂ ਚੀਜ਼ਾਂ ਸਜਾਈਆਂ ਹੁੰਦੀਆਂ ਹਨ। ਪੇਟੀਆਂ ਦੀ ਲੱਕੜ ਦੀ ਵਰਤੋਂ ਭਾਰੀ ਮਾਤਰਾ ਵਿਚ ਕੀਤੀ ਜਾਂਦੀ ਹੈ ਅਤੇ ਸਭ ਤੋਂ ਸੋਹਣੇ ਕੰਘੇ ਹਾਥੀ ਦੰਦ ਦੇ ਬਣੇ ਹੁੰਦੇ ਹਨ ਅਤੇ ਜੋ ਰੇਖਿਕੀ ਵੰਨਗੀਆਂ ਨਾਲ ਸਜਾਏ ਹੁੰਦੇ ਹਨ। ਕਦੇ ਕਦੇ ਹਾਥੀ ਦੰਦ 'ਤੇ ਸੂਖਮ ਚਿੱਤਰਕਾਰੀ ਕੀਤੀ ਜਾਂਦੀ ਹੈ। ਕਾਗਜ਼ ਕੱਟਣ ਵਾਲੇ ਚਾਕੂ, ਟਰੇਅ, ਚੂੜੀਆਂ, ਚੇਨਾਂ, ਬਟਨ,ਫੀਤੇ ਇਨ੍ਹਾਂ ਵਸਤੂਆਂ ਲਈ ਕੱਚਾ ਮਾਲ ਉਥੋਂ ਹੀ ਖਰੀਦਿਆ ਜਾਂਦਾ ਹੈ ਜਾਂ ਵਿਸ਼ੇਸ਼ ਤੌਰ ਤੇ ਮੱਧ ਏਸ਼ੀਆ ਤੋਂ ਆਯਾਤ ਕੀਤਾ ਜਾਂਦਾ ਹੈ। 1954-55 ਅਤੇ 1962-63 ਦਰਮਿਆਨ ਉਤਪਾਦਨ ਦੀ ਕੀਮਤ ਵਿਚ 41% ਤੱਕ ਵਾਧਾ ਹੋਇਆ। 1962-63 ਵਿਚ 5 ਇਕਾਈਆਂ ਕੰਮ ਕਰਦੀਆਂ ਸਨ ਅਤੇ 2,50,000 ਰੁਪਏ ਦੇ ਮੁੱਲ ਦੀਆਂ ਵਸਤੂਆਂ ਦਾ ਉਤਪਾਦਨ ਕੀਤਾ ਗਿਆ ਸੀ।

## ਜੇਵਰ

ਹੀਰਿਆਂ ਨੂੰ ਜੜਨ ਅਤੇ ਕ੍ਰਮ ਬੱਧ ਕਰਨ ਦਾ ਹੁਨਰ ਸ਼ਿੰਗਾਰ ਦੇ ਸਮਾਨ ਜਿਵੇਂ ਕਿ ਲਾਕਟ, ਮੁੰਦਰੀਆਂ, ਚੂੜੀਆਂ ਅਤੇ ਗਲੇ ਦੇ ਹਾਰਾਂ ਤੱਕ ਹੀ ਸੀਮਤ ਹੈ। ਇਥੇ ਰੰਗਦਾਰ ਹੀਰਿਆਂ ਦਾ ਵਪਾਰ ਕਾਫੀ ਹੁੰਦਾ ਹੈ। ਜੇਵਰਾਂ ਦੇ ਪੂਰਕ ਵਜੋਂ ਸੋਨੇ ਦਾ ਮੁਲੰਮਾਂ ਵੀ ਚੜ੍ਹਾਇਆ ਜਾਂਦਾ ਹੈ। ਵੱਡੀ ਮਾਤਰਾ ਵਿਚ ਨਕਲੀ ਜੇਵਰ ਬਣਾਏ ਜਾਂਦੇ ਹਨ। ਗਹਿਣੇ ਸਫੇਦ ਜਾਂ ਰੰਗਦਾਰ ਸ਼ੀਸ਼ੇ ਦੇ ਪਿਛੇ ਰੰਗਤ ਵਾਲੀ ਪਰਚੀ ਲਗਾ ਕੇ ਬਣਾਏ ਜਾਂਦੇ ਹਨ। ਗਰੀਬ ਵਰਗਾਂ ਦੇ ਲੋਕਾਂ ਦੇ ਵਰਤਣ ਲਈ ਜਿਸਤ ਦੇ ਅਨਘੜ ਗਹਿਣੇ ਬਣਾਏ ਜਾਦੇ ਹਨ ਅਤੇ ਕੁਝ ਗਲੀਆਂ ਵਿਚ ਢਲਾਈ ਦਾ ਸਾਰਾ ਕੰਮ ਖੁਲ੍ਹੀ ਹਵਾ ਵਿਚ ਕੀਤਾ ਜਾਂਦਾ ਹੈ। ਨਮੂਨੇ ਬੰਬਈ ਜਾਂ ਦਿੱਲੀ ਵਿਚ ਵਰਤੇ ਜਾਣ ਵਾਲੇ ਨਮੂਨਿਆਂ ਵਰਗੇ ਸੋਹਣੇ ਨਹੀਂ ਹੁੰਦੇ। ਨੀਲਮ ਦਾ ਕੰਮ ਕੀਮਤੀ ਧਾਤਾਂ ਵਿਚ ਕੀਤਾ ਜਾਂਦਾ ਹੈ। ਵੱਡੀ ਗਿਣਤੀ ਵਿਚ ਲੋਕ ਕੁੰਦਨ ਦੇ ਕੰਮ ਵਿਚ ਮਾਹਿਰ ਹਨ, ਜੋ ਸ਼ੁੱਧ ਸੋਨੇ ਦੇ ਪੱਤਿਆਂ ਨਾਲ ਤਿਆਰ ਕੀਤਾ ਜਾ ਸਕਦਾ ਹੈ। ਇਹ ਸੋਨੇ ਦੇ ਪੱਤਰੇ ਹੀਰਿਆਂ ਅਤੇ ਹੋਰ ਕੀਮਤੀ ਨਗਾਂ ਨੂੰ ਜੜਨ ਲਈ ਵਰਤੇ ਜਾਂਦੇ ਹਨ। ਕੁੰਦਨ ਵਰਕ ਵਿਸ਼ੇਸ਼ ਵਿਧੀਆਂ ਨਾਲ ਸੋਨੇ ਵਿਚੋਂ ਸਾਰੀਆਂ ਅਸ਼ੁਧੀਆਂ ਨੂੰ ਖਤਮ ਕਰਕੇ ਤਿਆਰ ਕੀਤੇ

ਜਾਂਦੇ ਹਨ। ਇਹ ਗਹਿਣਿਆਂ ਨੂੰ ਸਥਾਈ ਚਮਕ ਪ੍ਰਦਾਨ ਕਰਦਾ ਹੈ। ਕੁਝ ਵਪਾਰੀਆਂ ਪਾਸ ਅੰਮ੍ਰਿਤਸਰ ਵਿਚ ਸਥਾਈ ਦੁਕਾਨਾਂ ਨਹੀਂ ਹਨ, ਪਰੰਤੂ ਉਹ ਗਹਿਣੇ ਬਣਾਉਂਦੇ ਹਨ ਅਤੇ ਉਨ੍ਹਾਂ ਨੂੰ ਵਿੱਕਰੀ ਲਈ ਅੰਮ੍ਰਿਤਸਰ ਤੋਂ ਬਾਹਰ ਭੇਜ ਦਿੰਦੇ ਹਨ। ਇਥੇ ਵੱਡੀ ਗਿਣਤੀ ਵਿਚ ਧਰਮ ਕੰਡੇ ਮੌਜੂਦ ਲੋਕ ਹਨ, ( ਸੋਨੇ ਅਤੇ ਸੋਨੇ ਦੇ ਜੇਵਰਾਂ ਨੂੰ ਤੋਲਣ ਵਿਚ ਮਾਹਿਰ)।

ਸੋਨਾ ਕੰਟਰੋਲ ਨਿਯਮ ਦੀ ਘੋਸ਼ਣਾ ਕਾਰਨ ਅੰਮ੍ਰਿਤਸਰ ਦੇ ਲਗਭਗ 10,000 ਸੁਨਿਆਰਿਆਂ ਨੂੰ ਬੇਰੋਜ਼ਗਾਰੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਬੰਦਿਸ਼ਾਂ ਅਨੁਸਾਰ ਸਿਰਫ 14 ਕੈਰਟ ਸੋਨੇ ਦੇ ਗਹਿਣੇ ਹੀ ਮੰਡੀ ਵਿਚ ਭੇਜੇ ਜਾ ਸਕਦੇ ਹਨ। ਆਮ ਵਿਚਾਰ ਇਹ ਹੈ ਕਿ ਨਵਾਂ ਕਾਨੂੰਨ ਲੋਕਾਂ ਨੂੰ ਪਰੰਪਰਕ ਬਣਨ ਲਈ ਮਜਬੂਰ ਕਰੇਗਾ ਅਤੇ ਸੋਨੇ ਨੂੰ ਸੰਭਾਲਣ ਲਈ ਵਰਤੇ ਜਾਂਦੇ ਪ੍ਰਾਚੀਣ ਢੰਗਾਂ ਅਨੁਸਾਰ ਉਹ ਆਪਣੇ ਗਹਿਣਿਆਂ ਨੂੰ ਲਾਕਰਾਂ ਵਿਚੋਂ ਕਢਵਾ ਕੇ ਧਰਤੀ ਵਿਚ ਦੱਬ ਦੇਣਗੇ। ਸੋਨੇ ਦੀ ਨੀਤੀ ਦਾ ਇਕ ਵਧੀਆ ਪ੍ਰਭਾਵ ਇਹ ਰਿਹਾ ਹੈ ਕਿ ਅੰਮ੍ਰਿਤਸਰ ਦੀ ਹੱਦ ਤੇ ਹੁੰਦੇ ਚੋਰੀ ਛੁਪੇ ਵਪਾਰ ਦੇ ਕੰਮ ਵਿਚ ਕਾਫੀ ਕਮੀ ਹੋਈ। ਇਹ ਵੀ ਸਮਝਿਆ ਜਾਂਦਾ ਹੈ ਕਿ ਬਹੁਤ ਸਾਰੇ ਜਖੀਰੇਬਾਜ਼ ਗੁਪਤ ਹੋ ਜਾਣਗੇ।

## ਲੱਕੜ ਨੱਕਾਸ਼ੀ

ਸ਼ਹਿਰ ਵਿਚ ਲੱਕੜ ਨੱਕਾਸ਼ੀ ਸ਼ਿਲਪਕਲਾ ਦੇ ਕਈ ਬਹੁਤ ਸੁੰਦਰ ਨਮੂਨੇ ਹਨ। ਇਕ ਸਮੇਂ ਅੰਮ੍ਰਿਤਸਰ ਦੇ ਲੱਕੜ ਨੱਕਾਸ਼ਾਂ ਨੇ ਬਹੁਤ ਹੀ ਉਚ ਪੱਧਰ ਦੀ ਸ੍ਰੇਸ਼ਠਤਾ ਹਾਸਲ ਕਰ ਲਈ ਸੀ ਅਤੇ ਰਾਜ ਭਰ ਵਿਚ ਆਪਣੇ ਸ਼ਹਿਰ ਦੇ ਲੱਕੜ ਨੱਕਾਸ਼ੀ ਕਲਾ ਦਾ ਘਰ ਹੋਣ ਦਾ ਦਾਅਵਾ ਕਰਦੇ ਸਨ। ਸ਼ਹਿਰ ਵਿਚ ਮਕਾਨਾਂ ਦੇ ਦਰਵਾਜ਼ੇ ਅਤੇ ਬਾਰੀਆਂ ਲੱਕੜ ਨੱਕਾਸ਼ਾਂ ਦੇ ਕੁਝ ਵਧੀਆ ਯਤਨਾਂ ਦਾ ਵਿਖਾਵਾ ਕਰਦੀਆਂ ਹਨ। ਲੱਕੜ ਨੱਕਾਸ਼ੀ ਦੀਆਂ ਕੁਝ ਹੋਰ ਵਰਨਣਯੋਗ ਚੀਜ਼ਾਂ ਕੁਰਸੀਆਂ, ਮੇਜ਼, ਪਰਦੇ,ਪਲੰਘਾਂ ਦੀਆਂ ਢੋਲਾ, ਜਾਲੀਆਂ ਦਾ ਕੰਮ, ਮੇਜ਼ ਘੜੀਆਂ ਰੱਖਣ ਦੇ ਕੇਸ ਅਤੇ ਫੁਲਦਾਨ ਹਨ। ਆਮ ਤੌਰ ਤੇ ਸ਼ੀਸ਼ਮ ਦੀ ਲੱਕੜ ਵਰਤੀ ਜਾਂਦੀ ਹੈ।

## ਲੱਕੜ ਦਾ ਕੰਮ

ਇਹ ਇਕ ਪੁਰਾਣਾ ਉਦਯੋਗ ਹੈ ਅਤੇ ਹਰਮੋਨੀਅਨ, ਲੱਕੜ ਦੇ ਕੰਘੇ ਅਤੇ ਕਲਮ ਧਾਰਕ ਆਦਿ ਮੁੱਖ ਵਸਤੂਆਂ ਬਣਾਈਆਂ ਜਾਂਦੀਆਂ ਹਨ। 1954-55 ਵਿਚ ਇਥੇ 104 ਫਰਮਾਂ ਸਨ, ਇਨ੍ਹਾਂ ਵਿਚ ਲਗਭਗ 500 ਕਾਮੇ ਰੋਜ਼ਗਾਰ ਤੇ ਲੱਗੇ ਹੋਏ ਸਨ ਅਤੇ 8,50,000 ਰੁਪਏ ਮੁੱਲ ਦਾ ਉਤਪਾਦਨ ਸੀ।

## ਸੋਨ ਕਿਨਾਰੀ (ਗੋਟਾ ਬਣਾਉਣਾ)

ਸੂਤੀ ਕੱਪੜੇ ਵਾਂਗ ਬੁਣੇ ਹੋਏ ਸੋਨੇ ਅਤੇ ਚਾਂਦੀ ਨੂੰ ਰੇਸ਼ਮ ਜਾਂ ਰੇਸ਼ਮ ਰੇਸ਼ੇ ਦੇ ਧਾਗੇ ਨਾਲ ਔਰਤਾਂ ਵਲੋਂ ਆਪਣੀਆਂ ਪੁਸ਼ਾਕਾਂ ਦੀਆਂ ਕਿਨਾਰੀਆਂ ਤੇ ਵਰਤਿਆ ਜਾਂਦਾ ਹੈ, ਇਸ ਨੂੰ ਵਿਸ਼ੇਸ਼ ਤੌਰ ਤੇ ਸਾੜ੍ਹੀਆਂ ਅਤੇ ਮੇਜ਼ ਪੋਸ਼ਾਂ ਤੇ ਲਾਇਆ ਜਾਂਦਾ ਹੈ। ਇਸ ਉਦਯੋਗ ਨੂੰ ਕੁਝ ਘਰਾਂ ਅਤੇ ਕੁਝ ਛੋਟੇ ਕਾਰਖਾਨਿਆਂ ਵਿਚ ਚਲਾਇਆ ਜਾਂਦਾ ਹੈ। ਪਹਿਲਾਂ ਨਕਲੀ ਗੋਟੇ ਦੀ ਬੁਣਾਈ ਲੋਕ ਪ੍ਰਿਯਾ ਸੀ ਪਰੰਤੂ ਹੁਣ ਇਹ ਉਦਯੋਗ ਲੋਕਾਂ ਦੀਆਂ ਬਦਲ ਰਹੀਆਂ ਆਦਤਾਂ ਕਾਰਨ ਘਟਦਾ ਜਾ ਰਿਹਾ ਹੈ।

## ਮਿੱਟੀ ਦੇ ਖਿਡਾਉਣੇ

ਫਲਾਂ, ਸਬਜ਼ੀਆਂ ਅਤੇ ਵਿਅਕਤੀਆਂ ਦੇ ਮਿੱਟੀ ਦੇ ਮਾਡਲ ਬਣਾਏ ਜਾਂਦੇ ਹਨ ਜੋ ਬੱਚਿਆਂ ਵਲੋਂ ਬਹੁਤ ਪਸੰਦ ਕੀਤੇ ਜਾਂਦੇ ਹਨ। ਘੁਮਿਆਰ ਵਿਸ਼ੇਸ਼ ਤੌਰ ਤੇ ਧਾਰਮਿਕ ਤਿਉਹਾਰਾਂ ਜਿਵੇਂ ਦਿਵਾਲੀ ਅਤੇ ਜਨਮ ਅਸ਼ਟਮੀ ਤੇ ਆਪਣੇ ਕੰਮ ਦੀ ਨੁਮਾਇਸ ਲਾਉਂਦੇ ਹਨ।

## ਜੈਮ ਅਤੇ ਮੁਰੱਬੇ

ਇਹ ਉਦਯੋਗ ਲਗਭਗ 1950 ਵਿਚ ਸਥਾਪਤ ਕੀਤਾ ਗਿਆ ਸੀ। 1954-55 ਤੱਕ 16 ਫਰਮਾਂ ਕੰਮ ਕਰ ਰਹੀਆਂ ਸਨ। (ਸਿਰਫ ਇੱਕ ਪੂੰਜੀਕ੍ਰਿਤ) ਜਿਨ੍ਹਾਂ ਵਿਚੋਂ 4 ਬਟਵਾਰੇ ਤੋਂ ਬਾਅਦ ਸਥਾਪਤ ਹੋਈਆਂ। ਜ਼ਿਆਦਾਤਰ ਕੱਚਾ ਮਾਲ ਜੋ ਵਰਤਿਆ ਜਾਂਦਾ ਹੈ, ਉਸ ਵਿਚ ਆਂਵਲੇ, ਹਰੜ, ਗਾਜਰ, ਸੇਬ, ਅੰਬ ਤੇ ਤਾਜ਼ਾ ਫਲ ਅਤੇ ਚੀਨੀ ਹੈ। ਮੁਰੱਬਾ (ਜੈਮ) ਸਾਰੇ ਦੇਸ਼ ਵਿਚ ਵੇਚਿਆ ਜਾਂਦਾ ਹੈ। 1954-55 ਵਿਚ ਰੋਜ਼ਗਾਰ ਵਿਚ ਲੱਗੇ ਕਾਮਿਆਂ ਦੀ ਗਿਣਤੀ 50 ਸੀ ਅਤੇ ਲਗਭਗ 8,64,000 ਰੁਪਏ ਦੀ ਰਕਮ ਦਾ ਨਿਵੇਸ਼ ਕੀਤਾ ਹੋਇਆ ਸੀ।

## ਜੇਲ੍ਹ ਉਦਯੋਗ

1960 ਦੌਰਾਨ ਜ਼ਿਲ੍ਹਾ ਜੇਲ੍ਹ ਵਿਚ ਡੋਰੀਆਂ ਅਤੇ ਰੱਸੇ ਬਣਾਉਣ ਦਾ ਕੰਮ ਕਰਨ ਵਾਲੇ ਕੈਦੀਆਂ ਨੇ ਲਗਭਗ 14,500 ਰੁਪਏ ਮੁੱਲ ਦੀਆਂ ਵਸਤਾਂ ਦਾ ਉਤਪਾਦਨ ਕੀਤਾ।

ਥਰਮਾਮੀਟਰ ਉਦਯੋਗ 1955 ਵਿਚ ਸਥਾਪਤ ਹੋਇਆ ਅਤੇ 1955-56 ਦੌਰਾਨ 28,000 ਰੁਪਏ ਮੁੱਲ ਦੇ 5000 ਥਰਮਾਮੀਟਰ ਬਣਾਏ ਗਏ ਸਨ। ਰੇਡੀਓ ਅਤੇ ਰੇਡੀਓ ਦੇ ਸਮਾਨ ਦਾ ਉਤਪਾਦਨ 1946 ਵਿਚ ਆਰੰਭ ਹੋਇਆ । 1962-63 ਵਿਚ ਵੱਡੇ ਪੈਮਾਨੇ ਦੇ ਉਦਯੋਗ ਵਿਚ ਬਨਾਸਪਤੀ ਘੀ ਦਾ ਉਤਪਾਦਨ 20 ਮਿਲੀਅਨ ਰੁਪਏ ਦੇ ਮੁੱਲ ਦਾ ਸੀ ਅਤੇ ਇਸ ਵਿਚ 140 ਮਜ਼ਦੂਰ ਕੰਮ ਤੇ ਲੱਗੇ ਹੋਏ ਸਨ।

**ਕੁਝ ਪੇਸ਼ੇ ਜਿਵੇਂ ਕਿ ਬਰਤਨ ਬਣਾਉਣਾ, ਕੀਨ ਖਾਬ ਬਣਾਉਣਾ, ਤੀਲਿਆਂ ਦੀਆਂ ਟੋਕਰੀਆਂ ਬਣਾਉਣਾ, ਪੁਸਤਕਾਂ ਦੀ ਜਿਲਦਬੰਦੀ ਕਰਨਾ, ਤਸਵੀਰਾਂ ਦੇ ਫਰੇਮ ਬਣਾਉਣਾ ਅਤੇ ਕੱਪੜੇ ਰੰਗਣਾ ਆਦਿ ਵੀ ਪ੍ਰਸਿੱਧ ਹਨ।**

ਤਸੱਲੀਬਖਸ਼ ਉਦਯੋਗਿਕ ਵਿਸਥਾਰ ਦੇ ਬਾਵਜੂਦ ਅੰਮ੍ਰਿਤਸਰ ਵਿਭਾਜਨ ਦਾ ਇਕ ਵੱਡਾ ਕੇਂਦਰ ਰਿਹਾ ਹੈ ਅਤੇ ਜ਼ਿਆਦਾਤਰ ਵਪਾਰ ਥੋਕ ਵਿਚ ਆਯਾਤ ਅਤੇ ਵਸਤੂਆਂ ਦੇ ਵਿਭਾਜਨ ਦਾ ਕੀਤਾ ਜਾਂਦਾ ਹੈ। ਸ਼ਹਿਰ ਵਿਚ ਵਪਾਰਕ ਆਯਾਤ ਅਤੇ ਮੁੜ ਨਿਰਯਾਤ ਦੀਆਂ ਪ੍ਰਮੁੱਖ ਵਸਤੂਆਂ ਹਨ, ਕਿਰਿਆਨਾ (ਪਰਚੂਨ ਦਾ ਸਮਾਨ) ਜਿਸ ਵਿਚ ਸੁੱਕੇ ਮੇਵੇ, ਹਲਦੀ, ਮਸਾਲੇ, ਬਦਾਮ ਅਤੇ ਖਜੂਰ ਸ਼ਾਮਲ ਹਨ। ਇਹ ਆਮ ਤੌਰ ਤੇ ਕਾਬੁਲ, ਬੰਬਈ ਅਤੇ ਮਦਰਾਸ ਤੋਂ ਪ੍ਰਾਪਤ ਕੀਤੇ ਜਾਂਦੇ ਹਨ। ਇਨ੍ਹਾਂ ਵਸਤਾਂ ਦਾ ਵਪਾਰ ਜ਼ਿਆਦਾਤਰ ਮਜੀਠ ਮੰਡੀ ਵਿਚ ਚਲਦਾ ਹੈ। ਕਣਕ, ਜੌਂ, ਛੋਲੇ ਅਤੇ ਦਾਲਾਂ ਗੁਆਂਢੀ ਜ਼ਿਲ੍ਹਿਆਂ ਅਤੇ ਸੰਯੁਕਤ ਪ੍ਰਾਂਤਾਂ ਤੋਂ ਆਯਾਤ ਕੀਤੇ ਜਾਂਦੇ ਹਨ। ਅਨਾਜ ਦਾ ਵਾਪਰ ਮੁੱਖ ਤੌਰ ਤੇ ਢਾਬ ਬਸਤੀ ਰਾਮ ਤੱਕ ਸੀਮਤ ਹੈ। ਕਣਕ ਸਥਾਨਕ ਨਹਿਰੀ ਖੇਤਰਾਂ ਤੋਂ ਆਉਂਦੀ ਹੈ ਅਤੇ ਆਮ ਤੌਰ ਤੇ ਮੁੜ ਨਿਰਯਾਤ ਕੀਤੀ ਜਾਂਦੀ ਹੈ। **ਅੰਮ੍ਰਿਤਸਰ ਚਾਹ ਦੇ ਵਪਾਰ ਦਾ ਇਕ ਪ੍ਰਸਿੱਧ ਕੇਂਦਰ ਹੈ। ਚਾਹ ਕਾਂਗੜਾ, ਦੇਹਰਾਦੂਨ ਅਤੇ ਅਸਾਮ ਤੋਂ ਮੰਗਵਾਈ ਜਾਂਦੀ ਹੈ ਅਤੇ ਫਿਰ ਲਾਹੌਲ ਅਤੇ ਸਪੀਤੀ ਅਤੇ ਅਫਗਾਨਿਸਤਾਨ ਨੂੰ ਨਿਰਯਾਤ ਕੀਤੀ ਜਾਂਦੀ ਹੈ।** ਚਾਂਦੀ ਅਤੇ

ਸੋਨਾ ਬੰਬਈ ਅਤੇ ਦਿੱਲੀ ਤੋਂ ਆਯਾਤ ਕੀਤੇ ਜਾਂਦੇ ਹਨ ਅਤੇ ਹਰੇਕ ਕਿਸਮ ਦੇ ਪ੍ਰਦਰਸ਼ਨ ਲਈ ਵਰਤੇ ਜਾਂਦੇ ਹਨ। ਇਸ ਦਾ ਥੋੜਾ ਜਿਹਾ ਹਿੱਸਾ ਛੋਟੀਆਂ ਮੰਡੀਆਂ ਨੂੰ ਮੁੜ ਨਿਰਯਾਤ ਕਰ ਦਿੱਤਾ ਜਾਂਦਾ ਹੈ, ਪਰੰਤੂ ਜ਼ਿਆਦਾਤਰ ਭਾਗ ਗਹਿਣੇ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਵਪਾਰ ਨੂੰ ਸੋਨੇ ਸਬੰਧੀ ਆਧੁਨਿਕ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਵਪਾਰ ਨੂੰ ਸੋਨੇ ਸਬੰਧੀ ਆਧੁਨਿਕ ਨਿਯਮਾਂ ਕਾਰਨ ਮੁਸ਼ਕਿਲ ਪੇਸ਼ ਆਈ ਹੈ। ਜੇਵਰਾਂ ਅਤੇ ਕੀਮਤੀ ਨਗਾਂ ਦੀ ਵਿੱਕਰੀ ਲਈ ਇਥੇ ਗੁਰੂ ਬਾਜ਼ਾਰ ਵਿਚ ਅਨੇਕਾਂ ਵੱਡੀਆਂ ਵੱਡੀਆਂ ਦੁਕਾਨਾਂ ਹਨ। ਇਥੇ ਸਥਾਨਕ ਬਣੇ ਜਾਂ ਮੁਰਾਦਾਬਾਦ ਤੋਂ ਆਯਾਤ ਕੀਤੇ ਗਏ ਪਿੱਤਲ ਅਤੇ ਤਾਂਬੇ ਦੇ ਭਾਂਡਿਆਂ ਦਾ ਵਿਕਾਸਸ਼ੀਲ ਵਪਾਰ ਹੈ। ਇਹ ਵਿੱਕਰੀ ਲਈ ਪਿੰਡਾਂ ਵਿਚ ਭੇਜੇ ਜਾਂਦੇ ਸਨ। ਪਸ਼ੂਆਂ ਦੀਆਂ ਖੱਲਾਂ ਅਤੇ ਚਮੜੇ ਨੂੰ ਕੁੱਝ ਕੇਂਦਰਾਂ ਤੇ ਸਵਦੇਸ਼ੀ ਵਿਧੀਆਂ ਨਾਲ ਛੋਟੇ ਛੋਟੇ ਚਮੜਾ ਪਕਾਉਣ ਦੇ ਸਥਾਨਾਂ ਵਿਚ ਪਕਾਇਆ ਜਾਂਦਾ ਹੈ ਅਤੇ ਫਿਰ ਇਨ੍ਹਾਂ ਨੂੰ ਕਾਨ੍ਹਪੁਰ ਜਾਂ ਵਿਦੇਸ਼ਾਂ ਨੂੰ ਨਿਰਯਾਤ ਕੀਤਾ ਜਾਂਦਾ ਹੈ। ਭਾਰਤ ਦੇ ਕਾਗਜ਼ ਮਿੱਲਾਂ ਤੋਂ ਕਾਗਜ਼ ਆਯਾਤ ਕੀਤਾ ਜਾਂਦਾ ਹੈ ਅਤੇ ਸਾਦਾ ਲੇਖਾ ਪੁਸਤਕਾਂ, ਜਿਨ੍ਹਾਂ ਨੂੰ ਬਹੀਆਂ ਕਿਹਾ ਜਾਂਦਾ ਹੈ, ਵੱਡੀ ਗਿਣਤੀ ਵਿਚ ਤਿਆਰ ਕੀਤੀਆਂ ਜਾਂਦੀਆਂ ਹਨ।

**ਸ਼ਹਿਰ ਦਾ ਪਾਪੜ ਅਤੇ ਵੜੀਆਂ ਦਾ ਸੰਪੰਨ ਵਪਾਰ ਹੈ, ਜੋ ਸਾਰੇ ਦੇਸ਼ ਵਿਚ ਮਸ਼ਹੂਰ** ਹਨ। ਮਹਿੰਦੀ ਅਤੇ ਖਸ, ਜਿਨ੍ਹਾਂ ਵਿਚੋਂ ਪਹਿਲੀ ਆਪਣੇ ਠੰਡੇ ਗੁਣਾ ਵਜੋਂ ਜਾਣੀ ਜਾਂਦੀ ਹੈ, ਦੇ ਅਰਕ ਵੀ ਅੰਮ੍ਰਿਤਸਰ ਵਿਚ ਕੱਢੇ ਜਾਂਦੇ ਹਨ। ਵਪਾਰ ਦੀਆਂ ਘੱਟ ਮਹੱਤਤਾ ਵਾਲੀਆਂ ਵਸਤੂਆਂ ਵਿਚ ਘੀ, ਚੀਨੀ ਅਤੇ ਤੰਬਾਕੂ ਹਨ।

ਸਰਦਾਰ ਲਹਿਣਾ ਸਿੰਘ ਮਜੀਠੀਆ ਨੇ ਅੰਮ੍ਰਿਤਸਰ ਵਿਚ ਬੰਦੂਕਾਂ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਸੀ। ਕੁੱਲ ਮਿਲਾ ਕੇ ਅੰਮ੍ਰਿਤਸਰ ਉਤਰੀ ਭਾਰਤ ਦਾ ਮਹੱਤਵਪੂਰਨ ਵਪਾਰਕ ਮੰਡੀ ਬਣਾ ਚੁੱਕਾ ਸੀ। 1915 ਵਿਚ ਇੰਡੀਅਨ ਚੈਂਬਰ ਆਫ ਕਾਮਰਸ ਦੀ ਪੰਜਾਬ ਵਿਚ ਪਹਿਲੀ ਸ਼ਾਖਾ ਅੰਮ੍ਰਿਤਸਰ ਵਿਚ ਹੀ ਖੋਲ੍ਹੀ ਗਈ। 1898 ਵਿਚ ਸ਼ਰਾਬ ਦੇ ਕਾਰਖਾਨੇ ਸ਼ੁਰੂ ਕੀਤੇ ਗਏ। 1940 ਵਿਚ ਸੌ ਤੋਂ ਜ਼ਿਆਦਾ ਸ਼ਰਾਬ ਬਣਾਉਣ ਵਾਲੀਆਂ ਭੱਠੀਆਂ ਕੰਮ ਕਰ ਰਹੀਆਂ ਸਨ।

ਉਪਰੋਕਤ ਸਰਵੇਖਣ ਦਰਸਾਉਂਦਾ ਹੈ ਕਿ ਭਾਵੇਂ ਇਥੇ ਵੱਡੇ ਪੈਮਾਨੇ ਦੇ ਉਦਯੋਗ ਨਹੀਂ ਹਨ, ਜਿਵੇਂ ਚੀਨੀ, ਸੀਮਿੰਟ, ਕਾਗਜ਼, ਡੀਜ਼ਲ ਇੰਜਣ, ਮੋਟਰ ਗੱਡੀਆਂ ਦੇ ਪੁਰਜ਼ੇ ਅਤੇ ਬਿਜਲੀ ਦੀਆਂ ਮੋਟਰਾਂ, ਫਿਰ ਵੀ ਅੰਮ੍ਰਿਤਸਰ ਦੇ ਉਦਯੋਗ ਦਾ ਹੁਣ ਕਿਸੇ ਵੀ ਵਸਤੂ ਤੇ ਵੀਹ ਤੋਂ ਪੱਚੀ ਮਿਲੀਅਨ ਰੁਪਏ ਦਾ ਪੂੰਜੀ ਨਿਵੇਸ਼ ਹੈ। ਸਾਰੇ ਵਿਚੋਂ ਅੱਧੇ ਨਾਲੋਂ ਜ਼ਿਆਦਾ ਕੱਪੜਾ ਉਦਯੋਗ (ਬਿਜਲੀ ਨਾਲ ਚੱਲਣ ਵਾਲੀਆਂ ਖੱਡੀਆਂ) ਵਿਚ ਨਿਵੇਸ਼ ਹੋਇਆ ਹੈ, ਜਿਸ ਦੇ ਨਾਲ ਇਸ ਦੀ ਪ੍ਰਮੁੱਖਤਾ ਬਰਕਰਾਰ ਹੈ। ਅੰਮ੍ਰਿਤਸਰ ਦੇ ਉਦਯੋਗਾਂ ਵਿਚ ਕੰਮ ਕਰ ਰਹੇ 30,000 ਕਾਮਿਆਂ ਵਿਚੋਂ ਲਗਭਗ 11000 ਮਜ਼ਦੂਰ, ਭਾਵ ਕੁੱਲ ਮਜਦੂਰਾਂ ਦੇ 1/3 ਹਿੱਸੇ ਤੋਂ ਜ਼ਿਆਦਾ ਕੱਪੜਾ ਮਿੱਲਾਂ (ਬਿਜਲੀ ਨਾਲ ਚੱਲਣ ਵਾਲੀਆ ਖੱਡੀਆਂ) ਵਿਚ ਕੰਮ ਕਰਦੇ ਹਨ ਅਤੇ 9800 ਮਜ਼ਦੂਰ ਹੱਥ ਖੱਡੀ ਬੁਣਾਈ ਵਿਚ ਹਨ, ਭਾਵ ਲਗਭਗ ਅਗਲੇ 1/3 ਹਿੱਸਾ ਹੱਥਖੱਡੀ ਬੁਣਾਈ ਕਰਦੇ ਹਨ, ਇਹ ਪੰਜਾਬ ਭਰ ਵਿਚੋਂ ਸਭ ਤੋਂ ਜ਼ਿਆਦਾ ਮਜ਼ਦੂਰ ਨਫਰੀ ਹੈ। 1962-63 ਅਤੇ 1963-64 ਦੌਰਾਨ ਬਿਜਲੀ ਖੱਡੀ ਦੀ

ਬੁਣਾਈ ਦੇ ਉਤਪਾਦਨ ਵਿਚ ਵਾਧਾ ਹੋਣ ਕਾਰਨ ਉਦਯੋਗ ਪਤੀਆਂ ਦਾ ਧਿਆਨ ਉਦਯੋਗ ਦੇ ਇਕ ਭਾਗ ਤੋਂ ਦੂਸਰੇ ਭਾਗ ਵੱਲ ਲੱਗ ਗਿਆ। ਹੌਜ਼ਰੀ ਵਿਚ ਵਿਸਥਾਰ ਅਤੇ ਕਿਸਮ ਵਿਚ ਸੁਧਾਰ ਦਾ ਰੁਝਾਨ ਹੈ, ਪਰੰਤੂ ਇਸ ਉਦਯੋਗ ਨੂੰ ਲੁਧਿਆਣੇ ਦੇ ਹੌਜ਼ਰੀ ਉਦਯੋਗ ਨਾਲ ਮੁਕਾਬਲਾ ਕਰਨਾ ਪੈ ਰਿਹਾ ਹੈ। ਕਪਾਹ ਦੇ ਧਾਗੇ ਦੀ ਕਤਾਈ ਅਤੇ ਉੱਨ ਦੇ ਗੋਲਿਆਂ ਦੀ ਮੰਗ ਵਧਣ ਕਾਰਨ ਇਸਦੇ ਭਵਿੱਖ ਵਿਚ ਕਾਫੀ ਲਾਭਦਾਇਕ ਹੋਣ ਦੀ ਉਮੀਦ ਹੈ। ਕੱਪੜਾ ਉਦਯੋਗ ਤੋਂ ਦੂਸਰੇ ਨੰਬਰ ਤੇ ਕੁੱਲ ਪੂੰਜੀ ਦਾ 1/3 ਹਿੱਸਾ ਰਸਾਇਣਕ ਪਦਾਰਥ ਉਦਯੋਗਾਂ ਵਿਚ ਨਿਵੇਸ਼ ਕੀਤਾ ਹੋਇਆ ਹੈ, ਜਿਸ ਵਿਚ ਪਿਛਲੇ ਪੰਜ ਸਾਲਾਂ ਦੌਰਾਨ 170 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਭਾਵੇਂ ਕੋਲੇ ਦੀ ਘਾਟ ਕਾਰਨ ਇਸ ਦੇ ਵਿਕਾਸ ਵਿਚ ਕੁਝ ਅੜਿੱਕਾ ਪਿਆ ਹੈ। ਦਵਾਈਆਂ ਵਿਚ ਵਰਤੀਆਂ ਜਾਣ ਵਾਲੀਆਂ ਜੜੀਆਂ ਬੂਟੀਆਂ ਕਾਂਗੜਾ ਜ਼ਿਲ੍ਹੇ ਵਿਚ ਭਾਰੀ ਮਾਤਰਾ ਵਿਚ ਉਪਲੱਬਧ ਹਨ, ਇਨ੍ਹਾਂ ਦੀ ਵਰਤੋਂ ਕਰਨ ਦੀ ਜ਼ਰੂਰਤ ਹੈ। ਪਿਛਲੇ ਪੰਜ ਸਾਲਾਂ ਵਿਚ ਕੱਪੜੇ ਧੋਣ ਦੇ ਸਾਬਣ ਦੇ ਉਤਪਾਦਨ ਅਤੇ ਰੁਜ਼ਗਾਰ ਵਿਚ ਪ੍ਰਭਾਵਸ਼ਾਲੀ ਵਾਧਾ ਭਾਵ 305 ਪ੍ਰਤੀਸ਼ਤ ਅਤੇ 929 ਪ੍ਰਤੀਸ਼ਤ ਹੋਇਆ ਹੈ। ਇੰਜੀਨੀਅਰੀ ਵਿਚ ਜਿਥੇ ਤਰੱਕੀ ਦਾ ਰੁਝਾਨ ਬਿਲਕੁਲ ਪ੍ਰਤੱਖ ਹੈ, ਪਿਛਲੇ ਪੰਜ ਸਾਲਾਂ ਵਿਚ ਮਸ਼ੀਨੀ ਔਜ਼ਾਰਾਂ ਦੇ ਉਤਪਾਦਨ ਵਿਚ 100 ਪ੍ਰਤੀਸ਼ਤ ਵਾਧਾ ਵਿਖਾਈ ਦਿੰਦਾ ਹੈ। ਚਮੜੇ ਦੀ ਰੰਗਾਈ, ਹੱਥ ਸ਼ਿਲਪ, ਪਲਾਸਿਟਕ ਦੀਆਂ ਚੀਜ਼ਾਂ ਅਤੇ ਭਾਂਡੇ ਬਣਾਉਣਾ ਹੋਰ ਵਿਕਾਸਸ਼ੀਲ ਉਦਯੋਗ ਹਨ, ਜਦੋਂ ਕਿ ਬਿਜਲੀ ਦੇ ਪੱਖੇ, ਕਪਾਹ ਵੇਲਣ ਅਤੇ ਗੰਢਾਂ ਬਣਾਉਣਾ, ਝਾਲਰ, ਕਿਨਾਰੀਆਂ ਤਿਆਰ ਕਰਨਾ ਅਤੇ ਰਬੜ ਦੇ ਉਦਯੋਗਾਂ ਦੇ ਉਤਪਾਦਨ ਵਿਚ ਮਾਲ ਨਾ ਮਿਲਣ ਕਰਕੇ ਕਮੀ ਆ ਰਹੀ ਹੈ।

ਸਰਹੱਦ ਦੀ ਨੇੜਤਾ, ਕੱਚੇ ਮਾਲ ਅਤੇ ਬਿਜਲੀ ਦੀ ਨਿਰੰਤਰ ਕਮੀ, ਉਤਪਾਦਨ ਅਤੇ ਵਿੱਕਰੀ ਟੈਕਸ ਦੀਆਂ ਉਚੀਆਂ ਦਰਾਂ, ਵਿਦੇਸ਼ੀ ਧਾਗੇ ਦੀ ਆਯਾਤ ਤੇ ਵਧੇਰੇ ਪਾਬੰਦੀਆਂ, ਕੋਲੇ ਅਤੇ ਲੋਹੇ ਦਾ ਨਾ ਮਿਲਣਾ, ਗੈਰ ਤਸੱਲੀਬਖਸ਼ ਮੰਡੀਕਰਣ (ਜਿਨ੍ਹਾਂ ਨੂੰ ਇਥੇ ਵੱਡੀਆਂ ਮੁਸ਼ਕਿਲਾਂ ਵਜੋਂ ਦਰਸਾਇਆ ਗਿਆ ਹੈ) ਬਿਜਲੀ ਦਾ ਮਹਿੰਗਾ ਹੋਣਾ ਅਤੇ ਘੱਟ ਮਿਲਣਾ ਆਦਿ ਨੇ ਸ਼ਹਿਰ ਦੇ ਉਦਯੋਗਿਕ ਵਿਕਾਸ ਵਿਚ ਪ੍ਰਤੀਬੰਦ ਲਗਾਏ ਹਨ ਅਤੇ ਉਦਯੋਗਪਤੀਆਂ ਨੂੰ ਵੱਡੀ ਪੱਧਰ ਤੇ ਪੂੰਜੀ ਨਿਵੇਸ਼ ਕਰਨ ਤੋਂ ਡਰਾ ਦਿੱਤਾ ਹੈ। ਲੁਧਿਆਣੇ ਨੇ ਪਹਿਲਾਂ ਹੀ ਅੰਮ੍ਰਿਤਸਰ ਨਾਲੋਂ ਖਾਸ ਕਰਕੇ ਹੌਜ਼ਰੀ ਵਿਚ ਤਰੱਕੀ ਕਰ ਲਈ ਹੈ। ਅਨੁਕੂਲ ਰਾਜਨੀਤਿਕ ਮਾਹੌਲ, ਕੱਚੇ ਮਾਲ ਦੀ ਉਪਲੱਬਧੀ, ਖਾਸ ਕਰਕੇ ਸਾਮਾਨ ਦਰਾਂ ਅਤੇ ਧਾਗੇ ਦੀ ਉਪਲੱਬਧੀ ਨਾਲ ਅੰਮ੍ਰਿਤਸਰ ਦੇ ਲੋਕਾਂ ਵਿਚ ਪਹਿਲ ਕਦਮੀ ਅਤੇ ਉੱਦਮ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ, ਜਿਸਦੀ ਉਨ੍ਹਾਂ ਵਿਚ ਕੋਈ ਕਮੀ ਨਹੀਂ ਹੈ, (ਜਿਵੇਂ ਕਿ ਉਨ੍ਹਾਂ ਨੇ ਚੀਨੀ ਹਮਲੇ ਅਤੇ ਭਾਰਤ-ਪਾਕਿ ਜੰਗ ਦੌਰਾਨ ਪ੍ਰਮਾਣਿਤ ਕੀਤਾ ਸੀ, ਜਦੋ ਰਾਤੋ ਰਾਤ ਸਾਰੇ ਛੋਟੇ, ਵੱਡੇ ਉਦਯੋਗ ਦੇਸ਼ ਦੀ ਸੁਰੱਖਿਆ ਲਈ ਲੋੜੀਂਦੀਆਂ ਚੀਜ਼ਾਂ ਦਾ ਉਤਪਾਦਨ ਕਰਨ ਵਿਚ ਬਦਲ ਗਏ ਸਨ) ਜੇਕਰ ਇਸ ਨੂੰ ਅਣਵੰਡੇ ਪੰਜਾਬ ਵਿਚ ਵਪਾਰ ਅਤੇ ਤਿਜ਼ਾਰਤ ਦਾ ਪ੍ਰਮੁੱਖ ਕੇਂਦਰ ਹੋਣ ਵਜੋਂ ਆਪਣਾ ਪਹਿਲਾਂ ਵਾਲਾ ਗੌਰਵਮਈ ਸਥਾਨ ਮੁੜ ਦੇ ਹਾਸਲ ਨਹੀਂ ਹੋ ਸਕਦਾ ਤਾਂ ਸ਼ਾਇਦ ਸਰਕਾਰ ਦਾ ਮੱਦਦਗਾਰ ਰਵੱਈਆ ਅੰਮ੍ਰਿਤਸਰ ਨੂੰ ਇਕ ਪ੍ਰਸਿੱਧ ਉਦਯੋਗਿਕ ਸ਼ਹਿਰ ਵਜੋਂ ਆਪਣਾ ਸਥਾਨ ਬਰਕਰਾਰ ਰੱਖ ਸਕਣ ਦੇ ਸਮਰੱਥ ਬਣਾ ਸਕੇ।

## ਹਵਾਲੇ ਅਤੇ ਟਿੱਪਣੀਆਂ


1. ਵਾਲਟਰ ਹੈਮਿਲਟਨ, ਦੀ ਈਸਟ ਇੰਡੀਆ ਗਜ਼ਟੀਅਰ, ਭਾਗ-1, ਪੰਨਾ 38
2. ਐਡਵਰਡ ਥਾਰਨਟਨ, ਏ ਗਜ਼ਟੀਅਰ ਆਫ ਟੈਰੀਟਰੀਜ਼ ਅੰਡਰ ਦੀ ਗਵਰਨਮੈਂਟ ਆਫ ਦੀ ਈਸਟ ਇੰਡੀਆ ਕੰਪਨੀ, ਭਾਗ-1, ਪੰਨਾ 116.
3. ਬਰੈਨ ਚਾਰਲਸ ਹੁਗਲ, ਟਰੈਵਲਜ਼ ਇਨ ਕਸ਼ਮੀਰ ਐਂਡ ਪੰਜਾਬ, ਪੰਨਾ 393.
4. ਲੈਫ. ਕਰਨਲ ਸਟੇਲਬੈਚ, ਦੀ ਪੰਜਾਬ, ਪੰਨਾ 50.
5. ਅਲੈਗਜ਼ੈਂਡਰ ਬਰਨਜ਼, ਟਰੈਵਲਜ਼ ਇਨ ਟੂ ਬੋਖਾਰਾ, ਭਾਗ-2, ਪੰਨੇ 158-59.
6. ਕਲਕੱਤਾ ਰਿਵਿਊ, ਭਾਗ -3 ਪੰਨੇ999 ( 1881) ਪੰਨਾ 61
7. ਕਲਕੱਤਾ ਐਚ.ਐਮ ਲਾਰੰਸ, ਸਮ ਪੈਸੇਜ਼ਜ਼ ਇਨ ਦੀ ਲਾਈਫ ਆਫ ਐਨ ਐਡਵੈਂਚਰਰ ਇਨ ਦੀ ਪੰਜਾਬ , ਪੰਨਾ 106.
8. ਐਮਿਲੀ ਈਡਨ, ਅੱਪ ਦੀ ਕੰਟਰੀ, ਪੰਨਾ 217.
9. ਜੇ.ਜੀ.ਏ ਬੇਅਰਡ, ਪ੍ਰਾਈਵੇਟ ਲੈਟਰਜ਼ ਆਫ ਮਾਰਕੁਐਸ ਆਫ ਡਲਹੌਜ਼ੀ, ਪੰਨਾ 145.
10. ਉਕਤ
11. ਵਿਦੇਸ਼ੀ ਮਸ਼ਵਰੇ 144, 29 ਦਸੰਬਰ 1852 (ਭਾਰਤ ਦਾ ਰਾਸ਼ਟਰੀ ਪੁਰਾਲੇਖ ਭਵਨ, ਦਿੱਲੀ)
12. ਉਕਤ
13. ਉਕਤ
14. ਉਕਤ
15. ਆਰ.ਐਚ ਡੇਵੀਸ ਅਤੇ ਡਬਲਿਯੂ ਈ ਬਲਿਥ, ਅੰਮ੍ਰਿਤਸ਼ਰ ਜ਼ਿਲ੍ਹੇ ਦੇ ਅੰਮ੍ਰਿਤਸਰ ਸੇਵਰੀਆਂ ਅਤੇ ਤਰਨਤਾਰਨ ਪਰਗਨਿਆਂ ਦੇ ਸ਼ਸੋਧਤ ਬੰਦੋਬਸਤ ਤੇ ਰਿਪੋਰਟ।
16. ਅੰਮ੍ਰਿਤਸਰ ਵਿਚ ਸਥਾਪਤ ਵੱਖ ਵੱਖ ਉਦਯੋਗਾਂ ਬਾਰੇ ਹੋਰ ਮੌਜੂਦਾ ਸਾਲਾਂ ਦੀ ਅੰਕੜਾ ਸਮੱਗਰੀ ਅੰਮ੍ਰਿਤਸਰ ਜ਼ਿਲ੍ਹਾ ਉਦਯੋਗ ਦਫਤਰ, ਉਦਯੋਗਿਕ ਡਾਇਰੈਕਟੋਰੇਟ, ਪੰਜਾਬ, ਅਤੇ ਕੱਪੜਾ ਉਤਪਾਦਕ ਸੰਘ, ਅੰਮ੍ਰਿਤਸਰ ਤੋਂ ਇਕੱਤਰ ਕੀਤੀ ਗਈ ਹੈ।
17. ਇਹ ਸੂਚੀ ਪੰਜਾਬ ਵਿਚ ਪਸ਼ਮੀਨੇ ਦਾ ਮੰਡੀਕਰਣ ਅਤੇ ਛਾਂਟੀ, ਪੰਜਾਬ ਸਰਕਾਰ ਦੇ ਆਰਥਿਕ ਅਤੇ ਸਾਂਖਿਅਕੀ ਸੰਗਠਨ ਤੋਂ ਲਈ ਗਈ ਹੈ।

## ਅਧਿਆਇ - ਨੌਵਾਂ

# ਸਿੱਖਿਆ ਅਤੇ ਸੱਭਿਆਚਾਰ

ਪਹਿਲੀ ਪ੍ਰਬੰਧਕੀ ਰਿਪੋਰਟ ( 1849-50) ਜੋ ਪੰਜਾਬ ਬਰਤਾਨਵੀ ਇਲਾਕਾ ਬਣ ਜਾਣ ਉਪਰੰਤ ਤਿਆਰ ਕੀਤੀ ਗਈ ਸੀ, ਉਸ ਵੇਲੇ ਪ੍ਰਚੱਲਤ ਸਿੱਖਿਆ ਪ੍ਰਣਾਲੀ ਦੀ ਕਿਸਮ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ। ਪੰਜਾਬ ਵਿਚ ਸਿੱਖਿਆ ਦੀ ਵੰਨਗੀ ਭਾਰਤ ਦੇ ਹੋਰ ਬਹੁਤ ਸਾਰੇ ਭਾਗਾਂ ਨਾਲ ਮਿਲਦੀ ਜੁਲਦੀ ਸੀ, ਭਾਵੇਂ ਇਸ ਵਿਚ ਕੁਝ ਸਥਾਨਕ ਭਿੰਨਤਾਵਾਂ ਸਨ। ਸਵਦੇਸ਼ੀ ਸਕੂਲ ਪੰਜ ਕਿਸਮਾਂ ਦੇ ਸਨ:-

1. ਪਾਠਸ਼ਲਾਵਾਂ:- (ਪਾਠ ਪੜ੍ਹਨ ਤੋਂ ) ਜਿਥੇ ਲਿਖਣਾ ਅਤੇ ਗਣਿਤ ਦੇ ਬੁਨਿਆਦੀ ਅਸੂਲ ਹਿੰਦੀ ਵਿਚ ਸਿਖਾਏ ਜਾਂਦੇ ਸਨ।
2. ਮਕਤਬ:-ਜਿਥੇ ਅਰਬੀ ਵਿਚ ਕੁਰਾਨ ਅਤੇ ਫਾਰਸੀ ਵਿਚ ਸਾਅਦੀ ਦੀਆਂ ਸਿੱਖਿਆਦਾਇਕ ਅਤੇ ਕਾਵਿਕ ਕ੍ਰਿਤਾਂ ਗੁਲਿਸਤਾਂ ਅਤੇ ਬੋਸਤਾਂ ਪੜ੍ਹੀਆਂ ਜਾਂਦੀਆਂ ਸਨ।
3. ਸਕੂਲ :- ਜਿਨ੍ਹਾਂ ਵਿਚ ਸਿੱਖਾਂ ਦੇ ਵਿਸ਼ਵਾਸ ਦੇ ਅਧਾਰ, ਗ੍ਰੰਥ ਦੇ ਅਧਿਐਨ ਦੇ ਨਾਲ ਨਾਲ ਗੁਰਮੁਖੀ ਸਿਖਾਈ ਜਾਂਦੀ ਸੀ।
4. ਮਹਾਜਨੀ ਸਕੂਲ:- ਜਿਥੇ ਗੁਣਨ ਸੂਚੀਆਂ (ਪਹਾੜਿਆਂ) ਤੋਂ ਇਲਾਵਾ ਲੰਡਿਆਂ ਅਤੇ ਸ਼ਰਾਫੀ ਦੀਆਂ ਸੰਕੇਤ-ਲਿਖੀ ਕਿਸਮਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਹ ਸਕੂਲ ਹਿਸਾਬ ਕਿਤਾਬ ਤੇ ਜ਼ੋਰ ਦੇਣ ਕਾਰਨ ਵਪਾਰੀ ਵਰਗ ਵਿਚ ਵਧੇਰੇ ਹਰਮਨ ਪਿਆਰੇ ਸਨ।
5. ਫੁਟਕਲ ਸਕੂਲ:- ਜਿਨ੍ਹਾਂ ਵਿਚ ਵੱਖ ਵੱਖ ਭਾਸ਼ਾਵਾਂ, ਜਿਵੇਂ ਕਿ ਸੰਸਕ੍ਰਿਤ ਅਤੇ ਫਾਰਸੀ ਪੜ੍ਹਾਈਆਂ ਜਾਂਦੀਆਂ ਸਨ।

ਅਧਿਆਪਕਾਂ ਦੀਆਂ ਉਜਰਤਾਂ ਦੇ ਢੰਗ ਉਤਸਵਾਂ ਤੇ ਉਪਹਾਰ ਦੇਣ ਤੋਂ ਲੈ ਕੇ ਅਨਾਜ ਦੀ ਭੇਟਾ ਜਾਂ ਜ਼ਮੀਨ ਦੀ ਬਖਸ਼ਿਸ਼ ਤੱਕ ਵੱਖੋ ਵੱਖਰੇ ਸਨ।

ਅੰਮ੍ਰਿਤਸਰ ਕਾਫੀ ਲੰਮੇ ਸਮੇਂ ਤੋਂ ਸਿੱਖੀ ਵਿਦਿਆ ਦਾ ਮੁੱਖ ਸਥਾਨ ਰਿਹਾ ਹੈ। ਸਿੱਖਿਆ ਕਰ ਮੁਕਤ ਅਨੁਦਾਨਾਂ ਅਤੇ ਸਿੱਖ ਸਰਕਾਰ ਵਲੋਂ ਪ੍ਰਾਪਤ ਧਰਮ-ਅਰਥ ਭੇਟਾਂ ਤੇ ਆਧਾਰਤ ਸੀ। ਸਰਕਾਰੀ ਕਾਲਜ ਲਾਹੌਰ ਦੇ ਇਕ ਸਮੇਂ ਦੇ ਪ੍ਰਿੰਸੀਪਲ, ਜੀ. ਡਬਲਿਯੂ ਲੈਟਲਰ ਜਿਸ ਨੇ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਲਈ ਕੰਮ ਕੀਤਾ, ਉਸ ਨੇ "ਪੰਜਾਬ ਵਿਚ ਸਵਦੇਸੀ ਸਿੱਖਿਆ" ਦਾ ਪ੍ਰਕਾਸ਼ਨ ਕੀਤਾ, ਜਿਸ ਵਿਚ ਅੰਮ੍ਰਿਤਸਰ ਸ਼ਹਿਰ ਵਿਚ ਮੌਜੂਦ ਸਿੱਖਿਆ ਸੰਸਥਾਵਾਂ ਦੀ ਸੰਖਿਆ ਦਾ ਵਿਸ਼ੇਸ਼ ਤੌਰ ਤੇ ਵਰਨਣ ਕੀਤਾ ਗਿਆ ਹੈ। ਉਸਦਾ ਅਨੁਮਾਨ ਹੈ ਕਿ ਸਵਰਨ ਮੰਦਰ ਅਤੇ ਇਸ ਦੇ ਨਾਲ ਸਬੰਧਤ ਬੁੰਗਿਆਂ ਤੋਂ ਇਲਾਵਾ ਸ਼ਹਿਰ ਵਿਚ ਲਗਭਗ 300 ਸਕੂਲ ਸਨ ਜਿਥੇ ਗੁਰਮੁਖੀ ਦੀ ਸਿੱਖਿਆ ਅਤੇ ਅਲੰਕਾਰ ਵਿਦਿਆ ਦਾ

ਅਭਿਆਸ ਕਰਵਾਇਆ ਜਾਂਦਾ ਸੀ। ਅੰਮ੍ਰਿਤਸਰ ਵਿਚ ਇਕ ਖਾਸ ਪੁਸਤਕ ਬਹੁਤ ਪ੍ਰਸਿੱਧ ਸੀ ਜਿਸ ਵਿਚ ਸੁਸ਼ੀਲ ਗੱਲਬਾਤ, ਵਿਵਹਾਰ ਅਤੇ ਸ਼ਿਸ਼ਟਾਚਾਰ ਬਾਰੇ ਪਥ ਪ੍ਰਦਰਸ਼ਨ ਕੀਤਾ ਹੋਇਆ ਸੀ। ਫਿਰ ਵੀ ਗੁਰਮੁਖੀ ਦੇ ਸਕੂਲਾਂ ਦੀ ਗਿਣਤੀ ਘਟ ਰਹੀ ਸੀ।

ਲੇਟਲਰ ਅਨੁਸਾਰ ਅੰਮ੍ਰਿਤਸਰ ਵਿਚ ਸਭ ਤੋਂ ਵੱਡੀ ਪਾਠਸ਼ਾਲਾ ਦਾ ਸੰਚਾਲਨ ਮੁੱਖ ਤੌਰ ਤੇ ਪੰਡਿਤ ਅਚਿੰਤ ਰਾਮ[1] ਅਤੇ ਹੋਰਾਂ ਵਲੋਂ ਕੀਤਾ ਗਿਆ ਸੀ ਜਿਸ ਵਿਚ 75 ਵਿਦਿਆਰਥੀਆਂ ਨੂੰ ਸੰਸਕ੍ਰਿਤ, ਵਿਆਕਰਣ, ਕਵਿਤਾ ਅਤੇ ਤਰਕ ਸ਼ਾਸਤਰ ਦੀ ਸਿੱਖਿਆ ਦਿੱਤੀ ਜਾਂਦੀ ਸੀ ਅਤੇ ਬਾਅਦ ਵਿਚ ਇਸ ਸੰਸਥਾ ਨੇ ਪਰਾਗਿਆ ਅਤੇ ਵਿਸ਼ਾਰਦ ਦੀਆਂ ਪੰਜਾਬ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਾਸਤੇ ਵਿਦਿਆਰਥੀਆਂ ਨੂੰ ਤਿਆਰ ਕੀਤਾ, ਜੋ ਸਕੂਲ ਨੂੰ 40 ਰੁਪਏ ਪ੍ਰਤੀ ਮਹੀਨਾ ਸਹਾਇਤਾ ਅਨੁਦਾਨ ਦਿੰਦੀ ਸੀ। ਸ਼ਹਿਰ ਦਾ ਸਭ ਤੋਂ ਵੱਡਾ ਮਕਤਬ ਹਾਲ ਬਾਜ਼ਾਰ ਵਿਚ ਸ਼ੇਖ ਖੈਰ-ਉਦ-ਦੀਨ ਦੀ ਮਸਜਿਦ ਨਾਲ ਸਬੰਧਤ ਸੀ ਜਿਸ ਵਿਚ ਲੇਟਨਰ ਦੀ ਰਿਪੋਰਟ ਅਨੁਸਾਰ 200 ਸ਼ਾਗਿਰਦਾਂ ਨੂੰ ਕੁਰਾਨ, ਫਾਰਸੀ ਅਤੇ ਅਰਬੀ ਸਿੱਖਿਆ ਦੇ ਵੱਖ ਵੱਖ ਪਹਿਲੂਆਂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਮੌਲਵੀ ਦੀ ਉਜਰਤ 4 ਰੁਪਏ ਤੋਂ 21 ਰੁਪਏ ਮਹੀਨਾ ਤੱਕ ਹੁੰਦੀ ਸੀ। ਇਸ ਸਕੂਲ ਦੀ ਸਥਾਪਨਾ ਅਤੇ ਸੰਭਾਲ ਸ਼ੇਖ ਖੈਰ-ਉਦੋਂ-ਦੀਨ ਵਲੋਂ ਕੀਤੀ ਜਾਂਦੀ ਸੀ। ਗੁਰਮੁਖੀ ਸਕੂਲਾਂ ਵਿਚੋਂ ਸਭ ਤੋਂ ਵੱਡਾ ਸਕੂਲ ਅਕਾਲ ਬੁੰਗੇ ਨਾਲ ਸਬੰਧਤ ਸੀ, ਜਿਥੇ ਭਾਈ ਆਤਮਾ ਸਿੰਘ ਤਕਰੀਬਨ 100 ਤੋਂ 150 ਵਿਦਿਆਰਥੀਆਂ ਨੂੰ ਗੁਰਮੁਖੀ ਵਿਚ ਗ੍ਰੰਥ ਪੜ੍ਹਾਉਂਦੇ ਸਨ। ਬਹੁਤ ਸਾਰੇ ਇਲਾਕਿਆਂ, ਜਿਵੇਂ ਕਟੜਾ ਭੰਗੀਆਂ, ਕਟੜਾ ਆਹਲੂਵਾਲੀਆ, ਕਟੜਾ ਖਜ਼ਾਨਾ, ਕਰਮੋ ਡਿਓਡੀ, ਮੋਰੀ ਗੰਜ, ਕਟੜਾ ਭਾਈ ਸੰਤ ਸਿੰਘ, ਕਟੜਾ ਕਰਮ ਸਿੰਘ ਵਿਚ ਫਾਰਸੀ ਅਰਬੀ ਅਤੇ ਉਰਦੂ ਦੇ ਛੋਟੇ ਛੋਟੇ ਸਕੂਲ ਸਨ, ਜਿਥੇ ਇਕ ਸਕੂਲ ਦੇ ਬੱਚਿਆਂ ਦੀ ਗਿਣਤੀ 2 ਤੋਂ 18 ਦੇ ਵਿਚਕਾਰ ਹੁੰਦੀ ਸੀ। ਇਸੇ ਤਰ੍ਹਾਂ ਅਰਬੀ, ਫਾਰਸੀ ਅਤੇ ਉਰਦੂ ਦੇ ਇਕ ਵੱਡੇ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ 4 ਅਤੇ 60 ਦੇ ਦਰਮਿਆਨ ਸੀ ਅਤੇ ਚਿਕਿਤਸਾ, ਵਿਆਰਕਣ, ਹਦੀਸ, ਤਰਕ ਵਿਗਿਆਨ, ਅਲੰਕਾਰ ਸ਼ਾਸਤਰ, ਅਰਬੀ, ਫਾਰਸੀ ਆਦਿ ਵਿਸ਼ੇ ਪੜ੍ਹਾਏ ਜਾਂਦੇ ਸਨ। ਇਹ ਸਕੂਲ ਮੁੱਖ ਤੌਰ ਤੇ ਕਟੜਾ ਸੂਫੀਦ, ਕਟੜਾ ਮੋਹਨ ਸਿੰਘ, ਕੋਤਵਾਲੀ ਅਤੇ ਕਟੜਾ ਕਰਮ ਸਿੰਘ ਵਿਚ ਸਥਿਤ ਸਨ। ਗੁਰਮੁਖੀ ਸਕੂਲ ਵੱਖ ਵੱਖ ਇਲਾਕਿਆਂ, ਜਿਵੇਂ ਕਟਰਾ ਸ਼ੇਰ ਸਿੰਘ, ਚੌਂਕ ਪਾਸੀਆਂ, ਅਖਾੜਾ ਬ੍ਰਹਮ ਬੂਟਾ ਵਿਚ ਸਥਿਤ ਧਰਮਸ਼ਾਲਾਵਾਂ ਜਾਂ ਨਿੱਜੀ ਮਕਾਨਾਂ ਨਾਲ ਸਬੰਧਤ ਸਨ। ਇਕ ਅਧਿਆਪਕ ਦਾ ਸੇਵਾਫਲ 25 ਪੈਸੇ ਤੋਂ ਲੈ ਕੇ 8 ਰੁਪਏ ਮਹੀਨਾ ਦੇ ਵਿਚਕਾਰ ਹੁੰਦਾ ਸੀ। ਚੁਰਸਤੀ ਅਟਾਰੀ ਘੰਟਾ ਘਰ ਅਤੇ ਕਟੜਾ ਦੂਲੂ ਵਿਚ ਸਥਿਤ ਮਹਾਜਨੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਹਰੇਕ ਸਕੂਲ ਵਿਚ 12 ਤੋਂ 80 ਦੇ ਦਰਮਿਆਨ ਅਤੇ ਅਧਿਆਪਕ ਦੀ ਆਮਦਨ 10 ਰੁਪਏ ਤੋਂ 19 ਰੁਪਏ ਪ੍ਰਤੀ ਮਹੀਨਾ ਦੇ ਦਰਮਿਆਨ ਸੀ। ਸੰਸਕ੍ਰਿਤ ਸਕੂਲ ਸਾਰੇ ਸ਼ਹਿਰ ਵਿਚ ਫੈਲੇ ਹੋਏ ਸਨ, ਅਤੇ ਲੇਟਨਰ ਅਨੁਸਾਰ ਇਨ੍ਹਾਂ ਵਿਚ ਪੜ੍ਹਾਈ ਦਾ ਮਿਆਰ ਬਿਲਕੁੱਲ ਤਸੱਲੀਬਖਸ਼ ਸੀ। ਸੰਸਕ੍ਰਿਤ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ 4 ਤੋਂ 75 ਦੇ ਦਰਮਿਆਨ ਅਤੇ ਅਧਿਆਪਕ ਦੀ ਆਮਦਨ 7 ਰੁਪਏ ਤੋਂ 8 ਰੁਪਏ ਦੇ ਦਰਮਿਆਨ ਸੀ। ਲਾਹੌਰ ਡਿਵੀਜ਼ਨ ਦਾ ਕਮਿਸ਼ਨਰ ਲਾਰਡ ਮਾਂਟਗੁਮਰੀ, ਪ੍ਰਬੰਧਕੀ ਬੋਰਡ ਦੇ ਸਕੱਤਰ,

ਪੀ.ਮੈਲਵਿਲ ਨੂੰ ਮਿਤੀ 8 ਨਵੰਬਰ, 1850 [2] ਨੂੰ ਲਿਖੇ ਆਪਣੇ ਪੱਤਰ ਵਿਚ ਲਿਖਦਾ ਹੈ ਕਿ ਵਧੇਰੇ ਸੰਪਨ ਬੱਚਿਆਂ ਨੂੰ , ਉਨ੍ਹਾਂ ਦੇ ਆਪਣੇ ਘਰਾਂ ਵਿਚ ਨਿੱਜੀ ਤੌਰ ਤੇ ਸਿਖਿਆ ਦਿੱਤੀ ਜਾਂਦੀ ਸੀ। ਵਿਦਿਅਕ ਸੰਸਥਾਵਾਂ ਬਾਰੇ ਮਾਂਟਗੁਮਰੀ ਦੇ ਬਿਆਨ ਤੋਂ ਪਤਾ ਲਗਦਾ ਹੈ ਕਿ ਅੰਮ੍ਰਿਤਸਰ ਸ਼ਹਿਰ ਵਿਚ 15,256 ਮਕਾਨ ਸਨ, 9 ਅਰਬੀ ਭਾਸ਼ਾ ਦੇ ਸਕੂਲ, ਜਿਨ੍ਹਾਂ ਵਿਚ 72 ਸਿਖਿਆਰਥੀ ਸਨ, 13 ਫਾਰਸੀ ਦੇ ਸਕੂਲ, ਜਿਨ੍ਹਾਂ ਵਿਚ 129 ਸਿਖਿਆਰਥੀ 15 ਹਿੰਦੀ ਦੇ ਸਕੂਲ, ਜਿਨ੍ਹਾਂ ਵਿਚ 540 ਵਿਦਿਆਰਥੀ, 3 ਗੁਰਮੁਖੀ ਸਕੂਲ, ਜਿਨ੍ਹਾਂ ਵਿਚ 12 ਵਿਦਿਆਰਥੀ, 26 ਕੁਰਾਨ ਸਕੂਲ ਜਿਨ੍ਹਾਂ ਵਿਚ 147 ਵਿਦਿਆਰਥੀ ਅਤੇ 42 ਆਮ ਸਕੂਲ ਸਨ, ਜੋ ਕਿਸੇ ਵਿਸ਼ੇਸ਼ ਭਾਸ਼ਾ ਦੀ ਪੜ੍ਹਾਈ ਤੱਕ ਸੀਮਤ ਨਹੀਂ ਸਨ, ਅਤੇ ਉਨ੍ਹਾਂ ਵਿਚ 197 ਵਿਦਿਆਰਥੀ ਸਨ [3]। ਰਾਜਨੀਤਿਕ ਤਬਦੀਲੀਆਂ ਦੇ ਬਾਵਜੂਦ, ਸਿੱਖਿਆ ਨੇ ਉਨਤੀ ਕੀਤੀ ਅਤੇ 30 ਅਕਤੂਬਰ 1882 ਤੱਕ ਅੰਮ੍ਰਿਤਸਰ ਸ਼ਹਿਰ ਵਿਚ 54 ਮਕਤਬ ਸਨ, ਜਿਨ੍ਹਾਂ ਵਿਚ 964 ਸ਼ਾਗਿਰਦ, 59 ਪਾਠਸ਼ਾਲਾਵਾਂ, ਜਿਨ੍ਹਾਂ ਵਿਚ 1027 ਸ਼ਾਗਿਰਦ, 20 ਗੁਰਮੁਖੀ ਸਕੂਲ ਜਿਨ੍ਹਾਂ ਵਿਚ 792 ਸ਼ਾਗਿਰਦ, 12 ਲੰਡਿਆਂ ਦੇ ਸਕੂਲ ਜਿਨ੍ਹਾਂ ਵਿਚ 607 ਸ਼ਾਗਿਰਦ ਅਤੇ ਕੁਲ 145 ਸਵਦੇਸ਼ੀ ਸਕੂਲ ਸਨ ਜਿਨ੍ਹਾਂ ਵਿਚ 3390 ਸ਼ਾਗਿਰਦ ਸਨ [4]।

ਆਪਣੀ ਵਿਦਵਤਾ ਲਈ ਪ੍ਰਸਿੱਧ ਬਹੁਤ ਸਾਰੇ ਨਾਮਵਰ ਵਿਅਕਤੀ ਸ਼ਹਿਰ ਵਿਚ ਰਹਿੰਦੇ ਸਨ। ਗੰਗਾ ਰਾਮ, ਕਿਰਪਾ ਰਾਮ ਅਤੇ ਪੀਰ ਬਖਸ਼ ਅਤੇ ਅਜ਼ੀਜ਼-ਉਦ-ਦੀਨ ਵਧੇਰੇ ਮਸ਼ਹੂਰ ਸਨ। ਮੁਸਲਮਾਨਾਂ ਵਿਚ ਰੁਕਨ-ਉਦ-ਦੀਨ, ਅਕਬਰ ਸ਼ਾਹ ਅਤੇ ਮੁਹੰਮਦ ਫਜ਼ਲ ਕਰੀਮ ਜ਼ਿਆਦਾ ਪ੍ਰਸਿੱਧ ਸਨ। 19ਵੀਂ ਸਦੀ ਦੇ ਅੰਤ ਤੱਕ ਉਥੇ ਬਹੁਤ ਸਾਰੇ ਗੁਰਮੁਖੀ ਦੇ ਵਿਦਵਾਨ ਅਤੇ ਲਿਖਾਰੀ ਸਨ, ਪਰੰਤੂ ਅੰਮ੍ਰਿਤਸਰ ਦੇ ਭਾਈ ਗਿਆਨ ਸਿੰਘ ਅਤੇ ਭਾਈ ਬਿਸ਼ਨ ਸਿੰਘ ਬਹੁਤ ਪ੍ਰਤੀਸ਼ਠ ਸਨ। ਭਾਈ ਬਿਸ਼ਨ ਸਿਘ ਵਿਆਕਰਣ, ਦਰਸ਼ਨ, ਤਰਕ ਵਿਗਿਆਨ ਅਤੇ ਇਤਿਹਾਸ ਦਾ ਇਕ ਪ੍ਰਸਿੱਧ ਲਿਖਾਰੀ ਸੀ [5]। ਭਾਈਆਂ ਵਿਚੋਂ ਹਜ਼ਾਰਾ ਸਿੰਘ ਅਤੇ ਕਿਸ਼ਨ ਸਿੰਘ ਨੇ ਵੀ ਬਹੁਤ ਸ਼ੁਹਰਤ ਖੱਟੀ ਸੀ। ਪੰਡਿਤ ਤੁਲਸੀ ਰਾਮ, ਪੰਡਿਤ ਬਾਲਮੁਕੰਦ ਅਤੇ ਪੰਡਿਤ ਬੈਜਨਾਥ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਸਨ।

ਸਵਦੇਸ਼ੀ ਵਿੱਦਿਆ ਭੂਗੋਲ ਅਤੇ ਇਤਿਹਾਸ ਦੇ ਅਧਿਐਨ ਲਈ ਆਲੋਚਨਾਤਮਕ ਅਤੇ ਵਿਗਿਆਨਕ ਵਿਚਾਰਾਂ ਪੱਖੋਂ ਅਧੂਰੀ ਸੀ। ਕੁਦਰਤੀ ਕਾਰਣ ਅਤੇ ਚਮਤਕਾਰ ਵਸਤੂ ਜੁਗਤ ਵਿਚ ਪ੍ਰਵੇਸ਼ ਨਹੀਂ ਕਰਦੇ। ਉਪਾਰਕ ਅਤੇ ਖੇਤੀਬਾੜੀ ਦੇ ਲੇਖੇ ਜੋਖੇ ਸੱਚ ਮੁਚ Summum bonum ਬਣ ਗਏ ਜਿਸ ਨਾਲ ਵਿਦਿਆਰਥੀਆਂ ਦੀ ਮਾਨਸਿਕ ਉਨਤੀ ਹੋਣ ਦੀ ਬਜਾਇ ਉਨ੍ਹਾਂ ਦਾ ਗਿਆਨ ਸੀਮਤ ਹੋ ਕੇ ਰਹਿ ਗਿਆ। ਵਿਦਿਆਰਥੀਆਂ ਪਾਸੋਂ ਜ਼ਿਆਦਾਤਰ ਸਿੱਖਣ ਅਤੇ ਉਨ੍ਹਾਂ ਦੇ ਪ੍ਰੰਪਰਕ ਧਰਮ ਦੇ ਸਦਾਚਾਰਕ ਗੁਣਾਂ ਦੀ ਉਸਤਤਿ ਕਰਨ ਦੀ ਆਸ ਕੀਤੀ ਜਾਂਦੀ ਸੀ। ਸਿੱਖਿਆ ਰੱਟਾ ਵਿਧੀ ਨਾਲ ਦਿੱਤੀ ਜਾਂਦੀ ਸੀ ਅਤੇ ਕੁਝ ਬੱਚੇ ਅੰਕ ਗਣਿਤ ਦੇ ਬਹੁਤ ਸਾਰੇ ਪ੍ਰਸ਼ਨਾਂ ਦਾ ਜ਼ੁਬਾਨੀ ਹੱਲ ਕਰਕੇ ਆਪਣੀ ਸ਼ਾਨਦਾਰ ਯਾਦ ਸ਼ਕਤੀ ਦਾ ਪਰਿਚੈ ਦਿੰਦੇ ਸਨ ਜਿਸ ਨਾਲ ਦਰਸ਼ਕਾਂ ਨੂੰ ਬਹੁਤ ਹੈਰਾਨੀ ਹੁੰਦੀ ਸੀ। ਗੁਣਾਂਕਰਨ ਦੀਆਂ ਰਕਮਾਂ ਆਮ ਤੌਰ ਤੇ 40 ਜਾਂ ਇਸ ਤੋਂ ਵੀ ਵੱਡੀਆਂ ਹੁੰਦੀਆਂ ਸਨ। ਅਨੁਸ਼ਾਸ਼ਨ ਕੁਝ ਸਖਤ ਸੀ। ਵੱਡੇ ਸਕੂਲਾਂ ਵਿਚ ਅਧਿਆਪਕ ਸਥਾਈ ਹੁੰਦੇ ਸਨ। ਪਰੰਤੂ ਕੁਝ ਮਹਿਮਾਨ ਅਧਿਆਪਕ ਵੀ ਹੁੰਦੇ ਸਨ, ਜੋ ਸਥਾਨਕ ਜ਼ਰੂਰਤਾਂ ਦੀ ਪੂਰਤੀ ਕਰਦੇ ਸਨ।

ਪੰਜਾਬ ਬੋਰਡ ਦੇ ਮੈਂਬਰ ਮੌਜੂਦਾ ਸਾਰੀਆਂ ਧਰਮ ਅਰਥ ਭੇਟਾਵਾਂ ਦੀ ਪੂਰੀ ਸਾਵਧਾਨੀ ਨਾਲ ਧਿਆਨ ਰੱਖਦੇ ਸਨ ਅਤੇ ਉਨ੍ਹਾਂ ਨੇ ਪੰਜਾਬ ਦੇ ਹਰੇਕ ਸ਼ਹਿਰ ਵਿਚ ਇਕ ਕੇਂਦਰੀ ਸਕੂਲ ਖੋਹਲਣ ਦਾ ਸੁਝਾਓ ਦਿੱਤਾ। ਪੰਜਾਬ ਕਬਜ਼ਾ ਹੋਣ ਤੋਂ ਬਾਅਦ ਅੰਮ੍ਰਿਤਸਰ ਵਿਚ ਸਕੂਲ ਦੀ ਸਥਾਪਨਾ ਦਾ ਸੁਝਾਓ, 1849 ਵਿਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿਸਟਰ ਸੀ.ਬੀ. ਸਾਂਡਰਸ ਵਲੋਂ ਦਿੱਤਾ ਜਾਪਦਾ ਹੈ, ਭਾਵੇਂ ਇਸ ਨੂੰ ਅਮਲ ਵਿਚ ਲਿਆਉਣ ਦਾ ਕੰਮ ਪਹਿਲਾਂ ਚੀਫ ਕਮਿਸ਼ਨਰ, ਮਿਸਟਰ ਆਰ. ਮਾਂਟਗੁਮੀਰ ਨੇ ਕੀਤਾ। ਸਵਾਲ, ਜੋ ਅਧਿਕਾਰੀਆਂ ਦੇ ਮਨਾਂ ਨੂੰ ਵਿਆਕੁਲ ਕਰ ਰਿਹਾ ਸੀ, ਉਹ ਇਹ ਸੀ ਕਿ ਸਕੂਲ ਅੰਮ੍ਰਿਤਸਰ ਵਿਚ ਖੋਹਲਣਾ ਚਾਹੀਦਾ ਹੈ ਜਾਂ ਲਾਹੌਰ ਵਿਚ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ, ਮਿਸਟਰ ਸੀ.ਬੀ. ਸਾਂਡਰਸ ਨੇ ਲਾਹੌਰ ਡਿਵੀਜ਼ਨ ਦੇ ਕਮਿਸ਼ਨਰ ਨੂੰ ਮਿਤੀ 23 ਅਗਸਤ 1850 ਨੂੰ ਲਿਖੇ ਆਪਣੇ ਪੱਤਰ ਵਿਚ ਇਸ ਸਵਾਲ ਤੇ ਪੂਰੇ ਵਿਸਥਾਰ ਨਾਲ ਵਿਚਾਰ ਕੀਤਾ[6]। ਸਾਂਡਰਸ ਅਨੁਸਾਰ ਪੰਜਾਬ ਦੇ ਲੋਕ ਅੰਮ੍ਰਿਤਸਰ ਨੂੰ ਨਾ ਕੇਵਲ ਦੇਸ਼ ਦੇ ਪ੍ਰਮੁੱਖ ਧਰਮ ਦਾ ਮੁੱਖ ਸਥਾਨ ਹੀ ਮੰਨਦੇ ਸਨ (ਕਿਉਂਕਿ ਹਿੰਦੂ ਅਤੇ ਸਿੱਖ ਇਸਨੂੰ ਇਕੋ ਜਿਹਾ ਸਤਿਕਾਰ ਦਿੰਦੇ ਸਨ) ਬਲਕਿ ਇਸ ਨੂੰ ਸਿੱਖਿਆ ਅਤੇ ਬੌਧਿਕ ਮਹੱਤਤਾ ਵੀ ਹਾਸਲ ਸੀ। ਉਹ ਕੁਝ ਪ੍ਰਭਾਵਸ਼ਾਲੀ ਸ਼ਹਿਰੀਆਂ ਦੇ ਮਾਨਸਿਕ ਅਤੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਵੀ ਪ੍ਰਭਾਵਤ ਹੋਇਆ, ਜਿਨ੍ਹਾਂ ਨੇ ਕੁਝ ਪ੍ਰਤੀਕੂਲ ਵਿਚਾਰ ਪ੍ਰਗਟ ਕੀਤੇ ਸਨ। ਇਸ ਤੋਂ ਉਪਰੰਤ ਉਨ੍ਹਾਂ ਦੇ ਵਪਾਰਕ ਅਤੇ ਤਿਜਾਰਤੀ ਸ਼ੌਕ ਨੇ ਉਨ੍ਹਾਂ ਨੂੰ ਅੰਗਰੇਜ਼ੀ ਵਿਚ ਨਿਪੁੰਨਤਾ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਵੀ ਅੰਗਰੇਜ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਸਿਖਿਆ ਦਿਵਾਉਣ ਦੀ ਤੀਬਰ ਇੱਛਾ ਪ੍ਰਗਟ ਕੀਤੀ ਅਤੇ ਕਈਆਂ ਨੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਲਈ ਨਿੱਜੀ ਪ੍ਰਬੰਧ ਕੀਤੇ ਹੋਏ ਸਨ। ਅੰਗਰੇਜ਼ੀ ਦਾ ਗਿਆਨ ਰੱਖਣ ਵਾਲਾ ਕਲਕੱਤੇ ਦਾ ਇਕ ਬਾਬੂ ਅੰਮ੍ਰਿਤਸਰ ਵਿਚ ਰਹਿਣ ਲੱਗਾ, ਉਸਦੇ ਕੋਲ ਬਹੁਤ ਬਾਰੇ ਸ਼ਾਗਿਰਦ ਇਕੱਠੇ ਹੋ ਗਏ ਅਤੇ ਸਿੰਧਾਂਵਾਲਾ ਪਰਿਵਾਰ ਨੇ ਆਪਣੇ ਛੋਟੇ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਲਈ ਉਸਨੂੰ ਉਸਤਾਦ ਨਿਯੁਕਤ ਕਰ ਲਿਆ। ਸਾਂਡਰਸ ਨੇ ਮਹਿਸੂਸ ਕੀਤਾ ਕਿ ਸ਼ਹਿਰ ਦੇ ਵਸਨੀਕਾਂ ਦੀਆਂ ਅੰਗਰੇਜ਼ੀ ਭਾਸ਼ਾ ਦੇ ਪੱਖ ਵਿਚ ਇਤਨੀਆਂ ਜ਼ੋਰਦਾਰ ਭਾਵਨਾਵਾਂ ਸਨ, ਉਸਨੇ ਸੋਚਿਆ ਕਿ ਇਸ ਨੂੰ ਉਨ੍ਹਾਂ ਦੀ ਪਹੁੰਚ ਵਿਚ ਲਿਆਉਣਾ ਬਹੁਤ ਹੀ ਜ਼ਰੂਰੀ ਸੀ। ਅੰਗਰੇਜ਼ੀ ਭਾਸਾ ਲਿਖਣ ਅਤੇ ਪੜ੍ਹਨ ਬਾਰੇ ਲੋੜੀਂਦੀ ਸਿੱਖਿਆ ਦੇਣ ਲਈ ਇਕ ਅੰਗਰੇਜ਼ੀ ਅਧਿਆਪਕ ਨਿਯੁਕਤ ਕਰਨ ਬਾਰੇ, ਵਸਨੀਕਾਂ ਵਲੋਂ ਡਿਪਟੀ ਕਮਿਸ਼ਨਰ ਨੂੰ ਦੋ ਦਰਖਾਸਤਾਂ ਪੇਸ਼ ਕੀਤੀਆਂ ਗਈਆਂ।[7]

ਇਸ ਲਈ ਸਾਂਡਰਸ ਨੂੰ ਅੰਮ੍ਰਿਤਸਰ ਵਿਚ ਸਕੂਲ ਸਥਾਪਤ ਕਰਨ ਦੀ ਜ਼ਰੂਰਤ ਬਾਰੇ ਨਿਸ਼ਚਾ ਹੋ ਗਿਆ ਸੀ, ਅਤੇ ਉਸ ਵਲੋਂ ਪ੍ਰਸਤੁਤ ਕੀਤਾ ਗਿਆ ਆਮ ਅਸੂਲ[8] ਇਹ ਸੀ ਕਿ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਤੇ ਹੋਣ ਵਾਲਾ ਖਰਚਾ ਮਾਪਿਆਂ ਵਲੋਂ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਤੋਂ ਇਲਾਵਾ ਉਹ ਉਨ੍ਹਾਂ ਲੋੜਵੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ, ਜਿਨ੍ਹਾਂ ਨੂੰ ਲੋੜੀਂਦੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਉਸਨੇ ਸੁਝਾਓ ਦਿੱਤਾ ਕਿ ਸਿੱਖਿਆ ਦੀਆਂ ਜ਼ਰੂਰਤਾਂ ਲਈ ਸ਼ਹਿਰ ਦੇ ਵਿਚਕਾਰ ਸਰਕਾਰੀ ਇਮਾਰਤ ਬਣਾਉਣ ਅਤੇ ਇਸ ਦੇ ਵਿਸਥਾਰ ਦੇ ਮੰਤਵ ਲਈ ਜ਼ਿਲ੍ਹੇ ਦੇ ਨੂਜਲ ਫੰਡ ਵਿਚ 3000 ਰੁਪਏ ਦੀ ਰਕਮ ਜਮ੍ਹਾਂ ਕੀਤੀ ਜਾਵੇ।

ਕਮਿਸ਼ਨਰ, ਮਿਸਟਰ ਰਾਬਰਟ ਮਾਂਟਗੁੰਮਰੀ ਨੇ ਮਿਤੀ 8 ਨਵੰਬਰ 1850 ਨੂੰ ਪ੍ਰਬੰਧਕੀ ਬੋਰਡ ਦੇ ਸਕੱਤਰ ਪੀ. ਮੈਲਵੈਲ ਨੂੰ ਲਿਖੇ ਆਪਣੇ ਪੱਤਰ ਵਿਚ ਮਿਸਟਰ ਸਾਂਡਰਸ ਦੇ ਮਾਮਲੇ ਦੀ ਜ਼ੋਰਦਾਰ ਪ੍ਰੋੜਤਾ ਕੀਤੀ ਅਤੇ ਇਹ ਵੀ ਲਿਖਿਆ ਕਿ ਅੰਮ੍ਰਿਤਸਰ ਤੋਂ ਬਿਨਾਂ ਪੰਜਾਬ ਵਿਚ ਹੋਰ ਕੋਈ ਅਜਿਹਾ ਸ਼ਹਿਰ ਨਹੀਂ ਹੈ ਜੋ ਆਪਣੀ ਸਥਿਤੀ, ਮਹੱਤਤਾ ਅਤੇ ਇਸਦੇ ਵਸਨੀਕਾਂ ਦੀ ਆਮ ਬੁੱਧੀਮਾਨਤਾ ਕਾਰਨ ਇਕ ਚੰਗਾ ਸਕੂਲ ਸਥਾਪਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੋਵੇ। ਮਿਸਟਰ ਮੈਲਵੈਲ ਨੇ ਇਕ ਕਾਲਜ ਦੀਆਂ ਵਿਸ਼ੇਸ਼ਤਾਵਾਂ ਵਾਲੀ ਵਿਦਿਅਕ ਸੰਸਥਾ ਸਥਾਪਤ ਕਰਨ ਲਈ ਅੰਮ੍ਰਿਤਸਰ ਚੋਣ ਨੂੰ ਹਰ ਪੱਖ ਤੋਂ ਮੁਨਾਸਿਬ ਸਮਝਿਆ। ਉਸਨੇ ਦਲੀਲ ਦਿੱਤੀ ਕਿ ਅੰਮ੍ਰਿਤਸਰ ਪੰਜਾਬ ਦੇ ਵਿਚਕਾਰ ਸਥਿਤ ਹੈ, ਇਸ ਲਈ ਨੌਜਵਾਨਾਂ ਨੂੰ ਸਿੱਖਿਅਤ ਕਰਨਾ ਬਹੁਤ ਜ਼ਰੂਰੀ ਸੀ, ਜਿਸ ਨਾਲ ਹੋਰ ਉਪਲੱਬਧੀਆਂ ਤੋਂ ਇਲਾਵਾ, ਲੋਕਾਂ ਵਿਚ ਸ਼ਾਂਤੀ ਅਤੇ ਉਦਯੋਗਿਕ ਆਦਤਾਂ ਦਾ ਸੰਚਾਰ ਕਰਨ ਨਾਲ ਇਸਦਾ ਰਾਜਨੀਤਿਕ ਲਾਭ ਵੀ ਹੋਵੇਗਾ। ਉਸਨੇ ਗਵਰਨਰ ਜਨਰਲ ਦੇ ਵਿਚਾਰ ਕਰਨ ਲਈ ਕੇਸ ਦੀ ਸਿਫਾਰਿਸ਼ ਕਰ ਦਿੱਤੀ।[10] ਗਵਰਨਰ ਜਨਰਲ ਨੇ ਆਪਣੀ ਟਿੱਪਣੀ ਵਿਚ ਲਿਖਿਆ ਕਿ ਅੰਮ੍ਰਿਤਸਰ ਵਿਚ ਆਪਣੀ ਵਪਾਰਕ, ਧਾਰਮਿਕ ਅਤੇ ਸਾਹਿਤਕ ਮਹੱਤਤਾ ਕਾਰਨ, ਪੰਜਾਬ ਵਿਚ ਸਕੂਲ ਦੀ ਸਥਾਪਨਾ ਲਈ ਸਭ ਤੋਂ ਅਨੁਕੂਲ ਸਥਿਤੀ ਪ੍ਰਦਾਨ ਕਰਦਾ ਹੈ, ਅਤੇ ਉਸਦੇ ਇਸਦਾ ਤੁਰੰਤ ਨਿਰਮਾਣ ਕਰਨ ਦੀ ਮਨਜ਼ੂਰੀ ਦੇ ਦਿੱਤੀ।[11] ਉਸਨੇ ਅੰਮ੍ਰਿਤਸਰ ਵਿਚ ਸਕੂਲ ਦੀ ਸਥਾਪਨਾ ਲਈ 5000 ਰੁਪਏ ਸਲਾਨਾ ਗ੍ਰਾਂਟ ਦਾ ਪ੍ਰਬੰਧ ਕੀਤਾ ਜਿਸ ਵਿਚ 3000 ਰੁਪਏ ਨੂਜਲ ਫੰਡਾਂ ਵਿਚੋਂ ਪਾਏ ਜਾਣੇ ਸਨ। ਇਹ ਵੀ ਸਿਫਾਰਿਸ਼ [12] ਕੀਤੀ ਗਈ ਕਿ ਇਕ ਯੂਰਪੀਅਨ ਮੁੱਖ ਅਧਿਆਪਕ ਨੂੰ 150/ ਰੁਪਏ ਪ੍ਰਤੀ ਮਹੀਨਾ ਤੇ ਨਿਯੁਕਤ ਕੀਤਾ ਜਾਵੇ। ਕੁਝ ਦੇਰ ਲਈ ਮਹਾਰਾਜਾ ਦਲੀਪ ਸਿੰਘ ਨੇ ਵੀ ਸਕੂਲ ਨੂੰ 500 ਰੁਪਏ ਸਲਾਨਾ ਯੋਗਦਾਨ ਦਿੱਤਾ।

ਅੰਮ੍ਰਿਤਸਰ ਜ਼ਿਲ੍ਹਾ ਸਕੂਲ 1851 ਵਿਚ ਸਥਾਪਤ ਕੀਤਾ ਗਿਆ ਸੀ ਅਤੇ ਉਸੇ ਇਮਾਰਤ ਵਿਚ ਕੋਤਵਾਲੀ ਸੀ, ਇਹ ਇਤਨਾ ਸੁੰਦਰ ਭਵਨ ਸੀ, ਜਿਸ ਨੂੰ ਵੇਖ ਕੇ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਸੀ। ਇਸ ਸਕੂਲ ਵਿਚ ਹਿੰਦੀ, ਫਾਰਸੀ, ਅਰਬੀ, ਸੰਸਕ੍ਰਿਤ ਅਤੇ ਗੁਰਮੁਖੀ ਵਿਭਾਗ ਸਨ। ਇਤਿਹਾਸ, ਭੂਗੋਲ, ਬੀਜ ਗਣਿਤ (ਅਲਜਬਰਾ), ਗਣਿਤ ਅਤੇ ਕੁਦਰਤੀ ਵਿਗਿਆਨ ਮੁੱਖ ਵਿਸ਼ਿਆਂ ਵਜੋਂ ਪੜ੍ਹਾਏ ਜਾਂਦੇ ਸਨ। ਪ੍ਰਬੰਧਕੀ ਰਿਪੋਰਟਾਂ ਤੋਂ ਇਸ ਸੰਸਥਾ ਦੀ ਹਰਮਨ ਪਿਆਰਤਾ ਦਾ ਪਤਾ ਲੱਗਦਾ ਹੈ। ਪਹਿਲੇ ਸਾਲ ਵਿਚ ਰੋਜ਼ਾਨਾ ਔਸਤ ਹਾਜ਼ਰੀ ਰਜਿਸਟਰ ਵਿਚ 153 ਵਿਦਿਆਰਥੀਆਂ ਦੇ ਨਾਂ ਦਰਜ਼ ਸਨ ਅਤੇ ਚੌਥੇ ਸਾਲ (1853-54) ਦੇ ਅੰਤ ਵਿਚ ਇਹ ਗਿਣਤੀ 308 ਸ਼ਾਗਿਰਦਾਂ [13] ਤੱਕ ਪਹੁੰਚ ਗਈ, ਜਿਨ੍ਹਾਂ ਵਿਚੋਂ 137 ਹਿੰਦੂ, 84 ਸਿੱਖ ਅਤੇ 87 ਮੁਸਲਮਾਨ ਸਨ। ਜਨਵਰੀ 1856 ਵਿਚ ਜਨ ਸਿੱਖਿਆ ਦੇ ਨਿਰਦੇਸ਼ਕ (ਡੀ.ਪੀ.ਆਈ.) ਡਬਲਿਊ.ਐਚ.ਆਨੋਲਡ ਨੇ ਲਿਖਿਆ ਕਿ ਸਰਕਾਰੀ ਸਕੂਲ ਬੜੀ ਵੱਡੀ ਕਾਰਜ ਸ਼ਕਤੀ ਸੰਪਨ ਗੌਰਵਮਈ ਲੋਕਪ੍ਰਿਯ ਸੀ ਅਤੇ ਇਹ ਸਰਕਾਰ ਦਾ ਇਕ ਉਪਯੋਗੀ ਹਥਿਆਰ ਰਿਹਾ ਸੀ।[14] ਲੈਟਨਰ ਦੀ ਰਿਪੋਰਟ ਸੰਕੇਤ ਕਰਦੀ ਹੈ ਕਿ ਸਕੂਲ ਵਿਚ 500 ਵਿਦਿਆਰਥੀ ਸਨ ਅਤੇ ਕੁਝ ਵਿਦਿਆਰਥੀਆਂ ਨੇ ਅੰਗਰੇਜ਼ੀ ਭਾਸ਼ਾ ਅਤੇ ਪੱਛਮੀ ਵਿਗਿਆਨ ਬਾਰੇ ਚੰਗਾ ਗਿਆਨ ਹਾਸਲ ਕਰ ਲਿਆ

ਸੀ।[15] ਧਰਮ ਪ੍ਰਚਾਰਕ ਸਕੂਲ, ਜਿਸ ਵਿਚ ਈਸਾਈ ਧਰਮ ਦੇ ਨਾਲ ਨਾਲ ਵਿਵਹਾਰਕ ਸਿੱਖਿਆ ਦਿੱਤੀ ਜਾਂਦੀ ਸੀ, ਉਹ ਬੜੀ ਤੇਜ਼ੀ ਨਾਲ ਤਰੱਕੀ ਕਰ ਰਿਹਾ ਸੀ। 1863 ਵਿਚ ਸਵਦੇਸ਼ੀ ਈਸਾਈ ਸਿੱਖਿਆ ਸਭਾ ਨੇ ਪੁਰਸ਼ਾਂ ਨੂੰ ਅਧਿਆਪਕਾਂ ਵਜੋਂ ਸਿੱਖਿਅਤ ਕਰਨ ਲਈ ਇਕ ਆਦਰਸ਼ਕ ਸਕੂਲ ਦਾ ਨਿਰਮਾਣ ਕਰਨ ਵਾਸਤੇ ਆਪਣੇ ਇਕ ਪ੍ਰਤੀਨਿਧ ਨੂੰ ਪੰਜਾਬ ਵਿਚ ਭੇਜਿਆ। ਅੰਮ੍ਰਿਤਸਰ ਵਿਚ 1865 ਵਿਚ ਕੰਮ ਆਰੰਭ ਹੋਇਆ ਅਤੇ 1870 ਵਿਚ ਮੁਕੰਮਲ ਹੋ ਗਿਆ ਅਤੇ ਘੱਟੋ ਘੱਟ 60 ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਸਮਰੱਥ ਇਕ ਆਦਰਸ਼ਕ ਸਕੂਲ ਦਾ ਨਿਰਮਾਣ ਹੋ ਗਿਆ। ਖ਼ਾਲਸਾ ਕਾਲਜ ਦੀ ਸਥਾਪਨਾ ਤੋਂ ਪਹਿਲਾਂ ਅੰਮ੍ਰਿਤਸਰ ਵਿਚ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਵੱਡੀ ਗਿਣਤੀ ਵਿਚ ਮੌਜੂਦ ਸਨ ਪਰੰਤੂ ਉਥੇ ਕੋਈ ਕਾਲਜ ਨਹੀਂ ਸੀ ਅਤੇ ਅਗਲੇਰੀ ਸਿੱਖਿਆ ਹਾਸਲ ਕਰਨ ਦੇ ਇੱਛਕ ਵਿਦਿਆਰਥੀਆਂ ਨੂੰ ਮਜਬੂਰੀ ਵਸ ਲਾਹੌਰ ਜਾਂ ਦਿੱਲੀ ਜਾਣਾ ਪੈਂਦਾ ਸੀ। 19ਵੀਂ ਸਦੀ ਦੇ ਅੰਤ ਤੱਕ ਕਾਲਜ ਦੀ ਮੰਗ ਇਤਨੀ ਪ੍ਰਬਲ ਸੀ ਕਿ ਵਸਨੀਕਾਂ ਦੇ ਉਦਮ ਦੇ ਨਤੀਜੇ ਵਜੋਂ ਦੋ ਕਾਲਜ ਸਥਾਪਤ ਹੋ ਗਏ ਸਨ। ਇਹ ਮੁੱਖ ਤੌਰ ਤੇ ਸਿੰਘ ਸਭਾ ਅਤੇ ਹਿੰਦੂ ਸਭਾ ਦੀਆਂ ਗਤੀਵਿਧੀਆਂ ਕਰਕੇ ਹੋਇਆ ਸੀ।

ਸਿੱਖੀ ਨੂੰ ਪੁਨਰ ਸੁਰਜੀਤ ਕਰਨ ਲਈ1877 ਵਿਚ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ। ਇਸ ਗਰੁੱਪ ਦੇ ਮੈਂਬਰਾਂ ਦੁਆਰਾ ਇਹ ਮਹਿਸੂਸ ਕੀਤਾ ਗਿਆ ਸੀ ਕਿ ਸਿੱਖ ਧਰਮ ਖਤਰੇ ਵਿਚ ਸੀ ਅਤੇ ਈਸਾਈ ਧਰਮ ਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਕਦਮ ਚੁੱਕੇ ਜਾਣੇ ਚਾਹੀਦੇ ਸਨ, ਜੋ ਪੰਜਾਬ ਖਾਸ ਕਰਕੇ ਅੰਮ੍ਰਿਤਸਰ ਵਿਚ ਆਪਣੇ ਪੈਰ ਜਮਾ ਰਿਹਾ ਸੀ, ਜਿਥੇ 1853 ਵਿਚ ਇਕ ਈਸਾਈ ਧਰਮ ਪ੍ਰਚਾਰਕ ਸਕੂਲ ਦੀ ਸਥਾਪਨਾ ਹੋ ਚੁੱਕੀ ਸੀ। ਮਹਾਰਾਜਾ ਦਲੀਪ ਸਿੰਘ ਅੰਮ੍ਰਿਤਸਰ ਦੀ ਈਸਾਈ ਧਰਮ ਪ੍ਰਚਾਰਕ ਸੰਸਥਾ ਨੂੰ 500/- ਰੁਪਏ ਸਲਾਨਾ ਸਹਾਇਤਾ ਅਨੁਦਾਨ ਦੇ ਰਿਹਾ ਸੀ। ਇਕ ਸਥਾਨਕ ਰਾਈਸ, ਸਰਦਾਰ ਦਿਆਲ ਸਿੰਘ ਮਜੀਠੀਏ ਨੂੰ ਮਿਸ਼ਨ ਲਈ ਅੰਮ੍ਰਿਤਸਰ ਵਿਚ ਜ਼ਮੀਨ ਦਾਨ ਦੇਣ ਵਾਲਿਆਂ ਵਿਚ ਸ਼ਾਮਲ ਕੀਤਾ ਗਿਆ ਸੀ। ਸਭ ਤੋਂ ਪਹਿਲਾਂ 1873 ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ ਮਾਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਨੇ ਆਪਣੇ ਈਸਾਈ ਧਰਮ ਵਿਚ ਸ਼ਾਮਲ ਹੋਣ ਦੀ ਇੱਛਾ ਦਾ ਐਲਾਨ ਕੀਤਾ ਸੀ। ਇਨ੍ਹਾਂ ਗਤੀਵਿਧੀਆਂ ਨੇ ਸਿੱਖਾਂ ਦੇ ਸਬਰ ਨੂੰ ਹਲੂਣਾ ਦਿੱਤਾ ਅਤੇ ਉਨ੍ਹਾਂ ਨੇ 1877 ਵਿਚ ਅੰਮ੍ਰਿਤਸਰ ਦੇ ਮਜੀਠਾ ਬੁੰਗਾ ਵਿਚ ਉਘੇ ਸਿੱਖਾਂ ਦੀ ਇਕ ਮੀਟਿੰਗ ਬੁਲਾਈ ਅਤੇ ਸਿੰਘ ਸਭਾ ਸਥਾਪਿਤ ਕੀਤੀ, ਜਿਸਦੇ ਪ੍ਰਧਾਨ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਅਤੇ ਗਿਆਨੀ ਗਿਆਨ ਸਿੰਘ ਨੂੰ ਇਸਦਾ ਸਕੱਤਕ ਚੁਣਿਆ ਗਿਆ। ਇਸ ਵਿਚਾਰ ਦਾ ਉਦੇਸ਼ ਸਿੱਖੀ ਦੀ ਸ਼ੁੱਧੀ ਅਤੇ ਸਿੱਖਾਂ ਵਿਚ ਸਿੱਖਿਆ ਅਤੇ ਵਿਗਿਆਨ ਦਾ ਪ੍ਰਸਾਰ ਕਰਨਾ ਸੀ। ਖ਼ਾਲਸਾ ਦੀਵਾਨ 1883 ਵਿਚ ਸਥਾਪਤ ਕੀਤਾ ਗਿਆ ਸੀ। ਦਰਬਾਰ ਸਾਹਿਬ ਵਿਖੇ 13 ਨਵੰਬਰ 1884 ਨੂੰ ਖ਼ਾਲਸਾ ਦੀਵਾਨ ਦੀ ਮੀਟਿੰਗ ਤੇ ਲਾਰਡ ਰਿਪਨ ਨੂੰ ਵਿਦਾਇਗੀ ਭਾਸ਼ਨ ਵਿਚ ਕਪੂਰਥਲਾ ਦੇ ਕੰਵਰ ਪ੍ਰਤਾਪ ਸਿੰਘ ਨੇ ਕਿਹਾ, "ਕਾਲਜਾਂ, ਸਕੂਲਾਂ ਆਦਿ ਵਰਗੀਆਂ ਸੰਸਥਾਵਾਂ ਦੇ ਸਥਾਪਤ ਹੋ ਜਾਣ ਵਜੋਂ ਸਾਡੀਆਂ ਕੋਸ਼ਿਸ਼ਾਂ ਨੂੰ ਹੁਣ (ਬੌਧਿਕ) ਸਥਾਈ ਵਿਕਾਸ ਵੱਲ ਵਧਣ ਦੀ ਸੇਧ ਮਿਲੀ ਹੈ, ਜੋ ਸਾਡੀਆਂ ਭਵਿੱਖ ਵਿਚ ਆਉਣ ਵਾਲੀਆਂ ਨਸਲਾਂ ਦੀ ਭਲਾਈ ਦਾ ਪ੍ਰਫੁੱਲਤ ਸਾਧਨ ਬਣਨਗੀਆਂ।

ਅੰਮ੍ਰਿਤਸਰ ਵਿਚ ਖਾਲਸਾ ਕਾਲਜ ਸਥਾਪਤ ਕਰਨ ਲਈ ਸਿੰਘ ਸਭਾ ਨੇ ਇਕ ਮਤਾ ਅਪਣਾਇਆ। ਪੰਜਾਬ ਲੈਫਟੀਨੈਂਟ ਗਵਰਨਰ, ਸਰ ਚਾਰਲਸ ਐਨਚੀਸ਼ਨ (1832-96) ਦੀ ਪ੍ਰਵਾਨਗੀ ਲੈਣ ਲਈ ਇਕ ਅਣ-ਉਪਚਾਰਿਕ ਪੱਤਰ ਦਿੱਤਾ ਗਿਆ। ਖਾਲਸਾ ਦੀਵਾਨ ਲਾਹੌਰ ਦੀ ਫਰਵਰੀ 1890 ਦੀ ਮੀਟਿੰਗ ਵਿਚ ਖਾਲਸਾ ਸੰਸਥਾਪਨ ਕਮੇਟੀ ਬਣਾਈ ਗਈ। ਜਨ-ਸਿੱਖਿਆ ਦੇ ਨਿਰਦੇਸ਼ਕ ( ਡੀ.ਪੀ.ਆਈ.) ਕਰਨਲ ਡਬਲਿਯੂ ਆਰ.ਐਮ. ਹਰਲੀਰਾਇਡ ਕਮੇਟੀ ਦਾ ਪ੍ਰਧਾਨ, ਸਰਦਾਰ ਅਤਰ ਸਿੰਘ ਅਤੇ ਸਰਦਾਰ ਧਰਮ ਸਿੰਘ ਉਪ ਪ੍ਰਧਾਨ ਅਤੇ ਮਿਸਟਰ ਡਬਲਿਯੂ. ਬੈਲ ਇਸ ਦੇ ਸਕੱਤਰ ਸਨ। **ਚੰਦਾ ਇਕੱਤਰ ਕਰਨ ਲਈ ਇਕ ਦਾਨ ਸੂਚੀ ਖੋਲ੍ਹੀ ਗਈ**। ਕੁਝ ਸੱਤਾਧਾਰੀ ਮੁਖੀਆਂ ਨੇ ਦਿਲ ਖੋਲ ਕੇ ਹਿੱਸਾ ਪਾਇਆ। ਸੰਸਥਾ ਦੀ ਸਥਾਪਤੀ ਲਈ ਸਥਾਨ ਦੇ ਸਵਾਲ ਤੇ ਵਿਵਾਦ ਛਿੜ ਗਿਆ [16] ਕਿ ਇਸ ਨੂੰ ਅੰਮ੍ਰਿਤਸਰ ਵਿਚ ਬਣਾਇਆ ਜਾਵੇ ਜਾਂ ਲਾਹੌਰ ਵਿਚ। ਅੰਤ ਵਿਚ ਪੰਜਾਬ ਦੇ ਲੈਫਟੀਨੈਂਟ ਗਵਰਨਰ, ਸਰ ਜੇਮਜ਼ ਬਰਾਡਵੁੱਡ ਲਾਇਲ ਨੇ ਫੈਸਲਾ ਕੀਤਾ ਕਿ ਸਿੱਖ ਲੋਕਾਂ ਦੇ ਬਹੁ ਮੱਤ ਦੀਆਂ ਇਛਾਵਾਂ ਕਾਰਨ ਕਾਲਜ ਅੰਮ੍ਰਿਤਸਰ ਵਿਚ ਸਥਾਪਤ ਕੀਤਾ ਜਾਵੇਗਾ। ਖਾਲਸਾ ਕਾਲਜ ਨੂੰ ਅੰਮ੍ਰਿਤਸਰ ਵਿਚ ਸਥਾਪਤ ਕਰਨ ਦੇ ਪੱਖ ਵਿਚ 48,694 ਦਸਤਖਤਾਂ ਸਹਿਤ ਦਰਖਾਸਤਾਂ ਲੈਫਟੀਨੈਂਟ ਗਵਰਨਰ ਪਾਸ ਪਹੁੰਚੀਆਂ ਸਨ। **5 ਮਾਰਚ, 1892 ਨੂੰ ਸਰ ਜੇਮਜ਼ ਲਾਇਲ ਨੇ ਖਾਲਸਾ ਕਾਲਜ ਦਾ ਨੀਂਹ ਪੱਥਰ ਰੱਖਿਆ।** ਸੰਸਥਾਪਨ ਕਮੇਟੀ ਦਾ ਸਥਾਨ ਖਾਲਸਾ ਕਾਲਜ ਸਭਾ ਨੇ ਲੈ ਲਿਆ ਜਿਸ ਵਿਚ ਪੰਜਾਬ ਦੇ ਮੁੱਖ ਜੱਜ, ਮਾਨਯੋਗ ਡਾ. ਵਿਲੀਅਮ ਐਚ.ਰਤੀਗਨ ਪ੍ਰਧਾਨ ਬਣੇ ਅਤੇ ਡਾ.ਜੇ.ਸ. ਓਮਾਨ, ਡੀ.ਲਿਟ ਨੂੰ ਪਹਿਲਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ। ਸ਼ੁਰੂ ਵਿਚ ਸੰਸਥਾ 'ਤੇ ਅੰਗਰੇਜ਼ਾਂ ਨੇ ਆਪਣਾ ਕੰਟਰੋਲ ਰੱਖਿਆ ਜੋ ਸਮੇਂ ਦੇ ਨਾਲ ਘਟ ਗਿਆ। ਅੰਮ੍ਰਿਤਸਰ ਵਿਚ 1893 ਵਿਚ ਇਕ ਸਿੱਖ ਸਕੂਲ ਸਥਾਪਤ ਹੋਇਆ, 1896 ਵਿਚ ਇਸ ਨੂੰ ਹਾਈ ਸਕੂਲ ਬਣਾਇਆ ਗਿਆ, ਬਾਅਦ ਵਿਚ ਦੋ ਸਾਲਾਂ ਵਿਚ ਇਥੇ ਇੰਟਰਮੀਡੀਏਟ ਜਮਾਤਾਂ ਚਲਾਈਆਂ ਗਈਆਂ ਅਤੇ **1899 ਵਿਚ ਇਹ ਡਿਗਰੀ ਕਾਲਜ ਬਣ ਗਿਆ**। ਇਸ ਉਪਰੰਤ ਐਮ.ਏ. ਪੱਧਰ ਦੀ ਪੜਾਈ ਸ਼ੁਰੂ ਕੀਤੀ ਗਈ। **ਖਾਲਸਾ ਕਾਲਜ ਦੀ ਸਥਾਪਨਾ, 'ਸਿੱਖ ਨੌਜਵਾਨਾਂ ਨੂੰ ਅਜਿਹੀ ਵਿਦਿਆ ਪ੍ਰਦਾਨ ਕਰਨ, ਜਿਸ ਨਾਲ ਸਿੱਖ ਲੋਕਾਂ ਦੇ ਗੌਰਵ ਵਿਚ ਵਾਧਾ ਹੋਵੇ, ਸਿੱਖ ਧਰਮ ਨੂੰ ਕਾਇਮ ਰੱਖਣ, ਸਦਾਚਾਰ ਅਤੇ ਜ਼ਿੰਦਗੀ ਦੀ ਸੂਝ ਬੂਝ ਦਾ ਵਿਕਾਸ ਕਰਨ, ਕ੍ਰਿਆਸ਼ੀਲ ਆਦਤਾਂ ਅਤੇ ਜਿਸਮਾਨੀ ਤਾਕਤ ਉਤਪੰਨ ਕਰਨ, ਅਤੇ ਬੁੱਧੀਮਾਨ ਤੇ ਉਪਯੋਗੀ ਨਾਗਰਿਕ ਅਤੇ ਅੰਗਰੇਜ਼ੀ ਸਰਕਾਰ ਦੀ ਵਫਾਦਾਰ ਪਰਜ਼ਾ ਪੈਦਾ ਕਰਨ ਲਈ ਕੀਤੀ ਗਈ ਸੀ।**[17]

ਅਸਲ ਵਿਚ ਸਿੱਖਾਂ ਦੀ ਉਚੇਰੀ ਵਿਦਿਆ ਲਈ ਬਣਾਏ ਗਏ ਕਾਲਜ ਵਿਚ ਗੈਰ ਸਿੱਖਾਂ ਨੂੰ ਵੀ ਦਾਖਲ ਕੀਤਾ ਜਾਂਦਾ ਹੈ। ਇਸ ਦਾ ਬੰਦੋਬਸਤ ਨਿੱਜੀ ਹੈ ਅਤੇ ਇਕ ਕਮੇਟੀ ਦੇ ਹੱਥਾਂ ਵਿਚ ਹੈ ਜੋ ਇਕ ਆਮ ਸਭਾ ਨੂੰ ਜਵਾਬਦੇਹ ਹਨ। ਕਾਲਜ ਨੇ ਪਹਿਲੇ ਸਿੱਖ ਸ਼ਹਿਜ਼ਾਦਿਆਂ ਦੀ ਵਿਆਪਕ ਸਰਪ੍ਰਸਤੀ ਦਾ ਲਾਭ ਉਠਾਇਆ ਅਤੇ ਇਥੋਂ ਦੇ ਪ੍ਰਿੰਸੀਪਲ ਮਿਸਟਰ ਜੀ.ਏ ਵਾਦਨ ਅਤੇ ਰਾਏ ਬਹਾਦਰ ਮਨਮੋਹਨ ਸਮੇਤ, ਗੌਰਵਮਈ ਮਹਾਂਪੁਰਸ਼ ਰਹੇ ਹਨ। **ਜਨਤਕ ਚੰਦਿਆਂ ਵਿਚ ਵਾਧਾ ਕੀਤਾ ਗਿਆ ਅਤੇ ਸਰਕਾਰ ਵੀ ਸਹਾਇਤਾ ਅਨੁਦਾਨ ਦਿੰਦੀ ਹੈ।**

ਕਾਲਜ ਅੰਮ੍ਰਿਤਸਰ ਤੋਂ 2.5 ਮੀਲ ਦੂਰ ਪੱਛਮ ਵੱਲ, ਜੀ.ਟੀ. ਰੋਡ ਤੇ ਸ਼ਹਿਰ ਦੇ ਸ਼ੋਰ ਸ਼ਰਾਬੇ ਤੋਂ ਦੂਰ, ਸੁਹਾਵਣੇ ਵਾਤਾਵਰਣ ਵਿਚ ਸਥਿਤ ਹੈ। ਇਹ ਇਕ ਪ੍ਰਭਾਵਸ਼ਾਲੀ ਇਮਾਰਤ ਹੈ, ਜੋ ਆਪਣੇ ਮੀਨਾਰਾਂ ਨਾਲ ਪੁਰਾਤਨ ਸਿੱਖ ਭਵਨ ਨਿਰਮਾਣ ਕਲਾ ਦੀ ਯਾਦ ਨੂੰ ਤਾਜ਼ਾ ਕਰਦੀ ਹੈ। ਫਿਰ ਵੀ ਇਹ ਸਾਦਾ, ਸਰਲ ਅਤੇ ਪ੍ਰਭਾਵਸ਼ਾਲੀ ਹੈ। ਮੁੱਖ ਇਮਾਰਤ ਹਿੰਦ ਅਰਬੀ ਕਲਾ ਦਾ ਇਕ ਸੁੰਦਰ ਨਮੂਨਾ ਹੈ। ਕਾਲਜ ਦੇ ਆਪਣੇ ਖੁੱਲੇ ਮੈਦਾਨ, ਵੱਡੇ ਖੇਡ ਦੇ ਮੈਦਾਨ,ਹਾਲ ਹੋਸਟਲ, ਪ੍ਰਯੋਗਸ਼ਾਲਾ, ਬਨਸਪਤੀ ਦੇ ਬਾਗ, ਇਕ ਖੇਤੀਬਾੜੀ ਫਾਰਮ, ਇਕ ਆਦਰਸ਼ ਦੁੱਧ ਸ਼ਾਲਾ (ਡੇਰੀ), ਫਲਾਂ ਦੇ ਬੂਟਿਆਂ ਦੀ ਇਕ ਨਰਸਰੀ, ਕਸਰਤ ਘਰ, ਦਰਸ਼ਕ ਮੰਡਪ, ਤੈਰਨ ਲਈ ਤਲਾਬ, ਕਾਮਨ ਰੂਮ, ਲਾਇਬਰੇਰੀ ਅਤੇ ਰੀਡਿੰਗ ਰੂਮ ਹਨ। ਗੈਰ ਵਸਨੀਕ ਵਿਦਿਆਰਥੀਆਂ ਲਈ ਇਕ ਸ਼ਹਿਰੀ ਵਿਦਿਆਰਥੀ ਸੰਸਥਾ ਖੋਲ੍ਹੀ ਗਈ ਹੈ। ਤਜਰਬੇਕਾਰ ਸਿੱਖ ਨੇਤਾ, ਮਾਸਟਰ ਤਾਰਾ ਸਿੰਘ ਨੇ 1901 ਵਿਚ ਇਸ ਕਾਲਜ ਤੋਂ ਡਿਗਰੀ ਪ੍ਰਾਪਤ ਕੀਤੀ। 1963-64 ਵਿਚ ਵਿਦਿਆਰਥੀਆਂ ਦੀ ਗਿਣਤੀ 1165 ਸੀ।

ਕਾਲਜ ਦੀ ਇਮਾਰਤ ਦੀ ਉਸਾਰੀ ਦੀ ਦੇਖ ਰੇਖ ਸਰਦਾਰ ਧਰਮ ਸਿੰਘ ਵਲੋਂ ਕੀਤੀ ਗਈ, ਜਿਨ੍ਹਾਂ ਨੇ ਪ੍ਰਬੰਧਕੀ ਕਮੇਟੀ ਦੀ ਬੇਨਤੀ ਤੇ ਆਪਣੀਆਂ ਸੇਵਾਵਾਂ ਬਿਨਾਂ ਤਨਖਾਹ ਤੋਂ ਉਨ੍ਹਾਂ ਦੇ ਸਪੁਰਦ ਕਰ ਦਿੱਤੀਆਂ ਸਨ। ਸਰਬ ਭਾਰਤੀ ਸਿੱਖ ਸੰਮੇਲਨ ਦੀਆਂ ਕੋਸ਼ਿਸ਼ਾਂ ਸਦਕਾ **1904-05 ਵਿਤੀ ਸਾਲ ਦੇ ਅੰਤ ਤੱਕ ਕਾਲਜ ਦੇ ਧਰਮ ਅਰਥ ਭੇਟਾ ਫੰਡ ਦੀ ਰਕਮ ਵਧ ਕੇ 15,30,477/- ਰੁਪਏ ਅਤੇ ਮੁੱਖ ਇਮਾਰਤ ਧਰਮ ਅਰਥ ਭੇਟਾ ਫੰਡ 32,84,8000 ਰੁਪਏ ਹੋ ਗਈ।** 11 ਦਸੰਬਰ, 1905 ਨੂੰ ਸ਼ਾਹੀ ਹਾਈਨੈਸ਼ਜ ਵੇਲਜ਼ ਦੇ ਅੰਗਰੇਜ਼ ਸ਼ਹਿਜ਼ਾਦਾ ਅਤੇ ਸ਼ਹਿਜ਼ਾਦੀ ਕਾਲਜ ਵਿਚ ਆਏ, ਜੋ ਬਾਅਦ ਵਿਚ ਬਾਦਸ਼ਾਹ ਜਾਰਜ ਅਤੇ ਰਾਣੀ ਮੇਰੀ ਵਜੋਂ ਇੰਗਲੈਂਡ ਦੇ ਤਖਤ ਤੇ ਬਿਰਾਜਮਾਨ ਹੋਏ। ਵੱਡੇ ਪੱਧਰ ਤੇ ਆਯੋਜਿਤ ਕੀਤੇ ਗਏ ਸਮਾਰੋਹ ਦੀ ਸਮਾਪਤੀ ਤੋਂ ਪਹਿਲਾਂ ਸ਼ਹਿਜ਼ਾਦਾ ਜਾਰਜ ਨੇ ਹੁਣੇ ਜਿਹੇ ਪ੍ਰਦਾਨ ਕੀਤੇ ਗਏ ਇਕ ਵਜ਼ੀਫੇ ਲਈ ਆਪਣਾ ਨਾਮ ਵਰਤਣ ਦੀ ਆਗਿਆ ਦੇ ਦਿੱਤੀ, ਅਤੇ ਮੌਕੇ ਤੇ 2,00,000 ਰੁਪਏ ਦੀ ਰਕਮ ਦਾਨ ਵਜੋਂ ਦਿੱਤੀ।

ਨਵੰਬਰ 1913 ਵਿਚ ਲੈਫਟੀਨੈਂਟ ਗਵਰਨਰ ਵਜੋਂ ਸੂਬੇ ਦਾ ਕਾਰਜ ਭਾਗ ਸੰਭਾਲਣ ਲਈ ਲਾਹੌਰ ਨੂੰ ਜਾਂਦੇ ਹੋਏ ਸਰ ਮਾਈਕਲ ਫਰਾਂਸਿਸ ਓ ਡਵਾਇਰ ਰਸਤੇ ਵਿਚ ਕਾਲਜ ਵਿਚ ਪਧਾਰੇ ਅਤੇ **ਇਕ ਟਿਊਬਵੈਲ ਤੇ ਇਕ ਤੈਰਨ ਲਈ ਤਲਾਬ ਬਣਾਉਣ ਵਾਸਤੇ 9300** ਰੁਪਏ ਦੀ ਗ੍ਰਾਂਟ ਮਨਜ਼ੂਰ ਕਰ ਦਿੱਤੀ। 16 ਫਰਵਰੀ 1919 ਨੂੰ ਉਸਨੇ ਕਾਲਜ ਦੇ ਸਲਾਨਾ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕੀਤੀ ਅਤੇ ਪਹਿਲੀ ਸੰਸਾਰ ਜੰਗ ਦੌਰਾਨ ਸਿੱਖਾਂ ਅਤੇ **ਖਾਲਸਾ ਕਾਲਜ ਵਲੋਂ ਕੀਤੀਆਂ ਗਈਆਂ ਸੇਵਾਵਾਂ ਦੀ ਮਾਨਤਾ ਵਜੋਂ ਉਸਨੇ ਮੁੱਖ ਇਮਾਰਤ ਦੀ ਉਸਾਰੀ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਵਲੋਂ 3,00,000 ਰੁਪਏ ਦੀ ਗ੍ਰਾਂਟ ਦਿੱਤੀ।** 1947-48 ਦੌਰਾਨ ਰਿਫਿਊਜੀਆਂ ਅਤੇ ਫੌਜ ਨੂੰ ਠਹਿਰਾਉਣ ਲਈ ਸਰਕਾਰ ਨੇ ਕਾਲਜ ਦੀ ਇਮਾਰਤ ਅਤੇ ਮੈਦਾਨਾਂ ਨੂੰ ਲੈ ਲਿਆ।

ਹਿੰਦੂ ਸਭਾ ਜਿਸ ਦੀ ਸਥਾਪਨਾ 1818 ਵਿਚ ਹੋਈ ਸੀ, ਉਸਦਾ ਉਦੇਸ਼ ਸੰਸਕ੍ਰਿਤ ਦੀ ਸਿੱਖਿਆ ਅਤੇ ਹਿੰਦੂਆਂ ਦੇ ਸਮਾਜਿਕ ਸੁਧਾਰ ਵਿਚ ਵਾਧਾ ਕਰਨਾ ਸੀ। ਸਿੱਖਿਆ ਦੇ ਮੰਤਵ ਲਈ ਖਰਚੇ ਜਾਣ ਵਾਲੇ 50,000/-ਰੁਪਏ ਚੰਦੇ ਦੀ ਰਕਮ ਵਿਚ ਵਾਧਾ ਕੀਤਾ ਗਿਆ।

ਲੋਹਗੜ੍ਹ ਦਰਵਾਜ਼ੇ ਦੇ ਨਜ਼ਦੀਕ ਹਿੰਦੂ ਸਭਾ ਹਾਈ ਸਕੂਲ 1906 ਵਿਚ ਬਣਾਇਆ ਗਿਆ ਸੀ, 1926 ਵਿਚ ਇਸਨੂੰ ਇੰਟਰਮੀਡੀਏਟ ਕਾਲਜ ਦੇ ਪੱਧਰ ਤੱਕ ਵਧਾਇਆ ਗਿਆ ਅਤੇ 1936 ਵਿਚ ਡਿਗਰੀ ਕਾਲਜ ਦਾ ਦਰਜਾ ਦਿੱਤਾ ਗਿਆ। 1946 ਵਿਚ ਇਥੇ ਐਮ.ਏ. ਅੰਗਰੇਜ਼ੀ ਜਮਾਤ ਸ਼ੁਰੂ ਕਰਨ ਦੀ ਕੋਸ਼ਿਸ ਕੀਤੀ ਗਈ ਸੀ। ਪਰ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਪਹਿਲਾਂ ਇਹ ਸਾਂਝੀ ਵਿਦਿਆ ਦੀ ਸੰਸਥਾ ਸੀ, ਪਰ ਹੁਣ ਇਹ ਕੇਵਲ ਲੜਕਿਆ ਲਈ ਹੀ ਹੈ। ਇਹ ਸਕੂਲ ਇਕ ਸੰਮਤੀ ਦੁਆਰਾ ਚਲਾਇਆ ਜਾਂਦਾ ਹੈ, ਜਿਸਨੂੰ ਹਿੰਦੂ ਸਭਾ ਚੁਣਦੀ ਹੈ ਅਤੇ ਜੁਬਲੀ ਬਾਜ਼ਾਰ ਦੀ ਢਾਬ ਤੇਲੀ ਭਾਨ ਵਿਚ ਸਥਿਤ ਆਪਣੀ ਜਾਇਦਾਦ ਵਿਚੋਂ ਇਸ ਨੂੰ ਵਿੱਤੀ ਮਦਦ ਦਿੰਦੀ ਹੈ। ਮਿਊਂਸਪਲ ਕਮੇਟੀ ਅਤੇ ਕੁਝ ਵਪਾਰਕਾਂ ਸੰਸਥਾਵਾਂ ਵੀ ਵਿੱਤੀ ਸਹਾਇਤਾ ਪ੍ਰਦਾਨ ਕਰਦੀਆਂ ਹਨ, ਭਾਵੇਂ ਜ਼ਿਆਦਾਤਰ ਰਕਮ ਕਾਲਜ ਦੀਆਂ ਫੀਸਾਂ ਤੋਂ ਪ੍ਰਾਪਤ ਹੁੰਦੀ ਹੈ। ਆਪਣੇ ਘੇਰੇ ਵਿਚ ਵਾਧਾ ਕਰਨ ਲਈ ਕਾਲਜ ਨੇ ਸ਼ਹਿਰ ਤੋਂ ਬਾਹਰ ਇਕ ਨਵੀਂ ਜਗ੍ਹਾ ਦੀ ਖਰੀਦ ਲਈ ਹੈ। ਸਿਵਲ ਲਾਈਨਜ਼ ਵਿਚ ਇਕ ਬੋਰਡਿੰਗ (ਹੋਸਟਲ) ਵਿਦਿਆਰਥੀਆਂ ਲਈ ਰਿਹਾਇਸ਼ ਦੀ ਸੁਵਿਧਾ ਪ੍ਰਦਾਨ ਕਰਦਾ ਹੈ।1 8 7 4 ਵਿਚ ਸਥਾਪਤ ਹੋਏ ਅੰਜੁਮਨ-ਇ-ਇਸਲਾਮੀਆ ਦਾ ਮੁੱਖ ਉਦੇਸ਼ ਮੁਸਲਿਮ ਕੌਮ ਵਿਚ ਅੰਗਰੇਜ਼ੀ ਅਤੇ ਧਾਰਮਿਕ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਸੀ। ਹਾਲ ਗੇਟ ਦੇ ਨਜ਼ਦੀਕ1885 ਵਿਚ ਬਣੇ ਸਥਾਨ ਐਮ.ਏ.ਓ. ਹਾਈ ਸਕੂਲ ਵਿਚ ਕਾਲਜ ਪੱਧਰ ਦੀਆਂ ਪਹਿਲੀਆਂ ਦੋ ਜਮਾਤਾ ਚਾਲੂ ਕਰਕੇ ਮਈ 1933 ਵਿਚ ਇਕ ਮੁਸਲਿਮ ਇੰਟਰਮੀਡੀਏਟ ਕਾਲਜ ਦੀ ਸਥਾਪਨਾ ਕੀਤੀ ਗਈ। ਇਸ ਕਾਲਜ ਨੂੰ 1945 ਵਿਚ ਡਿਗਰੀ ਪੱਧਰ ਤੱਕ ਕੀਤਾ ਗਿਆ ਅਤੇ ਇਸ ਨੂੰ ਅੰਜੁਮਨ-ਇ-ਇਸਲਾਮੀਆ ਵਲੋਂ ਚਲਾਇਆ ਅਤੇ ਵਿੱਤੀ ਸਹਾਇਤਾ ਦਿੱਤੀ ਜਾਦੀ ਸੀ। ਵਿਦਿਆਰਥੀਆਂ ਨੂੰ ਹੋਸਟਲ ਦੀ ਸੁਵਿਧਾ ਵੀ ਦਿੱਤੀ ਗਈ ਸੀ। ਸ਼ਹਿਰ ਵਿਚੋਂ ਮੁਸਲਮਾਨਾਂ ਦੇ ਚਲੇ ਜਾਣ ਨਾਲ, ਕੁਦਰਤੀ ਤੌਰ ਤੇ ਕਾਲਜ ਬੰਦ ਹੋ ਗਿਆ ਅਤੇ ਇਸ ਦੀ ਜਗ੍ਹਾ ਨੂੰ ਕੁਝ ਦੇਰ ਲਈ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨੇ ਸੰਭਾਲ ਲਿਆ। ਪਰ ਬਾਅਦ ਵਿਚ ਇਸ ਜਗ੍ਹਾ ਤੇ ਡੀ.ਏ.ਵੀ. ਕਾਲਜ ਖੁੱਲ੍ਹਿਆ। ਇਸ ਕਾਲਜ ਦੇ ਵਿਦਿਆਰਥੀਆਂ ਦੀ ਗਿਣਤੀ 1800 ਸੀ। ਇਸਤਰੀਆਂ ਦੇ ਸਟਰੈਟਫੋਰਡ ਕਾਲਜ ਵਜੋਂ ਜਾਣੇ ਜਾਂਦੇ ਇਸਤਰੀਆਂ ਦਾ ਸਰਕਾਰੀ ਕਾਲਜ 1932 ਵਿਚ ਸਥਾਪਤ ਹੋਇਆ ਸੀ ਅਤੇ ਡਿਗਰੀ ਪੱਧਰ ਤੱਕ 1938 ਵਿਚ ਕੀਤਾ ਗਿਆ ਸੀ। ਇਸ ਵੇਲੇ ਇਹ ਕਾਲਜ ਰਾਣੀ ਕਾ ਬਾਗ ਵਿਚ ਕਚਹਿਰੀਆਂ ਦੇ ਸਾਹਮਣੇ ਸਥਿਤ ਹੈ ਅਤੇ ਵਿਦਿਆਰਥੀਆਂ ਨੂੰ ਹੋਸਟਲ ਦੀ ਸੁਵਿਧਾ ਵੀ ਪ੍ਰਦਾਨ ਕੀਤੀ ਹੋਈ ਹੈ। ਵਿਦਿਆਰਥੀਆਂ ਨੂੰ ਡਿਗਰੀ ਪ੍ਰੀਖਿਆਵਾਂ ਵਾਸਤੇ ਤਿਆਰ ਕਰਨ ਲਈ ਇਕ ਨਿੱਜੀ ਸੰਸਥਾ, ਲੜਕੀਆਂ ਦਾ ਮਾਡਰਨ ਕਾਲਜ, ਮਾਲ ਰੋਡ ਤੇ ਸਥਿਤ ਹੈ। ਲਾਰੰਸ ਰੋਡ ਤੇ ਬੀ.ਬੀ.ਕੇ.ਡੀ.ਏ.ਵੀ. ਕਾਲਜ 1967 ਵਿਚ ਸ਼ੁਰੂ ਕੀਤਾ ਗਿਆ ਸੀ।

ਮੈਡੀਕਲ ਕਾਲਜ, ਜੋ ਆਰੰਭ ਵਿਚ ਇਕ ਮੈਡੀਕਲ ਸਕੂਲ ਸੀ, ਇਸ ਨੂੰ ਕਿੰਗ ਐਡਵਰਡ ਕਾਲਜ ਤੋਂ ਵੱਖ ਕਰਕੇ 1920 ਵਿਚ ਲਾਹੌਰ ਤੋਂ ਅੰਮ੍ਰਿਤਸਰ ਲਿਆਂਦਾ ਗਿਆ ਸੀ। ਇਹ ਸਿਵਲ ਲਾਈਨਜ਼ ਵਿਚ ਸਥਿਤ ਹੈ। ਇਸ ਦੇ ਸਲਾਨਾ ਖਰਚ ਦਾ ਕੁਝ ਭਾਗ ਸਰਕਾਰ ਵਲੋਂ ਅਤੇ ਬਾਕੀ ਦਾ ਫੀਸਾਂ ਅਤੇ ਹੋਰ ਆਮਦਨ ਵਿਚੋਂ ਪੂਰਾ ਕੀਤਾ ਜਾਂਦਾ ਹੈ। ਪਹਿਲਾਂ ਪਹਿਲ ਸਿਰਫ ਐਲ.ਐਮ.ਐਸ. (ਚਿਕਿਤਸਾ ਅਤੇ ਚੀਡ ਫਾੜ ਵਿਚ ਪ੍ਰਮਾਣ

ਪੱਤਰ) ਨੇਤਰ ਚਿਕਿਤਸਾ, ਕੰਪੋਡਰ ਅਤੇ ਮੱਲ੍ਹਮ ਪੱਟੀ ਕਰਨ ਵਾਲਿਆਂ ਲਈ ਡਿਪਲੋਮਿਆਂ ਦੇ ਪ੍ਰਮਾਣ ਪੱਤਰ ਦਿੱਤੀ ਜਾਂਦੇ ਸਨ। ਹੁਣ ਇਥੇ 5 ਸਾਲਾ ਐਮ.ਬੀ.ਬੀ.ਐਸ ਦਾ ਕੋਰਸ ਚਲਾਇਆ ਗਿਆ ਹੈ। ਡੈਂਟਲ ਕਾਲਜ ਅੰਮ੍ਰਿਤਸਰ ਵਿਦਿਆਰਥੀਆਂ ਨੂੰ ਬੀ.ਡੀ.ਐਸ. (ਡੈਂਟਲ ਡਾਕਟਰ) ਲਈ ਤਿਆਰ ਕਰਦਾ ਹੈ ਅਤੇ ਇਹ ਗੁਰੂ ਰਾਮ ਦਾਸ ਡੈਂਟਲ ਕਾਲਜ ਅੰਮ੍ਰਿਤਸਰ-ਜਲੰਧਰ ਰੋਡ ਤੇ ਹੈ। ਲਕਸ਼ਮੀ ਨਰਾਇਣ ਆਯੁਰਵੈਦਿਕ ਕਾਲਜ ਦੁਰਗਿਆਨਾ ਮੰਦਰ ਦੇ ਨਾਲ ਹੈ। ਇਨ੍ਹਾਂ ਕਾਲਜਾਂ ਤੋਂ ਇਲਾਵਾ ਸਿੱਖਿਆ ਦੇਣ ਲਈ ਇਥੇ ਕੁਝ ਨਿੱਜੀ ਅਕੈਡਮੀਆਂ ਵੀ ਹਨ, ਵਿਦਿਆਰਥੀਆਂ ਵਿਚ ਇਹ ਸੰਸਥਾਵਾਂ ਪ੍ਰਸਿੱਧ ਹਨ, ਕਿਉਂਕਿ ਇਨ੍ਹਾਂ ਵਿਚ ਫੀਸਾਂ ਘੱਟ ਲਈਆਂ ਜਾਂਦੀਆਂ ਹਨ ਅਤੇ ਪਾਠ ਕੋਰਸ ਥੋੜੇ ਸਮੇਂ ਵਿਚ ਪੂਰੇ ਕੀਤੇ ਜਾਂਦੇ ਹਨ। ਪ੍ਰਸ਼ਨ-ਉਤਰ ਵਿਧੀ ਨਾਲ ਬਣੇ ਬਣਾਏ ਸਵਾਲ ਲਿਖਾ ਦਿਤੇ ਜਾਂਦੇ ਹਨ ਅਤੇ ਪ੍ਰੀਖਿਆਵਾਂ ਵਿਚ ਯਕੀਨੀ ਸਫ਼ਲਤਾ ਦਾ ਭਰੋਸਾ ਦਿੱਤਾ ਜਾਂਦਾ ਹੈ।

ਅੰਮ੍ਰਿਤਸਰ ਸ਼ਹਿਰ ਵਿਚ ਮੁਸਲਮਾਨਾਂ ਦੇ ਚਾਰ ਸਕੂਲ ਸਨ, ਜਿਨ੍ਹਾਂ ਵਿਚੋਂ ਤਿੰਨਾਂ (ਐਮ.ਏ.ਓ., ਮੁਸਲਿਮ ਅਤੇ ਇਸਲਾਮੀਆ) ਦਾ ਪ੍ਰਬੰਧ ਅੰਜੁਮਨ-ਇ-ਇਸਲਾਮੀਆ ਵਲੋਂ ਕੀਤਾ ਜਾਂਦਾ ਸੀ ਅਤੇ ਚੌਥਾ, ਚਿਸਤੀਆਂ ਹਾਈ ਸਕੂਲ, ਸਥਾਨਕ ਉਘੇ ਨਾਗਰਿਕਾਂ ਦੀ ਇਕ ਸਭਾ ਦੇ ਅਧੀਨ ਸੀ। ਸਰਕਾਰੀ ਹਾਈ ਸਕੂਲ, ਹਿੰਦੂ ਸਭਾ ਹਾਈ ਸਕੂਲ, ਪੰਡਿਤ ਬੈਜਨਾਥ ਹਾਈ ਸਕੂਲ, ਦਿਆ ਨੰਦ ਐਂਗਲੋ ਵੈਦਿਕ ਹਾਈ ਸਕੂਲ, ਬਾਲ ਮੁਕੰਦ ਖੱਤਰੀ ਹਾਈ ਸਕੂਲ ਅਤੇ ਸਰਕਾਰੀ ਕਲੈਰੀਕਲ ਅਤੇ ਕਮਰਸ਼ੀਅਲ ਸਕੂਲ ਪ੍ਰਸਿੱਧ ਵਿਦਿਅਕ ਸੰਸਥਾਵਾਂ ਹਨ। ਪੰਡਿਤ ਬੈਜਨਾਥ ਹਾਈ ਸਕੂਲ (ਪੰਡਿਤ ਬੈਜਨਾਥ ਵਲੋਂ ਸਥਾਪਿਤ) ਅਤੇ ਬਾਲ ਮੁਕੰਦ ਹਾਈ ਸਕੂਲ (ਲਾਲਾ ਬੰਸੀ ਧਰ ਕਪੂਰ ਵਲੋ ਸਥਾਪਿਤ) ਕਾਫੀ ਪੁਰਾਣੇ ਹਨ ਅਤੇ ਆਪਣੇ ਅਨੁਸ਼ਾਸਨ, ਨਤੀਜਿਆਂ ਅਤੇ ਖੇਡਾਂ ਲਈ ਪ੍ਰਸਿੱਧ ਹਨ। ਸ਼ਹਿਰ ਦੇ ਵੱਖ ਵੱਖ ਭਾਗਾਂ ਵਿਚ ਇਨ੍ਹਾਂ ਸਕੂਲਾਂ ਦੀਆਂ ਸ਼ਾਖਾਵਾਂ ਵੀ ਹਨ। ਰਾਮ ਆਸ਼ਰਮ ਹਾਈ ਸਕੂਲ, ਜੋ ਹੁਣੇ ਹੁਣੇ ਮਜੀਠਾ ਸੜਕ ਤੇ ਆਪਣੇ ਨਵੇਂ ਸਥਾਨ ਤੇ ਲਿਜਾਇਆ ਗਿਆ ਹੈ, 1923 ਵਿਚ 7 ਵਿਦਿਆਰਥੀਆਂ ਨਾਲ ਸਾਧਾਰਨ ਸੁਭਾਅ ਦੇ ਆਦਮੀ ਅਤੇ ਰਾਸ਼ਟਰੀ ਸਿੱਖਿਆ ਦੇ ਕੱਟੜ ਸਮਰੱਥਕ ਆਚਾਰੀਆ ਸੁੰਦਰ ਸਿੰਘ ਵਲੋਂ ਸਥਾਪਿਤ ਕੀਤਾ ਗਿਆ ਸੀ। ਉਹ ਪੰਡਿਤ ਮਦਨ ਮੋਹਨ ਮਾਲਵੀਆ ਦੀ ਸਲਾਹ ਤੇ ਲੜਖੜਾ ਰਹੇ ਨੈਸ਼ਨਲ ਸਕੂਲ ਦੀ ਪੁਨਰ ਸਥਾਪਤੀ ਦੇ ਉਦੇਸ਼ ਨਾਲ ਅੰਮ੍ਰਿਤਸਰ ਆਇਆ ਸੀ। ਸਾਲਾਂ ਤੋਂ ਆਧੁਨਿਕ ਲੀਹਾਂ ਤੇ ਚੱਲ ਰਹੇ ਇਸ ਸਹਿ ਸਿੱਖਿਆ ਵਾਲੇ ਸਕੂਲ ਨੇ ਪੜ੍ਹਾਈ ਅਤੇ ਹੋਰ ਪਾਠ ਕ੍ਰਮੀ ਗਤੀਵਿਧੀਆਂ ਤੇ ਵਿਸ਼ੇਸ਼ ਧਿਆਨ ਦੇ ਕੇ ਆਪਣੇ ਵਿਦਿਆਰਥੀਆਂ ਦੇ ਜੀਵਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਸਰਕਾਰੀ ਕਲੈਕਰੀਕਲ ਅਤੇ ਕਮਰਸ਼ੀਅਲ ਸਕੂਲ ਵਿਚ, ਸ਼ਾਰਟ ਹੈਂਡ (ਸ਼ੀਘਰ ਲਿੱਪੀ), ਟਾਈਪ, ਵਹੀ ਖਾਤਾ ਅਤੇ ਹੋਰ ਤਿਜਾਰਤੀ ਵਿਸ਼ੇ ਪੜ੍ਹਾਏ ਜਾਂਦੇ ਹਨ। ਖਾਲਸਾ ਕਾਲਜ ਸਕੂਲ ਨਾਲ ਸਬੰਧਤ ਜੂਨੀਅਰ ਵਰਨਾਕੂਲਰ ਟੀਚਰਜ਼ ਸਿਖਲਾਈ ਜਮਾਤ ਵਿਚ ਵਿਦਿਆਰਥੀ ਅਧਿਆਪਕਾਂ ਨੂੰ ਪ੍ਰਾਇਮਰੀ ਸਕੂਲ ਸਿੱਖਿਆ ਲਈ ਦੋ ਸਾਲਾਂ ਦਾ ਕੋਰਸ ਕਰਵਾਇਆ ਜਾਂਦਾ ਹੈ।

ਇਸਤਰੀ ਵਿੱਦਿਆ ਬਾਰੇ ਲੋਕਾਂ ਦੇ ਵਿਚਾਰ ਪਰੰਪਰਾਵਾਦੀ ਸਨ, ਪਰੰਤੂ ਸ਼ਹਿਰ ਦੇ ਪੰਚ, ਮੰਗਲ ਸਿੰਘ ਰਾਮਗੜ੍ਹੀਆ ਅਤੇ ਰਾਜਾ ਕਲਿਆਣ ਸਿੰਘ ਨੇ ਇਸਤਰੀ ਸਿੱਖਿਆ ਦੇ

ਉਦੇਸ਼ਾਂ ਨੂੰ ਹਰਮਨ ਪਿਆਰਾ ਬਣਾਇਆ।[18] ਹਰ ਤਰ੍ਹਾਂ ਨਾਲ ਇਹ ਇਕ ਉਦੇਸ਼ਾਤਮਕ ਕਾਰਜ ਸੀ, ਜਿਸ ਦੇ ਇਸਤਰੀ ਸਿੱਖਿਆ ਦੇ ਖੇਤਰ ਵਿਚ ਬੜੇ ਲਾਭਦਾਇਕ ਨਤੀਜੇ ਨਿਕਲੇ। ਗਿਰਜਾ ਪ੍ਰਚਾਰ ਮੰਡਲ ਨੇ ਧਰਮ ਪ੍ਰਚਾਰਕ ਸੰਸਥਾਵਾਂ ਸਥਾਪਿਤ ਕੀਤੀਆਂ ਅਤੇ ਪਾਦਰੀ ਨਿਯੁਕਤ ਕੀਤੇ ਜਿਨ੍ਹਾਂ ਨੇ ਪਹਿਲਾਂ ਵਰਨਣ ਕੀਤੇ ਗਏ ਲੜਕਿਆਂ ਦੇ ਹਾਈ ਸਕੂਲ ਤੋਂ ਇਲਾਵਾ ਲੜਕੀਆਂ ਲਈ ਅਲੈਗਜੇਂਡਰਾ ਹਾਈ ਸਕੂਲ ਅਤੇ ਮਿਡਲ ਕਲਾਸ ਸਕੂਲ ਸਥਾਪਤ ਕੀਤੇ। ਅੰਮ੍ਰਿਤਸਰ ਵਿਚ ਲੜਕੀਆਂ ਦਾ ਸਭ ਤੋਂ ਪੁਰਾਣਾ ਸਕੂਲ ਅਲੈਗਜੇਂਡਰਾ ਹਾਈ ਸਕੂਲ ਹੈ, ਜੋ ਗਿਰਜਾ ਪ੍ਰਚਾਰਕ ਮੰਡਲ ਵਲੋਂ 1878 ਵਿਚ ਖੋਹਲਿਆ ਗਿਆ ਸੀ। ਇਸ ਨੂੰ ਸ਼ਹਿਜ਼ਾਦੀ ਅਲੈਗਜੈਡਰਾ, ਜੋ ਬਾਅਦ ਵਿਚ ਰਾਣੀ ਅਲੈਗਜੈਂਡਰਾ ਬਣੀ ਅਤੇ 1875 ਵਿਚ ਪੰਜਾਬ ਆਈ, ਵਲੋ ਸ਼ਾਹੀ ਪ੍ਰਵਾਨਗੀ ਮਿਲਣ ਕਾਰਨ ਸਕੂਲ ਦਾ ਨਾਮ ਉਸਦੇ ਨਾਂ ਤੇ ਰੱਖਿਆ ਗਿਆ। ਪਹਿਲਾਂ ਇਸਨੂੰ ਕੇਵਲ ਭਾਰਤੀ ਇਸਾਈ ਲੜਕੀਆਂ ਵਾਸਤੇ ਸਥਾਪਿਤ ਕੀਤਾ ਗਿਆ ਸੀ, ਪਰੰਤੂ 1907 ਤੋਂ ਇਸ ਵਿਚ ਹੋਰ ਜਾਤੀਆਂ ਦੇ ਬੱਚਿਆਂ ਨੂੰ ਦਿਨ ਦੀ ਪੜ੍ਹਾਈ ਲਈ ਦਾਖਲਾ ਦਿੱਤਾ ਜਾ ਰਿਹਾ ਹੈ, ਇਹ ਸਿਵਲ ਲਾਈਨਜ਼ ਵਿਚ ਸਥਿਤ ਹੈ। ਮਜੀਠਾ ਸੜਕ ਤੇ ਸੈਕਰਡ ਹਾਰਟ ਸਕੂਲ ਵੀ ਇਕ ਧਰਮ ਪ੍ਰਚਾਰਕ ਸੰਸਥਾ ਹੈ, ਜੋ ਇਸਾਈ ਅਤੇ ਗੈਰ ਈਸਾਈ ਵਿਦਿਆਰਥੀਆਂ ਨੂੰ ਦਸਵੀਂ ਪੱਧਰ ਤੱਕ ਸਿੱਖਿਆ ਪ੍ਰਦਾਨ ਕਰਦਾ ਹੈ।

ਦਾਈ (ਮਿਡਵਾਈਫਰੀ) ਸਕੂਲ 1866 ਵਿਚ ਖੋਲ੍ਹਿਆ ਗਿਆ ਸੀ। ਸ੍ਰੀਮਤੀ ਦਿਆਵੰਤੀ ਕੰਨਿਆ ਮਹਾਂਵਿਦਿਆਲਾ 1906 ਵਿਚ ਸਥਾਪਿਤ ਹੋਇਆ ਸੀ ਅਤੇ ਸਰਕਾਰੀ ਹਾਈ ਸਕੂਲ ਨੇ 1929 ਵਿਚ ਕੰਮ ਕਰਨਾ ਸ਼ੁਰੂ ਕੀਤਾ। ਪੰਜਾਬ ਕੱਪੜਾ ਉਦਯੋਗ-ਵਿਗਿਆਨ ਸੰਸਥਾ 1925 ਵਿਚ ਸਥਾਪਿਤ ਹੋਈ, ਜਿਸਦਾ ਪ੍ਰਬੰਧ ਸਰਕਾਰ ਕਰਦੀ ਹੈ ਅਤੇ ਇਹ ਉਦਯੋਗ ਵਿਗਿਆਨ (ਟੈਕਨਾਲੋਜੀ) ਦੇ ਡਿਪਲੋਮੇ ਲਈ ਵਿਦਿਆਰਥੀਆਂ ਨੂੰ ਤਿਆਰ ਕਰਦੀ ਹੈ। 1916 ਵਿਚ ਰਾਮਗੜ੍ਹੀਆਂ ਦੀ ਧਰਮਸ਼ਾਲਾ ਜਿਹੜੀ ਕਿ ਸ੍ਰੀ ਮਾਹਣਾ ਸਿੰਘ ਜੀ ਨੇ ਬਣਵਾਈ ਸੀ, ਬਾਅਦ ਵਿਚ ਇਥੇ ਲੜਕੀਆਂ ਦਾ ਕਾਲਜ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਗਰਲਜ਼ ਖੋਲ੍ਹ ਦਿੱਤਾ ਗਿਆ। 1932 ਵਿਚ ਲੜਕੀਆਂ ਦੇ ਲਈ ਸਟ੍ਰੇਟਫੋਰਡ ਕਾਲਜ ਸ਼ੁਰੂ ਕੀਤਾ ਗਿਆ। ਅੱਜਕਲ ਇਹ ਕਾਲਜ ਜ਼ਿਲ੍ਹਾ ਕਚਹਿਰੀ ਦੇ ਕੋਲ ਸਰੂਪ ਰਾਣੀ ਮਹਿਲਾ ਸਰਕਾਰੀ ਕਾਲਜ ਦੇ ਨਾਂ ਨਾਲ ਚੱਲ ਰਿਹਾ ਹੈ। ਨੇਤਰਹੀਣਾਂ ਲਈ ਸੰਸਥਾ ਨੂੰ ਥੋੜੀ ਜਿਹੀ ਸਹਾਇਤਾ ਅਨੁਦਾਨ ਉਦਯੋਗ ਵਿਭਾਗ ਤੋਂ ਮਿਲਦੀ ਹੈ ਅਤੇ ਇਸਦੇ ਵਸਨੀਕਾਂ ਨੂੰ ਕਈ ਪ੍ਰਕਾਰ ਦੇ ਹੁੰਨਰਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ।

ਸਫਾਈ ਦੇ ਨਜ਼ਰੀਏ ਤੋਂ , ਕੁਝ ਸਕੂਲ ਅਨੁਕੂਲ ਵਾਤਾਵਰਣ ਵਿਚ ਸਥਿਤ ਸਨ। ਉਹ ਸੱਚਮੁੱਚ ਬੜਾ ਨਿਰਾਸ਼ਾਜਨਕ ਦ੍ਰਿਸ਼ ਪੇਸ਼ ਕਰਦੇ ਸਨ। ਜਮਾਤਾਂ ਦੇ ਕਮਰਿਆਂ ਵਿਚ ਜ਼ਿਆਦਾ ਭੀੜ ਭੜੱਕਾ ਹੁੰਦਾ ਸੀ ਅਤੇ ਇਨ੍ਹਾਂ ਵਿਚ ਰੋਸ਼ਨੀ ਬਹੁਤ ਘੱਟ ਸੀ। ਕੋਈ ਖੇਡ ਦੇ ਮੈਦਾਨ ਨਹੀਂ ਸਨ। ਜ਼ਿਆਦਾਤਰ ਸਕੂਲ ਕਿਰਾਏ ਦੀਆਂ ਇਮਾਰਤਾਂ ਵਿਚ ਖੋਲ੍ਹੇ ਹੋਏ ਸਨ ਅਤੇ ਅੰਮ੍ਰਿਤਸਰ ਨਗਰਪਾਲਿਕਾ ਨੇ ਇਨ੍ਹਾਂ ਇਮਾਰਤਾਂ ਦੀ ਉਸਾਰੀ ਦੇ ਨਿਰਦੇਸ਼ਨ ਵਿਚ ਕੋਈ ਤਸੱਲੀਬਖਸ਼ ਪ੍ਰਗਤੀ ਨਹੀਂ ਕੀਤੀ। 1914 ਵਿਚ ਲਖਨਊ ਵਿਖੇ 'ਸ਼ਹਿਰਾਂ ਵਿਚ ਮੁੰਡਿਆਂ ਅਤੇ ਕੁੜੀਆਂ ਦੇ ਸਕੂਲਾਂ ਦੀ ਮਲੀਨ ਅਤੇ ਅਸੁਅਸਥ ਹਾਲਤ' ਵਿਸ਼ੇ ਤੇ ਹੋਏ ਸਰਬ ਭਾਰਤੀ ਆਰੋਗਤਾ ਸੰਮੇਲਨ ਵਿਚ ਸਰ ਗੋਪਾਲ ਦਾਸ ਭੰਡਾਰੀ ਵਲੋਂ ਪੜ੍ਹੇ ਗਏ ਖਰਚੇ

ਵਿਚ ਉਸਨੇ ਕਿਹਾ,"ਜਿਥੋਂ ਤੱਕ ਉਨ੍ਹਾਂ ਦੀ ਸਥਿਤੀ ਦਾ ਸਬੰਧ ਹੈ, ਉਹ ਬਦਬੂ ਭਰੀਆਂ ਗਲੀਆਂ ਵਿਚ ਸਥਿਤ ਹਨ। ਕਮਰੇ ਲੋੜੀਂਦੀ ਰੋਸ਼ਨੀ ਅਤੇ ਹਵਾ ਤੋਂ ਰਹਿਤ ਅਤੇ ਗਿਣਤੀ ਵਿਚ ਲਗਭਗ 10-10 ਫੁੱਟ ਦੇ ਹਨ। ਜੇਕਰ ਤੁਸੀਂ ਦਰਵਾਜ਼ਾ ਬੰਦ ਕਰ ਲਵੋ ਤਾਂ ਇਥੇ ਹਵਾ ਦੀ ਕੋਈ ਆਵਾਜਾਈ ਨਹੀਂ ਅਤੇ ਜੇਕਰ ਤੁਸੀਂ ਉਨ੍ਹਾਂ ਨੂੰ ਖੋਹਲੋ ਤਾਂ ਇਥੇ ਵਧੇਰੇ ਮਾਤਰਾ ਵਿਚ ਖੁਸ਼ਕੀ ਹੁੰਦੀ ਹੈ।" ਵਧੇਰੇ ਕਰਕੇ ਇਹ ਸਮੱਸਿਆ ਅੱਜ ਤੱਕ ਵੀ ਸਹੀ ਹੈ ਅਤੇ ਹੁਣ ਇਸ ਮੌਜੂਦਾ ਹਾਲਤ ਨੂੰ ਸੁਧਾਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਨਗਰ ਪਾਲਿਕਾ ਦਾ ਇਕ ਉਦੇਸ਼ ਅਨਪੜ੍ਹਤਾ ਨੂੰ ਖਤਮ ਕਰਨ ਦਾ ਰਿਹਾ ਹੈ। ਇਹ ਮੁਹਿੰਮ 16 ਨਵੰਬਰ, 1925 ਨੂੰ ਸ਼ੁਰੂ ਹੋਈ। ਜਦੋਂ 1919 ਦੀ ਪੰਜਾਬ ਦੀ ਮੁਢਲੀ ਸਿੱਖਿਆ ਦੀ ਧਾਰਾ ਨੂੰ ਸ਼ਹਿਰ ਵਿਚ ਲਾਗੂ ਕੀਤਾ ਗਿਆ ਸੀ, ਪਹਿਲੀ ਵਾਰ ਲਾਜ਼ਮੀ ਸਿੱਖਿਆ ਡਿਵੀਜ਼ਨ ਨੰ: 2 ਅਤੇ 3 ਵਿਚ ਸ਼ੁਰੂ ਕੀਤੀ ਗਈ, ਇਹ ਡਿਵੀਜ਼ਨ ਨੰ:1 ਅਤੇ 5 ਤੋਂ ਇਲਾਵਾ ਸੀ, ਜਿਥੇ ਇਸਨੂੰ 1939-40 ਦੌਰਾਨ ਸ਼ੁਰੂ ਕੀਤਾ ਗਿਆ ਸੀ। 1941 ਦੇ ਆਰੰਭ ਤੱਕ ਸ਼ਹਿਰ ਦੇ ਲੱਗਭਗ ਇਕ ਤਿਹਾਈ ਭਾਗ ਵਿਚ ਲਾਜ਼ਮੀ ਸਿੱਖਿਆ ਆਰੰਭ ਕਰ ਦਿੱਤੀ ਗਈ ਸੀ।[19] 1951-52 ਦੌਰਾਨ ਲਾਜ਼ਮੀ ਸਿੱਖਿਆ ਡਿਵੀਜ਼ਨ ਨੰਬਰ 1,2,3,4,5,6,7,11 ਅਤੇ 12 ਵਿਚ ਸ਼ੁਰੂ ਕੀਤੀ ਗਈ ਸੀ। ਕੰਮ ਨੂੰ ਤੇਜ਼ ਕਰਨ ਲਈ 6 ਤੋਂ 11 ਸਾਲ ਦੇ ਸਕੂਲ ਜਾਣ ਦੀ ਉਮਰ ਵਾਲੇ ਲੜਕਿਆਂ ਦੀ ਗਿਣਤੀ ਮਾਰਚ 1952 ਵਿਚ ਕੀਤੀ ਗਈ ਸੀ। 1951-52 ਦੌਰਾਨ ਸਕੂਲ ਜਾਣ ਦੀ ਉਮਰ ਦੇ ਲੜਕਿਆਂ ਦੀ ਕੁਲ ਗਿਣਤੀ 13,167 ਸੀ, ਜਿਨ੍ਹਾਂ ਵਿਚੋਂ 10793 ਲੜਕੇ ਵੱਖ ਵੱਖ ਸਕੂਲਾਂ ਵਿਚ ਯੋਗ ਸਿੱਖਿਆ ਪ੍ਰਾਪਤ ਕਰ ਰਹੇ ਸਨ। ਇਹ ਮਾਤਰਾ ਨਗਰਪਾਲਕਾ ਦੇ ਇਲਾਕੇ ਵਿਚ ਕੁੱਲ ਪੁਲਿੰਗ ਜਨਸੰਖਿਆ ਦਾ 6% ਬਣਦੀ ਹੈ। 1956-57 ਤੱਕ ਇਹ ਧਾਰਾ ਸਾਰੇ ਅੰਮ੍ਰਿਤਸ਼ਰ ਵਿਚ ਲਾਗੂ ਕੀਤੀ ਗਈ ਅਤੇ ਫਰਵਰੀ 1957 ਦੇ ਤੀਜੇ ਹਫ਼ਤੇ ਵਿਚ ਸਕੂਲ ਜਾਣ ਦੀ ਉਮਰ ਦੇ ਬੱਚਿਆਂ ਦੀ ਗਣਨਾ ਕੀਤੀ ਗਈ। 1951-52 ਵਿਚ 13,167 ਬੱਚਿਆਂ ਦੇ ਮੁਕਾਬਲੇ 196-57 ਦੌਰਾਨ ਸਕੂਲ ਜਾਣ ਦੀ ਉਮਰ ਦੇ ਲੜਕਿਆਂ ਦੀ ਕੁੱਲ ਸੰਖਿਆਂ 12,230 ਸੀ, ਜਿਨ੍ਹਾਂ ਵਿਚੋਂ 11251 ਲੜਕੇ ਨਗਰਪਾਲਿਕਾ ਵਲੋਂ ਸਹਾਇਤਾ ਪ੍ਰਾਪਤ ਵਿੱਦਿਅਕ ਸੰਸਥਾਵਾਂ ਵਿਚ ਪਹਿਲਾਂ ਹੀ ਸਿੱਖਿਆ ਪ੍ਰਾਪਤ ਕਰ ਰਹੇ ਸਨ। ਬਾਕੀ ਦੇ 979 ਬੱਚਿਆਂ ਦੇ ਸਰਪ੍ਰਸਤਾਂ ਨੂੰ ਆਪਣੇ ਲੜਕਿਆਂ ਨੂੰ ਸਕੂਲ ਭੇਜਣ ਲਈ ਕਿਹਾ ਗਿਆ, ਜਿਸ ਦੇ ਨਤੀਜੇ ਵਜੋਂ 398 ਹੋਰ ਦਾਖਲ ਹੋ ਗਏ। ਸ਼ਹਿਰ ਦੀ ਕੁੱਲ ਨਰ ਜਨਸੰਖਿਆ ਦੀ ਤੁਲਨਾ ਵਿਚ 1956-57 ਵਿਚ ਵਿਦਿਆਰਥੀਆਂ ਦੀ ਪ੍ਰਤੀਸ਼ਤ 7 ਤੇ ਆ ਗਈ। ਇਸ ਤਰ੍ਹਾਂ ਲੱਗਭਗ 4 ਸਾਲਾਂ ਵਿਚ 1% ਦਾ ਵਾਧਾ ਹੋ ਗਿਆ। ਲੋੜਵੰਦ ਵਿਦਿਆਰਥੀਆਂ ਨੂੰ ਪੜ੍ਹਨ ਦੀ ਸਮੱਗਰੀ ਮੁੱਫਤ ਵੰਡੀ ਜਾਂਦੀ ਸੀ। ਅਨੁਸੂਚਿਤ ਜਾਤੀਆਂ ਨਾਲ ਸਬੰਧਤ ਬੱਚਿਆਂ ਦੀ ਵੀ ਇਸ ਢੰਗ ਨਾਲ ਮਦਦ ਕੀਤੀ ਜਾਂਦੀ ਸੀ। 1951-52 ਵਿਚ ਐਮ.ਬੀ. ਸਕੂਲਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਸੀ:-

1. ਲੜਕਿਆਂ ਦੇ ਪ੍ਰਾਇਮਰੀ ਸਕੂਲ 20
2. ਲੜਕੀਆਂ ਦੇ ਪ੍ਰਾਇਮਰੀ ਸਕੂਲ 11

3. ਲੜਕੀਆਂ ਦੇ ਮਿਡਲ ਸਕੂਲ 04

1956-57 ਵਿਚ ਐਮ.ਬੀ.ਸਕੂਲਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਸੀ:-

1. ਲੜਕਿਆਂ ਦੇ ਪ੍ਰਾਇਮਰੀ ਸਕੂਲ 24
2. ਲੜਕਿਆਂ ਦੇ ਮਿਡਲ ਸਕੂਲ 01
3. ਲੜਕਿਆਂ ਦੇ ਹਾਈ ਸਕੂਲ 01
4. ਲੜਕੀਆਂ ਦੇ ਪ੍ਰਾਇਮਰੀ ਸਕੂਲ 11
5. ਲੜਕੀਆਂ ਦੇ ਮਿਡਲ ਸਕੂਲ 04
6. ਲੜਕੀਆਂ ਦੇ ਹਾਈ ਸਕੂਲ 1

31 ਮਾਰਚ 1951 ਨੂੰ 5883 ਦੇ ਮੁਕਾਬਲੇ 31 ਮਾਰਚ 1952 ਨੂੰ ਕੁੱਲ 6540 ਲੜਕੇ ਦਾਖਲ ਸਨ-657 ਲੜਕੇ ਵੱਧ ਦਾਖਲ ਹੋਏ। ਐਮ.ਬੀ ਪ੍ਰਾਇਮਰੀ ਸਕੂਲਾਂ ਵਿਚ 31 ਮਾਰਚ 1957 ਨੂੰ 9793 ਬੱਚੇ ਦਾਖਲ ਸਨ। ਇਨ੍ਹਾਂ ਅੰਕੜਿਆਂ ਵਿਚ ਮਿਡਲ ਸਕੂਲਾਂ ਦੇ ਪ੍ਰਾਇਮਰੀ ਵਿੰਗ ਦੇ ਦਾਖਲੇ ਸ਼ਾਮਲ ਨਹੀਂ ਹਨ। 1957 ਵਿਚ ਮਿਡਲ ਸਕੂਲਾਂ ਵਿਚ ਔਸਤ ਹਾਜ਼ਰੀ 1098 ਸੀ ਅਤੇ ਪ੍ਰਾਇਮਰੀ ਸਕੂਲਾਂ ਵਿਚ ਕੁਲ ਔਸਤ ਹਾਜ਼ਰੀ 9181 ਸੀ। 1951-52 ਦੌਰਾਨ ਲੜਕਿਆਂ ਦੇ ਸਕੂਲਾਂ ਦਾ ਅਧਿਆਪਨ ਅਮਲਾ 154 ਸੀ ਜਦੋਂ ਕਿ 1956-57 ਵਿਚ ਇਹ 224 ਸੀ। ਨਿਯੁਕਤ ਅਮਲਾ ਚੰਗੀ ਯੋਗਤਾ ਵਾਲਾ ਅਤੇ ਸਿੱਖਿਅਤ ਸੀ। 1956-57 ਦੌਰਾਨ ਸਹਾਇਤਾ ਪ੍ਰਾਪਤ ਸਕੂਲਾਂ ਦੀ ਗਿਣਤੀ 17 ਸੀ ਜਿਨ੍ਹਾਂ ਵਿਚ 4672 ਬੱਚੇ ਦਾਖਲ ਸਨ। ਮਾਨਤਾ ਪ੍ਰਾਪਤ ਪਰੰਤੂ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਦੀ ਗਿਣਤੀ 19 ਸੀ।

ਨਗਰ ਪਾਲਿਕਾ ਦੇ ਸਕੂਲ ਸਮਾਜ ਦੇ ਸਾਰੇ ਵਰਗਾਂ ਲਈ ਖੁੱਲ੍ਹੇ ਸਨ। ਇਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀ ਵੀ ਸ਼ਾਮਲ ਸਨ। ਅਸਲ ਵਿਚ ਹਾਥੀ ਗੇਟ, ਗਿੱਲਵਾਲੀ ਗੇਟ ਅਤੇ ਭਗਤਾਂ ਵਾਲਾ ਗੇਟ ਦੇ ਐਮ.ਬੀ. ਪ੍ਰਾਇਮਰੀ ਸਕੂਲ ਉਨ੍ਹਾਂ ਇਲਾਕਿਆਂ ਵਿਚ ਖੋਲ੍ਹੇ ਗਏ ਸਨ, ਜਿਥੇ ਜ਼ਿਆਦਾਤਰ ਅਨੁਸੂਚਿਤ ਜਾਤੀਆਂ ਦੇ ਲੋਕ ਰਹਿੰਦੇ ਸਨ। 1951-52 ਦੌਰਾਨ ਹਰੀਜਨਾਂ (ਅਛੂਤਾਂ) ਨਾਲ ਸਬੰਧਤ ਵਿਦਿਆਰਥੀਆਂ ਦੀ ਗਿਣਤੀ 368 ਸੀ, ਜਦੋਂ ਕਿ 1956-57 ਦੌਰਾਨ ਗਿਣਤੀ 1485 ਸੀ।

ਵਿਦਿਆਰਥੀਆਂ ਨੂੰ ਪੜ੍ਹਾਈ ਲਈ ਉਤਸ਼ਾਹਿਤ ਕਰਨ ਲਈ ਨਗਰ ਪਾਲਿਕਾ ਵਲੋਂ ਸ਼ੁਰੂ ਕੀਤੀਆਂ ਯੋਜਨਾਵਾਂ ਵਿਚੋਂ ਇਕ ਵਿਸ਼ੇਸ਼ ਵਿਦਿਆਰਥੀਆਂ ਨੂੰ ਅਗਲੇਰੀ ਪੜ੍ਹਾਈ ਲਈ ਵਜ਼ੀਫੇ ਪ੍ਰਦਾਨ ਕਰਨਾ ਸੀ। ਕੁਝ ਵਜ਼ੀਫ਼ੇ ਵਿਸ਼ੇਸ਼ ਤੌਰ ਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਰਾਖਵੇਂ ਰੱਖੇ ਗਏ ਸਨ। ਦਵਾਖਾਨਿਆਂ ਸਮੇਤ ਜੂਨੀਅਰ ਰੈਡ ਕਰਾਸ ਸਭਾਵਾਂ ਨੂੰ ਨਗਰ ਪਾਲਿਕਾ ਦੇ ਸਕੂਲਾਂ ਨਾਲ ਸਬੰਧਤ ਕੀਤਾ ਗਿਆ ਸੀ। ਦੁਰਘਟਨਾਵਾਂ ਦੀ ਸੂਰਤ ਵਿਚ ਮੁੱਢਲੀ ਸਹਾਇਤਾ ਦਿੱਤੀ ਜਾਂਦੀ ਸੀ। ਐਮ.ਬੀ. ਸਕੂਲਾਂ ਵਿਚ ਸਰੀਰਕ ਸਿਖਲਾਈ ਦਾ ਪ੍ਰਸਤਾਵਿਤ ਵਿਗਿਆਨਕ ਪ੍ਰੋਗਰਾਮ ਅਪਣਾਇਆ ਗਿਆ ਸੀ ਅਤੇ ਨਗਰ ਪਾਲਿਕਾ ਦੇ ਸਕੂਲਾਂ ਨੇ ਅੰਮ੍ਰਿਤਸਰ ਵਿਖੇ ਆਜ਼ਾਦੀ ਦਿਵਸ ਪਰੇਡ ਅਤੇ ਸਲਾਨਾ ਰੈਡ ਕਰਾਸ ਮੇਲੇ ਵਿਚ ਭਾਗ ਲਿਆ। ਰਸਮੀ ਸਿੱਖਿਆ ਦੇਣ ਤੋਂ ਇਲਾਵਾ ਨਗਰ ਪਾਲਕਾ ਦੇ ਸਕੂਲ ਬੱਚਿਆਂ ਨੂੰ ਲਾਭਦਾਇਕ ਦਸਤਕਾਰੀ ਖਾਸ ਕਰਕੇ ਜਿਲਦਬੰਦੀ, ਤਸਵੀਰਾ ਕੱਟਣਾ,

ਲਿਫਾਫੇ ਬਣਾਉਣ, ਖਿਡਾਉਣੇ ਬਣਾਉਣ ਅਤੇ ਸਿਆਹੀ ਬਣਾਉਣ ਦੀ ਸਿਖਲਾਈ ਵੀ ਦਿੰਦੇ ਸਨ। ਮੁੱਖ ਉਤਸਵਾਂ ਤੇ ਇਨ੍ਹਾਂ ਵਿਸ਼ੇਸ਼ ਰੁਚੀਆਂ ਦਾ ਪ੍ਰਦਰਸ਼ਨ ਵੀ ਕੀਤਾ ਜਾਂਦਾ ਸੀ। ਮੋਮ ਬੱਤੀਆਂ ਅਤੇ ਚਾਕ ਬਣਾਉਣ ਬਾਰੇ ਵੀ ਦੱਸਿਆ ਜਾਂਦਾ ਸੀ।

ਸਮੇਂ ਸਮੇਂ ਤੇ ਨਗਰ ਪਾਲਿਕਾ ਨੇ ਮੌਜੂਦਾ ਸਕੂਲਾਂ ਦੀਆਂ ਇਮਾਰਤਾਂ ਦੇ ਸੁਧਾਰ ਤੇ ਨਵੇਂ ਸਕੂਲਾਂ ਦੀ ਉਸਾਰੀ ਲਈ ਪੈਸਾ ਦਿੱਤਾ। 1957-58 ਵਿਚ ਨਗਰ ਪਾਲਿਕਾ ਦੀਆਂ ਇਮਾਰਤਾਂ ਵਿਚ ਚੱਲ ਰਹੇ ਅਤੇ ਉਸਦੇ ਖਰਚੇ ਦੇ ਬਣੇ ਸਕੂਲਾਂ ਦੀ ਗਿਣਤੀ 20 ਸੀ। ਕਿਰਾਏ ਦੀਆਂ ਇਮਾਰਤਾਂ ਦੀ ਸੰਖਿਆ 17 ਸੀ। 1958 ਵਿਚ ਨਗਰਪਾਲਿਕਾ ਦੇ ਸਿੱਖਿਆ ਵਿਭਾਗ ਨੇ ਸਿੱਖਿਆ ਦੇ ਬਜ਼ਟ ਵਿਚ ਨਵੀਆਂ ਸਕੂਲ ਇਮਾਰਤਾਂ ਦੀ ਉਸਾਰੀ ਅਤੇ ਹੋਰਨਾਂ ਨੂੰ ਅਪਣਾਉਣ ਲਈ 10,00,00 ਰੁਪਏ ਦੀ ਸਲਾਨਾ ਵਿਵਸਥਾ ਕੀਤੀ। ਸਿਹਤ ਦੀ ਜਾਂਚ ਸਿਹਤ ਦੇ ਮੈਡੀਕਲ ਅਫਸਰ ਦੇ ਨਿਰਦੇਸ਼ ਅਧੀਨ ਹੈ। 1956-57 ਵਿਚ 6088 ਵਿਦਿਆਰਥੀ ਵੱਖ ਵੱਖ ਬਿਮਾਰੀਆਂ ਨਾਲ ਪੀੜਤ ਸਨ।

1951-52 ਦੌਰਾਨ ਫੁੱਟਕਲ ਸੰਸਥਾਵਾਂ ਨੂੰ ਦਿੱਤੀ ਗਈ ਸਹਾਇਤਾ ਯੋਗਦਾਨ ਅਤੇ ਪੁਸਤਕਾਲਿਆਂ ਤੇ ਰੀਡਿੰਗ ਰੂਮਾਂ ਤੇ ਕੀਤੇ ਗਏ ਖਰਚੇ ਸਮੇਤ ਨਗਰਪਾਲਿਕਾ ਦਾ ਸਿੱਖਿਆ ਤੇ ਕੁੱਲ ਖਰਚਾ 6,13,699 ਰੁਪਏ ਸੀ, ਜਦੋਂ ਕਿ 1956-57 ਵਿਚ 10,45,351 ਰੁਪਏ ਖਰਚੇ ਗਏ ਸਨ। ਬਾਅਦ ਦੇ ਸਮੇਂ ਦੌਰਾਨ ਖਰਚ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | |
|---|---|
| ਐਮ.ਬੀ. ਹਾਈ ਸਕੂਲ | ਰੁਪਏ 31,427-14-3 |
| ਐਮ.ਬੀ. ਮਿਡਲ ਸਕੂਲ | ਰੁਪਏ 17,024-15-6 |
| ਐਮ.ਬੀ. ਪ੍ਰਾਇਮਰੀ ਸਕੂਲ | ਰੁਪਏ 4,81,881-6-0 |
| ਐਮ.ਬੀ.ਗਰਲਜ਼ ਹਾਈ ਸਕੂਲ | ਰੁਪਏ 1,08,163-1-9 |
| ਐਮ.ਬੀ. ਗਰਲਜ਼ ਮਿਡਲ ਸਕੂਲ | ਰੁਪਏ 1,59,572-9-0 |
| ਐਮ.ਬੀ. ਗਰਲਜ਼ ਪ੍ਰਾਇਮਰੀ ਸਕੂਲ | ਰੁਪਏ 1,73,583-11-0 |

1956-57 ਵਿਚ ਇਥੇ ਲੜਕੀਆਂ ਲਈ 11 ਪ੍ਰਾਇਮਰੀ ਸਕੂਲ, 4 ਮਿਡਲ ਸਕੂਲ ਅਤੇ 1 ਹਾਈ ਸਕੂਲ ਸੀ। ਕੁੱਲ 7979 ਲੜਕੀਆਂ ਦੇ ਨਾਂ ਦਾਖਲ ਸਨ। ਮੌਜੂਦਾ ਸਾਲਾਂ ਵਿਚ ਅੰਗਰੇਜ਼ੀ ਪੜ੍ਹਨ ਵਾਲੀਆ ਲੜਕੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਅਕਤੂਬਰ 1957 ਤੋਂ ਲਾਗੂ ਨੀਤੀ ਮਾਮਲੇ ਵਜੋਂ ਰਾਜ ਸਰਕਾਰ ਨੇ ਨਗਰ ਪਾਲਿਕਾ ਵਲੋਂ ਚਲਾਏ ਜਾ ਰਹੇ ਸਕੂਲਾਂ ਨੂੰ ਆਪਣੇ ਅਧਿਕਾਰ ਹੇਠ ਲੈ ਲਿਆ, ਜਿਸਦੇ ਸਿੱਟੇ ਵਜੋਂ 1958-59 ਵਿਚ ਸਿੱਖਿਆ ਤੇ ਕੀਤੇ ਜਾਣ ਵਾਲੇ ਖਰਚ ਵਿਚ ਕਮੀ ਹੋ ਗਈ, ਜੋ 1957-58 ਵਿਚਲੀ 6,04,762 ਰੁਪਏ ਦੀ ਰਕਮ ਤੋਂ ਘਟ ਕੇ 1,12,295 ਰੁਪਏ ਰਹਿ ਗਿਆ। ਕਾਰਜਕਾਰੀ ਅਫਸਰ ਦੀ ਤਾਜ਼ਾ ਬਜਟ ਟਿੱਪਣੀ ਵਿੱਚ ਸਿੱਖਿਆ ਲਈ 73,447 ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਉਪਰੋਕਤ ਵੇਰਵੇ ਤੋਂ ਇਹ ਗੱਲ ਸਪਸ਼ਟ ਹੈ ਕਿ ਨਗਰ ਪਾਲਿਕਾ ਅਤੇ ਕੁਝ ਵਿਸ਼ੇਸ਼ ਉੱਦਮੀ ਅਧਿਆਪਕਾਂ ਦੇ ਨਿੱਜੀ ਧਿਆਨ ਦੇਣ ਨਾਲ ਸਿੱਖਿਆ ਦੀ ਉਨਤੀ ਨੂੰ ਉਤਸ਼ਾਹ ਮਿਲਿਆ। ਬਹੁਤ ਸਾਰੇ ਮਾਪੇ ਸਿੱਖਿਆ ਦੇ ਫਾਇਦਿਆਂ ਤੋਂ ਜਾਣੂ ਹੋ ਗਏ ਅਤੇ ਆਪਣੇ

ਬੱਚਿਆਂ ਨੂੰ ਸਕੂਲ ਭੇਜਣ ਲਈ ਮੰਨ ਗਏ ਸਨ। ਸ਼ਹਿਰ ਵਿਚ ਬਿਮਾਰ ਲੋਕਾਂ ਲਈ ਵੀ ਸੰਸਥਾਵਾਂ ਹਨ। ਲੱਗਭਗ ਅੱਠ ਸਾਲ ਪਹਿਲਾਂ ਸੇਂਟ ਕੈਥਰੀਨ ਮਿਸ਼ਨ ਹਸਪਤਾਲ ਦੀ ਲੇਡੀ (ਮਿਸ) ਹੈਵਲਟ ਵਲੋਂ ਇਕ ਦਾਈ ਹਸਪਤਾਲ ਸਥਾਪਤ ਕੀਤਾ ਗਿਆ ਸੀ, ਜਿਸਦਾ ਨਾਮ ਦਾਈਪੁਣੇ ਦੇ ਨਵੀਨ ਢੰਗ ਸਿਖਾਉਣ ਲਈ ਅੰਮ੍ਰਿਤਸਰ ਦੇ ਲੋਕਾਂ ਵਲੋਂ ਹੁਣ ਵੀ ਯਾਦ ਕੀਤਾ ਜਾਂਦਾ ਹੈ। ਅੰਮ੍ਰਿਤਸਰ ਨਗਰ ਪਾਲਿਕਾਂ ਨੇ ਦਾਈਆਂ ਨੂੰ ਸਿੱਖਿਆ ਦੇਣ ਦਾ ਕੰਮ ਅਗਸਤ 1923 ਵਿਚ ਸ਼ੁਰੂ ਕੀਤਾ ਅਤੇ ਇਕ ਦਾਈ ਸਕੂਲ ਖੋਲ੍ਹਿਆ।

ਭਾਵੇਂ ਸਿੱਖਿਆ ਦੇ ਖੇਤਰ ਵਿਚ ਅੰਮ੍ਰਿਤਸਰ ਲਾਹੌਰ ਦੀ ਬਰਾਬਰੀ ਕਰਨ ਦੇ ਸਮਰੱਥ ਨਹੀਂ ਹੋ ਸਕਿਆ ਪਰੰਤੂ ਫਿਰ ਵੀ ਇਹ ਪੰਜਾਬ ਦੇ ਕਿਸੇ ਵੀ ਹੋਰ ਸ਼ਹਿਰ ਨਾਲੋਂ ਕਾਫੀ ਅੱਗੇ ਰਿਹਾ ਹੈ। ਖਾਲਸਾ ਕਾਲਜ ਨੇ ਕਾਫੀ ਲੰਮੇ ਸਮੇਂ ਲਈ ਸ਼ੁਹਰਤ ਖੱਟੀ ਹੈ ਅਤੇ ਮੌਜੂਦਾ ਸਾਲਾਂ ਦੇ ਮੈਡੀਕਲ ਕਾਲਜ ਨੂੰ ਮੈਡੀਕਲ ਸੰਸਥਾਵਾਂ ਵਿਚ ਮਹੱਤਵਪੂਰਨ ਸਥਾਨ ਹਾਸਲ ਹੈ। ਅੰਗਰੇਜ਼ੀ ਦੀ ਢੁਕਵੀਂ ਸਿੱਖਿਆ ਦੇਣ ਕਾਰਨ ਧਰਮ ਪ੍ਰਚਾਰਕ ਸਕੂਲਾਂ ਦਾ ਦੂਰ ਦੂਰ ਤੱਕ ਸਨਮਾਨ ਕੀਤਾ ਜਾਂਦਾ ਹੈ। ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਸਿੱਖਿਆ ਦੇ ਪ੍ਰਸਾਰ ਲਈ ਅਪਣਾਏ ਗਏ ਢੰਗਾਂ ਵਿਚੋਂ ਇਕ, ਸ਼ਹਿਰ ਦੇ ਵੱਖ ਵੱਖ ਭਾਗਾਂ ਵਿਚ ਬਾਲਗਾਂ ਲਈ ਵਿਹਲੇ ਸਮੇਂ ਦੇ ਸਕੂਲ ਸਥਾਪਤ ਕਰਨਾ ਹੈ, ਜਿਥੇ ਉਹ ਮੁੱਢਲੀ ਪੜ੍ਹਾਈ ਅਤੇ ਲਿਖਾਈ ਦੀ ਸਿੱਖਿਆ ਪ੍ਰਾਪਤ ਕਰਨ ਲਈ ਇਕੱਠੇ ਹੁੰਦੇ ਹਨ। ਪਿਛਲੇ 20 ਸਾਲਾਂ ਦੌਰਾਨ ਕਿੱਤਾ ਮੁਖੀ ਜਮਾਤਾਂ ਨਾਲ ਸਬੰਧਤ ਵਿਦਿਆਰਥੀਆਂ ਦੀ ਗਿਣਤੀ ਵਿਚ ਵੀ ਅਤਿਅੰਤ ਵਾਧਾ ਹੋਇਆ ਹੈ।

ਹੇਠ ਲਿਖੀ ਸੂਚੀ ਤੋਂ ਅੰਮ੍ਰਿਤਸਰ ਦੀ 1965 ਵਿਚ ਮੌਜੂਦ ਸਿੱਖਿਆ ਦੀ ਸਥਿਤੀ ਦਾ ਦਾਖਲ ਵਿਦਿਆਰਥੀਆਂ ਦੀ ਸੰਖਿਆ, ਅਮਲੇ ਦੀ ਗਿਣਤੀ ਅਤੇ ਸਕੂਲਾਂ ਤੇ ਖਰਚ ਕੀਤੀ ਗਈ ਧਨ ਰਾਸ਼ੀ ਸਮੇਤ ਪਤਾ ਲਗਦਾ ਹੈ।

**ਅੰਮ੍ਰਿਤਸਰ ਸ਼ਹਿਰ ਵਿਚ ਪ੍ਰਾਇਮਰੀ/ਮਿਡਲ/ਹਾਈ/ਹਾਇਰ ਸੈਕੰਡਰੀ ਸਕੂਲਾਂ ਦੀ 1967 ਵਿਚ ਹਾਲਤ**

| ਸਕੂਲ ਦੀ ਕਿਸਮ | ਪ੍ਰਾਇਮਰੀ ਸਕੂਲਾਂ ਦੀ ਸੰਖਿਆ | ਅਮਲੇ ਦੀ ਗਿਣਤੀ ਦੀ ਸੰਖਿਆ | ਦਾਖਲ ਵਿਦਿਆਰਥੀਆਂ | ਸਰਕਾਰ | ਸਥਾਨਕ ਸਭਾ | ਪ੍ਰਬੰਧਕ ਦੀ ਸਭਾਵਾਂ |
|---|---|---|---|---|---|---|
| ਪ੍ਰਾਇਮਰੀ ਸਕੂਲ | | | | | | |
| ਕੇਂਦਰੀ ਰੇਲਵੇ ਸਕੂਲ | 3 | 3 | 176 | 54,000/- | | |
| ਪੰਜਾਬ ਸਰਕਾਰ | 31 | 367 | 16,362 | 5,76,000/- | | |
| ਫੌਜੀ ਛਾਉਣੀ ਬੋਰਡ | 1 | 4 | 190 | - | 10561/- | - |
| ਨਿੱਜੀ ਪ੍ਰਬੰਧ ਅਧੀਨ | 64 | 307 | 1,70,065 | 4054/- | 3,64,937/- | |
| ਕੁੱਲ ਜੋੜ | 99 | 681 | 33,793 | 5,85,454/- | 10561/- | 3,64,937/- |

| ਮਿਡਲ ਸਕੂਲ | | | | | | |
|---|---|---|---|---|---|---|
| ਲੜਕਿਆਂ ਲਈ ਸਰਕਾਰੀ ਮਿਡਲ ਸਕੂਲ | – | – | – | – | | |
| ਲੜਕਿਆਂ ਲਈ ਨਿੱਜੀ ਪ੍ਰਬੰਧ ਅਧੀਨ ਮਿਡਲ ਸਕੂਲ | 16 | 169 | 6,749 | – | – | 1,83,472/ |
| ਲੜਕੀਆਂ ਲਈ ਸਰਕਾਰੀ ਮਿਡਲ ਸਕੂਲ | 1 | 37 | 1,096 | 59,971/– | – | – |
| ਲੜਕਿਆਂ ਲਈ ਨਿੱਜੀ ਪ੍ਰਬੰਧ ਅਧੀਨ | 5 | 40 | 1,353 | 1,128/– | – | 51,937/ |
| ਕੁੱਲ ਜੋੜ | 22 | 246 | 9,198 | 61,099/– | – | 2,35,409/– |

| ਹਾਈ ਸਕੂਲ | | | | | | |
|---|---|---|---|---|---|---|
| ਲੜਕਿਆਂ ਲਈ ਸਰਕਾਰੀ ਹਾਈ ਸਕੂਲ | 1 | 34 | 1,471 | 49,461/– | – | – |
| ਲੜਕੀਆਂ ਲਈ ਸਰਕਾਰੀ ਹਾਈ ਸਕੂਲ | – | – | – | – | – | – |
| ਲੜਕਿਆਂ ਲਈ ਨਿੱਜੀ ਪ੍ਰਬੰਧ ਅਧੀਨ ਹਾਈ ਸਕੂਲ | 4 | 43 | 1,423 | 324/– | – | 56,695/ |
| ਲੜਕੀਆਂ ਲਈ ਨਿੱਜੀ ਪ੍ਰਬੰਧ ਅਧੀਨ ਹਾਈ ਸਕੂਲ | 7 | 167 | 5,531 | 8,268/– | – | 209,538/ |
| ਕੁੱਲ ਜੋੜ | 12 | 244 | 8,425 | 58,053/– | – | 266,233/– |

| ਹਾਇਰ ਸੈਕੰਡਰੀ ਸਕੂਲ | | | | | | |
|---|---|---|---|---|---|---|
| ਲੜਕਿਆਂ ਲਈ ਸਰਕਾਰੀ ਹਾਇਰ ਸੈਕੰਡਰੀ ਸਕੂਲ | 2 | 110 | 3,499 | 2,75,952/– | – | – |
| ਲੜਕੀਆਂ ਲਈ ਸਰਕਾਰੀ ਹਾਇਰ ਸੈਕੰਡਰੀ ਸਕੂਲ | 5 | 328 | 9,867 | 6,25,259/ | – | – |
| ਲੜਕਿਆਂ ਲਈ ਨਿੱਜੀ ਪ੍ਰਬੰਧ ਅਧੀਨ ਹਾਇਰ | 11 | 158 | 12,979 | 2,73,61/– | – | 8,89,118/ |
| ਸੈਕੰਡਰੀ ਸਕੂਲ ਲੜਕੀਆਂ ਲਈ ਨਿੱਜੀ | 8 | 144 | 4,974 | 217,77/– | – | 2,82,939/ |
| ਪ੍ਰਬੰਧ ਅਧੀਨ ਹਾਇਰ ਸੈਕੰਡਰੀ ਸਕੂਲ | | | | | | |
| ਕੁੱਲ ਜੋੜ | 26 | 740 | 31,319 | 9,50,394/ | – | 11,72,057/– |

ਬਟਵਾਰੇ ਤੋਂ ਪਹਿਲਾਂ ਪੰਜਾਬ ਵਿਚ ਇਕੋ ਯੂਨੀਵਰਸਿਟੀ 'ਪੰਜਾਬ ਯੂਨੀਵਰਸਿਟੀ ਲਾਹੌਰ' ਹੁੰਦੀ ਸੀ। 24 ਨਵੰਬਰ 1969 ਨੂੰ ਅੰਮ੍ਰਿਤਸਰ ਵਿਚ ਇਕ ਯੂਨੀਵਰਸਿਟੀ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਖੋਲ੍ਹੀ ਗਈ।

ਅੰਮ੍ਰਿਤਸਰ ਆਧੁਨਿਕ ਭਾਰਤ ਦਾ ਸੱਭਿਆਚਾਰਕ ਕੇਂਦਰ ਕਿਉਂ ਨਹੀਂ ਬਣਿਆ, ਇਸਦੇ ਮੁੱਖ ਕਾਰਣਾਂ ਵਿਚੋਂ ਇਕ ਇਹ ਹੈ ਕਿ ਪੱਛਮੀ ਵਿਚਾਰਾਂ ਦਾ ਚੰਗੀ ਤਰ੍ਹਾਂ ਪ੍ਰਗਟਾਵਾ ਨਹੀਂ ਸੀ ਕਰਦਾ। ਅੰਮ੍ਰਿਤਸਰ ਵਿਚ ਕੁਝ ਅਧਿਕਾਰੀਆਂ ਅਤੇ ਧਰਮ ਪ੍ਰਚਾਰਕ ਸਭਾਵਾਂ ਤੋਂ ਬਿਨਾਂ ਹੋਰ ਵਸਨੀਕਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ ਅਤੇ ਇਸ ਤੋਂ ਬਿਨਾਂ ਉਹ ਵਿੱਦਿਆ ਦੇ ਅਜਿਹੇ ਸਾਧਨ ਚਾਹੁੰਦੇ ਸਨ ਜਿਨ੍ਹਾਂ ਨਾਲ ਲੋਕਾਂ ਦੇ ਜੀਵਨ ਵਿਚ ਪਰੀਵਰਤਨ ਲਿਆਂਦਾ ਜਾ ਸਕੇ। ਪਰੰਤੂ ਇਸ ਸਦੀ ਦੇ ਮੁੱਢਲੇ ਚਾਲ੍ਹੀਵਿਆਂ ਤੱਕ ਵਿੱਦਿਅਕ ਸਰਗਰਮੀਆਂ ਦੀ ਚੜ੍ਹਤ ਕੁਝ ਖਾਸ ਖੇਤਰ ਵਿਚ ਹੀ ਸੀਮਤ ਸੀ। ਕੁਝ ਘੱਟ ਪੜ੍ਹੇ ਲਿਖੇ, ਲੜਕਿਆਂ ਦੇ ਮਨ ਵਿਚ ਰਾਜਨੀਤਿਕ ਅਤੇ ਸਮਾਜਿਕ ਸਮੱਸਿਆਵਾਂ ਦੀ ਸੋਚ ਉਤਪੰਨ ਹੋਈ, ਜਿਸ ਨਾਲ ਉਹ ਸੰਵਿਧਾਨਕ ਅਤੇ ਕ੍ਰਾਂਤੀਕਾਰੀ ਵਿਚਾਰਾਂ ਵਿਚ ਰੁਚੀ ਲੈਣ ਲੱਗ ਪਏ। ਉਰਦੂ ਵਿਚ ਕੁਝ ਉਤਮ ਦਰਜੇ ਦੀਆਂ ਕਵਿਤਾਵਾਂ ਲਿਖੀਆਂ ਗਈਆਂ। ਥੋੜੇ ਸ਼ਬਦਾਂ ਵਿਚ ਵਿਚਾਰਾਂ ਦੀ ਸੰਖੇਪਤਾ ਅਤੇ ਅਤਿਅੰਤ ਤੀਖਣ ਕਲਪਣਾ ਦੀ ਵਿਧੀ ਕਰਕੇ, **ਫੈਜ਼ ਅਹਿਮਦ ਫੈਜ਼** ਨੇ ਦੇਸ਼ ਦੇ ਪ੍ਰਮੁੱਖ ਉਰਦੂ ਕਵੀਆਂ ਵਿਚ ਆਪਣਾ ਵਿਸ਼ੇਸ਼ ਮਹੱਤਵਪੂਰਨ ਸਥਾਨ ਬਣਾ ਲਿਆ ਸੀ। ਉਸਦੇ ਗੀਤਾਂ ਦਾ ਸੰਗ੍ਰਹਿ, **ਨਕਸ਼- ਏ- ਫਰਿਆਦੀ**, ਆਪਣੀ ਵਿਸੁਧ ਸੰਵੇਦਨਾਂ ਅਤੇ ਵਿਚਾਰਾਂ ਦੀ ਗਹਿਰਾਈ ਕਾਰਨ ਵਿਲੱਖਣ ਸੀ। ਡਾ. ਮੁਹੰਮਦ ਤਾਸੀਰ ਨੇ ਬਹੁਤ ਘੱਟ ਲਿਖਿਆ, ਪਰ ਉਸਨੇ ਜੋ ਵੀ ਰਚਨਾ ਕੀਤੀ ਉਸਤੇ ਸਾਹਿਤ ਪ੍ਰਤੀ ਉਸਦੇ ਸੁਭਾਵਿਕ ਅਤੇ ਯਥਾਰਥਕ ਪਿਆਰ ਦਾ ਪਤਾ ਚੱਲਦਾ ਹੈ। ਉਹ ਦੂਸਰਿਆਂ ਨੂੰ ਉਤਸ਼ਾਹਿਤ ਕਰਕੇ ਖੁਸ਼ੀ ਮਹਿਸੂਸ ਕਰਦਾ ਸੀ ਅਤੇ ਉਸਦਾ ਸਭ ਤੋਂ ਵੱਡੀ ਦੇਣ ਸ਼ੁਰੂਆਤ ਕਰਨ ਦੀ ਕਲਾ ਹੈ। ਮੁਹੰਮਦ ਹੁਸੈਨ ਅਰਸ਼ੀ ਨੇ ਪੁਰਾਤਨ ਢੰਗ ਨਾਲ ਫਾਰਸੀ ਅਤੇ ਉਰਦੂ ਵਿਚ ਕੁਝ ਵਧੀਆ ਬੰਦ ਲਿਖੇ ਅਤੇ ਇਸ ਤਰ੍ਹਾ ਪਰੰਪਰਕ ਕੀਮਤਾਂ ਨੂੰ ਪੁਨਰ ਸਥਾਪਤ ਕੀਤਾ। **ਬ੍ਰਹਮ ਨਾਥ ਦੱਤਾ ਕਾਸਿਰ ਦਾ ਡਾਲ ਡਾਲ ਪਾਤ ਪਾਤ** ਨਾਂ ਦਾ ਉਰਦੂ ਵਿਚ ਚਿੱਠੀਆਂ ਦਾ ਇਕ ਆਲੌਕਿਕ ਸੰਗ੍ਰਹਿ, ਭਾਰਤ ਅਤੇ ਪਾਕਿਸਤਾਨ ਵਿਚ ਪ੍ਰਸਿੱਧ ਸਾਹਿਤਕ ਆਲੋਚਕਾਂ ਵਲੋਂ ਇਸਦੇ ਵਿਚਾਰਾਂ, ਮੌਲਿਕਤਾ ਅਤੇ ਸੁੰਦਰ ਬਣਾਵਟ ਕਾਰਨ ਅਤਿਅੰਤ ਸਰਾਹਿਆ ਗਿਆ ਹੈ।

ਆਪਣੀਆਂ ਰਚਨਾਵਾਂ ਲਈ ਪੰਜਾਬ ਦੇ ਭਾਸ਼ਾ ਵਿਭਾਗ ਪਾਸੋਂ ਛੇ ਵਾਰ ਪਹਿਲਾ ਇਨਾਮ ਪ੍ਰਾਪਤ ਕਰਨ ਵਾਲੇ ਕਾਸਿਰ ਨੇ ਕਵੀ ਅਤੇ ਲੇਖਕ ਵਜੋਂ ਆਪਣਾ ਨਾਮ ਉਘਾ ਕੀਤਾ ਹੈ।27 ਮਾਰਚ, 1966 ਨੂੰ ਭਾਸ਼ਾ ਵਿਭਾਗ ਦੀ ਅਗਵਾਈ ਅਧੀਨ ਕਰਵਾਏ ਗਏ ਇਕ ਸਲਾਨਾ ਸਾਹਿਤਕ ਸਮਾਰੋਹ ਤੇ ਉਸ ਨੂੰ ਸਨਮਾਨ ਵਜੋਂ ਇਕ ਚੋਗਾ ਭੇਟ ਕੀਤਾ ਗਿਆ ਅਤੇ ਉਸਦੇ ਇਕ ਪ੍ਰਸਿੱਧ ਸਾਹਿਤਕਾਰ ਹੋਣ ਦੀ ਮਾਨਤਾ ਵਜੋਂ ਇਕ ਵਿਆਖਿਆਨ ਦਿੱਤਾ ਗਿਆ। **ਫਿਰੋਜ਼- ਉਦ-ਦੀਨ ਤੁਗਰਾਈ, ਸੂਫੀ ਤਬਾਸਮ, ਪੰਡਿਤ ਸਰੂਪ ਨਰੈਣ ਐਮਾਨ, ਪੰਡਿਤ ਬ੍ਰਿਜ ਮੋਹਨ ਟਿੱਕੂ ਜੈਬਾ, ਅਬਦੁੱਲ ਕਾਦਿਰ, ਕਿਰਪਾ ਰਾਮ ਸ਼ਰਮਾ ਨਾਜ਼ਿਮ ਅਤੇ ਅਰਜਨ ਨਾਥ ਨੋਸ਼ਾ**, ਅੰਮ੍ਰਿਤਸਰ ਨਾਲ ਸਬੰਧਤ ਕੁਝ ਹੋਰ ਸਾਹਿਤਕ ਸ਼ਖਸੀਅਤਾਂ ਹਨ। ਪ੍ਰਸਿੱਧ ਨਾਵਲਕਾਰ ਅਤੇ ਕਲਾ ਆਲੋਚਕ, **ਮੁਲਕ ਰਾਜ ਆਨੰਦ** ਵੀ ਅੰਮ੍ਰਿਤਸਰ ਦਾ ਵਸਨੀਕ ਹੈ, ਭਾਵੇਂ ਉਸਨੇ ਆਪਣੀਆਂ ਜ਼ਿਆਦਾਤਰ ਰਚਨਾਵਾਂ ਲਿਖਣ ਦਾ ਕੰਮ ਕਿਧਰੇ ਹੋਰ ਕੀਤਾ ਹੈ।

ਕਵਿਤਾਵਾਂ, ਨਾਟਕ, ਵਾਰਤਕ ਅਤੇ ਨਾਵਲ ਦੇ ਪ੍ਰਸਿੱਧ ਅਤੇ ਬਹੁ ਪੱਖੀ ਪੰਜਾਬੀ ਲਿਖਾਰੀ, ਭਾਈ ਵੀਰ ਸਿੰਘ (1872-1957) ਨੇ ਪਹਿਲੇ ਛਾਪੇਖਾਨੇ, ਵਜ਼ੀਰ ਹਿੰਦ ਦਾ ਨਿਰਮਾਣ 1898 ਵਿਚ ਖਾਲਸਾ ਟ੍ਰੈਕਟ ਸਭਾ ਸਥਾਪਤ ਕੀਤੀ, ਜਿਸਨੇ ਵੱਡੀ ਗਿਣਤੀ ਵਿ੍ਚ ਪੁਸਤਕਾਂ ਅਤੇ ਕਿਤਾਬਚੇ ਪ੍ਰਕਾਸ਼ਤ ਕੀਤੇ। ਉਸਦੀ ਕਵਿਤਾ ਰਹੱਸਵਾਦ, ਕੁਦਰਤ ਨਾਲ ਪਿਆਰ ਅਤੇ ਗੀਤ ਵਿਅੰਜਨ ਨਾਲ ਭਰਪੂਰ ਅੰਤਰ ਪ੍ਰੇਰਣਾ ਸੀ। ਉਨ੍ਹਾਂ ਨੂੰ ਦਾਰਸ਼ਨਿਕ, ਧਾਰਮਿਕ ਅਤੇ ਦੁਨਿਆਵੀ ਮਿਜ਼ਾਜ਼ ਨੂੰ ਪੇਸ਼ ਕਰਨ ਵਾਲਾ ਕਵਿਤਾ ਦਾ ਰੂਪ ਰੁਬਾਈ ਬਹੁਤ ਪਸੰਦ ਸੀ। ਪੰਜਾਬੀ ਦੀ ਇਕ ਵਿਲੱਖਣ ਪੁਸਤਕ ਹੋਣ ਕਾਰਨ ਉਨ੍ਹਾਂ ਦੀ ਪੁਸਤਕ **ਮੇਰੇ ਸਾਈਆਂ ਜੀਓ** ਨੂੰ ਸਾਹਿਤ ਅਕਾਦਮੀ ਇਨਾਮ ਦਿੱਤਾ ਗਿਆ ਸੀ। ਉਨ੍ਹਾਂ ਦੀਆਂ ਕਾਵਿਕ ਰਚਨਾਵਾਂ ਵਿਚ **ਰਾਣਾ ਸੂਰਤ ਸਿੰਘ, ਬਿਜਲੀਆਂ ਦੇ ਹਾਰ**, ਲਹਿਰਾਂ ਦੇ ਹਾਰ, **ਬਾਬਾ ਨੰਦ ਸਿੰਘ ਅਤੇ ਬਿਜੇ ਸਿੰਘ ਸ਼ਾਮਲ ਹਨ**। ਇਕ ਹੋਰ ਪ੍ਰਸਿੱਧ ਲਿਖਾਰੀ ਧਨੀ ਰਾਮ **ਚਾਤ੍ਰਿਕ** ਹੈ, ਜਿਸਨੇ ਭਾਈ ਵੀਰ ਸਿੰਘ ਦੀ ਅਗਵਾਈ ਅਤੇ ਪ੍ਰੇਰਣਾ ਅਧੀਨ ਕਵਿਤਾ ਲਿਖੀ। ਉਸਨੇ ਆਪਣੀਆਂ ਰਚਨਾਵਾਂ ਦੇ ਵਿਸ਼ੇ ਵਸਤੂ ਭਾਰਤੀ ਇਤਿਹਾਸ ਮਿਥਿਹਾਸ ਤੋਂ ਲਏ। ਉਹ ਵੀ ਭਾਰਤੀ ਲੋਕਾਂ ਦੀ ਗਰੀਬੀ ਅਤੇ ਦੁਰਗਤੀ ਬਾਰੇ ਸੰਵੇਦਨਸ਼ੀਲ ਸੀ। **ਚੰਦਨ ਵਾੜੀ, ਨਵਾਂ ਜਹਾਨ, ਸੂਫੀ ਖਾਨਾ, ਅਤੇ ਕੇਸਰ ਕਿਆਰੀ ਉਸ ਦੀਆਂ ਪ੍ਰਸਿੱਧ ਕਿਰਤਾਂ ਹਨ। ਹਰੀ ਸਿੰਘ ਤਾਲਿਬ** ਨੇ **ਰੁਬਾਯਾਤ-ਇ-ਉਮਰ ਖਿਆਮ** ਦਾ ਪੰਜਾਬੀ ਵਿਚ ਅਨੁਵਾਦ ਕੀਤਾ।

ਉਰਦੂ ਵਿਚ **ਵਕੀਲ-ਇ-ਹਿੰਦ, ਚੰਨੀ ਨੂਰ** ਅਤੇ **ਰਿਆਜ਼- ਇ- ਹਿੰਦ** ਪੱਤ੍ਰਿਕਾਵਾਂ ਨੇ ਪ੍ਰਸਿੱਧੀ ਹਾਸਲ ਕੀਤੀ। ਅੰਮ੍ਰਿਤਸਰ ਤੋਂ ਪ੍ਰਕਾਸ਼ਤ ਹੋਣ ਵਾਲੇ **ਅਲ ਇਰਸ਼ਾਦ** ਨੇ ਪੱਛਮਵਾਦ ਦੇ ਵਿਰੁੱਧ ਜੰਗ ਛੇੜਨ ਦਾ ਨਿਸ਼ਾਨਾ ਬੰਨਿਆ ਹੋਇਆ ਸੀ। **ਪ੍ਰਸਿੱਧ ਉਰਦੂ ਕਵੀ ਫੈਜ਼ ਅਹਿਮਦ ਫੈਜ਼ 1947 ਤੋਂ ਪਹਿਲਾਂ ਇਸਲਾਮੀਆ ਕਾਲਜ ਅੰਮ੍ਰਿਤਸਰ ਵਿਚ ਅੰਗਰੇਜ਼ੀ ਪੜ੍ਹਾਉਦੇ ਸਨ। ਉਰਦੂ ਪੱਤਰਕਾਰੀ ਵਿਚ ਦਾ ਵਕੀਲ-ਇ-ਹਿੰਦ ਸੰਪਾਦਨ ਕੁਝ ਸਮੇਂ ਲਈ ਮੌਲਾਨਾ ਅਬੁੱਲ ਕਲਾਮ ਆਜ਼ਾਦ ਕਰਦੇ ਰਹੇ**। ਪਹਿਲਾਂ ਪੰਜਾਬੀ ਅਖ਼ਬਾਰ ਲੁਧਿਆਣਾ ਈਸਾਈ ਧਰਮ ਪ੍ਰਚਾਰ ਮੰਡਲ ਦੀ ਸਰਪ੍ਰਸਤੀ ਹੇਠ ਲੱਗਭਗ 19ਵੀਂ ਸਦੀ ਦੇ ਅੱਧ ਵਿਚ ਪ੍ਰਕਾਸ਼ਤ ਹੋਇਆ ਸੀ। ਇਸਤੋਂ ਤਕਰੀਬਨ ਦੋ ਦਹਾਕੇ ਬਾਅਦ ਪੰਜਾਬੀ ਪੰਜਾਬੀ ਅਖਬਾਰ, **ਸ੍ਰੀ ਦਰਬਾਰ ਸਾਹਿਬ**, ਅੰਮ੍ਰਿਤਸਰ ਤੋਂ 1867 ਵਿਚ ਪ੍ਰਕਾਸ਼ਿਤ ਹੋਇਆ, ਜਿਸ ਦੇ ਪਹਿਲੇ ਪੰਨੇ ਉਤੇ ਸਵਰਨ ਮੰਦਰ ਦੀ ਤਸਵੀਰ ਹੁੰਦੀ ਸੀ। ਪਹਿਲਾ ਰੋਜ਼ਾਨਾ ਸ਼ਹੀਦ, ਅੰਮ੍ਰਿਤਸਰ ਤੋਂ 4 ਦਸੰਬਰ 1914 ਨੂੰ ਪ੍ਰਕਾਸ਼ਿਤ ਹੋਇਆ ਅਤੇ ਇਸ ਦੇ ਸੰਪਾਦਕ ਚਰਨ ਸਿੰਘ ਨੇ ਇਸ ਵਿਚ ਆਪਣੇ ਕ੍ਰਾਂਤੀਕਾਰੀ ਰਾਜਨੀਤਿਕ ਵਿਚਾਰ ਪ੍ਰਗਟ ਕੀਤੇ। **1899 ਵਿਚ ਭਾਈ ਵੀਰ ਸਿੰਘ ਨੇ ਆਪਣਾ ਪਰਚਾ, ਖਾਲਸਾ ਸਮਾਚਾਰ ਸ਼ੁਰੂ ਕੀਤਾ ਜੋ** ਸਿੱਖ ਧਾਰਮਿਕ ਗ੍ਰੰਥ ਦੇ ਟੀਕੇ ਪੇਸ਼ ਕਰਦਾ ਸੀ ਅਤੇ ਇਸਨੇ ਪਿਛਲੇ 75 ਸਾਲਾਂ ਦੌਰਾਨ ਕੂਕਾ ਅੰਦੋਲਨ, ਸਿੰਘ ਸਭਾ ਦੀਆਂ ਗਤੀਵਿਧੀਆਂ, ਗਦਰ ਲਹਿਰ, ਗੁਰਦੁਆਰਾ ਸੁਧਾਰ ਅੰਦੋਲਨ ਅਤੇ ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਸਿੱਖਾਂ ਦੀ ਭੂਮਿਕਾ ਬਾਰੇ ਵਿਸਥਾਰ ਸਹਿਤ ਸਿੱਖਾਂ ਦੇ ਸਮਾਜਿਕ-ਧਾਰਮਿਕ, ਵਿੱਦਿਅਕ ਅਤੇ ਰਾਜਨੀਤਿਕ ਅੰਦੋਲਨਾਂ ਸਮੇਂ ਸਿੱਖ ਵਿਚਾਰਧਾਰਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਤਿਹਾਸਕ ਸਮੱਗਰੀ ਇਕੱਤਰ ਕਰਨ ਅਤੇ ਖੋਜ ਭਰਪੂਰ ਲੇਖ ਪ੍ਰਕਾਸ਼ਿਤ ਕਰਨ ਲਈ 1930 ਵਿਚ ਸਿੱਖ ਰਿਕਾਰਡ ਵਿਭਾਗ ਨੂੰ ਖਾਲਸਾ ਕਾਲਜ ਵਿਚ ਸਥਾਪਿਤ ਕੀਤਾ ਗਿਆ ਸੀ। ਹੁਣ

ਤੱਕ ਅੰਗਰੇਜ਼ੀ, ਫਾਰਸੀ, ਉਰਦੂ ਅਤੇ ਪੰਜਾਬੀ ਦੀਆਂ ਤਕਰੀਬਨ ਇਕ ਦਰਜ਼ਨ ਰਚਨਾਵਾਂ ਪ੍ਰਕਾਸ਼ਿਤ ਹੋਈਆਂ ਹਨ। ਡਾਕਟਰ. ਦੇ ਕੰਮ ਵਿਚ ਕੁਝ ਸਥਾਨਕ ਡਾਕਟਰਾ ਨੇ ਪ੍ਰਸਿੱਧੀ ਹਾਸਲ ਕੀਤੀ ਹੈ, ਇਸ ਸਬੰਧ ਵਿਚ ਡਾ. ਤੁਲਸੀ ਦਾਸ, ਡਾ. ਬਲਦੇਵ ਸਿੰਘ ਅਤੇ ਡਾ. ਸੰਤੋਖ ਸਿੰਘ ਦੇ ਨਾਂ, ਉਨ੍ਹਾਂ ਵਲੋਂ ਡਾਕਟਰੀ ਦੇ ਕੰਮ ਵਿਚ ਪਾਏ ਗਏ ਮਹੱਤਵਪੂਰਨ ਯੋਗਦਾਨ ਅਤੇ ਗਿਆਨ ਵਜੋਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ।

ਅੰਮ੍ਰਿਤਸਰ ਵਿਚ ਸਿੱਖਾਂ ਵਲੋਂ ਬਣਾਈਆਂ ਗਈਆਂ ਇਮਾਰਤਾਂ ਛੋਟੀਆਂ ਹਨ ਅਤੇ ਇਹ ਮੁਗਲਾਂ ਦੀਆਂ ਇਮਾਰਤਾਂ ਦਾ ਮੁਕਾਬਲਾ ਨਹੀਂ ਕਰਦੀਆਂ। ਫਿਰ ਵੀ ਇਨ੍ਹਾਂ ਦੀ ਆਪਣੀ ਵਿਸ਼ੇਸ਼ਤਾ ਅਤੇ ਸੁੰਦਰਤਾ ਹੈ, ਜੋ ਬਾਹਰ ਤੋਂ ਮੁਲੰਮੇ ਵਾਲੇ ਤਾਂਬੇ ਦੇ ਪੱਤਰਿਆਂ ਅਤੇ ਅੰਦਰੋਂ ਸ਼ਾਨਦਾਰ ਸਜਾਵਟ ਨਾਲ ਵਿਸ਼ੇਸ਼ ਤੌਰ ਤੇ ਲਿਸ਼ਕਾਈਆ ਗਈਆਂ ਹਨ। ਭਾਵੇਂ ਇਨ੍ਹਾਂ ਦੇ ਨਮੂਨੇ ਵਧੇਰੇ ਕਰਕੇ ਮੁਸਲਿਮ ਭਵਨ ਨਿਰਮਾਣ ਕਲਾ ਤੋਂ ਪ੍ਰੇਰਿਤ ਹਨ, ਪਰੰਤੂ ਮੁਸਲਮਾਨਾਂ ਦੀ ਰੀਤ ਦੇ ਵਿਰੁਧ ਜਾਨਵਰਾਂ, ਜਿਵੇਂ ਪੰਛੀਆਂ ਅਤੇ ਪਸ਼ੂਆਂ ਦੇ ਚਿੱਤਰ ਸਿੱਖ ਭਵਨ ਨਿਰਮਾਣ ਕਲਾ ਵਿਚ ਪ੍ਰਵਾਨਤ ਹਨ। ਸਵਰਨ ਮੰਦਰ ਦੀ ਉਪਰਲੀ ਮੰਜ਼ਲ ਸ਼ਾਨਦਾਰ ਮੁਲੰਮੇ ਵਾਲੇ ਤਾਂਬੇ ਦੇ ਕੰਮ ਨਾਲ ਮੜ੍ਹੀ ਹੋਈ ਹੈ, ਜਦੋਂ ਕਿ ਹੇਠਲੀ ਕੀਮਤੀ ਪੱਥਰ ਜੜੇ ਸੰਗਮਰਮਰ ਦੇ ਚੌਖਟੇ ਵਿਚ ਲਪੇਟੀ ਹੋਈ ਹੈ। ਆਧੁਨਿਕ ਭਾਰਤ ਦੇ ਸਾਰੇ ਕੰਮਾਂ ਵਾਂਗ ਸਜਾਵਟਾਂ ਰੌਚਕ ਅਤੇ ਲਹਿਰਦਾਰ ਰੇਖਾਵਾਂ ਵਿਚ ਹਨ, ਅੰਮ੍ਰਿਤਸਰ ਵਿਚ ਇਮਾਰਤਾਂ ਦੀ ਸਜਾਵਟ ਅਤੇ ਨਮੂਨਿਆਂ ਵਿਚ ਵਰਤੀ ਜਾਣ ਵਾਲੀ ਲੱਕੜ ਨੱਕਾਸੀ ਦਾ ਇਕ ਪ੍ਰਸਿੱਧ ਸਕੂਲ ਸਥਾਪਤ ਕੀਤਾ ਗਿਆ ਸੀ। ਅੰਮ੍ਰਿਤਸਰ ਵਿਚ ਘਰਾਂ ਦੇ ਦਰਵਾਜ਼ੇ ਅਤੇ ਬਾਰੀਆਂ ਕੁੱਝ ਲੱਕੜ ਨੱਕਾਸ਼ਾਂ ਦੀਆਂ ਵਧੀਆ ਕੋਸ਼ਿਸ਼ਾਂ ਦਾ ਵਿਖਾਵਾ ਕਰਦੀਆਂ ਹਨ। ਅੰਮ੍ਰਿਤਸਰ ਹੁੰਨਰ ਨਾਲ ਨੱਕਾਸ਼ੀਆਂ ਹਾਥੀ ਦੰਦ ਦੀਆਂ ਵਸਤੂਆਂ ਦੇ ਉਤਪਾਦਨ ਦਾ ਕੇਂਦਰ ਰਿਹਾ ਹੈ।

ਬੁੱਤ ਕਲਾ, ਮੂਰਤੀ ਕਲਾ, ਫੋਟੋਗ੍ਰਾਫੀ, ਸੰਗੀਤ, ਨਾਚ ਅਤੇ ਸਾਹਿਤ ਸਮੇਤ ਪੁਰਾਤਨ ਅਤੇ ਆਧੁਨਿਕ ਕੋਸਲ ਕਲਾਵਾ ਦੇ ਅਧਿਐਨ ਅਤੇ ਕਦਰ ਕਰਨ ਲਈ 1928 ਵਿਚ ਐਮ.ਜੀ. ਠਾਕੁਰ ਸਿੰਘ ਦੁਆਰਾ ਭਾਰਤੀ ਕੌਸ਼ਲ ਕਲਾ ਅਕਾਦਮੀ ਦੀ ਸਥਾਪਨਾ ਕੀਤੀ ਗਈ। ਇਸ ਅਕਾਦਮੀ ਨੇ ਅਨੇਕਾਂ ਸਰਬ-ਭਾਰਤੀ ਪ੍ਰਦਰਸ਼ਨੀਆਂ ਦਾ ਪ੍ਰਬੰਧ ਕੀਤਾ। ਅੰਮ੍ਰਿਤਸਰ ਦੀ ਨਗਰ ਪਾਲਿਕਾ ਨੇ ਅਕਾਦਮੀ ਨੂੰ ਲੰਮੇ ਸਮੇਂ ਦੇ ਪੱਟੇ ਤੇ ਬਹੁਤ ਹੀ ਢੁਕਵਾਂ ਜ਼ਮੀਨਾਂ ਦਾ ਇਕ ਟੁਕੜਾ ਪ੍ਰਦਾਨ ਕੀਤਾ, ਜਿਥੇ ਕਿ ਇਹ ਹੁਣ ਇਕ ਕਲਾ ਗੈਲਰੀ ਅਤੇ ਠਾਕੁਰ ਸਿੰਘ ਕਲਾ ਸਕੂਲ ਸਮੇਤ, ਮਦਨ ਮੋਹਨ ਮਾਲਵੀਆ ਸੜਕ ( ਈਗਰਟਨ ਸੜਕ) ਉਪਰ ਇਕ ਬਹੁਤ ਹੀ ਸ਼ਾਨਦਾਰ ਇਮਾਰਤ ਵਿਚ ਸਥਿਤ ਹੈ। ਇਕ ਕਲਾਕਾਰ ਦੇ ਤੌਰ ਤੇ ਠਾਕੁਰ ਸਿੰਘ ਦੀ ਕਮਾਲ ਦੀ ਕਲਾ ਦੀ ਗਵਾਹੀ ਉਸ ਦੇ ਪ੍ਰਸਿੱਧ ਚਿੱਤਰਾਂ, ਜਿਵੇਂ ਕਿ **'ਉਸਦੀ ਅੰਤਿਮ ਇੱਛਾ'**, **'ਪਿੰਡ ਦਾ ਇਸ਼ਨਾਨ'** ਅਤੇ **'ਗਣੇਸ਼ ਪੂਜਾ'** ਤੋਂ ਮਿਲਦੀ ਹੈ। ਭਾਈ ਗਿਆਨ ਸਿੰਘ ਨਕਸ਼ ਦੇ ਸਵਰਨ ਮੰਦਰ ਵਿਚ ਬਣਾਏ ਹੋਏ ਕੰਧ ਚਿੱਤਰ ਉਸਦੀ ਮਾਹਿਰ ਕਾਰੀਗਰੀ ਲਈ ਪ੍ਰਸਿੱਧ ਹਨ। ਲੜਕਿਆਂ ਅਤੇ ਲੜਕੀਆਂ ਨੂੰ ਸੰਗੀਤ, ਨਾਟਕਾਂ, ਵਾਰਤਾਲਾਪ, ਗੀਤਾ ਅਤੇ ਲੋਕ ਨਾਚਾਂ ਦੇ ਮਾਧਿਅਮ ਰਾਹੀਂ ਸਿੱਖਿਆ ਦੇਣ ਦੇ ਵਿਚਾਰ ਨਾਲ ਨਗਰ ਪਾਲਿਕਾ ਵਲੋਂ ਸੱਭਿਆਚਾਰਕ ਸਮਾਰੋਹ ਕਰਵਾਏ ਜਾਂਦੇ ਹਨ, ਨਗਰ ਪਾਲਿਕਾ ਦੇ ਸਕੂਲਾਂ ਲਈ ਇਹ ਸੱਭਿਆਚਾਰਕ ਯੋਜਨਾ 2 ਜਨਵਰੀ 1951 ਨੂੰ ਸ਼ੁਰੂ ਕੀਤੀ ਗਈ

ਸੀ। ਮਿਸਟਰ ਪੀ.ਪੀ. ਮਹੇਸ਼ਵਰੀ ਦੀ ਦੇਖ ਰੇਖ ਇਕ ਸੱਭਿਆਚਾਰਕ ਟੋਲੀ ਗਠਿਤ ਕੀਤੀ ਗਈ ਸੀ। ਸਵਰਗੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਤੇ ਹਰ ਸਾਲ ਇਕ ਬਾਲ ਮੇਲਾ ਆਯੋਜਿਤ ਕੀਤਾ ਜਾਂਦਾ ਸੀ। ਬੱਚਿਆਂ ਨੂੰ ਵਿਦਿਅਕ ਫਿਲਮਾਂ ਵਿਖਾਈਆਂ ਜਾਂਦੀਆਂ ਹਨ। ਪਿਛਲੇ ਕੁੱਝ ਸਾਲਾਂ ਤੋਂ ਪੰਜਾਬੀ ਸਾਹਿਤਕ ਸਭਾ ਰੋਟਰੀ ਕਲੱਬ ਵਿਚ ਬਾਹਰ ਦੀਆਂ ਪ੍ਰਸਿੱਧ ਹਸਤੀਆਂ ਵਲੋਂ ਸੱਭਿਆਚਾਰਕ ਸਮਾਜਿਕ ਵਿਸ਼ਿਆਂ ਤੇ ਕਰਵਾਏ ਜਾਣ ਵਾਲੇ ਭਾਸ਼ਣ ਇਕ ਨਿਰੰਤਰ ਪ੍ਰਕਿਰਿਆ ਬਣ ਗਈ ਹੈ। ਹੋਲੀ ਦੌਰਾਨ ਦੁਰਗਿਆਨਾ ਮੰਦਰ ਵਿਚ ਰਾਗ ਸਭਾਵਾਂ ਕਰਵਾਈਆਂ ਜਾਂਦੀਆਂ ਹਨ, ਜਿਥੇ ਉਚ ਕੋਟੀ ਦੇ ਗਾਇਕਾਂ ਨੂੰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਬੁਲਾਇਆ ਜਾਂਦਾ ਹੈ। ਇਹ ਸਾਰਾ ਪ੍ਰਦਰਸ਼ਨ ਮੁਫਤ ਅਤੇ ਆਮ ਜਨਤਾ ਲਈ ਖੁੱਲ੍ਹਾ ਹੁੰਦਾ ਹੈ, ਜੋ ਇਸ ਵਿਚ ਮੌਲਿਕ ਪ੍ਰਸੰਸਾ ਪੂਰਨ ਭਾਵਨਾ ਨਾਲ ਸ਼ਾਮਲ ਹੁੰਦੀ ਹੈ। ਅੰਮ੍ਰਿਤਸਰ ਦੇ ਵਾਸਤਵਿਕ ਸੱਭਿਆਚਾਰਕ ਨਮੂਨੇ ਸਿੱਖ ਗਰੰਥੀ ਦੀਆਂ ਸਿੱਖਿਆਵਾਂ ਦੀ ਵਿਆਖਿਆ ਕਰਦੇ ਹਨ, ਹਾਥੀ ਦੰਦ ਦਾ ਕੰਮ ਕਰਨ ਵਾਲੇ ਕਾਮਿਆਂ, ਜੌਹਰੀਆਂ ਅਤੇ ਨਿਰਾਲੇ ਵਿਅਕਤੀਆਂ ਨੂੰ ਕਿਸੇ ਵਰਗ ਵਿਚ ਨਹੀਂ ਰੱਖਿਆ ਜਾਂਦਾ, ਜਿਨ੍ਹਾਂ ਦੇ ਚਰਿੱਤਰ ਅਤੇ ਵਿਚਾਰ ਮਨੁੱਖੀ ਸੰਵੇਦਨਸ਼ੀਲਤਾ, ਨੈਤਿਕ ਦਲੇਰੀ ਅਤੇ ਧਾਰਮਿਕਤਾ ਦਾ ਇਕ ਮੁਜੱਸਮਾ ਹਨ, ਜੋ ਸੂਝ ਬੂਝ ਦਾ ਵਿਸਥਾਰ ਅਤੇ ਮਨ ਨੂੰ ਪ੍ਰਸੰਨ ਕਰਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. ਜੀ.ਡਬਲਿਯੂ ਲੇਟਨਰ, ਹਿਸਟਰੀ ਆਫ ਇੰਡੀਜੀਨਸ ਐਜੂਕੇਸ਼ਨ ਇੰਨ ਪੰਜਾਬ, ਪੰਨੇ 31-8, ਅੰਮ੍ਰਿਤਸਰ ਜ਼ਿਲੇ ਦਾ ਸਾਧਾਰਣ ਸਾਰਾਂਸ਼
2. ਵਿਦੇਸ਼ ਵਿਭਾਗ 1851, ਰਾਜਨੀਤਿਕ ਮਸ਼ਵਰੇ, 31ਜਨਵਰੀ, ਨੰਬਰ 22 (ਭਾਰਤੀ ਰਾਸ਼ਟਰੀ ਪੁਰਾਲੇਖ ਭਵਨ) ਨਵੀਂ ਦਿੱਲੀ।
3. ਉਕਤ, ਨੰਬਰ 24
4. ਜੀ.ਡਬਲਿਯੂ ਲੇਟਨਰ, ਹਿਸਟਰੀ ਆਫ ਇੰਡੀਜੀਨਸ ਐਜੂਕੇਸ਼ਨ ਇੰਨ ਪੰਜਾਬ, ਪੰਨੇ 31-8, ਅੰਮ੍ਰਿਤਸਰ ਜ਼ਿਲੇ ਦਾ ਸਾਧਾਰਣ ਸਾਰਾਂਸ਼
5. ਉਕਤ, ਪੰਨਾ 31
6. ਵਿਦੇਸ਼ ਵਿਭਾਗ 1851, ਰਾਜਨੀਤਿਕ ਮਸ਼ਵਰੇ, 31 ਜਨਵਰੀ, ਨੰਬਰ 23 (ਭਾਰਤੀ ਰਾਸ਼ਟਰੀ ਪੁਰਾਲੇਖ ਭਵਨ) ਨਵੀਂ ਦਿੱਲੀ।
7. ਉਕਤ
8. ਵਿਦੇਸ਼ ਵਿਭਾਗ 1851, ਰਾਜਨੀਤਿਕ ਮਸ਼ਵਰੇ, 31 ਜਨਵਰੀ, ਨੰਬਰ 23 ਲਾਹੌਰ ਡਿਵੀਜ਼ਨ ਦੇ ਕਮਿਸ਼ਨਰ ਨੂੰ ਸਾਂਡਰਸ ਦੀ ਰਿਪੋਰਟ।
9. ਵਿਦੇਸ਼ ਵਿਭਾਗ 1851, ਰਾਜਨੀਤਿਕ ਮਸ਼ਵਰੇ, 31 ਜਨਵਰੀ, ਨੰਬਰ 22
10. ਵਿਦੇਸ਼ ਵਿਭਾਗ 1851, ਰਾਜਨੀਤਿਕ ਮਸ਼ਵਰੇ, 31 ਜਨਵਰੀ, ਨੰਬਰ 21 ਪੰਨੇ 1-4
11. ਉਕਤ, ਨੰਬਰ 21
12. ਉਕਤ, ਨੰਬਰ 25

13. ਬੋਸ਼ਵਰਥ ਸਮਿੱਥ, ਦੀ ਲਾਈਫ ਆਫ ਲਾਰਡ ਲਾਰੰਸ, ਭਾਗ-1 ਪੰਨਾ 309
14. ਵਿਦੇਸ਼ ਵਿਭਾਗ 1856, ਰਾਜਨੀਤਿਕ ਮਸ਼ਵਰੇ, 29 ਅਗਸਤ, ਨੰਬਰ 74
15. ਜੀ.ਡਬਲਿਯੂ ਲੇਟਨਰ, ਹਿਸਟਰੀ ਆਫ ਇੰਡੀਜੀਨਸ ਐਜੂਕੇਸ਼ਨ ਇੰਨ ਪੰਜਾਬ, ਪੰਨਾ 166
16. ਇਸ ਵਿਵਾਦ ਬਾਰੇ ਵਧੇਰੇ ਜਾਣਕਾਰੀ ਲਈ ਪੇਖੋ ਇਕ ਪੋਠੋਹਾਰੀ ਦੀ ਅੰਮ੍ਰਿਤਸਰ ਬਨਾਮ ਲਾਹੌਰ (ਖਾਲਸਾ ਕਾਲਜ ਦੀ ਅਗਵਾਈ ਅਧੀਨ ਪ੍ਰਕਾਸ਼ਿਤ) 1891।
17. ਜੇ.ਐਫ ਬਰੂਸ, ਏ ਹਿਸਟਰੀ ਆਫ ਦੀ ਯੂਨੀਵਰਸਿਟੀ ਆਫ ਦੀ ਪੰਜਾਬ, ਪੰਨਾ 112
18. ਲੇਪਲ ਗਰਿਫਨ, ਚੀਫਸ ਐਡ ਫੈਮਿਲੀਜ਼ ਆਫ ਨੋਟ ਇੰਨ ਦੀ ਪੰਜਾਬ,ਭਾਗ-1, ਪੰਨਾ 482, ਐਫ 560
19. ਨਗਰਪਾਲਿਕਾ ਪ੍ਰਸ਼ਾਸਨ ਦੀ ਸਲਾਨਾ ਰਿਪੋਰਟ (1940-41) ਪੰਨਾ 10

## ਅਧਿਆਇ - ਦੱਸਵਾਂ

# ਇਤਿਹਾਸਿਕ ਅਸਥਾਨ

ਅੰਮ੍ਰਿਤਸਰ ਦੇ ਮਹੱਤਵਪੂਰਨ ਇਤਿਹਾਸਕ ਸਥਾਨ, ਜੋ ਲਗਭਗ 160 ਸਾਲ ਦੇ ਸੀਮਤ ਵਕਫੇ ਦੌਰਾਨ ਬਣਾਏ ਗਏ ਸਨ, ਉਹ ਧਾਰਮਿਕ ਕਿਸਮ ਦੇ ਹਨ, ਜਾਂ ਘੱਟੋ ਘੱਟ ਧਾਰਮਿਕ ਮੰਤਵ ਲਈ ਬਣਾਏ ਗਏ ਹਨ, ਜੋ ਸਾਨੂੰ ਅਗਲੀ ਦੁਨੀਆ ਨਾਲੋਂ ਇਸ ਦੁਨੀਆ ਦੀ ਪ੍ਰਬਲ ਕਾਰਜ ਸ਼ਕਤੀ ਦੀ ਯਾਦ ਦਿਵਾਉਂਦੇ ਹਨ। ਮਹਾਰਾਜਾ ਰਣਜੀਤ ਸਿੰਘ ਦੀ ਸ਼ਾਨਦਾਰ ਇਮਾਰਤਾਂ ਦਾ ਮੁਕਾਬਲਾ ਕਰਨ ਦੀ ਤੀਬਰ ਇੱਛਾ ਸੀ, ਉਸਨੇ ਇਮਾਰਤਾਂ ਦੀ ਉਸਾਰੀ ਅਤੇ ਯਥਾ ਸੰਭਵ ਮੁਰੰਮਤ ਕਰਵਾਈ। ਮਹਾਰਾਜਾ ਰਣਜੀਤ ਸਿੰਘ ਨੇ ਸਵਰਨ ਮੰਦਰ ਨੂੰ ਸੋਨੇ ਦੇ ਕੰਮ, ਸੰਗਮਰਮਰ ਦੀ ਪੱਚੀਕਾਰੀ ਅਤੇ ਰੰਗਦਾਰ ਤਸਵੀਰਾਂ ਨਾਲ ਸੁੰਦਰ ਬਣਾਇਆ। ਸਵਰਨ ਮੰਦਰ ਦੇ ਪੂਰਬੀ ਬਰਾਂਡੇ ਵਿਚ ਸੋਨੇ ਦਾ ਪੱਤਰਾ 1,75,300 ਰੁਪਏ ਦੀ ਲਾਗਤ ਨਾਲ ਰਾਣੀ ਸਦਾ ਕੌਰ ਨੇ ਚੜ੍ਹਵਾਇਆ ਸੀ, ਜਦੋ ਕਿ ਬਾਕੀ ਤਿੰਨੋ ਪਾਸਿਆਂ ਤੇ ਸੋਨੇ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਵਲੋਂ 5,35,332 ਰੁਪਏ ਦੀ ਲਾਗਤ ਨਾਲ ਕਰਵਾਇਆ ਗਿਆ ਸੀ। ਸਵਰਨ ਮੰਦਰ, ਰਾਮ ਬਾਗ ਅਤੇ ਕਿਲ੍ਹਾ ਗੋਬਿੰਦਗੜ੍ਹ ਪਰੰਪਰਕ ਹਿੰਦ ਅਰਬੀ ਨਮੂਨੇ ਦੇ ਸੂਚਕ ਹਨ।

### ਸਵਰਨ ਮੰਦਰ

ਮੌਜੂਦਾ ਇਮਾਰਤ ਦਾ ਸਮਾਂ 1601 ਦਾ ਹੈ, ਜਦੋਂ ਕਿ ਇਸਦੀ ਸਜਾਵਟ ਵਿਚ ਜ਼ਿਆਦਾਤਰ ਵਾਧਾ 19ਵੀਂ ਸਦੀ ਦੇ ਮੁਢਲੇ ਸਾਲਾਂ ਵਿਚ ਕੀਤਾ ਗਿਆ ਸੀ। ਇੱਕ ਤਲਾਬ ਦੇ ਵਿਚਕਾਰ ਇੱਕ ਸਮਾਰਕ ਉਸਾਰਣ ਦਾ ਖਿਆਲ ਇੱਕ ਉਤਮ ਭਵਨ ਨਿਰਮਾਣ ਕਲਾ ਦੀ ਨਿਪੁੰਨਤਾ ਦਾ ਨਮੂਨਾ ਸੀ। ਇਸ ਨਮੂਨੇ ਦੀ ਸ਼ਲਾਘਾ ਦੋ ਕਾਰਣਾਂ ਕਰਕੇ ਕੀਤੀ ਗਈ ਹੈ, ਪਹਿਲਾ, ਇਕ ਪਵਿੱਤਰ ਸਥਾਨ ਦੁਨਿਆਵੀ ਵਾਤਾਵਰਣ ਤੋਂ ਅਲੱਗ ਹੁੰਦਾ ਹੈ ਅਤੇ ਦੂਸਰੇ, ਇਸ ਦਾ ਪਾਣੀ ਵਿਚ ਪੈਂਦਾ ਪਰਛਾਵਾਂ ਇਸਦੇ ਪ੍ਰਦਰਸ਼ਨ ਦੀ ਸੁੰਦਰਤਾ ਵਿਚ ਵਧੇਰੇ ਵਾਧਾ ਕਰਦਾ ਹੈ। ਸਿੱਖ ਧਰਮ ਮੌਜੂਦਾ ਮੂਰਤੀ ਪੂਜਾ ਦੇ ਵਿਰੁੱਧ ਸੰਘਰਸ਼ਸ਼ੀਲ ਹੋਣ ਕਾਰਨ, ਕਦੇ ਵੀ ਗੁੰਝਲਦਾਰ ਰੀਤੀ ਰਿਵਾਜਾਂ ਨੂੰ ਸਹਿਣ ਨਹੀਂ ਕਰਦਾ ਅਤੇ ਇਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਅਤੇ ਅਰਦਾਸ ਕਰਨ ਤੇ ਜ਼ੋਰ ਦਿੰਦਾ ਹੈ। ਆਪਣੇ ਉਪਾਸ਼ਕਾਂ ਦੇ ਚਿੰਤਨ ਨੂੰ ਭੌਤਿਕ ਸੰਸਾਰ ਤੋਂ ਦੂਰ ਰੂਹਾਨੀ ਗੁਣਾਂ ਦੀ ਪ੍ਰਾਪਤੀ ਕਰਨ ਵਿਚ ਅਗਵਾਈ ਦੇਣ ਦਾ ਕੰਮ ਸਿੱਖ ਧਰਮ ਕਰਦਾ ਹੈ। ਇਕ ਯਾਤਰੀ ਦਾ ਧਿਆਨ ਜੋ ਚੀਜ਼ ਖਿੱਚਦੀ ਹੈ, ਉਹ ਸ਼ਹਿਰ ਦੇ ਵਿਚਕਾਰ ਸਵਰਨ ਮੰਦਰ ਦੀ ਨਿਰਮਲਤਾ ਅਤੇ ਸੁੰਦਰਤਾ ਹੈ, ਉਸਨੂੰ ਇਹ ਪ੍ਰਬਲ ਅਹਿਸਾਸ ਹੁੰਦਾ ਹੈ ਕਿ ਉਹ ਉਸ ਪਵਿੱਤਰ ਧਰਤੀ ਤੇ ਤੁਰ ਫਿਰ ਰਿਹਾ ਹੈ, ਜੋ ਅਨੇਕਾਂ ਲੋਕਾਂ ਲਈ ਪ੍ਰੇਰਣਾ ਦਾ ਸੋਮਾ ਰਹੀ ਹੈ। ਸ਼ਹਿਰ ਦੀਆਂ ਗਲੀਆਂ ਦੇ ਸ਼ੋਰ ਅਤੇ ਭੀੜ ਭੜੱਕੇ ਨੂੰ ਪਿੱਛੇ ਛੱਡ ਕੇ ਥੋੜੀ ਦੇਰ ਲਈ ਸਵਰਨ ਮੰਦਰ ਦੀ ਇਕਾਂਤ ਅਤੇ ਅਮਨ ਵਿਚ ਬੈਠਣ ਨਾਲ ਅਜਿਹੀ ਸ਼ਾਂਤੀ ਮਿਲਦੀ ਹੈ, ਜਿਸ ਨਾਲ ਵਿਸ਼ਾਲ ਗਿਆਨ ਪ੍ਰਾਪਤ ਹੁੰਦਾ ਹੈ।

ਸਵਰਨ ਮੰਦਰ 40.5 ਫੁੱਟ ਵਰਗਾਕਾਰ ਹੈ, ਅਤੇ 67 ਫੁੱਟ ਵਰਗਾਕਾਰ ਚੌਂਤਰੇ ਤੇ ਟਿਕਿਆ ਹੋਇਆ ਹੈ। ਇਹ ਦੋ ਮੰਜ਼ਿਲੀ ਸੰਗਮਰਮਰ ਦੀ ਇਮਾਰਤ ਹੈ ਜੋ ਇਕ 510 ਫੁੱਟ ਵਰਗਾਕਾਰ ਤੇ ਤਾਲਾਬ ਵਿਚ ਇਕ ਟਾਪੂ ਵਾਂਗ ਖਲੋਤੀ ਹੈ, ਜਿਸ ਵਿਚ ਕੇਵਲ 200 ਫੁੱਟ ਲੰਮੇ ਇਕ ਪੁਲ ਰਾਹੀਂ ਹੀ ਪਹੁੰਚਿਆ ਜਾਂਦਾ ਹੈ। ਆਪਣੀ ਨੀਂਹ ਦੇ ਛੇ ਫੁੱਟ ਉਪਰ ਤੋਂ ਬਾਹਰਲੇ ਪਾਸੇ ਦੀਆਂ ਕੰਧਾਂ ਤਾਂਬੇ ਉਪਰ ਸੋਨੇ ਦੀਆਂ ਪੱਤਰੀਆਂ ਚੜ੍ਹਾ ਕੇ ਬਣਾਈ ਇਕ ਚਮਕੀਲੀ ਧਾਤ ਨਾਲ ਮੜ੍ਹੀਆਂ ਹੋਈਆਂ ਹਨ, ਜਿਸ ਨਾਲ ਮਿਨਾਰ ਅਤੇ ਗੁੰਬਦ ਵੀ ਢਕੇ ਹੋਏ ਹਨ। ਕੰਧਾਂ ਦਾ ਬਾਹਰੀ ਹੇਠਾਂ ਅੱਧਾ ਭਾਗ, ਆਂਵਲਿਆ ਵਰਗੇ, ਧਾਰੀਆ ਵਾਲੇ ਅਤੇ ਲਾਜਵਰੀ – ਕੀਮਤੀ ਅਤੇ ਅਰਧ ਕੀਮਤੀ ਹੀਰਿਆਂ ਜੜੇ ਚਿੱਟੇ ਸੰਗਮਰਮਰ ਨਾਲ ਸਜਾਈਆਂ ਹੋਈਆਂ ਹਨ। ਕੇਂਦਰੀ ਇਮਾਰਤ ਨੂੰ ਢਾਂਚੇਗਤ ਸਜਾਵਟਾਂ ਜਿਵੇਂ ਕਮਾਨੀਦਾਰ ਤਰਾਸ਼ੇ ਹੋਏ ਛੱਜਿਆਂ ਵਾਲੀਆ ਖਿੜਕੀਆਂ, ਹਲਕੀ ਚਮਕ ਵਾਲੇ ਪੱਥਰਾਂ ਦੇ ਗੁੰਬਦਾਂ ਤੇ ਦੀ ਸ਼ਕਲ ਦੀਆਂ ਮਹਿਰਾਬ ਤੇ ਅੰਡਾਕਾਰ ਛੱਜਿਆਂ ਨਾਲ ਸ਼ਿੰਗਾਰਿਆ ਹੋਇਆ ਹੈ, ਅਜਿਹੀਆਂ ਸਜਾਵਟਾਂ ਨੇੜਲੀਆਂ ਆਲੇ ਦੁਆਲੇ ਦੀਆਂ ਇਮਾਰਤਾਂ ਵਿਚ ਵੀ ਹਨ। ਮੁੱਖ ਇਮਾਰਤ ਦੇ ਉਪਰ ਸੋਨੇ ਦਾ ਪੱਤਰਾ ਚੜ੍ਹਾਏ ਹੋਏ ਹਲਕੇ ਪੱਥਰ ਦਾ ਸ਼ਾਨਦਾਰ ਗੁੰਬਦ ਹੈ, ਜਿਸ ਤੋਂ ਸੂਰਜ ਦੀਆਂ ਕਿਰਨਾਂ ਦੇ ਪ੍ਰਤੀਬਿੰਬ ਦਾ ਲਿਸ਼ਕਾਰਾ ਪੈਂਦਾ ਹੈ, ਜਦੋਂ ਕਿ ਹਰੇਕ ਕੋਨੇ ਤੇ ਹਲਕੀ ਚਮਕ ਵਾਲੀ ਧਾਤ ਦੇ ਛੋਟੇ ਛੋਟੇ ਗੁੰਬਦ ਬਣੇ ਹੋਏ ਹਨ। ਇਸ ਦਾ ਅੰਦਰੂਨੀ ਭਾਗ ਸੰਗਮਰਮਰ ਦਾ ਬਣਿਆ ਇਕ ਵੱਡਾ ਹਾਲ ਹੈ, ਜਿਸ ਵਿਚ ਚਿੱਤਰਕਾਰੀ ਨਾਲ ਜਾਂ ਧਾਤ ਤੇ ਉਕਰੇ ਹੋਏ ਬਹੁਤ ਸਾਰੇ ਫੁੱਲਾਂ ਦੇ ਨਮੂਨੇ ਬਣਾਏ ਹੋਏ ਹਨ। ਮੁਹਰਾਕਸ਼ੀ ਵਜੋਂ ਜਾਣੀ ਜਾਂਦੀ ਰੰਗਾਂ ਦੀ ਚਿੱਤਰਕਾਰੀ ਵੀ ਸਵਰਨ ਮੰਦਰ ਦੀ ਅੰਦਰੂਨੀ ਸਜਾਵਟ ਦਾ ਇਕ ਹਿੱਸਾ ਹੈ ਅਤੇ ਕੰਧਾਂ ਉਪਰ ਲਗਭਗ 300 ਵੱਖ ਵੱਖ ਤਰ੍ਹਾਂ ਤੇ ਨਮੂਨੇ ਹਨ ਜੋ ਦੂਰ ਤੋਂ ਵੇਖਣ ਤੇ ਯੂਨਾਨੀ ਗਲੀਚਿਆਂ ਵਾਂਗ ਜਾਪਦੇ ਹਨ। ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਬਿਖਰੇ ਹੋਏ ਫੁੱਲਾਂ ਵਿਚ ਅਤੇ ਸੇਵਾਦਾਰ ਗ੍ਰੰਥੀਆਂ ਦੀ ਨਿਗਰਾਨੀ ਅਧੀਨ ਇਕ ਹੀਰਿਆਂ ਜੜੇ ਸ਼ਾਨਦਾਰ ਚੰਦੋਏ ਹੇਠ ਰੱਖਿਆ ਹੋਇਆ ਹੈ। ਇਸ ਨੂੰ ਹੀਰਿਆਂ ਵਾਲੇ ਚੰਦੋਏ ਹੇਠ ਇਕ ਸੁਨਹਿਰੀ ਪਾਲਕੀ ਵਿਚ ਅਕਾਲ ਤਖਤ (ਰੱਬੀ ਸਿੰਘਾਸਨ) ਤੋਂ ਸਵਰਨ ਮੰਦਰ ਦੀ ਸੀਮਾ ਦੇ ਅੰਦਰ ਪਵਿੱਤਰ ਸਥਾਨ ਤੇ ਲਿਆਂਦਾ ਜਾਂਦਾ ਹੈ ਅਤੇ ਉਸੇ ਪਾਲਕੀ ਵਿਚ ਸ਼ਾਮ ਨੂੰ 10 ਵਜੇ ਅਕਾਲ ਤਖਤ ਤੇ ਲਿਜਾਇਆ ਜਾਂਦਾ ਹੈ। ਜਦੋਂ ਸਵਾਰੀ ਚੱਲਦੀ ਹੈ ਤਾਂ ਫਰਸ਼ ਨੂੰ ਮੋਰ ਦੇ ਖੰਭਾਂ ਦੀ ਬੁਹਾਰੀ ਦੇ ਨਾਲ ਸੰਭਰਿਆ ਜਾਂਦਾ ਹੈ।

ਉਪਰਲੀ ਮੰਜ਼ਿਲ ਤੇ ਸ਼ੀਸ਼ਿਆਂ ਦਾ ਇਕ ਹਾਲ ਹੈ, ਜਿਸਨੂੰ ਸ਼ੀਸ਼ ਮਹਿਲ ਕਿਹਾ ਜਾਂਦਾ ਹੈ ਅਤੇ ਅਸਲ ਵਿਚ ਇਹ ਇਕ ਦਰਸ਼ਕ ਮੰਡਪ ਹੈ, ਜਿਥੇ ਗੁਰੂ ਸਮਾਧ ਲਾ ਕੇ ਬੈਠਦੇ ਸਨ, ਇਸ ਨੂੰ ਸ਼ੀਸ਼ਿਆਂ ਅਤੇ ਪੱਥਰਾਂ ਤੇ ਕੀਤੇ ਹੋਏ ਜ਼ਰੀ ਅਤੇ ਮੀਨਾਕਾਰੀ ਦੇ ਕੰਮ ਨਾਲ ਸਜਾਇਆ ਗਿਆ ਹੈ। ਸਵਰਨ ਮੰਦਰ ਦੇ ਆਲੇ ਦੁਆਲੇ ਇਕ 13 ਫੁੱਟ ਚੌੜੀ ਪ੍ਰਦਕਸ਼ਨਾਂ (ਚੱਲਣ ਫਿਰਨ ਲਈ ਰਸਤਾ ਹੈ) ਜੋ ਪੂਰਬ ਵਾਲੇ ਪਾਸੇ ਪਵਿੱਤਰ ਸਰੋਵਰ ਦੇ ਪਾਣੀ ਵੱਲ ਜਾਂਦੀ ਹੈ, ਜਿਸ ਨੂੰ ਹਰ ਕੀ ਪੌੜੀ (ਪ੍ਰਮਾਤਮਾ ਦੀ ਪ੍ਰਾਪਤੀ ਲਈ ਪੌੜੀ ਦੇ ਡੰਡੇ) ਕਿਹਾ ਜਾਂਦਾ ਹੈ। 240 ਫੁੱਟ × 21 ਫੁੱਟ ਦਾ ਸੰਗਮਰਮਰ ਦਾ ਪੁਲ, ਜੋ ਦਰਬਾਰ ਸਾਹਿਬ ਵੱਲ ਜਾਂਦਾ ਹੈ, ਉਸ ਤੇ ਇਕ ਮਹਿਰਾਬਦਾਰ ਦਰਵਾਜ਼ੇ ਰਾਹੀਂ ਦਾਖਲ ਹੋਇਆ ਜਾਂਦਾ ਹੈ, ਜਿਸਨੂੰ ਦਰਸ਼ਨੀ

ਦਰਵਾਜ਼ਾ ਜਾਂ ਪ੍ਰਾਰਥਨਾ ਦਵਾਰ ਕਿਹਾ ਜਾਂਦਾ ਹੈ। ਇਸ ਦੇ ਆਲੇ ਦੁਆਲੇ ਜਾਲੀਦਾਰ ਸੰਗਮਰਮਰ ਦਾ ਵਾੜ, ਥੋੜੀ ਥੋੜੀ ਦੂਰੀ ਤੇ ਰੋਸ਼ਨੀ ਦਾ ਸ਼ਾਨਦਾਰ ਪ੍ਰਬੰਧ ਕੀਤਾ ਹੋਇਆ ਹੈ। ਮਹਿਰਾਬ ਦੇ ਦਰਵਾਜ਼ੇ ਦੀ ਚੁਗਾਠ ਦੀ ਉਚਾਈ ਲਗਭਗ 10 ਫੁੱਟ ਅਤੇ ਚੜ੍ਹਾਈ 8 ਫੁੱਟ 6 ਇੰਚ ਹੈ। ਦਰਵਾਜ਼ੇ ਦੇ ਨਾਲ ਲਗਦੀ ਇਕ ਪਾਸੇ ਦੀ ਕੰਧ ਹਾਥੀ ਦੰਦ ਤੇ ਮੀਨਾਕਾਰੀ ਦਾ ਬਹੁਤ ਹੀ ਰੌਚਕ ਅਤੇ ਪ੍ਰਸ਼ੰਸਾਯੋਗ ਭਾਗ ਹੈ।

ਸਰੋਵਰ ਦੇ ਆਲੇ ਦੁਆਲੇ ਇਕ 60 ਫੁੱਟ ਚੌੜੀ ਠੰਢੀ ਸੜਕ ਹੈ, ਜਿਸ ਨੂੰ ਪਰਿਕਰਮਾ (ਚਾਰੇ ਪਾਸੇ ਚੱਕਰ ਲਾਉਣ ਦਾ ਮਾਰਗ) ਕਿਹਾ ਜਾਂਦਾ ਹੈ। ਪ੍ਰਵੇਸ਼ ਦੁਆਰ ਦੇ ਸੱਜੇ ਪਾਸੇ ਤੋਂ ਪੌੜੀਆਂ ਉਪਰ ਕੋਸ਼ਗ੍ਰਹਿ ਨੂੰ ਜਾਂਦੀਆਂ ਹਨ। ਇਸ ਸਥਾਨ ਤੇ 9 ਫੁੱਟ ਲੰਮੇ ਅਤੇ 4.5 ਇੰਚ ਘੇਰੇ ਵਾਲੇ ਚਾਂਦੀ ਦੇ 31 ਥੰਮ ਜਾਂ ਖੰਭੇ ਹਨ। ਤਿੰਨ ਮੁਲੰਮੇਦਾਰ ਇਤਿਹਾਸਤਕ ਗੁਰਜ਼ਾਂ, ਇਕ ਪੱਖਾ, ਦੋ ਚੌਰ। ਇਨ੍ਹਾਂ ਸਾਰੀਆਂ ਚੀਜ਼ਾਂ ਦੇ ਹੱਥਿਆਂ ਤੇ ਮੁਲੰਮਾ ਚੜ੍ਹਾਇਆ ਹੋਇਆ ਹੈ। ਇਕ ਖਾਲਸ ਸੋਨੇ ਦਾ 10 ਪੌਂਡ ਭਾਰ ਦਾ ਚੰਦੋਆ, ਜਿਸ ਵਿਚ ਪੰਨੇ, ਹੀਰੇ ਅਤੇ ਮੋਤੀ ਜੜੇ ਹੋਏ ਹਨ, ਸੋਨੇ ਦਾ ਇਕ ਪਤਾਕਾ, ਸਵਰਨ ਮੰਦਰ ਦਾ ਇਕ ਰੰਗੀਨ ਨਕਸ਼ਾ, ਅਤੇ ਇਕ ਹੀਰਿਆਂ ਜੜ੍ਹੀ ਸਿਰ ਦੀ ਪੱਟੀ, ਜਿਸਨੂੰ ਨੌਂ ਨਿਹਾਲ ਸਿੰਘ ਪਹਿਨਿਆ ਕਰਦਾ ਸੀ, ਇਹ ਸਾਰੀਆਂ ਚੀਜ਼ਾਂ ਇਕ ਪੇਟੀ ਵਿਚ ਰੱਖੀਆਂ ਹੋਈਆਂ ਹਨ। ਹੋਰ ਕੀਮਤੀ ਵਸਤੂਆਂ ਵਿਚ ਛੇ ਫੁੱਟ ਉਚਾ ਇਕ ਮੁਲੰਮੇਦਾਰ ਗੁੰਬਦ, ਇਕ ਸੁਨਹਿਰੀ ਛਤਰੀ, ਇਕ ਰੱਬ ਦੇ ਭਗਤ ਵਲੋਂ 6 ਸਾਲ 7 ਮਹੀਨੇ ਦੀ ਮਿਹਨਤ ਨਾਲ ਤਿਆਰ ਕੀਤਾ 1,45,000 ਧਾਗਿਆਂ ਵਾਲਾ ਸੰਦਲ ਦੀ ਲੱਕੜੀ ਦਾ 1,120 ਦਾ ਪੱਖਾ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨਿਕਲਦੀ ਹੈ, ਉਸ ਵੇਲੇ ਇਹ ਸਾਰੀਆਂ ਚੀਜ਼ਾਂ ਵਰਤੋਂ ਵਿਚ ਆਉਂਦੀਆਂ ਹਨ।

19ਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਵਾਲਟਰ ਹੈਮਿਲਟਨ ਨੇ ਇਸ ਬਾਰੇ ਲਿਖਿਆ ਹੈ[1] ਥਾਰਨਟਨ ਦਸਦਾ ਹੈ ਕਿ ਮੰਦਰ ਦੀ ਸੋਨੇ ਅਤੇ ਹੋਰ ਕੀਮਤੀ ਸਮਾਨ ਨਾਲ ਅਤਿਅੰਤ ਸਜਾਵਟ ਕੀਤੀ ਹੋਈ ਸੀ।[2] ਐਮਿਲੀ ਈਡਨ, ਜਿਸਨੂੰ ਸ੍ਰੀ ਹਰਿਮੰਦਰ ਸਾਹਿਬ ਵੇਖਣ ਦਾ ਅਨੇਕਾਂ ਵਾਰ ਮੌਕਾ ਮਿਲਿਆ ਸੀ, ਉਹ ਸਵਰਨ ਮੰਦਰ ਵਿਚ ਆਈ ਅਤੇ ਉਸਨੇ ਅੰਦਾਜਾ ਲਗਾਇਆ ਕਿ ਚੰਦੋਆ 10,000 ਰੁਪਏ ਕੀਮਤ ਦਾ ਸੀ।[3] ਉਸਨੇ ਗ੍ਰੰਥੀਆ ਵਿਚੋਂ ਇਕ ਦੀ ਲੰਮੀ ਤਕਰੀਰ ਸੁਣੀ। ਗਵਰਨਰ ਜਨਰਲ ਦੇ ਨਾਲ ਦੀ ਟੋਲੀ ਨੂੰ ਸ਼ਾਲ ਭੇਟ ਕੀਤੇ ਗਏ ਸਨ। ਗਵਰਨਰ ਜਨਰਲ ਦੀ ਮੰਡਲੀ ਦੇ ਆਉਣ ਤੇ ਪੁਲ, ਸਵਰਨ ਮੰਦਰ, ਮੁਨਾਰਿਆਂ ਅਤੇ ਸ਼ੇਰ ਸਿੰਘ ਦੇ ਮਹਿਲ ਸਭ ਨੂੰ ਵਿਸ਼ੇਸ਼ ਤੌਰ ਤੇ ਰੌਸ਼ਨਾਇਆ ਗਿਆ ਸੀ। ਬੈਰਨ ਹਿਊਗਲ, ਜੋ 1836 ਵਿਚ ਅੰਮ੍ਰਿਤਸਰ ਆਇਆ, ਉਸਲੇ ਇਸਦੀ ਖਸਲਤ ਨੂੰ ਰਹੱਸਪੂਰਨ ਅਤੇ ਰੋਮਾਚਿਤ ਕਿਹਾ।[4] ਉਸਨੇ ਸੰਗਮਰਮਰ ਜੜੀ ਸੁਚੱਜੇ ਢੰਗ ਨਾਲ ਬੁਣਾਈ ਗਈ ਸੁਨਹਿਰੀ ਛੱਤ ਦੀ ਸ਼ਲਾਘਾ ਕੀਤੀ। ਪੁਲ ਉਪਰ ਪ੍ਰਵੇਸ਼ ਕਰਨ ਤੋਂ ਪਹਿਲਾਂ ਉਸਨੇ ਲਾਲ ਰੰਗ ਦੇ ਦੋ ਵੱਡੇ ਝੰਡੇ ਵੇਖੇ, ਉਨ੍ਹਾਂ ਵਿਚੋਂ ਇਕ ਤੇ ਚਿੱਟੇ ਅੱਖਰਾਂ ਵਿਚ "ਵਾਹਿਗੁਰੂ ਜੀ ਕੀ ਫਤਿਹ", ਦੂਸਰੇ ਉਪਰ ਗੁਰੂ ਰਾਮ ਦਾਸ ਜੀ ਦਾ ਨਾਂ ਲਿਖਿਆ ਹੋਇਆ ਸੀ। ਐਮ. ਗਰੈਗਰ ਦਾ ਵਿਚਾਰ ਸੀ ਕਿ ਇਮਾਰਤ ਬਹੁਤ ਹੀ ਖ਼ੂਬਸੂਰਤ ਸੀ ਅਤੇ ਇਸ ਦੇ ਉਚੇ ਸੁਨਹਿਰੀ ਗੁੰਬਦ ਅਤੇ ਮੀਨਾਰ ਸ਼ਾਨਦਾਰ ਅਤੇ ਹੈਰਾਨੀਜਨਕ ਪ੍ਰਭਾਵ ਪਾਉਂਦੇ ਸਨ।[5] ਉਸਨੇ ਸੋਨੇ ਦੇ ਸਲਮੇ ਸਿਤਾਰਿਆਂ ਅਤੇ ਕੀਮਤੀ ਹੀਰਿਆਂ ਜੜੇ ਗੁੰਬਦ ਹੇਠ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ

ਵੇਖਿਆ। ਉਸਨੂੰ ਦੱਸਿਆ ਗਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜੇ ਵਲੋਂ ਭੇਟ ਕੀਤਾ ਗਿਆ ਸੀ, ਜਿਸ 'ਤੇ 50,000 ਰੁਪਏ ਦਾ ਖਰਚ ਆਇਆ ਸੀ, ਬਾਕੀ ਦਾ ਕਮਰਾ ਕੀਮਤੀ ਗਲੀਚਿਆਂ ਨਾਲ ਢਕਿਆ ਹੋਇਆ ਸੀ ਜਿਨ੍ਹਾਂ ਉਪਰ ਫੁਲ, ਖਾਸ ਕਰਕੇ ਚਮੇਲੀ ਦੇ ਫੁੱਲ ਵਿਖਰੇ ਹੋਏ ਸਨ।[6]

ਡਲਹੌਜੀ ਨੂੰ ਇਸ ਪਵਿੱਤਰ ਸਥਾਨ 'ਤੇ ਬੁਲਾਇਆ ਗਿਆ ਸੀ, ਜਿਸਨੂੰ ਉਸਨੇ ਬਹੁਤ ਹੀ ਖੂਬਸੂਰਤ ਚੀਜ਼ਾਂ ਵਿਚੋਂ ਇਕ ਕਿਹਾ।[7] ਉਸਨੇ ਸੋਚਿਆ ਕਿ ਸਵਰਨ ਮੰਦਰ ਬਹੁਤ ਹੀ ਮਹਾਨ ਸੀ ਅਤੇ ਉਸਨੇ ਵੇਖਿਆ ਕਿ ਇਸ ਨੂੰ ਅੰਦਰੋਂ ਅਤੇ ਬਾਹਰੋਂ ਪੂਰੀ ਤਰ੍ਹਾਂ ਸੰਗਮਰਮਰ ਦੀ ਜੜ੍ਹਾਈ ਕਰਕੇ ਬਣਾਇਆ ਗਿਆ ਸੀ ਜਦੋਂ ਕਿ ਬਾਹਰਲੀ ਉਸਾਰੀ ਦਾ ਉਪਰਲਾ ਭਾਗ ਪੂਰੀ ਤਰ੍ਹਾਂ ਮੁਲੰਮੇਦਾਰ ਤਾਂਬੇ ਦਾ ਸੀ। ਉਸਨੇ ਵੇਖਿਆ ਕਿ ਅੰਦਰਲੀ ਸਜਾਵਟ ਲਈ ਜੋ ਕੁਝ ਵੀ ਸੋਨੇ ਅਤੇ ਸੰਗਮਰਮਰ ਨਾਲ ਕੀਤਾ ਜਾ ਸਕਦਾ ਸੀ, ਉਹ ਕੀਤਾ ਹੋਇਆ ਸੀ। ਕਿਸੇ ਸਮੇਂ ਇਹ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿ ਅੰਗਰੇਜ਼ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਆਸਾਨੀ ਨਾਲ ਆ ਜਾਣਗੇ। ਪਰੰਤੂ ਸਮਾਂ ਬਦਲ ਚੁੱਕਾ ਸੀ ਅਤੇ ਇਸ ਪਵਿੱਤਰ ਧਰਤੀ ਉਪਰ ਗਵਰਨਰ ਜਨਰਲ ਖੜ੍ਹਾ ਸੀ ਅਤੇ ਉਸਦੇ ਆਲੇ ਦੁਆਲੇ ਖੜ੍ਹੇ ਕੁਝ ਲੋਕ ਉਸਨੂੰ ਸਲਾਮਾਂ ਕਰ ਰਹੇ ਸਨ।[8]

ਜੇਮਜ਼ ਫਰਗੂਸਨ ਨੇ ਸਵਰਨ ਮੰਦਰ ਨੂੰ ਸ਼ਾਨਦਾਰ ਅਤੇ ਇਸ ਵਰਗ ਦੀਆਂ ਭਾਰਤ ਵਿਚ ਕੀਤੀਆ ਗਈਆਂ ਉਸਾਰੀਆਂ ਵਿਚੋਂ ਇਕ ਉਦਾਹਰਣ ਮੰਨਿਆ।[9] ਫਿਰ ਵੀ ਉਸਨੇ 19ਵੀਂ ਸਦੀ ਵਿਚ ਕੀਤੀ ਭਾਰਤੀ ਮੰਦਰ ਉਸਾਰੀ ਕਲਾ ਦੀ ਇਕ ਕਿਸਮ ਵਜੋਂ ਉਦਾਹਰਣ ਦੇਣ ਲਈ ਇਸ ਨੂੰ ਲਾਭਦਾਇਕ ਸਮਝਿਆ। ਸ਼ਾਇਦ ਫਰਗੂਸਨ ਸਿੱਖ ਭਵਨ ਨਿਰਮਾਣ ਕਲਾ ਵਿਚ ਅਜਿਹੀ ਸਜਾਵਟ ਦੀ ਉਮੀਦ ਰਖਦਾ ਸੀ, ਜਿਸਨੂੰ ਉਨ੍ਹਾਂ ਦਾ ਧਰਮ ਉਤਸ਼ਾਹਿਤ ਜਾਂ ਸਵੀਕਾਰ ਨਹੀਂ ਸੀ ਕਰਦਾ। ਪਰਸੀ ਬਰਾਉਣ ਦਾ ਸਵਰਨ ਮੰਦਰ ਬਾਰੇ ਵਿਚਾਰ ਪੂਰਕ ਹੈ।[10] ਉਸਨੇ ਇਸ ਦੀ ਭਵਨ ਨਿਰਮਾਣ ਕਲਾ ਦੇ ਢੰਗ ਕਰਕੇ ਨਹੀਂ ਸਗੋਂ ਸੰਗਮਰਮਰ, ਸ਼ੀਸ਼ੇ, ਰੰਗ ਅਤੇ ਧਾਤ ਰਾਹੀਂ ਪ੍ਰਗਟ ਕੀਤੇ ਧਾਰਮਿਕ ਜਜ਼ਬੇ ਦੀ ਉਦਾਹਰਣ ਦੇ ਤੌਰ ਤੇ ਸ਼ਲਾਘਾ ਕੀਤੀ ਹੈ। ਪਰਸੀ ਬਰਾਊਨ ਅਨੁਸਾਰ ਅੰਮ੍ਰਿਤਸਰ ਦੇ ਸਵਰਨ ਮੰਦਰ ਨੂੰ ਕੇਵਲ ਰੰਗੂਨ ਦੇ ਸਵੇ ਡੈਗਨ ਸ਼ਾਵਲੇ ਦੇ ਬਰਾਬਰ ਮੰਨਿਆ ਗਿਆ ਸੀ।[11] ਪਹਿਲਾ ਸਿੱਖਾਂ ਦੇ ਵਿਸ਼ਵਾਸ ਦਾ ਚਿੰਨ ਹੈ, ਦੂਸਰਾ ਸਮਾਨ ਭੌਤਿਕ ਦਿਸ਼ਾ ਵਿਚ, ਭਾਰਤ ਦੇ ਇਕ ਦੂਸਰੇ ਵੱਡੇ ਧਰਮ ਦਾ ਜ਼ੋਰਦਾਰ ਵਿਖਾਵਾ ਹੈ।

ਸਵਰਨ ਮੰਦਰ ਦੇ ਚੁਗਿਰਦੇ ਵਿਚ ਬਹੁਤ ਸਾਰੀਆਂ ਇਮਾਰਤਾਂ ਵੱਖ ਵੱਖ ਸਮਿਆਂ ਤੇ ਬਣਾਈਆਂ ਗਈਆਂ ਸਨ। ਇਨ੍ਹਾਂ ਵਿਚੋਂ ਵਧੇਰੇ ਪ੍ਰਭਾਵਸ਼ਾਲੀ ਮੁਲੰਮੇਦਾਰ ਗੁੰਬਦ ਵਾਲਾ ਸਿੱਖਾਂ ਦੀ ਧਾਰਮਿਕ ਸ਼ਕਤੀ ਦਾ ਸਭ ਤੋਂ ਉਚਾ ਆਸਣ, ਅਕਾਲ ਤਖਤ ਹੈ। ਇਸ ਦਾ ਨੀਂਹ ਪੱਥਰ ਗੁਰੂ ਹਰਗੋਬਿੰਦ ਜੀ ਦੁਆਰਾ ਰੱਖਿਆ ਗਿਆ ਸੀ। ਮੌਜੂਦਾ ਇਮਾਰਤ ਦੀ ਪਹਿਲੀ ਮੰਜ਼ਿਲ 1774 ਵਿਚ ਉਸਾਰੀ ਗਈ ਸੀ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਤਿੰਨ ਮੰਜ਼ਿਲਾਂ ਦਾ ਵਾਧਾ ਕੀਤਾ ਗਿਆ। ਇਥੇ ਪਾਹਲ ਵਜੋਂ ਜਾਣੀ ਜਾਂਦੀ ਇਕ ਰਸਮ ਨਾਲ ਨਵੇਂ ਬਣੇ ਸਿੱਖ ਅੰਦਰ ਸਿੱਖੀ ਦੀ ਭਰਾਤਰੀ ਭਾਵਨਾ ਪੈਦਾ ਕਰਨ ਲਈ ਸਿੱਖ ਧਰਮ ਵਿਚ ਅੰਮ੍ਰਿਤ ਦੀ ਵਿਧੀ ਨਾਲ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਸਿੱਖ ਬਰਾਦਰੀ ਦੇ ਨਵੇਂ

ਮੈਂਬਰਾਂ ਵਿਚ ਉਤਸ਼ਾਹ ਪੈਦਾ ਕਰਨ ਲਈ ਇਥੇ ਗੁਰੂ ਹਰਗੋਬਿੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋ ਵਰਤੀਆਂ ਗਈਆਂ ਤਲਵਾਰਾਂ ਅਤੇ ਬਰਤਨ ਵੀ ਰੱਖੇ ਗਏ ਹਨ। ਮਹਾਰਾਜਾ ਰਣਜੀਤ ਸਿੰਘ ਨੇ ਇਕ ਵਾਰ ਕਿਹਾ ਸੀ ਕਿ ਉਸਨੂੰ ਜਦੋਂ ਕਦੇ ਇਹ ਖਿਆਲ ਆਉਂਦਾ ਸੀ ਕਿ ਉਹ ਕਿਸੇ ਅਪਰਾਧ ਲਈ ਦੋਸ਼ੀ ਹੈ ਤਾਂ ਅਕਾਲ ਤਖਤ ਸਾਹਿਬ ਦੇ ਅੱਗੇ ਜਾ ਕੇ ਮੱਥਾ ਟੇਕਣਾ ਉਸਦਾ ਅਸੂਲ ਸੀ।

ਸਵਰਨ ਮੰਦਰ ਦੇ ਅਹਾਤੇ ਦੇ ਦੱਖਣ ਵੱਲ 30 ਏਕੜ ਦਾ **ਗੁਰੂ ਕਾ ਬਾਗ** ਸਥਿਤ ਹੈ, ਇਸ ਵਿਚ ਅਨਾਰ, ਸੰਤਰੇ ਅਤੇ ਹੋਰ ਫਲਾਂ ਦੇ ਦਰਖਤ ਲੱਗੇ ਹੋਏ ਹਨ। ਗੁਰੂ ਹਰਗੋਬਿੰਦ ਜੀ ਦਾ ਬਣਾਇਆ ਇਕ ਸਰੋਵਰ, ਜਿਸਨੂੰ ਕੌਲਸਰ ਕਿਹਾ ਜਾਂਦਾ ਹੈ, ਅਤੇ ਹੋਰ ਬਹੁਤ ਸਾਰੇ ਦਰਸ਼ਕ ਮੰਡਪ ਹਨ। ਬਾਗ ਦੇ ਦੱਖਣੀ ਸਿਰੇ ਤੇ ਇਕ 9 ਮੰਜ਼ਿਲਾ ਬੁਰਜ ਹੈ, ਜਿਸਨੂੰ ਬਾਬਾ ਅਟੱਲ ਕਿਹਾ ਜਾਂਦਾ ਹੈ। ਇਹ 131 ਫੁੱਟ ਉਚਾ ਹੈ ਅਤੇ ਇਹ 1778 ਅਤੇ 1784 ਦੌਰਾਨ ਗੁਰੂ ਹਰਗੋਬਿੰਦ ਜੀ ਦੇ ਇਕ ਪੁੱਤਰ ਦੀ ਯਾਦ ਵਿਚ ਬਣਾਇਆ ਗਿਆ ਸੀ। ਹਰਗੋਬਿੰਦ ਦੇ ਛੋਟੇ ਪੁੱਤਰ, ਅਟੱਲ ਰਾਇ ਜੀ ਨੇ ਇਕ ਦੁਖੀ ਵਿਧਵਾ ਦੇ ਪੁੱਤਰ ਦੀ ਜ਼ਿੰਦਗੀ ਵਿਚ ਵਾਧਾ ਕੀਤਾ ਸੀ। ਉਸਦੇ ਪਿਤਾ ਨੇ ਉਸਨੂੰ ਇਹ ਕਹਿੰਦੇ ਹੋਏ ਡਾਂਟਿਆ ਸੀ ਕਿ ਗੁਰੂਆਂ ਨੂੰ ਆਪਣੀ ਤਾਕਤ ਦੀ ਵਰਤੋਂ ਕਰਾਮਾਤਾਂ ਵਿਖਾਉਣ ਵਿਚ ਨਹੀਂ ਸਗੋਂ ਅਸੂਲਾਂ ਦੀ ਸ਼ੁੱਧੀ ਅਤੇ ਜੀਵਨ ਦੀ ਪਵਿੱਤਰਤਾ ਲਈ ਕਰਨੀ ਚਾਹੀਦੀ ਹੈ। ਦੱਸਿਆ ਜਾਂਦਾ ਹੈ ਕਿ ਨੌਜਵਾਨ ਨੇ ਕਿਹਾ ਕਿ ਜੇਕਰ ਪ੍ਰਮਾਤਮਾ ਨੂੰ ਇਕ ਜਾਨ ਦੀ ਜ਼ਰੂਰਤ ਹੈ ਤਾਂ ਉਹ ਆਪਣੀ ਜਾਨ ਦੇ ਦੇਵੇਗਾ। ਉਸ ਦੀਆਂ ਸਿਆਣੀਆਂ ਗੱਲਾਂ ਕਾਰਨ ਉਸਨੂੰ ਬਾਬਾ (ਇਕ ਬਿਰਧ ਵਿਅਕਤੀ) ਕਿਹਾ ਜਾਂਦਾ ਸੀ। ਬੁਰਜ ਦੇ ਹੇਠਲੇ ਕਮਰੇ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਅਨੇਕਾਂ ਰੰਗਦਾਰ ਤਸਵੀਰਾਂ ਬਣਾਈਆਂ ਹੋਈਆਂ ਹਨ।

ਸਵਰਨ ਮੰਦਰ ਦੇ ਚਾਰੇ ਪਾਸੇ ਬੁੰਗੇ ਬਣਾਏ ਹੋਏ ਹਨ, ਜਿਨ੍ਹਾਂ ਦੀਆਂ ਕੰਧਾਂ ਤਸਵੀਰਾਂ ਨਾਲ ਸਜਾਈਆਂ ਹੋਈਆਂ ਹਨ। ਸਿੱਖਾਂ ਅਧੀਨ ਸੁਧਰੀ ਹੋਈ ਕਾਂਗੜਾ ਸ਼ੈਲੀ ਰੰਗੀਨ ਅਤੇ ਸ਼ਾਨਦਾਰ ਬਣ ਗਈ, ਪਰੰਤੂ ਉਨ੍ਹਾਂ ਦੀ ਸਚਿੱਤਰ ਕਲਾ ਨੇ ਇਸ ਦੀ ਪੂਰਤੀ, ਸਜਾਵਟ ਲਈ ਅੰਦਰੂਨੀ ਪ੍ਰੇਰਣਾ ਅਤੇ ਵਿਨੋਦਮਈ ਅਨੁਭਵ ਨਾਲ ਕੀਤੀ, ਜਿਸਦੀ ਦੀ ਗਵਾਹੀ ਬੁੰਗਿਆਂ ਵਿਚਲੇ ਕੰਧ ਚਿੱਤਰਾਂ ਤੋਂ ਮਿਲਦੀ ਹੈ। ਗੁਰੂ ਕਾ ਬਾਜ਼ਾਰ, ਦੇ ਅਖੀਰ ਤੇ ਚੋਰਸਥੀ ਅਟਾਰੀ ਕਦੇ ਗੁਰੂ ਅਰਜਨ ਦਾ ਰਿਹਾਇਸ਼ੀ ਸਥਾਨ ਸੀ ਜਿਸਨੂੰ ਰਿਹਾਇਸ਼ ਦੇ ਹਾਲ ਵਜੋਂ ਵਰਤਿਆ ਜਾਂਦਾ ਸੀ। 156 ਕਮਰਿਆਂ ਅਤੇ 8 ਹਾਲਾਂ ਵਾਲਾ ਸ੍ਰੀ ਗੁਰੂ ਰਾਮ ਦਾਸ ਨਿਵਾਸ, ਸ਼ਰਧਾਲੂਆਂ ਲਈ ਇਕ ਰਿਹਾਇਸ਼ਗਾਹ ਹੈ, ਜਿਸਦੀ ਸੰਭਾਲ ਸਵਰਨ ਮੰਦਰ ਦੇ ਅਧਿਕਾਰੀਆਂ ਦੁਆਰਾ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਵਲੋਂ ਬਣਾਇਆ ਗਿਆ ਗੁਰਦੁਆਰਾ ਸੰਤੋਖਸਰ, ਗੁਰੂ ਰਾਮਸਰ, ਜਿਥੇ ਗੁਰੂ ਅਰਜਨ ਦੇਵ ਜੀ ਨੇ ਪਵਿੱਤਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਸੰਕਲਿਤ ਕਰਨ ਦਾ ਕੰਮ ਕੀਤਾ, ਗੁਰੂ ਹਰਗੋਬਿੰਦ ਜੀ ਵਲੋਂ ਬਣਾਇਆ ਗਿਆ **ਬਵੇਕਸਰ, ਦੁੱਖ ਭੰਜਨੀ ਬੇਰੀ, ਥੜਾ ਸਾਹਿਬ, ਬਾਬੇ ਦੀ ਬੇਰ, ਗੁਰਦੁਆਰਾ ਇਲਾਇਚੀ ਬੇਰ ਅਤੇ ਗੁਰਦੁਆਰਾ ਸ਼ਹੀਦ ਬੁੰਗਾ ਦਲੀਪ ਸਿੰਘ**, ਹੋਰ ਇਤਿਹਾਸਕ ਮਹੱਤਤਾ ਦੇ ਸਥਾਨ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਗ੍ਰੰਥੀਆਂ ਦੀਆਂ ਜ਼ਿੰਮੇਵਾਰੀਆਂ ਵਿਚ ਵਾਧਾ ਹੋਇਆ ਹੈ। ਪਹਿਲਾਂ ਪਹਿਲ ਗੁਰੂ ਅਰਜਨ ਦੇਵ ਜੀ ਨੇ ਭਾਈ ਬੁੱਢਾ ਨੂੰ ਪਹਿਲਾ ਗ੍ਰੰਥੀ

ਨਿਯੁਕਤ ਕੀਤਾ ਸੀ ਅਤੇ ਇਸ ਅਹੁਦੇ ਤੇ ਉਨ੍ਹਾਂ ਦੇ ਉਤਰਾਧਿਕਾਰੀਆ ਦੀ ਲੜੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਭਾਈ ਚੰਚਲ ਸਿੰਘ ਤੱਕ ਨਿਰੰਤਰ ਚਲਦੀ ਰਹੀ। ਹੈਨਰੀ ਲਾਰੰਸ ਨੇ ਲਹਿਣਾ ਸਿੰਘ ਨੂੰ ਸਵਰਨ ਮੰਦਰ ਦਾ ਮੈਨੇਜਰ ਨਿਯੁਕਤ ਕੀਤਾ। ਰੋਜ਼ਾਨਾ ਭੱਤੇ ਅਤੇ ਖਰਚੇ ਦੀ ਪ੍ਰਵਾਨਗੀ ਰਾਜ ਦੇ ਪ੍ਰਤੀਨਿਧੀ ਵਲੋਂ ਦਿੱਤੀ ਜਾਂਦੀ ਸੀ। 1884 ਵਿਚ ਆਮ ਨਿਗਰਾਨੀ ਦਾ ਕੰਮ ਰਾਜਾ ਕਲਿਆਣ ਸਿੰਘ ਦੇ ਹੱਥ ਵਿਚ ਸੀ। ਗ੍ਰੰਥੀਆਂ ਵਲੋਂ ਨਿਭਾਈਆਂ ਜਾਣ ਵਾਲੀਆਂ ਜ਼ਿੰਮੇਵਾਰੀਆਂ ਵਿਚ ਵਾਧਾ ਹੋ ਜਾਣ ਕਾਰਨ, ਹਰੇਕ ਗ੍ਰੰਥੀ ਨਾਲ ਦੋ ਸਹਿਯੋਗੀ ਨਿਯੁਕਤ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਬਾਅਦ ਵਿਚ ਸਹਿਯੋਗੀਆਂ ਦੀ ਗਿਣਤੀ ਵਧਾ ਕੇ ਤਿੰਨ ਕਰ ਦਿੱਤੀ ਗਈ। 1925 ਵਿਚ ਗੁਰਦੁਆਰਾ ਐਕਟ ਦੇ ਕਾਨੂੰਨ ਦਾ ਰੂਪ ਧਾਰ ਲੈਣ ਨਾਲ ਗੁਰਦੁਆਰਾ ਪੰਥ ਦੇ ਕੰਟਰੋਲ ਅਧੀਨ ਆ ਗਿਆ। ਸਵਰਨ ਮੰਦਰ ਦੀ ਨਿਗਰਾਨੀ ਦਰਬਾਰ ਸਾਹਿਬ ਕਮੇਟੀ ਕਰਦੀ ਹੈ, ਇਮਾਰਤਾਂ, ਧਰਮ ਪ੍ਰਚਾਰ, ਕੜਾਹ ਪ੍ਰਸ਼ਾਦ ਅਤੇ ਸ਼ਹੀਦਾਂ ਦੇ ਉਤਰਾਧਿਕਾਰੀਆਂ ਲਈ ਪੈਨਸ਼ਨ ਆਦਿ ਇਸ ਦੇ ਖਰਚੇ ਦੀਆਂ ਮੁੱਖ ਮੱਦਾਂ ਹਨ।

### ਰਾਮ ਬਾਗ

ਇਹ ਸੁੰਦਰ ਜਨਤਕ ਬਾਗ, ਕਿਸੇ ਸਮੇਂ ਦੇ ਭੰਗੀਆ ਮਿਸਲ ਦੇ ਮੁਖੀਆਂ ਦੀ ਗੜ੍ਹੀ, ਇਕ ਮਿੱਟੀ ਦੇ ਕਿਲ੍ਹੇ ਦੀ ਨਿਸ਼ਾਨੀ ਹੈ। ਮੈਦਾਨਾਂ ਦੇ ਆਲੇ ਦੁਆਲੇ 14 ਫੁੱਟ ਉਚੀਆਂ ਕੰਧਾਂ ਅਤੇ ਤੋਪਾਂ ਲਈ ਇਕ ਫਸੀਲ ਦੀ ਉਸਾਰੀ ਕੀਤੀ ਗਈ ਸੀ, ਜਦੋਂ ਕਿ ਕੰਧ ਦੇ ਬਾਹਰਵਾਰ ਹੰਸਲੀ ਨਹਿਰ ਦੇ ਪਾਣੀ ਨਾਲ ਭਰੀ ਹੋਈ ਇਕ ਖਾਈ ਸੀ। ਵਾਸਤਕ ਵਿਚ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦੁਆਰਾ 1819 ਈਸਵੀ ਵਿਚ ਬਣਾਇਆ ਗਿਆ ਸੀ। ਮਹਾਰਾਜੇ ਦੇ ਦੀਵਾਨ ਮੋਤੀ ਰਾਮ ਦੇ ਪੁੱਤਰ ਕ੍ਰਿਪਾ ਰਾਮ ਨੇ ਮਹਾਰਾਜੇ ਲਈ ਇਕ ਖੂਬਸੂਰਤ ਬਾਗ ਲਗਵਾਇਆ। ਮਹਾਰਾਜੇ ਨੇ ਗੁਰੂ ਰਾਮਦਾਸ ਜੀ ਦੇ ਨਾਮ ਤੇ ਉਸਦਾ ਨਾਮ ਰਾਮ ਬਾਗ ਰੱਖਿਆ। ਬਾਗ ਦੇ ਵਿਚਕਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਵਾਸਤੇ 1,25,000 ਰੁਪਏ ਦੀ ਲਾਗਤ ਨਾਲ ਇਕ ਦੋ ਮੰਜ਼ਿਲਾਂ ਵਿਲਾਸਮਈ ਮਹਿਲ ਗਰਮੀਆਂ ਦੇ ਮੌਸਮ ਵਿਚ ਰਹਿਣ ਲਈ ਬਣਵਾਇਆ। ਮਹਿਲ ਦੇ ਥੱਲੇ ਗਰਮ ਮੌਸਮ ਵਿਚ ਵਰਤੇ ਜਾਣ ਲਈ ਠੰਢੇ ਜ਼ਮੀਨਦੋਜ਼ ਕਮਰਿਆਂ ਦੀ ਉਸਾਰੀ ਕੀਤੀ ਗਈ ਸੀ। ਨਜ਼ਦੀਕ ਹੀ ਸ਼ਾਹੀ ਖਾਨਦਾਨ ਦੀਆਂ ਔਰਤਾਂ ਦੇ ਨਹਾਉਣ ਵਾਸਤੇ ਇਸ਼ਨਾਨ ਘਰ ਸੀ। ਮੁਖੀਆਂ ਨੂੰ ਛੋਟੇ ਮਹਿਲ ਦਿਤੇ ਗਏ ਸਨ। ਮਹਾਰਾਜਾ ਰਣਜੀਤ ਸਿੰਘ ਦੀ ਵਿਸਾਖੀ, ਦੀਵਾਲੀ ਅਤੇ ਦੁਸਹਿਰੇ ਦੇ ਤਿਓਹਾਰਾਂ ਵੇਲੇ ਅੰਮ੍ਰਿਤਸਰ ਫੇਰੀ ਦੌਰਾਨ ਵਿਚਕਾਰਲੀ ਇਮਾਰਤ ਨੂੰ ਰਾਜ ਭਵਨ ਵਜੋਂ ਵਰਤਿਆ ਜਾਂਦਾ ਸੀ। ਬਾਗ ਅਤੇ ਇਮਾਰਤਾਂ ਦੀ ਦੀ ਉਸਾਰੀ ਫਕੀਰ ਅਜ਼ੀਜ਼-ਉਦੀ-ਦੀਨ ਸਰਦਾਰ ਦੇਸਾ ਸਿੰਘ ਅਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਦੀ ਦੇਖ ਰੇਖ ਅਧੀਨ ਕਰਵਾਈ ਗਈ ਸੀ। ਇਨ੍ਹਾਂ ਸਾਰੀਆ ਇਮਾਰਤਾਂ ਵਿਚ ਲਾਲ ਪੱਥਰ ਦਾ ਕੰਮ ਫਕੀਰ ਅਜ਼ੀਜ਼-ਉਦੀ-ਦੀਨ ਦੁਆਰਾ ਦਿੱਲੀ ਤੋਂ ਲਿਆਂਦੇ ਗਏ ਕਾਰੀਗਰਾਂ ਵਲੋਂ ਕੀਤਾ ਗਿਆ ਸੀ। 1847 ਵਿਚ ਸਰਦਾਰ ਲਹਿਣਾ ਸਿੰਘ ਦੀ ਬੇਨਤੀ ਤੇ ਰਾਮ ਬਾਗ ਬਾਰਾਂਦਰੀ ਵਿਚ ਕੁਝ ਫਰਨੀਚਰ ਰੱਖਿਆ ਗਿਆ, ਜਿਹੜਾ 1848 ਵਿਚ ਵਿਸ਼ੇਸ਼ ਤੌਰ ਤੇ ਅੰਗਰੇਜ਼ ਸੈਲਾਨੀਆਂ ਦੀ ਸਹੂਲਤ ਵਾਸਤੇ ਰੱਖਿਆ ਗਿਆ ਸੀ ਅਤੇ ਹਾਥੀਆਂ ਦਾ ਇਕ ਜੋੜਾ ਵੀ ਉਥੇ ਮੌਜੂਦ ਰੱਖਣ ਦੇ ਹੁਕਮ

ਕੀਤੇ ਗਏ। ਸਰ ਗੋਪਾਲ ਦਾਸ ਭੰਡਾਰੀ ਨੇ ਬਾਗ ਦੇ ਵਿਕਾਸ, ਉਸਦੇ ਨਗਰ ਪਾਲਿਕਾ ਦੇ ਪ੍ਰਧਾਨ ਹੋਣ ਦੇ ਸਮੇਂ ਦੌਰਾਨ ਬਾਗ ਵਿਚ ਨਿਯੁਕਤ ਕੀਤੇ ਗਏ ਇਕ ਪੁਰਾਣੇ ਭਿਸ਼ਤੀ (ਕਹਾਰ) ਦੀ ਨਿਗਰਾਨੀ ਅਧੀਨ ਮਹਿਲ ਦੇ ਪੂਰਬ ਅਤੇ ਪੱਛਮ ਵੱਲ ਚਸ਼ਮੇ ਖੁਦਵਾਏ ਗਏ। ਪੰਜਾਬ ਵਿਚ ਬ੍ਰਿਟਿਸ਼ ਸ਼ਾਸਨ ਕਾਇਮ ਹੋਣ ਤੇ ਇਸ ਦਾ ਨਾਮ 'ਕੰਪਨੀ ਬਾਗ' ਰੱਖ ਦਿੱਤਾ ਗਿਆ।

ਬਾਗ ਦਾ ਰਕਬਾ ਤਕਰੀਬਨ 84 ਏਕੜ ਹੈ ਅਤੇ ਇਸਨੂੰ ਅੰਗਰੇਜ਼ੀ ਗੁਲਾਬ ਦੇ ਬਾਗ ਨਾਲ ਸਜਾਇਆ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਮਹਿਲ ਦੇ ਕੇਂਦਰੀ ਹਾਲ ਅਤੇ ਡਿਓੜੀ ਨੂੰ ਮੌਜੂਦਾ ਸਾਲਾਂ ਵਿਚ ਠੀਕ ਠਾਕ ਕਰਕੇ ਪੂਰਾ ਕੀਤਾ ਗਿਆ ਹੈ। ਅੱਜਕੱਲ 'ਮਹਾਰਾਜਾ ਰਣਜੀਤ ਸਿੰਘ ਬਾਰਾਂਦਰੀ' ਵਜੋਂ ਜਾਣੀ ਜਾਂਦੀ ਇਮਾਰਤ ਦੀ ਉਦਘਾਟਨੀ ਰਸਮ ਪੰਜਾਬ ਦੇ ਮਾਲ ਮੰਤਰੀ ਸਵਰਗੀ ਸਰਦਾਰ ਸੁੰਦਰ ਸਿੰਘ ਮਜੀਠੀਆ ਵਲੋਂ ਅਦਾ ਕੀਤੀ ਗਈ ਸੀ। ਤੇਲ ਰੰਗਾਂ ਨਾਲ ਬਣਾਇਆ ਗਿਆ ਮਹਾਰਾਜਾ ਰਣਜੀਤ ਸਿੰਘ ਦਾ ਆਦਮ ਕੱਦ ਚਿੱਤਰ ਕੰਧਾਂ ਦੀ ਸੋਭਾ ਵਧਾਉਂਦਾ ਹੈ। ਬਾਰਾਂਦਰੀ ਦੇ ਖੱਬੇ ਪਾਸੇ ਦੇ ਕਮਰਿਆਂ ਵਿਚੋਂ ਇਕ ਕਮਰੇ ਵਿਚ ਇਕ ਮੌਸਮੀ ਨਿਰਖਣਸ਼ਾਲਾ ਅਤੇ ਇਕ ਪ੍ਰਸਾਰਣ ਕੇਂਦਰ ਸਥਾਪਤ ਕੀਤਾ ਗਿਆ ਹੈ। ਪਾਰਕ ਦਾ ਇਕ ਹਿੱਸਾ ਬੱਚਿਆਂ ਨੂੰ ਉਨ੍ਹਾਂ ਦੇ ਮਨਪ੍ਰਚਾਵੇ ਲਈ ਦਿੱਤਾ ਗਿਆ ਹੈ। ਬਾਗ ਦੇ ਪ੍ਰਮੁੱਖ ਹਿੱਸੇ ਵਿਚ ਮਹਾਤਮਾ ਗਾਂਧੀ ਦਾ ਇਕ ਬੁੱਤ ਮਾਲ ਵਲ ਨੂੰ ਮੂੰਹ ਕਰਕੇ ਸਥਾਪਤ ਕੀਤਾ ਗਿਆ ਹੈ, ਜਿਸ ਤੇ ਨਗਰ ਪਾਲਿਕਾ ਦੀ 30,000 ਰੁਪਏ ਦੀ ਲਾਗਤ ਆਈ ਸੀ।

18 ਏਕੜ ਰਕਬੇ ਵਾਲੀ ਨਿਰੋਲ ਪਾਰਕ ਗਿੱਲਵਾਲੀ ਗੇਟ ਅਤੇ ਚਾਟੀਵਿੰਡ ਗੇਟ ਦੇ ਬਾਹਰ ਸਥਿਤ ਹੈ। ਗੋਲ ਬਾਗ ਵਜੋਂ ਜਾਣੀ ਜਾਂਦੀ ਐਟਚੀਸ਼ਨ ਪਾਰਕ ਪੁਰਾਣੀਆਂ ਪਾਰਕਾਂ ਵਿਚੋਂ ਇਕ ਹੈ। ਪਹਿਲੇ ਸਮੇਂ ਵਿਚ ਇਸ ਨੂੰ ਨਹਿਰ ਦਾ ਪਾਣੀ ਲੱਗਦਾ ਸੀ। ਰੇਲਵੇ ਦੀ ਤਰਫ ਹਾਲ ਗੇਟ ਦੇ ਬਾਹਰ, ਬੁੱਲ ਪਾਰਕ ਵਿਚ ਪੁਲ ਦੇ ਇਕ ਪਾਸੇ ਸੁੰਦਰ ਚਟਾਨਾਂ ਹਨ ਅਤੇ ਦੂਸਰੇ ਪਾਸੇ ਇਕ ਛੋਟੀ ਪਹਾੜੀ ਹੈ ਅਤੇ ਕੇਸਰੀ ਬਾਗ ਸ਼ਹਿਰ ਦੇ ਕੇਂਦਰ ਵਿਚ ਹੈ। ਲਾਹੌਰੀ ਗੇਟ ਦੇ ਨਜ਼ਦੀਕ ਬਾਗ ਵਿਚ ਇਕ ਵਿਸ਼ੇਸ਼ ਮੈਦਾਨ ਔਰਤਾਂ ਵਾਸਤੇ ਰਾਖਵਾਂ ਰੱਖਿਆ ਹੋਇਆ ਹੈ।

## ਗੋਬਿੰਦਗੜ੍ਹ ਕਿਲ੍ਹਾ

ਅੰਮ੍ਰਿਤਸਰ ਸ਼ਹਿਰ ਦੀਆਂ ਬਹੁਤ ਹੀ ਆਕਰਸ਼ਕ ਅਤੇ ਇਤਿਹਾਸਕ ਚੀਜ਼ਾਂ ਵਿਚੋਂ ਇਕ ਗੋਬਿੰਦਗੜ੍ਹ ਕਿਲ੍ਹਾ ਹੈ, ਜਿਸਦੀ ਬੁਲੰਦੀ ਉਤੇ ਰੱਖਿਆ ਹੋਇਆ ਭਾਰੀ ਤੋਪਖਾਨਾ ਬਹੁਤ ਹੀ ਪ੍ਰਭਾਵਸ਼ਾਲੀ ਦਿੱਖ ਪ੍ਰਦਾਨ ਕਰਦਾ ਹੈ। 1808 ਦੌਰਾਨ ਅੰਮ੍ਰਿਤਸਰ ਵਿਚ ਗੁੱਜਰ ਸਿੰਘ ਭੰਗੀ ਦੇ ਕਿਲੇ ਦੀ ਮੁਰੰਮਤ ਅਤੇ ਮੁੜ ਉਸਾਰੀ ਅਜ਼ੀਜ਼-ਉਦ-ਦੀਨ ਦੇ ਛੋਟੇ ਭਰਾ ਇਮਾਮ- ਉਦ-ਦੀਨ ਦੀ ਦੇਖ ਰੇਖ ਹੇਠ ਕਰਵਾਈ ਗਈ ਸੀ, ਜਿਸਨੂੰ ਕਈ ਸਾਲਾਂ ਤੋਂ ਗੋਬਿੰਦਗੜ੍ਹ ਕਿਲੇ ਦਾ ਕਿਲੇਦਾਰ ਨਿਯੁਕਤ ਕੀਤਾ ਹੋਇਆ ਸੀ। ਇਸ ਕਿਲੇ ਦੀ ਮੁੜ ਉਸਾਰੀ ਰਾਮਗੜ੍ਹ ਕਿਲੇ ਦੇ ਨਕਸ਼ੇ ਤੇ ਜੋਧ ਸਿੰਘ ਦੀ ਝੂਠੀ ਵਡਿਆਈ ਕਰਨ ਦੇ ਮਨਸੂਬੇ ਨਾਲ ਕਰਵਾਈ ਗਈ ਸੀ, ਜਿਸ ਦੇ ਸਹਿਯੋਗ ਦੀ ਮਹਾਰਾਜਾ ਰਣਜੀਤ ਸਿੰਘ ਨੂੰ ਕਸੂਰ ਤੇ ਜਿੱਤ ਪ੍ਰਾਪਤ ਕਰਨ ਲਈ ਜ਼ਰੂਰਤ ਸੀ। ਹੂਗਲ ਅਨੁਸਾਰ ਪਵਿੱਤਰ ਸਰੋਵਰ ਅਤੇ ਸ਼ਰਧਾਲੂਆਂ ਦੀ ਸੁਰੱਖਿਆ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਲਈ ਇਕ ਕਿਲ੍ਹਾ *ਉਸਾਰਨ ਦਾ ਬਹਾਨਾ ਪ੍ਰਦਾਨ ਕਰ ਦਿੱਤਾ।*[12] *ਉਸਨੇ ਇਹ ਵੀ ਸੁਝਾਓ ਦਿੱਤਾ ਕਿ ਮਹਾਰਾਜਾ ਰਣਜੀਤ*

ਸਿੰਘ ਨੇ ਇਹ ਕਿਲ੍ਹਾ ਜਸਵੰਤ ਰਾਇ ਹੋਲਕਰ ਦੇ ਸੁਝਾਅ ਤੇ ਆਪਣੇ ਖਜ਼ਾਨੇ ਦੀ ਸੁਰੱਖਿਆ ਲਈ ਬਣਵਾਇਆ, ਜਿਸਨੂੰ ਉਹ ਪਹਿਲਾਂ ਅੰਮ੍ਰਿਤਸਰ ਦੇ ਸੇਠਾਂ ਪਾਸ ਰੱਖਦਾ ਸੀ।

ਗੋਬਿੰਦਗੜ੍ਹ ਕਿਲ੍ਹਾ ਇੱਟਾਂ ਅਤੇ ਚੂਨੇ ਦਾ ਬਣਿਆ ਹੋਇਆ ਸੀ, ਜਿਸਦੇ ਅਨੇਕਾਂ ਬੁਰਜ ਅਤੇ ਮਜ਼ਬੂਤ ਲੋਹੇ ਦੇ ਦਰਵਾਜ਼ੇ ਸਨ। ਇਸ ਦੀ ਫਸੀਲ ਤੇ 25 ਤੋਪਾਂ ਬੀੜੀਆਂ ਹੋਈਆਂ ਸਨ। ਚਾਲਸ ਮੈਟਕਾਫ ਦੇ ਚਲੇ ਜਾਣ ਉਪਰੰਤ ਮਹਾਰਾਜੇ ਨੇ ਇਸਨੂੰ ਮਜ਼ਬੂਤ ਬਣਾਉਣ ਵੱਲ ਧਿਆਨ ਦਿੱਤਾ ਅਤੇ ਇਸ ਦੇ ਢਾਂਚੇ ਨੂੰ ਸੁਧਾਰਨ ਲਈ ਭਾਰੀ ਮਾਤਰਾ ਵਿਚ ਪੈਸਾ ਖਰਚ ਕੀਤਾ ਗਿਆ।

ਸਟੀਨ ਬੈਚ ਨੇ ਗੋਬਿੰਦਗੜ੍ਹ ਕਿਲ੍ਹੇ ਨੂੰ ਬਹੁਤ ਹੀ ਸ਼ਾਨਦਾਰ ਭਵਨ ਮੰਨਿਆ ਸੀ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਰਕਾਰੀ ਦੌਲਤ ਰੱਖੀ ਜਾਂਦੀ ਸੀ।[13] ਮਹਾਰਾਜੇ ਨੂੰ ਵਿਸ਼ਵਾਸ ਸੀ ਕਿ ਜੋ ਵੀ ਕੋਈ ਗੋਬਿੰਦਗੜ੍ਹ ਦੇ ਕਿਲੇ ਤੇ ਕਾਬਜ਼ ਹੋਵੇਗਾ, ਰਾਜ ਦੀ ਚਾਬੀ ਉਸੇ ਦੇ ਹੱਥ ਵਿਚ ਹੋਵੇਗੀ। ਪਰੰਤੂ ਐਮ. ਗਰੈਗਰ, ਜਿਸ ਨੂੰ ਫੌਜੀ ਯੁੱਧ ਨੀਤੀ ਬਾਰੇ ਭਰਪੂਰ ਜਾਣਕਾਰੀ ਸੀ, ਉਸਨੇ ਮਹਿਸੂਸ ਕੀਤਾ ਕਿ ਭਾਵੇਂ ਕਿਲ੍ਹਾ ਮਜ਼ਬੂਤ ਬਣਿਆ ਹੋਇਆ ਹੈ, ਪਰ ਇਹ ਭਰੋਸੇਯੋਗ ਹਾਲਤ ਵਿਚ ਨਹੀਂ ਸੀ ਅਤੇ ਇਹ ਵੱਡੇ ਵਿਆਸ ਦੀ ਨਾਲੀ ਵਾਲੀਆਂ ਤੋਪਾਂ ਅੱਗੇ ਜ਼ਿਆਦਾ ਦੇਰ ਠਹਿਰ ਨਹੀਂ ਸਕੇਗਾ। ਉਸਨੇ ਮੁਸ਼ਕਿਲ ਨਾਲ ਇੱਟਾਂ ਦੇ ਬਣਾਏ ਹੋਏ ਭਰਤਪੁਰ ਦੇ ਕਿਲ੍ਹੇ ਨਾਲ ਇਸਦੀ ਤੁਲਨਾ ਕੀਤੀ ਅਤੇ ਮਹਿਸੂਸ ਕੀਤਾ ਕਿ ਕੰਧ ਤੋਪਾਂ ਦੇ ਗੋਲਿਆਂ ਦੀ ਬੁਛਾੜ ਦੇ ਅੱਗੇ ਟਿਕ ਨਹੀਂ ਸਕੇਗੀ ਜਦੋਂ ਕਿ ਖਾਈ ਬੇਲੋੜੀ ਅਤੇ ਮੋਤੀ ਝੀਲ ਦੇ ਪਾਣੀ ਨਾਲ ਭਰੀ ਹੋਈ ਹੈ।[14] ਜੇਮਜ਼ ਕੋਲੇ ਨੇ ਲਿਖਿਆ ਕਿ ਗੰਭੀਰ ਦੋਸ਼ ਜਿਸਤੋਂ ਕਿਲ੍ਹਾ ਨੁਕਸਾਨ ਉਠਾ ਰਿਹਾ ਹੈ, ਉਹ ਇਹ ਹੈ ਕਿ ਕਿਲੇ ਦਾ ਅੰਦਰੂਨੀ ਭਾਗ ਬਾਹਰ ਤੋਂ ਦਿਖਾਈ ਦਿੰਦਾ ਹੈ।[15] ਬੁਰਜ਼ਾਂ ਦੇ ਉਪਰ ਅਨੇਕਾਂ ਮਕਾਨ ਬਣਾਏ ਹੋਏ ਸਨ। ਮਹਾਰਾਜਾ ਰਣਜੀਤ ਸਿੰਘ ਦੇ ਮੁੱਖ ਮੰਤਰੀ ਰਾਜਾ ਧਿਆਨ ਸਿੰਘ ਨੇ ਆਪਣੀਆਂ ਕੁਝ ਬੰਦੂਕਾਂ ਕਿਲ੍ਹੇ ਦੀਆਂ ਕੰਧਾਂ ਉਪਰ ਰੱਖੀਆਂ ਹੋਈਆਂ ਸਨ।

ਆਮ ਤੌਰ ਤੇ ਵਿਦੇਸ਼ੀ ਯਾਤਰੂਆਂ ਨੂੰ ਗੋਬਿੰਦਗੜ੍ਹ ਕਿਲ੍ਹਾ ਬਾਹਰ ਤੋਂ ਹੀ ਵਿਖਾਇਆ ਜਾਂਦਾ ਸੀ ਜਦੋਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਕੇਵਲ ਪ੍ਰਮੁੱਖ ਮੁਖੀਆਂ ਨੂੰ ਹੀ ਅੰਦਰ ਜਾਣ ਦੀ ਆਗਿਆ ਸੀ। ਪਰੰਤੂ ਪ੍ਰਚੱਲਤ ਰਵਾਇਤ ਦੇ ਉਲਟ ਜਨਵਰੀ 1839 ਵਿਚ ਮਹਾਰਾਜਾ ਰਣਜੀਤ ਸਿੰਘ ਆਕਲੈਂਡ ਦੇ ਸਰਦਾਰ ਦੇ ਫੌਜੀ ਸਕੱਤਰ, ਡਬਲਿਯੂ.ਜੀ. ਓਸਬੋਰਨ ਨੂੰ ਅੰਦਰ ਲੈ ਗਿਆ ਅਤੇ ਉਸਨੂੰ ਇਮਾਰਤ ਅੰਦਰੋਂ ਵਿਖਾ ਦਿੱਤੀ। ਓਸਬੋਰਨ ਸਾਨੂੰ ਦੱਸਦਾ ਹੈ ਕਿ ਇਮਾਰਤ ਵਿਚ ਉਸਦੇ ਖਜ਼ਾਨੇ ਵਿਚਲੀਆਂ ਪੇਟੀਆਂ ਵਿਚ ਲਗਭਗ12 ਮਿਲੀਅਨ ਦਾ ਸੋਨਾ ਸੀ।[16]

## ਜਲ੍ਹਿਆਂਵਾਲਾ ਬਾਗ

ਜਲ੍ਹਿਆਂਵਾਲਾ ਬਾਗ ਹਾਸਲ ਕਰਨ ਤੇ ਇਕ ਯਾਦਗਾਰ ਬਣਾਉਣ ਲਈ ਇਕ ਕਮੇਟੀ ਬਣਾਈ ਗਈ ਸੀ, ਜਿਸਦਾ ਪ੍ਰਧਾਨ ਪੰਡਿਤ ਮਦਨ ਮੋਹਨ ਮਾਲਵੀਆ ਅਤੇ ਡਾ. ਐਸ.ਸੀ. ਮੁਕਰਜੀ ਨੂੰ ਇਸ ਦਾ ਸਕੱਤਰ ਬਣਾਇਆ ਗਿਆ।[17] ਜਲ੍ਹਿਆਂਵਾਲਾ ਬਾਗ ਇਸ ਦੇ 34 ਵਿਅਕਤੀਗਤ ਮਾਲਕਾਂ ਪਾਸੋਂ ਰਾਸ਼ਟਰੀ ਚੰਦੇ ਅਤੇ ਭਾਰਤੀ ਰਾਸ਼ਟਰੀ ਯਾਦਗਾਰ ਵਜੋਂ ਇਕੱਤਰ ਕੀਤੀ 50,000 ਰੁਪਏ ਦੀ ਰਕਮ ਵਿਚ ਖਰੀਦਿਆ ਗਿਆ ਸੀ। ਰਾਸ਼ਟਰੀ ਯਾਦਗਾਰ ਸਿੰਘ ਨੂੰ ਜਿਸਦੇ ਸਭਾਪਤੀ ਪੰਡਿਤ ਜਵਾਹਰ ਲਾਲ ਨਹਿਰੂ ਬਣੇ, ਭਾਰਤੀ ਅਤੇ

ਵਿਦੇਸ਼ੀ ਸ਼ਿਲਪਕਾਰਾਂ ਵਲੋਂ ਭੇਜੇ ਗਏ ਹਜ਼ਾਰਾਂ ਨਮੂਨਿਆਂ ਵਿਚੋਂ ਜਲ੍ਹਿਆਂਵਾਲਾ ਬਾਗ ਸਮਾਰਕ ਦੇ ਨਮੂਨੇ ਦੀ ਚੋਣ ਕਰਨ ਲਈ ਕੁਝ ਸਾਲਾਂ ਦਾ ਸਮਾਂ ਲੱਗਿਆ। 1956 ਵਿਚ ਚੁਣਿਆ ਗਿਆ ਨਕਸ਼ਾ ਦਿੱਲੀ ਦੇ ਇਕ ਸ਼ਿਲਪਕਾਰ ਸ੍ਰੀ ਟੀ.ਆਰ. ਮਾਹੇਦਰਾਂ ਅਤੇ ਦਿੱਲੀ ਵਿਚ ਹੀ ਕੰਮ ਕਰ ਰਹੇ ਮਿਸਟਰ ਬੈਂਜਾਮਿਨ ਪੋਕ ਵਲੋਂ ਸਾਂਝੇ ਤੌਰ ਤੇ ਤਿਆਰ ਕੀਤਾ ਗਿਆ ਸੀ। ਇਸ ਦੀ ਉਸਾਰੀ ਨਵੰਬਰ 1957 ਵਿਚ ਸ਼ੁਰੂ ਕੀਤੀ ਗਈ ਸੀ ਅਤੇ 9,25,000 ਰੁਪਏ ਦੀ ਲਾਗਤ ਨਾਲ ਪੂਰੀ ਕੀਤੀ ਗਈ ਸੀ।

ਬਾਗ ਨੀਵੀਂ ਜਗ੍ਹਾ ਵਿਚ ਹੋਣ ਕਾਰਨ ਸਮਾਰਕ ਬਣਾਉਣ ਵਾਲਿਆਂ ਨੂੰ ਸਤਹ ਦਾ ਪੱਧਰ ਬਾਹਰਲੀ ਸੜਕ ਤੋਂ 5.5 ਫੁੱਟ ਉਚਾ ਚੁੱਕਣਾ ਪਿਆ। ਸਮਾਰਕ ਦੇ ਮੁੱਖ ਦੁਆਰ ਦੇ ਆਸੇ ਪਾਸੇ ਚਾਰ ਵੱਡੇ ਪੱਥਰ ਲਾਏ ਗਏ ਹਨ, ਜੋ ਪੱਥਰ ਦੇ ਛੋਟੇ ਛੋਟੇ 300 ਟੁਕੜਿਆਂ ਦਾ ਬਣਿਆ ਹੋਇਆ ਹੈ ਅਤੇ ਉਨ੍ਹਾਂ ਤੇ ਅਸ਼ੋਕ ਚੱਕਰ ਉਕਰੇ ਹੋਏ ਹਨ। ਇਹ ਪੱਥਰ ਇਸ ਢੰਗ ਨਾਲ ਲਗਾਏ ਗਏ ਹਨ ਕਿ ਸਮਾਰਕ ਸਾਰੇ ਪਾਸੇ ਤੋਂ ਇਕ ਲਾਟ ਵਾਂਗ ਨਜ਼ਰ ਆਉਂਦਾ ਹੈ। ਸਮਾਰਕ ਦੇ ਸੱਜੇ ਪਾਸੇ 400 ਫੁੱਟ× 25 ਫੁੱਟ ਆਕਾਰ ਦਾ ਬੱਚਿਆਂ ਦੇ ਤੈਰਨ ਵਾਸਤੇ ਇਕ ਤਲਾਬ ਹੈ। ਥੰਮ, ਖੜੇ ਹੋਏ ਸਿਪਾਹੀਆਂ ਦੇ ਸੂਚਕ ਹਨ ਅਤੇ ਵਰਾਂਡਾ ਅਰਧ ਘੇਰੇ ਦਾ ਜੋ ਸਿਪਾਹੀਆਂ ਨੇ ਪਾਇਆ ਹੋਇਆ ਸੀ ਅਤੇ ਕੇਂਦਰੀ ਫੁਹਾਰਾ ਉਸ ਛੱਟੀ ਮਸ਼ੀਨਗੰਨ ਦਾ ਸੂਚਕ ਹੈ ਜੋ ਉਸ ਸਮੇਂ ਵਰਤੀ ਗਈ ਸੀ। 'ਆਜ਼ਾਦੀ ਦੀ ਲਾਟ' ਦੀ ਉਸਾਰੀ 1954 ਵਿਚ ਕੀਤੀ ਗਈ ਸੀ ਅਤੇ ਇਸ ਦਾ ਉਦਘਾਟਨ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸ਼ਾਦ ਵਲੋਂ 1961 ਵਿਚ ਕੀਤਾ ਗਿਆ ਸੀ। ਸਮਾਰਕ ਦੇ ਚਾਰੇ ਪਾਸੇ ਹਿੰਦੀ, ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿਚ 'ਅੱਖਰ' "ਸ਼ਹੀਦਾਂ ਦੀ ਯਾਦ ਵਿਚ-13 ਅਪਰੈਲ, 1919" ਉਕਰੇ ਹੋਏ ਹਨ।

## ਦੁਰਗਿਆਨਾ ਮੰਦਰ

ਹਾਥੀ ਗੇਟ ਦੇ ਬਾਹਰ ਸਥਿਤ ਸ਼ਹਿਰ ਦੇ ਸਭ ਤੋਂ ਵੱਡੇ ਹਿੰਦੂ ਮੰਦਰ, ਦੁਰਗਿਆਨਾ ਮੰਦਰ ਨੂੰ ਲਾਲਾ ਨੱਥੂ ਮੱਲ ਰੰਗਵਾਲਾ ਅਤੇ ਗੁਰੂ ਸਹਾਇ ਮੱਲ ਦੇ ਸਾਂਝੇ ਯਤਨਾਂ ਨਾਲ ਸਥਾਪਿਤ ਕੀਤਾ ਗਿਆ ਸੀ। ਇਸ ਮੰਦਰ ਦਾ ਨਿਰਮਾਣ ਸਵਰਨ ਮੰਦਰ ਦੇ ਨਮੂਨੇ ਤੇ ਕੀਤਾ ਗਿਆ ਹੈ। ਇਹ ਵੀ ਐਨ ਸਰੋਵਰ ਦੇ ਵਿਚਕਾਰ ਬਣਾਇਆ ਗਿਆ ਹੈ। ਇਥੇ ਖੁਲ੍ਹੀ ਡੁਲ੍ਹੀ ਜਗਾ, ਸਾਦਗੀ ਅਤੇ ਹੋਰ ਲੌਕਿਕ ਗੁਣ ਮੌਜੂਦ ਹਨ। ਪੂਜਾ ਦੀਆਂ ਮੂਰਤੀਆਂ ਸ਼ਹਿਰ ਦੇ ਵਿਚਕਾਰ ਸਥਿਤ ਕੇਂਦਰੀ ਇਮਾਰਤ ਵਿਚ ਸਥਾਪਿਤ ਕੀਤੀਆਂ ਹੋਈਆਂ ਹਨ, ਉਨ੍ਹਾਂ ਨੂੰ ਸੁੰਦਰ ਕੱਪੜਿਆਂ ਵਿਚ ਲਪੇਟਿਆ ਅਤੇ ਭਰਪੂਰ ਸਜਾਇਆ ਗਿਆ ਹੈ। ਦੁਸਹਿਰੇ ਅਤੇ ਦਿਵਾਲੀ ਦੇ ਤਿਉਹਾਰਾਂ ਦੌਰਾਨ ਮੰਦਰ ਨੂੰ ਰੌਸ਼ਨਾਇਆ ਜਾਂਦਾ ਹੈ। ਸਮੇਂ ਸਮੇਂ ਤੇ ਹਿੰਦੂ ਦਰਸ਼ਨ ਦੇ ਸਮਰੱਥ ਪ੍ਰਚਾਰਕਾਂ ਵਲੋਂ ਭਗਵਾਨ ਕ੍ਰਿਸ਼ਨ ਅਤੇ ਯੋਗਾ ਦੇ ਉਪਦੇਸ਼ਾਂ ਬਾਰੇ ਭਾਸ਼ਨ ਦਿਤੇ ਜਾਂਦੇ ਹਨ। ਸੰਗੀਤਕ ਅਤੇ ਭਗਤੀ ਗੀਤਾਂ ਦੇ ਸਮਾਗਮਾਂ ਮੌਕੇ ਇਥੇ ਕਾਫੀ ਲੋਕ ਇਕੱਠੇ ਹੁੰਦੇ ਹਨ। ਅਮੀਰ ਵਪਾਰੀ ਅਤੇ ਹੋਰ ਪੇਸ਼ੇਵਰ ਜਮਾਤਾਂ ਨਾਲ ਸਬੰਧਤ ਲੋਕ ਇਸ ਮੰਦਰ ਨੂੰ ਕਾਫੀ ਦਾਨ ਦਿੰਦੇ ਹਨ। ਇਸ ਨੂੰ ਚਲਾਉਣ ਵਾਲੇ ਪ੍ਰਬੰਧਕਾਂ ਵਲੋਂ ਸਨਾਤਨ ਧਰਮ ਵਿਚ ਵਿਸ਼ਵਾਸ, ਹਿੰਦੂਆਂ ਦੀ ਏਕਤਾ ਅਤੇ ਗਊ ਦੀ ਰੱਖਿਆ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ। ਇਹ ਮੰਦਰ ਬਹੁਤ ਪੁਰਾਣਾ ਹੈ। ਮਾਂ ਦੁਰਗਾ ਜੀ ਦੀ ਮੂਰਤੀ ਦੇ ਕਾਰਨ ਹੀ ਇਸ ਨੂੰ ਦੁਰਗਿਆਨਾ ਮੰਦਰ ਕਿਹਾ ਜਾਂਦਾ ਹੈ।

## ਰਾਮ ਤੀਰਥ

ਅੰਮ੍ਰਿਤਸਰ ਤੋਂ 12 ਕਿਲੋਮੀਟਰ ਦੂਰ ਰਾਮ ਤੀਰਥ, ਮਹਾਰਿਸ਼ੀ ਬਾਲਮਿਕੀ ਜੀ ਦੀ ਤਪੱਸਿਆ ਦਾ ਸਥਾਨ ਹੈ। ਜਦੋਂ ਸ੍ਰੀ ਰਾਮ ਜੀ ਨੇ ਸੀਤਾ ਜੀ ਨੂੰ ਬਨਵਾਸ ਦਿੱਤਾ ਸੀ ਤਾਂ ਮਾਤਾ ਸੀਤਾ ਨੇ ਬਨਵਾਸ ਦਾ ਸਮਾਂ ਇਥੇ ਹੀ ਗੁਜਾਰਿਆ ਸੀ। ਲਵ-ਕੁਸ਼ ਦਾ ਜਨਮ ਅਤੇ ਬਾਦ ਵਿਚ ਗੁਰੂ ਬਾਲਮਿਕੀ ਜੀ ਤੋਂ ਸਿੱਖਿਆ ਅਤੇ ਸ਼ਾਸਤਰ ਦਾ ਗਿਆਨ ਇਸੇ ਸਥਾਨ ਤੇ ਪ੍ਰਾਪਤ ਕੀਤਾ। ਸ੍ਰੀ ਰਾਮ ਜੀ ਦੁਆਰਾ ਅਸ਼ਵਮੇਧ ਯੱਗ ਦੀ ਪੂਰਤੀ ਲਈ ਛੱਡਿਆ ਗਿਆ ਘੋੜਾ ਵੀ ਲਵ-ਕੁਸ਼ ਵਲੋਂ ਇਸੇ ਸਥਾਨ ਤੇ ਹੀ ਫੜਿਆ ਗਿਆ ਸੀ। ਕਈ ਤਰ੍ਹਾਂ ਦੀਆਂ ਗੱਲਾਂ ਨਾਲ ਜੁੜੀਆਂ ਹਨ ਕਿ ਸ੍ਰੀ ਰਾਮ ਜੀ ਦੇ ਭਰਾਵਾਂ ਸਮੇਤ ਬਹੁਤ ਸਾਰੀ ਸੈਨਾ ਜ਼ਖਮੀ ਹੋ ਗਈ ਸੀ ਜੋ ਇਥੇ ਮਹਾਰਿਸ਼ੀ ਬਾਲਮਿਕੀ ਜੀ ਨੇ ਲਵ-ਕੁਸ਼ ਤੋਂ ਕੁੰਡ ਬਣਵਾ ਤੇ ਜ਼ਖਮੀਆਂ ਨੂੰ ਅੰਮ੍ਰਿਤਵਰਖਾ ਨਾਲ ਠੀਕ ਕਰ ਦਿੱਤਾ।

## ਹੋਰ ਧਾਰਮਿਕ ਸਥਾਨ

ਅੰਮ੍ਰਿਤਸਰ ਵਿਚ ਹੋਰ ਵੀ ਬਹੁਤ ਸਾਰੇ ਧਾਰਮਿਕ ਸਥਾਨ ਹਨ, ਜਿਨ੍ਹਾਂ ਵਿਚੋਂ ਇਕ ਇਤਿਹਾਸਕ ਮੰਦਰ **ਸ੍ਰੀ ਰਾਮ ਤਲਾਓ ਮੰਦਰ** ਹੈ, ਜਿਥੇ ਸ੍ਰੀ ਰਾਮ ਜੀ ਦੁਆਰਾ ਛੱਡੇ ਘੋੜੇ ਲਵ ਕੁਸ਼ ਦੁਆਰਾ ਫੜ ਲੈਣ ਤੋਂ ਬਾਦ ਰਾਮ ਜੀ ਦੀ ਸੈਨਾ ਨਾਲ ਯੁੱਧ ਹੋਇਆ ਸੀ। ਅੱਜ ਕਲ ਇਥੇ ਹਨੂਮਾਨ ਜੀ ਦੀ ਮੂਰਤੀ ਸਥਾਪਤ ਹੈ। ਇਕ ਹੋਰ ਸੁੰਦਰ ਮੰਦਰ ਸ੍ਰੀ **ਲਾਲ ਦੇਵੀ** ਜੀ ਦਾ ਹੈ, ਜੋ ਮਾਤਾ ਵੈਸ਼ਨੋ ਦੇਵੀ ਦੇ ਮੰਦਰ ਵਾਂਗ ਹੀ ਹੈ। ਇਸ ਵਿਚ ਪਵਿੱਤਰ ਗੁਫਾ ਭੀ ਤਿਆਰ ਕੀਤੀ ਗਈ ਹੈ। ਇਕ ਹੋਰ ਮੰਦਰ **ਸ਼ਿਵਾਲਾ ਬਾਗ ਭਾਈਆਂ**, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਣਾਇਆ ਗਿਆ ਸੀ। ਅਜਨਾਲਾ ਤੋਂ 6 ਕਿਲੋਮੀਟਰ ਦੂਰ ਪਿੰਡ ਜਸਤਰਵਾਲ ਵਿਚ **'ਸਰਵਣ ਦੀ ਸਮਾਧ'** ਹੈ। ਸਰਵਣ ਆਪਣੇ ਨੇਤਰਹੀਣ ਮਾਤਾ ਪਿਤਾ ਨੂੰ ਤੀਰਥ ਯਾਤਰਾ ਕਰਵਾ ਰਿਹਾ ਸੀ, ਰਾਜਾ ਦਸ਼ਰਥ ਨੇ ਉਸ ਨੂੰ ਇਸੇ ਥਾਂ ਤੇ ਗਲਤੀ ਨਾਲ ਮਾਰ ਦਿੱਤਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਪ੍ਰਸਿੱਧ ਸਿੱਖ ਮੁਖੀਆਂ ਦੀਆਂ ਸੇਵਾਵਾਂ ਦੀ ਯਾਦਗਾਰ ਨੂੰ ਉਨ੍ਹਾਂ ਦੇ ਨਾਵਾਂ ਦੇ ਗਲੀਆਂ ਦੇ ਨਾਂ ਰੱਖ ਕੇ ਕਾਇਮ ਕੀਤਾ ਗਿਆ ਹੈ, ਜਿਵੇਂ ਕਿ **ਕਟੜਾ ਬਸਤੀ ਰਾਮ ਅਤੇ ਕਟੜਾ ਮੋਤੀ ਰਾਮ**। ਬਸਤੀ ਰਾਮ ਮਹਾਰਾਜਾ ਰਣਜੀਤ ਸਿੰਘ ਦਾ ਖਜ਼ਾਨਚੀ ਸੀ ਅਤੇ ਮੋਤੀ ਰਾਮ ਕਸ਼ਮੀਰ ਦਾ ਸੂਬੇਦਾਰ। ਖੁਸ਼ਹਾਲ ਵਪਾਰਕ ਕੇਂਦਰ, **ਮਜੀਠ ਮੰਡੀ** ਸਾਨੂੰ ਪ੍ਰਸਿੱਧ ਮਜੀਠੀਆ ਪਰਿਵਾਰ ਦੀ ਯਾਦ ਦਿਵਾਉਂਦੀ ਹੈ,ਜਿਸਨੇ ਅੰਮ੍ਰਿਤਸਰ ਸ਼ਹਿਰ ਨੂੰ ਬਹੁਤ ਸਾਰੇ ਪ੍ਰਬੰਧਕ ਪ੍ਰਦਾਨ ਕੀਤੇ। ਪਿਛਲੇ ਸਮੇਂ ਤੇ ਝਾਤ ਮਾਰਨ ਨਾਲ ਸਾਨੂੰ ਘੱਟੋ ਘੱਟ ਤਿੰਨ ਮਿਸਲਾਂ ਰਾਮਗੜ੍ਹੀਆ, ਆਹਲੂਵਾਲੀਆ ਅਤੇ ਭੰਗੀਆਂ ਵਲੋਂ ਅੰਮ੍ਰਿਤਸਰ ਸ਼ਹਿਰ ਤੇ ਕਾਬਜ਼ ਹੋਣ ਲਈ ਕੀਤੀਆਂ ਗਈਆਂ ਲੜਾਈਆਂ ਦਾ ਚੇਤਾ ਆਉਂਦਾ ਹੈ, ਜਿਨ੍ਹਾਂ ਦੇ ਨਾਂ ਤੇ ਦੋ ਪ੍ਰਸਿੱਧ ਗਲੀਆਂ ਅਤੇ ਇਕ ਕਿਲ੍ਹੇ ਦਾ ਨਾਂ ਰੱਖਿਆ ਗਿਆ ਹੈ। ਕੁਝ ਇਲਾਕਿਆਂ ਦੇ ਨਾ ਉਥੇ ਵਿਕਣ ਵਾਲੀਆਂ ਕੁਝ ਖਾਸ ਵਸਤੂਆਂ ਤੇ ਨਾਂ ਤੇ ਹਨ, ਜਿਵੇਂ ਕਿ **ਲੂਣ ਮੰਡੀ (ਲੂਣ ਬਾਜ਼ਾਰ), ਕਣਕ ਮੰਡੀ (ਕਣਕ ਬਾਜ਼ਾਰ), ਆਦਿ**। ਸ਼ਹਿਰ ਦੇ ਕੁਝ ਹੋਰ **ਸਰਦਾਰ ਲਹਿਣਾ ਸਿੰਘ ਦੀ ਹਵੇਲੀ, ਹਵੇਲੀ ਜਮਾਂਦਾਰ ਖੁਸ਼ਹਾਲ ਸਿੰਘ, ਹਵੇਲੀ ਸਰਦਾਰ ਹਰਚਰਨ ਦਾਸ, ਰਾਜਾ ਰਲੀਆ ਰਾਮ ਬਾਗ, ਰਾਜਾ ਸਾਹਿਬ ਦਿਆਲ ਮੰਦਰ,**

ਹਵੇਲੀ ਰਾਮਗੜ੍ਹੀਆ (ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਸਾਹਿਬ ਬਣਾਉਣ ਤੋਂ ਪਹਿਲਾਂ ਇਮਾਰਤ ਦੇ ਪਿਛਲੇ ਪਾਸੇ ਦੋ ਉਚੇ ਬੁਰਜ ਅਤੇ ਦਰਬਾਰ ਸਾਹਿਬ ਪਰਿਕਰਮਾਂ ਵਿਚ ਇਕ ਲਾਲ ਪੱਥਰ ਦਾ ਵਰਾਂਡਾ ਸੀ)

ਧਰਮਸ਼ਾਲਾ ਬਸਤੀ ਰਾਮ ਅਤੇ ਸਰਾਂ ਸਰਦਾਰ ਹਰਚਰਨ ਦਾਸ ਹਨ ਜਿਥੇ ਰਾਣੀ ਸਦਾ ਕੌਰ ਨੇ ਆਪਣੇ ਜੀਵਨ ਦੇ ਬਹੁਤੇ ਦਿਨ ਇਥੇ ਗੁਜ਼ਾਰੇ। ਅੰਤਿਮ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਹੱਥੋਂ ਇਥੇ ਹੀ ਕੈਦ ਰਹੀ। ਇਸਨੂੰ ਕੋਤਵਾਲੀ (ਰਾਣੀ ਸਦਾ ਕੌਰ ਦੀ ਹਵੇਲੀ) ਵੀ ਕਿਹਾ ਜਾਂਦਾ ਹੈ। ਭਾਵੇਂ ਮਦਨ ਲਾਲ ਢੀਂਗਰਾ ਵੀ ਅੰਮ੍ਰਿਤਸਰ ਦੇ ਸ਼ਹੀਦ ਹਨ, ਪਰ ਉਨ੍ਹਾਂ ਦੀ ਕੋਈ ਸਮਾਧੀ ਜਾਂ ਸਮਾਰਕ ਨਹੀਂ ਸਿਰਫ ਉਨ੍ਹਾਂ ਦੇ ਸੰਸਕਾਰ ਵਾਲੀ ਥਾਂ ਤੇ ਇਕ ਬੁੱਤ ਲੱਗਾ ਹੋਇਆ ਹੈ ਜੋ ਕਿ ਨਾਕਾਫੀ ਹੈ।

## ਹਵਾਲੇ ਤੇ ਟਿੱਪਣੀਆਂ

1. ਵਾਲਟਰ ਹੈਮਿਲਟਨ, ਈ ਈਸਟ ਇੰਡੀਆ, ਗਜ਼ਟੀਅਰ, ਭਾਗ-1 ਪੰਨਾ 48
2. ਐਡਵਰਡ ਥੋਰਨਟਨ, ਏ ਗਜ਼ਟੀਅਰ ਆਫ ਦੀ ਟੈਰੀਟਰੀਜ਼ ਅੰਡਰ ਦੀ ਗਵਰਨਮੈਂਟ ਆਫ ਦੀ ਈਸਟ ਇੰਡੀਆ ਕੰਪਨੀ, ਪੰਨਾ 116
3. ਐਮਿਲੀ ਈਡਨ, ਅੱਪ ਦੀ ਕੰਟਰੀ, ਪੰਨੇ 215-7
4. ਬੈਰਨ ਚਾਰਲਸ ਹਿਊਗਲ, ਟਰੈਵਲਜ਼ ਇਨ ਦੀ ਕਸ਼ਮੀਰ ਐਂਡ ਦੀ ਪੰਜਾਬ, ਪੰਨਾ 394
5. ਡਬਲਿਯੂ ਐਮ ਗਰੈਗਰ, ਦੀ ਹਿਸਟਰੀ ਆਫ ਦੀ ਸਿੱਖਜ਼, ਭਾਗ-1, ਪੰਨਾ 235
6. ਉਕਤ ਪੰਨਾ 236
7. ਡਲਹੌਜ਼ੀ ਦੇ ਵਿਚਾਰਾਂ ਲਈ ਵੇਖੋ, ਬੇਅਰਡ, ਪ੍ਰਾਈਵੇਟ ਲੈਟਰਜ਼ ਆਫ ਡਲਹੌਜ਼ੀ, ਪੰਨੇ 145-7, ਐਫ ਐਫ 395-8
8. ਬੇਅਰਡ, ਪ੍ਰਾਈਵੇਟ ਲੈਟਰਜ਼ ਆਫ ਡਲਹੌਜ਼ੀ, ਪੰਨੇ 145-7,
9. ਜੇਮਜ਼ ਫਰਗੂਸਨ, ਹਿਸਟਰੀ ਆਫ ਇੰਡੀਆ ਐਂਡ ਈਸਟਰਨ ਆਰਕੀਟੈਕਚਰ,ਭਾਗ 2, ਪੰਨਾ 163
10. ਪਰਸੀ ਬਰਾਉਣ, ਇੰਡੀਅਨ ਆਕੀਟੈਕਚਰ (ਮੁਸਲਮਾਨਾਂ ਦਾ ਸਮਾਂ) ਪੰਨਾ 124
11. ਉਕਤ ਪੰਨਾ 124
12. ਬੈਰਨ ਚਾਰਲਸ ਹਿਊਗਲ, ਟਰੈਵਲਜ਼ ਇਨ ਦੀ ਕਸ਼ਮੀਰ ਐਂਡ ਦੀ ਪੰਜਾਬ,ਪੰਨਾ 394
13. ਸਟੀਨ ਬੈਕ, ਦੀ ਪੰਜਾਬ, ਪੰਨਾ 5
14. ਡਬਲਿਯੂ ਐਮ ਗਰੈਗਰ, ਦੀ ਹਿਸਟਰੀ ਆਫ ਦੀ ਸਿੱਖਜ਼, ਭਾਗ-1,ਪੰਨਾ 19
15. ਜੇਮਜ਼ ਕੋਲੇ, ਜਰਨਲ ਆਫ ਦੀ ਸਤਲੁਜ ਕੈਪੇਨ (1845-46) ਅਤੇ ਲਾਰਡ ਹਾਰਡਿੰਗ ਦਾ ਟੂਰ, ਪੰਨਾ 104
16. ਡਬਲਿਯੂ ਜੀ ਓਸਬੋਰਨ, ਦੀ ਕੋਰਟ ਐਂਡ ਕੈਂਪ ਆਫ ਰਣਜੀਤ ਸਿੰਘ,ਪੰਨਾ-218
17. ਇਕ ਹੋਮਿਓਪੈਥ ਵਜੋਂ ਕੰਮ ਕਰ ਰਿਹਾ ਡਾ. ਐਸ.ਸੀ. ਮੁਕਰਜੀ 1905 ਵਿਚ ਕਾਂਗਰਸ ਵਿਚ ਸ਼ਾਮਲ ਹੋ ਗਿਆ ਅਤੇ ਉਹ ਪੰਡਿਤ ਮੋਤੀ ਲਾਲ ਨਹਿਰੂ ਦੀ ਸਲਾਹ ਤੇ ਅੰਮ੍ਰਿਤਸਰ ਆਇਆ। ਉਹ 1919 ਤੋਂ ਅਗਸਤ 1961 ਵਿਚ ਆਪਣੀ ਮੌਤ ਹੋਣ ਤੱਕ ਜਲ੍ਹਿਆਂਵਾਲੇ ਬਾਗ ਵਿਚ ਠਹਿਰਿਆ, ਜਦੋਂ ਉਸਦੇ ਪੁੱਤਰ ਸ੍ਰੀ ਯੂ.ਐਨ. ਮੁਕਰਜੀ ਨੇ ਜਲ੍ਹਿਆਂਵਾਲੇ ਬਾਗ ਟਰਸਟ ਦੇ ਸਕੱਤਰ ਵਜੋਂ ਕਾਰਜ ਭਾਗ ਸੰਭਾਲ ਲਿਆ ਸੀ।

## ਅਧਿਆਇ - ਗਿਆਰਾਂ

# ਅਜ਼ਾਦੀ ਦੇ ਅੰਦੋਲਨ ਵਿਚ ਅੰਮ੍ਰਿਤਸਰ ਦਾ ਯੋਗਦਾਨ

ਭਾਰਤ ਭਾਵੇਂ ਇਕ ਬਹਾਦਰ ਲੋਕਾਂ ਦਾ ਦੇਸ਼ ਹੈ, ਪਰ ਆਪਣੀ ਭੂਗੋਲਿਕ ਬਣਤਰ ਅਤੇ ਆਪਣੀ ਆਰਥਿਕ ਖੁਸ਼ਹਾਲੀ ਕਾਰਨ ਲੰਬੇ ਸਮੇਂ ਤੱਕ ਗੁਲਾਮ ਰਿਹਾ। ਭੂਗੋਲਿਕ ਸਥਿਤੀ ਕਾਰਨ ਪੰਜਾਬ ਹਮਲਾਵਰਾਂ ਦਾ ਮੁੱਖ ਦਰਵਾਜ਼ਾ ਰਿਹਾ, ਨਾਲ ਹੀ ਅੰਮ੍ਰਿਤਸਰ ਹਮੇਸ਼ਾ ਹਮਲਾਵਰਾਂ ਦੇ ਨਿਸ਼ਾਨੇ ਤੇ ਰਿਹਾ। ਅਜ਼ਾਦੀ ਦਾ ਕੋਈ ਅਜਿਹਾ ਅੰਦੋਲਨ ਨਹੀਂ, ਜਿਸ ਵਿਚ ਅੰਮ੍ਰਿਤਸਰ ਦਾ ਯੋਗਦਾਨ ਨਾ ਹੋਵੇ। ਅੰਮ੍ਰਿਤਸਰ ਗੁਰੂਆਂ ਦੀ ਧਰਤੀ ਹੈ ਅਤੇ ਇਥੋਂ ਦੇ ਵਾਸੀ ਹਮੇਸ਼ਾ ਗੁਰੂਆਂ ਦੇ ਦਿਖਾਏ ਹੋਏ ਰਸਤੇ ਤੇ ਹੀ ਚੱਲੇ। ਗੁਰੂ ਨਾਨਕ ਦੇਵ ਜੀ ਨੇ 1526 ਵਿਚ ਬਾਬਰ ਦੇ ਹਮਲੇ ਦਾ ਭਰਵਾਂ ਵਿਰੋਧ ਕੀਤਾ। ਦੇਸ਼ ਵਾਸੀਆਂ ਨੂੰ ਥਾਂ ਥਾਂ ਤੇ ਜਾ ਕੇ "ਕਲਿ ਕਾਤੀ ਰਾਜੇ ਕਸਾਈ" ਹੋ ਗਏ ਦਾ ਢੰਡੋਰਾ ਦਿੱਤਾ ਅਤੇ "ਪਾਪ ਦੀ ਜੰਞ ਲੈ ਕਾਬਲੋ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ" ਦੇ ਖਤਰੇ ਦਾ ਅਲਾਰਮ ਦਿੱਤਾ। ਛੇਵੇਂ ਗੁਰੂ ਹਰਗੋਬਿੰਦ ਜੀ ਨੇ ਮੀਰੀ ਪੀਰੀ ਦਾ ਸਿਧਾਂਤ ਦਿੱਤਾ। ਭਾਵ ਧਰਮ ਦੇ ਨਾਲ ਸੰਸਾਰ ਦੀ ਰੱਖਿਆ ਭੀ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਹੀ ਅੱਤਿਆਚਾਰੀ ਮੁਗਲਾਂ ਨਾਲ ਲੜਣ ਵਿਚ ਲਗਾ ਦਿੱਤਾ।[1] ਅੰਮ੍ਰਿਤਸਰ ਦੇ ਲੋਕਾਂ ਨੇ ਹਮੇਸ਼ਾ ਗੁਰੂਆਂ ਦੇ ਪਦ-ਚਿੰਨਾਂ ਤੇ ਚਲਦੇ ਹੋਏ ਅਕਰਮਣਕਾਰੀਆਂ ਦਾ ਡਟ ਕੇ ਮੁਕਾਬਲਾ ਕੀਤਾ। ਜਦੋਂ ਜ਼ਕਰੀਆ ਖਾਨ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਤੇ ਕਬਜ਼ਾ ਕਰਕੇ ਮੱਸਾ ਰੰਘੜ ਦੇ ਹਵਾਲੇ ਕਰ ਦਿੱਤਾ ਸੀ ਤਾਂ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਆਪਣੇ ਦਰਬਾਰ ਵਿਚ ਬਦਲ ਲਿਆ ਅਤੇ ਉਥੇ ਆਮ ਤੌਰ ਤੇ ਨਰਤਕੀਆਂ ਨੂੰ ਬੁਲਾ ਕੇ ਨਾਚ- ਰੰਗ ਕੀਤਾ ਜਾਣ ਲੱਗਾ,ਤਾਂ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਨੇ ਮੱਸਾ ਰੰਘੜ ਦਾ ਸਿਰ ਕਲਮ ਕਰ ਦਿੱਤਾ। 1738 ਵਿਚ ਅੰਮ੍ਰਿਤਸਰ ਵਿਚ ਭਾਈ ਮਨੀ ਸਿੰਘ (ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ) ਨੂੰ ਸ਼ਹੀਦ ਕਰ ਦਿੱਤਾ। ਜਦੋਂ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਸ਼ੁਰੂ ਹੋਏ ਤਾਂ ਸੁਰੱਖਿਆ ਅਤੇ ਹਮਲੇ ਦੇ ਮਨੋਰਥ ਨਾਲ 1748 ਵਿਚ ਅੰਮ੍ਰਿਤਸਰ ਵਿਚ ਦਲ ਖਾਲਸਾ ਬਣਾਉਣ ਦਾ ਫੈਸਲਾ ਕੀਤਾ ਗਿਆ। 1748 ਵਿਚ ਅੰਮ੍ਰਿਤਸਰ ਵਿਚ ਸਰਬੱਤ ਖਾਲਸਾ ਵਿਚ ਇਕ ਪ੍ਰਸਤਾਵ ਰੱਖਿਆ ਗਿਆ ਕਿ 'ਕੀ ਅਸੀਂ ਮੱਧ ਏਸ਼ੀਆ ਦੇ ਅਫਗਾਨਾਂ ਦਾ ਨਵਾਂ ਸ਼ਾਸਨ ਸਵੀਕਾਰ ਕਰਾਂਗੇ', ਤਾਂ ਸਾਰਿਆਂ ਦਾ ਉਤਰ ਸੀ ਨਹੀਂ।[2] 1757 ਵਿਚ ਅਹਿਮਦਸ਼ਾਹ ਅਬਦਾਲੀ ਨੇ ਲਾਹੌਰ ਦੇ ਗਵਰਨਰ ਦੇ ਰੂਪ ਵਿਚ ਆਪਣੇ ਪੁੱਤਰ ਦੀ ਨਿਯੁਕਤੀ ਕੀਤੀ। ਰਾਮਦਾਸਪੁਰ ਸ਼ਹਿਰ ਉਸ ਦਾ ਪਹਿਲਾ ਨਿਸ਼ਾਨਾ ਸੀ। ਤੈਮੂਰ ਸ਼ਾਹ ਸ੍ਰੀ ਹਰਿਮੰਦਰ ਸਾਹਿਬ ਨੂੰ ਅਪਵਿੱਤਰ ਕਰਨ ਦੀ ਸੀਮਾ ਤੱਕ ਚਲਾ ਗਿਆ। ਇਸ ਨਾਲ ਲੋਕਾਂ ਦੀਆਂ ਭਾਵਨਾਵਾਂ ਭੜਕ ਗਈਆਂ, ਉਸ ਸਮੇਂ ਜੱਸਾ ਸਿੰਘ ਆਹਲੂਵਾਲੀਆ ਜਿਸ ਨੇ ਦੇਸ਼ ਦੀ ਪ੍ਰਭੂਸਤਾ ਦੀ ਕਲਪਣਾ ਕੀਤੀ ਸੀ, ਦੀ ਅਗਵਾਈ ਹੇਠ ਲਾਹੌਰ ਤੇ ਕਬਜ਼ਾ ਕਰ ਲਿਆ। 1765 ਵਿਚ ਖਾਲਸੇ ਨੇ ਲਾਹੌਰ

ਉਤੇ ਕਬਜ਼ਾ ਕਰ ਲਿਆ ਅਤੇ ਸਿੱਕੇ ਚਲਾਏ। ਅਬਦਾਲੀ ਤੋਂ ਬਾਅਦ ਮਿਸਲਾਂ ਦਾ ਰਾਜ ਪੰਜਾਬ ਤੇ ਅੰਮ੍ਰਿਤਸਰ ਵਿਚ ਪੂਰੀ ਤਰ੍ਹਾਂ ਸਥਾਪਤ ਹੋ ਗਿਆ। ਵੱਖ ਵੱਖ ਮਿਸਲਾਂ ਦੇ ਮੁਖੀਆਂ ਨੇ ਸ਼ਹਿਰ ਦੇ ਵੱਖ ਵੱਖ ਖੇਤਰਾਂ ਵਿਚ ਆਪਣਾ ਪ੍ਰਭਾਵ ਭਾਵ ਕੱਟੜਾ ਕਾਇਮ ਕਰ ਲਿਆ। ਹਰੇਕ ਕਟੜਾ ਆਪਣੇ ਨਿਵਾਸੀਆਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਦਾ ਸੀ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਤੇ ਅਧਿਕਾਰ ਹੋ ਗਿਆ ਅਤੇ 1805 ਵਿਚ ਅੰਮ੍ਰਿਤਸਰ ਤੇ ਭੀ ਅਧਿਕਾਰ ਹੋ ਗਿਆ।

ਪੰਜਾਬ ਵਿਚ ਜਦੋਂ ਅੰਗਰੇਜ਼ਾਂ ਦੀਆਂ ਸਾਮਰਾਜੀ ਨੀਤੀਆ ਕਾਰਨ ਆਗਮਨ ਸ਼ੁਰੂ ਹੋਇਆ ਤਾਂ ਪੰਜਾਬੀਆਂ ਵਿਚ ਸੁਤੰਤਰਤਾ ਅੰਦੋਲਨ ਦੀ ਉੱਤਪਤੀ ਹੋਈ ਜਿਸ ਦੇ ਸਿੱਟੇ ਵਜੋਂ ਅੰਗਰੇਜ਼ਾਂ ਅਤੇ ਸਿੱਖਾਂ ਵਿਚ ਦੋ ਐਂਗਲੋ ਸਿੱਖ ਯੁੱਧ ਹੋਏ। ਅੰਮ੍ਰਿਤਸਰ ਸ਼ਹਿਰ ਵਿਚ ਭੀ ਅੰਗਰੇਜ਼ਾਂ ਦਾ ਵਿਰੋਧ ਬੜਾ ਤੀਬਰ ਹੋਇਆ। ਅਸਲ ਵਿਚ 1857 ਦੇ ਮਹਾਨ ਸੰਘਰਸ਼ ਵਿਚ ਪੰਜਾਬ ਦੇ ਵੱਖ ਵੱਖ ਸਥਾਨਾਂ ਤੇ ਅੰਗੇਰੇਜ਼ਾਂ ਵਿਚ ਸੰਘਰਸ਼ ਹੋਇਆ। [3] ਅੰਮ੍ਰਿਤਸਰ ਵਿਚ ਭਾਰਤੀ ਸੈਨਿਕਾਂ ਨੂੰ ਬੜੇ ਨਾਟਕੀ ਢੰਗ ਨਾਲ ਬੇਹਥਿਆਰ ਕਰ ਦਿੱਤਾ। ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਵਿਖੇ 282 ਵਿਅਕਤੀਆ ਨੂੰ 1857 ਦੇ ਸੁਤੰਤਰਤਾ ਸੰਗਰਾਮ ਵਿਚ ਭਾਗ ਲੈਣ ਕਰਕੇ ਸ਼ਹੀਦ ਕਰ ਦਿੱਤਾ ਗਿਆ। [4] ਅੰਮ੍ਰਿਤਸਰ ਵਿਖੇ ਬਹੁਤ ਸਾਰੇ ਬੈਰਾਗੀਆਂ ਨੂੰ ਕੈਦ ਕਰ ਲਿਆ ਗਿਆ ਅਤੇ ਰਾਧਾ ਕ੍ਰਿਸ਼ਨ ਨਾਮੀ ਬ੍ਰਾਹਮਣ ਨੂੰ ਫਾਂਸੀ ਦਿੱਤੀ ਗਈ।

1857 ਨੂੰ ਪੰਜਾਬ ਵਿਚ ਇਕ ਧਾਰਮਿਕ ਅਤੇ ਸਮਾਜਿਕ ਅੰਦੋਲਨ **ਨਾਮਧਾਰੀ ਅੰਦੋਲਨ** ਸ਼ੁਰੂ ਹੋਇਆ, ਜੋ ਅੰਗਰੇਜ਼ੀ ਸ਼ਾਸਨ ਦੇ ਵਿਰੁੱਧ ਇਕ ਮਹੱਤਵਪੂਰਨ ਅੰਦੋਲਨ ਸੀ। ਨਾਮਧਾਰੀਆਂ ਨੇ ਗਊ ਹੱਤਿਆ ਵਿਰੁਧ ਮੁਹਿੰਮ ਚਲਾਈ ਅਤੇ 1871 ਵਿਚ ਅੰਮ੍ਰਿਤਸਰ ਦੇ ਕਈ ਬੁੱਚੜਾਂ ਨੂੰ ਮਾਰ ਦਿੱਤਾ। **ਅੰਗਰੇਜ਼ ਸਰਕਾਰ ਨੇ 7 ਨਾਮਧਾਰੀਆਂ ਨੂੰ ਫੜਕੇ ਅੰਮ੍ਰਿਤਸਰ ਵਿਚ ਫਾਂਸੀ ਤੇ ਲਟਕਾ ਦਿੱਤਾ।**

ਬੰਗਾਲ ਦੀ ਵੰਡ ਦੇ ਸਿੱਟੇ ਵਜੋਂ ਰਾਸ਼ਟਰਵਾਦੀਆਂ ਨੇ ਦੇਸ਼ ਵਿਚ ਸਵਦੇਸ਼ੀ ਤੇ ਬਾਈਕਾਟ ਅੰਦੋਲਨ ਚਲਾਇਆ। **ਅੰਮ੍ਰਿਤਸਰ ਵਿਚ 1905 ਨੂੰ ਸੁਰਿੰਦਰ ਨਾਥ ਬੈਨਰਜੀ ਆਏ ਤੇ 'ਬੰਦੇ ਮਾਤਰਮ ਹਾਲ' ਦੀ ਸਥਾਪਨਾ ਕੀਤੀ। 1909 ਨੂੰ ਅੰਮ੍ਰਿਤਸਰੀ ਮਦਨ ਨਾਲ ਢੀਂਗਰਾ ਜੋ ਇੰਗਲੈਂਡ ਵਿਖੇ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੇ ਸਨ ਨੇ ਅੰਗਰੇਜ਼ ਅਫਸਰ ਕਰਜ਼ਨ ਵਾਇਲੀ ਨੂੰ ਲੰਡਨ ਵਿਚ ਜਾ ਕੇ ਗੋਲੀ ਮਾਰ ਦਿੱਤੀ, ਜਿਸ ਕਾਰਨ ਉਸਨੂੰ ਫਾਂਸੀ ਦੇ ਦਿੱਤੀ ਗਈ।**

ਭਾਰਤ ਨੂੰ ਅਜ਼ਾਦ ਕਰਵਾਉਣ ਲਈ ਇਕ ਇਨਕਲਾਬੀ ਹਥਿਆਰਬੰਦ ਅੰਦੋਲਨ **ਗਦਰ ਲਹਿਰ** ਚੱਲੀ। ਇਸ ਲਹਿਰ ਦਾ ਅੰਮ੍ਰਿਤਸਰ ਨਾਲ ਡੂੰਘਾ ਸਬੰਧ ਰਿਹਾ। ਇਸ ਗਦਰ ਲਹਿਰ ਦੇ ਦੌਰਾਨ ਵਾਪਰੀ ਘਟਨਾ **ਕਾਮਾਗਾਟਾਮਾਰੂ** ਜਹਾਜ਼ ਕਾਂਡ ਦੇ ਨਾਇਕ **ਬਾਬਾ ਗੁਰਦਿੱਤ ਸਿੰਘ**, ਅੰਮ੍ਰਿਤਸਰ ਦੇ ਪਿੰਡ ਸਰਹਾਲੀ ਦੇ ਰਹਿਣ ਵਾਲੇ ਸਨ। ਗਦਰ ਅੰਦੋਲਨ ਦੇ ਸੰਸਥਾਪਕ ਤੇ ਪਹਿਲੇ ਪ੍ਰਧਾਨ **ਬਾਬਾ ਸੋਹਣ ਸਿੰਘ ਭਕਨਾ** ਅੰਮ੍ਰਿਤਸਰ ਜ਼ਿਲ੍ਹੇ ਦੇ ਭਕਨਾ ਦੇ ਰਹਿਣ ਵਾਲੇ ਸਨ। ਗਦਰੀਆਂ ਦੇ ਅੰਮ੍ਰਿਤਸਰ ਵਿਚ ਬੰਬ ਬਣਾਉਣ ਦੀ ਫੈਕਟਰੀ ਲਗਾਈ4 ਜੂਨ, 1915 ਨੂੰ ਅੰਮ੍ਰਿਤਸਰ ਦਾ ਇਕ ਮੁਖਬਰ (ਪਿੱਠੂ) ਅੱਛਰ ਸਿੰਘ ਦਾ ਕਤਲ ਹੋਇਆ। ਉਹ ਅੰਗਰੇਜ਼ੀ

ਅਧਿਕਾਰੀਆਂ ਦੀ ਸਹਾਇਤਾ ਕਰਦਾ ਸੀ। **ਰਾਸ ਬਿਹਾਰੀ ਬੋਸ** 1915 ਵਿਚ ਅੰਮ੍ਰਿਤਸਰ ਆਏ ਤੇ ਇਥੇ ਡਾ **ਮਥੁਰਾ ਸਿੰਘ ਕੋਹਲੀ** ਦੀ ਅਗਵਾਈ ਹੇਠ ਬੰਬ ਬਣਾਉਣ ਦਾ ਕੰਮ ਸ਼ੁਰੂ ਕੀਤਾ।20ਵੀਂ ਸ਼ਤਾਬਦੀ ਦੇ ਦੂਸਰੇ ਦਹਾਕੇ ਵਿਚ ਅੰਮ੍ਰਿਤਸਰ ਇਨਕਲਾਬੀ ਸਰਗਰਮੀਆਂ ਦਾ ਕੇਂਦਰ ਬਣ ਗਿਆ। **ਕਰਤਾਰ ਸਿੰਘ ਸਰਾਭਾ** ਅਤੇ **ਅਜੀਤ ਸਿੰਘ** ਦਾ ਸੰਬੰਧ ਅੰਮ੍ਰਿਤਸਰ ਨਾਲ ਰਿਹਾ। **1918 ਵਿਚ ਪੰਜਾਬ ਪ੍ਰਾਂਤ ਦੀ ਕਾਂਗਰਸ ਦਾ ਸੰਮੇਲਨ ਅੰਮ੍ਰਿਤਸਰ ਵਿਖੇ ਹੋਇਆ।**

1919 ਨੂੰ ਅੰਗਰੇਜ਼ੀ ਸਰਕਾਰ ਨੇ **ਰੋਲਟ ਐਕਟ** ਪਾਸ ਕਰ ਦਿੱਤਾ [5], ਜਿਸ ਦੇ ਵਿਰੋਧ ਵਿਚ **ਅੰਮ੍ਰਿਤਸਰ ਵਿਚ 30 ਮਾਰਚ ਅਤੇ 6 ਅਪਰੈਲ ਨੂੰ ਸਫਲਤਾ ਪੂਰਵਕ ਹੜਤਾਲ ਹੋਈ।** ਅੰਮ੍ਰਿਤਸਰ ਵਿਚ ਰੋਸ ਵੱਧ ਚੁੱਕਾ ਸੀ ਅਤੇ ਲੋਕਾਂ ਦੀ ਅਗਵਾਈ **ਸੱਤਿਆਪਾਲ** ਅਤੇ **ਸੈਫਉਦਦੀਨ ਕਿਚਲੂ** ਕਰ ਰਹੇ ਸਨ। 11 ਅਪਰੈਲ ਨੂੰ ਰਾਮਨੌਮੀ ਸੀ ਅਤੇ 13 ਅਪਰੈਲ ਨੂੰ ਵਿਸਾਖੀ ਵਾਲਾ ਦਿਨ ਹੋਣ ਕਰਕੇ ਅੰਮ੍ਰਿਤਸਰ ਵਿਚ ਸ਼ਰਧਾਲੂਆਂ ਦੀ ਵੱਡੀ ਭੀੜ ਸੀ। 11 ਅਪਰੈਲ ਨੂੰ ਸ਼ਹਿਰ ਜਨਰਲ ਡਾਇਰ ਦੇ ਹਵਾਲੇ ਕਰ ਦਿੱਤਾ ਗਿਆ ਜੋ ਨਰਸੰਹਾਰ ਦੀਆਂ ਤਿਆਰੀਆਂ ਕਰਨ ਵਿਚ ਲੱਗਾ ਹੋਇਆ ਸੀ। ਉਸਨੇ 13 ਅਪਰੈਲ 1919 ਨੂੰ ਸ਼ਾਂਤੀਪੂਰਨ ਵਿਰੋਧ ਪ੍ਰਗਟ ਕਰਨ ਲਈ 15 ਹਜ਼ਾਰ ਲੋਕਾਂ ਦੀ ਭੀੜ ਤੇ ਅੰਧਾ ਧੁੰਦ ਗੋਲੀਆਂ ਚਲਵਾਈਆਂ ਅਤੇ 700 ਆਦਮੀ ਮਾਰ ਦਿੱਤੇ ਅਤੇ 1000 ਜ਼ਖਮੀ ਕਰ ਦਿੱਤੇ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਅੰਮ੍ਰਿਤਸਰ ਦੇ ਹੀ ਸਨ। ਡਾਇਰ ਦਾ ਉਦੇਸ਼ ਭੀੜ ਨੂੰ ਤਿੱਤਰ ਬਿੱਤਰ ਕਰਨ ਦਾ ਨਹੀਂ ਸਗੋਂ ਪੰਜਾਬ ਵਿਚ ਲੋਕਾਂ ਨੂੰ ਸਬਕ ਸਿਖਾਉਣ ਦਾ ਸੀ। ਇਸ ਦਾ ਸਿੱਧਾ ਪ੍ਰਭਾਵ ਆਜ਼ਾਦੀ ਦੇ ਅੰਦੋਲਨ ਤੇ ਪਿਆ ਅਤੇ ਲੋਕਾਂ ਦਾ ਗੁੱਸਾ ਭੜਕ ਗਿਆ। **1919 ਨੂੰ ਇੰਡੀਅਨ ਨੈਸ਼ਨਲ ਕਾਂਗਰਸ ਨੇ ਅੰਮ੍ਰਿਤਸਰ ਵਿਖੇ ਆਪਣਾ ਸਲਾਨਾ ਸਮਾਗਮ ਕੀਤਾ ।** ਅੰਗਰੇਜ਼ਾਂ ਨੇ ਅੰਮ੍ਰਿਤਸਰ ਵਿਚ ਮਾਰਸ਼ਲ ਲਾ ਦਿੱਤਾ ਜੋ 9 ਜੂਨ ਤੱਕ ਲਾਈ ਰੱਖਿਆ ਅਤੇ ਬੇਸ਼ੁਮਾਰ ਜ਼ੁਲਮ ਅੱਤਿਆਚਾਰ ਅੰਮ੍ਰਿਤਸਰ ਦੇ ਲੋਕਾਂ ਤੇ ਕੀਤੇ।

ਜਦੋਂ ਮਹਾਤਮਾ ਗਾਂਧੀ ਨੇ 'ਨਾ ਮਿਲਵਰਤਣ ਅੰਦੋਲਨ' ਚਲਾਇਆ ਤਾਂ ਅੰਮ੍ਰਿਤਸਰ ਵਿਚ ਡਾ. ਸੱਤਿਆਪਾਲ ਅਤੇ ਡਾ. ਕਿਚਲੂ ਦੀ ਅਗਵਾਈ ਵਿਚ ਅੰਦੋਲਨ ਕੀਤਾ ਗਿਆ। 1919 ਵਿਚ ਅੰਮ੍ਰਿਤਸਰ ਵਿਚ '**ਸੈਂਟਰਲ ਸਿੱਖ ਲੀਗ**' ਸਥਾਪਤ ਕੀਤੀ ਗਈ। ਇਸ ਅੰਦੋਲਨ ਦੌਰਾਨ ਖਾਲਸਾ ਕਾਲਜ ਅੰਮ੍ਰਿਤਸਰ ਵੀ ਕਈ ਦਿਨ ਬੰਦ ਰਿਹਾ। ਅੰਦੋਲਨ ਦੌਰਾਨ ਗਾਂਧੀ ਜੀ ਵੀ ਅੰਮ੍ਰਿਤਸਰ ਆਏ ਤੇ ਅੰਦੋਲਨ ਨੂੰ ਵਿਸ਼ੇਸ਼ ਉਤਸ਼ਾਹ ਮਿਲਿਆ ਅਤੇ ਕਈ ਜਗ੍ਹਾ ਤੇ ਗ੍ਰਿਫਤਾਰੀਆਂ ਹੋਈਆਂ।

1921 ਵਿਚ **ਗੁਰਦੁਆਰਾ ਸੁਧਾਰ ਲਹਿਰ** ਸ਼ੁਰੂ ਹੋਈ। ਇਹ ਅੰਦੋਲਨ ਅੰਗਰੇਜ਼ੀ ਸਰਕਾਰ ਦਾ ਸਮਰਥਨ ਪ੍ਰਾਪਤ ਮਹੰਤਾਂ ਦੇ ਖਿਲਾਫ ਸੀ। ਇਸ ਅੰਦੋਲਨ ਦਾ ਮੁੱਖ ਕੇਂਦਰ ਅੰਮ੍ਰਿਤਸਰ ਹੀ ਰਿਹਾ, ਭਾਵੇਂ ਕਈ ਅੰਦੋਲਨ ਤਾਂ ਅੰਮ੍ਰਿਤਸਰ ਵਿਚ ਹੀ ਚੱਲੇ। 1920 ਵਿਚ ਬਣੀ ' **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**' ਦਾ ਮੁੱਖ ਕੇਂਦਰ ਅੰਮ੍ਰਿਤਸਰ ਹੀ ਸੀ। ਇਸ ਲਈ ਗੁਰਦੁਆਰਾ ਅੰਦੋਲਨ ਦੀਆਂ ਗਤੀਵਿਧੀਆਂ ਅੰਮ੍ਰਿਤਸਰ ਨਾਲ ਹੀ ਜੁੜੀਆਂ ਰਹੀਆਂ। **ਸਾਈਮਨ ਕਮਿਸ਼ਨ** ਜਦੋਂ ਭਾਰਤ ਵਿਚ 1928 ਵਿਚ ਆਇਆ ਤਾਂ ਉਸਦੇ ਵਿਰੋਧ ਵਿਚ ਅੰਮ੍ਰਿਤਸਰ ਵਿਚ ਕਈ ਜਲਸੇ ਹੋਏ। 23 ਫਰਵਰੀ 1928 ਨੂੰ ਹੜਤਾਲ ਹੋਈ। 1930

ਵਿਚ ਸ਼ੁਰੂ ਹੋਈ **ਸਿਵਲ ਨਾ ਫਰਮਾਨੀ ਲਹਿਰ** ਨੂੰ ਭਰਵਾਂ ਹੁੰਗਾਰਾ ਅੰਮ੍ਰਿਤਸਰ ਵਿਚ ਹੀ ਮਿਲਿਆ। ਇਸੇ ਤਰ੍ਹਾਂ 1942 ਨੂੰ '**ਭਾਰਤ ਛੱਡੋ ਅੰਦੋਲਨ**' ਵਿਚ ਅੰਮ੍ਰਿਤਸਰ ਵਿਚ ਕਈ ਗ੍ਰਿਫਤਾਰੀਆਂ ਹੋਈਆਂ ਅਤੇ ਅੰਦੋਲਨ ਚੱਲਿਆ। 1947 ਵਿਚ ਹੋਏ ਬਟਵਾਰੇ ਸਮੇਂ ਅੰਮ੍ਰਿਤਸਰ 'ਤੇ ਬਹੁਤ ਪ੍ਰਭਾਵ ਪਿਆ।ਆਜ਼ਾਦੀ ਦੇ ਅੰਦੋਲਨ ਵਿਚ ਅੰਮ੍ਰਿਤਸਰ ਦੀ ਹਮੇਸ਼ਾ ਹੀ ਅਹਿਮ ਭੂਮਿਕਾ ਰਹੀ।

## ਅੰਮ੍ਰਿਤਸਰ ਦੇ ਪ੍ਰਮੁੱਖ ਸੁਤੰਤਰਤਾ ਸੰਗ੍ਰਾਮੀ

### ਮਦਨ ਲਾਲ ਢੀਂਗਰਾ

ਮਹਾਨ ਦੇਸ਼ ਭਾਗਤ ਦਾ ਜਨਮ 18 ਫਰਵਰੀ 1883 ਨੂੰ ਡਾ. ਸਾਹਿਬ ਦਿੱਤਾ ਮੱਲ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਡਾਕਟਰ ਸਾਹਿਬ ਦਿੱਤਾ ਮੱਲ ਕਾਫੀ ਅਸਰ ਰਸੂਖ ਵਾਲੇ ਅਮੀਰ ਅਤੇ ਪ੍ਰਭਾਵਸ਼ਾਲੀ ਵਿਅਕਤੀ ਸਨ। ਉਨ੍ਹਾਂ ਦੀ ਅੰਗਰੇਜ਼ੀ ਰਾਜ ਪ੍ਰਤੀ ਵਫਾਦਾਰੀ ਸਦਕਾ ਉਨ੍ਹਾਂ ਨੂੰ ਰਾਏ ਸਾਹਿਬ ਦਾ ਖਿਤਾਬ ਮਿਲਿਆ ਹੋਇਆ ਸੀ। ਮਦਨ ਲਾਲ ਆਪਣੇ ਚਾਰ ਭਰਾਵਾਂ ਅਤੇ ਇਕ ਭੈਣ ਤੋਂ ਛੋਟਾ ਸੀ। ਉਸ ਨੇ ਮੁੱਢਲੀ ਸਿੱਖਿਆ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਬਾਅਦ ਵਿਚ ਉਸ ਨੇ ਗੌਰਮਿੰਟ ਕਾਲਜ ਲਾਹੌਰ ਤੋਂ ਐਫ ਐਮ. ਸੀ. ਦਾ ਇਮਤਿਹਾਨ ਪਾਸ ਕੀਤਾ। ਲਾਹੌਰ ਵਿਚ ਰਹਿਣ ਸਮੇਂ ਮਦਨ ਲਾਲ ਨੂੰ ਅੰਗਰੇਜ਼ਾਂ ਦੀਆਂ ਨੀਤੀਆਂ ਅਤੇ ਵਧੀਕੀਆਂ ਬਾਰੇ ਬਹੁਤ ਅਨੁਭਵ ਹੋਇਆ।

ਮਦਨ ਲਾਲ ਉਚੇਰੀ ਪੜ੍ਹਾਈ ਕਰਨ ਲਈ ਮਈ 1906 ਵਿਚ ਇੰਗਲੈਂਡ ਲਈ ਰਵਾਨਾ ਹੋ ਗਿਆ। ਇੰਗਲੈਂਡ ਪਹੁੰਚ ਕੇ ਮਦਨ ਲਾਲ ਨੇ ਮਕੈਨੀਕਲ ਇੰਜੀਨੀਅਰਿੰਗ ਕਰਨ ਲਈ ਲੰਡਨ ਦੇ ਯੂਨੀਵਰਸਿਟੀ ਕਾਲਜ ਵਿਚ ਦਾਖਲਾ ਲੈ ਲਿਆ। ਲੰਡਨ ਵਿਚ ਰਹਿਣ ਸਮੇਂ ਉਸ ਦਾ ਸੰਪਰਕ **ਸ੍ਰੀ ਸ਼ਿਆਮ ਜੀ ਕ੍ਰਿਸ਼ਨਾ ਵਰਮਾ** [6] ਅਤੇ **ਵੀਰ ਸਾਵਰਕਰ** ਨਾਲ ਹੋਇਆ। ਉਹ ਕ੍ਰਾਂਤੀਕਾਰੀ ਲੀਡਰ ਵੀਰ ਸਾਵਰਕਰ ਦੇ ਪ੍ਰਭਾਵ ਸਦਕਾ **ਅਭਿਨਵ ਭਾਰਤ** ਸੰਸਥਾ ਦਾ ਸਰਗਰਮ ਮੈਂਬਰ ਬਣ ਗਿਆ। [7] ਪਰ ਇਸ ਤੋਂ ਪਹਿਲਾਂ ਉਸ ਨੂੰ ਵੀਰ ਸਾਵਰਕਰ ਦੀ ਪ੍ਰੀਖਿਆ ਵਿਚੋਂ ਪਾਸ ਹੋਣਾ ਪਿਆ ਸੀ। ਵੀਰ ਸਾਵਰਕਰ ਨੂੰ ਦ੍ਰਿੜ ਨਿਸ਼ਚਾ ਹੋ ਗਿਆ ਕਿ ਮਦਨ ਲਾਲ ਢੀਂਗਰਾ ਦੇਸ਼ ਲਈ ਕੁਰਬਾਨੀ ਕਰ ਸਕਦਾ ਹੈ। ਕ੍ਰਿਸ਼ਨਾ ਵਰਮਾ ਨੇ ਪੈਰਿਸ ਤੋਂ ਇੰਡੀਅਨ ਸ਼ਸ਼ਿਆਲੋਜਿਸ਼ਟ ਨਾਂ ਦਾ ਕ੍ਰਾਤੀਕਾਰੀ ਪਰਚਾ ਜਾਰੀ ਕੀਤਾ ਹੋਇਆ ਸੀ। ਮਦਨ ਲਾਲ ਸ਼ਿਆਮਾ ਜੀ ਕ੍ਰਿਸ਼ਨਾ ਵਰਮਾ ਦੇ ਕ੍ਰਾਤੀਕਾਰੀ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਹੋਏ। 1908-09 ਦੌਰਾਨ **ਇੰਡੀਆ ਹਾਊਸ** ਵਿੱਚ ਕ੍ਰਾਂਤੀਕਾਰੀ ਸਰਗਰਮੀਆਂ ਬੜੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਸਨ। [8]

ਅੰਗਰੇਜ਼ਾਂ ਵਲੋਂ **ਇੰਡੀਆ ਹਾਊਸ** ਅਤੇ ਅਭਿਨਵ ਭਾਰਤ ਸੰਸਥਾ ਦੇ ਮੁਕਾਬਲੇ ਵਿਚ ਇੰਡੀਅਨ ਐਸੋਸੀਏਸ਼ਨ ਬਣਾਈ ਹੋਈ ਸੀ। ਇਸ ਦਾ ਉਦੇਸ਼ ਭਾਰਤੀਆਂ ਵਿਚ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਪੱਕਿਆਂ ਕਰਨਾ ਸੀ। ਅੰਗਰੇਜ਼ ਅਧਿਕਾਰੀ ਕਰਜ਼ਨ ਵਾਇਲੀ ਇਸ ਵਿੱਚ ਬਹੁਤ ਸਰਗਰਮ ਸੀ। ਮਦਨ ਲਾਲ ਢੀਂਗਰਾ ਵੀਰ ਸਾਵਰਕਰ ਨਾਲ ਸਲਾਹ ਮਸ਼ਵਰਾ ਕਰਕੇ ਇਸ ਸੰਸਥਾਂ ਵਿਚ ਘੁਸਪੈਠ ਕਰਨ ਲਈ ਅਪਰੈਲ 1909 ਵਿਚ ਇਸ ਦਾ ਮੈਂਬਰ ਬਣ ਗਿਆ। ਦੇਸ਼ ਵਿਚ 1908 ਵਿਚ ਅਲੀਪੁਰ ਦੀ ਸਾਜ਼ਿਸ਼ ਦਾ ਮੁਕੱਦਮਾ ਖੜ੍ਹਾ ਹੋ ਚੁੱਕਿਆ ਸੀ। **ਸ੍ਰੀ ਕਨਹਾਈ ਅਤੇ ਸਤਿੰਦਰ ਨਾਥ ਨੂੰ ਫਾਂਸੀ ਹੋ ਗਈ ਸੀ।** ਇਸ ਤਰ੍ਹਾਂ ਦੀਆਂ

ਭੜਕਾਊ ਖਬਰਾਂ ਇੰਗਲੈਂਡ ਵੀ ਪੁੱਜ ਚੁੱਕੀਆਂ ਸਨ। 8 ਜੂਨ 1909 ਨੂੰ ਵੀਰ ਸਾਵਰਕਰ ਦੇ ਵੱਡੇ ਭਰਾ ਗਣੇਸ਼ ਦਮੋਦਰ ਸਾਵਰਕਰ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਮਦਨ ਲਾਲ ਢੀਂਗਰਾ ਨੇ ਕਰਜ਼ਨ ਵਾਇਲੀ ਨੂੰ ਕਤਲ ਕਰਨ ਦੀ ਉਸੇ ਦਿਨ ਯੋਜਨਾ ਬਣਾਈ।

1 ਜੁਲਾਈ 1909 ਨੂੰ ਲੰਡਨ ਦੇ ਇੰਪੀਰੀਅਲ ਇੰਸਟੀਚਿਊਟ ਦੇ ਜਹਾਂਗੀਰ ਹਾਲ ਵਿਚ ਅੰਗਰੇਜਾਂ ਦੇ ਪਿੱਠੂਆਂ ਵਲੋਂ ਇਕ ਸਮਾਗਮ ਕੀਤਾ ਜਾ ਰਿਹਾ ਸੀ। ਇਸ ਵਿਚ ਭਾਰਤ ਵਿਚੋਂ ਰਿਟਾਇਰ ਹੋ ਕੇ ਗਏ ਅੰਗਰੇਜ਼ ਅਫਸਰ ਅਤੇ ਉਨ੍ਹਾਂ ਦੇ ਝੋਲੀ ਚੁੱਕ ਸ਼ਾਮਲ ਸਨ। ਮਦਨ ਲਾਲ ਢੀਂਗਰਾ ਇਸ ਸਮਾਗਮ ਵਿੱਚ ਆ ਸ਼ਾਮਲ ਹੋਇਆ ਸੀ। ਮਦਨ ਲਾਲ ਢੀਂਗਰਾ ਕੋਲ ਦੋ ਭਰੇ ਹੋਏ ਪਿਸਤੌਲ ਸਨ। ਕਰਜ਼ਨ ਵਾਇਲੀ ਅਤੇ ਉਸ ਦੀ ਪਤਨੀ ਵੀ ਇਸ ਸਮਾਗਮ ਵਿੱਚ ਪਹੁੰਚੇ ਹੋਏ ਸਨ। ਮਦਨ ਲਾਲ ਢੀਂਗਰਾ ਮੌਕੇ ਦੀ ਤਾੜ ਵਿੱਚ ਸੀ। ਮਦਨ ਲਾਲ ਨੇ ਆਪਣੀ ਜੇਬ ਵਿਚੋਂ ਰਿਵਾਲਵਰ ਕੱਢਿਆ ਅਤੇ ਕਰਜ਼ਨ ਵਾਇਲੀ ਤੇ ਗੋਲੀਆਂ ਦਾਗ ਦਿੱਤੀਆਂ। ਕਰਜ਼ਨ ਵਾਇਲੀ ਥਾਂ ਤੇ ਹੀ ਢੇਰੀ ਹੋ ਗਿਆ। ਸ਼ਿੰਘਾਈ ਦਾ ਪ੍ਰਸਿੱਧ ਡਾਕਟਰ ਕਵਾਸ ਜੀ ਲਾਲ ਕਾਕਾ ਉਸ ਨੂੰ ਬਚਾਉਣ ਲਈ ਅੱਗੇ ਵਧਿਆ ਤਾਂ ਉਹ ਵੀ ਮਦਨ ਲਾਲ ਦੁਆਰਾ ਚਲਾਈਆਂ ਗੋਲੀਆਂ ਨਾਲ ਜ਼ਖਮੀ ਹੋ ਗਿਆ। ਸੇਂਟ ਜਾਰਜ ਹਸਪਤਾਲ ਵਿੱਚ ਜਾ ਕੇ ਉਸ ਦੀ ਵੀ ਮੌਤ ਹੋ ਗਈ। ਸਾਰੇ ਹਾਲ ਵਿਚ ਭਗਦੜ ਮੱਚ ਗਈ। ਮਦਨ ਲਾਲ ਬਿਲਕੁਲ ਸ਼ਾਂਤ ਚਿਤ ਆਪਣੀ ਥਾਂ ਤੇ ਖੜ੍ਹਾ ਰਿਹਾ। ਉਸ ਨੇ ਭੱਜਣ ਦੀ ਕੋਈ ਕੋਸ਼ਿਸ਼ ਨਾ ਕੀਤੀ। ਗ੍ਰਿਫਤਾਰ ਕਰਕੇ ਉਸ ਨੂੰ ਬ੍ਰਿਕਸ਼ਟਨ ਜੇਲ੍ਹ ਦੀ ਹਵਾਲਾਤ ਵਿੱਚ ਬੰਦ ਕਰ ਦਿੱਤਾ ਗਿਆ। ਲੰਡਨ ਵਿੱਚ ਹੋਏ ਇਸ ਪਹਿਲੇ ਸਿਆਸੀ ਕਤਲ ਕਰਕੇ ਸਾਰੇ ਇੰਗਲੈਂਡ ਵਿਚ ਕਾਂਬਾ ਛਿੜਿਆ ਹੋਇਆ ਸੀ। ਮਦਨ ਲਾਲ ਨੂੰ 9 ਜੁਲਾਈ ਤੱਕ ਪੁਲਿਸ ਹਿਰਾਸਤ ਵਿੱਚ ਰੱਖਿਆ ਗਿਆ। 10 ਜੁਲਾਈ ਨੂੰ ਮਦਨ ਲਾਲ ਨੂੰ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਸ ਨੇ ਆਪਣੇ ਬਚਾਓ ਪੱਖ ਲਈ ਕੋਈ ਵੀ ਵਕੀਲ ਨਾ ਕੀਤਾ। ਮਦਨ ਲਾਲ ਢੀਂਗਰਾ ਨੇ ਅਦਾਲਤ ਵਿੱਚ ਬੜਾ ਬਹਾਦਰੀ, ਦਲੇਰੀ ਭਰਪੂਰ ਬਿਆਨ ਪੇਸ਼ ਕੀਤਾ। ਅਦਾਲਤ ਵਲੋਂ ਉਸ ਨੂੰ ਕਤਲ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਹੋਈ।

ਮਦਨ ਲਾਲ ਢੀਂਗਰਾ ਨੇ 17 ਅਗਸਤ 1909 ਨੂੰ ਪੈਂਟਨਵਿਲੇ ਜੇਲ੍ਹ ਵਿਚ ਭਾਰਤ ਮਾਤਾ ਦੀ ਜੈ ਅਤੇ 'ਬੰਦੇ ਮਾਤਰਮ' ਦੇ ਨਾਅਰੇ ਲਾਉਂਦੇ ਹੋਏ ਫਾਂਸੀ ਦੇ ਰੱਸੇ ਨੂੰ ਚੁੰਮ ਲਿਆ [੧]। ਸ੍ਰੀਮਤੀ ਏਮਨਸ਼ਲ ਮੇਡਲਾ ਇਸ ਘਟਨਾ ਦਾ ਜ਼ਿਕਰ ਕਰਦਿਆਂ ਲਿਖਦੀ ਹੈ, 'ਉਹ ਫਾਂਸੀ ਦੇ ਤਖਤੇ ਤੇ ਉੱਚੀ ਗਰਦਨ ਕਰਕੇ ਗਿਆ ਅਤੇ ਜਿਹੜੇ ਉਸ ਨੂੰ ਸਹਾਰਾ ਦੇ ਰਹੇ ਸਨ ਉਨ੍ਹਾਂ ਤੋਂ ਆਪਣੇ ਹੱਥ ਛੁਡਾ ਲਏ ਅਤੇ ਕਿਹਾ, "ਮੈਂ ਮੌਤ ਤੋਂ ਉੱਕਾ ਨਹੀਂ ਡਰਦਾ।"

13 ਦਸੰਬਰ 1976 ਨੂੰ ਪੰਜਾਬ ਦੀ ਸਰਕਾਰ ਵੱਲੋਂ ਸ਼ਹੀਦ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਇੰਗਲੈਂਡ ਤੋਂ ਬੜੇ ਮਾਣ ਸਨਮਾਨ ਨਾਲ ਦੇਸ਼ ਵਿੱਚ ਲਿਆਂਦੀਆਂ ਗਈਆਂ ਸਨ। ਅੰਮ੍ਰਿਤਸਰ ਦੇ ਇਲਾਕਾ ਮਾਲ ਮੰਡੀ ਵਿੱਚ ਇਨ੍ਹਾਂ ਅਸਥੀਆਂ ਦਾ ਸੰਸਕਾਰ ਬੜੇ ਸਨਮਾਨ ਨਾਲ ਕੀਤਾ ਗਿਆ ਸੀ। ਸ਼ਹੀਦ ਦੀ ਅੰਤਿਮ ਇੱਛਾ ਅਨੁਸਾਰ ਉਸ ਦੇ ਫੁੱਲ 25 ਦਸੰਬਰ 1976 ਨੂੰ ਗੰਗਾ ਦੇ ਪਵਿੱਤਰ ਪਾਣੀਆਂ ਨੂੰ ਭੇਟ ਕੀਤੇ ਗਏ ਸਨ। ਅੰਮ੍ਰਿਤਸਰ ਵਿਖੇ ਮਦਨ ਲਾਲ ਢੀਂਗਰਾ ਦੀ ਯਾਦ ਵਿਚ ਸਮਾਰਕ ਬਣਿਆ ਹੋਇਆ ਹੈ।

### ਬਾਬਾ ਗੁਰਦਿੱਤ ਸਿੰਘ

ਅੰਮ੍ਰਿਤਸਰ ਦੇ ਨਜ਼ਦੀਕ ਸਰਹਾਲੀ ਪਿੰਡ ਵਿਚ, ਪ੍ਰਸਿੱਧ ਦੇਸ਼ ਭਗਤ, ਸੁਤੰਤਰਤਾ ਸੰਗਰਾਮੀ ਬਾਬਾ ਗੁਰਦਿੱਤ ਸਿੰਘ ਦਾ ਜਨਮ 1859 ਨੂੰ ਹੁਕਮ ਸਿੰਘ ਦੇ ਘਰ ਹੋਇਆ। ਇਹ ਕਾਫੀ ਗਰੀਬ ਪਰਿਵਾਰ ਸੀ। ਬਾਬਾ ਜੀ ਦੇ ਦਾਦਾ ਰਤਨ ਸਿੰਘ ਖਾਲਸਾ ਫੌਜ ਵਿਚ ਉਚੀ ਪਦਵੀ ਤੇ ਸਨ ਅਤੇ ਉਹ ਐਂਗਲੋ ਸਿੱਖ ਯੁੱਧ ਵਿਚ ਅੰਗਰੇਜ਼ਾਂ ਦੇ ਖਿਲਾਫ ਲੜੇ ਸਨ। ਗੁਰਦਿੱਤ ਸਿੰਘ ਨੇ ਮੁੱਢਲੀ ਵਿਦਿਆ ਪਿੰਡ ਵਿਚੋਂ ਹੀ ਪ੍ਰਾਪਤ ਕੀਤੀ। ਇਨ੍ਹਾਂ ਦਾ ਪੜ੍ਹਾਈ ਵੱਲ ਜ਼ਿਆਦਾ ਧਿਆਨ ਲਈ ਸੀ, ਪਰ ਉਹ ਪੰਜਾਬੀ ਲਿਖਣੀ ਪੜ੍ਹਨੀ ਸਿੱਖ ਗਏ ਸਨ। ਬਾਬਾ ਜੀ ਨੇ ਇਕ ਵਾਰੀ ਫੌਜ ਵਿਚ ਭਰਤੀ ਹੋਣ ਦੀ ਕੋਸ਼ਿਸ਼ ਕੀਤੀ, ਪਰ ਨਹੀਂ ਹੋਏ। ਫੇਰ ਰੋਜ਼ੀ ਰੋਟੀ ਕਮਾਉਣ ਲਈ ਮਲਾਇਆ ਚਲੇ ਗਏ, ਜਿਥੇ ਇਨ੍ਹਾਂ ਦੇ ਪਿਤਾ ਜੀ ਵੀ ਫੌਜੀ ਭਰਤੀ ਹੋ ਕੇ ਗਏ ਸਨ ਅਤੇ ਇਨ੍ਹਾਂ ਦੇ ਭਰਾ ਪਹਿਲੂ ਸਿੰਘ ਵੀ ਉਥੇ ਹੀ ਸੀ। ਪਹਿਲਾਂ ਤਾਂ ਬਾਬਾ ਜੀ ਨੇ ਉਥੇ ਇਕ ਚੀਨੀ ਕੋਲ ਨੌਕਰੀ ਕੀਤੀ ਪਰ ਬਾਅਦ ਵਿਚ ਆਪਣਾ 'ਡੇਅਰੀ ਫਾਰਮ' ਖੋਲ੍ਹ ਲਿਆ। ਉਨੀਵੀਂ ਸਦੀ ਦੇ ਪਿਛਲੇ ਪੱਖ ਵਿਚ ਅੰਗਰੇਜ਼ਾਂ ਦੀਆਂ ਪ੍ਰਸ਼ਾਸਨੀ ਅਤੇ ਆਰਥਿਕ ਨੀਤੀਆਂ ਨੇ ਪੰਜਾਬ ਦੀ ਆਰਥਿਕ ਸਥਿਤੀ ਇਤਨੀ ਵਿਗਾੜ ਦਿੱਤੀ ਸੀ ਕਿ ਪੰਜਾਬੀਆਂ ਨੂੰ ਰੋਜ਼ੀ ਰੋਟੀ ਦੀ ਤਲਾਸ਼ ਲਈ ਪ੍ਰਦੇਸਾਂ ਵੱਲ ਜਾਣਾ ਪੈ ਗਿਆ। ਜਲਦੀ ਹੀ ਪੰਜਾਬੀਆਂ ਨੇ ਕੈਨੇਡਾ ਤੇ ਅਮਰੀਕਾ ਦੀ ਖੁਸ਼ਹਾਲੀ ਦੇਖ ਕੇ ਉਧਰ ਵੱਲ ਜਾਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਕੈਨੇਡਾ ਦੀ ਨਵ ਉਸਾਰੀ ਚਲ ਰਹੀ ਸੀ ਅਤੇ ਮਜ਼ਦੂਰਾਂ ਦੀ ਲੋੜ ਸੀ ਪਰ ਕੈਨੇਡਾ ਸਰਕਾਰ ਨੇ ਭਾਰਤੀਆਂ ਦੇ ਖਿਲਾਫ ਇਕ ਸਾਜ਼ਿਸ਼ ਰਚੀ। ਕੈਨੇਡਾ ਦੀ ਆਰਡਰ ਇੰਨ ਕੌਂਸਲ ਨੇ ਪੁਰਾਣੇ ਕਾਨੂੰਨਾਂ ਵਿਚ ਸੁਧਾਰ ਕਰਕੇ ਇਕ ਨਵਾਂ ਕਾਨੂੰਨ Immigration Act, 1910 ਵਿਚ ਪਾਸ ਕਰ ਦਿੱਤਾ ਕਿ ਉਹੋ ਹੀ ਵਿਦੇਸ਼ੀ ਕੈਨੇਡਾ ਵਿਚ ਆ ਸਕਦੇ ਹਨ ਜੋ ਆਪਣੇ ਦੇਸ਼ ਤੋਂ ਸਿੱਧੀ ਯਾਤਰਾ ਕਰਕੇ ਅਤੇ 200 ਡਾਲਰ ਨਕਦ ਨਾਲ ਲਿਆਉਣਗੇ।[11]

ਉਸ ਸਮੇਂ ਕੋਈ ਵੀ ਕੈਨੇਡਾ ਜਾਣ ਲਈ ਸਿੱਧੀ ਸਹੂਲਤ ਨਹੀਂ ਸੀ। ਪੰਜਾਬੀ ਥਾਂ ਥਾਂ ਧੱਕੇ ਖਾਣ ਲੱਗੇ। ਉਹ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਸਹਿਣ ਕਰ ਰਹੇ ਸਨ। ਉਸ ਸਮੇਂ ਤੱਕ ਬਾਬਾ ਗੁਰਦਿੱਤ ਸਿੰਘ ਇੱਕ ਅਮੀਰ ਅਤੇ ਪ੍ਰਭਾਵਸ਼ਾਲੀ ਠੇਕੇਦਾਰ ਸੀ, ਜੋ ਹੁਣ ਸਿੰਘਾਪੁਰ ਰਹਿੰਦਾ ਸੀ। ਗੁਰਦਿੱਤ ਸਿੰਘ ਭਾਰਤੀ ਹੋਣ ਦੇ ਨਾਤੇ ਉਸ ਦੀ ਦੇਸ਼ਭਗਤੀ ਜਾਗ ਗਈ ਅਤੇ ਉਸਨੇ ਆਪਣੇ ਪਰੇਸ਼ਾਨ ਭਰਾ ਜੋ ਥਾਂ ਥਾਂ ਤੇ ਫਸੇ ਹੋਏ ਸਨ ਦੀ ਮਦਦ ਕਰਨ ਦੀ ਯੋਜਨਾ ਬਣਾਈ।[12] ਉਸਨੇ 1914 ਵਿਚ ਜਾਪਾਨੀ ਕੰਪਨੀ ਤੋਂ ਕਾਮਾਗਾਟਾਮਾਰੂ ਨਾਮ ਦਾ ਜਹਾਜ਼ 8 ਮਹੀਨੇ ਲਈ ਕਿਰਾਏ ਤੇ ਲਿਆ। ਇਸ ਜਹਾਜ਼ ਵਿਚ 376 ਯਾਤਰੀ ਸਨ, ਜਿਨ੍ਹਾਂ ਵਿਚ 340 ਪੰਜਾਬੀ ( ਸਿੱਖ) ਸਨ। ਇਹ ਜਹਾਜ਼ ਹਾਂਗਕਾਂਗ ਤੋਂ ਵੈਨਕੂਵਰ ਤੱਕ ਗਿਆ। ਉਸ ਸਮੇਂ ਗਦਰ ਪਾਰਟੀ ਦਾ ਪ੍ਰਭਾਵ ਵੱਧ ਰਿਹਾ ਸੀ। ਕਾਮਾਗਾਟਾਮਾਰੂ ਦੇ ਰਸਤੇ ਵਿਚ ਆਉਣ ਵਾਲੇ ਟਾਪੂਆਂ ਵਿਚ ਗਦਰ ਪਾਰਟੀ ਦੇ ਵਰਕਰਾਂ ਨੇ ਬੰਢਲਾ ਦੇ ਬੰਢਲਾ ਗਦਰ ਅਖਬਾਰ ਤੇ ਹੋਰ ਗਦਰੀ ਸਾਹਿਤ ਜਹਾਜ਼ ਵਿਚ ਪਹੁੰਚਾਇਆ। **ਮੋਜ਼ੀ ਬੰਦਰਗਾਹਾਂ ਤੇ ਪ੍ਰਸਿੱਧ ਦੇਸ਼ ਭਗਤ ਬਲਵੰਤ ਸਿੰਘ ਗੁਰਦਿੱਤ ਸਿੰਘ ਨੂੰ ਮਿਲਿਆ। ਅੱਗੇ ਯੋਕੋਹਾਮਾ ਵਿਖੇ ਪ੍ਰਸਿੱਧ ਗਦਰੀ ਭਗਵਾਨ ਸਿੰਘ ਅਤੇ ਮੌਲਵੀ ਬਰਕਤਉਲਾ ਬਾਬਾ ਜੀ ਨੂੰ ਮਿਲੇ।**

23 ਮਈ 1914 ਨੂੰ ਕਾਮਾਗਾਟਾਮਾਰੂ ਵਿਕਟੋਰੀਆ ਦੀ ਬੰਦਰਗਾਹ ਦੀ ਹੱਕ ਵਿਚ ਪਹੁੰਚ ਗਿਆ। ਕੈਨੇਡਾ ਸਰਕਾਰ ਨੇ ਪਹਿਲਾਂ ਹੀ ਭਾਰਤ ਸਰਕਾਰ ਨਾਲ ਮਿਲ ਕੇ ਫੈਸਲਾ ਕੀਤਾ ਹੋਇਆ ਸੀ ਕਿ ਜਹਾਜ਼ ਨੂੰ ਬੰਦਰਗਾਹ ਤੇ ਲੱਗਣ ਨਹੀਂ ਦੇਣਾ।[13] ਜਹਾਜ਼ ਨੂੰ ਵਾਪਸ ਜਾਣ ਦਾ ਆਦੇਸ਼ ਦਿੱਤਾ ਗਿਆ। ਕੈਨੇਡਾ ਸਰਕਾਰ ਦੇ ਫੈਸਲੇ ਦਾ ਭਾਰਤ ਅਤੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੇ ਬੜਾ ਵਿਰੋਧ ਕੀਤਾ। ਪਰ ਮੁਸਾਫਰਾਂ ਦੀ ਕੋਈ ਸੁਣਵਾਈ ਨਹੀਂ ਹੋਈ, ਆਖਿਰ ਉਨ੍ਹਾਂ ਦਾ ਰਾਸ਼ਨ 21 ਜੂਨ ਤੱਕ ਖਤਮ ਹੋ ਗਿਆ। ਪੂਰਾ ਡੇਢ ਮਹੀਨਾ ਹੋ ਚੁੱਕਾ ਸੀ, ਕਾਮਾਗਾਟਾਮਾਰੂ ਦੇ ਮੁਸਾਫਰ ਸਮੁੰਦਰੀ ਕੈਦ ਤੋਂ ਉਕਤਾ ਚੁੱਕੇ ਸਨ, ਪਰ ਉਨ੍ਹਾਂ ਨੂੰ ਕੈਨੇਡਾ ਦੀ ਧਰਤੀ ਤੇ ਉਤਰਨ ਦੀ ਆਗਿਆ ਨਹੀਂ ਸੀ। ਯਾਤਰੀ ਭੁੱਖੇ ਪਿਆਸੇ ਸਨ। ਪਰ ਕੈਨੇਡਾ ਸਰਕਾਰ ਨੇ ਜੰਗੀ ਜਹਾਜ਼ ਨੂੰ ਭੇਜਿਆ। ਆਖਿਰ 23 ਜੁਲਾਈ 1914 ਨੂੰ ਭਾਰੀ ਜੱਦੋ ਜ਼ਹਿਦ ਤੋਂ ਬਾਅਦ ਵੈਨਕੂਵਰ ਨੂੰ ਛੱਡ ਦਿੱਤਾ।[14] ਆਖਿਰ ਜਹਾਜ਼ 29 ਸਤੰਬਰ ਨੂੰ ਬਜ ਬਜ ਘਾਟ ਪਹੁੰਚ ਗਿਆ। ਯਾਤਰੀਆਂ ਨੂੰ ਜ਼ਬਰਦਸਤੀ ਰੇਲ ਗੱਡੀਆਂ ਵਿਚ ਬਿਠਾ ਕੇ ਪੰਜਾਬ ਭੇਜਣ ਲਈ ਪੁਲਿਸ ਤੇ ਸੈਨਾ ਨੇ ਜਹਾਜ਼ ਨੂੰ ਘੇਰ ਲਿਆ। ਬਾਬਾ ਗੁਰਦਿੱਤ ਸਿੰਘ ਕੁਝ ਸਮਾਂ ਕਲਕੱਤੇ ਵਿਚ ਹੀ ਰਹਿਣਾ ਚਾਹੁੰਦੇ ਸਨ, ਪਰ ਕਿਉਂਕਿ ਉਹ ਛੇ ਮਹੀਨੇ ਜੇਲ੍ਹ ਕੈਦ ਤੋਂ ਬਾਅਦ ਵਾਪਸ ਆਏ ਸਨ, ਪੁਲਿਸ ਨੇ ਉਥੇ ਗੋਲੀ ਚਲਾ ਦਿੱਤੀ ਜਿਸ ਨਾਲ18 ਆਦਮੀ ਮਾਰੇ ਗਏ ਅਤੇ 25 ਜ਼ਖਮੀ ਹੋ ਗਏ। ਪਰ ਬਾਬਾ ਗੁਰਦਿੱਤ ਸਿੰਘ ਬਚ ਕੇ ਨਿਕਲ ਗਏ।

ਬਜ ਬਜ ਦੀ ਘਟਨਾ ਨੇ ਪੰਜਾਬੀਆਂ ਦੇ ਦਿਲਾਂ ਵਿਚ ਅੰਗਰੇਜ਼ਾਂ ਬਾਰੇ ਨਫਰਤ ਪੈਦਾ ਕਰ ਦਿੱਤੀ। ਇਸ ਕਾਮਾਗਾਟਾਮਾਰੂ ਦੀ ਘਟਨਾ ਦਾ ਅਸਰ ਗਦਰ ਅੰਦੋਲਨ ਤੇ ਸਿੱਧਾ ਪਿਆ ਤੇ ਕ੍ਰਾਂਤੀਕਾਰੀ ਅੰਦੋਲਨ, ਜਿਵੇਂ ਕਿ 'ਬੱਬਰ ਅਕਾਲੀ' ਅਤੇ 'ਅਹਿੰਸਕ ਅੰਦੋਲਨ' 'ਨਾ ਮਿਲਵਰਤਨ' ਬਾਦ ਵਿਚ 'ਸਿਵਲ ਨਾ ਫਰਮਾਨੀ ਲਹਿਰਾਂ' ਚੱਲੀਆਂ। ਇਸ ਘਟਨਾ ਨੇ ਦੇਸ਼ ਦੇ ਕ੍ਰਾਂਤੀਕਾਰੀਆਂ ਨੂੰ ਬੜਾ ਪ੍ਰਭਾਵਿਤ ਕੀਤਾ।

1914 ਵਿਚ ਬਾਬਾ ਜੀ ਰੂਪੋਸ਼ ਹੋ ਗਏ ਤੇ ਦੇਸ਼ ਦੇ ਅਲੱਗ ਅਲੱਗ ਭਾਗਾਂ ਵਿਚ ਘੁੰਮਦੇ ਰਹੇ। ਬਾਬਾ ਜੀ ਦੀ ਸਾਰੀ ਜਾਇਦਾਦ ਜ਼ਬਤ ਹੋ ਗਈ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਬਹੁਤ ਸਾਰਾ ਇਨਾਮ ਰੱਖਿਆ ਗਿਆ। ਬਾਬਾ ਜੀ ਸੱਤ ਸਾਲ ਭਾਰਤ ਵਿਚ ਘੁੰਮਦੇ ਰਹੇ। ਅਨੇਕਾ ਦੁੱਖ, ਭੁੱਖ ਕਠਨਾਈਆਂ ਤੇ ਔਕੜਾਂ ਉਨ੍ਹਾਂ ਨੇ ਝੱਲੀਆਂ। ਸੱਤ ਸਾਲਾਂ ਪਿਛੋਂ ਬਾਬਾ ਜੀ ਨੇ ਐਲਾਨ ਕਰਕੇ ਆਪਣੇ ਆਪ ਨੂੰ ਨਨਕਾਣਾ ਸਾਹਿਬ ਵਿਖੇ ਪੇਸ਼ ਕੀਤਾ। ਬਾਬਾ ਜੀ ਨੂੰ ਪੰਜ ਸਾਲ 1922 ਤੋਂ 1926 ਤੱਕ ਸਜ਼ਾ ਹੋਈ। ਰਿਹਾ ਹੋਣ ਤੋਂ ਬਾਅਦ ਇਨ੍ਹਾਂ ਨੇ ਮੰਗਤ ਸਿੰਘ (ਬੀ.ਏ.) ਕ੍ਰਾਂਤੀਕਾਰੀ ਨਾਲ ਕੰਮ ਕੀਤਾ।[15] ਫੇਰ ਇਨ੍ਹਾਂ ਨੇ ਕਲਕੱਤੇ ਵਿਚ ਰਹਿਣਾ ਸ਼ੁਰੂ ਕੀਤਾ ਅਤੇ ਆਜ਼ਾਦੀ ਦੇ ਅੰਦੋਲਨ ਨਾਲ ਜੁੜੇ ਰਹੇ। ਇਹ ਸੈਂਟਰਲ ਸਿੱਖ ਲੀਗ ਦੇ ਮੈਂਬਰ ਰਹੇ। ਆਖਿਰ 1954 ਵਿਚ 95 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਇਨ੍ਹਾਂ ਦਾ ਸਵਰਗਵਾਸ ਹੋ ਗਿਆ।[16] ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅੰਮ੍ਰਿਤਸਰ ਵਿਚ ਬਾਬਾ ਗੁਰਦਿੱਤ ਸਿੰਘ ਜੀ ਦੀ ਯਾਦ ਵਿਚ ਕੋਈ ਮੂਰਤੀ ਜਾਂ ਸਮਾਰਕ ਨਹੀਂ ਬਣਾਇਆ ਗਿਆ। ਹਾਲਾਂਕਿ ਕਾਮਾਗਾਟਾਮਾਰੂ ਦੇ 329 ਮੁਸਾਫਰਾਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ 61 ਮੁਸਾਫਰ ਸਨ। ਪਰ ਇਸ ਘਟਨਾ ਨਾਲ ਸਬੰਧਤ ਕੋਈ ਵੀ ਯਾਦਗਾਰ ਅੰਮ੍ਰਿਤਸਰ ਵਿਚ ਨਹੀਂ ਮਿਲਦੀ ਜੋ ਕਿ ਅਜ਼ਾਦੀ ਦੇ ਪਰਵਾਨਿਆਂ ਨਾਲ ਨਾ ਇਨਸਾਫੀ ਹੈ।

## ਡਾ. ਸੱਤਿਆਪਾਲ

ਡਾ. ਸੱਤਿਆਪਾਲ 1885 ਵਿਚ ਪੈਦਾ ਹੋਏ। ਇਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਲਈ। ਇਨ੍ਹਾਂ ਨੇ ਮੈਡੀਕਲ ਕਾਲਜ ਤੋਂ ਐਮ.ਬੀ.ਬੀ.ਐਸ 1908 ਵਿਚ ਪਾਸ ਕੀਤੀ। ਫੇਰ ਇਹ ਅੰਮ੍ਰਿਤਸਰ ਵਿਚ ਸਥਾਪਤ ਹੋ ਗਏ ਅਤੇ ਆਪਣੀ ਮੈਡੀਕਲ ਦੀ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ। ਪਹਿਲੇ ਮਹਾਂ ਯੁੱਧ ਸਮੇਂ ਇਕ ਸਾਲ ਲਈ ਡਾ. ਸੱਤਿਆਪਾਲ ਕਿੰਗ ਕਮਿਸ਼ਨ (Lt.I.M.S) Aden ਐਡਨ ਵਿਖੇ ਚਲੇ ਗਏ।

ਡਾ. ਸੱਤਿਆਪਾਲ ਡਾ. ਕਿਚਲੂ ਦੇ ਸਾਥੀ ਸਨ। ਅੰਮ੍ਰਿਤਸਰ ਦੀ ਅਥਾਰਟੀ ਵਲੋਂ ਭਾਰਤੀਆਂ ਨੂੰ ਰੇਲਵੇ ਸਟੇਸ਼ਨ ਅਤੇ ਪਲੇਟਫਾਰਮ ਟਿਕਟ ਜਦੋਂ ਬੰਦ ਕਰ ਦਿੱਤੇ ਤਾਂ ਦੋਹਾਂ ਨੇ ਮਿਲ ਕੇ ਇਸ ਫੈਸਲੇ ਦੇ ਵਿਰੁੱਧ ਸਫਲਤਾ ਪੂਰਵਕ ਅੰਦੋਲਨ ਕੀਤਾ ਅਤੇ ਅੰਮ੍ਰਿਤਸਰ ਦੇ ਪ੍ਰਸਿੱਧ ਲੀਡਰ ਬਣ ਗਏ। ਜਦੋਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਦੀਆਂ ਜਾਲਮਾਨਾ ਗਤੀਵਿਧੀਆਂ ਲਗਾਤਾਰ ਵੱਧ ਰਹੀਆਂ ਸਨ ਪਹਿਲੇ ਮਹਾਂ ਯੁੱਧ ਤੋਂ ਬਾਦ ਕਾਲਾ ਕਾਨੂੰਨ, ਰੋਲਟ ਬਿਲ ਪਾਸ ਕਰ ਦਿੱਤਾ ਗਿਆ ਤਾਂ ਉਸ ਸਮੇਂ ਡਾ. ਸੱਤਿਆਪਾਲ ਨੇ ਡਾ. ਕਿਚਲੂ ਨਾਲ ਮਿਲ ਕੇ ਇਸ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਅਤੇ ਮਹਾਤਮਾ ਗਾਂਧੀ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਅੰਗਰੇਜ਼ੀ ਸਰਕਾਰ ਨੇ ਡਾ. ਸੱਤਿਆਪਾਲ ਤੇ ਪਬਲਿਕ ਵਿਚ ਬੋਲਣ ਤੇ ਪਾਬੰਦੀ ਲਗਾ ਦਿੱਤੀ, ਪਰ ਫਿਰ ਵੀ ਡਾ. ਸੱਤਿਆਪਾਲ 9 ਅਪਰੈਲ 1919 ਨੂੰ ਰਾਮ ਨੌਮੀ ਦੀ ਸ਼ੋਭਾ ਯਾਤਰਾ ਵਿਚ ਸ਼ਾਮਿਲ ਹੋਏ। ਅੰਗਰੇਜ਼ ਅਥਾਰਟੀ ਨੇ **ਡਾ. ਸੱਤਿਆਪਾਲ ਤੇ ਡਾ. ਕਿਚਲੂ ਨੂੰ ਅੰਮ੍ਰਿਤਸਰ ਤੋਂ ਧਰਮਸ਼ਾਲਾ ਭੇਜ ਦਿੱਤਾ।** ਅੰਮ੍ਰਿਤਸਰ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਜਲ੍ਹਿਆਂਵਾਲਾ ਕਾਂਡ ਹੋ ਗਿਆ। **ਮਾਰਸ਼ਲ ਲਾਅ ਅਥਾਰਟੀ ਵਲੋਂ ਸਥਾਪਤ ਸਪੈਸ਼ਲ ਕੋਰਟ ਨੇ ਡਾ. ਸੱਤਿਆਪਾਲ ਨੂੰ ਫਾਂਸੀ ਦੀ ਸਜ਼ਾ ਦੇ ਦਿੱਤੀ ਪਰ ਬਾਅਦ ਵਿਚ ਇਸ ਨੂੰ ਉਮਰਕੈਦ ਵਿਚ ਬਦਲ ਦਿੱਤਾ। ਪਰ ਰਾਜਸੀ ਘੋਸ਼ਣਾ ਕਾਰਨ 26 ਦਸੰਬਰ 1919 ਨੂੰ ਰਿਹਾ ਕਰ ਦਿੱਤਾ ਗਿਆ।**

ਡਾ. ਸੱਤਿਆਪਾਲ ਨੇ 'ਨਾ ਮਿਲਵਰਤਨ ਲਹਿਰ (1920–21) ਵਿਚ ਐਕਟਿਵ ਭਾਗ ਲਿਆ ਤੇ **ਇਕ ਸਾਲ ਦੀ ਜੇਲ੍ਹ ਦੀ ਸਜ਼ਾ ਕੱਟੀ।** 1930 ਵਿਚ ਇਨ੍ਹਾਂ ਨੇ ਸਿਵਲ ਨਾ ਫਰਮਾਨੀ ਲਹਿਰ ਵਿਚ ਭਾਗ ਲਿਆ ਤੇ **ਤਿੰਨ ਸਾਲ ਦੀ ਸਜ਼ਾ ਕੱਟੀ।** ਬਾਅਦ ਵਿਚ ਇਹ ਕਾਂਗਰਸ ਵਲੋਂ ਚਲਾਏ ਸੱਤਿਆਗ੍ਰਹਿਆਂ ਵਿਚ ਭਾਗ ਲੈਂਦੇ ਰਹੇ ਅਤੇ ਪੰਜਾਬ ਕਾਂਗਰਸ ਦੇ ਕਈ ਸਾਲ ਪ੍ਰਧਾਨ ਵੀ ਰਹੇ। ਆਜ਼ਾਦੀ ਤੋਂ ਬਾਅਦ ਇਨ੍ਹਾਂ ਨੇ ਅੰਮ੍ਰਿਤਸਰ ਵਿਚ ਮੈਡੀਕਲ ਪ੍ਰੈਕਟਿਸ ਸ਼ੁਰੂ ਕੀਤੀ ਫੇਰ ਸ਼ਿਮਲਾ ਚਲੇ ਗਏ ਅਤੇ ਬਾਅਦ ਵਿਚ ਚੰਡੀਗੜ੍ਹ ਵਿਚ ਆ ਗਏ। ਇਹ 1952 ਵਿਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ ਅਤੇ ਆਪਣੀ ਮੌਤ ਤੱਕ (1954) ਇਸ ਪਦਵੀ ਤੇ ਰਹੇ। ਡਾ. ਸੱਤਿਆਪਾਲ ਇੱਕ ਸੱਚੇ ਦੇਸ਼ ਭਗਤ ਸਨ।

## ਡਾ. ਸੈਫੂਦੀਨ ਕਿਚਲੂ

ਡਾ. ਸੈਫੂਦੀਨ ਕਿਚਲੂ ਅੰਮ੍ਰਿਤਸਰ ਦੇ ਪਸ਼ਮੀਨਾ ਦੇ ਵਪਾਰੀ, ਅਜ਼ੀਜ਼ੂਦੀਨ ਦੇ ਪੁੱਤਰ ਸਨ। ਇਨ੍ਹਾਂ ਦਾ ਜਨਮ 15 ਜਨਵਰੀ 1888 ਨੂੰ ਫਰੀਦਕੋਟ ਵਿਖੇ ਹੋਇਆ। ਸੈਫੂਦੀਨ ਜਨਮ ਤੋਂ ਮੁਸਲਮਾਨ ਸਨ, ਪਰ ਉਹਨਾਂ ਦਾ ਪਰਿਵਾਰਕ ਪਿਛੋਕੜ ਬਾਰਾਮੂਲਾ ਦੇ ਕਸ਼ਮੀਰੀ ਪੰਡਤਾਂ ਦੇ ਇਕ ਹਿੰਦੂ ਬ੍ਰਾਹਮਣ ਪਰਿਵਾਰ ਦੇ ਨਾਲ ਹੈ। ਉਨ੍ਹਾਂ ਦੇ ਬਜ਼ੁਰਗ ਪ੍ਰਕਾਸ਼ੋ ਰਾਮ

ਕਿਚਲੂ ਨੇ ਇਸਲਾਮ ਨੂੰ ਅਪਣਾਇਆ ਸੀ।[17] ਆਰੰਭਿਕ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ 1907 ਵਿਚ ਇਹ ਉਚ ਵਿਦਿਆ ਲਈ ਇੰਗਲੈਂਡ ਗਏ, ਜਿਥੇ ਉਨ੍ਹਾਂ ਦੇ ਕੈਂਬਰਿਜ ਯੂਨੀਵਰਸਿਟੀ ਵਿਚ ਬੀ.ਏ. ਆਨਰਜ਼ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਇਥੇ ਇਨ੍ਹਾਂ ਨੇ ਲਾਅ ਕੀਤਾ ਤੇ ਫੇਰ ਉਸ ਤੋਂ ਬਾਅਦ ਉਨ੍ਹਾਂ ਨੇ ਜਰਮਨੀ ਦੀ ਮਿਊਨਸਟਰ ਯੂਨੀਵਰਸਿਟੀ ਤੋਂ 1912 ਵਿਚ ਡਾਕਟਰੇਟ (ਪੀ.ਐਚ.ਡੀ.) ਦੀ ਡਿਗਰੀ ਪ੍ਰਾਪਤ ਕੀਤੀ। 1913 ਵਿਚ ਭਾਰਤ ਆ ਕੇ ਉਨ੍ਹਾਂ ਨੇ ਰਾਵਲਪਿੰਡੀ ਵਿਚ ਆਪਣੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ। 1915 ਵਿਚ ਅੰਮ੍ਰਿਤਸਰ ਵਿਚ ਪੱਕੇ ਤੌਰ ਤੇ ਵਸ ਗਏ।

ਡਾ. ਕਿਚਲੂ 'ਤੇ 1916 ਵਿਚ ਚੱਲੇ ਹੋਮ ਰੂਲ ਅੰਦੋਲਨ ਦਾ ਪ੍ਰਭਾਵ ਪਿਆ। ਉਨ੍ਹਾਂ ਨੇ ਮੁਸਲਮਾਨਾਂ ਵਿਚ ਸਮਾਜਿਕ ਜਾਗਤੀ ਪੈਦਾ ਕਰਨ ਲਈ 1917 ਵਿਚ ਅੰਮ੍ਰਿਤਸਰ ਵਿਖੇ ਮੁਸਲਿਮ ਲੀਗ ਦੀ ਸਥਾਪਨਾ ਕੀਤੀ।[18] ਉਨ੍ਹਾਂ ਨੇ ਪੰਜਾਬ ਦੇ ਮੁਸਲਮਾਨਾਂ ਵਿਚ ਰਾਸ਼ਟਰੀ ਭਾਵਨਾ ਪੈਦਾ ਕੀਤੀ। ਕਿਚਲੂ ਨੇ ਉਸੇ ਸਾਲ 1917 ਵਿਚ ਅੰਮ੍ਰਿਤਸਰ ਵਿਖੇ ਕਾਂਗਰਸ ਕਮੇਟੀ ਦੀ ਸਥਾਪਨਾ ਕੀਤੀ, ਜਿਸਦੇ ਸਕੱਤਰ ਉਹ ਖੁਦ ਬਣੇ। 1918 ਵਿਚ ਉਸਨੇ ਅੰਮ੍ਰਿਤਸਰ ਵਿਚ ਆਪਣਾ ਸੈਸ਼ਨ ਕਰਨ ਲਈ ਕਾਂਗਰਸ ਦੀ ਪ੍ਰਾਂਤਕ ਕਾਨਫਰੰਸ ਸੱਦੀ, ਜਿਸ ਵਿਚ ਕਿਚਲੂ ਨੇ ਪੰਜਾਬ ਸਰਕਾਰ ਦੇ ਧੱਕੇਸ਼ਾਹੀ ਕਾਨੂੰਨਾਂ ਅਤੇ ਰੋਲਟ ਐਕਟ ਦਾ ਜ਼ੋਰਦਾਰ ਵਿਰੋਧ ਕੀਤਾ।[19] ਡਾ. ਕਿਚਲੂ ਨੇ 32ਵੇਂ ਕਾਂਗਰਸ ਸੈਸ਼ਨ ਵਿਚ ਭਾਗ ਲਿਆ। ਉਸਨੇ ਲਾਹੌਰ ਗੁਜਰਾਂਵਾਲਾ ਅਤੇ ਮੁਲਤਾਨ ਅਤੇ ਜਲੰਧਰ ਵਿਚ ਆਪਣੇ ਸਰਗਰਮੀਆਂ ਦੇ ਕੇਂਦਰ ਕਾਇਮ ਕੀਤੇ।

ਫਰਵਰੀ 1919 ਵਿਚ ਡਾ. ਕਿਚਲੂ ਨੇ ਰੋਲਟ ਐਕਟ ਦੇ ਵਿਰੁੱਧ ਜ਼ੋਰਦਾਰ ਅੰਦੋਲਨ ਕੀਤਾ। ਪੰਜਾਬ ਦੀ ਸਾਰੀ ਲੀਡਰਸ਼ਿਪ ਅੰਦੋਲਨ ਵਿਚ ਕੁੱਦ ਗਈ ਅਤੇ ਉਸਨੂੰ ਆਮ ਲੋਕਾਂ ਵਿਚ ਹਰਮਨ ਪਿਆਰਾ ਬਣਾਉਣ ਵਿਚ ਉਸਨੇ ਪ੍ਰਮੁੱਖ ਭੂਮਿਕਾ ਨਿਭਾਈ। ਉਸਨੇ ਲੋਕਾਂ ਨੂੰ ਸਮਝਾਇਆ ਕਿ ਮਹਾਤਮਾ ਗਾਂਧੀ ਵਲੋਂ ਰੋਲਟ ਐਕਟ ਦੇ ਵਿਰੁੱਧ ਦਿੱਤੇ ਗਏ ਸੱਤਿਆਗ੍ਰਹਿ ਦੇ ਸੱਦੇ ਵਿਚ ਸ਼ਾਮਲ ਹੋਣ ਦਾ ਪ੍ਰਣ ਕਰਨਾ ਚਾਹੀਦਾ ਹੈ ਅਤੇ ਸੰਵਿਧਾਨਿਕ ਰਾਹ ਤੇ ਚਲਦਿਆਂ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣਾ ਚਾਹੀਦਾ ਹੈ।[20] ਡਾ. ਕਿਚਲੂ ਨੇ ਲੋਕਾਂ ਦੇ ਦਿਲਾਂ ਵਿਚ ਅਜ਼ਾਦੀ ਦੀ ਭਾਵਨਾ ਭਰੀ ਕਿ ਅਜ਼ਾਦੀ ਮਨੁੱਖ ਦਾ ਅਧਿਕਾਰ ਹੈ।

ਮਾਰਚ 1919 ਵਿਚ ਮਹਾਤਮਾ ਗਾਂਧੀ ਵਲੋਂ ਰੋਲਟ ਐਕਟ ਵਿਰੁਧ ਸੱਤਿਆਗ੍ਰਹਿ ਦਾ ਸੱਦਾ ਦਿੱਤੇ ਜਾਣ ਤੇ ਉਹ ਸਰਗਰਮ ਹੋ ਗਏ। 6 ਅਪਰੈਲ ਨੂੰ ਦੇਸ਼ ਵਿਆਪੀ ਹੜਤਾਲ ਹੋਈ। ਡਾ.ਕਿਚਲੂ ਅਤੇ ਡਾ. ਸੱਤਿਆਪਾਲ ਨੂੰ ਗ੍ਰਿਫਤਾਰ ਕਰਕੇ ਧਰਮਸ਼ਾਲਾ ਭੇਜ ਦਿੱਤਾ ਗਿਆ। ਅੰਮ੍ਰਿਤਸਰ ਵਿਚ ਹਿੰਸਕ ਪ੍ਰਤੀਕਰਮ ਹੋਇਆ। 13 ਅਪਰੈਲ 1919 ਨੂੰ ਸਰਕਾਰ ਵਲੋਂ ਅਪਣਾਏ ਗਏ ਜਾਲਮਾਨਾਂ ਵਰਤਾਓ ਵਿਰੁੱਧ ਰੋਸ ਪ੍ਰਗਟ ਕਰਨ ਲਈ ਲੋਕ ਜਲ੍ਹਿਆਂਵਾਲਾ ਬਾਗ ਵਿਚ ਇਕੱਠੇ ਹੋਏ,[21] ਜਿਥੇ ਜਨਰਲ ਡਾਇਰ ਨੇ ਭਾਰਤੀ ਲੋਕਾਂ ਦਾ ਅੰਨੇਵਾਹ ਕਤਲੇਆਮ ਕੀਤਾ।

ਪੰਜਾਬ ਵਿਚ ਚਲੇ ਖਿਲਾਫਤ ਅੰਦੋਲਨ ਵਿਚ ਵੀ ਡਾ. ਕਿਚਲੂ ਦੀ ਅਹਿਮ ਭੂਮਿਕਾ ਰਹੀ। ਉਹ ਖਿਲਾਫਤ ਅੰਦੋਲਨ ਦੇ ਪਹਿਲੇ ਕਤਾਰ ਦੇ ਨੇਤਾ ਸਨ। ਡਾ.ਕਿਚਲੂ ਨੇ ਬਾਲ ਗੰਗਾਧਰ ਤਿਲਕ ਦੇ **'ਹੋਮ ਰੋਲ ਅੰਦੋਲਨ'** ਦਾ ਸਮਰਥਨ ਕੀਤਾ। ਉਹ ਜੇਲ੍ਹ ਤੋਂ ਰਿਹਾ ਹੋਣ

ਤੋਂ ਬਾਦ ਆਪਣੀ ਵਕਾਲਤ ਦੀ ਪ੍ਰੈਕਟਿਸ ਕਰਨ ਲੱਗੇ ਪਰ ਬਹੁਤਾ ਸਮਾਂ ਰਾਸ਼ਟਰੀ ਅੰਦੋਲਨ ਵਿਚ ਸਰਗਰਮ ਰਹੇ। ਜਦੋਂ 1920 ਵਿਚ ਨਾ-ਮਿਲਵਰਤਨ ਅੰਦੋਲਨ ਚੱਲਿਆ ਤਾਂ ਮਹਾਤਮਾ ਗਾਂਧੀ ਨੇ ਵਿਸ਼ੇਸ਼ ਤੌਰ ਤੇ ਡਾ. ਕਿਚਲੂ ਨੂੰ ਕਲਕੱਤੇ ਤੋਂ ਪੰਜਾਬ ਵਿਚ ਅੰਦੋਲਨ ਚਲਾਉਣ ਲਈ ਭੇਜਿਆ। ਡਾ. ਕਿਚਲੂ ਨੇ ਨੌਜਵਾਨਾਂ ਨੂੰ ਕ੍ਰਾਂਤੀਕਾਰੀ ਲੀਗ ਦੀ ਟਰੇਨਿੰਗ ਦੇਣ ਲਈ 1921 ਵਿਚ '**ਸਵਰਾਜ ਆਸ਼ਰਮ**' ਦੀ ਸਥਾਪਨਾ ਕੀਤੀ।

ਡਾ. ਕਿਚਲੂ ਨੇ ਸਿੱਖਾਂ ਦੇ ਵਲੋਂ ਚਲਾਏ ਗਏ ਗੁਰਦੁਆਰਾ ਸੁਧਾਰ ਅੰਦੋਲਨ ਦਾ ਸਮਰਥਨ ਕੀਤਾ। 3 ਮਾਰਚ 1921 ਨੂੰ ਡਾ. ਕਿਚਲੂ ਮਹਾਤਮਾ ਗਾਂਧੀ ਨਾਲ ਨਨਕਾਣਾ ਸਾਹਿਬ ਗਏ ਜਿਥੇ ਮਹੰਤ ਨੇ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਸੀ।

15 ਸਤੰਬਰ 1921 ਨੂੰ ਡਾ. ਕਿਚਲੂ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਚਲਾਇਆ ਗਿਆ ਤੇ 2 ਸਾਲ ਦੀ ਕਰੜੀ ਸਜ਼ਾ ਦੇ ਦਿੱਤੀ।[22] 1924 ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਜੈਤੋ ਮੋਰਚੇ ਲਈ 500 ਵਿਅਕਤੀਆਂ ਦਾ ਸ਼ਹੀਦੀ ਜੱਥਾ ਭੇਜਣਾ ਦਾ ਫੈਸਲਾ ਕੀਤਾ। ਉਸ ਜੱਥੇ ਨਾਲ ਡਾ. ਕਿਚਲੂ ਵੀ ਗਏ, ਜਿਥੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਡਾ. ਕਿਚਲੂ ਨੇ 'ਸਾਈਮਨ ਕਮਿਸ਼ਨ' ਦਾ ਵਿਰੋਧ ਕੀਤਾ। ਅੰਮ੍ਰਿਤਸਰ ਵਿਚ 'ਸਾਈਮਨ ਕਮਿਸ਼ਨ' ਵਿਰੁਧ ਹੋਏ ਜਲਸੇ ਦੀ ਪ੍ਰਧਾਨਗੀ ਕੀਤੀ। ਜਦੋਂ ਕਾਂਗਰਸ ਦਾ 1929 ਨੂੰ ਲਾਹੌਰ ਸੰਮੇਲਨ ਹੋਇਆ ਤਾਂ ਉਸ ਵਿਚ ਇਤਿਹਾਸਕ ਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਗਿਆ। ਜਵਾਹਰ ਲਾਲ ਨੇ ਕਾਂਗਰਸ ਦੀ ਪ੍ਰਧਾਨਗੀ ਕੀਤੀ ਤਾਂ ਡਾ. ਕਿਚਲੂ ਉਹਨਾਂ ਦੇ ਨਾਲ ਸੁਆਗਤੀ ਕਮੇਟੀ ਦੇ ਮੈਂਬਰ ਸਨ। ਉਹ ਸਿਵਲ ਨਾ ਫਰਮਾਨੀ ਲਹਿਰ ਵਿਚ ਵੀ ਸਰਗਰਮ ਰਹੇ ਤੇ ਗ੍ਰਿਫਤਾਰ ਹੋਏ।

ਆਜ਼ਾਦੀ ਤੋਂ ਬਾਅਦ ਉਹ ਦਿੱਲੀ ਵਿਚ ਰਹਿਣ ਲੱਗੇ। ਉਹ ਵਿਸ਼ਵ ਸ਼ਾਂਤੀ ਅੰਦੋਲਨ ਨਾਲ ਜੁੜ ਗਏ ਤੇ 1951 ਵਿਚ ਆਲ ਇੰਡੀਆ ਪੀਸ ਕਾਨਫਰੰਸ ਦੇ ਪ੍ਰਧਾਨ ਚੁਣੇ ਗਏ। 1952 ਵਿਚ 'ਲੈਨਿਨ ਸ਼ਾਂਤੀ ਪੁਰਸਕਾਰ' ਪ੍ਰਾਪਤ ਕੀਤਾ। 1963 ਵਿਚ ਇਨ੍ਹਾਂ ਦਾ ਦੇਹਾਂਤ ਹੋ ਗਿਆ।

### ਬਾਬਾ ਸੋਹਣ ਵਿਚ ਭਕਨਾ

ਬਾਬਾ ਸੋਹਣ ਸਿੰਘ ਭਕਨਾ ਇਕ ਮਹਾਨ ਕ੍ਰਾਂਤੀਕਾਰੀ ਤੇ ਸੁਤੰਤਰਤਾ ਸੰਗ੍ਰਾਮੀ ਸੀ ਜਿਸ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਵਿਚ ਭਕਨਾ ਦੇ ਨੇੜੇ ਖੁਟਗਲ ਖੁਰਦ ਪਿੰਡ ਵਿਚ 1870 ਨੂੰ ਹੋਇਆ। ਇਸ ਪਿੰਡ ਵਿਚ ਕੋਈ ਸਕੂਲ ਨਹੀਂ ਸੀ, ਸੋ ਬਾਬਾ ਜੀ ਨੇ ਮੁੱਢਲੀ ਸਿੱਖਿਆ ਪਿੰਡ ਦੇ ਗੁਰਦਵਾਰੇ ਤੋਂ ਹੀ ਪ੍ਰਾਪਤ ਕੀਤੀ। ਜਦੋਂ ਬਾਬਾ ਜੀ ਇਕ ਸਾਲ ਦੇ ਹੋਏ ਤਾਂ ਇਨ੍ਹਾਂ ਦੇ ਪਿਤਾ ਜੀ ਸ੍ਰੀ ਕਰਮ ਸਿੰਘ ਦਾ ਦੇਹਾਂਤ ਹੋ ਗਿਆ। ਇਨ੍ਹਾਂ ਦਾ ਜੀਵਨ ਕਾਫੀ ਸੰਘਰਸ਼ਪੂਰਨ ਰਿਹਾ।

ਬਾਬਾ ਜੀ ਫੇਰ ਨਾਮਧਾਰੀ ਅੰਦੋਲਨ ਨਾਲ ਸਬੰਧਿਤ ਕੇਸਰ ਸਿੰਘ ਦੇ ਸੰਪਰਕ ਵਿਚ ਆਏ ਤੇ ਉਸ ਤੋਂ ਬੜਾ ਪ੍ਰਭਾਵਿਤ ਹੋਏ। 1909 ਵਿਚ ਬਾਬਾ ਜੀ ਅਮਰੀਕਾ ਚਲੇ ਗਏ ਅਤੇ ਉਥੇ ਕੈਲੀਫੋਰਨੀਆ ਵਿਚ ਰਹਿਣ ਲੱਗੇ ਅਤੇ ਇਕ ਮਿੱਲ ਵਿਚ ਮਜ਼ਦੂਰੀ ਕਰਨ ਲੱਗੇ। ਪਰ ਉਥੇ ਬਾਬਾ ਜੀ ਨੂੰ ਇਹ ਦੇਖ ਕੇ ਬੜੀ ਨਿਰਾਸ਼ਾ ਹੋਈ ਕਿ ਗੋਰੇ ਲੋਕ ਭਾਰਤੀਆਂ ਨਾਲ ਅਪਮਾਨਜਨਕ ਵਿਵਹਾਰ ਕਰਦੇ ਸੀ। ਅਮਰੀਕਾ ਵਿਚ ਹਰ ਜਗ੍ਹਾ ਭਾਰਤੀਆਂ ਨਾਲ ਮਾੜਾ

ਸਲੂਕ ਹੁੰਦਾ ਸੀ। **ਸੋਹਣ ਸਿੰਘ ਭਕਨਾ ਦਾ ਲਾਲਾ ਹਰਦਿਆਲ ਅਤੇ ਪੰਡਿਤ ਕਾਂਸ਼ੀ ਰਾਮ ਤੇ ਕੁਝ ਹੋਰ ਕ੍ਰਾਂਤੀਕਾਰੀਆਂ ਨਾਲ ਸੰਪਰਕ ਹੋ ਗਿਆ।** ਇਨ੍ਹਾਂ ਨੇ ਮਿਲਕੇ **ਹਿੰਦੀ ਐਸੋਸੀਏਸ਼ਨ** ਨਾਮ ਦੀ ਸੰਸਥਾ ਬਣਾਈ। **ਬਾਬਾ ਸੋਹਨ ਵਿਚ ਭਕਨਾ ਇਸ ਦੇ ਪਹਿਲੇ ਪ੍ਰਧਾਨ ਚੁਣੇ ਗਏ।** ਬਾਅਦ ਵਿਚ ਇਸ ਸੰਸਥਾ ਨੇ ਇੱਕ ਅਖਬਾਰ ਕੱਢਿਆ, ਜਿਸ ਦਾ ਨਾਮ **'ਗਦਰ'** ਰੱਖਿਆ, ਜਿਸ ਦੇ ਨਾਮ ਤੇ ਇਸ ਸੰਗਠਨ ਨੂੰ ਕਾਫੀ ਪ੍ਰਸਿੱਧੀ ਪ੍ਰਾਪਤ ਹੋਈ। ਇਸ ਸੰਗਠਨ ਦਾ ਉਦੇਸ਼ ਹਿੰਸਕ ਕ੍ਰਾਂਤੀ ਰਾਹੀਂ ਭਾਰਤ ਨੂੰ ਅੰਗਰੇਜ਼ਾ ਤੋਂ ਅਜ਼ਾਦ ਕਰਾਉਣਾ ਸੀ।

ਪਹਿਲੇ ਮਹਾਂਯੁੱਧ ਸ਼ੁਰੂ ਹੋਣ ਤੋਂ ਪਹਿਲਾਂ **ਗਦਰ** ਪਾਰਟੀ ਨੇ ਬਾਬਾ ਸੋਹਨ ਸਿੰਘ ਭਕਨਾ ਨੂੰ ਵਾਪਸ ਹਿੰਦੁਸਤਾਨ ਭੇਜਣ ਦਾ ਫੈਸਲਾ ਕੀਤਾ ਤਾਂ ਜੋ ਉਹ ਦੇਸ਼ ਵਿਚ ਸੰਗਠਿਤ ਹਥਿਆਰਬੰਦ ਅੰਦੋਲਨ ਤਿਆਰ ਕਰ ਸਕਣ। ਨੇਮਸੰਗ ਸਮੁੰਦਰੀ ਜਹਾਜ਼ ਰਾਹੀਂ ਬਾਬਾ ਜੀ ਨੂੰ ਭਾਰਤ ਕ੍ਰਾਂਤੀਕਾਰੀ ਗਤੀਵਿਧੀਆਂ ਚਲਾਉਣ ਲਈ ਭੇਜਿਆ। ਰਸਤੇ ਵਿਚ **'ਕਾਮਾਗਾਟਾਮਾਰੂ ਜਹਾਜ਼'** ਦੇ ਯਾਤਰੀਆ ਨਾਲ ਸੰਪਰਕ ਕੀਤਾ ਗਿਆ ਅਤੇ ਉਨ੍ਹਾਂ ਨੂੰ ਗਦਰ ਪਾਰਟੀ ਤੇ ਕ੍ਰਾਂਤੀਕਾਰੀ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਗਈ। ਕ੍ਰਾਂਤੀਕਾਰੀ ਸਾਹਿਤ ਵੰਡਿਆ ਗਿਆ ਅਤੇ 200 ਪਿਸਤੌਲਾਂ ਦਿੱਤੀਆਂ ਗਈਆਂ। ਬਾਬਾ ਜੀ ਦੀ ਗਦਰੀਆਂ ਨੂੰ ਹਥਿਆਰ ਵੰਡਣ ਦੀ ਯੋਜਨਾ ਵੀ ਸੀ, ਪਰ ਜਹਾਜ਼ ਜਦੋਂ ਕਲਕੱਤਾ ਆਇਆ ਤਾਂ ਤੁਰੰਤ ਗੁਪਤ ਸੂਚਨਾ ਦੇ ਅਧਾਰ ਤੇ ਜਹਾਜ਼ ਨੂੰ ਘੇਰ ਲਿਆ ਗਿਆ ਤੇ ਬਾਬਾ ਜੀ ਗ੍ਰਿਫਤਾਰ ਕਰ ਲਏ ਗਏ। **ਬਾਬਾ ਜੀ ਤੇ 24 ਹੋਰ ਕ੍ਰਾਂਤੀਕਾਰੀਆਂ ਸਮੇਤ 'ਲਾਹੌਰ ਸਾਜਿਸ਼ ਕੇਸ ਚਲਾਇਆ ਗਿਆ ਤੇ ਮੌਤ ਦੀ ਸਜ਼ਾ ਦਿੱਤੀ ਗਈ, ਪਰ ਉਹ ਬਾਦ ਵਿਚ ਉਮਰ ਕੈਦ ਵਿਚ ਬਦਲ ਦਿੱਤੀ ਗਈ।** ਬਾਬਾ ਜੀ 16 ਸਾਲ ਬੜੀ ਸਖਤ ਸਜ਼ਾ ਕੱਟਣ ਤੋਂ ਬਾਦ 1930 ਵਿਚ ਜੇਲ ਤੋਂ ਅਜ਼ਾਦ ਹੋਏ। 1930 ਵਿਚ ਚੱਲੇ 'ਸਿਵਲ ਨਾ ਫਰਮਾਨੀ' ਲਹਿਰ ਵਿਚ ਭਾਗ ਲਿਆ ਤੇ ਦੋ ਵਾਰ ਸਜ਼ਾ ਹੋਈ। ਉਹ ਕਿਸਾਨ ਸਭਾ ਦੇ ਮਹੱਤਵਪੂਰਨ ਲੀਡਰ ਬਣ ਗਏ। ਕਿਸਾਨਾਂ ਦੇ ਹਿੱਤ ਵਿਚ ਅਨੇਕਾਂ ਅੰਦੋਲਨ ਚਲਾਏ। ਦੂਸਰੇ ਮਹਾਂਯੁੱਧ ਸਮੇਂ 1943 ਵਿਚ ਬਾਬਾ ਜੀ ਨੂੰ ਫੇਰ ਗ੍ਰਿਫਤਾਰ ਕਰਕੇ ਜੇਲ੍ਹ ਰਾਜਸਥਾਨ ਦੇ ਡਿਓਲੀ ਕੈਂਪ ਵਿਚ ਭੇਜ ਦਿੱਤਾ ਗਿਆ।

**ਬਾਬਾ ਜੀ ਨੇ ਕੁਲ ਮਿਲਾਕੇ 26 ਸਾਲ ਦੀ ਸਜ਼ਾ ਕੱਟੀ।** ਉਹ ਕਿਸਾਨ ਸਭਾ ਦੇ ਇਕ ਵਾਰ ਪ੍ਰਧਾਨ ਭੀ ਚੁਣੇ ਗਏ। ਬਾਬਾ ਜੀ ਨੇ ਆਪਣਾ ਬਾਕੀ ਜੀਵਨ ਲੋਕ ਭਲਾਈ ਵਿਚ ਲਾ ਦਿੱਤਾ। ਪਿੰਡ ਭਕਨਾ ਵਿਚ ਇਕ ਹਾਈ ਸਕੂਲ ਖੋਲ੍ਹਿਆ ਅਤੇ ਆਪਣੀ ਸਾਰੀ ਜ਼ਮੀਨ ਤੇ ਪੈਸਾ ਇਸ ਨੂੰ ਦੇ ਦਿੱਤਾ। 1968 ਵਿਚ ਉਨ੍ਹਾਂ ਦਾ 99 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ।

## ਸ਼ਹੀਦ ਊਧਮ ਸਿੰਘ

ਊਧਮ ਸਿੰਘ ਜੀ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਟਹਿਲ ਸਿੰਘ ਦੇ ਘਰ ਹੋਇਆ। ਊਧਮ ਸਿੰਘ ਦੇ ਬਚਪਨ ਦਾ ਨਾਮ ਸ਼ੇਰ ਸਿੰਘ ਸੀ। ਇਨ੍ਹਾਂ ਦੀ ਮਾਤਾ ਜੀ ਦਾ ਨਾਮ ਨਰਾਇਣੀ ਸੀ। ਮਾਂ ਦੀ ਮੌਤ ਹੋ ਜਾਣ ਤੇ ਪਿਤਾ ਟਹਿਲ ਸਿੰਘ ਆਪਣੇ ਦੋਹਾਂ ਪੁੱਤਰਾਂ ਊਧਮ ਸਿੰਘ ਅਤੇ ਸਾਧੂ ਸਿੰਘ ਨੂੰ ਲੈ ਕੇ ਅੰਮ੍ਰਿਤਸਰ ਆ ਗਏ। ਇਸ ਤੋਂ ਬਾਅਦ ਪਹਿਲਾਂ ਇਨ੍ਹਾਂ ਦੇ ਪਿਤਾ ਅਤੇ ਫੇਰ ਭਰਾ ਸਾਧੂ ਸਿੰਘ ਦੀ ਮੌਤ ਹੋ ਗਈ। ਫੇਰ ਊਧਮ ਸਿੰਘ 1907 ਵਿਚ ਅੰਮ੍ਰਿਤਸਰ ਦੇ ਸੈਂਟਰਲ ਯਤੀਮਖਾਨੇ (ਪੁਤਲੀਘਰ) ਵਿਚ ਆ ਗਏ।

ਜਦੋਂ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਕਾਂਡ ਹੋਇਆ ਉਸ ਸਮੇਂ ਊਧਮ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪਾਣੀ ਪਿਆਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਪਰ ਜਦੋਂ ਉਥੇ ਗੋਲੀਆਂ ਚੱਲੀਆਂ ਤਾਂ ਉਹ ਕਿਸੇ ਤਰ੍ਹਾਂ ਬਚ ਗਿਆ। ਬਾਦ ਵਿਚ ਊਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ ਕਾਂਡ ਦੇ ਸ਼ਹੀਦਾਂ ਦਾ ਸੰਸਕਾਰ ਕਰਨ ਅਤੇ ਜ਼ਖਮੀਆਂ ਦੀ ਸੇਵਾ ਕਰਨ ਵਿਚ ਮਦਦ ਕੀਤੀ। ਉਹ ਜਲ੍ਹਿਆਂਵਾਲਾ ਬਾਗ ਦੀ ਘਟਨਾ ਨੂੰ ਭੁਲਾ ਨਾ ਸਕਿਆ ਅਤੇ ਉਸਨੇ ਇਸ ਅੱਤਿਆਚਾਰ ਭਰੀ ਜਾਲਮਾਨਾ ਕਾਰਵਾਈ ਦਾ ਬਦਲਾ ਲੈਣ ਦਾ ਮਨ ਬਣਾ ਲਿਆ। ਇਸ ਘਟਨਾ ਦਾ ਜ਼ਿੰਮੇਵਾਰ ਸਰ ਮਾਈਕਲ ਓਡਵਾਇਰ ਨੂੰ ਭਾਵੇਂ ਲੰਡਨ ਵਾਪਸ ਬੁਲਾ ਲਿਆ ਗਿਆ ਅਤੇ ਬੜਾ ਸਨਮਾਨ ਕੀਤਾ ਗਿਆ, ਪਰ ਜਲ੍ਹਿਆਂਵਾਲਾ ਕਾਂਡ ਦਾ ਬਦਲਾ ਲੈਣ ਲਈ ਊਧਮ ਸਿੰਘ 1920 ਵਿਚ ਅਫਰੀਕਾ ਚਲੇ ਗਏ। ਉਥੇ ਨੈਰੋਬੀ ਵਿਖੇ ਰੇਲਵੇ ਵਰਕਸ਼ਾਪ ਵਿਚ ਨੌਕਰੀ ਕੀਤੀ। ਅਫਰੀਕਾ ਤੋਂ ਵਾਪਸ ਆ ਕੇ ਅੰਮ੍ਰਿਤਸਰ ਵਿਚ ਛੋਟਾ ਜਿਹਾ ਘਰ ਕਿਰਾਏ ਤੇ ਲੈ ਕੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਅਜ਼ਾਦ ਰੱਖ ਕੇ ਰਹਿਣ ਲੱਗੇ ਅਤੇ ਪੇਂਟਰ ਦਾ ਕੰਮ ਕਰਨ ਲੱਗੇ।

ਫੇਰ ਕੁਝ ਸਮੇਂ ਲਈ ਅਮਰੀਕਾ ਗਏ, ਪਰ ਵਾਪਸ ਆ ਗਏ ਤੇ ਇਨਕਲਾਬੀ ਗਤੀਵਿਧੀਆਂ ਕਾਰਨ 1927 ਨੂੰ ਗ੍ਰਿਫਤਾਰ ਕਰ ਲਏ ਗਏ। **ਚਾਰ ਸਾਲ ਤੱਕ ਪਿਸ਼ਾਵਰ ਤੇ ਮੁਲਤਾਨ ਜੇਲ੍ਹਾਂ ਵਿਚ ਰੱਖਿਆ ਗਿਆ।** 1932 ਵਿਚ ਰਿਹਾਅ ਹੋ ਕੇ ਫੇਰ ਅੰਮ੍ਰਿਤਸਰ ਆ ਗਏ।

ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਊਧਮ ਸਿੰਘ ਇੰਗਲੈਂਡ ਚਲੇ ਗਏ, ਉਥੇ ਉਨ੍ਹਾਂ ਨੇ **13 ਮਾਰਚ 1940 ਨੂੰ ਲੰਡਨ ਵਿਖੇ ਜਲ੍ਹਿਆਂਵਾਲੇ ਬਾਗ ਦੇ ਮੁੱਖ ਦੋਸ਼ੀ ਸਰ ਮਾਈਕਲ ਓਡਵਾਇਰ ਨੂੰ ਕੈਕਸਟਲ ਹਾਲ ਵਿਚ ਗੋਲੀ ਮਾਰ ਕੇ ਆਪਣਾ ਬਦਲਾ ਲੈ ਲਿਆ।** ਉਸ ਸਮੇਂ ਓਡਵਾਇਰ ਬੋਲ ਰਿਹਾ ਸੀ, 'ਅੱਜ ਤੋਂ 21 ਸਾਲ ਪਹਿਲਾਂ ਪੰਜਾਬ ਦੇ ਅੰਮ੍ਰਿਤਸਰ ਵਿਚ ਜਲ੍ਹਿਆਂਵਾਲਾ ਬਾਗ ਦੇ ਅੰਦਰ ਮੈਂ ਭਾਰਤੀਆਂ ਨੂੰ ਐਨਾ ਸਬਕ ਸਿਖਾਇਆ ਸੀ ਕਿ ਉਹ ਅੱਜ ਤੱਕ ਨਹੀਂ ਭੁੱਲੇ ਹੋਣਗੇ।" 13 ਜੂਨ 1940 ਨੂੰ ਸ਼ਹੀਦ ਊਧਮ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਅਤੇ 31 ਜੁਲਾਈ 1940 ਨੂੰ ਫਾਂਸੀ ਦੇ ਦਿੱਤੀ ਗਈ। ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ 11 ਜੁਲਾਈ 1974 ਨੂੰ ਭਾਰਤ ਸਰਕਾਰ ਨੂੰ ਮਿਲੀਆਂ।

**ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਅੰਮ੍ਰਿਤਸਰ ਦੇ ਅਨੇਕਾਂ ਸਤੰਤਰਤਾ ਸੰਗਰਾਮੀਆਂ** ਨੇ ਭਾਗ ਲਿਆ। **ਕਾਮਾਗਾਟਾਮਾਰੂ ਜਹਾਜ਼ ਦੇ ਹੀਰੋਜ਼ ਅਤੇ 'ਗਦਰ' ਦੇ ਵਨਜਾਰੇ ਇਸ ਹੀ** ਧਰਤੀ ਦੇ ਪੁੱਤਰ ਸਨ। **ਅਸਲ ਵਿਚ ਅੰਮ੍ਰਿਤਸਰ ਹਮੇਸ਼ਾ ਹੀ ਸਤੰਤਰਤਾ ਅੰਦੋਲਨ ਨਾਲ ਜੁੜਿਆ ਰਿਹਾ, ਚਾਹੇ ਉਹ ਗਦਰ ਅੰਦੋਲਨ ਹੋਵੇ, ਚਾਹੇ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਹੋਵੇ, ਚਾਹੇ ਗੁਰਦੁਆਰਾ ਸੁਧਾਰ ਅੰਦੋਲਨ ਹੋਵੇ ਜਾਂ ਹੋਰ ਆਜ਼ਾਦੀ ਦੇ ਅੰਦੋਲਨ। ਇਥੋਂ ਤੱਕ ਕਿ ਆਜ਼ਾਦ ਹਿੰਦ ਫੌਜ ਦੇ ਨਾਇਕ ਵੀ ਇਸ ਧਰਤੀ ਨਾਲ ਜੁੜੇ ਹੋਏ ਸਨ।**

## ਹਵਾਲੇ ਅਤੇ ਟਿੱਪਣੀਆਂ

1. ਜੇ.ਪੀ. ਸੰਗਤ ਸਿੰਘ, 'ਦੇਸ਼ ਸਵਾਧੀਨਤਾ ਪ੍ਰਾਪਤੀ ਵਿਚ ਸਿੱਖਾਂ ਦਾ ਹਿੱਸਾ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਪੰਨਾ 5

2. Sita Ram Kohli. Panorma of Punjab History (1742-1849), Patiala 1961, p.67
3. K.C Yadav, Some reflections on the origin, scope and nature of uprising of 1857,A case study of Haryana,Punjab History Conference Proceedings, XI th session, Nov 27-28,1976,pp 94-107.
4. S.S.Thornburn,The Punjab in peace and War,first ed.1883, Reprint 1970, Patiala, p.217.
5. Michael O' Dwyer, India as I knew it (London 1915),217.
6. ਸ਼ਿਆਮਾ ਜੀ ਕ੍ਰਿਸ਼ਨਾ ਵਰਮਾ ਨੇ ਲੰਡਨ ਵਿਚ 'ਇੰਡੀਆ ਹਾਊਸ ਦੀ ਸਥਾਪਨਾ ਕੀਤੀ ਸੀ। ਵਿਦੇਸ਼ਾਂ ਵਿਚ ਗਏ ਭਾਰਤੀ ਨੌਜਵਾਨਾਂ ਨੂੰ ਭਾਰਤੀਆਂ ਨਾਲ ਅੰਗਰੇਜ਼ਾ ਦੁਆਰਾ ਕੀਤੀਆਂ ਵਧੀਕੀਆਂ ਦੀ ਜਾਣਕਾਰੀ ਦਿੱਤੀ ਜਾਂਦੀ ਸੀ। ਭਾਰਤੀ ਨੌਜਵਾਨਾਂ ਨੂੰ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਭਾਗ ਲੈਣ ਲਈ ਪਰੇਰਿਤ ਕੀਤਾ ਜਾਂਦਾ ਸੀ।
7. ਪ੍ਰੀਤਮ ਸੈਨੀ, ਸ਼ਹੀਦ ਮਦਨ ਲਾਲ ਢੀਂਗਰਾ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 1991, ਪੰਨਾ 26।
8. ਉਹੀ, ਪੰਨਾ 27
9. V.N. Datta, Madan Lal Dhingra and the Revolutionary Movement, Vikas Publishing House, New Delhi, 1978,p.75.
10. ਇੰਦਰਜੀਤ ਸ਼ਰਮਾ, ਪੰਜਾਬ ਫੈਮਾਇਨ ਐਂਡ ਦਾ ਬ੍ਰਿਟਿਸ਼ ਪੌਲਸੀ ਇਨ ਦਾ ਨਾਈਨਟੀਨ ਸੈਨਚੁਰੀ,ਪੰਜਾਬ ਹਿਸਟਰੀ ਕਾਨਫਰੰਸ ਪਰੋਸੀਡਿੰਗ, ਪੰਜਾਬੀ ਯੂਨੀਵਰਸਿਟੀ,ਪਟਿਆਲਾ 1979, ਪੰਨਾ, 184,185-189.
11. ਗਵਰਨਰ ਜਨਰਲ ਇਨ ਕੌਂਸਿਲ ਆਫ ਕੈਨੇਡਾ ਆਰਡਰ।
12. Isemonger, F.C. & Slattery J. Account of the Ghadar Conseprenancy, Lahore, 1919, p.36.
13. ਗੁਰਚਰਨ ਸਿੰਘ ਸਹਿੰਸਰਾ (Sehansra) ,'ਗਦਰ ਪਾਰਟੀ ਦਾ ਇਤਿਹਾਸ', ਜਲੰਧਰ 1961, ਪੰਨਾ 128.
14. ਹੋਮ ਪੋਲੀਟੀਕਲ ਨਵੰਬਰ, 1914 ਪਰੋਸੀਡਿੰਗ, ਨੰਬਰ 97-177.
15. ਗੁਰਦਿੱਤ ਸਿੰਘ, Voyage of Kamagatamaru,Calcutta, p.56.
16. Dr Krishan Gopal Lamba (Editor)Voyage of Kamagatamaru, Twentyfirst Century publications, Patiala 2007, p. 186.
17. ਤੌਫੀਕ ਕਿਚਲੂ, "ਸੈਫੂਦੀਨ ਕਿਚਲੂ, ਜਲ੍ਹਿਆਂਵਾਲਾ ਬਾਗ ਦਾ ਨਾਇਕ, ਨੈਸ਼ਨਲ ਬੁਕ ਟਰੱਸਟ ਇੰਡੀਆ, ਨਵੀਂ ਦਿੱਤੀ, 1992, ਪੰਨਾ 1.
18. ਉਹੀ, ਪੰਨਾ 13
19. ਦਾ ਟ੍ਰਿਬਿਊਨ, ਜੁਲਾਈ 30, 1919.
20. ਅੰਮ੍ਰਿਤਸਰ ਕਾਨਸਪਰੇਸ਼ੀ ਕੇਸ, ਰਿਪੋਰਟ ਸੀ ਆਈ ਡੀ, ਮੁਹੰਮਦ ਅਸ਼ਰਫ ਖਾਨ ਸ਼ਹਿਰੀ ਇਨਸਪੈਕਟਰ, ਮਾਈਕਰੋ ਫਿਲਮ ਐਨ.ਏ.ਆਈ, ਪੰਨੇ 120,122.
21. ਹੀਰੇਨ ਮੁਖਰਜੀ, ਇੰਡੀਅਜ਼ ਸਟਰਗਲ ਫਾਰ ਫਰੀਡਮ, ਪੰਨਾ 138-139 (©$$*)
22. ਆਰ.ਵੀ.ਥੰਡਾਨੀ, 'ਦੀ ਹਿਸਟੋਰੀਕਲ ਕਰਾਚੀ ਟਰੇਨ' ਪੰਨੇ 93-97.

## ਸ਼ਬਦਾਵਲੀ

| | |
|---|---|
| ਆਬਾਦੀਜ਼ | ਸ਼ਹਿਰ ਦੇ ਆਲੇ ਦੁਆਲੇ ਦਾ ਇਲਾਕਾ |
| ਅਚਕਨ | ਲੰਮਾ ਕੋਟ |
| ਆਂਵਲਾ | ਗਿਰੀ ਵਾਲੇ ਕੌੜੇ ਫਲ ਦੀ ਇਕ ਕਿਸਮ, ਤ੍ਰਿਫਲੇ ਵਿਚ ਵਰਤਿਆ ਜਾਣ ਵਾਲਾ ਇਕ ਦਰਖਤ ਅਤੇ ਉਸਦਾ ਫਲ |
| ਅਤਰ | ਸੁੰਗਧੀ |
| ਵਿਸਾਖੀ | ਲੱਗਭਗ ਸਾਰੇ ਉਤਰੀ ਭਾਰਤ ਵਿਚ ਮਨਾਇਆ ਜਾਣ ਵਾਲਾ ਨਵੇਂ ਸਾਲ ਦਾ ਦਿਨ। 1699 ਵਿਚ ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਿੱਖਾਂ ਨੂੰ ਖਾਲਸੇ ਵਜੋਂ ਸੰਗਠਿਤ ਕਰਨ ਕਰਕੇ ਸਿੱਖ ਕੌਮ ਲਈ ਇਸਦੀ ਵਿਸ਼ੇਸ਼ ਮਹੱਤਤਾ ਹੈ। ਇਹ ਹਰ ਸਾਲ 13 ਅਪਰੈਲ ਨੂੰ ਹੁੰਦੀ ਹੈ। |
| ਬੈਠਕ | ਘਰੋਗੀ, ਬੈਠਣ ਲਈ ਇਕ ਬਾਹਰ ਦਾ ਕਮਰਾ |
| ਬਾਲ ਮੇਲਾ | ਬੱਚਿਆਂ ਦਾ ਉਤਸਵ |
| ਬਰਾਤ | ਵਿਆਹ ਸਮੇਂ ਲਾੜੇ ਦੇ ਨਾਲ ਦੀ ਟੋਲੀ |
| ਬਾਜ਼ਾਰ | ਰੋਜ਼ਾਨਾ ਫੁਟਕਲ ਚੀਜ਼ਾਂ ਦੀ ਮੰਡੀ, ਖਰੀਦਦਾਰੀ ਕੇਂਦਰ |
| ਭੱਲਾ | ਦਹੀਂ ਵਿਚ ਭਿਉਂਤੀ ਹੋਈ ਮੈਦਾਨੀ ਦਾਲਾਂ ਦੀ ਇਕ ਨਮਕੀਨ ਤੇ ਗੋਲ ਚੀਜ਼ |
| ਭੰਗ | ਸੁੱਖੇ ਦੇ ਪੱਤਿਆਂ ਤੋਂ ਤਿਆਰ ਕੀਤਾ ਇਕ ਨਸ਼ੀਲਾ ਹੜਾ |
| ਭੱਟ | ਵੀਰ ਗਾਥਾਵਾਂ ਨੂੰ ਵਧਾ ਚੜ੍ਹਾ ਕੇ ਗਾਉਣ ਵਾਲਾ ਇਕ ਪਿਤਾ ਪੁਰਖੀ ਕਵੀ। |
| ਭੂੰਗਾ ਜਾਂ ਬੁੰਗਾ | ਸਿੱਖ ਸਰਦਾਰਾਂ ਵਲੋਂ ਆਪਣੇ ਰਹਿਣ ਲਈ ਬਣਾਇਆ ਗਿਆ ਅਰਾਮ ਘਰ |
| ਛਬੀਲ | ਪੀਣ ਦੇ ਪਾਣੀ ਦਾ ਇਕ ਬੂਥ |
| ਚੱਕ | ਜ਼ਮੀਨ ਦਾ ਇਕ ਟੁਕੜਾ |
| ਚੱਕ ਗੁਰੂ | ਵੱਖ ਕਰਕੇ ਕਿਸੇ ਫਕੀਰ ਨੂੰ ਦਿੱਤਾ ਗਿਆ ਜ਼ਮੀਨ ਦਾ ਟੁਕੜਾ |
| ਚੱਕੀ | ਪਿਸਾਈ ਕਰਨ ਵਾਲਾ ਪਹੀਆ |
| ਚਪਾਤੀ | ਆਟੇ ਅਤੇ ਪਾਣੀ ਨਾਲ ਬਣਿਆ ਬਗੈਰ ਖਮੀਰ ਤੋਂ ਇਕ ਗੋਲ ਕੇਕ , ਰੋਟੀ |
| ਚੌਧਰੀ | ਕਿਸੇ ਧਰਮ ਵਪਾਰ ਜਾਂ ਪਿੰਡ ਦਾ ਮੁਖੀਆ ਆਦਮੀ |
| ਚਾਰਪਾਈ | ਆਮ ਭਾਰਤੀ ਸੌਣ ਦਾ ਪਲੰਘ ਜਾਂ ਮੰਜਾ |
| ਚਟਣੀ | ਲੂਣ ਮਿਰਚ ਪੁਦੀਨੇ ਅਤੇ ਪਿਆਜ਼ ਦੀ ਬਣੀ ਚਟਨੀ |
| ਦਲ | ਇੱਕ ਫੌਜੀ ਸੰਗਠਨ |

| | |
|---|---|
| ਡਾਲਡਾ | ਹਾਈਡਰੋਜਨ ਨਾਲ ਬਣਾਇਆ ਗਿਆ ਬਨਸਪਤੀ ਤੇਲ |
| ਦਰਬਾਰ | ਕਚਹਿਰੀ, ਪਰ ਇਥੇ ਦਰਬਾਰ ਸਾਹਿਬ ਲਈ ਵਰਤਿਆ ਗਿਆ ਹੈ। |
| ਦਰਸ਼ਨ | ਸਨਮਾਨ ਦਾ ਪ੍ਰਗਟਾਵਾ |
| ਢਾਬਾ | ਭੋਜਨ ਦੀ ਛੋਟੀ ਜਿਹੀ ਦੁਕਾਨ |
| ਧਰਨਾ | ਵਿਰੋਧ ਵਜੋਂ ਬੈਠ ਜਾਣਾ, ਵਰਤ ਰੱਖ ਕੇ ਕਿਸੇ ਦੇ ਦਰਵਾਜ਼ੇ ਤੇ ਬੈਠਣ ਦੀ ਰੀਤ, ਨਿਆਂ ਪ੍ਰਾਪਤ ਕਰਨ ਦੀ ਇਕ ਵਿਧੀ। |
| ਧੋਤੀ | ਇਕ ਖੁਲ੍ਹਾ ਸੂਤੀ ਕੱਪੜਾ ਜੋ ਲੱਤਾਂ ਦੇ ਆਲੇ ਦੁਆਲੇ ਲਪੇਟ ਕੇ ਲੱਕ ਦੁਆਲੇ ਬੰਨਿਆ ਜਾਂਦਾ ਹੈ |
| ਦੋਆਬ | ਦੋ ਦਰਿਆਵਾਂ ਦੇ ਵਿਚਕਾਰ ਦੀ ਥਾਂ |
| ਡੋਲੀ | ਇਸਤਰੀਆਂ ਲਈ ਇਕ ਕਿਸਮ ਦੀ ਪਾਲਕੀ ਜਿਸ ਵਿਚ ਇਕ ਇਸਤਰੀ ਆਪਣੇ ਪਤੀ ਦੇ ਘਰ ਜਾਂਦੀ ਹੈ। |
| ਦੁਪੱਟਾ | ਇਕ ਪਰਦਾ |
| ਦੁਸਹਿਰਾ | ਰਾਮਲੀਲਾ ਵਜੋਂ ਜਾਣੀ ਜਾਂਦੀ ਇਕ ਨੌਂ ਦਿਨਾਂ ਦੀ ਮਨੌਤ ਇਸ ਦਾ ਵਿਸ਼ੇਸ਼ ਤੌਰ ਤੇ ਵੇਖਣ ਯੋਗ ਭਾਗ ਦਸਵੇਂ ਦਿਨ ਰਾਮ ਅਤੇ ਰਾਵਣ ਨਾਲ ਲੜਾਈ ਹੈ। |
| ਯੱਕਾ | ਦੋ ਜਾਂ ਤਿੰਨ ਵਿਅਕਤੀਆਂ ਦੇ ਬੈਠਣ ਵਾਲੀ ਇਕ ਘੋੜੇ ਵਾਲੀ ਛੋਟੀ ਜਿਹੀ ਸਵਾਰੀ |
| ਫਕੀਰ | ਸੰਨਿਆਸੀ |
| ਫਰਿਆਦ | ਅਰਜ਼ |
| ਘੱਗਰੀ | ਰਸਮੀ ਸ਼ਿਸ਼ਟਾਚਾਰੀ ਮੌਕਿਆਂ ਤੇ ਬਜ਼ੁਰਗ ਔਰਤਾਂ ਵਲੋਂ ਪਹਿਨਿਆ ਜਾਣ ਵਾਲਾ ਲੰਮਾ ਲਹਿੰਗਾ |
| ਗਲਗਲ | ਮੁਖ ਤੌਰ ਤੇ ਅਚਾਰ ਵਿਚ ਵਰਤਿਆ ਜਾਣ ਵਾਲਾ ਖੱਟਾ, ਵੱਡੇ ਨਿੰਬੂ ਦੀ ਕਿਸਮ |
| ਘਰੀਜ਼ | ਭਾਰ ਢੋਣ ਦਾ ਇਕ ਸਾਧਨ |
| ਘੀ | ਸਾਫ ਕੀਤਾ ਹੋਇਆ ਮੱਖਣ |
| ਘੀਆ | ਪੇਠੇ ਦੀ ਇਕ ਕਿਸਮ |
| ਗੋਲਗੱਪਾ | ਆਟੇ ਦਾ ਬਣਿਆ ਹੋਇਆ, ਜਿਸ ਨੂੰ ਗੋਲ ਪਤਲਾ ਅਤੇ ਭੁਰਭਰਾ ਪਕਾਇਆ ਜਾਂਦਾ ਹੈ। |
| ਗੁੰਡੇ | ਬਦਮਾਸ਼ ਜਾਂ ਸ਼ਰਾਰਤੀ ਅਨਸਰ |
| ਗੁੱਲੀ ਡੰਡਾ | ਗੁੱਲੀ ਡੰਡੇ ਦੀ ਇਕ ਖੇਡ, ਜਿਸ ਵਿਚ ਇਕ ਸੋਟੀ ਤੇ ਗੁੱਲੀ ਵਰਤੀ ਜਾਂਦੀ ਹੈ। |
| ਗੁਲਾਬ ਜਾਮਨ | ਮਠਿਆਈ ਦੀ ਇਕ ਕਿਸਮ |
| ਗੁੜ | ਕੱਚੀ ਜਾਂ ਘਟੀਆ ਖੰਡ ਦੀ ਇਕ ਭੇਲੀ (ਗੰਨੇ ਦੇ ਰਸ ਨੂੰ ਗਾੜ੍ਹਾ ਕਰਕੇ ਤਿਆਰ ਕੀਤਾ ਇਕ ਪਦਾਰਥ) |
| ਗੁਰਬਾਣੀ | ਗੁਰੂ ਦੀ ਆਵਾਜ਼ |

| | |
|---|---|
| ਗੁਰਦਵਾਰਾ | ਗੁਰੂ ਦਾ ਦਵਾਰ ਜਿਥੇ ਸੰਗਤਾਂ ਇਕੱਠੇ ਹੋ ਕੇ ਪਾਠ ਤੇ ਕੀਰਤਨ ਕਰਦੀਆਂ ਹਨ। |
| ਗੁਰਮਤਾ | ਮਤੇ ਤੋਂ ਭਾਵ ਹੈ ਇਕ ਵਿਚਾਰ ਜਾਂ ਇਕ ਪ੍ਰਸਤਾਵ ਅਤੇ ਗੁਰੂ ਦਾ ਸਮਰਥਨ ਪ੍ਰਾਪਤ ਪ੍ਰਸਤਾਵ ਨੂੰ ਗੁਰਮਤਾ ਕਿਹਾ ਜਾਂਦਾ ਹੈ। |
| ਗੁਰੂ | ਧਾਰਮਿਕ ਤੇ ਅਧਿਆਤਕ ਅਗਵਾਈ ਕਰਨ ਵਾਲਾ |
| ਹੈਕਰੀਜ਼ | ਦੇਸੀ ਬੈਲ ਗੱਡੇ ਜਿਨ੍ਹਾਂ ਨੂੰ ਹੌਲੀਆਂ ਚੀਜ਼ਾਂ ਅਤੇ ਸਮੱਗਰੀ ਦੀ ਢੁਆਈ ਲਈ ਵਰਤਿਆ ਜਾਂਦਾ ਹੈ। |
| ਹਦੀਸ | ਕੁਰਾਨ ਦੀ ਵਿਆਖਿਆ। |
| ਹਾਕਮ | ਇਕ ਜੱਜ, ਸ਼ਾਸਕ, ਇਕ ਮਾਲਕ |
| ਹਕੂਮਤ | ਰਾਜ, ਸ਼ਾਸ਼ਨ |
| ਹਲਵਾਈ | ਮਠਿਆਈ ਬਣਾਉਣ ਵਾਲਾ |
| ਹਰ ਹਰ ਮਹਾਂਦੇਵ | ਸ਼ਿਵਜੀ ਮਹਾਰਾਜ ਦੇ ਨਾਂ ਦਾ ਇਕ ਨਾਹਰਾ |
| ਹਰਿਮੰਦਰ | ਸਵਰਨ ਮੰਦਰ ਦਾ ਪੁਰਾਣਾ ਨਾਮ, ਜਿਸ ਦਾ ਭਾਵ ਹੈ ਪ੍ਰਮਾਤਮਾ ਦਾ ਮੰਦਰ |
| ਹੜਤਾਲ | ਬਾਈਕਾਟ, ਕੰਮ ਬੰਦ ਕਰਨਾ |
| ਹੋਲੀ | ਇਕ ਭਾਰਤੀ ਤਿਓਹਾਰ ਜਿਸ ਨੂੰ ਸਾਰੇ ਉਤਰੀ ਭਾਰਤ ਵਿਚ ਮਨਾਇਆ ਜਾਂਦਾ ਹੈ ਅਤੇ ਲੋਕ ਇਕ ਦੂਸਰੇ ਤੇ ਰੰਗ ਵਾਲਾ ਪਾਣੀ ਸੁੱਟਦੇ ਹਨ |
| ਹੋਦਾ | ਹਾਥੀ ਉਪਰ ਬੈਠਣ ਵਾਲੀ ਇਕ ਗੱਦੀ |
| ਹੁਕਮਨਾਮਾ | ਗੁਰੂ ਵਲੋਂ ਕੀਤਾ ਗਿਆ ਇਕ ਹੁਕਮ |
| ਹੁੰਡੀ | ਇਕ ਜਾਂ ਕਿਸੇ ਦੂਸਰੇ ਵਿਅਕਤੀ ਦੁਆਰਾ, ਇਕ ਨਿਸਚਿਤ ਸਮੇਂ ਉਪਰੰਤ, ਇਕ ਨਿਸਚਿਤ ਰਕਮ ਜਾਂ ਪੈਸਾ, ਇਸ ਵਿਚ ਦਰਜ ਵਿਅਕਤੀ ਨੂੰ ਅਦਾ ਕਰਨ ਜਾਂ ਉਸਤੋਂ ਮੰਗ ਕਰਨ ਸਬੰਧੀ, ਆਮ ਤੌਰ ਤੇ ਬਿਨਾਂ ਸ਼ਰਤ ਲਿਖਿਆ ਗਿਆ ਇਕ ਹੁਕਮ, ਜਾਂ ਵਟਾਂਦਰੇ ਤੇ ਹਿਸਾਬ ਦੀ ਪਰਚੀ |
| ਇਲਾਕਾ | ਖੇਤਰ |
| ਜਾਗੀਰ | ਕਿਸੇ ਸੇਵਾ ਜਾਂ ਬਿਨਾਂ ਸੇਵਾ ਦੀ ਸ਼ਰਤ ਤੇ ਜ਼ਮੀਨ ਅਤੇ ਇਸ ਦੇ ਕਿਰਾਏ ਦਾ ਸਮਰਪਣ |
| ਜਗੀਰਦਾਰ | ਪਿਤਾ ਪੁਰਖੀ ਜ਼ਮੀਨ ਦਾ ਮਾਲਕ |
| ਜਲ ਬਾਰਾਂਦਾਰੀ | ਇਸ਼ਨਾਨ |
| ਜਲੇਬੀਆਂ | ਮਿਠਿਆਈ ਦੀ ਇਕ ਕਿਸਮ |
| ਜੰਪਰ | ਬਲਾਊਜ਼ |
| ਜਨਮ ਅਸ਼ਟਮੀ | ਸ੍ਰੀ ਕ੍ਰਿਸ਼ਨ ਭਗਵਾਨ ਜੀ ਦਾ ਜਨਮ ਦਿਨ |
| ਜੱਥਾ | ਇਕੱਠੇ ਹੋ ਕੇ ਚੱਲਣ ਵਾਲੇ ਸਮੂਹ ਨੂੰ ਜੱਥਾ ਕਿਹਾ ਜਾਂਦਾ ਹੈ। |

| | |
|---|---|
| ਕਬੱਡੀ | ਇਸ ਖੇਡ ਵਿਚ ਪ੍ਰਤੀਯੋਗੀ ਇਕ ਵਰਗਾਕਾਰ ਮੈਦਾਨ ਦੇ ਦੋਵੇਂ ਪਾਸੇ ਆਪੋ ਆਪਣੇ ਸਮਰਥਾ ਦੇ ਦੋ ਟੋਲੇ ਬਣਾਉਂਦੇ ਹਨ। ਇਕ ਪਾਸੇ ਤੋਂ ਇਕ ਖਿਡਾਰੀ ਨੂੰ ਦੂਸਰੇ ਪਾਸੇ ਕੌਡੀ ਪਾਉਣ ਲਈ ਚੁਣਿਆ ਜਾਂਦਾ ਹੈ। ਇਹ ਸਾਰੇ ਵਿਰੋਧੀ ਖਿਡਾਰੀਆਂ ਲਈ ਵੰਗਾਰੂ ਹੁੰਦਾ ਹੈ। ਵਿਰੋਧੀ ਪਾਸੇ ਤੋਂ ਵੰਗਾਰੂ ਉਤਨੀ ਦੇਰ ਤੱਕ ਹਮਲਾ ਕਰਨ ਦੀ ਆਗਿਆ ਨਹੀਂ ਹੁੰਦੀ ਜਿੰਨੀ ਦੇਰ ਉਹ ਉਨ੍ਹਾਂ ਨੂੰ ਛੋਹ ਨਹੀਂ ਲੈਂਦਾ |
| ਕੱਚੀ ਲੱਸੀ | ਦੁੱਧ ਅਤੇ ਪਾਣੀ ਦਾ ਮਿਸ਼ਰਣ |
| ਕਮਰਬੰਦ | ਸੁਨਹਿਰੀ ਕੰਨੀਆਂ ਵਾਲੀਆਂ ਲੱਕ ਤੇ ਬੰਨਣ ਵਾਲੀਆਂ ਪੱਟੀਆਂ |
| ਕੜਾਹ ਪ੍ਰਸ਼ਾਦ | ਆਟੇ, ਚੀਨੀ ਅਤੇ ਦੇਸੀ ਘਿਓ ਨਾਲ ਤਿਆਰ ਕੀਤਾ ਹਲਵਾ |
| ਕਰੇਲਾ | ਇਕ ਕੌੜੀ ਸਬਜ਼ੀ ਦੀ ਕਿਸਮ |
| ਕਾਰਖਾਨਾ | ਮਿੱਲ ਜਾਂ ਉਦਯੋਗ |
| ਕਟੜਾ | ਮਹੱਲਾ |
| ਖਾਲਸਾ | ਆਜ਼ਾਦ ਜਾਂ ਚੋਣਵੇਂ ਲੋਕ, ਸਿੱਖਾਂ ਵਲੋਂ ਆਪਣੀ ਕੌਮ ਲਈ ਵਰਤਿਆ ਜਾਂਦਾ ਸ਼ਬਦ |
| ਖਿੱਲਤ | ਸਨਮਾਨ ਵਜੋਂ ਪ੍ਰਦਾਨ ਕੀਤੀ ਗਈ ਪੁਸ਼ਾਕ |
| ਕਚੋਰੀ | ਕਣਕ ਦੇ ਮੈਦੇ ਦਾ ਇਕ ਸਮੋਸਾ, ਜਿਸ ਵਿਚ ਪੀਸੀ ਦਾਲ ਅਤੇ ਸਬਜ਼ੀਆਂ ਭਰੀਆਂ ਹੁੰਦੀਆਂ ਹਨ। |
| ਕਿਲੇਦਾਰ | ਕਿਲੇ ਗੜ੍ਹੀ ਜਾਂ ਕਿਸੇ ਮੋਰਚਾ ਬੰਦੀ ਦਾ ਸਰਦਾਰ |
| ਕੀਮਖਾਬ | ਜ਼ਰੀਦਾਰ ਕੱਪੜਾ |
| ਕੂਚਾ | ਗਲੀ, ਬੀਹੀ |
| ਕੋਠੀ | ਇਕ ਵੱਖਰਾ ਮਹਿਲ ਦੀ ਕਿਸਮ ਦਾ ਘਰ |
| ਕੋਤਵਾਲੀ | ਮੁੱਖ ਪੁਲਿਸ ਸਟੇਸ਼ਨ |
| ਕੁਲਚਾ | ਇਕ ਛੋਟੀ ਗੋਲ ਡਬਲ ਰੋਟੀ (ਜੋ ਆਟੇ ਦੁੱਧ ਅਤੇ ਮੱਖਣ ਨਾਲ ਬਣੀ ਹੁੰਦੀ ਹੈ) |
| ਕੁੜਤਾ | ਬਿਨਾਂ ਕਾਲਰਾਂ ਤੋਂ ਲੰਮੀ ਖੁੱਲ੍ਹੀ ਕਮੀਜ਼ |
| ਲਗਨ | ਵਿਆਹ ਦੇ ਦਿਨ ਦੀ ਚੋਣ ਜਾਂ ਦਿਨ ਦੀ ਚੋਣ ਲਈ ਭੇਜਿਆ ਗਿਆ ਪੱਤਰ ਜਾਂ ਸੁਨੇਹਾ (ਲਾੜੀ ਦੇ ਪਿਤਾ ਵਲੋਂ ਲਾੜੇ ਦੇ ਪਿਤਾ ਨੂੰ ਭੇਜਿਆ ਗਿਆ) |
| ਲੱਖ | ਇਕ ਸੌ ਹਜ਼ਾਰ |
| ਲੰਬਰਦਾਰ | ਪਿੰਡ ਦਾ ਮੁਖੀ, ਜਿਸ ਨੂੰ ਇਹ ਅਹੁਦਾ ਪਿਤਾ ਪੁਰਖੀ ਜਾਂ ਚੋਣ ਰਾਹੀਂ ਮਿਲਦਾ ਹੈ। |
| ਲੰਡੇ | ਵੱਖਰੀ ਕੌਮ ਵਿਚ ਪ੍ਰਚੱਲਿਤ ਹਿਸਾਬ ਕਿਤਾਬ ਲਿਖਣ ਦਾ ਦੇਸੀ ਢੰਗ |
| ਲੰਗਰ | ਮੁਫਤ ਖਾਣਾ ਦੇਣ ਵਾਲੀ ਰਸੋਈ |

| | |
|---|---|
| ਲੱਸੀ | ਛਾਹ ਵੇਲਾ |
| ਲਾਠੀ | ਇਕ ਮਜ਼ਬੂਤ ਸੋਟੀ ਜਾਂ ਡੰਡਾ |
| ਮਦਰੱਸਾ | ਮੁਸਲਮਾਨਾਂ ਦਾ ਧਾਰਮਿਕ ਸਿੱਖਿਆ ਦਾ ਕੇਂਦਰ |
| ਮਹਾਰਾਜਾ | ਰਾਜੇ ਦੀ ਉਪਾਧੀ |
| ਮਕਤਬ | ਦੇਸੀ ਮੁਸਲਮਾਨ ਸਕੂਲ |
| ਮਲਾਈ | ਕਰੀਮ |
| ਮੰਡੀ | ਵਿਸ਼ੇਸ਼ ਵਸਤੂ ਲਈ ਬਾਜ਼ਾਰ |
| ਮਾਂਹ | ਦਾਲ ਦੀ ਇਕ ਕਿਸਮ |
| ਮਾਝਾ | ਸਿੱਖ ਰਾਜ ਦਾ ਵਿਚਕਾਰਲਾ ਭਾਗ। ਕਿਸੇ ਸਮੇਂ ਬਾਰੀ ਦੋਆਬ ਦੇਉਪਰਲੇ ਭਾਗ ਨੂੰ ਮਾਲਵੇ ਤੋਂ ਵੱਖਰਾ ਦਰਸਾਉਣ ਲਈ ਵਰਤਿਆ ਜਾਣ ਵਾਲਾ ਸ਼ਬਦ |
| ਮਸੰਦ | ਏਲਚੀ, ਪ੍ਰਤੀਲਿਪੀ |
| ਮਾਸ | ਇਕ ਕਿਸਮ ਦੀ ਦਾਲ |
| ਮੱਠੀ | ਘਿਓ ਜਾਂ ਤੇਲ ਵਿਚ ਪਕਾਈ ਹੋਈ ਛੋਟੀ ਰੋਟੀ ਦੀ ਕਿਸਮ |
| ਮੌਲਵੀ | ਮੁਸਲਿਮ ਕਾਨੂੰਨ ਦਾ ਮਾਸਟਰ, ਅਧਿਆਪਕ ਜਾਂ ਗਿਆਨਵਾਨ ਆਦਮੀ |
| ਮਿਲਣੀ | ਲਾੜੀ ਦੇ ਮਾਪਿਆਂ ਵਲੋਂ ਸੁਆਗਤ ਕਰਨ ਦਾ ਇਕ ਪ੍ਰਬੰਧ |
| ਮਿਸਲ | ਅਰਬੀ ਦਾ ਇਕ ਸ਼ਬਦ, ਜਿਸ ਦਾ ਮਤਲਬ ਹੈ ਇਕੋ ਜਿਹਾ ਜਾਂ ਬਰਾਬਰ ਦਾ ਇਕ ਕਿਸਮ ਦਾ ਫੌਜੀ ਸੰਗਠਨ |
| ਮਿਸਰ | ਇਕ ਪਦਵੀ ਜੋ ਆਮ ਤੌਰ ਤੇ ਬ੍ਰਾਹਮਣਾਂ ਨੂੰ ਦਿੱਤੀ ਜਾਂਦੀ ਹੈ। |
| ਮਹੱਲਾ | ਸ਼ਹਿਰ ਜਾਂ ਪਿੰਡ ਦਾ ਇਕ ਭਾਗ |
| ਮੁਹੱਰਰ | ਲਿਖਾਰੀ |
| ਮੋਹਰੀ | ਚੌੜਾਈ |
| ਮੂੰਗ | ਇਕ ਕਿਸਮ ਦੀ ਦਾਲ |
| ਮੂਗਰਾ ਸੇਵੀਆ | ਛੋਲਿਆਂ ਦੇ ਆਟੇ ਦੀ ਛੋਟੀ ਅਤੇ ਤਲੀ ਹੋਈ ਚੀਜ਼ |
| ਮਹੱਰਮ | ਮੁਸਲਮਾਨਾਂ ਦੇ ਸਾਲ ਦਾ ਪਹਿਲਾ ਮਹੀਨਾ। ਇਸ ਮਹੀਨੇ ਵਿਚ ਹਸਨ ਅਤੇ ਉਸਦੇ ਭਰਾ ਹੁਸੈਨ ਦੀ ਮੌਤ ਦੀ ਯਾਦ ਵਿਚ ਮੁਸਲਮ ਲੋਕ ਵਰਤ ਰੱਖ ਦੇ ਅਫਸੋਸ ਮਨਾਉਂਦੇ ਹਨ। |
| ਮੁਸ਼ਾਇਰਾ | ਕਾਵਿ ਗੋਸ਼ਟੀ |
| ਨਾਈ | ਵਾਲ ਸੰਵਾਰਨ ਵਾਲਾ |
| ਨਾਨਬਾਈ | ਤੰਦੂਰੀਆ |
| ਨਾਚ | ਨ੍ਰਿੱਤ |
| ਓਮਰਾਹ | ਰਈਸ, ਕੁਲੀਨ |
| ਪਹਾੜਾ | ਗੁਣਾਂ ਦੀਆਂ ਸੂਚੀਆਂ |
| ਪੰਚਾਇਤ | ਰਿਵਾਇਤੀ ਤੌਰ ਤੇ 5 ਬੰਦਿਆਂ ਦੀ ਸਭਾ |

| | |
|---|---|
| ਪੱਖਾ | ਆਇਤਾਕਾਰ ਚੌਗਾਠ ਤੇ ਕੱਪੜੇ ਦਾ ਬਣਿਆ ਹੋਇਆ ਲਟਕਣ ਵਾਲਾ ਪੱਖਾ |
| ਪੰਥ | ਇਕ ਸ਼੍ਰੇਣੀ |
| ਪਾਪੜ | ਦਾਲਾਂ ਅਤੇ ਆਟੇ ਨੂੰ ਮਿਲਾਉਣ ਉਪਰੰਤ ਗੁੰਨ ਕੇ ਉਸ ਨੂੰ ਪਤਲੇ ਗੋਲ ਆਕਾਰ ਵਿਚ ਬਣਾਈ ਗਈ ਇਕ ਸਵਾਦੀ ਰੋਟੀ |
| ਪਰਿਕਰਮਾ | ਆਲੇ ਦੁਆਲੇ ਦਾ ਰਸਤਾ |
| ਫੇਵੀਆਂ | ਇਕ ਤਰ੍ਹਾਂ ਦੀ ਮਠਿਆਈ |
| ਪੂੜਾ | ਤੇਲ ਵਿਚ ਤਲਿਆ ਹੋਇਆ ਇਕ ਮਿੱਠਾ ਕੇਕ |
| ਪੂੜੀਆਂ | ਘੀ ਵਿਚ ਤਲੀਆਂ ਗੈਰ ਖਮੀਰੀ ਰੋਟੀਆਂ |
| ਕਾਜੀ | ਨਿਆਂ ਦੀ ਵਿਵਸਥਾ ਕਰਨ ਵਾਲੇ ਪਾਦਰੀ |
| ਕਿਲ੍ਹਾ | ਗੜ੍ਹੀ |
| ਰਾਇਜ਼ | ਸੱਤਾਧਾਰੀ ਵਿਅਕਤੀਆਂ ਦੀ ਪ੍ਰਸੰਸਾ ਵਿਚ ਗੀਤ ਗਾਉਣ ਵਾਲੇ ਪਿਤਾ ਪੁਰਖੀ ਗਾਇਕ |
| ਰਾਗ | ਗੀਤ |
| ਰਈਸ | ਅਮੀਰ |
| ਰਾਜ | ਸ਼ਾਸ਼ਨ |
| ਰਾਮ ਨੌਮੀ | ਸ਼੍ਰੀ ਰਾਮ ਚੰਦਰ ਜੀ ਦਾ ਜਨਮ ਦਿਨ |
| ਸਭਾ | ਇਕੱਤਰਤਾ, ਇਕੱਠ |
| ਸਬਜ਼ੀ | ਸਾਗ ਭਾਜੀ |
| ਸ਼ਾਹੂਕਾਰ | ਪੈਸੇ ਉਧਾਰ ਦੇਣ ਵਾਲਾ |
| ਸਮੋਸਾ | ਮਟਰਾਂ ਅਤੇ ਆਲੂਆਂ ਨਾਲ ਭਰੀ ਹੋਈ ਪੇਸਟਰੀ |
| ਸੰਗਤ | ਇਕੱਠ, ਸਭਾ, ਇਕਸੁਰਤਾ |
| ਸਰਾਫੀ | ਦੇਸੀ ਹਿਸਾਬ ਕਿਤਾਬ ਲਈ, ਵਿਸ਼ੇਸ਼ ਤੌਰ ਤੇ ਮਾਰਵਾੜੀਆਂ ਵਲੋਂ ਵਰਤੀ ਜਾਣ ਵਾਲੀ ਲਿੱਪੀ |
| ਸਰਾਇ | ਯਾਤਰੀਆਂ ਦੇ ਠਹਿਰਨ ਲਈ ਆਰਾਮ ਘਰ |
| ਸਰਬੱਤ ਖਾਲਸਾ | ਜਥੇਬੰਦੀ ਦਾ ਇਕ ਮਹਾਨ ਸੰਮੇਲਨ |
| ਸਰਬਰਾਹ | ਪ੍ਰਬੰਧਕ |
| ਸਰਦਾਰ | ਇਕ ਪ੍ਰਸਿੱਧ ਮੁਖੀ। ਸਿੱਖਾਂ ਦੇ ਨਾਂ ਨਾਲ ਵਰਤਿਆ ਜਾਣ ਵਾਲਾ ਅਗੇਤਰ |
| ਸਾੜ੍ਹੀ | ਔਰਤਾਂ ਵਲੋਂ ਪਹਿਨੀ ਜਾਣ ਵਾਲੀ ਇਕ ਖੁੱਲ੍ਹੀ ਪੁਸ਼ਾਕ |
| ਸਰਕਾਰ | ਮੁਸਲਮਾਨਾਂ ਦੇ ਇਲਾਕੇ ਵਿਚ ਵਰਤਿਆ ਜਾਣ ਵਾਲਾ ਗਵਰਨਮੈਂਟ ਦਾ ਸਮਾਨਾਰਥਕ ਸ਼ਬਦ |
| ਸੱਤਿ ਸ੍ਰੀ ਅਕਾਲ | ਪ੍ਰਮਾਤਮਾ ਸੱਚ ਹੈ। |
| ਸੱਟਾ | ਇਕ ਜ਼ੋਖਮ ਭਰੀ ਵਿੱਤੀ ਕਾਰਵਾਈ। ਆਟਾ ਸੱਟਾ |

| | |
|---|---|
| ਸੱਤਿਆਗ੍ਰਹਿ | ਸਚਾਈ ਤੇ ਜ਼ੋਰ , ਗਾਂਧੀ ਦੁਆਰਾ ਸ਼ੁਰੂ ਕੀਤਾ ਗਿਆ ਇਕ ਅੰਦੋਲਨ |
| ਸਲਵਾਰ | ਔਰਤ ਦਾ ਪਜ਼ਾਮਾ |
| ਸ਼ੀਆ | ਅਲੀ ਜਾਂ ਇਮਾਮ ਅਤੇ ਉਸਦੇ ਉਤਰਾਧਿਕਾਰੀਆਂ ਦੀ ਖਲੀਫਿਆਂ ਦੇ ਸੱਚੇ ਗੱਦੀ ਨਸ਼ੀਨਾਂ ਵਲੋਂ ਪੂਜਾ ਅਤੇ ਸਨਮਾਨ ਕਰਨ ਵਾਲੇ ਮੁਸਲਮਾਨ ਕਬੀਲੇ ਜਾਂ ਕਬੀਲਿਆਂ ਦਾ ਅਨੁਆਈ |
| ਸਮਾਧ | ਕਬਰ |
| ਸਮਾਧੀ | ਇਕਾਗਰਤਾ, ਮਗਨਤਾ |
| ਸੁੰਨੀ | ਪਹਿਲੇ ਚਾਰ ਖਲੀਫਿਆਂ ਨੂੰ ਪੈਗੰਬਰਾਂ ਦੇ ਅਸਲ ਵਾਰਸ ਮੰਨਣ ਵਾਲੇ ਵੱਡੇ ਮੁਸਲਮਾਨ ਕਬੀਲੇ ਲਈ ਵਰਤਿਆ ਜਾਣ ਵਾਲਾ ਸ਼ਬਦ। ਅਤੇ ਇਨ੍ਹਾਂ ਦੀ ਸ਼ੀਆਂ ਮੁਸਲਮਾਨਾਂ ਵਲੋ ਵਿਰੋਧਤਾ ਕੀਤੀ ਜਾਂਦੀ ਹੈ। |
| ਸਵਾਰ | ਸਵਾਰੀ ਕਰਨ ਵਾਲੇ |
| ਤਾਜੀਏ | ਗੋਟੇ ਕਿਨਾਰੀ ਦੇ ਕੰਮ ਦਾ ਸ਼ਾਨਦਾਰ ਭਵਨ, ਜਿਸ ਨੂੰ ਸ਼ਹੀਦਾਂ ਦੇ ਮਕਬਰੇ ਦਾ ਪ੍ਰਤੀਰੂਪ ਸਮਝਿਆ ਜਾਂਦਾ ਹੈ। |
| ਠੰਢੀ ਖੂਹੀ | ਠੰਢੇ ਪਾਣੀ ਵਾਲਾ ਖੂਹ |
| ਥੜ੍ਹਾ | ਇਕ ਉਚਾ ਕੀਤਾ ਗਿਆ ਸਥਾਨ |
| ਠੱਗ | ਧੋਖੇਬਾਜ਼, ਡਾਕੂਆਂ ਅਤੇ ਹੱਤਿਆਰਿਆਂ ਦੀ ਖਤਮ ਹੋ ਚੁਕੀ ਸਭਾ ਦਾ ਇਕ ਮੈਂਬਰ |
| ਟੀਂਡਾ | ਇਕ ਸਬਜ਼ੀ |
| ਤੀਰਥ ਯਾਤਰਾ | ਸ਼ਰਧਾਲੂਆਂ ਦੀ ਪਵਿੱਤਰ ਸਥਾਨਾਂ ਦੀ ਯਾਤਰਾ ਤੇ ਆਤਮਾ ਦੀ ਸ਼ੁੱਧੀ ਲਈ ਕੀਤਾ ਗਿਆ ਇਸ਼ਨਾਨ |
| ਤੋਸ਼ਾਖਾਨਾ | ਖਜ਼ਾਨੇ ਦਾ ਕਮਰਾ |
| ਵਕੀਲ | ਮੁਕੱਦਮੇ ਦੀ ਪੈਰਵੀ ਕਰਨ ਵਾਲਾ |
| ਵੜੀਆਂ | ਰੋਟੀ ਬਣਾਉਣ ਵਾਲੇ ਆਟੇ ਨਾਲੋਂ ਬਰੀਕ ਆਟੇ ਦੀਆਂ ਗੋਲੀਆਂ ਬਣਾ ਕੇ ਕਿਸੇ ਟਰੇਅ ਜਾਂ ਚਪਟੀ ਪਲੇਟ ਵਿਚ ਰੱਖ ਕੇ ਸੁਕਾਣ ਲਈ ਰੱਖੀਆਂ ਜਾਂਦੀਆਂ ਹਨ। ਬਾਅਦ ਵਿਚ ਇਨ੍ਹਾਂ ਗੋਲੀਆਂ ਨੂੰ ਕੜੀ ਅਤੇ ਹੋਰ ਮਸਾਲਿਆਂ ਵਜੋਂ ਪਕਾਇਆ ਜਾਂਦਾ ਹੈ। |
| ਜਿੰਮੀਦਾਰ | ਜ਼ਮੀਨ ਦਾ ਮਾਲਕ |
| ਜਰਗਰ | ਸੁਨਿਆਰਾ |
| ਜ਼ਿਲ੍ਹਾ | ਹਲਕਾ |
| ਜ਼ਿਆਫਤ | ਮਨੋਰੰਜਨ, ਪ੍ਰੀਤੀਭੋਜ, ਦਾਅਵਤ |

# ਪੁਸਤਕ ਸੂਚੀ

ਜਾਣਕਾਰੀ ਲਈ ਪ੍ਰਮੁੱਖ ਸੋਮਿਆਂ ਵਿਚ ਭਾਰਤ ਸਰਕਾਰ ਦੀਆਂ ਰਾਜਨੀਤਿਕ ਕਾਰਵਾਈਆਂ, ਵਿਸ਼ੇਸ਼ ਤੌਰ ਤੇ ਵਿਦੇਸ਼ੀ ਅਤੇ ਰਾਜਨੀਤੀ ਵਿਭਾਗ ਦੇ ਰਿਕਾਰਡ (1850-60), ਭਾਰਤ ਸਰਕਾਰ ਦੇ ਗ੍ਰਿਹਿ ਵਿਭਾਗ ਦੀਆਂ ਰਾਜਨੀਤਿਕ ਕਾਰਵਾਈਆਂ (1919-1921), ਅੰਮ੍ਰਿਤਸਰ ਨਗਰ-ਪਾਲਿਕਾ ਦੇ ਰਿਕਾਰਡ ਅਤੇ ਅੰਮ੍ਰਿਤਸਰ ਦੇ ਵਸਨੀਕਾਂ, ਸ੍ਰੀ ਰਤਨ ਚੰਦ ਅਤੇ ਸ੍ਰੀ ਜੀ.ਆਰ ਸੇਠੀ ਦੇ ਨਿੱਜੀ ਸੰਗ੍ਰਹਿ ਸ਼ਾਮਲ ਹਨ।

## ਪ੍ਰਕਾਸ਼ਿਤ ਦਸਤਾਵੇਜ਼


- ਅੰਮ੍ਰਿਤਸਰ ਜ਼ਿਲ੍ਹਾ ਗਜ਼ਟ, 1883-84
- ਅੰਮ੍ਰਿਤਸਰ ਜ਼ਿਲ੍ਹਾ ਗਜ਼ਟ, (ਸੰਪਾ: ਜੇ.ਏ ਗਰਾਂਟ) 1893
- ਅੰਮ੍ਰਿਤਸਰ ਜ਼ਿਲ੍ਹਾ ਗਜ਼ਟ, (ਸੰਪਾ: ਐਚ.ਡੀ. ਕਰੇਕ) 1914
- ਅੰਮ੍ਰਿਤਸਰ ਜ਼ਿਲ੍ਹਾ ਗਜ਼ਟ, (ਸੰਪਾ: ਐਚ.ਡੀ. ਕਰੇਕ) 1933
- ਅੰਮ੍ਰਿਤਸਰ ਜ਼ਿਲ੍ਹਾ ਗਜ਼ਟ, (ਸੰਪਾ: ਏ ਮੈਕਫਰਕੁਹਾਰ) 1947
- ਸਾਲਾਨਾ ਪ੍ਰਸ਼ਾਸਨ ਰਿਪੋਰਟ, (ਅੰਮ੍ਰਿਤਸਰ ਸੁਧਾਰ ਸਭਾ) 1960-61
- ਅੰਮ੍ਰਿਤਸਰ ਨਗਰ ਪਾਲਿਕਾ ਦੀਆਂ ਸਲਾਨਾ ਰਿਪੋਰਟਾਂ, (1930-1963)
- ਡਿਸਆਡਰ ਇਨਕੁਆਰੀ ਕਮੇਟੀ ਐਵੀਡੈਂਸ (5 ਭਾਗ) 1920 ਰਿਪੋਰਟ (ਹੰਟਰ) 1920
- ਅੰਮ੍ਰਿਤਸਰ ਜ਼ਿਲੇ ਦੇ ਚੌਥੇ ਪੱਕੇ ਸਥਾਪਨ ਬਾਰੇ ਆਖਰੀ ਰਿਪੋਰਟ,1888-1893 (ਸੰਪਾਦਕ ਜੇ.ਏ. ਗਰਾਂਟ) ਲਾਹੌਰ, 1893
- ਪੰਜਾਬ ਦੇ ਪ੍ਰਬੰਧ ਬਾਰੇ ਆਮ ਰਿਪੋਰਟਾਂ, 1849-50, 1850-51,1852 67,1880-91, 1907-08, 1921-22, 1926-27
- ਭਾਰਤ (ਪੰਜਾਬ) ਦੀ ਇੰਮਪੀਰੀਅਰ ਗਜ਼ਟ, 2 ਭਾਗ, ਲੰਡਨ, 1908
- ਪੰਜਾਬ ਸਰਕਾਰ ਦੇ ਰਿਕਾਰਡ (1) ਦਿੱਲੀ ਰੈਜੀਡੈਂਸੀ ਏਜੰਸੀ (1807-1887) (2) ਲੁਧਿਆਣਾ ਏਜੰਸੀ (1808-15), (3) ਲਾਹੌਰ ਰਾਜਨੀਤਿਕ ਡਾਇਰੀਆਂ (1847-48) (4) ਲਾਹੌਰ ਰਾਜਨੀਤਿਕ ਡਾਇਰੀਆਂ (1846-49) (5) ਲਾਹੌਰ ਰਾਜਨੀਤਿਕ ਡਾਇਰੀਆਂ (1847-49)
- ਅੰਮ੍ਰਿਤਸਰ ਮਰਦਮ ਸ਼ੁਮਾਰੀ ਦੀ ਰਿਪੋਰਟ-1 ਜਨਵਰੀ, 1855.
- ਪੰਜਾਬ ਦੀ ਮਰਦਮ ਸ਼ੁਮਾਰੀ ਦੀ ਰਿਪੋਰਟ, 1868
- ਭਾਰਤ ਦੀ ਮਰਦਮ ਸ਼ੁਮਾਰੀ ਦੀਆਂ ਰਿਪੋਰਟਾਂ, 1891,1901,1911, 1921, 1931, 1941, 1961, 2001, 2011

- ਅੰਮ੍ਰਿਤਸਰ ਦੇ ਸੰਸ਼ੋਧਿਤ ਬੰਦੋਬਸਤ ਬਾਰੇ ਰਿਪੋਰਟ, ਅੰਮ੍ਰਿਤਸਰ ਜ਼ਿਲ੍ਹੇ ਦੇ ਸੋਵਰੀਆਂ ਅਤੇ ਤਰਨਤਾਰਨ ਪਰਗਨੇ (ਸੰਪਾ: ਆਰ ਐਚ ਡੇਵੀਸ ਅਤੇ ਡਬਲਿਯੂ ਈ ਬਲਿਥ) ਲਾਹੌਰ, 1860 ਸਲਾਨਾ ਪ੍ਰਬੰਧ ਰਿਪੋਰਟ ਸਿਲਸਿਲਾ (ਪੰਜਾਬ)
- ਅੰਮ੍ਰਿਤਸਰ ਜ਼ਿਲ੍ਹੇ ਬੰਦੋਬਸਤ ਬਾਰੇ ਰਿਪੋਰਟ, (ਸੰਪ, ਐਚ. ਡੇਬੇਸ)1856
- 1919 ਦੌਰਾਨ ਭਾਰਤ ਦੀ ਨੈਤਿਕ ਅਤੇ ਪਦਾਰਥਿਕ ਉਨਤੀ ਦੀ ਹਾਲਤ ਨੂੰ ਦਰਸਾਉਂਦਾ ਬਿਆਨ।
- ਸਿਆਲਕੋਟ ਦੀ ਸਾਂਖਿਅਕੀ (Statistical) ਰਿਪੋਰਟ,1864
- ਪੰਜਾਬ (ਭਾਰਤ) ਦੀ ਆਰਥਿਕ ਜਾਂਚ ਬਾਰੇ ਬੋਰਡ ਨੰ: 70, ਪੰਜਾਬ ਵਿਚ ਪਸ਼ਮੀਨੇ ਦਾ ਕੰਮ ਅਤੇ ਮੰਡੀਕਰਨ (ਪੰਜਾਬ ਸਰਕਾਰ ਦੀ ਆਰਥਿਕ ਅਤੇ ਸਾਂਖਿਅਕੀ ਸੰਸਥਾ ਵਲੋਂ ਪ੍ਰਕਾਸ਼ਿਤ)
- ਕਾਂਗਰਸ ਵਲੋਂ ਪੰਜਾਬ ਦੀ ਜਾਂਚ, (1919-20)
- ਹੋਮ ਪੋਲੀਟੀਕਲ ਪ੍ਰੋਸੀਡਿੰਗਜ਼, 1907 ਤੋਂ 1947 ਤੱਕ (ਰਾਸ਼ਟਰੀ ਪੁਰਾਲੇਖ ਭਵਨ, ਨਵੀਂ ਦਿੱਲੀ)

## ਅਖਬਾਰ

- ਅੰਮ੍ਰਿਤ ਬਾਜ਼ਾਰ ਪੱਤ੍ਰਿਕਾ, ਕਲਕੱਤਾ (1919 ਅਪਰੈਲ 1965)
- ਇੰਡੀਅਨ ਮਿਰਰ (1919)
- ਪੰਜਾਬ ਅਖਬਾਰ (1839)
- ਪੈਟਰੀਆਟ, ਨਵੀਂ ਦਿੱਲੀ (ਦਸੰਬਰ 1966)
- ਸੰਡੇ ਟਾਈਮਜ਼, ਲੰਡਨ (ਜਨਵਰੀ 1961)
- ਦੀ ਟ੍ਰਿਬਿਊਨ, ਲਾਹੌਰ, (1919-20)
- ਦੀ ਟ੍ਰਿਬਿਊਨ, ਚੰਡੀਗੜ੍ਹ,
- ਵਕਤ, ਅੰਮ੍ਰਿਤਸਰ (1919)
- ਖਾਲਸਾ ਐਡਵੋਕੇਟ, (ਰੋਜ਼ਾਨਾ) 1922-24 (ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ) (N.M.M.L)
- ਖਾਲਸਾ ਸਮਾਚਾਰ (N.M.M.L)
- ਅਕਾਲੀ ਅਤੇ ਪਰਦੇਸੀ (ਪੰਜਾਬੀ)
- ਸਪੋਕਸਮੈਨ, ਨਿਊ ਦਿੱਲੀ

## ਸਮਕਾਲੀਨ ਲਿਖਤਾਂ, ਯਾਤਰਾਵਾਂ ਅਤੇ ਹੋਰ ਕਾਰਜ

ਅਲੀ ਸ਼ਹਾਮਤ: ਹਿਸਟੋਰੀਕਲ ਅਕਾਊਂਟ ਆਫ ਦੀ ਸਿੱਖਜ਼ ਐਂਡ ਅਫਗਾਨਜ਼ ਇਨ ਕੁਨੈਕਸ਼ਨ ਵਿਦ ਇੰਡੀਆ ਐਂਡ ਪਰਸ਼ੀਆ, ਲੰਡਨ, 1847

ਆਨੰਦ ਗਾਬਾ, ਅੰਮ੍ਰਿਤਸਰ, ਏ ਸਟੱਡੀ ਆਫ ਅਰਬਨ ਹਿਸਟਰੀ (1840-1947), ਏ.ਬੀ.ਐਸ ਪਬਲੀਕੇਸ਼ਨ ਜਲੰਧਰ,1988

ਬੇਅਰਡ, ਜੇ.ਜੀ.ਏ ਪ੍ਰਾਈਵੇਟ ਲੈਟਰਜ਼ ਆਫ ਦੀ ਮਾਰਕੁਐਸ ਆਫ ਡਲਹੌਜ਼ੀ, ਲੰਡਨ, 1910 ਬਾਕੁਇਰ, ਐਮ: ਇੰਡੀਅਨ ਆਰਕੀਟੇਕਚਰ (ਇਸਲਾਮਿਨ ਪੀਰੀਅਡ) ਸੈਕੰਡ ਐਡੀਸ਼ਨ, ਕਲਕੱਤਾ।

ਬਰਾਉਨ ਪਰਸੀ, : ਦੀ ਪੰਜਾਬ ਐਂਡ ਦਿੱਲੀ ਇਨ 1857, 2 ਭਾਗ

ਬਰਨਜ਼ ਅਲੈਗਜੈਂਡਰ : ਟ੍ਰੈਵਲਜ਼ ਇਨਟੂ ਬੁਖਾਰਾ ਬੀਇੰਗ ਐਨ ਅਕਾਊਂਟ ਆਫ ਏ ਜਰਨੀ ਫਰਾਮ ਇੰਡੀਆ, ਕਾਬੁਲ, ਟਾਰਟਰੀ ਐਂਡ ਪਰਸੀਆ, 3 ਭਾਗ, ਲੰਡਨ 1875

ਭੁਪਿੰਦਰ ਸਿੰਘ, ਅੰਮ੍ਰਿਤਸਰ ਮਿਊਂਸਪਲ ਕਮੇਟੀ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1938।

ਗੰਡਾ ਸਿੰਘ, (ਸੰਪਾਦਕ) ਤਰੀਖ-ਏ-ਅੰਮ੍ਰਿਤਸਰ ਦਾ ਚਾਂਦ, ਮਖੀਜ਼, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1959

ਗੰਡਾ ਸਿੰਘ, ਅਹਿਮਦ ਸ਼ਾਹ ਦੁਰਾਨੀ, ਬੰਬਈ, 1959

ਗਿਆਨ ਸਿੰਘ, ਤਰੀਖ-ਏ-ਅੰਮ੍ਰਿਤਸਰ, ਕੇਂਦਰੀ ਸਿੰਘ ਸਭਾ ਕਮੇਟੀ, ਅੰਮ੍ਰਿਤਸਰ, 1914

ਗ੍ਰਿਫਨ, ਰਣਜੀਤ ਸਿੰਘ, ਦਿੱਲੀ, 1957

ਗਿਆਨੀ ਗਿਆਨ, ਪੰਥ ਪ੍ਰਕਾਸ਼, ਅੰਮ੍ਰਿਤਸਰ, 1923

ਗੁਰਸ਼ਰਨ ਸਿੰਘ, ਹਿਸਟਰੀ ਆਫ ਪੈਪਸੂ, ਕੋਨਾਰਕ ਪਬਲੀਕੇਸ਼ਨ ਨਿਊ ਦਿੱਲੀ,1993

ਗੁਰਸ਼ਰਨ ਸਿੰਘ, ਕ੍ਰਿਸ਼ਨ ਗੋਪਾਲ : ਜੈਤੋ ਮੋਰਚੇ ਦਾ ਇਤਿਹਾਸ, ਯੂਨੀਸਟਾਰ ਬੁੱਕ ਲਿਮਿਟਡ, ਚੰਡੀਗੜ੍ਹ, 2011

ਕੋਲੇ, ਜੇਮਜ਼ ਜਰਨਲ ਆਫ ਦੀ ਸਤਲੁਜ ਕੈਂਪੇਲ ਆਫ 1845-46, ਐਂਡ ਆਲਸੋ ਆਫ ਲਾਰਡ ਹਾਰਡਿੰਗਜ਼ ਟੂਰ, ਲੰਡਨ

ਕੋਵਿਨ ਇਆਨ: ਦੀ ਲਾਈਫ ਆਫ ਜਨਰਲ ਡਾਇਰ, ਲੰਡਨ, 1931

ਕੋਰਟ, ਮੇਜਰ ਹਿਸਟਰੀ ਆਫ ਦੀ ਸਿੱਖਸ (ਅਨੁਵਾਦ, ਸਿੱਖਾਂ ਦੇ ਰਾਜ ਦੀ ਵਿਥਿਆ) ਲਾਹੌਰ, 1888

ਕਰੁਕ, ਡਬਲਿਯੂ: ਥਿੰਗਜ਼ ਇੰਡੀਅਨ, ਲੰਡਨ,1906

ਕਨਿੰਘਮ, ਜੇ.ਡੀ ਹਿਸਟਰੀ ਆਫ ਸਿੱਖਸ ਦਿੱਲੀ,1955

ਈਡਨ, ਐਮਿਲੀ: ਅੱਪ ਦੀ ਕੰਟਰੀ, ਲੰਡਨ,1930

ਐਲਫਿਨਸਟਨ: ਮਾਉਂਟਸਟੂਅਰਟ ਦੀ ਹਿਸਟਰੀ ਆਫ ਇੰਡੀਆ, ਲੰਡਨ 1874

ਫਾਨੀ ਮੋਹਸਨ ਦਬਸਿਤਾਨ-ਇ-ਮਜਾਹਿਬ, ਕਲਕੱਤਾ, 1809

ਫਰਗੁਸ਼ਨ, ਜੇ: ਹਿਸਟਰੀ ਆਫ ਇੰਡੀਅਨ ਐਂਡ ਈਸ਼ਟਰਨ ਆਰਕੀਐਕਜਚਰ, 2 ਭਾਗ, ਲੰਡਨ 1910

ਫੁਰਨੀਆ, ਰੂਪਰਟ ਮਾਸਐਕਰ ਐਟ ਅੰਮ੍ਰਿਤਸਰ, ਲੰਡਨ 1963

ਫਾਸਟਰ, ਜਾਰਜ ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ, 2 ਭਾਗ, ਲੰਡਨ 1798

ਗ੍ਰਿਫਨ, ਲੀਪਲ ਐਚ: ਦੀ ਪੰਜਾਬ ਚੀਫਸ, ਲੰਡਨ, 1869

ਗ੍ਰਿਫਨ, ਲੀਪਲ ਐਚ: ਦੀ ਰਾਜਾਜ਼ ਆਫ ਦੀ ਪੰਜਾਬ, ਲੰਡਨ, 1873

ਗ੍ਰਿਫਨ, ਲੀਪਲ ਐਚ: ਚੀਫਸ ਐਂਡ ਫੈਮਿਲੀਜ਼ ਆਫ ਨੋਟ ਇੰਨ ਦੀ ਪੰਜਾਬ, ਭਾਗ ਐਂਡ ਮੇਸੀ ਐਫ ਸੀ ਭਾਗ, ਲਾਹੌਰ, 1909

ਗੁਪਤਾ ਐਚ.ਆਰ: ਸਟੱਡੀਜ਼ ਇਲ ਲੇਟਰ ਮੁਗਲ ਹਿਸਟਰੀ ਆਫ ਦੀ ਪੰਜਾਬ, ਲਾਹੌਰ, 1944

ਹੈਮਿਲਟਨ ਵਾਲਟਰ: ਈ ਈਸਟ ਇੰਡੀਆਂ ਗਜਟੀਅਰ, 2 ਭਾਗ, ਲੰਡਨ,1928

ਹੋਰਨੀਮਨ, ਬੀ.ਜੀ ਅੰਮ੍ਰਿਤਸਰ ਐਂਡ ਅਵਰ ਡਿਊਟੀ ਟੂ ਇੰਡੀਆ, ਲੰਡਨ,1920

ਹਿਊਗਲ, ਵੋਨ ਟ੍ਰੈਵਲਜ਼ ਇੰਨ ਕਸ਼ਮੀਰ ਐਂਡ ਪੰਜਾਬ, 1843

ਇਰਵਨ, ਵਿਲੀਅਮ (ਸੰਪਾਂ: ਜੇ.ਸਰਕਾਰ) ਲੇਟਰ ਮੁਗਲ, 2 ਭਾਗ,ਕਲਕੱਤਾ,19212

ਜੈਕੁਏਮੋਟ,ਵਿਕਟਰ: ਲੈਟਰਜ਼ ਫਰਾਮ ਇੰਡੀਆ, ਲੰਡਨ, 1936

ਜਹਾਂਗੀਰ ਤੁਜ਼ੁਕੇ- ਇ- ਜਹਾਂਗੀਰੀ, ਅਲੀਗੜ੍ਹ ਵਿਖੇ ਪੱਥਰ ਦੇ ਛਾਪੇ ਨਾਲ ਛਾਪੀ ਗਈ, 1864

ਜੇ.ਐਸ ਗਰੇਵਾਲ, ਅੰਮ੍ਰਿਤਸਰ ਸਿਫਤੀ ਦਾ ਘਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004

ਸਿੰਘ ਜਗਜੀਤ, ਟੈਂਪਲ ਆਫ ਸਪਿਰਚੁਐਲਿਟੀ

ਕਾਇ, ਜੇ.ਡਬਲਿਯੂ ਲਾਈਫ ਐਂਡ ਕਾਰਸਪੋਂਡੈਂਸ ਆਫ ਲਾਰਡ ਮੈਕਾਲਫ, 2 ਭਾਗ ਲੰਡਨ, 1854

ਕਾਇ,ਜੇ.ਡਬਲਿਯੂ ਹਿਸਟਰੀ ਆਫ ਸਿਪਾਏ ਵਾਰ ਇੰਨ ਇੰਡੀਆ, 1857-58, 3 ਭਾਗ, ਲੰਡਨ, 1896

ਕ੍ਰਿਸ਼ਨ ਗੋਪਾਲ, ਡਾਇਨਾਮਿਕਸ ਆਫ ਪੰਜਾਬੀ ਸੂਬਾ ਮੂਵਮੈਂਟ, ਦੀਪ ਐਂਡ ਦੀਪ ਪਬਲੀਕੇਸ਼ਨ, ਨਵੀਂ ਦਿੱਲੀ, 1999

ਕ੍ਰਿਸ਼ਨ ਗੋਪਾਲ, ਵੋਏਜ਼ ਆਫ ਕਾਮਾਗਾਟਾਮਾਰੂ, ਟਵੰਟੀਫਸਟ ਸੈਂਚੂਰੀ ਪਬਲੀਕੇਸ਼ਨ ਪਟਿਆਲਾ, 2007

ਖਿਲਾਨੀ,ਐਨ.ਐਮ ਦੀ ਪੰਜਾਬ ਅੰਡਰ ਦੀ ਲਾਰੰਸ, (1846-1858)

ਖੁਸ਼ਵੰਤ ਸਿੰਘ,ਏ ਹਿਸਟਰੀ ਆਫ ਦਾ ਸਿੱਖਸ਼ ਭਾਗ-1 ਅਤੇ ਭਾਗ-2 ਐਕਸਫੋਰਡ ਯੂਨੀਵਰਸਿਟੀ ਪ੍ਰੈਸ, ਬੰਬੇ,1977

ਲਾਲ ਮੋਹਨ, ਜਰਨੀ ਆਫ ਏ ਟੂਰ ਥਰੂ ਦੀ ਪੰਜਾਬ ਐਂਡ ਅਫਗਾਨਿਸਤਾਨ, ਕਲਕੱਤਾ, 1834

ਲਾਤੀਫ,ਐਮ.ਐਮ ਏ ਹਿਸਟਰੀ ਆਫ ਦੀ ਪੰਜਾਬ, ਕਲਕੱਤਾ,1891

ਲਾਤੀਫ, ਇੰਡਸਟਰੀਅਲ ਪੰਜਾਬ, 1911

ਲੇਟਨਰ ਜੀ ਡਬਲਿਯੂ ਹਿਸਟਰੀ ਆਫ ਇੰਡੀਜੀਨਸ ਐਜੂਕੇਸ਼ਨ ਇੰਨ ਪੰਜਾਬ ਕਲਕੱਤਾ, 1882

ਮੈਕਾਲਫ, ਐਮ.ਏ: ਦੀ ਸਿੱਖ ਰਿਲੀਜ਼ਨ, 6 ਭਾਗ, ਲੰਡਨ, 1909

ਮੈਲਕਮ ਲੈਫ ਕਰਲਨ ਜਾਹਨ: ਸਕੈਚ ਆਫ ਦੀ ਸਿੱਖਸ, ਲੰਡਨ, 1812

ਮੈਲੇਸ਼ਨ ਜੀ.ਬੀ, ਹਿਸਟਰੀ ਆਫ ਦੀ ਇੰਡੀਅਨ ਮਿਉਟਨੀ, 1857-8, 3 ਭਾਗ ਲੰਡਨ, 1896

ਐਮ.ਗਰੈਗਰ, ਦੀ ਹਿਸਟਰੀ ਆਫ ਦੀ ਸਿੱਖਸ, 2 ਭਾਗ, ਲੰਡਨ 1846

ਮੋਹਨ ਪਿਆਰੇ, ਐਨ ਇਮੈਜਨਰੀ ਰਿਬੈਲੀਅਨ ਐਂਡ ਹਓ ਇਟ ਵਾਜ ਸੁਪਰੈਸਡ, 1920

ਮਹਿੰਦਰ ਸਿੰਘ, ਅਕਾਲੀ ਮੂਵਮੈਂਟ, ਦਿੱਲੀ, 1978

ਹਰਬੰਸ ਸਿੰਘ, ਦੀ ਹੈਰੀਟੇਜ਼ ਆਫ ਦਾ ਸਿੱਖਸ਼, ਦਿੱਲੀ, 1983

ਮਾਨਟੈਗੂ,ਈ.ਐਸ ਐਨ ਇੰਡੀਅਨ ਡਾਇਰੀ, ਲੰਡਨ, 1930

ਮੂਨ, ਪੈਂਡਰਲ, ਡਿਵਾਈਡ ਐਂਡ ਕੁਇਟ, ਲੰਡਨ, 1961

ਮੂਰਕਰਾਫਟ ਡਬਲਿਯੂ: ਐਂਡ ਟਰੈਬੈਕ ਜੀ:ਟ੍ਰੈਵਲਜ਼ ਇੰਨ ਦੀ ਹਿਮਾਲੀਅਨ ਪਰੋਵਿੰਸਜ਼ ਆਫ ਹਿੰਦੁਸਤਾਨ ਐਂਡ ਪੰਜਾਬ, ਲੰਡਨ 1841

ਮਾਰਲੇ ਲਿਊਨਾਰਡ, ਦੀ ਲਾਸਟ ਡੇਜ਼ ਆਫ ਦੀ ਬ੍ਰਿਟਿਸ ਰਾਜ, ਲੰਡਨ,1961

ਨਹਿਰੂ ਜਵਾਹਰ ਲਾਲ, ਐਨ ਆਟਬਾਇਓਗ੍ਰਾਫੀ, 1955

ਓਡਵਾਇਰ, ਸਰ ਮਾਈਕਲ ਇੰਡੀਆ ਐਜ ਆਈ ਨੋ ਇਟ, ਲੰਡਨ, 1925

ਆਰਲਿਚ,ਐਨ ਵੋਨ ਟ੍ਰੈਵਲਜ਼ ਇੰਨ ਇੰਡੀਆ, ਲੰਡਨ 1845

ਓਰਵੈਲ ਜਾਰਜ਼, ਸੂਟਿੰਗ ਐਨ ਐਲੀਫੈਂਟ, ਲੰਡਨ, 1953

ਓਸਬਰਨ ਡਬਲਿਯੂ, ਦੀ ਕੋਰਟ ਐਂਡ ਕੈਂਪ ਆਫ ਰਣਜੀਤ ਸਿੰਘ, ਲੰਡਨ, 1840

ਪੋਵੈਲ, ਬਾਦਨ: ਇਕਨਮਿਕ ਪਰੋਡਕਟਸ ਆਫ ਦੀ ਪੰਜਾਬ, 1868

ਪਰਸ਼ਾਦ ਬੇਨੀ, ਹਿਸਟਰੀ ਆਫ ਜਹਾਂਗੀਰ, 1922

ਪ੍ਰਿੰਸੈਪ ਐਚ.ਟੀ, ਦੀ ਓਰਿਜ਼ਨ ਆਫ ਸਿੱਖ ਪਾਵਰ ਇੰਨ ਦੀ ਪੰਜਾਬ ਕਲਕੱਤਾ, 1834

ਫੌਜਾ ਸਿੰਘ, ਦੀ ਸਿਟੀ ਆਫ ਅੰਮ੍ਰਿਤਸਰ, (ਸੰਪਾਦਕ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000

ਰੀਨਲ ਜੇਮਜ਼, ਮੈਮੋਇਰਜ਼ ਆਫ ਏ ਮੈਪ ਆਫ ਹਿੰਦੁਸਤਾਨ ਆਫ ਦੀ ਮੁਗਲ ਇੰਮਪਾਇਰ, ਲੰਡਨ, 1788

ਸਰਕਾਰ ਜਾਦੂਨਾਥ, ਫਾਲ ਆਫ ਦੀ ਮੁਗਲ ਇੰਮਪਾਇਰ,4 ਭਾਗ, ਕਲਕੱਤਾ, 1932-50

ਸੇਨ ਸੁਰਿੰਦਰ, ਏਟਵੀਨ ਫਿਫਟੀ ਸੈਵਨ, ਦਿੱਲੀ, 1957

ਸਰਦਾਰ ਨਾਹਰ ਸਿੰਘ, ਏ ਸ਼ਾਰਟ ਅਕਾਉਂਟ ਆਫ ਦੀ ਕੂਕਾਜ਼ ਆਰ ਨਾਮਧਾਰੀਜ਼, ਦਿੱਲੀ

ਐਸ.ਸੀ. ਮਿੱਤਲ, ਫਰੀਡਮ ਮੂਵਮੈਂਟ ਇੰਨ ਪੰਜਾਬ (1905-29) ਕੰਨਸੈਪਟ ਪਬਲੀਸਿੰਗ ਕੰਪਨੀ, ਦਿੱਲੀ, 1976

ਸਤਿਆ ਐਮ ਰਾਏ, ਲੈਜਿਸਲੇਟਿਵ ਪਾਲੀਟਿਕਸ ਐਂਡ ਫਰੀਡਮ ਸਟਰੱਗਲ ਇੰਨ ਦਾ ਪੰਜਾਬ, 1987-1947, ਨਵੀਂ ਦਿੱਲੀ 1984

ਸੁਰਿੰਦਰ ਕੋਛੜ, ਅੰਮ੍ਰਿਤਸਰ (ਆਰੰਭ ਤੋਂ ਅੱਜ ਤੱਕ) ਪ੍ਰੀਮੀਅਰ ਪਬਲੀਕੇਸ਼ਨ, ਅੰਮ੍ਰਿਤਸਰ, 2010

ਸਿਨਹਾ, ਐਨ.ਕੇ ਰਣਜੀਤ ਸਿੰਘ, ਕਲਕੱਤਾ, 1960

ਸਿਨਹਾ, ਐਨ.ਕੇ ਰਾਈਜ਼ ਆਫ ਦੀ ਸਿੱਖ ਪਾਵਰ, ਕਲਕੱਤਾ, 1936

ਸੀਤਾ ਰਮੱਈਆ, ਬੀ.ਪੱਟਾਬਾਈ: ਦੀ ਹਿਸਟਰੀ ਆਫ ਦੀ ਕਾਂਗਰਸ, ਮਦਰਾਸ, 1935

ਸਮਿੱਥ,ਆਰ ਬੋਸਬਰਥ: ਦੀ ਲਾਈਫ ਆਫ ਲਾਰਡ ਲਾਰੰਸ, ਲੰਡਨ, 1883

ਸਮਿੱਥ ਮੇਜ਼ ਜੀ, ਕਾਰਮਾਈਕਲ:ਏ ਹਿਸਟਰੀ ਆਫ ਦੀ ਰਾਇਨਿੰਗ ਫੈਮਿਲੀ ਆਫ ਲਾਹੌਰ, ਕਲਕੱਤਾ, 1847

ਸਾਲਟੀਕਾਫ, ਵਿਜਿਟ ਟੂ ਦੀ ਪੰਜਾਬ

ਸਟੈਨਬੈਕ, ਦੀ ਪੰਜਾਬ ਐਂਡ ਖੈਬਰ, ਲੰਡਨ, 1846

ਸੂਰੀ ਸੋਹਨ ਲਾਲ, ਉਮਦਤਿ-ਇ-ਤਵਾਰੀਖ (ਕਰਾਨੀਕਲਜ਼ ਆਫ ਦੀ ਰੀਅਨ ਆਫ ਰਣਜੀਤ ਸਿੰਘ) ਦਿੱਲੀ, 1960

ਸਵਿਨਸ਼ਨ, ਆਰਥਰ ਸਿਕਸ ਮਨਿਊਟਸ ਟੂ ਸਨਸੈਟ

ਟੈਪਲ ਸਰ ਰਿਚਰਡ ਮੈਨ ਐਂਡ ਈਵੈਂਟਸ ਆਫ ਮਾਈ ਟਾਈਮ ਇੰਨ ਇੰਡੀਆ, ਲੰਡਨ, 1896

ਥਾਰਨ ਬਰਨ,ਐਸ ਐਮ ਦੀ ਪੰਜਾਬ ਇੰਨ ਪੀਸ ਐਂਡ ਵਾਰ, ਲੰਡਨ, 1904

ਥਾਰਨਟਨ, ਈ: ਗਜ਼ਟੀਅਰ ਆਫ ਇੰਡੀਆ, 3 ਭਾਗ, 1854

ਵਾਡੇ, ਸਰ,ਸੀ.ਐਮ ਏ ਨੈਰੇਟਿਵ ਆਫ ਦੀ ਸਰਵਿਸਜ਼, ਮਿਲਟਰੀ ਐਂਡ ਪੁਲਿਟੀਕਲ, ਲੰਡਨ, 1847

ਅੰਤਿਕਾ

# ਅੰਮ੍ਰਿਤਸਰ ਜ਼ਿਲ੍ਹੇ ਦੇ ਕਾਮਾਗਾਟਾਮਾਰੂ ਦੇ ਮੁਸਾਫਰ

| ਨੰਬਰ | ਨਾਮ | ਪਿੰਡ |
|---|---|---|
| 1 | ਗੁਰਦਿੱਤ ਸਿੰਘ | ਸਰਹਾਲੀ |
| 2 | ਬੰਤਾ ਸਿੰਘ | ਸਰਹਾਲੀ |
| 3 | ਸ਼ਮਸ਼ੇਰ ਸਿੰਘ | ਸਰਹਾਲੀ |
| 4 | ਸੁਰੈਣ ਸਿੰਘ | ਸਰਹਾਲੀ |
| 5 | ਸ਼ੀਹਾ ਸਿੰਘ | ਸਰਹਾਲੀ |
| 6 | ਬਘੇਲ ਸਿੰਘ | ਕੋਟ ਦਾਤਾ |
| 7 | ਕੇਹਰ ਸਿੰਘ | ਕੋਟ ਦਾਤਾ |
| 8 | ਆਸਾ ਸਿੰਘ | ਕੋਟ ਦਾਤਾ |
| 9 | ਸ਼ੀਹਾ ਸਿੰਘ | ਕੋਟ ਦਾਤਾ |
| 10 | ਜਵੰਦ ਸਿੰਘ | ਕੋਟ ਦਾਤਾ |
| 11 | ਸਾਧੂ ਸਿੰਘ | ਕੋਟ ਦਾਤਾ |
| 12 | ਫੌਜਾ ਸਿੰਘ | ਤੁਮੋਵਾਲ |
| 13 | ਸੁੰਦਰ ਸਿੰਘ | ਤੁਮੋਵਾਲ |
| 14 | ਕਿਸ਼ਨ ਕੋਰ | ਤੁਮੋਵਾਲ |
| 15 | ਭੁਯੰਗਣ | ਤੁਮੋਵਾਲ |
| 16 | ਰੂੜ ਸਿੰਘ | ਨਾਨੋਕੇ |
| 17 | ਸ਼ੇਰ ਸਿੰਘ | ਨਾਨੋਕੇ |
| 18 | ਅਜੈਬ ਸਿੰਘ | ਕਸੇਲ |
| 19 | ਤੇਜਾ ਸਿੰਘ | ਕਸੇਲ |
| 20 | ਸ਼ੀਹਾਂ ਸਿੰਘ | ਜੌਹਲ ਭੈਲ |
| 21 | ਬੂੜ ਸਿੰਘ | ਜੌਹਲ ਭੈਲ |
| 22 | ਹਰਨਾਮ ਸਿੰਘ | ਸੇਰੋਂ |
| 23 | ਦੇਵਾ ਸਿੰਘ | ਸੇਰੋਂ |
| 24 | ਨਰਾਇਣ ਸਿੰਘ | ਕੱਲਾ |
| 25 | ਅੱਛਰ ਸਿੰਘ | ਕੱਲਾ |
| 26 | ਬਿਸ਼ਨ ਸਿੰਘ | ਦਦੇਹਰ |
| 27 | ਇੰਦਰ ਸਿੰਘ | ਦਦੇਹਰ |

| | | |
|---|---|---|
| 28 | ਸੁਰੈਣ ਸਿੰਘ | ਪੰਡੋਰੀ |
| 29 | ਸੁਰਜਨ ਸਿੰਘ | ਪੰਡੋਰੀ |
| 30 | ਬੇਲਾ ਸਿੰਘ | ਖਾਨ ਛਾਬੜੀ |
| 31 | ਆਲਾ ਸਿੰਘ | ਵੈਰੋਵਾਲ |
| 32 | ਵੀਰ ਸਿੰਘ | ਚੰਬਲ |
| 33 | ਦਿਆਲ ਸਿੰਘ | ਕੱਕੜ |
| 34 | ਗਣੇਸ਼ਾ ਸਿੰਘ | ਖੈਰਪੁਰਾ |
| 35 | ਕਿਸ਼ਨ ਸਿੰਘ | ਮੁੱਢਾ |
| 36 | ਬਹਾਦਰ ਸਿੰਘ | ਕੱਲਰ ਵਾਲੀਆ |
| 37 | ਮੱਲ ਸਿੰਘ | ਵਡਾਲੀ (ਆਲਾ ਸਿੰਘ) |
| 38 | ਨੌਰੰਗ ਸਿੰਘ | ਮੁੰਡਾ ਪਿੰਡ |
| 39 | ਮੰਨਾ ਸਿੰਘ | ਢੋਟੀਆ |
| 40 | ਵਧਾਵਾ ਸਿੰਘ | ਭਕਨਾ |
| 41 | ਅਤਰ ਸਿੰਘ | ਰੂੜੀਵਾਲਾ |
| 42 | ਜਵੰਦ ਸਿੰਘ | ਫਤਿਹ ਗੜ੍ਹ |
| 43 | ਠਾਕਰ ਸਿੰਘ | ਉਦੈ ਨੰਗਲ |
| 44 | ਕਿਸ਼ਨ ਸਿੰਘ | ਝੰਡੇਰ |
| 45 | ਫੌਜਾ ਸਿੰਘ | ਝਾਮ ਕੇ |
| 46 | ਟਹਿਲ ਸਿੰਘ | ਚੋਹਲਾ ਸਾਹਿਬ |
| 47 | ਟਹਿਲ ਸਿੰਘ | ਰਾਣੀ ਵਾਲਾਹ |
| 48 | ਹਰਨਾਮ ਸਿੰਘ | ਅੰਮ੍ਰਿਤਸਰ |
| 49 | ਲਛਮਣ ਸਿੰਘ | ਮਾਣੋ ਚਾਹਲ |
| 50 | ਸੱਜਣ ਸਿੰਘ | ਫੂਰ |
| 51 | ਮੱਖਣ ਸਿੰਘ | ਲਧੇਵਾਲ |
| 52 | ਹਰਨਾਮ ਸਿੰਘ | ਪਨਗੋਟਾ |
| 53 | ਤਾਰਾ ਸਿੰਘ | ਜਮਸੱਤਪੁਰਾ |
| 54 | ਜਗਤ ਸਿੰਘ | ਤਾਰਾਗੜ੍ਹ |
| 55 | ਬੂਟਾ ਸਿੰਘ | ਮੂਸਲ |
| 56 | ਸੰਪੂਰਨ ਸਿੰਘ | ਨੱਥੂਪੁਰਾ |
| 57 | ਬੂੜ ਸਿੰਘ | ਜੌੜਾ |
| 58 | ਸੰਤਾ ਸਿੰਘ | ਕੱਦ ਗਿਲ |
| 59 | ਕਿਸ਼ਨ ਸਿੰਘ | ਛੱਜਲ ਵੱਢੀ |
| 60 | ਅਤਰ ਸਿੰਘ | ਘੜਕਾ |
| 61 | ਭਗਵਾਨ ਸਿੰਘ | ਮੂਸੇ |

ਅੰਤਿਕਾ ਨੰ: 2

# ਅੰਮ੍ਰਿਤਸਰ ਜ਼ਿਲ੍ਹੇ ਦੇ ਗਦਰ ਇਨਕਲਾਬੀ

ਗਦਰ ਅੰਦੋਲਨ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਇਨ੍ਹਾਂ ਇਨਕਲਾਬੀਆਂ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ ਅਤੇ ਫਾਂਸੀ ਲਗਾ ਕੇ ਸ਼ਹੀਦ ਕੀਤਾ ਗਿਆ:-

| ਲੜੀ ਨੰ: | ਨਾਮ | ਪਿਤਾ ਦਾ ਨਾਂ | ਪਿੰਡ | ਜਿਸ ਕੇਸ ਵਿਚ ਸ਼ਜ਼ਾ ਦਿੱਤੀ ਗਈ |
|---|---|---|---|---|
| 1 | ਬਖਸ਼ੀਸ਼ ਸਿੰਘ | ਸੰਤਾ ਸਿੰਘ | ਗਿਲਵਾਲੀ | ਲਾਹੌਰ ਕੌਂਸਪੀਰੈਂਸੀ ਕੇਸ |
| 2 | ਸੁਰੈਣ ਸਿੰਘ | ਬੂੜ ਸਿੰਘ | ਗਿਲਵਾਲੀ | ਲਾਹੌਰ ਕੌਂਸਪੀਰੈਂਸੀ ਕੇਸ |
| 3 | ਧਿਆਨ ਸਿੰਘ | ਕਰਮ ਸਿਘ | ਉਮਰਪੁਰਾ | ਫਿਰੋਜ਼ ਸ਼ਹਿਰ ਦੀ ਘਟਨਾ ਕੇਸ |
| 4 | ਹਰਨਾਮ ਸਿੰਘ | – | ਠੱਠੀਖਾਰਾ | ਵੱਲਾ ਰੇਲ ਦੇ ਪੁਲ ਦੀ ਘਟਨਾ ਵਾਲਾ ਕੇਸ |
| 5 | ਆਤਮਾ ਸਿੰਘ | – | ਠੱਠੀਖਾਰਾ | ਵੱਲਾ ਰੇਲ ਦੇ ਪੁਲ ਦੀ ਘਟਨਾ ਵਾਲਾ ਕੇਸ |
| 6 | ਇੰਦਰ ਸਿੰਘ | ਗੁਰਮੁੱਖ ਸਿੰਘ | ਪੱਧਰੀ ਕਲਾਂ | ਪਧਰੀ ਕਲਾਂ ਕੇਸ |
| 7 | ਵੀਰ ਸਿੰਘ | ਖੜਕ ਸਿੰਘ | ਸੋਹਲ | ਪਧਰੀ ਕਲਾਂ ਕੇਸ |
| 8 | ਸੁਰੈਣ ਸਿੰਘ | ਈਸ਼ਰ ਸਿੰਘ | ਗਿਲਵਾਲੀ | ਲਾਹੌਰ ਕੌਂਸਪੀਰੈਂਸੀ ਕੇਸ |

ਗਦਰ ਅੰਦੋਲਨ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਇਨ੍ਹਾਂ ਇਨਕਲਾਬੀਆਂ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ, ਪਰ ਵਾਇਰਸਾਏ ਨੇ ਮੌਤ ਦੀ ਸਜ਼ਾ ਬਦਲਕੇ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਕਰ ਦਿੱਤੀ।

| ਲੜੀ ਨੰ: | ਨਾਮ | ਪਿਤਾ ਦਾ ਨਾਂ | ਪਿੰਡ | ਜਿਸ ਕੇਸ ਵਿਚ ਸਜ਼ਾ ਦਿੱਤੀ ਗਈ |
|---|---|---|---|---|
| 1 | ਬਲਵੰਤ ਸਿੰਘ | ਮੀਰ ਸਿੰਘ | ਸਠਿਆਲਾ | ਲਾਹੌਰ ਕੌਂਸਪੀਰੈਂਸੀ ਕੇਸ |
| 2 | ਕਾਲਾ ਸਿੰਘ | ਗੁਲਾਬ ਸਿੰਘ | ਅੰਮ੍ਰਿਤਸਰ | ਲਾਹੌਰ ਕੌਂਸਪੀਰੈਂਸੀ ਕੇਸ |
| 3 | ਕੇਸਰ ਸਿੰਘ | ਭੂਪ ਸਿੰਘ | ਠਠਗੜ੍ਹ | ਲਾਹੌਰ ਕੌਂਸਪੀਰੈਂਸੀ ਕੇਸ |

| | | | | |
|---|---|---|---|---|
| 4<br>5 | ਖੁਸ਼ਾਲ ਸਿੰਘ<br>ਸਾਵਨ ਸਿੰਘ | ਸੁਚੇਤ ਸਿੰਘ<br>ਖੁਸ਼ਾਲ ਸਿੰਘ | ਪਧਰੀ<br>ਚੱਬਾ | ਲਾਹੌਰ ਕੌਂਸਪੀਰੈਂਸੀ ਕੇਸ<br>ਲਾਹੌਰ ਕੌਂਸਪੀਰੈਂਸੀ ਕੇਸ |
| 6 | ਸੋਹਣ ਸਿੰਘ | ਕਰਮ ਸਿੰਘ | ਭਕਨਾ | ਲਾਹੌਰ ਕੌਂਸਪੀਰੈਂਸੀ ਕੇਸ |
| 7 | ਵਸਾਵਾ ਸਿੰਘ | ਮੀਹਾਂ ਸਿੰਘ | ਗਿਲਵਾਲੀ | ਲਾਹੌਰ ਕੌਂਸਪੀਰੈਂਸੀ ਕੇਸ |
| 8 | ਲਾਲ ਸਿੰਘ | ਸੁਚੇਤ ਸਿੰਘ | ਪਧਰੀ ਕਲਾਂ | ਪਧਰੀ ਕਲਾਂ ਕੇਸ |

ਗਦਰ ਅੰਦੋਲਨ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਇਨ੍ਹਾਂ ਇਨਕਲਾਬੀਆਂ ਨੂੰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜਬਤੀ ਦੀ ਸਜ਼ਾ ਸੁਣਾਈ ਗਈ।

| ਲੜੀ ਨੰ: | ਨਾਮ | ਪਿਤਾ ਦਾ ਨਾਂ | ਪਿੰਡ | ਜਿਸ ਕੇਸ ਵਿਚ ਸਜ਼ਾ ਦਿੱਤੀ ਗਈ |
|---|---|---|---|---|
| 1 | ਬਿਸ਼ਨ ਸਿੰਘ | ਜਵਾਲਾ ਸਿੰਘ | ਦਦੇਹਰ | ਲਾਹੌਰ ਕੌਂਸੀਪੀਰੈਂਸੀ ਕੇਸ |
| 2 | ਬਿਸ਼ਨ ਸਿੰਘ | ਕੇਸਰ ਸਿੰਘ | ਦਦੇਹਰ | ਲਾਹੌਰ ਕੌਂਸੀਪੀਰੈਂਸੀ ਕੇਸ |
| 3 | ਹਜ਼ਾਰਾ ਸਿੰਘ | ਬੇਲਾ ਸਿੰਘ | ਦਦੇਹਰ | ਲਾਹੌਰ ਕੌਂਸੀਪੀਰੈਂਸੀ ਕੇਸ |
| 4 | ਜਵਾਲਾ ਸਿੰਘ | ਘਨੱਈਆ ਸਿੰਘ | ਠੱਠੀਆਂ | ਲਾਹੌਰ ਕੌਂਸੀਪੀਰੈਂਸੀ ਕੇਸ |
| 5 | ਕੇਹਰ ਸਿੰਘ | ਨਿਹਾਲ ਸਿੰਘ | ਮਰਹਾਣਾ | ਲਾਹੌਰ ਕੌਂਸੀਪੀਰੈਂਸੀ ਕੇਸ |
| 6 | ਲਾਲ ਸਿੰਘ | ਮੀਹਾਂ ਸਿੰਘ | ਭੂਰੇ | ਲਾਹੌਰ ਕੌਂਸੀਪੀਰੈਂਸੀ ਕੇਸ |
| 7 | ਮੰਗਲ ਸਿੰਘ | ਸਰਮੁੱਖ ਸਿੰਘ | ਲਾਲਪੁਰ | ਲਾਹੌਰ ਕੌਂਸੀਪੀਰੈਂਸੀ ਕੇਸ |
| 8 | ਸ਼ੇਰ ਸਿੰਘ | ਕੇਸਰ ਸਿੰਘ | ਵੇਈਪੁਈ | ਲਾਹੌਰ ਕੌਂਸੀਪੀਰੈਂਸੀ ਕੇਸ |
| 9 | ਊਧਮ ਸਿੰਘ | ਮੇਵਾ ਸਿੰਘ | ਕਸੇਲ | ਲਾਹੌਰ ਕੌਂਸੀਪੀਰੈਂਸੀ ਕੇਸ |
| 10 | ਸੰਤ ਵਸਾਖਾ ਸਿੰਘ | ਦਯਾਲ ਸਿੰਘ | ਦਦੇਹਰ | ਲਾਹੌਰ ਕੌਂਸੀਪੀਰੈਂਸੀ ਕੇਸ |
| 11 | ਬੋਘ ਸਿੰਘ | ਨੱਥਾ ਸਿੰਘ | ਝਾੜ ਸਾਹਿਬ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 12 | ਬਿਸ਼ਨ ਸਿੰਘ | ਵਸਾਖਾ ਸਿੰਘ | ਵਿਰਪਾਲ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 13 | ਗੰਡਾ ਸਿੰਘ | ਬਹਾਦਰ ਸਿੰਘ | ਖਾਪੜ ਖੇੜੀ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |

| | | | | |
|---|---|---|---|---|
| 14 | ਗੁੱਜ਼ਰ ਸਿੰਘ | ਸ਼ਾਮ ਸਿੰਘ | ਭਕਨਾ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 15 | ਹਰੀ ਸਿੰਘ | ਅਮਰ ਸਿੰਘ | ਕੱਕੜ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 16 | ਹਰਨਾਮ ਸਿੰਘ | ਭੂਪ ਸਿੰਘ | ਰਸੂਲਪੁਰ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 17 | ਜਿੰਦਰ ਸਿੰਘ | ਮੰਗਲ ਸਿੰਘ | ਚੌਧਰੀਵਾਲਾ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 18 | ਮਹਾਰਾਜ ਸਿੰਘ | ਨਿਹਾਲ ਸਿੰਘ | ਕਸੇਲ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 19 | ਸੁੱਚਾ ਸਿੰਘ | ਗੁਰਦਿੱਤ ਸਿੰਘ | ਦੋਲੂ ਕਲਾਂ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 20 | ਸੁੰਦਰ ਸਿੰਘ | ਰਤਨ ਸਿੰਘ | ਦੋਲੂ ਨੰਗਲ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 21 | ਠਾਕਰ ਸਿੰਘ | ਸੂਬਾ ਸਿੰਘ | ਠੱਠੀਆਂ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |
| 22 | ਵਸਾਖਾ ਸਿੰਘ | ਈਸ਼ਰ ਸਿੰਘ | ਦਦੇਹਰ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ |

ਗਦਰ ਅੰਦੋਲਨ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਇਨ੍ਹਾਂ ਇਨਕਲਾਬੀਆਂ ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਮਿਲੀਆਂ

| ਲੜੀ ਨੰ: | ਨਾਮ | ਪਿਤਾ ਦਾ ਨਾਂ | ਪਿੰਡ | ਜਿਸ ਕੇਸ ਵਿਚ ਸਜ਼ਾ ਮਿਤੀ | ਸਜ਼ਾ |
|---|---|---|---|---|---|
| 1 | ਬਾਜ ਸਿੰਘ | ਚਤਰ ਸਿੰਘ | ਰੱਯਾ | ਲਾਹੌਰ ਕੌਂਸਪੀਰੈਂਸੀ ਕੇਸ | 2 ਸਾਲ ਸਖਤ ਕੈਦ ਅਤੇ ਜਾਇਦਾਦ ਜਬਤ |
| 2 | ਜੱਸਾ ਸਿੰਘ | ਨੱਥਾ ਸਿੰਘ | ਝਾੜ ਸਾਹਿਬ | ਲਾਹੌਰ ਫਸਟ ਸਪਲੀਮੈਂਟਰੀ ਕੌਂਸੀਪੀਰੈਂਸੀ ਕੇਸ | 6 ਮਹੀਨੇ ਦੀ ਸਖਤ ਕੈਦ |
| 3 | ਭਾਈ ਭਗਵਾਨ ਸਿੰਘ | ਸੁਰਮੁੱਖ ਸਿੰਘ | ਵੜਿੰਗ | ਸਨਫ੍ਰਾਂਸੀਸਕੋ ਕੇਸ | 18 ਮਹੀਨੇ ਦੀ ਸਖਤ ਕੈਦ |
| 4 | ਭਾਈ ਸੰਤੋਖ ਸਿੰਘ | ਜਵਾਲਾ ਸਿੰਘ | ਧਰਦੇ | ਸਨਫ੍ਰਾਂਸੀਸਕੋ ਕੇਸ | 21 ਮਹੀਨੇ ਦੀ ਸਖਤ ਕੈਦ |

## ਅੰਤਿਕਾ -3

# 13.4.1919 ਨੂੰ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਕਾਂਡ ਦੇ ਸ਼ਹੀਦਾਂ ਦੀ ਸੂਚੀ

| ਕ੍ਰਮ ਨੰ | ਨਾਂ | ਪਿਤਾ ਦਾ ਨਾਂ | ਉਮਰ, ਵਰ੍ਹਿਆਂ ਵਿਚ | ਪਤਾ |
|---|---|---|---|---|
| 1 | ਅਬਦੁਲ ਗਫ਼ੂਰ | – | – | ਅੰਮ੍ਰਿਤਸਰ |
| 2 | ਅਬਦੁਲ ਹਮੀਦ | ਅਹਿਮਦ ਦੀਨ | 16 | ਅੰਮ੍ਰਿਤਸਰ |
| 3 | ਅਬਦੁਲ ਕਰੀਮ | ਲਾਲ ਮੁਹੰਮਦ | 17 | ਕੱਟੜਾ ਕਰਮ ਸਿੰਘ, ਅੰਮ੍ਰਿਤਸਰ |
| 4 | ਅਬਦੁਲ ਕਰੀਮ | ਪੀਰ ਬਖਸ਼ | 18 | ਕੂਚਾ ਰੰਗਰੇਜ਼ਾ, ਅੰਮ੍ਰਿਤਸਰ |
| 5 | ਅਬਦੁਲ ਮਾਲਿਕ | ਰਹੀਮ ਖਾਨ | 50 | ਕਟੜਾ ਹਕੀਮਾ, ਅੰਮ੍ਰਿਤਸਰ |
| 6 | ਅਬਦੁਲ ਰਹੀਮ | ਮੰਗਤੂ( ਦਾਦਾ) | 1 | – |
| 7 | ਅਹਿਮਦ ਦੀਨ | ਦਾਰਾ ਖਾਂ | 16 | ਅੰਮ੍ਰਿਤਸਰ |
| 8 | ਅਹਿਮਦ ਉਲਾਹ | ਕਰੀਮ ਬਖਸ਼ | 45 | ਕੂਚਾ ਕਸ਼ਮੀਰੀਆਂ, ਅੰਮ੍ਰਿਤਸਰ |
| 9 | ਅਮੀ ਚੰਦ | ਪ੍ਰਿਥਵੀ ਨਾਥ | 50 | ਮੁਰਾਦਪੁਰ, ਜ਼ਿਲ੍ਹਾ ਅੰਮ੍ਰਿਤਸਰ |
| 10 | ਅਮੀਰ | – | – | ਅੰਮ੍ਰਿਤਸਰ |
| 11 | ਅਰੂੜ ਚੰਦ | – | – | ਅੰਮ੍ਰਿਤਸਰ |
| 12 | ਅਚੂਕ ਸਿੰਘ | ਰੋਡਾ ਸਿੰਘ | 22 | ਉਡਾਲਾ ਭਿੱਟੇਵਾਲ, ਜ਼ਿਲ੍ਹਾ ਅੰਮ੍ਰਿਤਸਰ |
| 13 | ਅਰੂੜਾ | – | – | ਅੰਮ੍ਰਿਤਸਰ |
| 14 | ਆਸਾ ਸਿੰਘ | ਈਸ਼ਰ ਸਿੰਘ | 24 | ਬਾਸੋਕੀ, ਜ਼ਿਲ੍ਹਾ ਅੰਮ੍ਰਿਤਸਰ |

| | | | | |
|---|---|---|---|---|
| 15 | ਬਖਸ਼ੀਸ਼ ਸਿੰਘ | ਈਸ਼ਰ ਸਿੰਘ | 25 | ਸ਼ਾਮ ਨਗਰ, ਜ਼ਿਲ੍ਹਾ ਅੰਮ੍ਰਿਤਸਰ |
| 16 | ਬਾਲ ਮੁਕੰਦ | ਜੈ ਰਾਮ ਦਾਸ | 20 | ਬਾਗ ਝੰਡਾ ਸਿੰਘ, ਅੰਮ੍ਰਿਤਸਰ |
| 17 | ਬਾਲ ਮੁਕੰਦ | ਮੰਗਲ ਚੰਦ ਨੋਹਰੀਆ | 24 | ਕੂਚਾ ਲਾਲਾ, ਕਟੜਾ ਆਹਲੂਵਾਲੀਆ, ਅੰਮ੍ਰਿਤਸਰ |
| 18 | ਬਾਲ ਮੁਕੰਦ | ਦੁਆਰਾ ਸੀਤਾ ਰਾਮ ਮੰਗਲ ਚੰਦ | – | ਅੰਮ੍ਰਿਤਸਰ |
| 19 | ਬਾਲ ਮੁਕੰਦ | – | – | ਅੰਮ੍ਰਿਤਸਰ |
| 20 | ਬੱਲਾ | ਲਾਲ ਚੰਦ | 28 | ਕੂਚਾ ਗੰਡਾ, ਅੰਮ੍ਰਿਤਸਰ |
| 21 | ਬਲਵੰਤ ਸਿੰਘ | ਅਰੂੜ ਸਿੰਘ | 19 | ਕੂਚਾ ਤਰਖਾਣਾ, ਅੰਮ੍ਰਿਤਸਰ |
| 22 | ਬਰਕਤ | ਭਿੱਲਾ | 22 | ਕੂਚਾ ਰਾਮਗੜ੍ਹੀਆ, ਅੰਮ੍ਰਿਤਸਰ (ਦੁਕਾਨ ਮਿਸ਼ਰੀ ਬਜ਼ਾਰ ਵਿਚ) |
| 23 | ਬਰਕਤ ਅਲੀ | ਇਲਾਹੀ ਬਖਸ਼ | 28 | ਕੂਚਾ ਬਟਵਾਈਆਂ, ਕਟੜਾ ਹਕੀਮਾਂ, ਅੰਮ੍ਰਿਤਸਰ |
| 24 | ਬਸੰਤਾ | ਸਰਨਾਂ | 25 | ਅੰਮ੍ਰਿਤਸਰ |
| 25 | ਬਾਵਾ ਸਿੰਘ | ਮੰਗਲ ਸਿੰਘ | 25 | ਭਕਣਾ ਕਲਾਂ, ਜ਼ਿਲ੍ਹਾ ਅੰਮ੍ਰਿਤਸਰ |
| 26 | ਭਾਗ | – | 19 | – |
| 27 | ਭਾਗ | ਸ੍ਰੀ ਰਾਮ | 40 | ਅੰਮ੍ਰਿਤਸਰ |
| 28 | ਭਾਗ | – | 42 | ਲੱਧੇਵਾਲ, ਜ਼ਿਲ੍ਹਾ ਅੰਮ੍ਰਿਤਸਰ |
| 29 | ਭਾਗ ਮੱਲ, ਲਾਲਾ ਉਰਫ ਲੱਭ | ਹੀਰਾ ਲਾਲ ਅਰੋੜਾ | 30 | ਕੂਚਾ ਜ਼ਰਗਰਾਂ, ਦਾਲ ਮੰਡੀ, ਅੰਮ੍ਰਿਤਸਰ |

| | | | | |
|---|---|---|---|---|
| 30 | ਭਾਗ ਮੱਲ ਅਰੋੜਾ | ਹਰੀ ਰਾਮ ਅਰੋੜਾ | 40 | ਕਟੜਾ ਮਿਤ ਸਿੰਘਾ, ਅੰਮ੍ਰਿਤਸਰ |
| 31 | ਭਾਗ ਮਲ ਭਾਟੀਆ | ਚੰਦਾ | – | ਬਾਵਲੀ ਆਸਾ ਸਿੰਘ, ਲੱਕੜ ਮੰਡੀ, ਅੰਮ੍ਰਿਤਸਰ |
| 32 | ਭਗਤ | ਸੁਰਜਾ | – | ਬਹਿਲੋਲਪੁਰ, ਜ਼ਿਲ੍ਹਾ ਹੁਸ਼ਿਆਰਪੁਰ |
| 33 | ਭਗਤ ਰਾਮ | ਧਨੀ ਰਾਮ | 17 | ਲੂਣ ਮੰਡੀ, ਅੰਮ੍ਰਿਤਸਰ |
| 34 | ਭਗਤ ਰਾਮ | ਹੀਰਾ ਲਾਲ | 40 | ਸਿਆਲਕੋਟ |
| 35 | ਭਗਤ ਰਾਮ | – | 35 | ਗੱਦੀ ਗੁਰ ਜਵਾਲਾ ਸਿੰਘ, ਜ਼ਿਲ੍ਹਾ ਮਿੰਟ ਗੁਮਰੀ |
| 36 | ਭਗਤ ਰਾਮ | ਕੇਸਰ ਸਿੰਘ | 38 | ਰੂਪੋਵਾਲ ਚੋਗਾਵਾਂ, ਜ਼ਿਲ੍ਹਾ ਅੰਮ੍ਰਿਤਸਰ |
| 37 | ਭਗਤ ਸਿੰਘ | ਸ਼ੇਰ ਸਿੰਘ | | ਰੂਪੋਵਾਲ ਚੋਗਾਵਾਂ, ਜ਼ਿਲ੍ਹਾ ਅੰਮ੍ਰਿਤਸਰ |
| 38 | ਭਗਵਾਨ | ਨਿਹਾਲ ਚੰਦ | 45 | ਕਟੜਾ ਮਿਤ ਸਿੰਘ, ਕੂਚਾ ਤਾਰਾ ਕਤਿਆਲ, ਅੰਮ੍ਰਿਤਸਰ |
| 39 | ਭਗਵਾਨ | – | – | ਕਟੜਾ ਆਹਲੂਵਾਲੀਆ, ਅੰਮ੍ਰਿਤਸਰ |
| 40 | ਭਗਵਾਨ | ਚਰਨ ਦਾਸ | – | ਕੋਟ ਦਸੌਂਧੀ ਮੱਲ, ਜ਼ਿਲ੍ਹਾ ਅੰਮ੍ਰਿਤਸਰ |
| 41 | ਭਗਵਾਨ ਦਾਸ | – | – | ਅੰਮ੍ਰਿਤਸਰ |
| 42 | ਭਗਵਾਨ ਧਨ | – | – | ਕੂਚਾ ਬਾਗ ਝੰਡਾ ਸਿੰਘ, ਅੰਮ੍ਰਿਤਸਰ |
| 43 | ਭਗਵਾਨ ਸ਼ਾਹ | – | 30 | ਬਾਜ਼ਾਰ ਮਨਿਆਰੀਆ, ਕਟੜਾ ਰਾਮਗੜ੍ਹੀਆ, ਅੰਮ੍ਰਿਤਸਰ |
| 44 | ਭਗਵਾਨ ਸ਼ਾਹ | – | 50 | ਅੰਮ੍ਰਿਤਸਰ |

| | | | | |
|---|---|---|---|---|
| 45 | ਭੀਮ ਰਾਜ | ਹਰਜ਼ੀ ਮੱਲ | 45 | ਕੂਚਾ ਲਾਲਾ, ਕਟੜਾ ਆਹਲੂਵਾਲੀਆ, ਅੰਮ੍ਰਿਤਸਰ |
| 46 | ਭੀਮ ਰਾਜ | ਖੇਮ ਰਾਜ | – | ਕੂਚਾ ਲਾਲਾ, ਕਟੜਾ ਆਹਲੂਵਾਲੀਆ, ਅੰਮ੍ਰਿਤਸਰ |
| 47 | ਭੁੱਲਾ | ਮਥਰਾ ਦਾਸ ਰਾਜਪੂਤ | 20 | ਅੰਮ੍ਰਿਤਸਰ |
| 48 | ਬਿੱਲਾ | – | 18 | ਅੰਮ੍ਰਿਤਸਰ |
| 49 | ਬੀਰੂ | ਗੱਜੂ | 50 | ਅੰਮ੍ਰਿਤਸਰ |
| 50 | ਬਿਸ਼ਨ ਦਾਸ | ਦਵਾਰਕਾ ਦਾਸ | – | ਕੂਚਾ ਕਰਿੱਛਾਂ, ਅੰਮ੍ਰਿਤਸਰ |
| 51 | ਬਿਸ਼ਨ ਦਾਸ | ਧਨਪਤ ਰਾਏ | 32 | ਕੂਚਾ ਚਾਚਰਾਂ ਕਟੜਾ ਸਫੈਦ, ਅੰਮ੍ਰਿਤਸਰ |
| 52 | ਬਿਸ਼ਨ ਦਾਸ | ਗੁਰਦਿੱਤਾ ਮੱਲ | 30 | ਕੂਚਾ ਮਾਈ ਰਾਮ ਕਾ, ਕਟੜਾ, ਅੰਮ੍ਰਿਤਸਰ |
| 53 | ਬਿਸ਼ਨ ਦਾਸ | ਮਹਾਰਾਜ ਮੱਲ | 52 | ਕੂਚਾ ਨਰ ਸਿੰਘ ਦਾਸ, ਲੂਣ ਮੰਡੀ, ਅੰਮ੍ਰਿਤਸਰ |
| 54 | ਬਿਸ਼ਨ ਸਿੰਘ | ਮਿਤ ਸਿੰਘ | 65 | ਚੱਬਾ, ਜ਼ਿਲ੍ਹਾ ਅੰਮ੍ਰਿਤਸਰ |
| 55 | ਬਿਸ਼ਨ ਸਿੰਘ | ਨੰਬਰਦਾਰ | 65 | ਚੱਬਾ, ਜ਼ਿਲ੍ਹਾ ਅੰਮ੍ਰਿਤਸਰ |
| 56 | ਬਿੱਟਾ | ਕਾਲਾ ਉਰਫ ਕਰਮ ਚੰਦ | 24 | ਅੰਮ੍ਰਿਤਸਰ |
| 57 | ਕੁਮਾਰੀ ਬਿੱਸੋ | ਜਮਾਦਾਰ ਸ਼ੇਰ ਸਿੰਘ ਦੀ ਭੈਣ | 50 | ਸੁਲਤਾਨਵਿੰਡ, ਜ਼ਿਲ੍ਹਾ ਅੰਮ੍ਰਿਤਸਰ |
| 58 | ਬੋਧੀ | ਬੂਰੀ (ਮਾਂ) | 35 | ਭੋਜੀਆਂ, ਜ਼ਿਲ੍ਹਾ ਅੰਮ੍ਰਿਤਸਰ |
| 59 | ਬੂੜਾ ਰਾਮ | – | – | ਕਰਮੋ ਡਿਉੜੀ, ਅੰਮ੍ਰਿਤਸਰ |
| 60 | ਬੂਆ ਦਾਸ | – | 25 | ਅੰਮ੍ਰਿਤਸਰ |
| 61 | ਬੂਆ ਦਾਸ | ਫਕੀਰ ਚੰਦ | 22 | ਚੋਕ ਪਰਾਗ ਦਾਸ, ਅੰਮ੍ਰਿਤਸਰ |

| | | | | |
|---|---|---|---|---|
| 62 | ਬੂਆ ਦਿੱਤਾ | ਨੱਥੂ ਮਲ | 35 | (ਸਾਰੰਗਦੇਵ, ਜ਼ਿਲ੍ਹਾ ਅੰਮ੍ਰਿਤਸਰ ਦਾ) ਮਜੀਠ ਮੰਡੀ, ਅੰਮ੍ਰਿਤਸਰ |
| 63 | ਬੁੱਧ ਸਿੰਘ | ਚੌਧਰੀ ਸ਼ਾਮ ਸਿੰਘ | 60 | ਕੂਚਾ ਬਕੂਰਵਾਲਾ, ਕਟੜਾ ਮਹਾਂ ਸਿੰਘ, ਅੰਮ੍ਰਿਤਸਰ |
| 64 | ਬੂੱਢਾ | ਜ਼ਾਨੀ | 50 | ਝੀਟਾ ਕਲਾਂ, ਜ਼ਿਲ੍ਹਾ ਅੰਮ੍ਰਿਤਸਰ |
| 65 | ਬੁੱਧ ਸਿੰਘ | – | – | ਅੰਮ੍ਰਿਤਸਰ |
| 66 | ਬੁੱਧ ਸਿੰਘ | ਅਮਰ ਸਿੰਘ | 35 | (ਤੰਗ ਜਿਲਾ ਗੁਰਦਾਸਪੁਰ ਦਾ) ਮਜੀਠ ਮੰਡੀਅੰਮ੍ਰਿਤਸਰ |
| 67 | ਬੂੜ ਸਿੰਘ | ਦੇਵਾ ਸਿੰਘ | 30 | ਭਿੱਟੇਵਿੰਡ, ਜ਼ਿਲ੍ਹਅੰਮ੍ਰਿਤਸਰ |
| 68 | ਬੂੜ ਸਿੰਘ | ਗੰਡਾ ਸਿੰਘ | 55 | ਝਮਕੇ ਜ਼ਿਲ੍ਹਾ ਅੰਮ੍ਰਿਤਸਰ |
| 69 | ਬੂੜ ਸਿੰਘ | ਤੇਜਾ ਸਿੰਘ | 35 | ਭਲਾ ਪਿੰਡ, ਜ਼ਿਲ੍ਹਾ ਅੰਮ੍ਰਿਤਸਰ |
| 70 | ਬੂੜਾ | ਅਰੂੜਾ ਸਿੰਘ | 20 | ਅੰਮ੍ਰਿਤਸਰ |
| 71 | ਚਮਨ ਲਾਲ | ਸੁੰਦਰ ਦਾਸ | 6 | ਬਾਜ਼ਾਰ ਸੁਖਾਨੀਆਂ, ਅੰਮ੍ਰਿਤਸਰ |
| 72 | ਚਾਨਣ | – | 20 | ਅੰਮ੍ਰਿਤਸਰ |
| 73 | ਚਾਨਣ | ਭਗਤ ਰਾਮ | 21 | ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ |
| 74 | ਚਾਂਦੀ | – | – | ਅੰਮ੍ਰਿਤਸਰ |
| 75 | ਚਰਨ ਦਾਸ | ਰਾਮਾ ਨੰਦ | – | ਅੰਮ੍ਰਿਤਸਰ |
| 76 | ਚਰਨ ਦਾਸ | ਬਾਲਕ ਰਾਮ | 36 | ਬਾਜ਼ਾਰ ਸੁਬਾਨੀਆਂ, ਅੰਮ੍ਰਿਤਸਰ |
| 77 | ਚਰਨ ਦਾਸ | ਰਾਮ ਚੰਦ | 32 | ਕੂਚਾ ਲੁੰਡ, ਅੰਮ੍ਰਿਤਸਰ |
| 78 | ਚਰੰਜੀ ਲਾਲ | ਨੱਥੂ ਰਾਮ | 32 | ਮੁਹੱਲਾ ਧੀਰਾਂ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ |
| 79 | ਚਤਰੂ ਸਾਧੂ | – | 60 | ਅੰਮ੍ਰਿਤਸਰ |
| 80 | ਚੇਤ ਸਿੰਘ | ਦਿਆਲੂ | – | ਕਲੌਰ ਘੁਮਾਨ, ਜ਼ਿਲ੍ਹਾਅੰਮ੍ਰਿਤਸਰ |
| 81 | ਛੱਜੂ ਰਾਮ | – | – | ਅੰਮ੍ਰਿਤਸਰ |
| 82 | ਚਿਬੜੂ | – | 60 | ਅੰਮ੍ਰਿਤਸਰ |

| | | | | |
|---|---|---|---|---|
| 83 | ਚੂਨੀ ਲਾਲ | ਬੁੱਢਾ ਮੱਲ | 32 | ਕੂਚਾ ਤੇਜਾ ਸਿੰਘ, ਅੰਮ੍ਰਿਤਸਰ |
| 84 | ਚੂਨੀ ਲਾਲ | ਹੀਰਾ ਮੱਲ | 25 | ਕਰਮੋ ਡਿਊੜੀ, ਅੰਮ੍ਰਿਤਸਰ |
| 85 | ਚੂਨੀ ਲਾਲ | – | – | ਅੰਮ੍ਰਿਤਸਰ |
| 86 | ਦਾਸ | ਦਮੋਦਰ | 25 | ਅੰਮ੍ਰਿਤਸਰ |
| 87 | ਦਾਸ | ਨੰਦ ਲਾਲ | 19 | ਕੂਚਾ ਗੰਡਾ, ਲੂਣ ਮੰਡੀ, ਅੰਮ੍ਰਿਤਸਰ |
| 88 | ਦਾਸ ਮੱਲ | ਜਮੀਤ ਸਿੰਘ | – | ਕੂਚਾ ਜਰਗਰਾਂ, ਅੰਮ੍ਰਿਤਸਰ |
| 89 | ਦਾਤਾ ਮੱਲ | ਨਰਾਇਣ ਦਾਸ | – | ਅੰਮ੍ਰਿਤਸਰ |
| 90 | ਦੱਤ ਦਬਕਾਈ | – | 40 | ਅੰਮ੍ਰਿਤਸਰ |
| 91 | ਦੌਲਤ ਰਾਮ | ਬ੍ਰਿਜ ਲਾਲ | 30 | ਕੂਚਾ ਛੱਜੂ ਮਿੱਸਰ, ਅੰਮ੍ਰਿਤਸਰ |
| 92 | ਦੌਲਤ ਰਾਮ | ਸੀਤਾ ਰਾਮ | 25 | ਕੂਚਾ ਖਾਈ ਵਾਲਾ ਕੱਟੜਾ ਖਜ਼ਾਨਾ, ਅੰਮ੍ਰਿਤਸਰ |
| 93 | ਦਯਾਲ ਸਿੰਘ | ਈਸ਼ਰ ਸਿੰਘ | 25 | ਪਠਾਨ ਨੰਗਲ, ਜ਼ਿਲ੍ਹਾਅੰਮ੍ਰਿਤਸਰ |
| 94 | ਦੇਵੀ ਚੰਦ | ਹਰੀ ਰਾਮ | 30 | ਅੰਮ੍ਰਿਤਸਰ |
| 95 | ਦੇਵੀ ਚੰਦ | ਲਾਲਾ ਧਨੀ ਰਾਮ (ਬੇਲੀ ਰਾਮ ਦਾ ਗੋਦ ਲਿਆ ਪੁੱਤਰ) | 29 | ਕੂਚਾ ਜਸਵੰਤ, ਕਟੜਾ ਦੂਲੋ, ਅੰਮ੍ਰਿਤਸਰ |
| 96 | ਦੇਵੀ ਦਯਾਲ | ਲਛਮਣ ਦਾਸ | 25 | ਚੌਕ ਦਰਬਾਰ ਸਾਹਿਬ, ਅੰਮ੍ਰਿਤਸਰ |
| 97 | ਦੇਵੀ ਦਿੱਤਾ | – | – | ਚੋਕ ਲੋਹਗੜ੍ਹ, ਅੰਮ੍ਰਿਤਸਰ |
| 98 | ਧਰਮਾਨੰਦ | ਦੇਵੀ ਦਿੱਤਾ | 22 | ਲੂਣ ਮੰਡੀ, ਅੰਮ੍ਰਿਤਸਰ |
| 99 | ਧੀਰ ਗੁੱਜਰ | ਲੱਭੀ | 18 | (ਹੁਸ਼ਿਆਰਪੁਰ ਜ਼ਿਲੇ ਦੀ ਤਹਿਸੀਲ ਗੜ੍ਹਸ਼ੰਕਰ ਦਾ) ਚੱਕ ਚਿੰਤਪੂਰਨੀ, ਕਟੜਾ ਹਰਭਾ ਸਿੰਘ, ਅੰਮ੍ਰਿਤਸਰ |
| 100 | ਧਿਰਤ ਰਾਮ | ਬਿਲਾਸ ਮੱਲ | 30 | ਕੂਚਾ ਭਾਈ ਸੰਤ ਸਿੰਘ, ਅੰਮ੍ਰਿਤਸਰ |
| 101 | ਦਿੱਤ ਮਲ | ਬੂਟਾ ਮੱਲ | 40 | ਜੀਵਨ ਭਿੰਡਰ ਰੁਜਾ, ਜਿਲ੍ਹਾ ਅੰਮ੍ਰਿਤਸਰ |

| | | | | |
|---|---|---|---|---|
| 102 | ਦੀਵਾਨ ਚੰਦ | ਧਨੀ ਰਾਮ | 35 | ਅੰਮ੍ਰਿਤਸਰ |
| 103 | ਦੀਆ ਰਾਮ | ਹਰੀਚੰਦ ਅਰੋੜਾ | – | ਜ਼ਿਲ੍ਹਾ ਸਿਆਲਕੋਟ |
| 104 | ਦੁਰਗਾ ਦਾਸ | ਧਨੀ ਰਾਮ | 23 | ਕੂਚਾ ਸੇਵਾ ਦਯਾਲ, ਕਟੜਾ ਦੂਲੋ, ਅੰਮ੍ਰਿਤਸਰ |
| 105 | ਦੁਰਗਾ ਦਾਸ | ਕਾਂਸੀ ਰਾਮ | 23 | -ਉਹੀ- |
| 106 | ਦਵਾਰਕਾ ਦਾਸ | ਸੀਤਾ ਰਾਮ ਖੰਨਾ | 22 | ਕੂਚਾ ਚਾਗਰਾਂ, ਕਟੜਾ ਚੜਤ ਸਿੰਘ, ਅੰਮ੍ਰਿਤਸਰ |
| 107 | ਫਕੀਰ ਚੰਦ | ਹਾਕਿਮ ਰਾਏ | 30 | ਜ਼ਿਲ੍ਹਾ ਅੰਮ੍ਰਿਤਸਰ |
| 108 | ਫਕੀਰ ਚੰਦ | ਨਾਨਕ ਚੰਦ ਅਰੋੜਾ | 45 | ਕੂਚਾ ਤਰਖਾਨਾ, ਕਟੜਾ ਆਹਲੂਵਾਲੀਆ, ਅੰਮ੍ਰਿਤਸਰ |
| 109 | ਫਤਿਹ | ਨਾਨਕ | – | ਬਾਜ਼ਾਰ ਕਰਮੋ ਡਿਊੜੀ, ਅੰਮ੍ਰਿਤਸਰ |
| 110 | ਫਹਿਤ ਮੁਹੰਮਦ | ਅਤਾ ਮੁਹੰਮਦ | 24 | ਰਾਮ ਬਾਗ ਗੇਟ, ਅੰਮ੍ਰਿਤਸਰ |
| 111 | ਫਿਰੋਜ਼ਦੀਨ | ਸ਼ੇਰ ਮੁਹੰਮਦ | 19 | ਕੂਚਾ ਦਬਗਰਾਂ, ਕਟੜਾ ਮਹਾਂ ਸਿੰਘ, ਅੰਮ੍ਰਿਤਸਰ |
| 112 | ਗਗਨ ਨਾਥ | ਰਾਮ ਦਾਸ | 25 | ਅੰਮ੍ਰਿਤਸਰ |
| 113 | ਗੰਡਾ ਸਿੰਘ | ਸ਼ਾਮ ਸਿੰਘ | 40 | ਕਿਲ੍ਹਾ ਜੀਵਨ ਸਿੰਘ, ਅੰਮ੍ਰਿਤਸਰ |
| 114 | ਰਣਦੇਵ (ਰਣਦਿਓ) | ਨਾਨਕ ਚੰਦ | 20 | ਕੂਚਾ ਉਨਾਂ, ਚੌਕ ਪਰਾਗਦਾਸ ਕਟੜਾ ਰਾਮਗੜ੍ਹੀਆਂ, ਅੰਮ੍ਰਿਤਸਰ |
| 115 | ਗੰਗਾ ਸਿੰਘ | ਲਾਲ ਸਿੰਘ | 30 | ਮਾਹਲ, ਜ਼ਿਲ੍ਹਾ ਅੰਮ੍ਰਿਤਸਰ |
| 116 | ਗਨੇਸ਼ ਸਿੰਘ | ਕਾਲੂ ਮੱਲ | 35 | ਚੌਕ ਦਰਬਾਰ ਸਾਹਿਬ, ਅੰਮ੍ਰਿਤਸਰ |
| 117 | ਗੋਰੀ ਸ਼ੰਕਰ | ਕਿਸ਼ਨ ਦਯਾਲ | 25 | ਭੰਡਾਰੀ ਮੁਹੱਲਾ, ਬਟਾਲਾ, ਜਿਲਾ ਗੁਰਦਾਸਪੁਰ |
| 118 | ਗੁਲਾਮ ਮੁਹਈ ਉਦਦੀਨ | ਮੁਹੰਮਦ ਜਾਨ | 45 | ਕੂਚਾ ਤੇਲੀਆ ਢਾਬ ਬਸਤੀ ਰਾਮ ਅੰਮ੍ਰਿਤਸਰ |
| 119 | ਗੁਲਾਮ ਮੁਸਤਫਾ | ਝੁੱਗਾ ਜਾਂ ਜੁ | 20 | ਹਵੇਲੀ ਮੁਰਲੀ ਲਾਲ, ਕਟੜਾ ਖਜ਼ਾਨਾ, ਅੰਮ੍ਰਿਤਸਰ |

| | | | | |
|---|---|---|---|---|
| 120 | ਗੁਲਾਮ ਰਸੂਲ | ਅਲੀ ਸ਼ਾਹ | 24 | ਕੂਚਾ ਦਬਗਰਾਂ, ਚੌਂਕ ਮਹਾਂ ਸਿੰਘ, ਅੰਮ੍ਰਿਤਸਰ |
| 121 | ਗੁਲਾਮ ਰਸੂਲ | ਸਮਦ ਸ਼ਾਹ | – | ਸ੍ਰੀਨਗਰ ਕਸ਼ਮੀਰ |
| 122 | ਗੁਲਾਮ ਰਸੂਲ | ਦੁੱਲਾ | – | ਚਤਾਲ, ਜ਼ਿਲ੍ਹਾ ਅੰਮ੍ਰਿਤਸਰ |
| 123 | ਗਿਆਨ ਚੰਦ | ਕਿਰਪਾ ਰਾਮ | 15 | ਕੂਚਾ ਤਿਵਾੜੀਆਂ, ਚੌਂਕ ਪਾਸੀਆਂ, ਅੰਮ੍ਰਿਤਸਰ |
| 124 | ਗਿਆਨ ਚੰਦ | ਮਨਸ਼ਾ ਰਾਮ | 26 | ਕੂਚਾ ਤਿਵਾੜੀਆਂ, ਚੌਕ ਪਾਸੀਆਂ, ਅੰਮ੍ਰਿਤਸਰ |
| 125 | ਗਿਆਨ ਚੰਦ | ਸਾਵਨ ਮਲ | 18 | ਥੰਡਾ, ਜ਼ਿਲ੍ਹਾ ਅੰਮ੍ਰਿਤਸਰ |
| 126 | ਗਿਆਨ ਚੰਦ | ਮੇਘ ਰਾਜ | 35 | ਸ਼ਾਹਪੁਰ ਜਾਜੂਆਂਵਾਲਾ, ਜ਼ਿਲ੍ਹਾ ਗੁਰਦਾਸਪੁਰ |
| 127 | ਗਿਰਧਾਰੀ ਲਾਲ | ਰੰਗਾ ਬਿਸ਼ਨ | 20 | ਕੂਚਾ ਕਮੋਆ, ਅੰਮ੍ਰਿਤਸਰ |
| 128 | ਗੋਬਿੰਦ ਰਾਮ | ਸੀਤਾ ਰਾਮ | 35 | ਕੂਚਾ ਦਾ ਲਗਰਾਂ, ਕਟੜਾ ਭਾਗ ਸਿੰਘ, ਅੰਮ੍ਰਿਤਸਰ |
| 129 | ਗੋਕਲ ਚੰਦ | ਪ੍ਰਭ ਦਿਆਲ | 40 | ਕਣਕ ਮੰਡੀ, ਅੰਮ੍ਰਿਤਸਰ |
| 130 | ਗੋਕਲ ਚੰਦ | ਸੁਰਜਾ | – | ਬਹਿਲੋਲਪੁਰ, ਜ਼ਿਲ੍ਹਾ ਹੁਸ਼ਿਆਰਪੁਰ |
| 131 | ਗੋਪਾਲ ਦਾਸ | ਪ੍ਰੇਮ ਸਿੰਘ | 24 | ਕੂਚਾ ਬਾਗਵਾਲਾ, ਕਟੜਾ ਰਾਮਗੜ੍ਹੀਆ, ਅੰਮ੍ਰਿਤਸਰ |
| 132 | ਗੋਪਾਲ ਸਿੰਘ | ਮਿਹਰ ਸਿੰਘ | 30 | ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ |
| 133 | ਗੋਪਾਲ ਸਿੰਘ | ਮਿਹਰ ਸਿੰਘ | 56 | ਸ਼ਿਹਾਲਾ, ਜਾਂ ਸ਼ੋਭਾਲਾ, ਜ਼ਿਲ੍ਹਾ ਰਾਵਲਪਿੰਡੀ |
| 134 | ਗੋਪਾਲ ਸਿੰਘ | – | – | ਸਿੰਹਾਲਾ, ਜ਼ਿਲ੍ਹਾ ਅੰਮ੍ਰਿਤਸਰ |
| 135 | ਗੋਪਾਲ ਸਿੰਘ | ਸ਼ੇਰ ਸਿੰਘ | 45 | ਵੱਲਾਹ, ਜ਼ਿਲ੍ਹਾ ਅੰਮ੍ਰਿਤਸਰ |
| 136 | ਗੁਲਾਬ ਸਿੰਘ | ਮਿਹਰ ਸਿੰਘ | 30 | ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ |
| 137 | ਗੁਰਾ | ਜੀਵਾ | 20 | ਹਵੇਲੀ ਸਰਦਾਰ ਧੰਨਾ ਸਿੰਘ, ਗੁਰਦਾਸਪੁਰ |
| 138 | ਗੁਰਾਦਿੱਤਾ | – | – | ਅੰਮ੍ਰਿਤਸਰ |

| | | | | |
|---|---|---|---|---|
| 139 | ਗੁਰੂ ਬ੍ਰਾਹਮਣ | – | 15 | ਅੰਮ੍ਰਿਤਸਰ |
| 140 | ਹਾਫਿਜ਼ ਤਾਜ਼ ਦੀਨ | ਅਲੀ ਮੁਹੰਮਦ ਸ਼ੇਖ ਉਰਫ ਮੁੱਲਾ | 25 | ਕੂਚਾ ਚੜ੍ਹਤ ਸਿੰਘ, ਅੰਮ੍ਰਿਤਸਰ |
| 141 | ਹਾਕਮ ਚੰਦ | ਫੇਰੂ ਮੱਲ | 53 | ਜ਼ਿਲ੍ਹਾ ਅੰਮ੍ਰਿਤਸਰ |
| 142 | ਹਮੀਦ | ਅਹਿਮਦ ਦੀਨ | 24 | ਕਟੜਾ ਸ਼ੇਰ ਸਿੰਘ, ਘੀ ਮੰਡੀ, ਅੰਮ੍ਰਿਤਸਰ |
| 143 | ਹੰਸ ਰਾਜ | ਰੋਹਨ ਸਿੰਘ | 23 | ਜ਼ਿਲ੍ਹਾ ਅੰਮ੍ਰਿਤਸਰ |
| 144 | ਹੰਸ ਰਾਜ | ਸੋਹਣ | – | ਪਿਪਲੀ ਤਹਿ ਬਟਾਲਾ, ਜ਼ਿਲ੍ਹਾ ਗੁਰਦਾਸਪੁਰ |
| 145 | ਹੰਸ ਰਾਜ | ਸੋਭਾ ਸਿੰਘ | 26 | ਬਾਵਾ ਭੱਲਾ, ਕੂਚਾ ਕੱਦਾਂ ਅੰਮ੍ਰਿਤਸਰ |
| 145 | ਹਰਬੰਸ ਲਾਲ | ਭਗਤ ਰਾਮ | 15 | ਮਿਆਨੀ ਤਹਿ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ |
| 147 | ਹਰਭਗਵਾਨ | ਕਨ੍ਹਈਆ ਲਾਲ | – | ਜ਼ਿਲ੍ਹਾ ਅੰਮ੍ਰਿਤਸਰ |
| 148 | ਹਰਭਗਵਾਨ | – | – | ਮਜੀਠ ਮੰਡੀ, ਅੰਮ੍ਰਿਤਸਰ |
| 149 | ਹਰ ਕੌਰ ਉਰਫ ਚੰਦਰ | ਪਤਨੀ ਹਰਦਿੱਤਾ ਸਿੰਘ | 50 | ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ |
| 150 | ਹਰ ਨਾਰਾਇਣ | – | – | ਕੂਚਾ ਚੌੜਾ ਖੂਹ, ਕਟੜਾ ਦੂਲੋ, ਅੰਮ੍ਰਿਤਸਰ |
| 151 | ਹਰਭਗਵਾਨ | ਜੈ ਰਾਮ ਦਾਸ | 50 | ਕੂਚਾ ਰਿਛਾ ਰਾਮ, ਲੂਣ ਮੰਡੀ, ਅੰਮ੍ਰਿਤਸਰ |
| 152 | ਹਰਦਿਆਲ | ਅੱਤਰ ਮਲ | 50 | ਕਟੜਾ ਮਾੜਾ ਪੰਜਾ, ਅੰਮ੍ਰਿਤਸਰ |
| 153 | ਹਰੀ ਰਾਮ | ਆਸਾ ਨੰਦ | 45 | ਕੂਚਾ ਬਾਵਾ ਮਿਹਰ ਬਖਸ਼, ਚੌਕ ਪਾਸੀਆ, ਅੰਮ੍ਰਿਤਸਰ |
| 154 | ਹਰੀ ਰਾਮ | ਹਰਦਿਆਲ | 40 | ਕੂਚਾ ਬਾਗ ਚੌਧਰੀ, ਕਟੜਾ ਖਜ਼ਾਨਾ, ਅੰਮ੍ਰਿਤਸਰ |
| 155 | ਹਰੀ ਰਾਮ | – | – | ਅੰਮ੍ਰਿਤਸਰ |
| 156 | ਹਰਨਾਮ | ਵੀਰੂ ਮਲ | 32 | ਕੂਚਾ ਸੰਤ ਸਿੰਘ, ਅੰਮ੍ਰਿਤਸਰ |

| | | | | |
|---|---|---|---|---|
| 157 | ਹਰਨਾਮ ਦਾਸ | – | – | ਨਵਾਂ ਸ਼ਹਿਰ, ਜ਼ਿਲਾ ਜਲੰਧਰ |
| 158 | ਹਰਨਾਮ ਸਿੰਘ | ਦੁਆਰਾ ਕਾਲੂ ਮਲ, ਸ਼ੋਰੀ ਲਾਲ | – | ਅੰਮ੍ਰਿਤਸਰ |
| 159 | ਹਰਨਾਮ ਸਿੰਘ | – | 30 | ਅੰਮ੍ਰਿਤਸਰ |
| 160 | ਹਰਨਾਮ ਸਿੰਘ | ਭਗਤ ਸਿੰਘ | 15 | ਕੂਚਾ ਪੰਜਾਬ ਸਿੰਘ,ਅੰਮ੍ਰਿਤਸਰ |
| 161 | ਹਰਨਾਮ ਸਿੰਘ | ਚੰਦਾ ਸਿੰਘ | 23 | ਕੂਚਾ ਲੁਹਾਰਾਂਵਾਲਾ, ਕਟੜਾ ਕਰਮ ਸਿੰਘ ਅੰਮ੍ਰਿਤਸਰ |
| 162 | ਹਰਨਾਮ ਸਿੰਘ | ਗੁਲਾਬ ਸਿੰਘ | 15 | ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ |
| 163 | ਹਰਨਾਮ ਸਿੰਘ | ਨੱਥਾ ਸਿੰਘ | 19 | ਅਦਲੀ ਵਾਲਾ, ਜ਼ਿਲ੍ਹਾ ਅੰਮ੍ਰਿਤਸਰ |
| 164 | ਹਰਨਾਮ ਸਿੰਘ | ਟਹਿਲ ਸਿੰਘ | 45 | ਰੁਮਾਨਪੁਰਾ, ਜ਼ਿਲ੍ਹਾ ਅੰਮ੍ਰਿਤਸਰ |
| 165 | ਹਰਨਾਮ ਸਿੰਘ | – | 30 | ਕਟੜਾ ਝੰਡਾ ਸਿੰਘ, ਅੰਮ੍ਰਿਤਸਰ |
| 166 | ਹਰ ਪ੍ਰਸਾਦ ਉਰਫ ਫਿੱਡੋ | ਵੈਸ਼ਣੋ ਦਾਸ | 22 | ਮੋਤੀ ਮੁਹੱਲਾ, ਕਟੜਾ ਸਫੈਦ, ਅੰਮ੍ਰਿਤਸਰ |
| 167 | ਹਾੜੂ ਮਲ | ਲੱਭੂ ਸੱਟਾ ਵਾਲਾ | – | ਜ਼ਿਲ੍ਹਾ ਅੰਮ੍ਰਿਤਸਰ |
| 168 | ਹਾੜੂ ਮੱਲ | – | 35 | ਅੰਮ੍ਰਿਤਸਰ |
| 169 | ਹਜ਼ਾਰੀ ਲਾਲ | ਦੀਨਾ ਨਾਥ | 17 | ਕੂਚਾ ਉਪਲਾਂ, ਅੰਮ੍ਰਿਤਸਰ |
| 170 | ਹੇਮ ਰਾਜ | ਖੇਮ ਰਾਜ | – | ਅੰਮ੍ਰਿਤਸਰ |
| 171 | ਹੀਰਾ ਲਾਲ | ਬਾਲ ਮੁਕੰਦ | 30 | ਕੂਚਾ ਕੰਬੋਆਂ, ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ |
| 172 | ਹੀਰਾ ਲਾਲ | ਚਮਨ ਲਾਲ | 55 | ਜ਼ਿਲ੍ਹਾ ਅੰਮ੍ਰਿਤਸਰ |
| 173 | ਹੀਰਾ ਨੰਦ | ਚੈਣਾ ਜਾਂ ਚੰਬਾ ਮਲ | 50 | ਢਾਬ ਖਟੀਕਾਂ, ਅੰਮ੍ਰਿਤਸਰ |
| 174 | ਹੀਰਾ ਨੰਦ | ਮਹਾਰਾਜ ਮਲ | 40 | ਕਟੜਾ ਭੰਗੀਆਂ, ਅੰਮ੍ਰਿਤਸਰ |
| 175 | ਹੀਰਾ ਨੰਦ | ਵਜ਼ੀਰਾ | – | ਜ਼ਿਲ੍ਹਾ ਅੰਮ੍ਰਿਤਸਰ |
| 176 | ਹੀਰਾ ਨੰਦ | – | – | ਤਹਿ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ |

| | | | | |
|---|---|---|---|---|
| 177 | ਹੀਰਾ ਸਿੰਘ | ਨਿਹਾਲ ਸਿੰਘ | 24 | ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ |
| 178 | ਹੁਕਮ ਚੰਦ | ਰਾਹੀਂ ਕਾਲੂ ਮਲ ਸ਼ੇਰੀ ਲਾਲ | – | ਅੰਮ੍ਰਿਤਸਰ |
| 179 | ਹੁਕਮ ਚੰਦ | ਫੇਰੂ ਮਲ | 33 | ਕੂਚਾ ਜੋਹੜ ਵਾਲਾ, ਕਟੜਾ ਭਾਗ ਸਿੰਘ, ਅੰਮ੍ਰਿਤਸਰ |
| 180 | ਹੁਕਮ ਚੰਦ | ਪਿਆਰਾ ਮਲ | – | ਸਵਰਨ ਮੰਦਰ, ਅੰਮ੍ਰਿਤਸਰ |
| 181 | ਹੁਕਮ ਸਿੰਘ | ਜਗਤ ਸਿੰਘ | 12 | ਕੂਚਾ ਕੰਬੋਜ਼, ਕਟੜਾ ਸ਼ੇਰ ਸਿੰਘ, ਕੋਹਾਣਾ, ਅੰਮ੍ਰਿਤਸਰ |
| 182 | ਹੁਕਮ ਸਿੰਘ | ਗੰਡਾ ਸਿੰਘ | 28 | ਮਾਦੋਕੇ ਜ਼ਿਲ੍ਹਾ ਅੰਮ੍ਰਿਤਸਰ |
| 183 | ਹੁੱਸੀ | ਸਿਕੰਦਰ | – | ਚੋਕ ਪਾਸੀਆਂ, ਅੰਮ੍ਰਿਤਸਰ |
| 184 | ਇਬ੍ਰਾਹੀਮ | ਇਮਾਮਦੀਨ | 40 | ਕਟੜਾ ਹਕੀਮਾਂ, ਅੰਮ੍ਰਿਤਸਰ |
| 185 | ਇਲਮਦੀਨ | – | 20 | ਚੱਕਮ ਕੰਦ, ਜ਼ਿਲ੍ਹਾ ਅੰਮ੍ਰਿਤਸਰ ਕਟੜਾਜ਼ਲ੍ਹਿਆਂਵਾਲਾ ਅੰਮ੍ਰਿਤਸਰ ਦੇ ਸ਼ੇਰ ਸਿੰਘ ਦਾ ਨੌਕਰ |
| 186 | ਇਲਮਦੀਨ | ਮੁਰਾਦ ਬਖ਼ਸ਼ | 40 | ਕੂਚਾ ਮੋਚੀਆਂ, ਕਟੜਾ ਖਜ਼ਾਨਾ, ਅੰਮ੍ਰਿਤਸਰ |
| 187 | ਇੰਦਰ ਸਿੰਘ | ਹਾਕਿਮ ਸਿੰਘ | 36 | ਬੇਗੋਵਾਲ, ਜ਼ਿਲ੍ਹਾ ਅੰਮ੍ਰਿਤਸਰ |
| 188 | ਇਸਾਉ | ਲਹਿਣਾ ਸਿੰਘ | 20 | ਜ਼ਿਲ੍ਹਾ ਅੰਮ੍ਰਿਤਸਰ |
| 189 | ਈਸ਼ਰ ਸਿੰਘ | ਖਜ਼ਾਨ ਸਿੰਘ | – | ਗਲਵੱਟੀ, ਜ਼ਿਲ੍ਹਾ ਅੰਮ੍ਰਿਤਸਰ |
| 190 | ਇਸਮਾਇਲ | ਮੀਆਂ ਬਖਸ਼ | 32 | ਕੂਚਾ ਮੀਆਂ ਅਸ਼ਦ ਉਲਾਹ ਵਕੀਲ ਕਟੜਾ ਜੈਮਲ ਸਿੰਘ, ਕਰਮੋ ਡਿਊੜੀ, ਅੰਮ੍ਰਿਤਸਰ |
| 191 | ਜਗਨ ਨਾਥ | ਰਾਮ ਜਸ | 32 | ਮੋਤੀ ਮੁਹੱਲਾ,ਕਟੜਾ ਖਜ਼ਾਨਾ ਅੰਮ੍ਰਿਤਸਰ |
| 192 | ਜਗਨ ਨਾਥ | ਬਾਲ ਕ੍ਰਿਸ਼ਨ ਮਹਿਰਾ | – | ਅੰਮ੍ਰਿਤਸਰ |
| 193 | ਜਗਦੀਸ | – | 20 | ਅੰਮ੍ਰਿਤਸਰ |
| 194 | ਜੈ ਨਰਾਇਣ | ਭਗਤ ਰਾਮ | 27 | ਕੂਚਾ ਚੌੜਾ ਖੂਹ, ਕਟੜਾ ਦੂਲੋ, ਅੰਮ੍ਰਿਤਸਰ |

| | | | | |
|---|---|---|---|---|
| 195 | ਜਵਾਹਰ ਸਿੰਘ | ਪਰਤਾਪ ਸਿੰਘ | 28 | ਕਟੜਾ ਦਰਬਾਰਾ ਸਿੰਘ, ਕਿਲਾ ਭੰਗੀਆਂ, ਅੰਮ੍ਰਿਤਸਰ |
| 196 | ਜਵਾਲਾ ਸਿੰਘ | – | – | ਨੂਰਸ਼ਾਨ, ਜ਼ਿਲ੍ਹਾ ਮਿੰਟ ਗੁਮਰੀ |
| 197 | ਜਵਾਲਾ ਸਿੰਘ | – | 60 | ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ |
| 198 | ਜਵੰਦ ਸਿੰਘ | ਖੜਕ ਸਿੰਘ | 50 | ਕੂਚਾ ਬਾਗਵਾਲਾ, ਅੰਮ੍ਰਿਤਸਰ |
| 199 | ਝੰਡਾ ਸਿੰਘ | ਮੰਗਲ | 30 | ਕਿਆਮਪੁਰ, ਜ਼ਿਲ੍ਹਾ ਅੰਮ੍ਰਿਤਸਰ |
| 200 | ਕੱਦੂ | ਵੈਸ਼ਨੋ ਦਾਸ | 18 | ਅੰਮ੍ਰਿਤਸਰ |
| 201 | ਕਾਹਨ ਚੰਦ | ਹੇਮ ਰਾਜ | 25 | |
| 202 | ਕਾਕਾ ਸਿੰਘ | ਨਿਹਾਲਾ | 23 | ਕਰਮੋ ਡਿਊੜੀ, ਅੰਮ੍ਰਿਤਸਰ |
| 203 | ਕਾਲਾ ਸਿੰਘ | – | 40 | ਅੰਮ੍ਰਿਤਸਰ |
| 204 | ਕਾਲਾ ਸਿੰਘ | ਗੁਲਾਬ ਸਿੰਘ | 50 | ਅੰਮ੍ਰਿਤਸਰ |
| 205 | ਕਾਲਾ ਸਿੰਘ | ਗੁਲਾਮ ਸਿੰਘ | 45 | ਚਬਾਲ ਮਾਨਾ, ਤਹਿ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ |
| 206 | ਕਾਲੂ ਮੱਲ | ਵੈਸ਼ਨੋ ਦਾਸ | – | ਅੰਮ੍ਰਿਤਸਰ |
| 207 | ਕਨ/ਕਾਕੂ/ ਕਾਸ਼ੀ ਚੰਦ | ਹੇਮ ਰਾਜ | 28 | ਚੁੰਨੀ ਮੁਹੱਲਾ, ਕਟੜਾ ਸਫੈਦ, ਅੰਮ੍ਰਿਤਸਰ |
| 208 | ਕਨ੍ਹਈਆ ਲਾਲ | ਹਰਭਗਵਾਨ | – | ਅੰਮ੍ਰਿਤਸਰ |
| 209 | ਕਨ੍ਹਈਆ ਸਿੰਘ | – | 47 | ਕੂਚਾ ਦਾਲਗਰਾਂ, ਕਟੜਾ ਭਾਗ ਸਿੰਘ, ਅੰਮ੍ਰਿਤਸਰ |
| 210 | ਕਾਂਸ਼ੀ | – | 30 | ਅੰਮ੍ਰਿਤਸਰ |
| 211 | ਕਾਂਸ਼ੀ ਰਾਮ | – | 50 | ਕੂਚਾ ਦੇਵੀਵਾਲਾ ਕਟੜਾ ਗਰਭਾ ਸਿੰਘ, ਅੰਮ੍ਰਿਤਸਰ |
| 212 | ਕਾਂਸ਼ੀ ਰਾਮ | ਮੋਤੀ ਰਾਮ | 23 | ਬਹਿਲੋਲਪੁਰ, ਤਹਿ ਸ਼ੱਕਰਗੜ, ਜ਼ਿਲ੍ਹਾ ਗੁਰਦਾਸਪੁਰ, (ਹੁਣ ਪਾਕਿਸਤਾਨ) |
| 213 | ਕਾਂਸ਼ੀ ਰਾਮ | ਮਥਰਾ ਦਾਸ | 53 | ਤਲਵੰਡੀ ਭਿੰਡਰਾਂ, ਜ਼ਿਲ੍ਹਾ ਸਿਆਲਕੋਟ |

| | | | | |
|---|---|---|---|---|
| 214 | ਕਰਮ ਚੰਦ ਉਰਫ ਮਿੱਲਾ | ਲਭੂ | 21 | ਅੰਮ੍ਰਿਤਸਰ |
| 215 | ਕਰਮ ਚੰਦ ਉਰਫ ਮਿੱਲਾ | ਲਾਲ ਚੰਦ | 27 | ਕੂਚਾ ਗੰਡਾਂਵਾਲਾ, ਲੂਣ ਮੰਡੀ, ਅੰਮ੍ਰਿਤਸਰ |
| 216 | ਕਰਮ ਜਾਂ ਕਰੀਮ ਬਖਸ਼ | – | 40 | ਅੰਮ੍ਰਿਤਸਰ |
| 217 | ਕਰਮਦੀਨ | ਗੁਲਾਬ | 22 | ਸੋਹੀਆਂ ਕਲਾਂ, ਜ਼ਿਲ੍ਹਾ ਅੰਮ੍ਰਿਤਸ |
| 218 | ਕਰਤਾਰ ਸਿੰਘ | ਗੰਡਾ ਸਿੰਘ | 40 | ਮਾਂਗਟ ਭੀਮ, ਜ਼ਿਲ੍ਹਾ ਗੁਜ਼ਰਾਤ |
| 219 | ਕਾਂਸ਼ੀ ਰਾਮ | – | – | ਅੰਮ੍ਰਿਤਸਰ |
| 220 | ਕਸ਼ਮੀਰ ਸਿੰਘ | – | – | ਅੰਮ੍ਰਿਤਸਰ |
| 221 | ਕਸ਼ਮੀਰ ਸਿੰਘ | – | – | ਅੰਮ੍ਰਿਤਸਰ |
| 222 | ਕੇਹਰ ਸਿੰਘ | ਗੋਪਾਲ ਸਿੰਘ | 20 | ਕੂਚਾ ਪਿਸ਼ੌਰੀਆ ਕਟੜਾ ਰਾਮਗੜੀਆ, ਅੰਮ੍ਰਿਤਸਰ |
| 223 | ਕੇਹਰ ਸਿੰਘ | ਵੀਰ ਸਿੰਘ | 26 | ਸੁਲਤਾਲਵਿੰਡ, ਜ਼ਿਲ੍ਹਾ ਅੰਮ੍ਰਿਤਸਰ |
| 224 | ਕੇਹਰ ਸਿੰਘ | ਭੀਮ ਸਿੰਘ | – | ਹੇਰ ਜਿਲ੍ਹਾ, ਅੰਮ੍ਰਿਤਸਰ |
| 225 | ਕੇਹਰ ਸਿੰਘ | ਸ਼ਾਮ ਸਿੰਘ | 35 | ਹੇਰ ਭਕਨਾ ਜ਼ਿਲ੍ਹਾ ਅੰਮ੍ਰਿਤਸਰ |
| 226 | ਕੇਹਰ ਸਿੰਘ | ਆਸਾ ਸਿੰਘ | 22 | ਵਰਪਾਲ ਜ਼ਿਲ੍ਹਾ ਅੰਮ੍ਰਿਤਸਰ |
| 227 | ਕੇਹਰ ਸਿੰਘ | ਗੋਪਾਲ ਸਿੰਘ | 18 | ਨੇੜੇ ਧਰਮਸ਼ਾਲਾ ਪਿਸ਼ੋਰੀਆਂ, ਅੰਮ੍ਰਿਤਸਰ |
| 228 | ਕੇਸਰ ਸਿੰਘ | ਚੰਦੂ ਮਲ | 19 | ਰਾਜਾ ਸਾਂਸੀ, ਅੰਮ੍ਰਿਤਸਰ |
| 229 | ਖੈਰ ਦੀਨ | ਮੰਗਤੂ | 25 | ਕੂਚਾ ਮਸਜਿਦ, ਅੰਮ੍ਰਿਤਸਰ |
| 230 | ਖੀਵਾ ਮਲ ਉਰਫ ਨਿੱਕਾ ਮਲ | ਰਾਹੀ ਦੂਨੀ ਚੰਦ, ਜੈ ਰਾਮ ਦਾਸ | – | ਅੰਮ੍ਰਿਤਸਰ |
| 231 | ਖੁਦਾ ਬਖਸ਼ | ਵਾਂਸਣ ਸ਼ਾਹ | 36 | ਕੂਚਾ ਕਸਾਈਆਂ, ਕਟੜਾ ਲਹਿਣਾ ਸਿੰਘ, ਅੰਮ੍ਰਿਤਸਰ |
| 232 | ਖੁਸ਼ਕ ਸਿੰਘ | ਜੀਵਨ ਸਿੰਘ | 30 | ਫਹਿਤਪੁਰ ਜ਼ਿਲ੍ਹਾ ਅੰਮ੍ਰਿਤਸਰ |
| 233 | ਖੁਸ਼ੀ ਰਾਮ | ਨਿੱਕਾ ਮਲ | 28 | ਕੂਚਾ ਗੰਗਾਧਰ, ਅੰਮ੍ਰਿਤਸਰ |
| 234 | ਕਿਰਪਾ ਰਾਮ | ਰੰਗਾ ਰਾਮ | 27 | ਕੋਟ ਕਰਮ ਚੰਦ, ਜ਼ਿਲ੍ਹਾ ਗੁਰਦਾਸਪੁਰ |

| | | | | |
|---|---|---|---|---|
| 235 | ਕਿਰਪਾਲ ਸਿੰਘ | ਪਰਤਾਪ ਸਿੰਘ | – | ਅੰਮ੍ਰਿਤਸਰ |
| 236 | ਕਿਸ਼ਨ ਚੰਦ | ਅਮੀਰ ਚੰਦ | 38 | ਅੰਮ੍ਰਿਤਸਰ |
| 237 | ਕਿਸ਼ਨ ਚੰਦ | ਅਮੀ ਚੰਦ | 38 | ਕੂਚਾ ਪੰਡਿਤਾਂ, ਗੁਰੂ ਮਹੱਲ, ਜ਼ਿਲ੍ਹਾ ਅੰਮ੍ਰਿਤਸਰ |
| 238 | ਕਿਸ਼ਨ ਦਾਸ | – | – | ਅੰਮ੍ਰਿਤਸਰ |
| 239 | ਕਿਸ਼ਨ ਸਿੰਘ | – | – | ਅੰਮ੍ਰਿਤਸਰ |
| 240 | ਲੱਭੂ | – | 25 | ਚੰਨ ਗਲੀ ਅੰਮ੍ਰਿਤਸਰ |
| 241 | ਲੱਭੂ | ਮੰਗੂ | 30 | ਬਖੈਰਦੀਨ ਕਟੜਾ ਰਾਮਗੜੀਆ, ਅੰਮ੍ਰਿਤਸਰ |
| 242 | ਲੱਭੂ ਰਾਮ | ਸੀਤਾ ਰਾਮ | 25 | ਕੂਚਾ ਤਾਂਬੜਿਆ ਕਟੜਾ ਰਾਮਗੜੀਆ, ਅੰਮ੍ਰਿਤਸਰ |
| 243 | ਲੱਭੂ ਰਾਮ | ਹੀਰਾ ਲਾਲ | 30 | ਕੂਚਾ ਜਰਗਰਾਂ ਅੰਮ੍ਰਿਤਸਰ |
| 244 | ਲੱਭੂ ਰਾਮ | ਛੱਜੂ ਮਲ | 16 | ਚੌਕ ਪਾਸੀਆਂ, ਅੰਮ੍ਰਿਤਸਰ |
| 245 | ਲਛਮਣ ਕੌਰ | – | – | ਅੰਮ੍ਰਿਤਸਰ |
| 246 | ਲਛਮਣ ਸਿੰਘ | ਦਿਆਲ ਸਿੰਘ | 30 | ਚੱਬਾ ਜ਼ਿਲ੍ਹਾ ਅੰਮ੍ਰਿਤਸਰ |
| 247 | ਲਛਮਣ ਸਿੰਘ | ਪ੍ਰਭਾ ਸਿੰਘ | – | ਅੰਮ੍ਰਿਤਸਰ |
| 248 | ਲਛਮਣ ਸਿੰਘ | ਹਾੜਾ ਸਿੰਘ | 30 | ਮੁਰਾਦਪੁਰ, ਜ਼ਿਲ੍ਹਾ ਅੰਮ੍ਰਿਤਸਰ |
| 249 | ਲਾਲ ਸਿੰਘ | ਫੂਲਾ ਸਿੰਘ | 45 | ਵੇਹੜਾ ਨਾਡਿਆਂ, ਕਟੜਾ ਕਰਮ ਸਿੰਘ ਅੰਮ੍ਰਿਤਸਰ |
| 250 | ਲਾਲੂ | ਸੀਤਾ | 22 | ਅੰਮ੍ਰਿਤਸਰ |
| 251 | ਲਹਿਨਾ ਸਿੰਘ | ਮਾਲਾ ਸਿੰਘ | 50 | ਰਸੂਲਪੁਰ ਖੁਰਦ ਜ਼ਿਲ੍ਹਾ ਅੰਮ੍ਰਿਤਸਰ |
| 252 | ਮਦਨ ਮੋਹਨ | ਡਾ. ਮਨੀ ਰਾਮ | 12 | ਬਾਜ਼ਾਰ ਘੰਟਾ ਘਰ, ਅੰਮ੍ਰਿਤਸਰ |
| 253 | ਮਾਧੋ | – | 22 | ਨਾਰੋਵਾਲ ਜ਼ਿਲ੍ਹਾ ਸਿਆਲਕੋਟ। |
| 254 | ਮਾਧੋ | ਰਿੱਝਾ | 30 | ਬਾਜ਼ਾਰ ਕੇਸਰਿਆਂ, ਅੰਮ੍ਰਿਤਸਰ |
| 255 | ਮਹਿਬੂਬ ਸ਼ਾਹ | ਅਹਿਮਦ ਸ਼ਾਹ ਸਈਅਦ | 30 | ਅੰਮ੍ਰਿਤਸਰ |
| 256 | ਮਾਲੂ ਜਾਂ ਮਾਹੀ | ਲਹਿਣਾ | 30 | ਸੁਲਤਾਨਵਿੰਡ ਗੇਟ ਦੇ ਬਾਹਰ, ਅੰਮ੍ਰਿਤਸਰ |

| | | | | |
|---|---|---|---|---|
| 257 | ਮਾਨਾ | ਪੀਰ ਬਖਸ਼ | – | ਕਟੜਾ ਰਾਮਗੜੀਆਂ, ਅੰਮ੍ਰਿਤਸਰ |
| 258 | ਮਾਣਕ ਚੰਦ | ਹਾੜੋ ਮਲ | – | ਅੰਮ੍ਰਿਤਸਰ |
| 259 | ਮਾਣਕ ਚੰਦ | ਛੱਜੂ ਮਲ | 20 | ਕੂਚਾ ਗੁਸਾਂਈ, ਕਟੜਾ ਸੰਤਾ ਸਿੰਘ, ਅੰਮ੍ਰਿਤਸਰ |
| 260 | ਮੰਗਲ ਦਾਸ | ਦਿਆਲੂ | 25 | ਚਬਾਲ ਕਲਾ, ਤਹਿ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ |
| 261 | ਮੰਗਲ ਰਾਮ | ਘੱਟੀ ਮਲ ਜਾਂ ਘਈ ਰਾਮ | | ਹਵੇਲੀ ਹਰਨਾਮ ਸਿੰਘ ਕਟੜਾ ਰਾਮਗੜੀਆਂ, ਅੰਮ੍ਰਿਤਸਰ |
| 262 | ਮੰਗਲ ਸਿੰਘ | ਈਸ਼ਰ ਸਿੰਘ | | ਲੋਕੇ, ਤਹਿ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ |
| 263 | ਮੰਗਲ ਸਿੰਘ | – | | ਵੱਟਲ ਤਹਿ ਅਜ਼ਨਾਲਾ, ਜ਼ਿਲ੍ਹਾ ਅੰਮ੍ਰਿਤਸਰ |
| 264 | ਮੰਗਲ ਸਿੰਘ | ਕਨ੍ਹਈਆ ਮਲ | | ਅੰਮ੍ਰਿਤਸਰ |
| 265 | ਮਨੀ ਲਾਲ | ਨਰਸਿੰਘ ਦਾਸ | | ਅੰਮ੍ਰਿਤਸਰ |
| 266 | ਮਨੀ ਲਾਲ | ਦੇਵੀ ਦਾਸ | | ਅੰਮ੍ਰਿਤਸਰ |
| 267 | ਮਨੀ ਰਾਮ | ਕਨ੍ਹਈਆ ਰਾਮ | | ਕੂਚਾ ਬਾਗ ਚੌਧਰੀ ਕਟੜਾ ਖਜ਼ਾਨਾ, ਅੰਮ੍ਰਿਤਸਰ |
| 268 | ਮਨੋਹਰ ਲਾਲ | – | | ਅੰਮ੍ਰਿਤਸਰ |
| 269 | ਮਨਨ | ਪੀਰ ਬਖਸ਼ | | ਅੰਮ੍ਰਿਤਸਰ |
| 270 | ਮਨਸ਼ਾ ਰਾਮ | ਨਰਸਿੰਘ ਦਾਸ | | ਕੂਚਾ ਸੇਵਾ ਸਿਆਲ, ਕਟੜਾ ਦੂਲੋ ਅੰਮ੍ਰਿਤਸਰ |
| 271 | ਮਥੁ | ਗੋਬਿੰਦ ਲਾਲ | | ਜ਼ਿਲ੍ਹਾ ਅੰਮ੍ਰਿਤਸਰ |
| 272 | ਮਥੁ | ਜ਼ੀਤ ਸਿੰਘ | | ਜ਼ੇਰੂਵਾਲ, ਜ਼ਿਲ੍ਹਾ ਅੰਮ੍ਰਿਤਸਰ |
| 273 | ਮਿਹਰ ਚੰਦ | – | – | ਅੰਮ੍ਰਿਤਸਰ |
| 274 | ਮਿਹਰ ਚੰਦ | ਹਰਸਹਾਏ | – | ਅੰਮ੍ਰਿਤਸਰ |
| 275 | ਮਿਹਰ ਚੰਦ | – | – | ਅੰਮ੍ਰਿਤਸਰ |
| 276 | ਮਹਿਬੂਬ ਸ਼ਾਹ | ਨੂਰਲ ਸਮਦ | 30 | ਅੰਮ੍ਰਿਤਸਰ |

| | | | | |
|---|---|---|---|---|
| 277 | ਮਿਹਰੂ ਮਲ | ਰਾਮ ਸਹਾਏ | – | ਅੰਮ੍ਰਿਤਸਰ |
| 278 | ਮੇਲਾ | – | – | ਅੰਮ੍ਰਿਤਸਰ |
| 279 | ਮੇਲਾ ਰਾਮ | ਮਥਰਾ ਦਾਸ | – | ਚੋਕ ਪਾਸੀਆਂ ਅੰਮ੍ਰਿਤਸਰ |
| 280 | ਮੇਵਾ ਸਿੰਘ | ਹਾਕਿਮ ਸਿੰਘ | 16 | ਕੂਚਾ ਕੰਬੋਜ , ਕਟੜਾ ਜ਼ਲ੍ਹਿਆਂਵਾਲਾ ਅੰਮ੍ਰਿਤਸਰ |
| 281 | ਮਹਿਰਾਜ ਦੀਨ | ਨੱਬਾਂ ਉਰਫ ਲਧੂ ਖਰਾਸੀ | 20 | ਕੂਚਾ ਆਵਲ ਖਾਣਾ ਲੋਹਗੜ, ਅੰਮ੍ਰਿਤਸਰ |
| 282 | ਮਿਰਾਜ਼ ਦੀਨ | ਨਬੀ ਬਖਸ਼ | 18 | ਅੰਮ੍ਰਿਤਸਰ |
| 283 | ਮੀਆਂ ਬਖਸ਼ | ਨਿੱਕਾ | 30 | ਬਾਜ਼ਾਰ ਘੁਮਾਰਾਂ, ਕਟੜਾ ਰਾਮਗੜੀਆਂ ਅੰਮ੍ਰਿਤਸਰ |
| 284 | ਮੋਹਨ ਲਾਲ | ਭਾਨਾ ਮਲ | 48 | ਕੂਚਾ ਕੁਰਿਛਾ, ਕੂਚਾ ਆਵਲ ਖਾਣਾ ਲੋਹਗੜ, ਅੰਮ੍ਰਿਤਸਰ |
| 285 | ਮੋਹਨ ਲਾਲ | ਦਯਾ ਰਾਮ | 46 | ਚੌਕ ਫੁੱਲਾਂ ਅੰਮ੍ਰਿਤਸਰ |
| 286 | ਮੋਹਨ ਲਾਲ | ਸ਼ਾਮ ਦਾਸ | 50 | ਬਾਜ਼ਾਰ ਰਾਮਗੜੀਆਂ ਚੋਕ ਬਾਬਾ ਸਾਹਿਰ ਅੰਮ੍ਰਿਤਸਰ |
| 287 | ਮੋਹਨ ਲਾਲ | ਮਨੀ ਖੱਤਰੀ | 18 | ਅੰਮ੍ਰਿਤਸਰ |
| 288 | ਮੋਹਨ ਲਾਲ | ਰਾਮ ਸਿੰਘ | 20 | ਕੂਚਾ ਕਰਮੋ ਅੰਮ੍ਰਿਤਸਰ |
| 289 | ਮੂਲ ਸਿੰਘ | ਖਾਨ ਸਿੰਘ | 30 | ਅੰਮ੍ਰਿਤਸਰ |
| 290 | ਮੋਤਾ ਰਾਮ | – | – | ਅੰਮ੍ਰਿਤਸਰ |
| 291 | ਮੋਤੀ ਰਾਮ | ਮੇਲਾ ਰਾਮ | 50 | ਕੂਚਾ ਬਾਬਾ ਖੋਡਾ ਗੁਰੂ ਮੁਹੱਲ ਅੰਮ੍ਰਿਤਸਰ |
| 292 | ਮੋਤੀ ਰਾਮ | – | 40 | ਅੰਮ੍ਰਿਤਸਰ |
| 293 | ਮੋਤੀ ਰਾਮ | ਵਜ਼ੀਰ ਚੰਦ | 35 | ਚੇਲ ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) |
| 294 | ਮੁਹੰਮਦ ਬਖਸ਼ | – | 36 | ਅੰਮ੍ਰਿਤਸਰ |
| 295 | ਮੁਹੰਮਦ ਦੀਨ | ਕਰੀਮ ਬਖਸ | 25 | ਕੂਚਾ ਹਾਜੀ ਬਾਜ਼ਾਰ ਬਕਰਾਵਾਂ ਅੰਮ੍ਰਿਤਸਰ |
| 296 | ਮੁਹੰਮਦ ਦੀਨ | ਬਾਬੂ | 22 | ਕੂਚਾ ਨਿਜ਼ਾਮ ਕੁਤਬਦੀਨ, ਕਟੜਾ ਮਹਾਂ ਸਿੰਘ ਅੰਮ੍ਰਿਤਸਰ |

| | | | | |
|---|---|---|---|---|
| 297 | ਮੁਹੰਮਦ ਇਬ੍ਰਾਹੀ | ਮਇਮਾਮਦੀਨ | 40 | ਚੌਕ ਹਕੀਮਾਂ ਅੰਮ੍ਰਿਤਸਰ |
| 298 | ਮੁਹੰਮਦ ਇਬ੍ਰਾਹੀ | ਮਸਿਕੰਦਰ ਅਲੀ | 24 | ਅੰਮ੍ਰਿਤਸਰ |
| 299 | ਮੁਹੰਮਦ ਇਸਮਾਈਲ | ਮੀਰਾਂ ਬਖਸ਼ | 35 | ਕਟੜਾ ਜੈਮਲ ਸਿੰਘ ਅੰਮ੍ਰਿਤਸਰ |
| 300 | ਮੁਹੰਮਦ ਰਮਜ਼ਾਨ | ਰਹੀਮ ਬਖਸ਼ ਬੋਟ | 35 | ਅੰਮ੍ਰਿਤਸਰ (ਦੁਕਾਨ ਕਿਲ੍ਹਾ ਭੰਗੀਆ ਵਿਖੇ) |
| 301 | ਮੁਹੰਮਦ ਸਾਦਿਕ | ਮੁਰਾਦ ਬਖਸ਼ | 25 | ਬਰੋਕਰੀਆਂ ਕਿਲਾ ਭੰਗੀਆਂ ਅੰਮ੍ਰਿਤਸਰ |
| 302 | ਮੁਹੰਮਦ ਸੂਫੀ | ਰਹੀਮ ਬਕਸ਼ | 18 | ਕੂਚਾ ਉਮਰ ਸ਼ੇਰ ਕਟੜਾ ਮਿਤ ਸਿੰਘ ਅੰਮ੍ਰਿਤਸਰ |
| 303 | ਮੁਹੰਮਦ ਸ਼ਰੀਫ | ਮੁਹੰਮਦ ਰਮਜ਼ਾਨ | 15 | ਕੂਚਾ ਮੋਚੀਆਂ ਟੋਬਾ ਭਾਈ ਸਾਲੋ ਅੰਮ੍ਰਿਤਸਰ |
| 304 | ਮੁਖੁਲ | ਰਾਹੀ ਫੂਲ ਬਾਦਸ਼ਾਹ | – | ਕੂਚਾ ਨਭਾਲਿਆਂ ਅੰਮ੍ਰਿਤਸਰ |
| 305 | ਮਲ ਸਿੰਘ | ਕਾਹਣ ਸਿੰਘ | 32 | ਕੂਚਾ ਨਭਾਲਿਆਂ ਅੰਮ੍ਰਿਤਸਰ |
| 306 | ਮਲ ਸਿੰਘ | ਮਾਨਾ ਸਿੰਘ | 20 | ਅੰਮ੍ਰਿਤਸਰ |
| 307 | ਮੁਲਖ ਰਾਜ | ਜੈ ਹਰ ਨੰਦ ਜਾ | 23 | ਕੂਚਾ ਮਦਾਰੀਆਂ ਕਟੜਾ ਬਾਗ ਸਿੰਘ, ਜੈ ਚੰਦ ਅੰਮ੍ਰਿਤਸਰ |
| 308 | ਮੁਲਖ ਰਾਜ | ਕਿਰਪਾ ਰਾਮ | 29 | ਗੁਰੂ ਮਹੱਲ, ਅੰਮ੍ਰਿਤਸਰ |
| 309 | ਮੁਲਖ ਰਾਜ | ਨੰਦ ਲਾਲ | 24 | ਕੂਚਾ ਮਦਾਰੀਆਂ, ਅੰਮ੍ਰਿਤਸਰ |
| 310 | ਮੁੱਲਾਂ | ਰਹੀਮ ਬਕਸ਼ | 40 | ਅੰਮ੍ਰਿਤਸਰ |
| 311 | ਮੁਲਤਾਨੀ | ਰਾਹੀ ਲਾਲਾ ਦੇਵਕੀ ਨੰਦਨ | – | ਕੂਚਾ ਚੜ੍ਹਤ ਸਿੰਘ, ਅੰਮ੍ਰਿਤਸਰ |
| 312 | ਮੁਨੀ ਲਾਲ | ਕਨ੍ਹਈਆ ਲਾਲ | 40 | ਅੰਮ੍ਰਿਤਸਰ |
| 313 | ਮੁਨੀ ਲਾਲ | ਦੇਵੀ ਦਾਸ | 29 | ਕੂਚਾ ਤੇਲੀਆਂ ਲੂਣ ਮੰਡੀ, ਅੰਮ੍ਰਿਤਸਰ |
| 314 | ਮੁਨੀ ਲਾਲ | ਨਰਸਿੰਘ ਦਾਸ | 29 | ਕੂਚਾ ਅਰਦਾਸੀਆਂ ਅੰਮ੍ਰਿਤਸਰ |
| 315 | ਮੁਨੀ ਲਾਲ | ਰਾਮ ਰੱਖਾ | – | ਕੂਚਾ ਨੈਣ ਸੁੱਖ, ਅੰਮ੍ਰਿਤਸਰ |
| 316 | ਮੁਨੀ ਲਾਲ | ਰਾਮ ਸਹਾਏ | – | ਕੂਚਾ ਉੱਪਲਾਂ, ਅੰਮ੍ਰਿਤਸਰ |

| | | | | |
|---|---|---|---|---|
| 317 | ਮੁਨਸ਼ੀ | – | 25 | ਅੰਮ੍ਰਿਤਸਰ |
| 318 | ਮੁਨਸ਼ੀ ਰਾਮ | ਪੋਹਲਾ ਰਾਮ | – | ਬਸਾੜਾ ਜ਼ਿਲ੍ਹਾ ਹੁਸ਼ਿਆਰਪੁਰ |
| 319 | ਮੁਰਲੀ | – | – | ਅੰਮ੍ਰਿਤਸਰ |
| 320 | ਮੁਰਲੀ ਮੱਲ | ਨੱਥੂ ਮਲ | 12 | ਅੰਮ੍ਰਿਤਸਰ |
| 321 | ਮੁਰਲੀ ਮੱਲ | ਲਖੂ ਮਲ | 60 | ਕੂਚਾ ਰਾਮਾਨੰਦ, ਕਟੜਾ ਆਹਲੂਵਾਲੀਆ, ਅੰਮ੍ਰਿਤਸਰ |
| 322 | ਮੂਸ਼ਾ | ਜ਼ਮਾਲ ਦੀਨ ਜਾਂ ਜਮਾਲਾ | 23 | ਕੂਚਾ ਮੋਚੀਆਂ, ਕਟੜਾ ਖਜ਼ਾਨਾ, ਅੰਮ੍ਰਿਤਸਰ |
| 323 | ਨਾਨਕ ਚੰਦ | ਛੋਟਾ ਮਲ | – | ਕੂਚਾ ਰੁਸੀਆਂ, ਕਟੜਾ ਸੰਤ ਸਿੰਘ, ਅੰਮ੍ਰਿਤਸਰ |
| 324 | ਨਾਨਕ ਚੰਦ | ਰਾਜਾ ਸਿੰਘ | – | ਕੋਟ ਸਦੀਕੀ, ਜ਼ਿਲ੍ਹਾ ਕੈਬਲਪੁਰ |
| 325 | ਨਰਾਇਣ ਸਿੰਘ ਜਾ ਨੈਣਾ | ਕਨ੍ਹੰਨ | 30 | ਵਨਚੜੀ, ਜ਼ਿਲ੍ਹਾ, ਅੰਮ੍ਰਿਤਸਰ |
| 326 | ਨੰਦ | ਕਰਮ ਚੰਦ | – | ਕੂਚਾ ਕਾਕੜਾਂ ਲੂਣ ਮੰਡੀ, ਅੰਮ੍ਰਿਤਸਰ |
| 327 | ਨੰਦ ਲਾਲ | ਸ਼ਿਵ ਦਿਆਲ | 8 | ਕੂਚਾ ਜੰਮੂ ਲੂਣ ਮੰਡੀ, ਅੰਮ੍ਰਿਤਸਰ |
| 328 | ਨੰਦ ਲਾਲ | ਮੇਲਾ ਰਾਮ | 18 | ਕੂਚਾ ਕਾਕੜਾਂ ਲੂਣ ਮੰਡੀ, ਅੰਮ੍ਰਿਤਸਰ |
| 329 | ਨਨਕੂ | – | – | ਜ਼ਿਲ੍ਹਾ ਹਜ਼ਾਰਾ |
| 330 | ਨਰੈਣ ਸਿੰਘ | ਦਿਆਲ ਸਿੰਘ | 25 | ਕੂਚਾ ਸੂਦਾਂ, ਕਿਲਾ ਭੰਗੀਆਂ ਅੰਮ੍ਰਿਤਸਰ |
| 331 | ਨਰੈਣ ਸਿੰਘ | ਹਰਦਿਆਲ ਸਿੰਘ | – | ਅੰਮ੍ਰਿਤਸਰ |
| 332 | ਨੱਥਾ ਸਿੰਘ | ਰਣਜੀਤ ਸਿੰਘ | 16 | ਜ਼ੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ |
| 333 | ਨੱਥਾ ਸਿੰਘ | ਜਵਾਲਾ ਸਿੰਘ | 30 | ਜਗਤਪੁਰ ਤਹਿ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ |
| 334 | ਨੱਥੂ | ਜੀਤ ਸਿੰਘ | 22 | ਜ਼ੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ |
| 335 | ਨੱਥੂ | ਜਵਾਹਰ | 55 | ਕੂਚਾ ਨੀਵਾਂ, ਕਟੜਾ ਜਲ੍ਹਿਆਂ ਵਾਲਾ ਅੰਮ੍ਰਿਤਸਰ |

| | | | | |
|---|---|---|---|---|
| 336 | ਨੱਥੂ | ਗੁਲਾਬ | 18 | ਅੰਮ੍ਰਿਤਸਰ |
| 337 | ਨੱਥੂ | – | – | ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ |
| 338 | ਨੱਥੂ | ਝੰਡਾ | 30 | ਕੂਚਾ ਦੇਵੀ ਵਾਲਾ, ਕਟੜਾ ਗਰਭਾ ਸਿੰਘ ਅੰਮ੍ਰਿਤਸਰ |
| 339 | ਨੱਥੂ ਮੱਲ | ਮੂਲਾ ਮਲ | 30 | ਕਟੜਾ ਕਨ੍ਹਈਆ ਅੰਮ੍ਰਿਤਸਰ |
| 340 | ਨਿਹਾਲ ਚੰਦ ਉਰਫ ਰੋਡਾ | ਨੇਕ ਚੰਦ | 22 | ਕੂਚਾ ਤਿਵਾੜੀਆਂ ਅੰਮ੍ਰਿਤਸਰ |
| 341 | ਨਿਹਾਲ ਸਿੰਘ | ਹਰਨਾਮ ਸਿੰਘ | 35 | ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ |
| 342 | ਨਿਹਾਲ ਸਿੰਘ | ਗੁਲਾਬ ਸਿੰਘ | – | ਭਵਾਨੀਪੁਰ ਜਿਲਾ ਹੁਸ਼ਿਆਰਪੁਰ |
| 343 | ਨਿੱਕਾ ਮੱਲ | ਰਾਹੀ ਦੁਨੀ ਚੰਦ ਜੈ ਰਾਮ ਦਾਸ | – | ਅੰਮ੍ਰਿਤਸਰ |
| 344 | ਨਿੱਕਾ ਮੱਲ | ਚਰਨ ਦਾਸ | 25 | ਗਲੀ ਜਾਮਣ ਸੇਵਕ ਮੰਡੀ ਅੰਮ੍ਰਿਤਸਰ |
| 345 | ਨਿੱਕੂ, ਨਿੱਕਾ ਰਾਮ | ਖ਼ੂਈ ਰਾਮ | 25 | ਕੂਚਾ ਘੋਰਿਆਂਵਾਲਾ ਕਟੜਾ ਮੋਤੀਰਾਮ ਅੰਮ੍ਰਿਤਸਰ |
| 346 | ਨਿੱਕੂ | ਗਿਰਧਰ | 14 | ਕੂਚਾ ਕਮੋਆਂ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ |
| 347 | ਨੂਰ ਮੁਹੰਮਦ | ਬੂਟਾ | 50 | ਕੂਚਾ ਸੁਖਦਿਆਲ, ਅੰਮ੍ਰਿਤਸਰ |
| 348 | ਨੂਰ ਮੁਹੰਮਦ | ਝੰਡਾ | 25 | ਘੀ ਮੰਡੀ, ਅੰਮ੍ਰਿਤਸਰ |
| 349 | ਨੂਰ ਮੁਹੰਮਦ | – | 25 | ਕਟੜਾ ਆਹਲੂਵਾਲੀਆ, ਅੰਮ੍ਰਿਤਸਰ |
| 350 | ਪਾਲਾ | ਮੇਘ ਨਾਥ ਜਾ ਲੋਕ ਨਾਥ | 22 | ਕੂਚਾ ਮਿਸਰ ਬੇਲੀ ਰਾਮ, ਅੰਮ੍ਰਿਤਸਰ |
| 351 | ਪਾਲਾ ਦਲਾਲ | ਨਾਨਕ ਚੰਦ | – | ਅੰਮ੍ਰਿਤਸਰ |
| 352 | ਪੱਲਾ ਜਾਂ ਪਾਲਾ ਸਿੰਘ | ਗੁਰਦਿੱਤਾ | 40 | ਕਟੜਾ ਸੋਹਣ ਸਿੰਘ, ਅੰਮ੍ਰਿਤਸਰ |
| 353 | ਪੰਨਾ ਲਾਲ | ਰਾਮ ਚੱਖਾ | 18 | ਕੂਚਾ ਨੈਣ ਸੁੱਖ ਕਟੜਾ ਬੇਲੀ ਰਾਮ ਅੰਮ੍ਰਿਤਸਰ |

| | | | | |
|---|---|---|---|---|
| 354 | ਪਰਮਾਨੰਦ | ਮਾਘੀ ਮਲ | 50 | ਅੰਮ੍ਰਿਤਸਰ |
| 355 | ਪਰਸ ਰਾਮ | – | | ਅੰਮ੍ਰਿਤਸਰ |
| 356 | ਪਰਤਾਪ ਸਿੰਘ | ਟਹਿਲ ਸਿੰਘ | 30 | ਵੰਡ ਤਹਿ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ |
| 357 | ਪਰਤਾਪਾ | – | 80 | ਅੰਮ੍ਰਿਤਸਰ |
| 358 | ਪਰਮਾਨੰਦ | ਦੇਵ ਰਾਜ | 24 | ਅੰਮ੍ਰਿਤਸਰ |
| 359 | ਫੂਲਾ | ਮਥਰਾ ਦਾਸ | 20 | ਕੂਚਾ ਰਾਜਪੁਰਾ ਚੌਂਕ ਪਾਸੀਆਂ ਅੰਮ੍ਰਿਤਸਰ |
| 360 | ਫੁੰਮਣ | – | 55 | ਨੇੜੇ ਬ੍ਰਹਮਬੂਤ ਅਖਾੜਾ ਬਾਜ਼ਾਰ ਡੋਡੇ, ਕਟੜਾ ਰਾਮਗੜ੍ਹੀਆ, ਅੰਮ੍ਰਿਤਸਰ |
| 361 | ਪ੍ਰਭ ਦਿਆਲ | ਰਾਮ ਰਤਨ | 35 | ਅੰਮ੍ਰਿਤਸਰ |
| 362 | ਪ੍ਰਭ ਦਿਆਲ | ਤੀਰਥ ਰਾਮ | – | ਅੰਮ੍ਰਿਤਸਰ |
| 363 | ਪ੍ਰਭ ਦਿਆਲ | ਸੀਤਾ ਰਾਮ | 19 | ਕੂਚਾ ਜੱਸਾ ਸਿੰਘ ਅੰਮ੍ਰਿਤਸਰ |
| 364 | ਪ੍ਰੇਮ ਸਿੰਘ | ਨੱਥਾ ਸਿੰਘ | 42 | ਕਲੇਰ ਮਾਂਗਟ, ਜ਼ਿਲ੍ਹਾ ਅੰਮ੍ਰਿਤਸਰ |
| 365 | ਪੂਰਨ ਚੰਦ | ਨੱਥਾ ਸਿੰਘ | 25 | ਕੂਚਾ ਜਾਮਨਵਾਲਾ ਕਟੜਾ ਗਰਭਾ ਸਿੰਘ ਅੰਮ੍ਰਿਤਸਰ |
| 366 | ਰਹਿਮਤ | ਨਵਾਬ ਦੀਨ | 18 | ਕਟੜਾ ਮਹਾਂ ਸਿੰਘ ਅੰਮ੍ਰਿਤਸਰ |
| 367 | ਰੱਖਾ ਮਲ | ਗੁੱਜਰ ਮਲ | 40 | ਕੂਚਾ ਤਿਵਾੜੀਆਂ, ਲੋਹ ਗੜ੍ਹ ਅੰਮ੍ਰਿਤਸਰ |
| 368 | ਰੱਖਾ ਮਲ | – | – | ਅੰਮ੍ਰਿਤਸਰ |
| 369 | ਰਾਮ ਚੰਦ | ਸਰਣ ਪਾਲ | 22 | ਕੂਚਾ ਸ਼ਾਹ, ਕਟੜਾ ਰਾਮਗੜੀਆਂ ਅੰਮ੍ਰਿਤਸਰ |
| 370 | ਰਾਮ ਚੰਦ | – | – | ਅੰਮ੍ਰਿਤਸਰ |
| 371 | ਰਾਮ ਚੰਦ | ਲੋਚਾ ਰਾਮ | 30 | (ਮੁਲਤਾਨ ਦਾ), ਕਟੜਾ ਪਰਜਨ ਅੰਮ੍ਰਿਤਸਰ |
| 372 | ਰਾਮ ਚੰਦ | ਜਮੀਤ ਸਿੰਘ | 27 | ਚੌਕ ਬੰਬੀਵਾਲਾ, ਕੂਚਾ ਪਿੱਪਲਾਂਵਾਲਾ ਕਟੜਾ ਬਾਗ |

| | | | | |
|---|---|---|---|---|
| | | | | ਸਿੰਘ ਅੰਮ੍ਰਿਤਸਰ |
| 373 | ਰਾਮ ਦਾਸ | ਗੰਗਾ ਦਾਸ | 21 | ਅੰਮ੍ਰਿਤਸਰ |
| 374 | ਰਾਮ ਧਨ | ਕਿਰਪਾ ਰਾਮ | – | ਬਲੋਟਾ ਜ਼ਿਲ੍ਹਾ ਗੁਰਦਾਸਪੁਰ |
| 375 | ਰਾਮ ਗੋਪਾਲ | ਸਾਂਈ ਦਾਸ | 32 | ਚੂਨੀ ਮੁਹੱਲਾ, ਕਟੜਾ ਸਫੈਦ ਅੰਮ੍ਰਿਤਸਰ |
| 376 | ਰਾਮ ਗੋਪਾਲ | – | – | ਕਟੜਾ ਬੇਲੀ ਰਾਮ ਅੰਮ੍ਰਿਤਸਰ |
| 377 | ਰਾਮ ਲਭਾਯਾ | ਛੱਜੂ ਰਾਮ ਜਾਂ ਹਰੀ ਰਾਮ | 17 | ਅੰਮ੍ਰਿਤਸਰ |
| 378 | ਰਾਮ ਲਾਲ | – | 24 | ਅੰਮ੍ਰਿਤਸਰ |
| 379 | ਰਾਮ ਲਾਲ | – | 25 | ਅੰਮ੍ਰਿਤਸਰ |
| 380 | ਰਾਮ ਲਾਲ | ਮੋਤੀ ਰਾਮ | 22 | ਚੌਕ ਮੋਨੀ ਕਟੜਾ ਰਾਮਗੜੀਆ,ਅੰਮ੍ਰਿਤਸਰ |
| 381 | ਰਾਮ ਨਾਥ | ਫੱਗੂ ਮਲ | 35 | ਅੰਮ੍ਰਿਤਸਰ |
| 382 | ਰਾਮ ਨਾਥ | ਲੱਖੂ | 37 | ਕਟੜਾ ਆਹਲੂਵਾਲੀਆ, ਅੰਮ੍ਰਿਤਸਰ |
| 383 | ਰਾਮ ਸਰਣ | ਕਾਕਾ ਰਾਮ | 30 | ਕੂਚਾ ਨਿਕਾਸ਼ਾ ਅੰਮ੍ਰਿਤਸਰ |
| 384 | ਰਾਮ ਸਿੰਘ | ਜਵਾਹਰ ਸਿੰਘ | 32 | ਕੂਚਾ ਉੱਪਲਾਂ ਅੰਮ੍ਰਿਤਸਰ |
| 385 | ਰਾਮ ਸਿੰਘ | ਝੰਡਾ ਸਿੰਘ | – | ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ |
| 386 | ਅਜਾਨ ਬੱਟ | ਰਹੀਮ ਬੱਟ | 41 | ਅੰਮ੍ਰਿਤਸਰ |
| 387 | ਰਸੂਲਾ | ਚੰਦਾ | 14 | ਚਭਾਲ ਕਲਾਂ, ਤਹਿ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ |
| 388 | ਰੂੜਾ | ਗੰਗਾ ਰਾਮ | 42 | ਕੂਚਾ ਬੇਲੀ ਰਾਮ ਅੰਮ੍ਰਿਤਸਰ |
| 389 | ਰੁਕਨ ਦੀਨ | ਇਲਾਹੀ ਬਖਸ਼ | 18 | ਖੰਡੇ ਜਿਲਾ ਅੰਮ੍ਰਿਤਸਰ |
| 390 | ਰੂੜਾ ਰਾਮ | ਕਾਕਾ ਰਾਮ | 22 | ਅੰਮ੍ਰਿਤਸਰ |
| 391 | ਸਾਧੂ | ਰਾਧਾ ਕਿਸ਼ਨ | 40 | (ਸ੍ਰੀ ਹਰਗੋਬਿੰਦ ਪੁਰ ਜਿਲਾ ਗੁਰਦਾਸਪੁਰ ਦਾ—) ਕੂਚਾ ਤਿਵਾੜੀਆਂ, ਅੰਮ੍ਰਿਤਸਰ |

| | | | | |
|---|---|---|---|---|
| 392 | ਸਾਦਿਕ | ਮਿਰਾਜਬਕਸ | – | ਅੰਮ੍ਰਿਤਸਰ |
| 393 | ਸਾਲਿਗ ਰਾਮ | ਜਵਾਲਾ ਸਿੰਘ ਦਾ ਚੇਲਾ | 60 | ਸਰਦਾਰ ਮੁਨਸ਼ਾ ਸਿੰਘ ਦੀ ਧਰਮਸ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ |
| 394 | ਸੰਤ ਰਾਮ | ਸ਼ਿਵ ਰਾਮ | 19 | ਵਰਪਾਲ ਜ਼ਿਲ੍ਹਾ ਅੰਮ੍ਰਿਤਸਰ |
| 395 | ਸੰਤ ਰਾਮ | ਪ੍ਰਭ ਦਯਾਲ | 23 | ਅੰਮ੍ਰਿਤਸਰ |
| 396 | ਸੰਤ ਰਾਮ | ਹਰੀ ਰਾਮ | 19 | ਕਟੜਾ ਹਰੀ ਸਿੰਘਾ ਅੰਮ੍ਰਿਤਸਰ |
| 397 | ਸੰਤ ਸਿੰਘ | ਝੰਡਾ | – | ਮਿਸਤ੍ਰੀ ਬਾਜ਼ਾਰ, ਰਾਜਾ ਸਾਂਸੀ, ਜ਼ਿਲ੍ਹਾ ਅੰਮ੍ਰਿਤਸਰ |
| 398 | ਸੰਤਾ | ਹਰੀ ਰਾਮ | | ਵਰਪਾਲ, ਜ਼ਿਲ੍ਹਾ ਅੰਮ੍ਰਿਤਸਰ |
| 399 | ਸ਼ਫੀ ਉਰਫ ਸਰਫਦੀਨ | ਜਮਾਲ ਦੀਨ ਕੰਜਰ | 19 | ਕਟੜਾ ਬੱਗੀਆਂ ਅੰਮ੍ਰਿਤਸਰ |
| 400 | ਸਮਸੁਦਦੀਨ | ਸਿਕੰਦਰ ਅਲੀ ਖਾਂ | 24 | ਚੌਕ ਪਾਸੀਆ, ਅੰਮ੍ਰਿਤਸਰ |
| 401 | ਸ਼ਰਫ ਦੀਨ | ਸਦਰ ਦੀਨ | 20 | ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ |
| 402 | ਸ਼ੇਰ ਸਿੰਘ | ਹਰੀ ਸਿੰਘ | 60 | ਕੂਚਾ ਨਵਾਂ ਵੇਹੜਾ ਕਿਲਾ ਭੰਗੀਆਂ ਅੰਮ੍ਰਿਤਸਰ |
| 403 | ਸ਼ੇਰ ਸਿੰਘ | ਹੀਰਾ ਸਿੰਘ | 17 | ਅੰਮ੍ਰਿਤਸਰ |
| 404 | ਸ਼ਿਬ ਦਯਾਲ ਜਾਂ ਸ਼ਾਹਿਬ ਦਯਾਲ | ਸੁਲੱਖਣ ਮੱਲ | 55 | ਕੂਚਾ ਕਲੁੱਣ ਕਟੜਾ ਦੂਲੋ ਅੰਮ੍ਰਿਤਸਰ |
| 405 | ਸੀਤਾ ਰਾਮ | ਗੋਬਿੰਦ ਰਾਮ | | ਅੰਮ੍ਰਿਤਸਰ |
| 406 | ਸ਼ੋਭਾ ਰਾਮ | ਸਾਹਿਬ ਦਯਾਲ | 45 | ਕੂਚਾ ਜ਼ਰਗਰਾਂ ਅੰਮ੍ਰਿਤਸਰ |
| 407 | ਸ਼ੋਭਾ ਰਾਮ | – | | ਚੌਕ ਪਰਾਗਦਾਸ ਕਟੜਾ ਰਾਮਗੜੀਆ ਅੰਮ੍ਰਿਤਸਰ |
| 408 | ਸ਼ੋਭਾ ਸਿੰਘ | ਖੜਕ ਸਿੰਘ | 50 | ਕੂਚਾ ਨਭਾਲਿਆ ਕਟੜਾ ਰਾਮਗੜੀਆ, ਰਾਮਗੜੀਆਂ ਅੰਮ੍ਰਿਤਸਰ |

| | | | | |
|---|---|---|---|---|
| 409 | ਸ਼ੋਭਾ ਸਿੰਘ | ਸੰਤ ਸਿੰਘ | 50 | ਕੂਚਾ ਸੰਗਲਵਾਲਾ, ਕਟੜਾ ਰਾਮਗੜੀਆਂ, ਅੰਮ੍ਰਿਤਸਰ |
| 410 | ਸ਼ੋਭਾ ਸਿੰਘ | – | – | ਅੰਮ੍ਰਿਤਸਰ |
| 411 | ਸ਼ੋਭਾ ਸਿੰਘ | – | 55 | ਅੰਮ੍ਰਿਤਸਰ |
| 412 | ਸੋਹਣ ਲਾਲ | ਦਯਾਂ ਰਾਮ | 42 | ਚੋਕ ਫੁੱਲਾਂ ਅੰਮ੍ਰਿਤਸਰ |
| 413 | ਸੋਹਣ ਲਾਲ | ਦਾਸੂ ਮਲ | 8 | ਕੂਚਾ ਧੜੇਲ, ਕਟੜਾ ਆਹਲੂਵਾਲੀਆ, ਅੰਮ੍ਰਿਤਸਰ |
| 414 | ਸੋਹਣ ਸਿੰਘ | ਸੂਬੇਦਾਰ ਮੇਜਰ ਚੰਦਾ ਸਿੰਘ | 15 | ਕਹੂਣਾ ਜ਼ਿਲ੍ਹਾ ਰਾਵਲਪਿੰਡੀ |
| 415 | ਸੋਹਣ ਸਿੰਘ | ਮਾਹਣਾ ਸਿੰਘ | 20 | ਲਾਲੋ ਘੋਮਾਨ, ਤਹਿ ਤਰਨ ਤਾਰਨ, ਅੰਮ੍ਰਿਤਸਰ |
| 416 | ਸੁਜਾਨ ਸਿੰਘ | ਸੋਭਾ ਸਿੰਘ | 22 | ਕੂਚਾ ਗੰਡਾਵਾਲਾ ਲੂਣ ਮੰਡੀ ਅੰਮ੍ਰਿਤਸਰ |
| 417 | ਸੁੰਦਰ | ਨੱਥਾ ਸਿੰਘ | 25 | ਅੰਮ੍ਰਿਤਸਰ |
| 418 | ਸੁੰਦਰ ਦਾਸ | ਨਿਹਾਲ ਚੰਦ | 35 | (ਉਨਾਂ ਹਿਮਾਚਲ ਪ੍ਰਦੇਸ਼) ਦਾ ਕਟੜਾ ਹਰੀ ਸਿੰਘ ਅੰਮ੍ਰਿਤਸਰ |
| 419 | ਸੁੰਦਰ ਸਿੰਘ | – | 19 | ਅੰਮ੍ਰਿਤਸਰ |
| 420 | ਸੁੰਦਰ ਸਿੰਘ | ਜਵਾਲਾ ਸਿੰਘ | 25 | ਝਬਾਲ ਕਲਾਂ ਜ਼ਿਲ੍ਹਾ ਅੰਮ੍ਰਿਤਸਰ |
| 421 | ਸੁੰਦਰ ਸਿੰਘ | ਨਾਥ ਸਿੰਘ | 30 | ਕੂਚਾ ਦੇਵੀਵਾਲਾ, ਕਟੜਾ ਗਰਬਾ ਸਿੰਘਾਂ,ਅੰਮ੍ਰਿਤਸਰ |
| 422 | ਸੁੰਦਰ ਸਿੰਘ | ਗਿਆਨ ਸਿੰਘ | 16 | ਕੂਚਾ ਤਰਖਾਣਾ ਚੋਕ ਕਸੇਰਿਆਂ, ਅੰਮ੍ਰਿਤਸਰ |
| 423 | ਸੁੰਦਰ ਸਿੰਘ | ਗੁਰਬਕਸ਼ ਸਿੰਘ | – | ਅੰਮ੍ਰਿਤਸਰ |
| 424 | ਸੁੰਦਰ ਸਿੰਘ | ਨੱਥੂ | 18 | ਖਟਰਾਏ ਕਲਾਂ ਤਹਿ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ |
| 425 | ਸੁੰਦਰ ਸਿੰਘ | ਖੁਸ਼ਾਲ ਸਿੰਘ | 30 | ਮਾਨਾਂਵਾਲਾ ਜ਼ਿਲ੍ਹਾ ਅੰਮ੍ਰਿਤਸਰ |
| 426 | ਸੁੰਦਰ ਸਿੰਘ | ਨਿਹਾਲ ਸਿੰਘ | 45 | ਜ਼ਿਲ੍ਹਾ ਅੰਮ੍ਰਿਤਸਰ |

| | | | | |
|---|---|---|---|---|
| 427 | ਸੁਰੈਣਾ ਜਾਂ | ਖੜਕੂ ਜਾਂ | 33 | ਮੀਆਂਪੁਰ ਤਹਿ ਤਰਨ ਤਾਰਨ ਜ਼ਿਲ੍ਹਾ ਸੁਰੈਣ ਸਿੰਘ ਖੜਕ ਸਿੰਘ ਅੰਮ੍ਰਿਤਸਰ |
| 428 | ਸੁਰਜ਼ਨ ਸਿੰਘ | ਦਿਆ ਸਿੰਘ | 35 | ਚੱਕ ਸਿਕੰਦਰ ਤਹਿ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ |
| 429 | ਸੁਰਜ਼ਨ ਸਿੰਘ | ਅਰੂੜ ਸਿੰਘ | – | ਕਟੜਾ ਪਰਧਾਂਨ ਸਿੰਘ ਜ਼ਿਲ੍ਹਾ ਅੰਮ੍ਰਿਤਸਰ |
| 430 | ਤਲੋਕ ਨਾਂਥ | ਹਰਜਸ ਮਲ | 35 | ਕੂਚਾ ਢਾਲਗਰਾਂ ਕਟੜਾ ਬਾਗ ਸਿਘ ਅੰਮ੍ਰਿਤਸਰ |
| 431 | ਤਾਰਾ ਚੰਦ | ਬਹਾਦੁਲ ਮਲ | 63 | ਅੰਮ੍ਰਿਤਸਰ |
| 432 | ਤਾਰਾ ਚੰਦ | – | – | ਅੰਮ੍ਰਿਤਸਰ |
| 433 | ਤਾਰਾ ਸਿੰਘ | ਝੰਡਾ ਸਿੰਘ | 16 | ਮੂਸਾ ਤਹਿ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ |
| 434 | ਤਾਰੂ | ਸਿੰਘ | – | ਵਰਪਾਲ ਜ਼ਿਲ੍ਹਾ ਅੰਮ੍ਰਿਤਸਰ |
| 435 | ਤਾਰੂ | ਆਸਾ ਸਿੰਘ | – | ਵਰਪਾਲ ਜ਼ਿਲ੍ਹਾ ਅੰਮ੍ਰਿਤਸਰ |
| 436 | ਤੇਜ਼ਾ ਸਿੰਘ | ਤੇਜਾ ਸਿੰਘ | – | ਭਲਾ ਪਿੰਡ ਤਹਿ ਅਜ਼ਨਾਲਾ ਜ਼ਿਲ੍ਹਾ ਵਰਪਾਲ ਜ਼ਿਲ੍ਹਾ ਅੰਮ੍ਰਿਤਸਰ |
| 437 | ਠਾਕੁਰ | ਪ੍ਰਭ ਦਿਆਲ | 25 | ਕਿਲ੍ਹਾ ਭੰਗੀਆਂ ਜ਼ਿਲ੍ਹਾ ਅੰਮ੍ਰਿਤਸਰ |
| 438 | ਠਾਕੁਰ ਦਾਸ | ਮਲਾਵਾ ਰਾਮ | 35 | ਕੂਚਾ ਪਿੱਪਲਾਂਵਾਲਾ ਚੌਕ ਫੁੱਲਾਂ ਅੰਮ੍ਰਿਤਸਰ |
| 439 | ਠਾਕੁਰ ਦਾਸ | ਦੀਨਾਂ ਨਾਂਥ | 35 | ਕੂਚਾ ਬਾਗ ਚੌਧਰੀ ਕਟੜਾ ਖਜ਼ਾਨਾ ਅੰਮ੍ਰਿਤਸਰ |
| 440 | ਠਾਕੁਰ ਦਾਸ | ਗੋਪਾਲ ਦਾਸ | 35 | ਕਟੜਾ ਖਜ਼ਾਨਾ ਅੰਮ੍ਰਿਤਸਰ |
| 441 | ਠਾਕੁਰ ਦਾਸ | – | – | ਅੰਮ੍ਰਿਤਸਰ |
| 442 | ਠਾਕੁਰ ਸਿੰਘ | – | – | ਅੰਮ੍ਰਿਤਸਰ |
| 443 | ਠਾਕੁਰ ਸਿੰਘ | ਮੂਲਾ ਸਿੰਘ | 30 | ਪਠਾਨ ਨੰਗਲ, ਤਹਿ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ |
| 444 | ਠਾਕੁਰ ਸਿੰਘ | ਜ਼ਵੰਦ ਸਿੰਘ | 25 | ਮਹਿਮਾਂ, ਜ਼ਿਲ੍ਹਾ ਅੰਮ੍ਰਿਤਸਰ |

| | | | | |
|---|---|---|---|---|
| 445 | ਤ੍ਰਿਲੋਕ ਚੰਦ | ਹਰਜਸ ਸਿੰਘ | 25 | ਅੰਮ੍ਰਿਤਸਰ |
| 446 | ਤ੍ਰਿਲੋਕ ਦਾਸ ਜਾਂ ਨਾਂਥ | ਬਾਲ ਮੁਕੰਦ | 20 | ਅੰਮ੍ਰਿਤਸਰ |
| 447 | ਓਮਰ ਬਕਸ਼ | ਈਦਾ | 60 | ਕੂਚਾ ਮਕਸੂਦ, ਕਟੜਾ ਕਰਮ ਸਿੰਘ ਅੰਮ੍ਰਿਤਸਰ |
| 448 | ਉਮਰ ਦੀਨ | ਮੁਹੰਮਦ ਦੀਨ | 20 | ਗਲੀ ਸੋਢੀਆਂ ਕਟੜਾ ਰਾਮਗੜੀਆ, ਅੰਮ੍ਰਿਤਸਰ |
| 449 | ਉਜਾਗਰ ਸਿੰਘ | ਬੁੱਧ ਸਿੰਘ | 35 | ਮੀਆਂਪੁਰ ਜ਼ਿਲ੍ਹਾ ਅੰਮ੍ਰਿਤਸਰ |
| 450 | ਉਜਾਗਰ ਸਿੰਘ | ਵਧਾਵਾ ਸਿੰਘ | 29 | ਢੰਡ, ਤਹਿ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ |
| 451 | ਵਾਸੂ ਮਲ | ਲਾਢੀਮਲ | 44 | ਕੂਚਾ ਕਰਮੋ ਅੰਮ੍ਰਿਤਸਰ |
| 452 | ਵੈਸ਼ਨੋ | ਦਮੋਦਰ ਦਾਸ | 50 | ਕੂਚਾ ਕੁਰਿੱਛਾਂ ਕਟੜਾ ਬਾਘ ਅੰਮ੍ਰਿਤਸਰ |
| 453 | ਵੈਸ਼ਨੋ ਦਾਸ | ਚੂਨੀ ਲਾਲ | 18 | ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ |
| 454 | ਵੈਸ਼ਨੋ ਦਾਸ | ਸੋਰਾਜ ਮਲ | – | ਅੰਮ੍ਰਿਤਸਰ |
| 455 | ਵੀਰ ਸਿੰਘ | – | – | ਦੇਵੀਦਾਸਪੁਰਾ ਜ਼ਿਲ੍ਹਾ ਅੰਮ੍ਰਿਤਸਰ |
| 456 | ਵੀਰੂ | ਨਾਥ | 35 | ਵਰਪਾਲ, ਜ਼ਿਲ੍ਹਾ ਅੰਮ੍ਰਿਤਸਰ |
| 457 | ਵੀਰੂ | ਮੀਆਂ | 40 | ਮੱਖਣ ਵਿੰਡ, ਜ਼ਿਲ੍ਹਾ ਅੰਮ੍ਰਿਤਸਰ |
| 458 | ਵੀਰੂ | ਗੱਟੂ ਮਲ | 50 | ਕੂਚਾ ਜ਼ਰਗਰਾਂ, ਲੂਣ ਮੰਡੀ, ਅੰਮ੍ਰਿਤਸਰ |
| 459 | ਵੀਰੂ ਮੱਲ | – | – | ਅੰਮ੍ਰਿਤਸਰ |
| 460 | ਵਾਰਿਸ | ਚਿਰਾਗ ਦੀਨ | 30 | ਅੰਮ੍ਰਿਤਸਰ |
| 461 | ਵਾਰਿਸ | ਅੱਲਾਈ ਕਸਾਈ | 40 | ਅੰਮ੍ਰਿਤਸਰ |
| 462 | ਵਾਸੂ ਮਲ | ਨਰਸਿੰਘ ਦਾਸ | 42 | ਕੂਚਾ ਖੰਡਵਾਲਾ, ਕਟੜਾ ਸਫੈਦ, ਅੰਮ੍ਰਿਤਸਰ |
| 463 | ਵਾਸੂ ਮਲ | ਸੀਤਾ ਰਾਮ | 32 | ਅੰਮ੍ਰਿਤਸਰ |
| 464 | ਵਾਸੂ ਮਲ | ਸੁਖੀ ਮਲ | – | ਅੰਮ੍ਰਿਤਸਰ |

ਅੰਤਿਕਾ -4

## ਜਲ੍ਹਿਆਂ ਵਾਲੇ ਬਾਗ ਦੀ ਘਟਨਾ ਤੋਂ ਬਾਅਦ ਅੰਗਰੇਜ਼ਾਂ ਦੁਆਰਾ ਚਲਾਏ ਗਏ ਅੰਮ੍ਰਿਤਸਰ ਦੇ ਲੋਕਾਂ 'ਤੇ ਮੁੱਖ ਕੇਸ ਅੰਮ੍ਰਿਤਸਰ ਸਾਜ਼ਿਸ਼ ਕੇਸ 1919

| ਲੜੀ ਨੰ: | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਡਾ. ਸੈਫ ਉਦ ਦੀਨ ਕਿਚਲੂ | ਅਜ਼ੀਜ਼ ਉਦ ਦੀਨ | 35 | ਢਾਬ ਖਟੀਕਾਂ ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 2 | ਡਾ. ਸੱਤਿਆਪਾਲ | ਲਾਲਾ ਮਨੀ ਰਾਮ | 35 | ਹਾਲ ਗੇਟ, ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 3 | ਬਦਰ--ਉਲ-- ਇਸਲਾਮ ਅਲੀ ਖਾਨ | – ਅੰਮ੍ਰਿਤਸਰ | 32 | ਜੇਲ ਰੋਡ ?ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 4 | ਡਾ.ਹਾਫਿਜ਼ ਮੁਹੰਮਦ ਬਸ਼ੀਰ | ਸ਼ੇਖ ਮੁਹੰਮਦ ਹੁਸੈਨ | 27 | ਚੌਕ ਫਰੀਦ, ਅੰਮ੍ਰਿਤਸਰ | 6 ਵਰ੍ਹਿਆਂ ਦਾ ਕਠੋਰ ਕਾਰਾਵਾ |
| 5 | ਕੋਟੂ ਮੱਲ | ਰਘੁਨੰਦਨ ਲਾਲ | 55 | ਭਗਤਾਂਵਾਲਾ ਗੇਟ, ਅੰਮ੍ਰਿਤਸਰ | 6 ਮਹੀਨਿਆਂ ਦਾ ਕਠੋਰ ਕਾਰਾਵਾਸ |
| 6 | ਨਰਾਇਣ ਦਾਸ ਖੰਨਾ | ਤੀਰਥ ਰਾਮ ਖੰਨਾ | 30 | ਕਟੜਾ ਬੇਲੀ ਰਾਮ, ਅੰਮ੍ਰਿਤਸਰ | 6 ਮਹੀਨਿਆਂ ਦਾ ਕਠੋਰ ਕਾਰਾਵਾਸ |

| | | | | | |
|---|---|---|---|---|---|
| 7 | ਗੁਰਦਿਆਲ ਸਿੰਘ ਸਲਾਰੀਆ | ਘੇਰਾ ਸਿੰਘ | 25 | ਗੁਰੂ ਬਾਜ਼ਾਰ, ਅੰਮ੍ਰਿਤਸਰ | ਬਰੀ ਕਰ ਦਿੱਤਾ |
| 8 | ਸਵਾਮੀ ਅਨੂਭਵਾਨੰਦ | ਸਰਬਾਨੰਦ ਦਾ ਚੇਲਾ | 45 | ਟੋਬਾ ਭਾਈ ਸਾਲੋ ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 9 | ਪੰ. ਦੀਨਾ ਨਾਥ | ਨਾਨਕ ਚੰਦ | 42 | 'ਵਕਤ' ਦਾ ਅੰਮ੍ਰਿਤਸਰ ਸੰਪਾਦਕ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 10 | ਡਾ. ਗੁਰਬਖਸ਼ ਰਾਏ | ਜੈ ਗੋਪਾਲ ਸੂਦ | 25 | ਕਟੜਾ ਖਜ਼ਾਨਾ ਅੰਮ੍ਰਿਤਸਰ | 1 ਵਰ੍ਹੇ ਦਾ ਕਠੋਰ ਕਾਰਾਵਾਸ |
| 11 | ਗੁਲਾਮ ਨਬੀ | ਗੁਲਾਮ ਰਸੂਲ | 40 | ਕਟੜਾ ਕਰਮ ਸਿੰਘ, ਅੰਮ੍ਰਿਤਸਰ | 1 ਵਰ੍ਹੇ ਦਾ ਕਠੋਰ ਕਾਰਾਵਾਸ |
| 12 | ਗੁਲਾਮ ਮੁਹੰਮਦ | ਸੇਠ ਮਾਧੋ | 23 | ਮੋਰੀ ਗੰਜ, ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 13 | ਅਬਦੁਲ ਅਜ਼ੀਜ਼ | ਫਿਰੋਜ਼ ਦੀਨ | 24 | ਕਟੜਾ ਕਨ੍ਹਈਆ, ਅੰਮ੍ਰਿਤਸਰ | 3 ਮਹੀਨਿਆਂ ਦਾ ਕਠੋਰ ਕਾਰਾਵਾਸ |
| 14 | ਮੁਹੰਮਦ ਇਸਮਾਈਲ | ਅਬਦੁਲ ਸੱਤਾਰ | 36 | ਕਟੜਾ ਬਾਘ ਸਿੰਘ, ਅੰਮ੍ਰਿਤਸਰ | 3 ਮਹੀਨਿਆਂ ਦਾ ਕਠੋਰ ਕਾਰਾਵਾਸ |
| 15 | ਮੋਤੀ ਰਾਮ ਮਹਿਰਾ | ਭਾਣਾ ਮੱਲ | 33 | ਕਟੜਾ ਬੇਲੀ ਰਾਮ, ਅੰਮ੍ਰਿਤਸਰ | 3 ਮਹੀਨਿਆਂ ਦਾ ਕਠੋਰ ਕਾਰਾਵਾਸ |
| 16 | ਬ੍ਰਿਜ ਗੋਪੀ ਨਾਥ | – | 23 | ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 17 | ਦੁਰਗਾ ਦਾਸ ਵੈਦ | – | 26 | ਕਿਲਾ ਭੰਗੀਆਂ ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |

ਨੈਸ਼ਨਲ ਬੈਂਕ ਅੰਮ੍ਰਿਤਸਰ ਕੇਸ (ਦੋ ਯੂਰਪੀਆਂ ਦੀ ਹੱਤਿਆ ਅਤੇ ਕਈ ਲੱਖ ਦੀ ਜਾਇਦਾਦ ਦੀ ਲੁੱਟ)

| ਲੜੀ ਨੰ | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਰਤਨ ਚੰਦ ਉਰਫ ਰੱਤੋ | ਸੀਤਾ ਰਾਮ | 43 | ਕਟੜਾ ਆਹਲੂਵਾਲੀਆ ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜ਼ਬਤੀ |
| 2 | ਬੁੱਗਾ ਮੱਲ ਉਰਫ ਬੁਗਾ | ਪੇਰਾ ਮੱਲ | 40 | ਕਟੜਾ ਜੈਮਲ ਸਿੰਘ, ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜ਼ਬਤੀ |
| 3 | ਗੁਲਾਮ ਹੱਸਨ | ਈਦਾ | 28 | ਕਟੜਾ ਮਹਾਂ ਸਿੰਘ ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜ਼ਬਤੀ |
| 4 | ਫਕੀਰ | ਪੀਰ ਬਖਸ਼ | 20 | ਕਟੜਾ ਮਹਾਂ ਸਿੰਘ, ਅੰਮ੍ਰਿਤਸਰ | ਫਾਂਸੀ ਅਤੇਜਾਇਦਾਦ ਜ਼ਬਤੀ |
| 5 | ਅਸਦ ਉਲਾਹ | ਸੁਲਤਾਨ ਬਖਸ਼ | 25 | ਕਟੜਾ ਗਰਬਾ ਸਿੰਘ, ਅੰਮ੍ਰਿਤਸਰ | ਆ ਜੀਵਨ 'ਦੇਸ਼ ਨਿਕਾਲਾ' |
| 6 | ਕਰਮ ਚੰਦ | ਫਤਿਹ ਚੰਦ | 30 | ਕਟੜਾ ਕਨ੍ਹਈਆ, ਅੰਮ੍ਰਿਤਸਰ | ਆ ਜੀਵਨ 'ਦੇਸ਼ - ਨਿਕਾਲਾ' |
| 7 | ਕਰੀਮ ਬੱਚਾ | ਮਿਹਰ ਬਖ਼ਸ | 18 | ਕਟੜਾ ਕਨ੍ਹਈਆ, ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |

| | | | | | |
|---|---|---|---|---|---|
| 8 | ਮਨੋਹਰ ਸਿੰਘ | ਲਹਿਣਾ ਸਿੰਘ | 18 | ਕਟੜਾ ਨਿਹਾਲ ਸਿੰਘ, ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜ਼ਬਤੀ |
| 9 | ਮੁਹੰਮਦੀ | ਅਜ਼ੀਜ਼ | 44 | ਚੂਹੜਿਆਂ ਦਰਵਾਜ਼ਨ, ਅੰਮ੍ਰਿਤਸਰ | ਆਜੀਵਨ 'ਦੇਸ਼ - ਨਿਕਾਲਾ |
| 10 | ਜ਼ਾਨੀ | ਮੁਹੰਮਦ ਬਖਸ਼ | 35 | ਕਟੜਾ ਬਾਗੀਆਂ, ਅੰਮ੍ਰਿਤਸਰ | 10 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 11 | ਨਿਜ਼ਾਮ | ਰੁਸਤਮ | 35 | ਕਟੜਾ ਬਾਗੀਆਂ, ਅੰਮ੍ਰਿਤਸਰ | 10 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 12 | ਫਿਰੋਜ਼ | ਮੋਲਾ ਬਖਸ਼ | 22 | ਕਟੜਾ ਬਾਗੀਆਂ, ਅੰਮ੍ਰਿਤਸਰ | 10 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 13 | ਚਿਰਾਗ | ਸਦਾ ਰੰਗ | 24 | ਕਟੜਾ ਬਾਗੀਆਂ, ਅੰਮ੍ਰਿਤਸਰ | 10 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 14 | ਸਦਰੂ | ਮੱਖਣ | 30 | ਕਟੜਾ ਬਾਗੀਆਂ, ਅੰਮ੍ਰਿਤਸਰ | 10 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 15 | ਗੁਲਾਮ ਹੱਸਨ | ਮੱਖਣ | 28 | ਕਟੜਾ ਬਾਗੀਆਂ, ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 16 | ਇਨਾਇਤ | ਪੀਰਾ | 26 | ਕਟੜਾ ਬਾਗੀਆਂ, ਅੰਮ੍ਰਿਤਸਰ | 10 ਵਰ੍ਹਿਆਂ ਦਾ ਕਠੋਰ ਕਾਰਾਵਾਸ |

| | | | | | |
|---|---|---|---|---|---|
| 17 | ਗੁਲਾਮ ਰਸੂਲ | ਗੁਲਾਮ ਹੈਦਰ | 28 | ਕਟੜਾ ਬਾਗੀਆਂ, ਅੰਮ੍ਰਿਤਸਰ | 10 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 18 | ਹਰਨਾਮ ਸਿੰਘ ਹਰਨਾਮੂ | ਉਰਫ ਕਾਲਾ ਸਿੰਘ | 24 | ਚੌਕ ਦਰਬਾਰ ਸਾਹਿਬ, | ਆਜੀਵਨ 'ਦੇਸ਼-ਨਿਕਾਲਾ |
| 19 | ਸਾਈਂ ਮਿਹਰ ਦਾਨੀ | ਸਾਂਈ ਮੁਹੰਮਦ ਬਖਸ਼ | 26 | ਕਟੜਾ ਪਰਜਾ, ਜੀਵਨ | ਆਜੀਵਨ 'ਦੇਸ਼-ਨਿਕਾਲਾ |
| 20 | ਸੰਧੀ | ਹੁਸੈਨ ਬਖਸ਼ | 30 | ਚੂਹੜਿਆਂ ਦਰਵਾਜ਼ਾ, ਅੰਮ੍ਰਿਤਸਰ | ਆਜੀਵਨ 'ਦੇਸ਼-ਨਿਕਾਲਾ |
| 21 | ਰੋਸ਼ਨ ਉਰਫ ਖੰਡਾ | ਹਯਾਤ ਬੇਗ | 28 | ਕਟੜਾ ਖਜ਼ਾਨਾ, ਅੰਮ੍ਰਿਤਸਰ | 10 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 22 | ਜੈ ਰਾਮ ਸਿੰਘ | ਆਤਮਾ ਸਿੰਘ | 24 | ਕਟੜਾ ਖਜ਼ਾਨਾ, ਅੰਮ੍ਰਿਤਸਰ | ਆਜੀਵਨ 'ਦੇਸ਼-ਨਿਕਾਲਾ' |

## ਲਾਇੰਸ ਬੈਂਕ ਹੱਤਿਆ ਕੇਸ (ਅੰਮ੍ਰਿਤਸਰ) - ਯੂਰਪੀ ਮੈਨੇਜਰ ਦੀ ਹੱਤਿਆ

| ਲੜੀ ਨੰ | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਨਿਜ਼ਾਮਦੀਨ ਉਰਫ ਦਾਦੋ | ਕਮਾਲ (ਮੁਹੰਮਦ ਕਮਾਲ) | 45 | ਗਲੀ ਰਸੂਲਨਵਾਲੀ ਕਟੜਾ ਕਰਮ ਸਿੰਘ ਅੰਮ੍ਰਿਤਸਰ | ਆਜੀਵਨ 'ਦੇਸ਼- ਨਿਕਾਲਾ |
| 2 | ਦੀਨਾਂ | ਵਜ਼ੀਰਾ | 27 | ਅੰਮ੍ਰਿਤਸਰ | 10 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 3 | ਉਮਰ | ਕਰੀਮ ਬਖਸ਼ | 18 | ਕਟੜਾ ਆਹਲੂਵਾਲੀਆ ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜ਼ਬਤੀ |
| 4 | ਹੁਸੈਨਾ | ਅਤਰ ਦੀਨ | 25 | ਨੀਵੀ ਗਲੀ ਕਟੜਾ ਜ਼ਲਿਆਂ, ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜਬਤੀ |
| 5 | ਅਜ਼ੀਜ਼ | ਅਹਸਾਨ | 26 | ਗਲੀ ਅੰਗਰੇਜ਼ਾ ਕਟੜਾਂ ਮਹਾਂ ਸਿੰਘ, ਅੰਮ੍ਰਿਤਸਰ | ਆਜੀਵਨ 'ਦੇਸ਼- ਨਿਕਾਲਾ |

| | | | | | |
|---|---|---|---|---|---|
| 6 | ਗੰਡਾ ਸਿੰਘ ਉਰਫ | ਆਤਮਾ ਸਿੰਘ ਭੰਗੜ | 40 | ਚੌਕ ਮੰਨਾ ਸਿੰਘ ਕਟੜਾ | ਫਾਂਸੀ ਅਤੇ ਜਾਇਦਾਦ ਜ਼ਬਤੀ ਰਾਮਗੜੀਆ ਅੰਮ੍ਰਿਤਸਰ |
| 7 | ਹੁੱਸੈਣਾ | ਮੁਹੰਮਦ ਸ਼ੇਖ | - | ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜਬਤੀ |
| 8 | ਸਾਦਿਕ | ਇਬਰਾਹੀਮ | - | ਅੰਮ੍ਰਿਤਸਰ | ਆਜੀਵਨ 'ਦੇਸ਼- ਨਿਕਾਲਾ |
| 9 | ਰਾਮ ਚੰਦ | ਰੰਗਣ | 30 | ਕਰਮੋ ਡਿਊੜੀ, ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜ਼ਬਤੀ |
| 10 | ਕਾਹਣਾ | ਗਾਮਾਂ | 35 | ਨਵੀਂ ਕ੍ਰਿਸ਼ਨਾ ਮਾਰਕਿਟ ਕਟੜਾ ਆਹਲੂਵਾਲੀਆ ਅੰਮ੍ਰਿਤਸਰ | ਆਜੀਵਨ 'ਦੇਸ਼- ਨਿਕਾਲਾ |
| 11 | ਜਲਾਲ ਦੀਨ | ਸਾਵਨ | 42 | ਬਾਜ਼ਾਰ ਹਸਲੀ ਕਟੜਾ ਮੀਹਾਂ ਸਿੰਘ, ਅੰਮ੍ਰਿਤਸਰ | ਆਜੀਵਨ 'ਦੇਸ਼- ਨਿਕਾਲਾ' |
| 12 | ਬਿਸਨਾ | ਲੱਭੂ ਰਾਮ | - | ਕਟੜਾ ਬਾਗੀਆਂ, ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜਬਤੀ |

| | | | | | |
|---|---|---|---|---|---|
| 13 | ਨਾਦਿਰ ਅਲੀਸ਼ਾਹ | ਕੈਮ ਅਲੀ ਸ਼ਾਹ | 25 | ਬਜ਼ਰੂਰ ਜ਼ਿਲਾ ਹੁਸ਼ਿਆਰਪੁਰ | ਆਜੀਵਨ 'ਦੇਸ਼- ਨਿਕਾਲਾ' |
| 14 | ਧਨੀ ਰਾਮ | ਦੇਵੀ ਦਿੱਤਾ | – | ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜ਼ਬਤੀ |
| 15 | ਚਿਰਾਗ | ਕਰੀਮ ਬਖਸ਼ | – | ਅੰਮ੍ਰਿਤਸਰ | 2 ਮਹੀਨਿਆਂ ਦਾ ਕਠੋਰ ਕਾਰਾਵਾਸ |
| 16 | ਅੱਲਾਹ ਦੀਨ | ਦਸੌਂਦੀ | – | ਅੰਮ੍ਰਿਤਸਰ | ਆਜੀਵਨ 'ਦੇਸ਼- ਨਿਕਾਲਾ |
| 17 | ਰੇਹਲੂ | ਅਹਿਮਦ | – | ਅੰਮ੍ਰਿਤਸਰ | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 18 | ਪੀਰਾਂ ਦਿੱਤਾ | ਬੁੱਢਾ | | ਅੰਮ੍ਰਿਤਸਰ | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 19 | ਰਾਮ ਸਰਨ ਦਾਸ | ਗੋਬਿੰਦ ਰਾਮ | | ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 20 | ਖੁਸ਼ੀ ਮੁਹੰਮਦ | ਇਲਾਹੀ ਬਖਸ | | ਅੰਮ੍ਰਿਤਸਰ | 4 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 21 | ਨਾਥ ਰਾਮ | ਸੁੰਦਰ ਦਾਸ | | ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜ਼ਬਤੀ |

## ਕੁਮਾਰੀ ਸ਼ੇਰਵੁੱਡ ਦੀ ਹੱਤਿਆ ਕਰਨ ਦੀ ਕੋਸ਼ਿਸ਼ ਦਾ ਮਾਮਲਾ

| ਲੜੀ ਨੰ | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਸੁੰਦਰ ਸਿੰਘ | ਕਾਲਾ ਸਿੰਘ | 26 | ਕੂਚਾ ਰਾਮਪੁਰਾ ਅੰਮ੍ਰਿਤਸਰ | ਆਜੀਵਨ 'ਦੇਸ਼- ਨਿਕਾਲਾ' |
| 2 | ਵਿਲਾਇਤੀ | ਦੌਲਤ ਰਾਮ | 19 | ਕੂਚਾ ਤਿਵਾੜੀਆਂ, ਅੰਮ੍ਰਿਤਸਰ | ਆਜੀਵਨ 'ਦੇਸ਼- ਨਿਕਾਲਾ' |
| 3 | ਮੰਗਤੂ | ਸੰਤ ਰਾਮ | 18 | ਕੂਚਾ ਕਕੌੜੀਆਂ ਅੰਮ੍ਰਿਤਸਰ | 4 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 4 | ਮੇਲਾ | ਮਾਯਾ ਰਾਮ ਜਾਂ ਰੰਗਾ ਰਾਮ | 28 | ਟੋਬਾ ਭਾਈ ਸਾਲੋ, ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 5 | ਮੰਗਤੂ ਉਰਫ ਗਿੱਦੜ | ਮਾਘੀ | 18 | ਧਰਮਸ਼ਾਲਾ ਹੱਜਾਮਾ, ਅੰਮ੍ਰਿਤਸਰ | 4 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 6 | ਲਾਲ ਚੰਦ ਉਰਫ ਲਾਲੂ | ਦਯਾਲ ਸਿੰਘ | 17 | ਧਰਮਸ਼ਾਲਾ ਹੱਜਾਮਾ, ਅੰਮ੍ਰਿਤਸਰ | 4 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 7 | ਅਹਿਮਦ ਦੀਨ | ਕਰੀਮ ਬਖਸ਼ | 20 | ਕੂਚਾ ਕਕੌੜੀਆਂ, ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 8 | ਜਿਲਾ | ਕਰੀਮ ਬਖਸ਼ | 18 | ਕੂਚਾ ਕਕੌੜੀਆਂ, ਅੰਮ੍ਰਿਤਸਰ | ਰਿਹਾ ਕਰ ਦਿੱਤਾ ਗਿਆ। |

## ਸ੍ਰੀਮਤੀ ਈਸਡਨ ਦਾ ਮਾਮਲਾ (ਅੰਮ੍ਰਿਤਸਰ ਨਗਰਪਾਲਿਕਾ ਦੇ ਜ਼ਨਾਨਾ ਹਸਪਤਾਲ ਤੇ ਲੇਡੀ ਡਾਕਟਰ ਸ੍ਰੀਮਤੀ ਈਸਡਨ ਦੀ ਹੱਤਿਆ ਕਰਨ ਦੀ ਨੀਯਤ ਨਾਲ ਹਮਲਾ

| ਲੜੀ ਨੰ | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਮਹੇਸ਼ਾ | ਅਮੀਰਾ | 45 | ਜ਼ਨਾਨਾ ਹਸਪਤਾਲ ਦੇ ਨੇੜੇ ਕਟੜਾ ਸ਼ੇਰ ਸਿੰਘਾ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 2 | ਹਰਨਾਮੂ | ਦਸੋਧਾ ਸਿੰਘ | 26 | ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 3 | ਕਰੀਮ ਬਖਸ਼ | ਸ਼ਾਹੀਆਂ | 25 | ਚੌਕ ਫਰੀਦ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 4 | ਮੁਹੰਮਦ ਸਾਦਿਕ | ਇਨਾਇਤ ਉਲਾਹ | 21 | ਰਾਮ ਬਾਗ ਗੇਟ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 5 | ਗਲਾਮ ਅਲੀ ਉਰਫ ਗਾਮਾ | ਗੁਲਾਮ ਨਬੀ | 27 | ਜ਼ਨਾਨਾ ਹਸਪਤਾਲ ਦੇ ਨੇੜੇ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 6 | ਮੁਹੰਮਦ ਅਕਰਮ | ਮੁਹੰਮਦ ਅਮੀਨ | 17 | – | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 7 | ਸ੍ਰੀਮਤੀ ਮਥਰੀ | ਮਿੱਠਨ ਲਾਲ ਦੀ ਬੇਵਾ | – | ਚੌਕ ਫਰੀਦ ਅੰਮ੍ਰਿਤਸਰ | 4.8.1919 ਨੂੰ ਰਿਹਾਅ ਕਰ ਦਿੱਤਾ ਗਿਆ। |

## ਚਾਰਟਰ ਬੈਂਕ, ਅੰਮ੍ਰਿਤਸਰ ਕੇਸ (ਸ਼ਰਾਰਤ ਅਤੇ ਅਗਜ਼ਨੀ)

| ਲੜੀ ਨੰ | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਇਬ੍ਰਾਹੀਮ | ਅਜ਼ਮੇਰੀ | – | ਅੰਮ੍ਰਿਤਸਰ | 4 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 2 | ਗੋਮਾਂ | ਨੱਥਾ | – | ਅੰਮ੍ਰਿਤਸਰ | 4 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 3 | ਨਬੀ | ਕਾਲੂ | – | ਅੰਮ੍ਰਿਤਸਰ | 4 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 4 | ਗੌਂਸ | ਅੱਲਾਹ ਦਿੱਤਾ | – | ਅੰਮ੍ਰਿਤਸਰ | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 5 | ਸਾਧੂ ਸਿੰਘ | ਸੰਤ ਸਿੰਘ | – | ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |

## ਲੜਕੀਆਂ ਦਾ ਨਾਰਮਲ ਸਕੂਲ, ਅੰਮ੍ਰਿਤਸਰ ਨੂੰ ਅੱਗ ਲਾਉਣ ਦਾ ਕੇਸ

| ਲੜੀ ਨੰ: | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਇਮਾਮ ਦੀਨ | ਇਲਾਹੀ | – | ਅੰਮ੍ਰਿਤਸਰ | 4 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 2 | ਫਜ਼ਲ ਦੀਨ | ਅੱਲਾਹ ਦਿੱਤਾ | – | ਅੰਮ੍ਰਿਤਸਰ | 5 ਵਰ੍ਹਿਆਂਦਾ ਕਠੋਰ ਕਾਰਾਵਾਸ |
| 3 | ਮੁਹੰਮਦ ਸੁਲਤਾਨ | ਇਲਾਹੀ ਬਖਸ਼ | – | ਅੰਮ੍ਰਿਤਸਰ | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 4 | ਅਬਦੁਰ ਰਹਿਮਾਨ | ਅਬਦੁਰ ਰਜ਼ਾਕ | – | ਅੰਮ੍ਰਿਤਸਰ | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 5 | ਨਾਨਕ ਚੰਦ | ਕਾਹਨ ਚੰਦ | – | ਅੰਮ੍ਰਿਤਸਰ | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 6 | ਇਸਮਾਈਲ | ਫੀਲਾ | | | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |

## ਬਹਿਕਾਵਾ ਅਤੇ ਪੁਲਿਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼

| ਲੜੀ ਨੰ: | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਮੋਤੀ ਰਾਮ | ਗੁਰਦਾਸ | – | ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |

## ਰੀਗੋ ਪੁਲ ਕੇਸ (ਸਾਰਜੈਂਟ ਰੋਲੈਂਡਜ਼ ਦੀ ਹੱਤਿਆ)

| ਲੜੀ ਨੰ | ਨਾਮ | ਪਿਤਾ ਦਾ ਨਾਂ | ਉਮਰ | ਪਿਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਮਾਹਣੀ | ਅਮੀਰ ਬਖ਼ਸ਼ | – | ਅੰਮ੍ਰਿਤਸਰ | ਫਾਂਸੀ ਅਤੇ ਜਾਇਦਾਦ ਜ਼ਬਤੀ |
| 2 | ਮੁਹੰਮਦ ਸੂਫੀ | ਮੁਹੰਮਦ ਜ਼ੂ | – | ਅੰਮ੍ਰਿਤਸਰ | ਫਾਂਸੀ ਅਤੇ ਜਾਇਦਾ ਜ਼ਬਤੀ |

## ਗਾਰਡ ਰੋਬਿਨਸਨ ਦੀ ਹੱਤਿਆ ਦਾ ਕੇਸ

| ਲੜੀ ਨੰ | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਕਨ੍ਹਈਆ ਉਰਫ ਰਾਧੂ | ਰੁਲਦੂਰਾਮ | 18 ਜਾਂ 19 | ਮੁਹੱਲਾ ਖਟੀਕਾਂ ਅੰਮ੍ਰਿਤਸਰ | ਆਜੀਵਨ 'ਦੇਸ਼-ਨਿਕਾਲਾ' |

## ਅੰਮ੍ਰਿਤਸਰ ਤਾਰ ਘਰ ਕੇਸ

| ਲੜੀ ਨੰ: | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਸਾਵਨ | - | - | ਅੰਮ੍ਰਿਤਸਰ | ਪੰਜਾਬ ਦੇ ਲੈਫ. ਗਵਰਨਰ ਦੇ ਹੁਕਮ ਮਿਤੀ 2.2.1920 ਰਾਹੀਂ ਰਿਹਾਅ ਕਰ ਦਿੱਤਾ ਗਿਆ |
| 2 | ਫਕੀਰ ਚੰਦ | ਬੂਟਾ ਮੱਲ | - | ਚੌਕ ਕਾਲੂਵਾਲਾ, ਅੰਮ੍ਰਿਤਸਰ | ਪੰਜਾਬ ਦੇ ਲੈਫ. ਗਵਰਨਰ ਦੇ ਹੁਕਮ ਮਿਤੀ 2.2.1920 ਰਾਹੀਂ ਰਿਹਾਅ ਕਰ ਦਿੱਤਾ ਗਿਆ |
| 3 | ਨੱਥੂ | ਅਬਦੁਲਾ | - | ਅੰਮ੍ਰਿਤਸਰ | ਪੰਜਾਬ ਦੇ ਲੈਫ. ਗਵਰਨਰ ਦੇ ਹੁਕਮ ਮਿਤੀ 2.2.1920 ਰਾਹੀਂ ਰਿਹਾਅ ਕਰ ਦਿੱਤਾ ਗਿਆ |
| 4 | ਜ਼ਗਨ ਨਾਥ ਜੱਗਾ | ਉਰਫ ਰਾਧਾ ਰਾਮ | - | ਲੂਣ ਮੰਡੀ, ਅੰਮ੍ਰਿਤਸਰ | ਪੰਜਾਬ ਦੇ ਲੈਫ. ਗਵਰਨਰ ਦੇ ਦੇ ਹੁਕਮ ਮਿਤੀ 2.2.1920 ਰਾਹੀਂ ਰਿਹਾਅ ਕਰ ਦਿੱਤਾ ਗਿਆ |

## ਗੁਮਾਨਪੁਰਾ ਵਿਖੇ ਰੇਲ ਗੱਡੀ ਦੀ ਪਟੜੀ ਤੋ ਉਤਰਨ ਦਾ ਕੇਸ

| ਲੜੀ ਨੰ: | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਲਾਲ ਸਿੰਘ | ਈਸ਼ਰ ਸਿੰਘ | - | ਸੰਘਾਨਾ ਜ਼ਿਲ੍ਹਾ ਅੰਮ੍ਰਿਤਸਰ | ਆਜੀਵਨ 'ਦੇਸ਼ ਨਿਕਾਲਾ |
| 2 | ਈਸ਼ਰ ਸਿੰਘ | ਭਗਤ ਸਿੰਘ | - | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 3 | ਇਨਾਇਤ | ਕੱਦੂ | - | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |

| | | | | | |
|---|---|---|---|---|---|
| 4 | ਦੀਨ | ਕਾਲੂ | – | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 5 | ਵਸਾਖੀ | ਖੜਕ ਸਿੰਘ | – | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 6 | ਬਿਸ਼ਨ ਸਿੰਘ | ਫੱਗੂ | – | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 7 | ਲਛਮਨ | ਗੁਰਾਂਦਿੱਤਾ | – | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 8 | ਬੂਟਾ | ਨੰਦ ਜਾਂ ਮੁਹੰਮਦ ਬਖਸ਼ | – | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 9 | ਬੂਟਾ ਸਿੰਘ | ਖੜਕ ਸਿੰਘ | – | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 10 | ਕਿਸ਼ਨ ਸਿੰਘ | ਹਾਕਿਮ ਸਿੰਘ | – | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 2 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 11 | ਝੰਡਾ | ਹੀਰਾ | – | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 12 | ਝੰਡਾ | ਲੱਭੂ | – | ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ | 5 ਵਰ੍ਹਿਆਂ ਦਾ ਕਠੋਰ ਕਾਰਾਵਾਸ |

## ਨੈਸ਼ਨਲ ਬੈਂਕ ਅੰਮ੍ਰਿਤਸਰ ਲੁੱਟ ਕੇਸ

| ਲੜੀ ਨੰ: | ਨਾਮ | ਪਿਤਾ ਦਾ ਨਾਂ | ਉਮਰ | ਪਤਾ | ਸਰਕਾਰ ਦੇ 6.8.1919 ਦੇ ਹੁਕਮ ਅਨੁਸਾਰ ਨਿਸ਼ਚਿਤ ਕੀਤੀ ਹੋਈ ਸਜ਼ਾ |
|---|---|---|---|---|---|
| 1 | ਕਾਮਾ (ਕਰੀਮ ਬਖਸ਼) | ਅਲੀ ਬਖਸ਼ | – | ਕਟੜਾ ਮਹਾ ਸਿੰਘ ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 2 | ਦੀਨਾ | ਕਾਦਿਰ ਬਖਸ਼ | – | ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 3 | ਗੁਲਾਮ ਰਸੂਲ | ਕਿਸ਼ਨ ਸਿੰਘ (ਨਵਾਂ ਮੁਸਲਮਾਨ) | – | ਕੂਚਾ ਕਾਕਜੇ ਕਟੜਾ ਬੱਗੀਆਂ ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 4 | ਝੰਡੂ | ਕਾਹਣਾ | – | ਹਾਲ ਬਾਜ਼ਾਰ, ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 5 | ਮੁਹੰਮਦ ਦੀਨ | ਮਿਹਰ ਬਖਸ਼ | – | ਕੂਚਾ ਕਾਕਜੇ ਕਟੜਾ ਬੱਗੀਆਂ ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 6 | ਅਬਦੂ | ਬਾਕਿਰ ਖਾਂ | – | ਕਟੜਾ ਬੱਗੀਆਂ, ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 7 | ਜ਼ਾਨ ਮੁਹੰਮਦ | ਨੂਰ ਦੀਨ | – | ਰਾਮ ਬਾਗ ਗੇਟ ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 8 | ਅੱਲਾਹ ਦਿੱਤਾ | ਮੀਰਾਂ ਬਖਸ਼ | 25 | ਕਟੜਾ ਬੱਗੀਆਂ, ਅੰਮ੍ਰਿਤਸਰ | ਰਿਹਾਅ ਕਰ ਦਿੱਤਾ |

| | | | | |
|---|---|---|---|---|
| 9 ਚਿਰਾਗ ਦੀਨ | ਹੀਰੋ | – | ਕਿਲਾ ਭੰਗੀਆਂ ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 10 ਨੱਥੂ | ਇਬ੍ਰਾਹੀਮ | – | ਕੂਚਾ ਖਫਾਸੀਆਂ ਕਟੜਾਂ ਬੱਗੀਆਂ, ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 11 ਘਨੀ | ਸਾਦਿਕ | 55 | ਕਟੜਾ ਬੱਗੀਆਂ ਅੰਮ੍ਰਿਤਸਰ | 3 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 12 ਬਾਣਾ ਜਾਂ ਬਬਾਣਾ | ਯਾਰ ਮੁਹੰਮਦ | ਨੌਜਵਾਨ | ਕੂਚਾ ਕਾਕਜੇਈਆਂ ਕਟੜਾ ਬੱਗੀਆਂ ਅੰਮ੍ਰਿਤਸਰ | ਰਿਹਾਅ ਕਰ ਦਿੱਤਾ |
| 13 ਇਮਾਮਦੀਨ | ਜਮਾਲ ਦੀਨ | – | ਰਾਮ ਬਾਗ ਗੇਟ ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 14 ਮੁਹੰਮਦ ਸ਼ਾਹ | ਅਬਦੁੱਲਾ ਸ਼ਾਹ | – | ਕੂਚਾ ਆਰਿਫਦਾਰ, ਕਟੜਾਂ ਬੱਗੀਆਂ,ਅੰਮ੍ਰਿਤਸਰ | 7 ਵਰ੍ਹਿਆਂ ਦਾ ਕਠੋਰ ਕਾਰਾਵਾਸ |
| 15 ਰਹੀਮ ਖਾਂ | ਰਸੂਲ ਖਾਂ | 70 ਦੇ ਲਗਭਗ | ਚੌਂਕ ਫਰੀਦ, ਕਟੜਾ ਕਨ੍ਹਈਆ ਅੰਮ੍ਰਿਤਸਰ | ਰਿਹਾਅ ਕਰ ਦਿੱਤਾ |
| 16 ਜ਼ਾਲ ਮੁਹੰਮਦ | ਸਾਦਿਕ | 70 ਦੇ ਲਗਭਗ | ਰਾਮ ਬਾਗ ਗੇਟ ਅੰਮ੍ਰਿਤਸਰ ਅੰਮ੍ਰਿਤਸਰ | |

ਅੰਤਿਕਾ -5

# ਅੰਮ੍ਰਿਤਸਰ ਨਾਲ ਸਬੰਧਤ ਕੁਝ ਮਹੱਤਵਪੂਰਨ ਅਤੇ ਇਤਿਹਾਸਕ ਤਾਰੀਖਾਂ

- ਅੰਮ੍ਰਿਤਸਰ ਦੀ ਸਥਾਪਨਾ ਦਾ ਕੰਮ ਸ਼ੁਰੂ: 1577, ਕੰਮ ਪੂਰਾ 1588
- ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ : 1588, ਕੰਮ ਮੁਕੰਮਲ 1601
- ਸ਼੍ਰੀ ਆਦਿ ਗਰੰਥ ਸਾਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ਿਤ ਕੀਤਾ : 1604
- ਸ੍ਰੀ ਅਕਾਲ ਤਖ਼ਤ ਦੀ ਨੀਂਹ : 1607 ਅਤੇ ਨਿਰਮਾਣ ਪੂਰਾ 1609
- ਭਾਈ ਮਨੀ ਸਿੰਘ ਦੀ ਸ਼ਹੀਦੀ : 1738
- ਬਾਬਾ ਦੀਪ ਸਿੰਘ ਦੀ ਸ਼ਹਾਦਤ : 1757
- ਅਹਿਮਦ ਸ਼ਾਹ ਅਬਦਾਲੀ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਨੂੰ ਨੁਕਸਾਨ ਪਹੁੰਚਾਣਾ : 1764
- ਮਹਾਰਾਜਾ ਰਣਜੀਤ ਸਿੰਘ ਦੁਆਰਾ ਅੰਮ੍ਰਿਤਸਰ ਦੀ ਜਿੱਤ :1805
- ਗੋਬਿੰਦਗੜ੍ਹ ਕਿਲ੍ਹੇ ਦਾ ਨਿਰਮਾਣ : 1805-1809
- ਅੰਗਰੇਜ਼ਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਅੰਮ੍ਰਿਤਸਰ ਦੀ ਸੰਧੀ : 1809
- ਰਾਮ ਬਾਗ ਦਾ ਨਿਰਮਾਣ : 1831
- ਅੰਮ੍ਰਿਤਸਰ ਮਿਉਂਸਪਲ ਕਮੇਟੀ ਦੀ ਸਥਾਪਨਾ : 1868
- ਲਾਲ ਇੱਟਾਂ ਦਾ ਘੰਟਾ ਘਰ : 1874
- ਹਾਲ ਗੇਟ : 1876
- ਖਾਲਸਾ ਕਾਲਜ ਦਾ ਨੀਂਹ ਪੱਥਰ : 1892
- ਰਾਸ ਬਿਹਾਰੀ ਬੋਸ ਦਾ ਅੰਮ੍ਰਿਤਸਰ ਆਉਣਾ : 1915
- ਜਲ੍ਹਿਆਂ ਵਾਲੇ ਬਾਗ ਦੀ ਘਟਨਾ : 13 ਅਪਰੈਲ 1919
- ਕਾਂਗਰਸ ਦਾ ਇਜਲਾਸ : 1919
- ਗੁਰਦੁਆਰਾ ਸੁਧਾਰ ਲਹਿਰ : 1921-1925
- ਸ਼੍ਰੋਮਣੀ ਗੁਰੂਦੁਆਰਾ ਪ੍ਰਬਧੰਕ ਕਮੇਟੀ ਦੀ ਸਥਾਪਨਾ : 1920
- ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ : 1920
- ਮਦਨ ਲਾਲ ਢੀਂਗਰਾ ਨੂੰ ਫਾਂਸੀ : 17 ਅਗਸਤ, 1909
- ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਦਾ ਅੰਮ੍ਰਿਤਸਰ ਵਿਚ ਆਉਣਾ: 1976

- ਹਿੰਦੂ ਕਾਲਜ ਦੀ ਸਥਾਪਨਾ : 1926
- ਦੁਰਗਿਆਨਾ ਮੰਦਰ ਦੀ ਸਥਾਪਨਾ: 1928
- ਇਸਲਾਮੀਆ ਕਾਲਜ : 1933
- ਡੀ.ਏ.ਵੀ. ਕਾਲਜ : 1955
- ਗੁਰੂ ਨਾਨਕ ਦੇਵ ਯੂਨੀਵਰਸਿਟੀ : 24 ਨਵੰਬਰ 1969
- ਦਰਸ਼ਨ ਸਿੰਘ ਫੇਰੂਮਾਨ 74 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਪਰਲੋਕ ਸੁਧਾਰੇ: 27 ਅਕਤੂਬਰ 1969

–o–



Forever Learning

ISBN 978-93-5113-184-7

9 789351 131847

www.unistarbooks.com ₹ 395/-